ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥



# ਚਮਾਰ ਜਾਤੀ

## ਇਤਿਹਾਸ, ਧਰਮ ਤੇ ਸੱਭਿਆਚਾਰ

ਲੇਖਕ : ਰਾਜੇਸ਼ ਕੈਂਥ ਭਬਿਆਣਵੀ

ਪ੍ਰਕਾਸ਼ਕ : ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

ਚਮਾਰ ਜਾਤੀ ਇਤਿਹਾਸ, ਧਰਮ ਤੇ ਸੱਭਿਆਚਾਰ - ਰਾਜੇਸ਼ ਕੈਂਥ ਭਬਿਆਣਵੀ

# ਬੇਗਮਪੁਰਾ ਸਹਰ ਕੋ ਨਾਉ

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨਾ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥1॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥3॥2॥

# ਚਮਾਰ ਜਾਤੀ

## ਇਤਿਹਾਸ, ਧਰਮ ਤੇ ਸਭਿਆਚਾਰ

**ਲੇਖਕ**
ਰਾਜੇਸ਼ ਕੈਂਥ ਭਬਿਆਣਵੀ

ਪ੍ਰਕਾਸ਼ਕ
**ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)**
ਕਾਹਨਪੁਰ (ਜਲੰਧਰ)

# ਚਮਾਰ ਜਾਤੀ

## ਇਤਿਹਾਸ, ਧਰਮ ਤੇ ਸਭਿਆਚਾਰ

ਰਾਜੇਸ਼ ਕੈਂਥ ਭਬਿਆਣਵੀ
0091-7589255320
E-mail -kainthrajesh@yahoo.com

© ਸਭ ਹੱਕ ਲੇਖਕ ਦੇ ਰਾਖਵੇਂ ਹਨ।
ਪਹਿਲੀ ਵਾਰ 15 ਮਾਰਚ 2017
ਕਾਪੀ : 2000

ਕੀਮਤ : 200/- ਰੁਪਏ

ਪ੍ਰਕਾਸ਼ਕ : ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)
ਟਾਈਪਿੰਗ ਅਤੇ ਸੈਟਿੰਗ : ਕੈਂਥ ਆਰਟਸ ਭਬਿਆਣਾ
ਕੋਈ ਵੀ ਵਾਦ-ਵਿਵਾਦ ਦਾ ਹੱਲ ਸਿਰਫ ਜਲੰਧਰ(ਪੰਜਾਬ)ਦੀ ਅਦਾਲਤ ਵਿੱਚ ਹੀ ਹੋਵੇਗਾ।

# ਸਮਰਪਿਤ

ਚਮਾਰ ਜਾਤੀ ਦੇ ਹਰ ਉਸ ਵਿਅਕਤੀ ਨੂੰ
ਇਹ ਪੁਸਤਕ ਸਮਰਪਿਤ ਹੈ ਜੋ ਆਪਣੇ
ਮਹਾਂਪੁਰਸ਼ਾ ਦੇ ਸੰਘਰਸ਼ ਮਈ ਜੀਵਨ
ਤੋਂ ਪ੍ਰੇਰਣਾ ਲੈ ਕੇ ਆਪਣਾ ਅਤੇ ਆਪਣੇ
ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ
ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ।

# ਮਹਾਂਪੁਰਸ਼ਾਂ ਦੀ ਬਾਣੀ ਅਤੇ ਵਿਚਾਰ

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥

ਸਤਿਗੁਰੂ ਗੁਰੂ ਰਵਿਦਾਸ ਜੀ

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪਰਾਧੀਨ ਸੌਂ ਕੌਨ ਕਰੈ ਹੈ ਪ੍ਰੀਤ॥
ਪਰਾਧੀਨ ਕੋ ਦੀਨ ਕਯਾ ਪਰਾਧੀਨ ਬੇਦੀਨ।
ਰਵਿਦਾਸ ਦਾਸ ਪ੍ਰਾਧੀਨ ਕੌ ਸਭਹੀ ਸਮਝੈ ਹੀਨ॥

ਸਤਿਗੁਰੂ ਗੁਰੂ ਰਵਿਦਾਸ ਜੀ

ਸਤਿ ਵਿਦਿਆ ਕੋ ਪੜੈ ਪ੍ਰਾਪਤ ਕਰੇ ਸਦਾ ਗਿਆਨ।
ਰਵਿਦਾਸ' ਕਹੈ ਬਿਨ ਵਿਦਿਆ ਨਰ ਕੋ ਜਾਨ ਅਜਾਨ॥

ਸਤਿਗੁਰੂ ਗੁਰੂ ਰਵਿਦਾਸ ਜੀ

'ਅੱਪੋ ਦੀਪੋ ਭਵ' (ਭਾਵ: ਆਪਣਾ ਦੀਪਕ ਆਪ ਬਣੋ।

ਤਥਾਗਤ ਮਹਾਂਮਾਨਵ ਬੁੱਧ

ਇਨਸਾਨ ਆਪਣਾ ਮਾਲਕ ਆਪ ਹੈ , ਉਸਦਾ , ਦੂਜਾ ਹੋਰ ਕੋਣ ਮਾਲਿਕ ਹੋ ਸਕਦਾ ਹੈ? ਜੇ ਇਨਸਾਨ ਆਪਣੇ ਆਪ ਨੂੰ ਸੁਸੰਜਮੀਂ ਰੱਖੇ ਤਾਂ ਆਪਣਾ ਕਲਿਆਣ ਆਪ ਕਰ ਸਕਦਾ ਹੈ।

ਤਥਾਗਤ ਮਹਾਂਮਾਨਵ ਬੁੱਧ

ਰਾਜਨੀਤਿਕ ਸ਼ਕਤੀ ਹੀ ਸਾਰਿਆਂ ਦੁੱਖਾਂ ਦਾ ਇੱਕ ਮਾਤ੍ਰ ਇਲਾਜ ਨਹੀਂ ਹੈ। ਸਾਡੀ ਮੁਕਤੀ ਸਮਾਜ ਸੁਧਾਰ ਵਿੱਚ ਹੈ। ਆਪਣੀਆਂ ਬੁਰੀਆਂ ਆਦਤਾਂ ਤਿਆਗੋ, ਆਪਣੇ ਰਹਿਣ ਸਹਿਣ ਵਿੱਚ ਪਰਿਵਰਤਨ ਕਰੋ, ਤਾਂਕਿ ਤੁਸੀਂ ਸਤਿਕਾਰ ਅਤੇ ਮਿੱਤਰਤਾ ਦੇ ਪਾਤਰ ਬਣ ਸਕੋ।

ਡਾ. ਭੀਮ ਰਾਓ ਅੰਬੇਡਕਰ ਜੀ

ਸੰਘਰਸ਼ ਹੀ ਜੀਵਨ ਹੈ। ਜੋ ਚੀਜ ਨਹੀਂ ਮਿਲਦੀ ਉਸ ਲਈ ਰਸਤੇ ਲੱਭਣੇ ਪੈਂਦੇ ਹਨ। ਇਸ ਕੰਮ ਲਈ ਸਾਨੂੰ ਦੁਸ਼ਮਣ ਤੋਂ ਜਿਆਦਾ ਲਾਇਕ ਬਣਨਾ ਹੋਵੇਗਾ। ਸਾਡੇ ਸੰਘਰਸ਼ ਵਿੱਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ।

–ਸਾਹਿਬ ਕਾਂਸ਼ੀ ਰਾਮ ਜੀ।

# ਤਤਕਰਾ


1. ਲੇਖਕ ਵਲੋਂ..........7.
2. ਅੰਤਰ ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) .......... 9
3. ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ:- ਸੰਤ ਸੁਰਿੰਦਰ ਦਾਸ ਬਾਵਾ ਜੀ .......... 10
4. ਚਮਾਰ ਜਾਤੀ ਦਾ ਗੌਰਵਸ਼ਾਲੀ ਜੀਵਨ:- ਮੋਹਨ ਲਾਲ ਫਿਲੋਰੀਆ .......... 12
5. ਸਾਹਿਤਕ ਖੇਤਰ ਚ ਇੱਕ ਵਿਲੱਖਣ ਯੋਗਦਾਨ :- ਸ਼ਿਰੀ ਰਾਮ ਅਰਸ਼ .......... 15
6. ਇਤਿਹਾਸਕ ਦਸਤਾਵੇਜ਼ :- ਕਾਸ਼ੀ ਰਾਮ ਕਲੇਰ .......... 20
7. ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨ ਦੀ ਇੱਕ ਸਫਲ ਕੋਸ਼ਿਸ਼ :- ਸਤਪਾਲ ਸਾਹਲੋ .......... 21
**8.** ਰਹਿਬਰਾਂ ਦੇ ਮਿਸ਼ਨ ਦੀ ਕਹਾਣੀ :- ਬਲਵਿੰਦਰ ਪੁਆਰ .......... 22
9. ਪ੍ਰਸੰਸ਼ਾਯੋਗ ਉੱਦਮ :-ਨਿਰਮਲ ਰੱਤੂ ਰੰਧਾਵਾ .......... 23
10. ਰਹਿਬਰਾਂ ਦਾ ਮਿਸ਼ਨ :- ਡਾ.ਅਨੀਤਾ ਜੱਖੂ .......... 24
11. ਕਹਿ ਰਵਿਦਾਸ ਖਲਾਸ ਚਮਾਰਾਂ (ਕਵਿਤਾ) .......... 26
12. ਜਾਤ (CASTE) ਸ਼ਬਦ .......... 27
13. ਜਾਤ ਦੀ ਪਰਿਭਾਸ਼ਾ .......... 27
14. ਜਾਤ ਦਾ ਇਤਹਾਸਕ ਪਹਿਲੂ .......... 30
15. ਜਾਤ ਦੇ ਇਤਹਾਸ ਦੀ ਜਰੂਰਤ .......... 33
16. ਸਤਿਗੁਰੂ ਰਵਿਦਾਸ ਜੀ ਮਹਾਰਾਜ ਵਲੋ ਆਦਿ ਜਾਤ ਚਮਾਰ ਦੀ ਪਹਿਚਾਣ .......... 36
17. ਸਿੰਧੂ ਘਾਟੀ ਦੀ ਕਹਾਣੀ .......... 38
18. ਆਰੀਆ ਦਾ ਪ੍ਰਵੇਸ਼ .......... 44
19. ਆਰੀਆ ਦੀ ਡੀ.ਐਨ.ਰਿਪੋਰਟ .......... 46
20. ਵਰਣ ਤੇ ਜਾਤੀ ਦੀ ਬਣਤਰ .......... 47
21. ਦਾਸ ਪ੍ਰਥਾ .......... 51
22. ਚਾਰਿਉ ਬੇਦ ਕਿਆ ਖੰਡੌਤਿ .......... 55
**23.** ਚਮਾਰ ਜਾਤੀ ਦੀ ਉਤਪਤੀ .......... 57
24. ਚਵਰ ਪੁਰਾਣ .......... 62
25. ਚਮਾਰਾ ਜਾਤੀ ਅਤੇ ਨਿਆ ਪ੍ਰਣਾਲੀ .......... 66
26. ਚਮਾਰ ਮੰਡਲ ਅਤੇ ਚਮਾਰ ਖੰਡ ਦਾ ਜ਼ਿਕਰ .......... 68
27. ਭਗਵਾਨ ਬੁੱਧ ਦਾ ਸੰਦੇਸ਼ ਅਤੇ ਸਮਾਜਿਕ ਕ੍ਰਾਂਤੀ .......... 69
28. ਮੌਰੀਆ ਵੰਸ਼ .......... 72
29. ਚਮਾਰ ਅਤੇ ਬ੍ਰਾਹਮਣਵਾਦ .......... 74
30. ਚਮਾਰ ਜਾਤੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ .......... 79
31. ਧਾਰਮਿਕ ਪ੍ਰੇਰਣਾ ਸਰੋਤ .......... 84
32. ਸਮਾਜਿਕ ਕ੍ਰਾਂਤੀ ਦੇ ਪ੍ਰੇਰਣਾ ਨਾਇਕ .......... 94
33. ਚਮਾਰ ਜਾਤੀ ਦੇ ਸਮਾਜਿਕ ਸੁਧਾਰ ਦੇ ਅੰਦੋਲਨ.......... ..........106

34. ਰਵਿਦਾਸੀਆ ਧਰਮ ਦਾ ਐਲਾਨ ........ 111
35. ਚਮਾਰ ਜਾਤੀ ਦੇ ਵਿਕਾਸ ਦੇ ਉਪਰਾਲੇ ........ 115
36. ਚਮਾਰ ਜਾਤੀ ਦੇ ਸ਼ਹੀਦ ........ 135
37. ਚਮਾਰ ਰੈਜੀਮੈਂਟ ਦਾ ਗਠਨ ........ 151
38. ਚਮਾਰ ਜਾਤ ਦੀਆਂ ਧਾਰਮਿਕ ਸ਼ਖਸੀਅਤਾਂ ........ 157
39. ਚਮਾਰ ਜਾਤੀ ਦੇ ਰਾਜਨੀਤਿਕ ਆਗੂ ........ 182
40. ਚਮਾਰ ਜਾਤੀ ਦੇ ਸਾਹਿਤਕਾਰ ........ 194
41. ਚਮਾਰ ਜਾਤੀ ਅਤੇ ਦਲਿਤ ਜਾਤੀਆਂ / ਸਾਹਿਤਕਾਰ ........ 225
42. ਚਮਾਰ ਜਾਤੀ ਦੇ ਮਿਸ਼ਨਰੀ ਗਾਇਕ ........ 234
43. ਚਮਾਰ ਜਾਤੀ ਦੀ ਵਿਸ਼ਾਲ ਅਬਾਦੀ ਦਾ ਏਕੀਕਰਣ ........ 245

# ਲੇਖਕ ਵਲੋਂ

ਚਮਾਰ ਜਾਤੀ ਦਾ ਇਤਿਹਾਸ ਗੌਰਵਸ਼ਾਲੀ ਹੈ ਇਹ ਭਾਰਤ ਦੀ ਮੂਲ ਨਿਵਾਸੀਆ ਦੀ ਪਹਿਚਾਣ ਹੋਣ ਕਰਕੇ ਜ਼ਾਲਿਮ ਲੋਕਾਂ ਲਈ ਇੱਕ ਵੰਗਾਰ ਵੀ ਰਹੀ ਹੈ ਅਤੇ ਮਾਨਵਵਾਦੀ ਮਹਾਂਪੁਰਸ਼ਾ ਦੀ ਉਠੀ ਲਹਿਰ ਦਾ ਪ੍ਰਚਾਰ ਵੀ ਰਹੀ ਹੈ। ਚਮਾਰ ਜਾਤੀ ਦਾ ਹਜ਼ਾਰਾਂ ਸਾਲਾਂ ਦਾ ਇਤਿਹਾਸ ਬਹੁਤ ਸ਼ਾਨਦਾਰ ਰਿਹਾ ਹੈ । ਬੇਸ਼ੱਕ ਬ੍ਰਹਮਣਵਾਦੀ ਹਾਕਮਾਂ ਅਤੇ ਵਿਦਵਾਨਾਂ ਨੇ ਇਸ ਦੀ ਪਹਿਚਾਣ ਨੂੰ ਖਤਮ ਕਰਨ ਦੀ ਹਰ ਨੀਚ ਕੋਸ਼ਿਸ਼ ਕੀਤੀ। ਕੋਈ ਕੌਮ ਜਦੋਂ ਹਾਰ ਜਾਂਦੀ ਹੈ ਤਾਂ ਕੋਈ ਸ਼ੱਕ ਨਹੀਂ ਉਹ ਗੁਲਾਮ ਹੋ ਜਾਂਦੀ ਹੈ ਤੇ ਗੁਲਾਮਾਂ ਦੀ ਕੋਈ ਪਹਿਚਾਣ ਨਹੀਂ ਬਣਦੀ ਪਰ ਸਾਡੇ ਪੂਰਵਜਾ ਨੇ ਗੁਲਾਮੀ ਭਰੇ ਜੀਵਨ ਵਿੱਚ ਵੀ ਆਜ਼ਾਦੀ ਦੀ ਤਲਾਸ਼ ਜਾਰੀ ਰੱਖੀ ਸਮਾਜ ਵਿੱਚ ਆਈ ਹੀਣ ਭਾਵਨਾ ਨੂੰ ਖਤਮ ਕਰਨ ਲਈ ਕਈ ਪੀੜ੍ਹੀਆ ਲਗਾਤਾਰ ਸੰਘਰਸ਼ ਨੂੰ ਰੁਕਣ ਨਹੀਂ ਦਿੱਤਾ।

ਭਗਵਾਨ ਬੁੱਧ ਜੀ, ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ, ਸਤਿਗੁਰੂ ਨਾਮਦੇਵ ਜੀ ,ਸਤਿਗੁਰੂ ਰਵਿਦਾਸ ਜੀ , ਸਤਿਗੁਰੂ ਕਬੀਰ ਜੀ, ਜੋਤੀ ਰਾਓ ਫੂਲੇ ਜੀ , ਸੰਤ ਸਰਵਣ ਦਾਸ ਜੀ, ਡਾ.ਅੰਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ, ਅਮਰ ਸ਼ਹੀਦ ਸੰਤ ਰਾਮਾਨੰਦ ਜੀ ਆਦਿ ਮਹਾਂਪੁਰਸ਼ਾ ਨੇ ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਸਮੇਂ ਸਮੇਂ ਤੇ ਕ੍ਰਾਂਤੀਕਾਰੀ ਲਹਿਰਾਂ ਖੜੀਆ ਕੀਤੀਆ।ਜਿਨ੍ਹਾਂ ਦਾ ਮਕਸਦ ਵਿਵਸਥਾ ਪ੍ਰਿਵਤਨ ਕਰਕੇ ਭਾਰਤ ਦੀ ਮੂਲ ਨਿਵਾਸੀਆ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਕੇ ਭਾਰਤ ਦੇ ਹੁਕਮਰਾਨ ਬਣਾਉਣਾ ਰਿਹਾ ਹੈ।

'ਚਮਾਰ ਜਾਤੀ ਇਤਿਹਾਸ,ਧਰਮ ਤੇ ਸੱਭਿਆਚਾਰ' ਪੁਸਤਕ ਲਿਖਣ ਦਾ ਮਕਸਦ ਸਿਰਫ ਏਹੀ ਹੈ ਕਿ

1. ਹਜ਼ਾਰਾਂ ਸਾਲਾਂ ਦੀ ਗੁਲਾਮ ਮਾਨਸਿਕਤਾ ਨੂੰ ਬਦਲ ਕੇ ,ਇੱਕ ਸਵੈਮਾਣ ਵਾਲੀ ਸੋਚ ਪੈਦਾ ਕਰਨੀ ਕਿਉਂਕਿ ਚਮਾਰ ਜਾਤੀ ਦੇ ਲੋਕ 600000 ਪਿੰਡਾ ਵਿੱਚ ਵਸਦੇ ਹਨ।ਇਹ ਭਾਰਤ ਦੀ ਹਰ ਥਾਂ ਤੇ ਪਾਈ ਜਾਂਦੀ ਜਾਤੀ ਹੈ ਜਿਸ ਦੀ ਗਿਣਤੀ ਲਗਭਗ 25 ਕਰੋੜ ਦੇ ਕਰੀਬ ਹੈ।

2. ਭਾਰਤ ਵਿੱਚ ਸਿਰਫ ਚਮਾਰ ਜਾਤੀ ਦੇ ਲੋਕ ਅਤੇ ਬ੍ਰਾਹਮਣ ਜਾਤੀ ਦੇ ਲੋਕ ਹੀ ਪੂਰੇ ਦੇਸ਼ ਵਿੱਚ ਪਾਏ ਜਾਂਦੇ ਹਨ। ਬਾਕੀ ਜਾਤੀਆਂ ਦੇ ਲੋਕ ਪੂਰੇ ਭਾਰਤ ਵਿੱਚ ਨਹੀਂ ਪਾਏ ਜਾਂਦੇ।

3. ਚਮਾਰ ਜਾਤੀ ਦੇ ਲੋਕ ਭਾਰਤੀ ਮੂਲ ਨਿਵਾਸੀ ਜਾਤੀਆਂ ਵਿੱਚ ਸਭ ਤੋਂ ਵੱਧ ਗਿਣਤੀ ਹੋਣ ਕਰਕੇ ਬਾਕੀ ਬ੍ਰਾਹਮਣ ਵਾਦੀ ਲੋਕਾਂ ਦੇ ਜ਼ੁਲਮ ਦਾ ਸ਼ਿਕਾਰ ਜਾਤੀਆਂ ਦੀ ਅਗਵਾਈ ਕਰਨ ਦੀ ਸਮਰੱਥਾ ਰੱਖਦੇ ਹਨ।

4. ਚਮਾਰ ਜਾਤੀ ਦੇ ਲੋਕੀਂ ਜ਼ਬਰ ਜ਼ੁਲਮ ਵਿਰੋਧੀ ਰਹੇ ਹਨ ਹਾਕਿਮ ਲੋਕ ਬਹੁ ਗਿਣਤੀ ਅਤੇ ਜਾਗ੍ਰਿਤ ਲੋਕਾਂ ਤੋਂ ਡਰਦਾ ਹੈ ਇਸ ਉਦੇਸ਼ ਤਹਿਤ ਵਿਸ਼ਾਲ ਗਿਣਤੀ ਚਮਾਰ ਜਾਤੀ ਦੀ ਹੋਣ ਕਰਕੇ ਇਹਨਾਂ ਨੂੰ ਸਮੇਂ-ਸਮੇਂ ਤੋਂ ਬ੍ਰਾਹਮਣਵਾਦੀਆ ਨੇ ਇਹਨਾਂ ਨੂੰ ਤੋੜ ਕੇ ਵੰਡਿਆ ਤੇ ਦਿਸ਼ਾ ਹੀਣ ਕਰਨ ਦਾ ਕਾਰਜ ਕੀਤਾ।

5.ਚਮਾਰ ਜਾਤੀ ਲੋਕ ਵਿਵਸਥਾ ਪਰਿਵਰਤਨ ਲਈ ਬਹੁਤ ਸਮਿਆ ਤੋਂ ਸੰਘਰਸ਼ ਕਰ ਰਹੇ ਹਨ ਕਿਉਂਕਿ ਇਹਨਾਂ ਦੇ ਪੁਰਖੇ ਆਦਿ ਸਮੇਂ ਦੇ ਰਾਜੇ ਰਹੇ ਹਨ ਜਿਹਨਾਂ ਦੀ ਰਾਜ ਵਿਵਸਥਾ ਦੁਨੀਆ ਲਈ ਮਿਸਾਲ ਰਹੀ ਹੈ। ਬਹੁਤ ਵਿਦਵਾਨਾਂ ਨੇ ਇਹ ਮੰਨ ਲਿਆ ਹੈ ਕਿ ਚਮਾਰ ਜਾਤ ਆਉਂਣ ਵਾਲੇ ਸਮੇਂ ਦੀ ਹੁਕਮਰਾਨ ਜਾਤੀ ਹੋਵੇਗੀ।

6. ਚਮਾਰ ਜਾਤੀ ਨੇ ਹਰ ਸਮੇਂ ਅੰਦਰ ਕ੍ਰਾਂਤੀਕਾਰੀ ਮਹਾਂਪੁਰਸ਼ਾ ਨੂੰ ਜਨਮ ਦਿੱਤਾ ਹੈ। ਜਿਨ੍ਹਾਂ ਨੇ ਸਮਾਜ ਨੂੰ ਇੱਕ ਸੇਧ ਦਿੱਤੀ ਹੈ ਜੀਵਨ ਪੱਧਰ ਉੱਚਾ ਚੁੱਕਣ ਲਈ

7. ਚਮਾਰ ਜਾਤੀ ਨੇ ਰਾਜਨੀਤੀ ਵਿੱਚ ਆਪਣੀ ਪਹਿਚਾਣ ਕਾਇਮ ਰੱਖਿਆ ਹੈ।

8. ਚਮਾਰ ਜਾਤੀ ਨੇ ਦੇਸ਼ ਲਈ ਕੁਰਬਾਨੀਆ ਦਾ ਇੱਕ ਇਤਿਹਾਸ ਰਚਿਆ ਹੈ ਸ਼ਹਾਦਤਾਂ ਦਿੱਤੀਆ ਹਨ ਆਪਣੀਆ ਜ਼ਿੰਦਗੀਆਂ ਵਾਰੀਆ ਹਨ।

9. ਚਮਾਰ ਜਾਤੀ ਨੇ ਦਲਿਤ ਚੇਤਨਾ ਹਿੱਤ ਬਹੁਤ ਵੱਡੀ ਪੱਧਰ ਉੱਤੇ ਸਾਹਿਤਕਾਰ ਪੈਦਾ ਕੀਤੇ ਹਨ।

10. ਚਮਾਰ ਜਾਤੀ ਨੇ ਸਤਿਗੁਰੂ ਰਵਿਦਾਸ ਜੀ ਤੋਂ ਪ੍ਰੇਰਣਾ ਲੈ ਕੇ ਰਵਿਦਾਸੀਆ ਧਰਮ ਦਾ ਐਲਾਨ ਕੀਤਾ ਹੈ ਅਤੇ ਰਵਿਦਾਸੀਆ ਸਮਾਜ ਇਸ ਦੇ ਝੰਡੇ ਹੇਠ ਇੱਕਠਾ ਹੋ ਰਿਹਾ ਹੈ।

ਚਮਾਰ ਜਾਤੀ ਦੇ ਲੋਕ ਸਤਿਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਹਨ ,ਆਪਣੇ ਜੀਵਨ ਨੂੰ ਇਹਨਾਂ ਦੇ ਕੀਤੇ ਸੰਘਰਸ਼,ਬਲੀਦਾਨ ਦਾ ਫਲ ਸਮਝਦੇ ਹੋਏ ਇਹਨਾਂ ਨੂੰ ਆਪਣੇ ਮੁਕਤੀ ਦਾਤਾ ਵਜੋਂ ਹਰ ਪਲ ਯਾਦ ਕਰਦੇ ਹਨ।

ਮੈਂ ਪੁਸਤਕ ਪੂਰੀ ਹੋਣ ਤੇ ਸਤਿਗੁਰੂ ਰਵਿਦਾਸ ਜੀ ਅਤੇ ਡਾ. ਬੀ.ਆਰ.ਅੰਬੇਡਕਰ ਜੀ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਨੇ ਇਸ ਸੂਝ ਬੂਝ ਦੇ ਕਾਬਲ ਬਣਾਇਆ ਇਹਨਾਂ ਦੇ ਜੀਵਨ ਅਤੇ ਸੰਘਰਸ਼ ਤੋਂ ਮਿਲਦੀ ਪ੍ਰੇਰਣਾ ਹੀ ਮੁਕਤੀ ਲਈ ਬਲ ਪ੍ਰਦਾਨ ਕਰਦੀ ਹੈ।

ਇਸ ਪੁਸਤਕ ਨੂੰ ਅਤੇ ਮੇਰੀਆਂ ਪਹਿਲੀਆਂ ਪ੍ਰਕਾਸ਼ਿਤ ਹੋਈਆ ਪੁਸਤਕਾਂ ਨੂੰ ਸਮਾਜ ਵਿੱਚ ਪਹੁਚਾਣ ਲਈ ਸਭ ਤੋਂ ਵਡਮੁੱਲਾਂ ਯੋਗਦਾਨ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਹੈ। ਜਿਨ੍ਹਾਂ ਨੇ ਮੇਰੀ ਸਾਹਿਤ ਪ੍ਰਤੀ ਖਿੱਚ ਨੂੰ ਹੋਰ ਮਜਬੂਤ ਕੀਤਾ ਹੈ।

ਅੰਤਰ ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ)ਦੇ ਚੇਅਰਮੈਨ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਪ੍ਰਧਾਨ ਸ਼੍ਰੀ ਮੋਹਨ ਲਾਲ ਫਿਲੋਰੀਆ ਜੀ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਪਾਠਕਾ ਤੱਕ ਪਹੁਚਾਣ ਦਾ ਯਤਨ ਕੀਤਾ ਹੈ। ਇਸ ਪੁਸਤਕ ਨੂੰ ਲਿਖਦੇ ਸਮੇਂ ਆਪਣੇ ਪਰਿਵਾਰ ਮੈਂਬਰਾਂ ਤੋਂ ਮਿਲੇ ਸਹਿਯੋਗ ਲਈ ਧੰਨਵਾਦੀ ਹਾਂ ਆਪਣੇ ਪਿਤਾ ਜੀ ਸ਼੍ਰੀ ਬਿਸ਼ੰਬਰ ਦਾਸ ਜਹਨਾਂ ਨੇ ਪੁਸਤਕ ਸੰਬਧੀ ਖਾਸ ਚਰਚਾ ਵਿਸ਼ਾ ਚਲਦਾ ਰੱਖਿਆ ਅਤੇ ਜੀਵਨ ਸਾਥੀ ਸ਼ਿਲਪਾ ਕੈਂਥ ਜਿਨ੍ਹਾਂ ਨੇ ਪੁਸਤਕ ਨੂੰ ਕੰਪੋਜਿਗ ਅਤੇ ਸੈਟਿੰਗ ਵਿੱਚ ਸਹਿਯੋਗ ਕੀਤਾ।

ਮੈਂ ਧੰਨਵਾਦੀ ਹਾਂ ਸ਼੍ਰੀ ਮੋਹਨ ਲਾਲ ਫਿਲੋਰੀਆ, ਸ਼ਿਰੀ ਰਾਮ ਅਰਸ਼,ਸ਼੍ਰੀ ਕਾਸ਼ੀ ਰਾਮ ਕਲੇਰ, ਸ਼੍ਰੀ ਸੱਤਪਾਲ ਸਾਹਲੋਂ, ਸ਼੍ਰੀ ਨਿਰਮਲ ਰੱਤੂ ਰੰਧਾਵਾ, ਸ਼੍ਰੀ ਬਲਵਿੰਦਰ ਪੁਆਰ, ਸ਼੍ਰੀ ਸੋਹਣ ਸਹਿਜਲ, ਸ਼੍ਰੀ ਕੁੰਦਨ ਲਾਲ ਬੱਧਣ, ਸ਼੍ਰੀ ਐਮ.ਡੀ.ਮੰਗਾ.ਸਰਪੰਚ ਕਾਹਨਪੁਰ ,ਸ਼੍ਰੀ ਚਰਨਜੀਤ ਬੱਧਣ, ਡਾ. ਦਾਦਰਾ, ਸ਼੍ਰੀ ਦਵਿੰਦਰ ਸਿੰਘ ਕੈਪਟਨ, ਸ਼੍ਰੀ ਪਰਸ਼ੋਤਮ ਦਾਦਰਾ, ਸ਼੍ਰੀ ਦਵਿੰਦਰ ਕੁਮਾਰ ਸਮਸਤਪੁਰ, ਸ਼੍ਰੀ ਤਰਸੇਮ ਲਾਲ ,ਸ਼੍ਰੀ ਸੁਖਵਿੰਦਰ ਗੋਲਡੀ, ਸ਼੍ਰੀ ਮੋਹਨ ਵਡਾਲਾ, ਪ੍ਰੋ. ਰਮਨ , ਸ਼੍ਰੀਮਤੀ ਪ੍ਰਕਾਸ਼ ਕੌਰ, ਸ਼੍ਰੀ ਪਿਆਰਾ ਲਾਲ ਚੱਕ ਹਕੀਮ ,

# ਅੰਤਰ ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ .)

ਸਤਿਗੁਰੂ ਰਵਿਦਾਸ ਜੀ ਮਹਾਰਾਜ, ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਅਨੇਕਾਂ ਸੰਸਥਾਵਾਂ ਜਿਲ੍ਹਾਂ ਪੱਧਰ, ਰਾਜ ਪੱਧਰ ਤੇ ਆਪੋ ਆਪਣੇ ਖੇਤਰ ਵਿੱਚ ਪ੍ਰਚਾਰ ਪ੍ਰਸਾਰ ਕਰ ਰਹੀਆਂ ਹਨ ਅਤੇ ਕੁਝ ਸੰਸਥਾਵਾਂ ਦੇਸ਼ ਪੱਧਰ ਤੇ ਕੰਮ ਕਰ ਰਹੀਆਂ ਹਨ। ਇਹਨਾਂ ਸਭ ਸਭਾਵਾਂ, ਸੁਸਾਇਟੀਆਂ ਦਾ ਬਹੁਤ ਯੋਗਦਾਨ ਹੈ। ਸਾਹਿਤਕ ਖੇਤਰ ਵਿੱਚ ਸਮਾਜ ਦੇ ਬੁੱਧੀਜੀਵੀ, ਕਵੀਆਂ, ਲੇਖਕਾਂ ਅਤੇ ਮਿਸ਼ਨ ਪ੍ਰੇਮੀਆਂ ਨੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ, ਡਾ. ਭੀਮ ਰਾਓ ਅੰਬੇਡਕਰ ਜੀ, ਸੁਆਮੀ ਸਰਵਣ ਦਾਸ ਜੀ ਅਤੇ ਰਵਿਦਾਸੀਆ ਧਰਮ ਦੇ ਨਿਯਮਾਂ ਅਧੀਨ ਆਉਂਦੇ ਉਪਰਾਲਿਆਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਵਿਸ਼ਵ ਪੱਧਰੀ ਪ੍ਰਚਾਰ, ਆਪਸੀ ਤਾਲਮੇਲ ਵਧਾਉਂਣ ਲਈ ਅੰਤਰ ਰਾਸ਼ਟਰੀ ਪੱਧਰ ਤੇ ਅੰਤਰ ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ ਦਾ ਗਠਨ, ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ (ਜਲੰਧਰ) ਵਿਖੇ ਸ਼੍ਰੀ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਅਗਵਾਈ ਹੇਠ ਕੀਤਾ ਜਾ ਰਿਹਾ ।

ਇਸ ਸੰਸਥਾ ਦੇ ਚੇਅਰਮੈਨ ਸ਼੍ਰੀ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਇਸ ਸੰਸਥਾ ਦਾ ਹੈਂਡ ਆਫ਼ਿਸ ਕਾਹਨਪੁਰ ਵਿਖੇ ਹੀ ਨਿਸ਼ਚਿਤ ਕੀਤਾ ਗਿਆ। ਰਵਿਦਾਸੀਆ ਸਮਾਜ ਦੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਰਵਿਦਾਸੀਆਂ ਧਰਮ ਨੂੰ ਸਮਰਪਿਤ ਉੱਘੇ ਕਵੀ, ਲੇਖਕ, ਬੁੱਧੀਜੀਵੀ, ਮਿਸ਼ਨਰੀ ਗਾਇਕ, ਇਸ ਸੰਸਥਾ ਦੇ ਅਹੁਦੇਦਾਰ ਅਤੇ ਮੈਂਬਰ ਹਨ। ਇਹ ਸੰਸਥਾ ਮਿਤੀ 9 ਫਰਵਰੀ 2017 ਨੂੰ ਰਜਿਸਟਰਾਰ ਆਫ਼ ਸੁਸਾਇਟੀ ਪਾਸ(ਐਕਟ 21 ਆਫ਼ 1860) ਅਧੀਨ ਰਜਿ. ਹੋ ਚੁੱਕੀ ਹੈ।

ਸੰਸਥਾ ਦੇ ਸਾਰੇ ਮੈਂਬਰਾਂ ਦੀਆਂ ਲਿਖਤਾ, ਰਚਨਾਵਾਂ ਦੀ ਰਵਿਦਾਸੀਆ ਸਮਾਜ ਨੂੰ ਬਹੁਤ ਦੇਣ ਹੈ। ਇਹ ਸੰਸਥਾ ਨਿਰੋਲ ਗੈਰ-ਰਾਜੀਤਿਕ ਹੈ, ਇਸ ਦਾ ਮਕਸਦ ਸਮਾਜ ਵਿੱਚ ਚੇਤਨਾਂ ਪੈਦਾ ਕਰਨਾ ਹੈ। ਸਾਰੇ ਮੈਂਬਰ ਰਵਿਦਾਸੀਆ ਧਰਮ ਨੂੰ ਸਮਰਪਿਤ ਹਨ ਅਤੇ ਵਿਸ਼ਵ ਦੇ ਸਾਰੇ ਮਨੁੱਖਾਂ ਦਾ ਸਤਿਕਾਰ ਕਰਨ ਲਈ ਬਚਨਵੱਧ ਹਨ। ਇਹ ਸੰਸਥਾ ਸਮਾਜ ਵਿੱਚ ਜਨ ਚੇਤਨਾ ਪੈਦਾ ਕਰਨ ਦੇ ਨਾਲ ਨਾਲ ਸਮਾਜਿਕ ਕੁਰੀਤੀਆਂ, ਨਸ਼ਿਆਂ, ਫਜ਼ੂਲ ਖਰਚੀ, ਭਰੂਣ ਹੱਤਿਆ ਦੇ ਵਿਰੁੱਧ ਪ੍ਰਚਾਰ ਕਰਦੀ ਹੈ ਅਤੇ ਸਮਾਜ ਨੂੰ ਗਿਆਨਵਾਨ ਬਣਨ ਦਾ ਸੰਦੇਸ਼ ਦਿੰਦੀ ਹੈ।

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

# ਅਸ਼ੀਰਵਾਦ

'ਚਮਾਰ' ਸ਼ਬਦ ਦੀ ਉਤਪਤੀ ਕਦੋਂ ਅਤੇ ਕਿਵੇਂ ਹੋਈ ਇਸ ਬਾਰੇ ਲੇਖਕਾਂ ਦੀ ਕੋਈ ਇੱਕ ਰਾਏ ਨਹੀਂ। ਵਿਦਵਾਨਾਂ ਨੇ ਧਰਮ ਅਤੇ ਜਾਤੀ ਬਾਰੇ ਵੀ ਵੱਖ ਵੱਖ ਪ੍ਰੀਭਾਸਾਵਾਂ ਦਿੱਤੀਆਂ ਹਨ। ਚਮਾਰ ਸ਼ਬਦ ਨੂੰ ਜਾਤੀ ਨਾਲ ਜੋੜਨ ਸੰਬੰਧੀ 'ਚਮਾਰ ਜਾਤੀ' ਬਾਰੇ ਅਨੇਕਾਂ ਸਤਿਕਾਰ ਯੋਗ ਗ੍ਰੰਥਾਂ ਵਿੱਚ ਵਿਖਿਆਤ ਮਿਲਦਾ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਆਪਣੇ ਜਾਤ ਦੇ ਗੌਰਵਸ਼ਾਲੀ ਵਿਚਾਰ ਫਰਮਾਉਂਦੇਂ ਹਨ। ਭਾਵੇਂ ਇਸ ਜਾਤੀ ਦੇ ਲੋਕਾਂ ਪ੍ਰਤੀ ਦੂਸਰੇ ਸਮਾਜ ਦੇ ਅਖੌਤੀ ਉਚ ਵਰਗੀ ਲੋਕਾਂ ਦੇ ਵਿਚਾਰ ਅਤੀ ਨਿੰਦਣਯੋਗ ਰਹੇ ਹਨ। ਪਰ ਫਿਰ ਵੀ ਮਹਾਨ ਗੁਰੂਆਂ, ਮਹਾਂਪੁਰਸ਼ਾਂ ਵਲੋਂ ਸਤਿਗੁਰੂ ਜੀ ਦੀ ਵਡਿਆਈ ਹੋਈ ਉਹਨਾਂ ਦੀ ਪਰਮਾਰਥੀ ਚੜਾਈ ਕਾਰਣ ਚਹੁੰ ਵਰਗਾਂ ਦੇ ਲੋਕ ਅਤੇ ਮੌਕੇ ਦੇ ਹੁਕਮਰਾਣ ਰਾਜੇ ਉਹਨਾਂ ਦੇ ਸੇਵਕ ਬਣੇ। ਮਹਾਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਜਿਨ੍ਹਾਂ ਦੀ ਸਾਡੇ ਮਹਾਨ ਗੁਰੂਆਂ ਨੇ ਉਸਤਤ ਆਪਣੀ ਪਾਵਨ ਬਾਣੀ ਰਾਹੀਂ ਕੀਤੀ ਹੈ।

ਚਮਾਰ ਜਾਤੀ ਨੂੰ ਧਾਰਮਿਕ ਆਜ਼ਾਦੀ ਅਤੇ ਬਰਾਬਰੀ ਬਾਬਾ ਸਾਹਬ ਡਾ.ਅੰਬੇਡਕਰ ਜੀ ਦੀ ਸਖਤ ਮਿਹਨਤ ਸਦਕਾ ਸੰਵਿਧਾਨ ਵਿੱਚ ਮਿਲੇ ਧਾਰਮਿਕ ਆਜ਼ਾਦੀ ਦੇ ਹੱਕ ਦੇ ਰਾਹੀਂ ਮਿਲੀ ਹੈ। ਧਾਰਮਿਕ ਆਜ਼ਾਦੀ ਹਾਸਿਲ ਕਰਨ ਉਪਰੰਤ ਚਮਾਰ ਜਾਤੀ ਦੇ ਲੋਕਾਂ, ਵਿਸ਼ੇਸ਼ ਤੌਰ ਤੇ ਸ਼੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੇ ਸਮੇਂ ਦੇ ਮਹਾਨ ਇਨਕਲਾਬੀ, ਬ੍ਰਹਮ ਗਿਆਨੀ ,ਤਪੱਸਵੀ ਅਤੇ ਕੌਮ ਹਿਤੈਸ਼ੀ ਸੰਤ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡਾ ਕੋਈ ਤੀਰਥ ਅਸਥਾਨ ,ਧਰਮ ਨਿਸ਼ਾਨ, ਅਤੇ ਜੈਕਾਰਾ ਹੋਣਾ ਚਾਹੀਦਾ ਹੈ। ਮਹਾਰਾਜ ਜੀ ਕੁਝ ਸਮੇਂ ਲਈ ਅੰਤਰ ਧਿਆਨ ਹੋਏ ਅਤੇ ਕਿਹਾ ਕਿ ਸਮਾਂ ਆਉਂਣ ਤੇ ਇਹ ਸਭ ਕੁਝ ਹੋ ਜਾਵੇਗਾ। ਮਹਾਰਾਜ ਜੀ ਦੀ ਅਪਾਰ ਕ੍ਰਿਪਾ ਹੋਈ ਉਨ੍ਹਾਂ ਨੇ ਆਪਣੀ ਦਿੱਬ ਦ੍ਰਿਸ਼ਟੀ ਰਾਹੀਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪਾਵਨ ਸਥਾਨ ਨੂੰ ਲੱਭਿਆ। ਉਸਦਾ ਨੀਂਹ ਪੱਥਰ ਸੰਤ ਹਰੀਦਾਸ ਜੀ ਰਾਹੀਂ 14 ਜੂਨ 1965 ਨੂੰ ਰਖਵਾਇਆਂ ਅਤੇ ਇਸ ਦੀ ਉਸਾਰੀ ਸੰਤ ਗਰੀਬ ਦਾਸ ਜੀ ਰਾਹੀਂ ਵੱਖ-ਵੱਖ ਜੱਥਿਆਂ ਦੇ ਸੇਵਾਦਾਰਾਂ ਨੂੰ ਭੇਜ ਕੇ ਕਰਵਾਈ। ਅੱਜ ਇਸ ਅਸਥਾਨ ਤੇ ਪੂਰੇ ਵਿਸ਼ਵ ਵਿੱਚੋਂ ਸੰਗਤਾਂ ਵਿਸ਼ੇਸ ਗੱਡੀਆ ਰਾਹੀਂ ਸਤਿਗੁਰੂ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਲਈ ਪੁੱਜਦੀਆ ਹਨ।

ਸਤਿਗੁਰੂ ਜੀ ਦਾ ਵਧਦਾ ਹੋਇਆਂ ਪ੍ਰਚਾਰ ਜਗਤਗੁਰੂ ਰਵਿਦਾਸ ਜੀ ਨੂੰ ਮੰਨਣ ਵਾਲਿਆ ਦਾ ਕਰੋੜਾਂ ਦੀ ਗਿਣਤੀ ਵਿੱਚ ਇਕੱਠ ਮਾਨਵ ਵਿਰੋਧੀਆਂ ਨੂੰ ਚੰਗਾ ਨਾ ਲੱਗਾ। ਉਹਨਾਂ ਸਾਡੇ ਮਹਾਂਪੁਰਸ਼ਾ ਤੇ 24 ਮਈ 2009 ਨੂੰ ਵਿਆਨਾ ਵਿੱਚ ਧਰਮ ਦਾ ਪ੍ਰਚਾਰ ਪ੍ਰਸਾਰ ਕਰਦਿਆਂ ਤੇ ਦਰਦਨਾਕ ਹਮਲਾਂ ਕੀਤਾ ਜਿਸ ਵਿੱਚ 108 ਸੰਤ ਰਾਮਾ ਨੰਦ ਜੀ ਸ਼ਹੀਦ ਹੋਏ।

ਜਿਸ ਦੀ ਖ਼ਬਰ ਪੂਰੇ ਵਿਸ਼ਵ ਵਿੱਚ ਫੈਲ ਗਈ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੇ ਪੂਰੇ ਵਿਸ਼ਵ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਇਸ ਦੌਰਾਣ ਸੰਗਤਾਂ ਤੇ ਝੂਠੇ ਮੁਕਦਮੇ ਬਣੇ। ਇਸ ਰੋਸ ਪ੍ਰਦਰਸ਼ਨ ਵਿੱਚ ਸ਼ਹੀਦ ਸ੍ਰੀ ਵਿਜੇ ਕੁਮਾਰ , ਸ਼ਹੀਦ ਸ੍ਰੀ ਰਜਿੰਦਰ ਕੁਮਾਰ , ਸ਼ਹੀਦ ਸ੍ਰੀ ਬਲਕਾਰ ਸਿੰਘ,ਸ਼ਹੀਦ ਸ੍ਰੀ ਤੈਲੂ ਰਾਮ ਸ਼ਹੀਦੀ ਦਾ ਜਾਮ ਪੀਦਿਆਂ ਸਮਾਜ ਲਈ ਸ਼ਹਾਦਤ ਪਾ ਗਏ ।

ਚਮਾਰ ਜਾਤੀ ਦੇ ਲੋਕਾਂ ਵਿੱਚ ਚੇਤਨਤਾ ਆਈ ਅਜੇਹੇ ਹਲਾਤਾ ਵਿੱਚ ਏਕੇ ਦਾ ਸਬੂਤ ਦਿੱਤਾ। ਬੁਧੀਜੀਵੀ ਲਿਖਾਰੀਆਂ ਨੇ ਲਿਖਤਾ ਰਾਹੀ ਸਾਹਿਤਕ ਸ਼ਰਧਾਜਲੀਆਂ ਭੇਂਟ ਕੀਤੀਆਂ।ਮਿਤੀ 30 ਜਨਵਰੀ 2010 ਨੂੰ ਕੌਮ ਦੇ ਮਹਾਨ ਤੀਰਥ ਅਸਥਾਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ.ਪੀ ਤੋਂ ਇੱਕ ਇਤਿਹਾਸਕ ਐਲਾਨ ਭਾਰੀ ਗਿਣਤੀ ਵਿੱਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਵਿੱਚ ਹੋਇਆ। ਜਿਸ ਨੂੰ ਸਰਬੱਤ ਸੰਗਤਾਂ ,ਸੰਤਾਂ ਮਹਾਂਪੁਰਸ਼ਾ ਨੇ ਹੱਥ ਖੜੇ ਕਰਕੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ। ਇਸ ਐਲਾਨ-ਨਾਮੇ ਰਾਹੀਂ ਚਮਾਰ ਜਾਤੀ ਦੇ ਲੋਕਾਂ ਨੇ ਰਵਿਦਾਸੀਆ ਧਰਮ ,ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਪਾਵਨ ਗ੍ਰੰਥ ਪ੍ਰਾਪਤ ਹੋਏ । ਹਰਿ ਦਾ ਨਿਸ਼ਾਨ ਅਤੇ ਜੈ ਗੁਰਦੇਵ ਦੇ ਨਾਅਰੇ ਪਹਿਲਾ ਹੀ ਸਰਵ ਪ੍ਰਮਾਣਿਤ ਸਨ ਨੂੰ ਮਾਨਤਾ ਦਿੱਤੀ ਗਈ। ਇਸ ਨਾਲ ਸਮਾਜ ਵਿੱਚ ਜਾਗ੍ਰਿਤੀ ਆਈ ਅੱਜ ਸਮੁੱਚਾ ਸਮਾਜ ਰਵਿਦਾਸੀਆ ਧਰਮ ਅਤੇ ਹਰਿ ਦੇ ਨਿਸ਼ਾਨ ਹੇਠਾ ਇਕੱਤਰ ਹੋ ਰਿਹਾ ਹੈ। ਕਰੋੜਾਂ ਦੀ ਗਿਣਤੀ ਵਿੱਚ ਸਮਾਜ ਧਾਰਮਿਕ ਆਜ਼ਾਦੀ ਦਾ ਅਨੁਭਵ ਪੂਰੇ ਵਿਸ਼ਵ ਵਿੱਚ ਕਰ ਰਿਹਾ ਹੈ। ਬੁੱਧੀਜੀਵੀ ਵਰਗ ,ਲੇਖਕ ਵਰਗ ਇਸ ਤੋਂ ਪ੍ਰੇਰਣਾ ਲੈ ਕੇ ਅੱਗੇ ਵੱਧ ਰਿਹਾ ਹੈ ।

ਹਜ਼ਾਰਾਂ ਸਾਲਾਂ ਵਿੱਚ ਬੀਤੇ ਹੋਏ ਇਸ ਇਤਹਾਸ ਨੂੰ ਇੱਕ ਲੜੀ ਵਿੱਚ ਸੰਖੇਪ ਰੂਪ ਵਿੱਚ ਪਰੋਦੇਂ ਹੋਏ ਰਵਿਦਾਸੀਆਂ ਸਮਾਜ ਦੇ ਬੁੱਧੀਜੀਵੀ ਲੇਖਕ ਸ੍ਰੀ ਰਾਜੇਸ਼ ਕੈਂਥ ਨੇ ਅਣਥੱਕ ਮਿਹਨਤ ਕਰਕੇ ਹੱਥਲੀ ਪੁਸਤਕ ਤਿਆਰ ਕੀਤੀ ਹੈ। ਇਹ ਪਹਿਲਾਂ ਵੀ ਕਈ ਪੁਸਤਕਾਂ ਦਲਿਤ ਸਮਾਜ ਦੀ ਝੋਲੀ ਵਿੱਚ ਪਾ ਚੁਕਿਆ ਹੈ। ਇਸ ਇਤਿਹਾਸ ਨੂੰ ਪੇਸ਼ ਕਰਨ ਲਈ ਰਾਜੇਸ਼ ਕੈਂਥ ਨੇ ਡੂੰਘਾਈ ਵਿੱਚ ਇਤਿਹਾਸ ਦਾ ਅਧਿਐਨ ਕੀਤਾ ਹੈ। ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਵਿੱਚ ਪੂਰੀ ਮਿਹਨਤ ,ਲਗਨ ਨਾਲ ਤਿਆਰ ਕੀਤੀ ਗਈ ਹੈ। ਰਾਜੇਸ਼ ਕੈਂਥ ਵਧਾਈ ਦਾ ਪਾਤਰ ਹੈ ਸਤਿਗੁਰੂ ਰਵਿਦਾਸ ਜੀ ਮਹਾਰਾਜ ਇਸ ਕਲਮ ਨੂੰ ਹੋਰ ਬਲ ਬਖਸ਼ਿਸ਼ ਕਰਨ ਜੋ ਸਮਾਜ ਦੇ ਭਲੇ ਲਈ ਚਲਦੀ ਰਹੇ।

ਜੈ ਗੁਰਦੇਵ

ਸੰਤ ਸੁਰਿੰਦਰ ਦਾਸ ਬਾਵਾ
ਚੇਅਰਮੈਨ
ਅੰਤਰ ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)
ਹੈੱਡ ਆਫ਼ਿਸ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ (ਜਲੰਧਰ)

# ਚਮਾਰ ਜਾਤੀ ਦਾ ਗੌਰਵਸ਼ਾਲੀ ਜੀਵਨ

ਚਮਾਰ ਜਾਤੀ ਦਾ ਇਤਹਾਸ ਗੌਰਵਸਾਲੀ ਹੈ, ਚਮਾਰ ਜਾਤੀ ਦਾ ਵਰਤਮਾਨ ਵੀ ਪ੍ਰਾਪਤੀਆ ਭਰਪੂਰ ਹੈ। ਚਮਾਰ ਜਾਤੀ ਦੇ ਲੋਕ ਪਹਿਲਾਂ ਦੇਸ਼ ਦੇ ਹੁਕਮਰਾਨ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਹਨਾਂ ਦੇ ਹੁਕਮਰਾਨ ਬਣਨ ਦੀਆਂ ਸੰਭਾਵਨਾਂਵਾਂ ਪੂਰੀਆ ਹਨ ਕਿ ਭਵਿੱਖ ਵਿੱਚ ਚਮਾਰ ਜਾਤੀ ਦੇ ਲੋਕ ਇਸ ਦੇਸ਼ ਦੇ ਹੁਕਮਰਾਨ ਬਨਣਗੇ।

ਕੁਝ ਇਹੋ ਜਿਹੀਆਂ ਸੰਭਾਵਨਾਵਾ  ਰਾਜੇਸ਼ ਕੈਂਥ  ਭਬਿਆਣਵੀ ਦੀ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ ,ਧਰਮ ਅਤੇ ਸੱਭਿਆਚਾਰ'  ਵਿੱਚੋਂ ਨਜ਼ਰ ਆਉਦੀਂ ਹੈ। ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਦਾ ਇਹ ਪਲੇਠਾ ਯਤਨ ਵਧਾਈ ਦਾ ਹੱਕਦਾਰ ਹੈ।ਲੇਖਕ ਨੇ ਚਮਾਰ ਜਾਤੀ ਦਾ ਇਤਿਹਾਸ ਖੋਜਿਆ ਹੈ।ਚਮਾਰ ਜਾਤੀ ਦਾ ਵਰਤਮਾਨ ਖੁਸ਼ਹਾਲ ਹੈ।'ਚਮਾਰ' ਹੋਣ ਦੇ ਧੱਬੇ ਤੋਂ ਬਚਨ ਲਈ ਚਮਾਰ ਕਹਿਣ ਤੋਂ ਕਤਰਾਉਦੇ ਸਨ ਆਰਥਿਕ ਹਲਾਤ ਸੁਧਾਰਨ ਤੋਂ ਬਾਅਦ ਸਧਾਰਨ ਕਿਰਤੀ ,ਮਜਦੂਰੀ ਕਰਨ ਵਾਲੇ ਲੋਕ ਆਪਣੇ ਆਪ ਨੂੰ  'ਆਣਖੀ ਪੁੱਤ ਚਮਾਰਾਂ ਦੇ' ਕਹਿਣ ਲੱਗੇ ਹਨ ਅਤੇ "ਬੇਗਮਪੁਰਾ" ਚਿਤਵਦੇ ਹਨ। ਸੱਭਿਆਚਾਰ ਪੱਖ ਤੋਂ ਵੀ ਗੁਲਾਮੀ ਦੀ ਇੰਤਾਹ ਦੇਖੋ ਚਮਾਰ ਜਾਤੀ ਦੇ ਲੋਕ ਵਿਆਹਾਂ ਸ਼ਾਦੀਆਂ ਵਿੱਚ ਵੀ ਏਹੋ ਬੋਲੀਆ ਪਾਓਂਦੇ " ਜੱਟਾਂ ਜਾਗ ਬਈ ਹੁਣ ਜਾਗੋ ਆਈ ਆ"। ਫਿਰ ਕਿਸੇ ਨੇ ਚਮਾਰਾਂ ਨੂੰ ਵੰਗਾਰਿਆ ਕਿ " ਜੱਟ ਤਾਂ ਪਹਿਲਾ ਹੀ ਬਹੁਤ ਜਾਗ ਚੁੱਕਾ ਹੈ ਤੁਸੀਂ ਚਮਾਰਾ ਨੇ ਕਦੋਂ ਜਾਗਣਾ ਹੈ?। ਚਮਾਰਾਂ ਨੂੰ ਵੰਗਾਰਦੇ ਹੋਏ ਗੁਰੂ ਰਵਿਦਾਸ ਜੀ ਨੇ ਇਹ ਵੀ ਸਮਝਾਇਆ "ਕਿਯਾ ਤੂੰ ਸੋਇਆ ਜਾਗ ਇਆਣਾ" ਇਹ ਸਦੇਸ਼ ਲਗਦਾ ਹੈ ਕਿ ਸੌ ਸਾਲ ਤੱਕ ਧਾਰਮਿਕ ਪੁਸਤਕਾਂ ਵਿੱਚ ਛੁਪਿਆ ਰਿਹਾ ਹੁਣ ਇਕੀਵੀਂ ਸਦੀਂ  ਵਿੱਚ ਇਸ ਦੇ ਅਰਥ ਸਮਝ ਆਉਣ ਲੱਗੇ ਹਨ। ਸਤਿਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਫ਼ਖਰ ਨਾਲ ਚਮਾਰ ਲਿਖਦੇ ਹਨ। ਸਤਿਗੁਰੂ ਕਬੀਰ ਜੀ ਜੁਲਾਹੇ ਸਨ ਅਤੇ ਆਪਣੀ ਕਿਰਤ ਤੇ ਮਾਣ ਕਰਦੇ ਸਨ।ਸਤਿਗੁਰੂ ਨਾਮਦੇਵ ਜੀ ਛੀਬੇ ਸਨ ਉਹਨਾ ਨੇ ਵੀ ਇਵੇਂ ਹੀ ਕੀਤਾ। ਇਤਿਹਾਸ ਗਵਾਹ ਹੈ ਕਿ ਕੁਝ ਸਮਾਜ ਸੁਧਾਰਕਾਂ ਨੇ 'ਚਮਾਰ ਜਾਤੀ ਨੂੰ 'ਆਦਿ ਧਰਮੀ' ਵਿੱਚ ਤਬਦੀਲ ਕਰ ਦਿੱਤਾ ਤੇ ਪੰਜਾਬ ਦੇ ਚਮਾਰ 'ਆਦਿ ਧਰਮੀ' ਬਣ ਗਏ।ਚਮਾਰ ਜਾਤੀ ਦੇ ਲੋਕਾਂ ਨੂੰ ਜਿਹੜਾ ਜਾਤੀ ਪ੍ਰਮਾਣ ਪੱਤਰ ਮਿਲਦਾ ਹੈ ਉਹ 'ਆਦਿ ਧਰਮੀ' ਦਾ ਮਿਲਦਾ ਹੈ।

ਭਾਰਤ ਜਾਤਾਂ ਦਾ ਦੇਸ਼ ਹੈ ਅਤੇ ਜਾਤਾਂ ਵੀ ਉੱਚੀਆਂ ਨੀਵੀਆਂ ਹਨ,ਛੋਟੀਆਂ ਵੱਡੀਆਂ ਹਨ।ਉਚੀਆਂ ਜਾਤਾਂ ਵਾਲੇ ਅਮੀਰ ਹਨ ਅਤੇ ਨੀਵੀਆ ਜਾਤਾਂ ਵਾਲੇ ਗਰੀਬ ਹਨ। ਗੱਲ ਇਥੇ ਹੀ ਨਹੀਂ ਰੁਕਦੀ ਹੈ ਉੱਚੀਆ ਜਾਤਾਂ ਵਾਲੇ ਨੀਵੀਆਂ ਜਾਤਾਂ ਨਾਲ ਵਿਤਕਰਾ ਅਤੇ ਨਫ਼ਰਤ  ਕਰਦੇ ਹਨ। ਨੀਵੀਆਂ ਜਾਤਾਂ ਵਾਲਿਆਂ ਨੂੰ ਪਹਿਲਾ 'ਸ਼ੂਦਰ' ਦਾ ਦਰਜਾ ਦਿੱਤਾ ਗਿਆ ਸੀ ਫਿਰ ਉਹ 'ਅਛੂਤ' ਬਣੇ ਤੇ ਬਾਅਦ ਵਿੱਚ ਅਛੂਤ ਤੋਂ

ਬਾਅਦ ਗਾਂਧੀ ਜੀ ਨੇ ਉਹਨਾਂ ਨੂੰ 'ਹਰੀਜਨ' ਕਹਿ ਕੇ ਪੁਕਾਰਿਆ। ਜਦ ਹੇਠਲੀਆਂ ਲਤਾੜੀਆਂ ਜਾਂ ਰਹੀਆਂ ਜਾਤਾਂ ਨੇ ਹਰੀਜਨ ਸ਼ਬਦ ਦਾ ਅਰਥ ਸਮਝਿਆਂ ਤਾਂ ਸਰਕਾਰ ਨੇ ਹਰੀਜਨ ਸ਼ਬਦ ਤੇ ਪਾਬੰਦੀ ਲਾ ਦਿੱਤੀ ਅਤੇ ਉਹਨਾਂ ਨੂੰ 'ਦਲਿਤ' ਕਹਿਣਾ ਸ਼ੁਰੂ ਕਰ ਦਿੱਤਾ। ਇਹਨਾਂ ਪੀੜਤ ਜਾਤਾਂ ਲਈ ਸਮੇਂ ਸਮੇਂ ਸਿਰ ਸਮਾਜ ਸੁਧਾਰਕ ਰਿਸ਼ੀਆ ਮੁਨੀਆਂ ਗੁਰੂਆਂ ਨੇ ਵਿਤਕਰੇ ਬਾਜੀ ਬੰਦ ਕਰਨ ਦੇ ਯਤਨ ਅਰੰਭੇ। ਇਸ ਕੜੀ ਵਿੱਚ ਸਤਿਗੁਰੂ ਰਵਿਦਾਸ ਜੀ ,ਸਤਿਗੁਰੂ ਨਾਮਦੇਵ ਜੀ ਅਤੇ ਸਤਿਗੁਰੂ ਕਬੀਰ ਜੀ ਦੇ ਕ੍ਰਾਂਤੀਕਾਰੀ ਯਤਨ ਸ਼ਲਾਘਾਯੋਗ ਹਨ।

ਨਿਮਨ ਜਾਤੀਆਂ ਦੀ ਦਰਜਾਬੰਦੀ ਬਤੌਰ ਸ਼ੂਦਰ,ਅਛੂਤ, ਹਰੀਜਨ,ਦਲਿਤ ਆਦਿ ਸ਼ਬਦਾਂ ਨਾਲ ਹੁੰਦੀ ਰਹੀ ਹੈ।ਭਾਰਤ ਦੇ ਮੌਜੂਦਾ ਸੰਵਿਧਾਨ ਦੇ ਸ਼ਡਿਊਲ ਵਿੱਚ ਵੱਖ ਵੱਖ ਥਾਵਾਂ ਤੇ ਰਹਿੰਦੇ ਦਲਿਤਾਂ ਅਤੇ ਪੱਛੜੀਆਂ ਸ਼੍ਰੈਣੀਆਂ ਦਾ ਵਰਨਣ ਆਉਂਦਾ ਹੈ ਜਿਨ੍ਹਾਂ ਨੂੰ ਅਨੁਸੂਚਿਤ ਜਾਤੀ (Scheduled Caste ) ਅਤੇ ਪੱਛੜੀਆਂ ਸ਼੍ਰੇਣੀਆਂ (Other beckward classes) ਦਾ ਦਰਜਾ ਦਿੱਤਾ ਗਿਆ ਹੈ। ਇਹਨਾਂ ਸ਼ੂਦਰ,ਅਛੂਤ, ਦਲਿਤ ਅਤੇ ਸਵਰਣ ਜਾਤੀਆਂ ਵਿੱਚ ਵੱਡਾ ਪਾੜਾਂ (Gap) ਰਿਹਾ ਹੈ। ਇਹ ਪਾੜਾ ਜੀਵਨ ਦੇ ਹਰ ਪਹਿਲੂ ਤੋਂ ਸੀ। ਸਮਾਜਿਕ,ਆਰਥਿਕ,ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ 'ਪਾੜਾ' ਸੀ ਤੇ ਅੱਜ ਵੀ ਮੌਜੂਦ ਹੈ। ਛੂਆ-ਛਾਤ ਸੀ ਆਰਥਿਕ ਆਜ਼ਾਦੀ ਨਾ ਸੀ। ਮੰਦਰਾਂ ਵਿੱਚ ਪ੍ਰਵੇਸ਼ ਵਿਵਰਜਤ ਸੀ ਵੱਡਿਆਂ ਨੇ ਛੋਟਿਆਂ ਨੂੰ ਗੁਲਾਮ ਬਣਾਈ ਰੱਖਿਆ ਅਤੇ ਕਥਿਤ ਨੀਵੀਆ ਜਾਤਾਂ ਦਾ 'ਉਭਾਰ' ਨਾ ਹੋ ਸਕਿਆ।

ਚਮਾਰ ਜਾਤੀ ਦੇ ਲੋਕਾਂ ਨੂੰ ਮਰੇ ਹੋਏ ਪਸ਼ੂਆਂ ਦਾ ਚਮੜਾ ਚੁੱਕਣ ਦਾ ਕੰਮ ਸੌਂਪਿਆਂ ਗਿਆ ਇੰਜ ਉਹ ਚੰਮ+ਆਰ (ਚਮਾਰ ਬਣੇ)ਚੰਮ ਮਰੇ ਹੋਏ ਪਸ਼ੂਆਂ ਦਾ ਚਮੜਾ ਸੀ ਅਤੇ ਆਪ ਉਸ ਦਾ ਹਥਿਆਰ ਸੀ । ਬਾਕੀ ਬਚਦਾ 'ਗੰਦਾ' ਕੰਮ ਬਾਲਮੀਕੀ ਜਾਤ ਦੇ ਲੋਕਾਂ ਨੂੰ ਸੌਂਪਿਆ ਗਿਆ।ਇੰਜ 'ਬਾਲਮੀਕੀ+ਚਮਾਰ' ਜਾਂ 'ਚਮਾਰ+ਬਾਲਮੀਕੀ' ਲੋਕਾਂ ਨੂੰ ਇਕੱਠੇ ਕਰਕੇ ਦੇਖਿਆਂ ਜਾਂਦਾ ਰਿਹਾ ਹੈ ਜਿਹੜੇ ਭਾਰਤ ਦੇ ਮੂਲ ਨਿਵਾਸੀ ਲੋਕ ਮਿਲ ਕੇ ਸਮਾਜ ਦੀ ਸਫ਼ਾਈ ਕਰਨ ਵਿੱਚ ਜੁੱਟੇ ਰਹੇ।ਚਮਾਰ+ਬਾਲਮੀਕੀ ਮਿਲਕੇ ਦੋਵੇਂ ਹੀ ਸਮਾਜ ਦੀ ਸਫ਼ਾਈ ਕਰਦੇ ਰਹੇ ਪਰ ਬਦਲੇ ਵਿੱਚ ਕੋਈ ਸ਼ਾਬਾਸੇ ਨਾ ਮਿਲਦੀ। ਉਹ ਨਫ਼ਰਤ ਤੇ ਵਿਤਕਰੇ ਦੇ ਪਾਤਰ ਬਣੇ ਉਨ੍ਹਾਂ ਦੀਆਂ ਬਸਤੀਆਂ ਨੂੰ 'ਚਮਾਲੜੀ' ਜਾਂ 'ਅਬਾਦੀ' ਕਹਿਕੇ ਸ਼ਹਿਰਾਂ ਪਿੰਡਾ ਵਿੱਚੋਂ ਬਾਹਰ ਰੱਖਿਆ ਗਿਆ।ਛੂਆ ਛਾਤ ਦਾ ਬਹੁਤ ਜੋਰ ਸੀ। ਬ੍ਰਾਹਮਣ ਨੇ ਇਹਨਾਂ ਉਪਰ ਪੂਰੀ ਤਰ੍ਹਾ ਗੁਲਾਮੀ ਥੋਪੀ ਹੋਈ ਸੀ। ਮੰਦਰਾਂ ਤੇ ਹੋਰ ਧਾਰਮਿਕ ਅਦਾਰਿਆਂ ਵਿੱਚ ਪ੍ਰਵੇਸ਼ ਬੰਦ ਸੀ ।

ਇਹ ਉਚ-ਨੀਚ ਤੇ ਭੇਦ ਭਾਵ ਦਾ ਵਰਤਾਰਾ ਪੰਜਾਬ ਵਰਗੇ ਖੁਸ਼ਹਾਲ ਸੂਬੇ ਵਿੱਚ ਤੇ ਭਾਰਤ ਦੇ ਉੱਤਰੀ ਹਿੱਸੇ ਵਿੱਚ ਵੀ ਮੌਜੂਦ ਰਿਹਾ। ਵਿਤਕਰਾ ਤੇ ਨਫਰਤ ਮਨਾਂ ਵਿੱਚ ਭਾਰੂ ਰਹੇ।ਨਤੀਜੇ ਵਜੋਂ ਦੇਸ਼ ਵਿਕਸਿਤ ਦੇਸ਼ਾਂ ਦੇ ਮੁਕਬਲੇ ਪਛੜਿਆਂ ਰਿਹਾ।

know Thyself ਧਰਮ ਕੋਈ ਵੀ 'ਆਪਣਾ ਮੂਲ ਪਛਾਣ' ਦਾ ਉਪਦੇਸ਼ ਦਿੰਦਾਂ ਹੈ। ਆਪਣੇ ਆਪ ਨੂੰ ਚਾਨਣ ਦਾ ਇੱਕੋ ਇੱਕ ਸਾਧਨ ਵਿੱਦਿਆ (Education)ਹੈ।ਡਾ.ਭੀਮ ਰਾਓ ਅੰਬੇਡਕਰ ਨੇ ਸਿੱਖਿਆ (Education) ਨੂੰ ਆਪਣਾ ਦੇਵਤਾ ਮੰਨਿਆ ਹੈ।ਡਾ. ਅੰਬੇਡਕਰ ਦੇ ਤਿੰਨ ਦੇਵਤੇ ਸਨ- ਪਹਿਲਾਂ

ਵਿੱਦਿਆ(Education) ਦੂਜਾ ਸਵੈਮਾਨ(Self Respect) ਤੀਜਾ ਸ਼ੀਲ(Sheel) । ਡਾ. ਅੰਬੇਡਕਰ ਜੀ ਭਾਂਵੇ ਚਮਾਰ ਨਹੀਂ ਸਨ ਉਹ ਮਹਾਰ ਸਨ ਪਰ ਚਮਾਰ ਜਾਤੀ ਦੇ ਲੋਕਾਂ ਨੇ ਉਹਨਾਂ ਦੇ ਸੰਦੇਸ਼ ਨੂੰ ਬਹੁਤ ਜਲਦੀ ਸਮਝਿਆ ਹੈ ਤੇ ਗੁਰੂ ਰਵਿਦਾਸ ਜੀ ਤੋਂ ਬਾਅਦ ਚਮਾਰ ਜਾਤੀ ਦੇ ਲੋਕ ਉਹਨਾਂ ਨੂੰ ਆਪਣਾ ਅਦਰਸ਼ ਮੰਨਦੇ ਹਨ।

ਸੋ ਲੇਖਕ ਨੇ ਬੜੀ ਲਗਨ ਅਤੇ ਮੇਹਨਤ ਨਾਲ ਅਲੱਗ ਅਲੱਗ ਜਾਣਕਾਰੀ ਨੂੰ ਇਕੱਤਰ ਕਰਕੇ ਪਾਠਕਾਂ ਤੱਕ ਪੁਸਤਕ ਦੇ ਰੂਪ ਵਿੱਚ ਪੁਜਦੀ ਕਰਨ ਦਾ ਯਤਨ ਕੀਤਾ ਹੈ।ਵਿਸ਼ਾ ਬੜਾ ਵਿਸ਼ਾਲ ਹੈ ਗੰਭੀਰ ਵੀ ਹੈ ਜਿੰਨਾ ਵੀ ਖੋਜਿਆ ਜਾਵੇ ਘੱਟ ਹੈ ।ਇਹ ਉਪਰਾਲਾ ਸ਼ਲਾਘਾਯੋਗ ਹੈ।

ਮੋਹਨ ਲਾਲ ਫਿਲੋਰੀਆ

ਪ੍ਰਧਾਨ

ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

# ਸਾਹਿਤਕ ਖੇਤਰ ਚ ਇੱਕ ਵਿਲੱਖਣ ਯੋਗਦਾਨ

ਜਿਹੜੀ ਕੌਮ ਨੂੰ ਧਰਤੀ ਉੱਪਰੋਂ ਮਿਟਾਉਣਾ ਹੋਵੇ , ਉਸ ਕੌਮ ਦੇ ਇਤਿਹਾਸ, ਭਾਸ਼ਾ ਅਤੇ ਸੱਭਿਆਚਾਰ ਨੂੰ ਉੱਕਾ ਖਤਮ ਕਰ ਦੇਣਾ ਚਾਹੀਦਾ ਹੈ। ਕਿਉਂਕਿ ਨਾ ਰਹੇਗਾ ਬਾਂਸ ਅਤੇ ਨਾ ਹੀ ਮਧੁਰ ਧੁੰਨ ਸੁਨਾਏਗੀ ਸੁਰੀਲੀ ਬੰਸਰੀ। ਇਹ ਗੱਲ ਮੋਹਿੰਜੋਦਾੜੋ ਅਤੇ ਹੜੱਪਾ ਦੀ ਸ਼ਾਨਦਾਰ ਸੱਭਿਅਤਾ ਦੇ ਮਹਾਨ ਉਸਰਈਆਂ ਅਤੇ ਇਸ ਦੇਸ਼ ਦੇ ਅਸਲੀ ਵਾਰਸਾਂ ਨੂੰ ਸੁਤੰਤਰਤਾ ਦੇ ਅਨੂਠੇ ਵਾਤਾਵਰਣ ਵਿੱਚੋਂ ਕੱਢ ਕੇ ਗ਼ੁਲਾਮੀ ਦੇ ਜਕੜਬੰਦਾਂ ਵਿੱਚ ਨੂੜਨ ਉਪਰੰਤ ਘੜੀ ਜਾਪਦੀ ਹੈ।

ਸਿੰਧੂ ਘਾਟੀ ਅਤੇ ਉਸ ਦੇ ਆਸ-ਪਾਸ ਦੇ ਖੇਤਰਾਂ ਵਿੱਚ ਏਥੋਂ ਦੇ ਮੂਲ ਨਿਵਾਸੀ ਸੁਹਾਵਣੀ ਅਤੇ ਖੁਸ਼ੀਆਂ ਭਰਪੂਰ ਜ਼ਿੰਦਗੀ ਬਿਤਾ ਰਹੇ ਸਨ ਜਦੋਂ ਬਾਹਰੋਂ ਆਏ ਚਰਵਾਹਾ ਨਸਲ ਦੇ ਹਮਲਾਵਰ ਆਰੀਆ ਵੰਸ਼ ਦੇ ਲੋਕਾਂ ਨੇ ਉਹਨਾਂ ਅਮਨ ਪਸੰਦ ਮੂਲ ਨਿਵਾਸੀਆਂ ਉੱਪਰ ਨਿਰੰਤਰ ਹਮਲੇ ਕਰਕੇ ਉਹਨਾਂ ਦਾ ਨਿਰਦੈਤਾ ਪੂਰਨ ਢੰਗ ਨਾਲ ਕਤਲ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਹੜੇ ਲੋਕ ਜੰਗਲਾਂ ਵਿੱਚ ਜਾ ਕੇ ਲੁਕ ਛੁਪ ਗਏ ਸਨ ਉਹ ਪਰਿਵਾਰ ਉਹਨਾਂ ਦੇ ਬੇਕਿਰਕ ਹੱਥਿਆਰਾਂ ਤੋਂ ਬੱਚ ਗਏ ਸਨ ਜਦਕਿ ਜ਼ਖਮੀ ਹੋਏ ਸਹਿਕਦੇ ਲੋਕਾਂ ਨੂੰ ਉਹਨਾਂ ਨੇ ਆਪਣੇ ਗ਼ੁਲਾਮ ਬਣਾ ਲਿਆ ਸੀ। ਉਹਨਾਂ ਆਦਿ -ਵਾਸੀਆਂ ਦੀ ਸ਼ਾਨਦਾਰ ਸੱਭਿਅਤਾ ਦੇ ਮੀਨਾਰਾਂ ਨੂੰ ਚਰਵਾਹੇ ਵਿਦੇਸ਼ੀਆਂ ਨੇ ਢਾਹ ਢੇਰੀ ਕਰ ਦਿੱਤਾ ਸੀ ਅਤੇ ਜਿਹੜੀ ਸੁੰਦਰ ਵਸਤੂ ਹੱਥ ਲੱਗੀ ਉਸ ਨੂੰ ਬਿਨਾ ਸੰਕੋਚ ਆਪਣਾ ਬਣਾ ਲਿਆ ਸੀ।

ਆਰੀਆ ਧਾੜਵੀ ਚਰਵਾਹੇ ਸਨ ਜਿਹੜੇ ਆਪਣੇ ਡੰਗਰ-ਪਸ਼ੂਆਂ ਵਾਸਤੇ ਚਰਾਗਾਹਾਂ ਦੀ ਤਲਾਸ਼ ਵਿੱਚ ਸਿੰਧੂ ਘਾਟੀ ਵੱਲ ਆਏ ਸਨ ਅਤੇ ਉਹਨਾਂ ਦਾ ਮੁੱਖ ਕਿੱਤਾ ਵੀ ਡੰਗਰ ਪਸ਼ੂ ਪਾਲਣਾ ਅਤੇ ਮਰੇ ਹੋਏ ਪਸ਼ੂਆਂ ਦੀਆਂ ਖੱਲਾਂ ਲਾਹ ਕੇ ਜੀਵਨ ਵਿੱਚ ਕੰਮ ਆਉਂਣ ਵਾਲੀਆਂ ਕੁਝ ਵਸਤੂਆਂ ਬਣਾਉਣਾ ਸੀ। ਉਸ ਵੇਲੇ ਡੰਗਰ-ਪਸ਼ੂ ਹੀ ਉਹਨਾਂ ਦਾ ਵਰਨਣਯੋਗ ਧਨ ਹੁੰਦਾ ਸੀ।

ਸਮਾਂ ਗੁਜਰਨ ਦੇ ਨਾਲ ਨਾਲ ਜੇਤੂ ਅਤੇ ਬਲਸ਼ਾਲੀ ਆਰੀਆ ਲੋਕਾਂ ਨੇ ਮੁਰਦਾ ਪਸ਼ੂਆਂ ਨੂੰ ਵਸੋਂ ਤੋਂ ਬਾਹਰ ਢੋਣ ਅਤੇ ਖੱਲਾਂ ਉਤਾਰ ਕੇ ਲੋੜੀਂਦੀਆਂ ਵਸਤੂਆਂ ਬਣਾਉਣ ਦਾ ਕੰਮ ਆਪਣੇ ਗ਼ੁਲਾਮਾਂ ਅਤੇ ਇਸ ਧਰਤੀ ਦੇ ਮੂਲ ਨਿਵਾਸੀਆਂ ਦੇ ਸਪੁਰਦ ਕਰ ਦਿੱਤਾ ਸੀ। ਜੁਗ-ਜੁਗਾਂਤਰਾਂ ਤੋਂ ਚਮੜੇ ਜਾਂ ਚੰਮ ਦਾ ਕਿੱਤਾ ਕਰਨ ਵਾਲੇ ਲੋਕਾਂ ਦਾ ਨਾਂ ਵੀ ਉਹਨਾਂ ਦੇ ਕਿੱਤੇ ਅਨੁਸਾਰ ਚਮਾਰ ਪੈ ਗਿਆ ਸੀ। ਇਹ ਨਾਮੁ- ਕਰਨ ਇਵੇਂ ਵਾਪਰਿਆ ਜਿਵੇਂ ਲੋਹੇ ਦਾ ਕਿੱਤਾ ਕਰਨ ਵਾਲੇ ਦਾ ਨਾਂ ਪੈ ਗਿਆ ਸੀ ਲੋਹਾਰ ਜਾਂ ਲੁਹਾਰ, ਸੋਨੇ ਦਾ ਕੰਮ ਕਰਨ ਵਾਲੇ ਦਾ ਨਾਮ ਰੱਖ ਦਿੱਤਾ ਗਿਆ ਸੀ ਸੁਨਾਰ ਜਾਂ ਸੁਨਿਆਰ ਆਦਿ।

ਇਸ ਦੇਸ਼ ਵਿੱਚ ਬਾਹਰੋਂ ਆਏ ਚਰਵਾਹਿਆਂ ਨੇ ਮੂਲ-ਨਿਵਾਸੀ ਲੋਕਾਂ ਦੀਆਂ ਗਰਦਨਾਂ ਵਿੱਚ ਗ਼ੁਲਾਮੀ ਦੀ ਪੰਜਾਲੀ ਪਾਉਣ ਦੇ ਨਾਲ ਨਾਲ ਉਹਨਾਂ ਬਦ-ਨਸੀਬਾਂ ਨੂੰ ਵਰਨ ਪ੍ਰਥਾ ਦੇ ਕੋਝੇ ਸੰਗਲਾਂ ਨਾਲ ਵੀ ਨੂੜ ਦਿਤਾ ਸੀ। ਜਾਤ-ਪਾਤ ਪ੍ਰਣਾਲੀ ਦਾ ਇਹ ਇੱਕ ਅਜਿਹਾ ਜ਼ਹਿਰ ਸੀ ਜਿਸ ਨੂੰ ਚੱਖ ਕੇ ਨਾ ਬੰਦਾ ਜੀਣ ਜੋਗਾ ਰਹਿੰਦਾ ਸੀ ਅਤੇ ਨਾ ਹੀ ਚੈਨ ਨਾਲ ਮਰ ਸਕਦਾ ਸੀ। ਇਸ ਅਮਾਨਵੀ ਪ੍ਰਥਾ ਵਿਰੁੱਧ ਕੁਝ ਰਿਸ਼ੀਆਂ, ਤਥਾਗਤ ਗੌਤਮ ਬੁੱਧ ਅਤੇ ਮੱਧਕਾਲ ਦੌਰਾਨ ਸੰਤ ਮਹਾਂ ਮੁਨੀਆਂ, ਗੁਰੂ ਸਾਹਿਬਾਨ ਨੇ ਜ਼ੋਰਦਾਰ ਸੰਘਰਸ਼ ਦੀ ਨੀਂਹ ਰੱਖੀ ਸੀ। ਉਹਨਾਂ ਮਹਾਂਨ ਰੱਬੀ ਨੂਰਾਂ ਦੇ ਮਾਨਵਤਾ ਪੱਖੀ ਪ੍ਰਭਾਵਾਂ, ਸਿਧਾਂਤਾਂ ਅਤੇ ਪ੍ਰਵਰਨਾਂ ਨੂੰ ਮਿਟਾਉਣ ਅਤੇ ਨਿਰਾਰਥਕ ਕਰਨ ਵਾਸਤੇ ਵਰਣ-ਪ੍ਰਥਾ ਦੇ ਹੱਕਦਾਰ ਧੜੇ ਪੁਰਾਤਣ ਲਿਖਤਾਂ ਦੇ ਸ਼ਸਤਰ ਲੈ ਕੇ ਝੱਟ-ਪੱਟ ਮੈਦਾਨ ਵਿੱਚ ਉੱਤਰ ਆਏ ਸਨ।

ਮੱਧਕਾਲ ਵਿਚਕਾਰ ਗੁਰੂ ਨਾਮਦੇਵ ਜੀ, ਗੁਰੂ ਰਵਿਦਾਸ ਜੀ , ਸੰਤ ਗੁਰ ਕਬੀਰ ਜੀ ਅਤੇ ਹੋਰ ਗੁਰੂਸਾਹਿਬਾਨ ਨੇ ਇਸ ਗ਼ੈਰ ਮਨੁੱਖੀ ਪ੍ਰਥਾ ਨੂੰ ਬਦਲਣ ਲਈ ਸ਼ਕਤੀਸ਼ਾਲੀ ਢੰਗ ਨਾਲ ਅੰਦੋਨਲ ਆਰੰਭ ਕੀਤਾ ਸੀ ਅਤੇ ਫਰਮਾਇਆ ਸੀ ਕਿ ਕੁਲ ਲੋਕਾਈ ਇੱਕੋ ਸਿਰਜਣਹਾਰ ਦੀ ਅਨੁਪਮ ਸਿਰਜਣਾ ਹੈ ਸਰਬ ਲੋਕਾਈ ਬਰਾਬਰ ਹੈ ਕੋਈ ਮਨੁੱਖ ਉੱਚੇ ਜਾਂ ਨੀਵੇਂ ਦਰਜੇ ਦਾ ਨਹੀਂ ਹੈ । ਇਹ ਜਾਤ-ਪਾਤ ਕੇਵਲ ਸ਼ਕਤੀਸ਼ਾਲੀ ਧੜੇ ਦੀ ਦੇਣ ਹੈ ਰੱਬ ਦੀ ਬਣਾਈ ਹੋਈ ਨਹੀਂ ਹੈ। ਤਦੇ ਗੁਰੂ ਕਬੀਰ ਜੀ ਨੇ ਫਰਮਾਇਆ ਸੀ -

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥
ਜੌ ਤੂੰ ਬ੍ਰਹਮਣੁ ਬ੍ਰਾਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥

( ਗੁਰੂਕਬੀਰ ਜੀ )

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥
ਬ੍ਰਹਮਨ ਬੈਸ, ਸੂਦ ਅਰੁ ਖਤਰੀ, ਡੋਮ ਚੰਡਾਲ , ਮਲੇਛ ਮਨ ਸੋਇ
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥

( ਗੁਰੂਰਵਿਦਾਸ ਜੀ )

ਸ੍ਰਿਸ਼ਟੀ ਉੱਪਰ ਗੁਰੂ ਰਵਿਦਾਸ ਜੀ ਅਜਿਹੇ ਮਹਾਨ ਗੁਰੂਹੋਏ ਹਨ ਜਿਹਨਾਂ ਨੇ ਆਰੀਆ ਲੋਕਾਂ ਵੱਲੋਂ ਮੂਲ ਨਿਵਾਸੀਆਂ ਨੂੰ ਘਿਰਣਾ ਵੱਤ ਦਿੱਤੇ ਗਏ ' ਚਮਾਰ ' ਸ਼ਬਦ ਨੂੰ ਪਾਵਨਤਾ ਪ੍ਰਦਾਨ ਕਰਨ ਦੇ ਯਤਨ ਕੀਤੇ ਗਏ ਹਨ। ਉਹਨਾਂ ਨੇ ਆਪਣੀ ਮਨੋਹਰ ਬਾਣੀ ਵਿੱਚ ਚਮਾਰ ਸ਼ਬਦ ਦੀ ਵਰਤੋਂ ਇੱਕ ਵਾਰ ਨਹੀਂ ਸਗੋਂ ਵਾਰ ਵਾਰ ਕੀਤੀ ਹੈ। ਗੁਰੂਰਵਿਦਾਸ ਜੀ ਨੇ ਸੰਸਾਰ ਦੇ ਅਖੌਤੀ ਪੁਨੀਤ ਲੋਕਾਂ ਨੂੰ ਇਸ ਸੱਚਾਈ ਦਾ ਗਿਆਨ ਕਰਵਾਇਆ ਸੀ ਕਿ ਸਾਰੀ ਸਿਰਜਣਾ

ਬਰਾਬਰ ਹੈ ਪੁਨੀਤ ਹੈ ਕਿਸੇ ਦੇ ਕਹਿਣ ਨਾਲ ਕੋਈ ਵਿਅਕਤੀ ਨੀਵਾਂ ਨਹੀਂ ਬਣ ਜਾਂਦਾ ਬਲਕਿ ਮਨੁੱਖ ਨੂੰ ਤਾਂ ਉਸ ਦੇ ਮਾੜੇ ਕਰਮਾਂ ਚਿੱਕੜ ਪਾਪੀ ਅਤੇ ਨੀਵਾਂ ਬਣਾਉਂਦਾ ਹੈ।

ਚਮਾਰ ਅਖੌਤੀ ਬ੍ਰਾਹਮਣਾਂ ਵਾਂਗ ਪਵਿੱਤਰ ਹਨ। ਤਦੇ ਤਾਂ ਬ੍ਰਾਹਮਣ ਨਹੀਂ ਸਗੋਂ ਬ੍ਰਾਹਮਣਾਂ ਦੇ ਸਰਦਾਰ , ਮਠਾਧੀਸ਼ ਅਤੇ ਪ੍ਰਧਾਨ ਅਚਾਰੀਆ ਉਹਨਾਂ ਭਾਵ ਗੁਰੂ ਰਵਿਦਾਸ ਜੀ ਦੇ ਪਜਵਨ ਚਰਨਾਂ ਵਿੱਚ ਕੇਵਲ ਵੰਦਨਾਂ ਨਹੀਂ ਡੰਡੌਤ ਵੰਦਨਾਂ ਕਰਦੇ ਹੋਏ ਆਉਂਦੇ ਹਨ ।-

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ

ਤੇਰੇ ਨਾਮਿ ਸਰਣਾਇ ਰਵਿਦਾਸ ਦਾਸਾ ।

( ਗੁਰੂਰਵਿਦਾਸ ਜੀ )

ਗੁਰੂਰਵਿਦਾਸ ਜੀ , ਗੁਰੂਕਬੀਰ ਜੀ , ਗੁਰੂਨਾਮ ਦੇਵ ਜੀ ਅਤੇ ਹੋਰ ਗੁਰੂਸਾਹਿਬਾਨ ਨੇ ਜਾਤ-ਪਾਤ ਦੀ ਭਿਆਨਕ ਪ੍ਰਣਾਲੀ ਵਿਰੁੱਧ ਜਿਹੜਾ ਸੰਘਰਸ਼ ਸਿਖਰਾਂ ਤੇ ਪਹੁੰਚਾਇਆ ਸੀ ਉਸ ਨੂੰ ਗ੍ਰਸਣ ਅਤੇ ਗ੍ਰਹਿਣ ਲਗਾਉਣ ਲਈ ਗੁਰੂਰਵਿਦਾਸ ਜੀ ਦੇ ਬ੍ਰਹਮ ਲੀਨ ਹੋਣ ਤੋਂ ਤਿਨ ਸਾਲ ਬਾਅਦ ਜਨਮੇ ਸੁਆਮੀ ਤੁਲਸੀ ਦਾਸ ਨੇ ਵੱਡਿਆਂ ਹੋ ਕੇ ਪਿੜ ਸੰਭਾਲ ਲਿਆ ਸੀ। ਜਾਤ-ਪਾਤ ਨੂੰ ਕਾਇਮ ਰੱਖਣ ਦੀ ਇੱਛੁਕ ਢਾਣੀ ਉਸ ਦੇ ਗਿਰਦ ਡੱਟ ਗਈ ਸੀ। ਆਪਣੀ ਰਾਮਾਇਣ ਰਾਮ ਚਰਿਤ ਮਾਨਸ ਵਿੱਚ ਤੁਲਸੀ ਦਾਸ ਲਿਖਦਾ ਹੈ -

ਢੋਲ ਗੰਵਾਰ ਸੂਦਰ ਪਸ਼ੂਨਾਰੀ ।

ਸਕਲ ਤਾੜਨਾ ਕੇ ਅਧਿਕਾਰੀ ।

( ਪੰਨਾ 7●5 ਸੁੰਦਰ ਕਾਂਡ)

ਇਹ ਗੱਲ ਲਿੱਖ ਕੇ ਉਸ ਦੀ ਰੂਹ ਤ੍ਰਿਪਤ ਨਹੀਂ ਹੋਈ ਸੀ ਉਸ ਦੇ ਮਨ ਨੂੰ ਸ਼ਾਂਤੀ ਨਹੀਂ ਮਿਲੀ ਸੀ ਤਦੋਂ ਉਸ ਨੇ ਆਪਣੇ ਤੋਂ ਪਹਿਲਾਂ ਹੋਏ ਗੁਰੂਕਬੀਰ ਜੀ ਗੁਰੂ ਰਵਿਦਾਸ ਜੀ ਦੇ ਵਰਣ ਪ੍ਰਥਾਂ ਵਿਰੋਧੀ ਸਿਧਾਂਤ ਅਤੇ ਵਿਚਾਰਧਾਰਾ ਉੱਪਰ ਕੋਝੇ ਗ੍ਰਹਿਣ ਲਗਾਉਣੇ ਸ਼ੁਰੂ ਕਰ ਦਿੱਤੇ ਸਨ। ਰਾਮ ਚਰਿਤ ਮਾਨਸ ਦੇ ਉੱਤਰ ਕਾਂਡ ਵਿੱਚ ਕਲਿਯੁਗ ਦਾ ਵਰਨਣ ਕਰਦੇ ਹੋਏ ਲਿੱਖਦੇ ਹਨ ।-

ਕਲਿਮਲ ਗ੍ਰੱਸੇ ਧਰਮ ਸਬ ਲੁਪਤ ਭਏ ਸਦ ਗ੍ਰੰਥ ॥

ਤੈ ਬਿਪ੍ਰਨਹ ਸਨ ਆਪੁ ਪੁਜਾਵਹਿ॥

ਸੂਦਰ ਕਰਹਿੰ ਜਪ ਤਪ ਬ੍ਰਤ ਨਾਨਾ ॥

ਬੈਠਿ ਬਰਾਸਨ ਕਹਹਿੰ ਪੁਰਾਨਾ ॥

ਤੁਲਦੀ ਦਾਸ ਹੋਰੀਂ ਉੱਤਰ ਕਾਂਡ ਦੇ 96 ਤੋਂ 100 ਤੀਕਣ ਰਚੇ ਸਲੋਕਾਂ ਵਿੱਚ ਮੱਧਕਾਲ ਦੇ ਗੁਰੂ ਸਾਹਿਬਾਨ ਦੇ ਮਾਨਵਤਾ ਹਿਤੈਸ਼ੀ ਕੰਮਾਂ ਨੂੰ ਸਮਾਪਤ ਕਰਨ ਦੇ ਮਨੋਰਥ ਨਾਲ ਲਿਖਦੇ ਹਨ ਕਿ ਤੇਲੀ, ਕੁਮਹਾਰ, ਚੰਡਾਲ, ਕਲਵਾਰ ਆਦਿ ਨੀਵੀਆਂ ਜਾਤੀਆਂ ਦੇ ਹਨ ।ਸ਼ੂਦਰ ਲੋਕ ਕਈ ਤਰ੍ਹਾਂ ਦੇ ਜਪ ਤਪ ਕਰਦੇ ਹਨ ਵਰਤ ਰੱਖਦੇ ਹਨ ਅਤੇ ਉੱਚੀਆਂ ਗੱਦੀਆਂ ਸਜਾ ਕੇ ਬੈਠਦੇ ਹਨ।

ਬਿਆਸ ਗੱਦੀ ਜਿਹੜੇ ਕੇਵਲ ਅਖੌਤੀ ਉੱਚਿਆਂ ਲੋਕਾਂ ਲਈ ਹੈ ਉਸ ਉੱਪਰ ਨੀਚ ਲੋਕ ਬੈਠਦੇ ਹਨ ਅਤੇ ਪੂਰਾਣ ਵਾਚਦੇ ਹਨ।ਉਹਨਾਂ ਨੀਚ ਲੋਕਾਂ ਨੇ ਆਪੋ ਆਪਣੇ ਧਰਮ ਵੀ ਚਲਾ ਲਏ ਹਨ। ਸ਼ੂਦਰ ਬਰਾਹਮਣਾਂ ਨਾਲ ਸੰਵਾਦ ਰਚਾਉਂਦੇ ਹਨ ਅਤੇ ਕਹਿੰਦੇ ਹਨ ਜਿਹੜਾ ਬ੍ਰਹਮ ਨੂੰ ਜਾਣਦਾ ਹੈ ਉਹੀ ਬ੍ਰਾਹਮਣ ਹੈ। ਸ਼ੂਦਰ ਬਰਾਹਮਣਾਂ ਨੂੰ ਡਾਂਟਦੇ ਹਨ ਉਹਨਾਂ ਤੋਂ ਆਪਣੀ ਪੂਜਾ ਕਰਵਾਉਂਦੇ ਹਨ ।ਬਰਾਹਮਣ ਲੋਕ ਸ਼ੂਦਰਾਂ ਨੂੰ ਡੰਡੌਤ ਵੰਦਨਾ ਕਰਦੇ ਹਨ।

ਗੁਰੂ ਰਵਿਦਾਸ ਜੀ ਅਤੇ ਹੋਰ ਮੱਧਕਾਲ ਦੇ ਮਹਾਨ ਮਾਨਵਤਾ ਪੱਖੀ ਮੁਨੀਆਂ ਨੇ ਜਿਹੜਾ ਅੰਦੋਲਨ ਵਰਣ ਪ੍ਰਥਾ ਦੇ ਵਿਰੁਧ ਆਰੰਭ ਕੀਤਾ ਸੀ ਉਸ ਮਾਨਵੀ ਕਦਰਾਂ ਨਾਲ ਓਤ-ਪੋਤ ਸਿਧਾਂਤ ਨੂੰ ਮਿਟਾਉਣ ਦੇ ਕੋਝੇ ਯਤਨ ਚਾਰ ਸਦੀਆਂ ਤੋਂ ਜਾਰੀ ਸਨ ਜਦੋਂ ਡਾ. ਅੰਬੇਡਕਰ ਸਾਹਿਬ ਨੇ ਉਹਨਾਂ ਮਨੁੱਖ ਹਿਤੈਸ਼ੀ ਸਿਧਾਂਤਾਂ ਅਤੇ ਵਿਚਾਰਾਂ ਨੂੰ ਮੁੜ ਸੁਰਜੀਤ ਕਰਨਾ ਸ਼ੁਰੂ ਕਰ ਦਿੱਤਾ ਸੀ। ਭੀਮ ਰਾਓ ਨੇ ਆਪਣੇ ਜਨਮ ਤੋਂ ਲੈ ਕੇ ਨਿਰਵਾਣ ਪ੍ਰਾਪਤ ਕਰਨ ਤੱਕ ਵਰਣ ਪ੍ਰਥਾ ਦੇ ਵਿਸ਼ੀਅਰ ਡੰਗ ਆਪਣੇ ਕੋਮਲ ਹਿਰਦੇ ਉੱਪਰ ਝੱਲੇ ਸਨ। ਉਹਨਾਂ ਨੂੰ ਜਾਤ-ਪਾਤੀ ਪ੍ਰਣਾਲੀ ਦੀ ਜ਼ਹਿਰ ਦਾ ਪੂਰਾ ਪੂਰਾ ਗਿਆਨ ਹੋ ਚੁੱਕਿਆ ਸੀ।

ਉਹਨਾਂ ਨੇ ਗੁਰੂ ਰਵਿਦਾਸ ਜੀ ਵਾਂਗ ਗਿਆਨ ਦਾ ਪ੍ਰਸਾਦ ਤ੍ਰਿਸਕਾਰੇ ਲੋਕਾਂ ਦੀਆਂ ਫਟੀਆਂ ਪੁਰਾਣੀਆਂ ਝੋਲੀਆਂ ਵਿੱਚ ਪਾ ਕੇ ਉਹਨਾਂ ਦਰੜੇ-ਕੁਚਲੇ ਹੋਏ ਲੋਕਾਂ ਨੂੰ ਨਿਡਰਤਾ ਨਾਲ ਆਪਣੇ ਪੈਰਾਂ ਉੱਪਰ ਖਲੋਣ ਦਾ ਸਾਹਸ ਪ੍ਰਦਾਨ ਕੀਤਾ ਸੀ। ਡਾ. ਅੰਬੇਡਕਰ ਦੇਸ਼ ਵਾਸੀਆਂ ਦੀ ਸੁਤੰਤਰਤਾ ਦੇ ਨਾਲ ਨਾਲ ਅਛੂਤਾਂ ਲਈ ਵਰਣ-ਪ੍ਰਥਾ ਤੋਂ ਆਜ਼ਾਦੀ ਨੂੰ ਪ੍ਰਥਮ ਰੱਖਦੇ ਸਨ। ਉਹ ਪਹਿਲਾਂ ਸਮਾਜਿਕ ਬਰਾਬਰੀ ਲਿਆ ਕੇ ਸਾਰੇ ਤ੍ਰਿਸਕਾਰੇ, ਦਰੜੇ, ਦਬੇ ਕੁਚਲੇ ਅਤੇ ਸਾਧਨ ਹੀਣ ਲੋਕਾਈ ਨੂੰ ਵਰਣ ਪ੍ਰਥਾ ਅਤੇ ਗ਼ਰੀਬੀ ਦੇ ਭਿਆਨਕ ਸੰਗਲਾਂ ਦੀ ਜਕੜਬੰਦ ਵਿੱਚੋਂ ਸੁਤੰਤਰ ਕਰਵਾਉਣਾ ਲੋਚਦੇ ਸਨ। ਮਨੁੱਖੀ ਬਰਾਬਰੀ ਲਿਆਉਣਾ ਚਾਹੁੰਦੇ ਸਨ । ਇਹ ਸੰਘਰਸ਼ ਅਜੇ ਜਾਰੀ ਹੈ । ਇਸ ਮਾਨਵਤਾ ਹਿਤੈਸ਼ੀ ਪ੍ਰਣਾਲੀ ਨੂੰ ਨੇਪਰੇ ਚਾੜ੍ਹਣ ਵਾਸਤੇ ਲੋਕਾਂ ਨੂੰ ਆਪੋ ਆਪਣੀਆਂ ਜੜ੍ਹਾਂ ਦੀ ਪਛਾਣ ਕਰਾਉਣੀ ਬਹੁਤ ਜ਼ਰੂਰੀ ਹੈ। ਦਲਿਤ ਅਤੇ ਚਮਾਰ ਜਾਤੀਆਂ ਦੇ ਲੋਕਾਂ ਵਿੱਚ ਸਵੈਮਾਣ ਦੀ ਭਾਵਨਾ ਅਤੇ ਗੌਰਵ ਲਿਆਉਣਾ ਸਮੇਂ ਦੀ ਵੱਡੀ ਲੋੜ ਹੈ।

ਇਹ ਕੰਮ ਸ੍ਰੀ ਰਾਜੇਥ ਕੈਂਥ ਭਬਿਆਣਵੀਂ ਦੀ ਰਚੀ ਹੋਈ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕਰ ਰਹੀ ਹੈ। ਲੋੜ ਹੈ ਗੁਰੂਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਵੱਲੋਂ ਰਵਿਦਾਸੀਆ ਕੌਮ ਜਾਂ ਚਮਾਰ ਜਾਤੀ ਨੂੰ ਦਿੱਤੀ ਗਈ ਸੇਧ ਨੂੰ ਵਧੇਰੇ ਪ੍ਰਚਾਰਨ-

ਪ੍ਰਸਾਰਨ ਅਤੇ ਆਤਮਸਾਤ ਕਰਨ ਦੀ ਹੈ। ਇਹ ਪੁਸਤਕ ਗ਼ਫਲਤ ਦੀ ਨੀਂਦ ਵਿੱਚ ਸੁੱਤੇ ਲੋਕਾਂ ਨੂੰ ਜਗਾਉਣ, ਜਗਾ ਕੇ ਵਿਦਿਆ ਪ੍ਰਾਪਤ ਕਰਨ, ਗਿਆਨ ਪ੍ਰਾਪਤ ਕਰਕੇ ਸਮਾਜਿਕ ਅਤੇ ਆਰਥਿਕ ਬਰਾਬਰੀ ਦੇ ਨਾਲ ਨਾਲ ਚਮਾਰ ਜਾਤੀ ਵਿੱਚ ਜਨਮ ਲੈਣ ਦੇ ਗੌਰਵ ਅਤੇ ਬਣਦੇ ਹੱਕ ਪ੍ਰਾਪਤ ਕਰਨ ਦੇ ਸੰਘਰਸ਼ ਨੂੰ ਬਲ ਬਖਸ਼ ਦੀ ਹੈ।

ਮੈਂ ਅਜਿਹੀ ਮਹੱਤਵਪੂਰਨ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸਭਿਆਚਾਰ' ਦੀ ਰਚਨਾ ਕਰਨ ਵਾਲੇ ਲੇਖਕ ਸ੍ਰੀ ਰਜੇਸ਼ ਕੈਂਥ ਭਬਿਅਣਵੀਂ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਪੁਸਤਕ ਆਪਣਾ ਨਿਰਧਾਰਤ ਟੀਚਾ ਸਫਲਤਾ ਨਾਲ ਪ੍ਰਾਪਤ ਕਰ ਲਵੇਗੀ।

ਜੈ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ।


-ਸਿਰੀ ਰਾਮ ਅਰਸ਼

ਵਾਇਸ ਪ੍ਰਧਾਨ

ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

ਮੋਬਾਇਲ 9888452204

# ਇਤਿਹਾਸਕ ਦਸਤਾਵੇਜ਼

ਚੰਗੇ ਸਾਹਿਤ ਨਾਲ ਉਸਾਰੂ ਸਮਾਜ ਬਣਦਾ ਹੈ ਅਤੇ ਉਸਾਰੂ ਸਮਾਜ ਹੀ ਵਿਸ਼ਵ ਨੂੰ ਚੰਗਾ ਇਤਿਹਾਸ ਦੇ ਸਕਦਾ ਹੈ। ਸਾਹਿਤ ਅਤੇ ਸਮਾਜ ਦਾ ਡੂੰਘਾ ਰਿਸ਼ਤਾ ਹੁੰਦਾ ਹੈ । ਇਤਿਹਾਸ ਬੀਤ ਚੁੱਕੇ ਸਮੇਂ ਦਾ ਸੰਪੂਰਨ ਰਿਕਾਰਡ ਹੁੰਦਾ ਹੈ। ਬਹੁਤ ਸਦੀਆਂ ਤੋਂ ਸਮਾਜ ਨੂੰ ਵਿੱਦਿਆ ਤੋਂ ਵਾਂਝੇ ਰੱਖਿਆ ਗਿਆ । ਵਿੱਦਿਆ ਦੀ ਘਾਟ ਕਾਰਨ ਗਿਆਨ ਵਿਹੁਣੇ ਸਮਾਜ ਆਪਣੇ ਹੱਕ ਹਕੂਕ ਤੋਂ ਵਾਂਝਾ ਰਿਹਾ। ਬਹੁਤੀਆਂ ਜਾਤਾਂ ਵਿੱਚ ਵੰਡਿਆ ਸਮਾਜ ਆਪਣਾ ਇਤਿਹਾਸ ਸਾਂਭਣ ਵਿੱਚ ਅਸਫਲ ਰਿਹਾ ਆਪਣੇ ਪੁਰਖਿਆਂ, ਯੋਧਿਆਂ, ਸ਼ਹੀਦਾਂ ਦੀਆਂ ਦਾਸਤਾਨਾਂ ,ਕਹਾਣੀਆ ਨੂੰ ਇੱਕ ਲੜੀ ਵਿੱਚ ਨਹੀਂ ਪਰੋ ਸਕਿਆ। ਅੱਜ ਸਾਡੀ ਖੁਸ਼ਕਿਸਮਤੀ ਹੈ ਕਿਸ ਤਰ੍ਹਾਂ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਭਰ ਦੇ ਸੰਘਰਸ਼ ਸਦਕਾ ਸਾਨੂੰ ਵਿੱਦਿਆ ਦਾ ਮੌਲਿਕ ਅਧਿਕਾਰ ਪ੍ਰਾਪਤ ਹੋਇਆ ਹੈ।

ਸਾਨੂੰ ਧਾਰਮਿਕ ਆਜ਼ਾਦੀ ਦਾ ਹੱਕ ਪ੍ਰਾਪਤ ਹੋਇਆ ਹੈ । ਜਿਸ ਦੇ ਤਹਿਤ ਸਾਡੇ ਲੇਖਕ ,ਬੁਧੀਜੀਵੀ ਵਰਗ ਵਿੱਚ ਜਾਗ੍ਰਿਤੀ ਆਈ ਹੈ, ਇੱਕ ਚੇਤਨਾ ਦੀ ਲਹਿਰ ਉਤਪੰਨ ਹੋਈ ਹੈ, ਧਾਰਮਿਕ ਸੰਤਾਂ ਮਹਾਂਪੁਰਸ਼ਾਂ ਨੇ ਸਮਾਜ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਪਾਇਆ ਹੈ। ਰਾਜੇਸ਼ ਕੈਂਥ ਨੇ ਸਮਾਜ ਦੀ ਝੋਲੀ ਵਿੱਚ ਅਨੇਕਾਂ ਪੁਸਤਕਾਂ ਪਾਈਆ ਹਨ। ਉਸ ਇਹ ਨਵੀਂ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਉਸ ਦੀ ਬਹੁਤ ਖੋਜ ਭਰਪੂਰ ਪੁਸਤਕ ਹੈ ਜਿਸ ਨੂੰ ਉਸ ਨੇ ਬਹੁਤ ਸਮੇਂ ਦੀ ਮਿਹਨਤ ਉਪਰੰਤ ਲਿਖਿਆ ਹੈ। ਉਸ ਦੀ ਆਪਣੇ ਰਹਿਬਰਾਂ ਪ੍ਰਤੀ ਦ੍ਰਿੜ ਵਚਨ ਬੱਧਤਾ ਉਸ ਦੀ ਸਾਹਿਤ ਸਿਰਜਣਾ ਦਾ ਜਨੂੰਨ ਉਸ ਨੂੰ ਮਿਸ਼ਨਰੀ ਸਾਹਿਤਕਾਰ ,ਇਤਿਹਾਸਕਾਰ ਵਜੋਂ ਸਥਾਪਿਤ ਕਰਦਾ ਹੈ ।

ਕੈਂਥ ਵਧਾਈ ਦਾ ਪਾਤਰ ਹੈ ਕਿ ਉਸ ਨੇ ਹੁਣ ਤੱਕ ਦੀ ਦਲਿਤ ਸਾਹਿਤ ਦੀ ਇੱਕ ਨਿਵੇਕਲੀ ਪੁਸਤਕ ਤਿਆਰ ਕਰਕੇ ਸਮਾਜ ਦੀ ਝੋਲੀ ਵਿੱਚ ਪਾਈ ਹੈ। ਜਿਸ ਵਿੱਚ ਚਮਾਰ ਜਾਤੀ ਦੇ ਮਹਾਨ ਯੋਧਿਆਂ, ਅਮਰ ਸ਼ਹੀਦਾਂ, ਵਿਦਵਾਨਾਂ, ਅਤੇ ਸੰਤਾਂ ਮਹਾਂਪੁਰਸ਼ਾਂ ਜਿਨ੍ਹਾਂ ਨੇ ਆਪਣੀਆ ਕੁਰਬਾਨੀਆਂ ਦੇ ਕੇ ਸਮਾਜ ਦਾ, ਦੇਸ਼ ਦਾ ਸਿਰ ਉੱਚਾ ਚੁਕਿਆ, ਸਾਡੇ ਮਾਰਗ ਦਰਸ਼ਕ ਬਣੇ ਇਹ ਪੁਸਤਕ ਸਮਾਜ ਨੂੰ ਉਹਨਾਂ ਦੇ ਪਾਏ ਪੂਰਨਿਆ ਉਪਰ ਚੱਲਣ ਲਈ ਪ੍ਰੇਰਣਾ ਬਣੇਗੀ । ਮੈ ਅਭਾਰੀ ਹਾਂ ਸ਼੍ਰੀ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਿਨ੍ਹਾ ਨੇ ਰਾਜੇਸ਼ ਕੈਂਥ ਨੂੰ ਥਾਪੜਾ ਦੇ ਕੇ ਇਤਿਹਾਸ ਲਿਖਣ ਕਾਰਜ ਸੌਂਪਿਆਂ। ਇਸ ਪੁਸਤਕ ਨੂੰ ਅੰਤਰ ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵਲੋਂ ਪ੍ਰਕਾਸ਼ਿਤ ਕਰਵਾ ਕੇ ਦਲਿਤ ਸਾਹਿਤ ਦਾ ਇੱਕ ਅਹਿਮ ਦਸਤਾਵੇਜ਼ ਸਮਾਜ ਦੀ ਝੋਲੀ ਪਾਇਆ।

ਕਾਂਸ਼ੀ ਰਾਮ ਕਲੇਰ
ਮੀਤ ਪ੍ਰਧਾਨ
ਅੰਤਰ ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

# ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨ ਦੀ  ਸਫਲ ਕੋਸ਼ਿਸ਼

ਰਾਜੇਸ਼ ਕੈਂਥ ਭਬਿਆਣਵੀ ਕੌਮ ਸਮਾਜ ਦਾ ਇੱਕ ਹੋਣਹਾਰ ਹਸਤਾਖ਼ਸਰ ਹੈ। ਜਿਸ ਨੇ ਆਪਣੀ ਵਿਦਵਤਾ, ਲਗਨ ਅਤੇ ਸਿਆਣਪ ਦਾ ਸਬੂਤ ਦਿੰਦੇ ਹੋਏ ਆਪਣੀ ਕੌਮ ਪ੍ਰਤੀ /ਸਮਾਜ ਪ੍ਰਤੀ ਅਨੇਕਾਂ ਮਿਸ਼ਨਰੀ ਲਿਖਤਾਂ ਦੀ ਸਿਰਜਣਾ ਕਰਕੇ ਕੌਮ ਦਾ ਰੁੱਤਬਾ ਬੁਲੰਦ ਕੀਤਾ ਹੈ। ਇਸ ਨੇ ਆਪਣੀਆ ਚੋਣਵੀਆ ਰਚਨਾਵਾਂ ਨੂੰ "ਸਤਿਗੁਰੂ ਰਵਿਦਾਸ ਪਿਆਰਾ (ਕਾਵਿ ਸੰਗ੍ਰਹਿ), ਰਵਿਦਾਸੀਆ ਧਰਮ ਸਾਡਾ  (ਗੀਤ ਤੇ ਕਵਿਤਾਵਾ ਦਾ ਸੰਗ੍ਰਹਿ)  ਅਤੇ ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ ਡੇਰਾ ਬੱਲਾਂ ਵਲੋਂ ਪ੍ਰਕਾਸ਼ਿਤ ਪੁਸਤਕ ਜੋ ਹਿੰਦੀ ਤੇ ਪੰਜਾਬੀ ਵਿੱਚ ਵੱਡੀ ਗਿਣਤੀ ਵਿੱਚ ਛਪੀ ਸੀ । ਅਜੇ ਸਫਰ 'ਚ ਹਾਂ (ਕਾਵਿ ਸੰਗ੍ਰਹਿ) ਪੁਸਤਕਾਂ ਦੀ ਪ੍ਰਕਾਸ਼ਨਾ ਕਰਵਾ ਕੇ ਦਲਿਤ ਸਾਹਿਤ ਵਿੱਚ ਆਪਣੀ ਭਰਵੀਂ ਹਾਜਰੀ ਲਗਵਾਈ। ਉਸ ਦੀ ਖੋਜ਼ ਭਰਪੂਰ ਪੁਸਤਕ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਜੀਵਨ ਤੇ ਸੰਘਰਸ਼ ਉਸ ਦੀ ਇੱਕ ਵੱਡੀ ਪ੍ਰਾਪਤੀ ਹੈ ਜੋ ਪੰਜਾਬੀ ਜੁਬਾਨ ਵਿੱਚ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੀ ਸੰਪੂਰਨ ਜੀਵਨੀ ਪਹਿਲੀ ਵਾਰ ਪੇਸ਼ ਕੀਤੀ । ਇਸ ਪੁਸਤਕ ਨੇ ਸਮਾਜ ਵਿੱਚ ਬਹੁਤ ਹੱਲਚੱਲ ਪੈਦਾ ਕੀਤੀ ਅਤੇ ਪਾਠਕਾਂ ਵਿੱਚ ਆਪਣੀ ਉਸਾਰੂ ਸੋਚ ਦਾ ਲੋਹਾ ਮਨਵਾਇਆ ਜਿਸ ਨਾਲ ਕੈਂਥ  ਦਾ ਨਾਮ ਸਮਾਜ ਦੀ  ਜੁਬਾਨ ਤੇ ਚੜਿਆ ਤੇ ਪਾਠਕਾ ਵਲੋਂ ਬਣਦਾ ਮਾਣ ਸਨਮਾਨ ਵੀ ਪ੍ਰਾਪਤ ਹੋਇਆ ।

ਉਸ ਦੀ ਹੱਥਲੀ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਦਾ ਖਰੜਾ ਵੇਖਿਆ ਤਾਂ ਖੁਸ਼ੀ ਹੋਈ ਕਿ ਕੈਂਥ ਨੇ ਆਪਣਾ ਲਿਖਣ ਦਾ ਸੰਘਰਸ਼ ਜਾਰੀ ਰੱਖਿਆ ਹੈ ਆਪਣੀ ਕਲਮ ਨੂੰ ਨਿਰੰਤਰ ਚਲਾ ਰਿਹਾ ਹੈ। ਦੁਨੀਆਂ ਨੂੰ ਆਪਣੀ ਪਹਿਚਾਣ ਦੱਸਣੀ ਇਹ ਸਿਰੜੀ ਯੋਧਿਆਂ ਦਾ ਹੀ ਕੰਮ ਹੁੰਦਾ ਹੈ। ਕੈਂਥ ਆਪਣੀ ਕਲਮ ਰਾਹੀਂ ਇਹ ਕੰਮ ਬਾਖੂਬੀ ਕਰ ਰਿਹਾ ਹੈ। ਉਹ ਆਪਣੀ ਧੁੰਨ ਦਾ ਪੱਕਾ ਕਾਰਜਸ਼ੀਲ ਨੋਜਵਾਨ ਹੈ ਜੋ ਤੰਗੀਆ ਤਰੁਟੀਆ ਨੂੰ ਲਤਾੜਦਿਆਂ ਲਗਾਤਾਰ ਅੱਗੇ ਵੱਧ ਰਿਹਾ ਹੈ ।ਅੱਜ ਉਸ ਨੇ ਸਖਤ ਮੇਹਨਤ ਅਤੇ ਲਗਨ ਨਾਲ ਇਹ ਕੰਮ ਵੀ ਪੂਰਾ ਕੀਤਾ ਹੈ।

'ਚਮਾਰ ਜਾਤੀ'  ਜਿਸ ਨੂੰ ਹਰ ਪੱਖ ਤੋਂ ਘ੍ਰਿਣਾ ਹੀ ਮਿਲਦੀ ਰਹੀ ਹੈ ਤੇ ਸਮਾਜ ਵਿੱਚ ਇਸ ਨੂੰ ਸਭ ਤੋਂ ਨੀਵਾਂ ਦਰਜਾ ਦੇ ਕੇ ਦੁਰਕਾਰਿਆ ਗਿਆ  ਸਮੇਂ ਸਮੇਂ ਤੇ ਆਏ ਕ੍ਰਾਂਤੀਕਾਰੀ ਰਹਿਬਰਾਂ ਨੇ  ਲਗਾਤਾਰ ਕੀਤੇ ਲੰਬੇ ਸ਼ੰਘਰਸ ਤੇ ਆਪਣੀ ਵਿਚਾਰਧਾਰਾ ਵਿੱਚ ਚਮਾਰ ਸ਼ਬਦ ਨੂੰ ਸਤਿਕਾਰ ਨਾਲ ਵਰਤ ਕੇ ਸਨਮਾਨ ਜਨਕ ਅਰਥ ਦੇ ਕੇ ਇਸ ਸ਼ਬਦ ਦੀ ਮਹੱਤਤਾ ਨੂੰ ਵਧਾਇਆ ਹੈ। ਇਸ ਦੇ ਫਲਸਰੂਪ ਚਮਾਰ ਜਾਤੀ ਨੂੰ ਸਮਾਜਿਕ ਬਰਾਬਰਤਾ ਦਾ ਅਧਿਕਾਰ ਪ੍ਰਾਪਤ ਹੋਣ ਲੱਗਾ। ਇਸ ਬਰਾਬਰਤਾ ਨੂੰ ਕਾਨੂੰਨੀ ਜਾਮਾਂ ਆਜ਼ਾਦ ਭਾਰਤ ਦੇ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਜੀ ਨੇ ਪਹਿਨਾਇਆ ।

ਇਹਨਾਂ ਕੌਮ ਹਤੈਸ਼ੀ ਰਹਿਬਰਾਂ ਨੇ, ਧਾਰਮਿਕ ਸ਼ਖਸੀਅਤਾਂ ਨੇ, ਰਾਜਨੀਤਕ ਸ਼ਖਸ਼ੀਅਤਾਂ ਨੇ, ਪ੍ਰਚਾਰਕਾਂ ਨੇ, ਅਮਰ ਸ਼ਹੀਦਾਂ ਨੇ, ਵਿਦਵਾਨਾਂ ਅਤੇ ਲੇਖਕਾਂ ਨੇ ਸੰਘਰਸ਼ ਦੀ ਬਦੌਲਤ ਚਮਾਰ ਕੌਮ ਬੁਲੰਦੀਆ ਵੱਲ ਜਾ ਰਹੀ ਹੈ। ਅੱਜ ਕੌਮ ਦਾ ਆਪਣਾ ਧਰਮ ਰਵਿਦਾਸੀਆ ਅਤੇ ਆਪਣਾ ਗ੍ਰੰਥ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਹੈ। ਇਸ ਸਾਰੇ ਇਤਿਹਾਸ ਨੂੰ ਬਹੁਤ ਹੀ ਚੰਗੇ ਤਰੀਕੇ ਨਾਲ ਇਸ ਪੁਸਤਕ ਵਿੱਚ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਵਿੱਚ ਆਦਿ ਸੱਭਿਅਤਾ ਅਤੇ ਵਿਦੇਸ਼ੀ ਆਰੀਆ ਦੀਆਂ ਸ਼ੈਤਾਨੀ ਭਰੀਆਂ ਨੀਤੀਆਂ, ਸਿੰਧੂ ਘਾਟੀ ਦੀ ਖੁਸ਼ਹਾਲੀ, ਭਗਵਾਨ ਬੁੱਧ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਅਤੇ ਹੋਰ ਮਾਨਵਵਾਦੀ ਮਹਾਂਪੁਰਸ਼ਾਂ, ਧਾਰਮਿਕ ਅਤੇ ਰਾਜਨੀਤਿਕ ਪ੍ਰਭਾਵਸ਼ਾਲੀ ਜਾਣਕਾਰੀ ਦੇ ਕੇ ਲੇਖਕ ਨੇ ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨ ਦੀ ਇੱਕ ਸਫਲ ਕੋਸ਼ਿਸ਼ ਕੀਤੀ ਹੈ । ਇਹ ਇੱਕ ਇਤਿਹਾਸਕ ਦਸਤਾਵੇਜ ਬਣ ਗਿਆ ਹੈ ਜਿਸ ਤੋਂ ਆਉਣ ਵਾਲੀਆ ਕਈ ਪੀੜ੍ਹੀਆਂ ਭਰਪੂਰ ਲਾਭ ਉਠਾਉਣਗੀਆਂ । ਇੱਕ ਵਾਰ ਫਿਰ ਮੈਂ ਲੇਖਕ ਨੂੰ ਇਸ ਕਾਰਜ ਲਈ ਵਧਾਈ ਦਿੰਦਾ ਹਾ ਆਸ ਕਰਦਾ ਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਕਾਰਜ ਕਰਦਾ ਰਹੇਗਾ । ਸਤਿਗੁਰੂ ਰਵਿਦਾਸ ਜੀ ਮਹਾਰਾਜ ਉਸ ਉੱਪਰ ਆਪਣਾ ਆਸ਼ੀਰਵਾਦ ਬਣਾਈ ਰੱਖਣ।

ਸਤਪਾਲ ਸਾਹਲੋਂ
ਸੰਪਾਦਕ ਅਦਬੀ ਮਹਿਕ
ਪ੍ਰਧਾਨ
ਨਵਜੋਤ ਸਾਹਿਤ ਸੰਸਥਾਂ ਦਾ ਪ੍ਰਧਾਨ (ਰਜਿ ਔੜ)

# ਰਹਿਬਰਾਂ ਦੇ ਮਿਸ਼ਨ ਦੀ ਕਹਾਣੀ

'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਦਾ ਲੇਖਕ ਸ਼੍ਰੀ ਰਾਜੇਸ਼ ਕੈਂਥ ਕਿਸੇ ਵਿਸ਼ੇਸ ਜਾਣ ਪਛਾਣ ਦੇ ਮੁਥਾਜ ਨਹੀਂ ਹੈ। ਕੈਂਥ ਦੀਆ ਪਹਿਲਾਂ ਵੀ ਅਨੇਕਾਂ ਪ੍ਰਸਿੱਧ ਪੁਸਤਕਾਂ ਦੀ ਰਚਨਾ ਕੀਤੀ ਹੈ। ਜੋ ਸਮਾਜ ਲਈ ਇੱਕ ਸੇਧ ਚਿੰਨ੍ਹ ਸਥਾਪਿਤ ਹੋਈਆ ਅਤੇ ਸਹਾਈ ਸਿੱਧ ਹੋਈਆਂ ਹਨ ।

ਇਸ ਪੁਸਤਕ ਵਿੱਚ ਵੀ ਉਸ ਨੇ ਆਪਣੇ ਰਹਿਬਰਾਂ ਦੇ ਮਿਸ਼ਨ ਦੀ ਕਹਾਣੀ ਪਾਈ ਹੈ। ਇਸ ਪੁਸਤਕ ਨੂੰ ਪੜ੍ਹਨ ਉਪਰੰਤ ਲੱਗਦਾ ਹੈ ਕਿ ਉਸ ਨੇ ਇਸ ਨੂੰ ਲਿਖਣ ਲਈ ਬਹੁਤ ਇਤਿਹਾਸ ਨੂੰ ਫਰੋਲਿਆ ਹੈ, ਪੜ੍ਹਿਆ ਹੈ, ਵਾਚਿਆ ਹੈ ਅਤੇ ਸਹੀ ਰੂਪ ਵਿੱਚ ਮੁਲਾਂਕਣ ਕੀਤਾ ਹੈ ।

'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਵਿੱਚ ਸਮਾਜ ਵਿੱਚ ਜਨਮੇ ਸੰਤਾਂ ਮਹਾਂਪੁਰਸ਼ਾਂ, ਰਾਜਨੀਤਕ ਆਗੂਆਂ, ਵਿਦਵਾਨਾਂ, ਸ਼ਹੀਦਾਂ, ਸੂਰਵੀਰ ਯੋਧਿਆਂ ਦੀ ਇਤਿਹਾਸਕ ਗਾਥਾ ਨੂੰ ਬਿਆਨ ਕੀਤਾ ਹੈ। ਇਹ ਪੁਸਤਕ ਇੱਕ ਗਿਆਨ ਭਰਪੂਰ ਹੈ ਜਿਸ ਵਿੱਚ ਉਹਨਾਂ ਦੀ ਮਿਹਨਤ ਦੀ ਝਲਕ ਮਿਲਦੀ ਹੈ। ਪਾਠਕਾ ਦੀ ਸੋਚ ਤੇ ਖਰੀ ਉਤਰੇਗੀ ਅਤੇ ਸਮਾਜ ਲਈ ਲਾਭਕਾਰੀ ਸਾਬਿਤ ਹੋਵੇਗੀ। ਮੈਂ ਕੈਂਥ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਨਿਰੰਤਰ ਆਪਣੀ ਕਲਮ ਤੋਂ ਸਾਹਿਤ ਸਿਰਜਣਾ ਦਾ ਕੰਮ ਕਰਦੇ ਰਹਿਣਗੇ। ਸਾਹਿਤਕ ਖੇਤਰ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਉਂਦੇ ਰਹਿਣਗੇ।

:- ਬਲਵਿੰਦਰ ਪੁਆਰ

# ਪ੍ਰਸੰਸ਼ਾਯੋਗ ਉੱਦਮ

ਬਹੁਤ ਖੁਸ਼ੀ ਦੀ ਗੱਲ ਹੈ ਕਿ ਰਾਜੇਸ਼ ਕੈਂਥ ਭਬਿਆਣਵੀ ਲਗਾਤਾਰ ਸਾਹਿਤਕ ਖੇਤਰ ਵਿੱਚ ਕੰਮ ਕਰ ਰਿਹਾ ਹੈ। ਆਪਣੇ ਮਹਾਂਪੁਰਸ਼ਾਂ ਦੇ ਇਤਿਹਾਸ ਦੀ ਸਾਂਭ ਸੰਭਾਲ ਦਾ ਇਤਿਹਾਸਕ ਕੰਮ ਕਰ ਰਿਹਾ ਹੈ। ਕੌਮ ਦੇ ਰਹਿਬਰ ਵਿਦਵਾਨ, ਪ੍ਰਚਾਰਕ ਅਤੇ ਲੇਖਕ ਹੀ ਮਿਸ਼ਨ ਦੀਆ ਲੀਹਾਂ ਪੱਕੀਆਂ ਕਰਦੇ ਹਨ। ਜਿਨ੍ਹਾਂ ਤੇ ਚੱਲਣਾ ਸਮਾਜ ਦੇ ਬਹੁ ਗਿਣਤੀ ਲੋਕਾਂ ਦਾ ਫਰਜ਼ ਬਣਦਾ ਹੈ। ਰਾਜੇਸ਼ ਕੈਂਥ ਭਬਿਆਣਵੀ ਦੀ ਲਿਖਤ ਸਮਾਜ ਦੇ ਚਿੰਤਨ ਅਤੇ ਸਮਾਜ ਦੀ ਪੀੜ੍ਹਾ ਨਾਲ ਭਰਪੂਰ ਹੁੰਦੀ ਹੈ। ਉਸ ਦੀ ਲੇਖਣੀ ਨਿਰੋਲ ਮਿਸ਼ਨਰੀ ਅਤੇ ਆਪਣੇ ਮਾਨਵਤਾਵਾਦੀ ਰਹਿਬਰਾਂ ਦੀ ਸੋਚ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ।

ਰਾਜੇਸ਼ ਕੈਂਥ ਭਬਿਆਣਵੀ ਇਸ ਸਮੇਂ ਦਾ ਸੂਝਵਾਨ ਲੇਖਕ ਹੈ ਜਿਸ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕਰਕੇ ਆਪਣੇ ਸਮਾਜ ਨੂੰ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਨਾਲ ਜੋੜਿਆ ਹੈ। ਮੈਂ ਰਾਜੇਸ਼ ਕੈਂਥ ਭਬਿਆਣਵੀ ਨੂੰ ਉਸ ਦੀ ਪਹਿਲੀ ਪੁਸਤਕ ਦੇ ਆਉਣ ਤੋਂ ਵੀ ਪਹਿਲਾਂ ਦਾ ਜਾਣਦਾ ਹਾਂ ਉਸ ਨੇ ਰਵਿਦਾਸੀਆ ਸਮਾਜ ਨੂੰ ਸੇਧ ਦਿੰਦੀਆਂ ਅਨੇਕਾਂ ਪੁਸਤਕਾਂ ਸਮਾਜ ਦੀ ਝੋਲੀ ਪਾਈਆਂ ਹਨ। ਅੱਜ ਉਸਦੀ ਨਵੀਂ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਜੋ ਬਿਲਕੁੱਲ ਨਿਵੇਕਲੀ ਪੁਸਤਕ ਹੈ। ਉਸ ਨੇ ਪਹਿਲਾ ਵੀ ਗੀਤਾਂ ,ਕਵਿਤਾਵਾਂ ਰਾਹੀਂ ਮਿਸ਼ਨ ਦਾ ਪ੍ਰਚਾਰ ਕਰਨ ਵਿੱਚ ਅਜੋਕੇ ਸਮੇਂ ਦੇ ਲਿਖਾਰੀਆ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ।

ਰਾਜੇਸ਼ ਕੈਂਥ ਬਾਬਾ ਸਾਹਿਬ ਡਾ.ਅੰਬੇਡਕਰ ਜੀ ਤੇ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦਾ ਉਹ ਪੈਰੋਕਾਰ ਹੈ ਜਿਨ੍ਹਾਂ ਦੇ ਮਿਸ਼ਨ ਨੂੰ ਪ੍ਰਚਾਰ ਕਰਨ ਲਈ ਉਹ ਲਗਾਤਾਰ ਸੰਘਰਸ਼ ਕਰ ਰਿਹਾ ਹੈ। ਮੈਂ ਮਿਸ਼ਨਰੀ ਸਾਥੀ ਹੁੰਦਿਆਂ ਹੋਇਆਂ ਉਸ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੰਦਾ ਹੋਇਆ ਉਸ ਤੋਂ ਅੱਗੋਂ ਵੀ ਹੋਰ ਨਵੇ ਸਾਹਿਤ ਸਿਰਜਣਾ ਦੀ ਉਮੀਦ ਕਰਦਾ ਹਾਂ। ਆਪਣੇ ਸਮਾਜ ਨੂੰ ਅਪੀਲ ਕਰਦਾ ਹਾਂ ਕਿ ਇਸ ਪੁਸਤਕ ਨੂੰ ਪੜ੍ਹ ਕੇ ਭਰਪੂਰ ਫਾਇਦਾ ਉਠਾਣ ਤੇ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਸਮਰਪਿਤ ਹੋ ਕੇ ਚੱਲਣ।

:- ਨਿਰਮਲ ਰੱਤੂ ਰੰਧਾਵਾ
(ਮਿਸ਼ਨਰੀ ਗੀਤਕਾਰ)

# ਰਹਿਬਰਾਂ ਦਾ ਮਿਸ਼ਨ

ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਸਮਾਜ ਨੂੰ ਆਪਣੀ ਪਾਵਨ ਅੰਮ੍ਰਿਤਬਾਣੀ ਰਾਹੀਂ ਸਮੁੱਚੀ ਮਨੁੱਖਤਾ ਦਾ ਮਾਰਗ ਦਰਸ਼ਨ ਕਰਦਿਆਂ ਸਮਾਜ ਨੂੰ ਪ੍ਰਭੂ ਪ੍ਰੇਮ ਪ੍ਰਭੂ ਭਗਤੀ ਨਾਲ ਜੋੜਿਆਂ।ਉਹਨਾਂ ਨੇ ਸਮਾਜ ਵਿਚ ਭਾਈਚਾਰਕ ਸਾਂਝ ਪੈਦਾ ਕਰਨ ਦਾ ਹੋਕਾ ਦਿੱਤਾ।ਸਮਾਜ ਨੂੰ ਸਿੱਖਿਆਂ ਪ੍ਰਾਪਤੀ ਕਰਕੇ ਆਪਣੀ ਹਜ਼ਾਰਾ ਸਾਲਾਂ ਦੀ ਗੁਲਾਮੀ ਦੇ ਅੰਤ ਕਰਨ ਲਈ ਸੰਘਰਸ਼ ਦਾ ਰਾਹ ਦਿਖਾਇਆਂ ਜਿਵੇਂ ਪਾਵਨ ਅਮ੍ਰਿਤਬਾਣੀ ਵਿੱਚ ਦਰਜ ਹੈ:-

ਮਾਧਉ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥

ਰਵਿਦਾਸ ਸੋਈ ਸੂਰਾ ਭਲਾ ਜਓ ਲਰੈ ਧਰਮ ਕੇ ਹੇਤ
ਅੰਗ ਅੰਗ ਕਟਿ ਭੁਇੰ ਗਿਰੇ ਤਉ ਨਾ ਛਾਡੈ ਖੇਤ॥

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਜ ਨੂੰ ਵਿੱਦਿਆ ਪ੍ਰਾਪਤ ਕਰਕੇ ਆਪਣੀ ਜ਼ਿੰਦਗੀ ਸੁਖੀ ਬਣਾਉਣ ਲਈ ਮਧੂ ਮੱਖੀਆਂ ਵਾਂਗਰ ਰਲ ਮਿਲ ਕੇ ਰਹਿਣ ਦੀ ਅਤੇ ਆਪਣੇ ਮਾਨਵੀ ਹੱਕਾ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਪਾਵਨ ਅੰਮ੍ਰਿਤਬਾਣੀ 'ਚ ਦਿੱਤੀ ਹੈ। ਇਸ ਸੰਸਾਰ ਨੂੰ ਬੇਗਮਪੁਰਾ ਸ਼ਹਿਰ ਬਣਾਉਣ ਦਾ ਵਿਸ਼ਵ ਦਾ ਸਭ ਤੋਂ ਉੱਤਮ ਪਾਵਨ ਸੰਕਲਪ ਦਿੱਤਾ।

ਆਪ ਜੀ ਦੀ ਵਿਚਾਰਧਾਰਾ ਉੱਪਰ ਚਲ ਕੇ ਵੀਹਵੀਂ ਸਦੀ ਵਿਚ ਗਰੀਬਾਂ ਦੇ ਮਸੀਹਾ ਡਾ.ਅੰਬੇਡਕਰ ਜੀ ਨੇ ਪੜ੍ਹੋ ਜੁੜੋ ਅਤੇ ਸੰਘਰਸ਼ ਕਰੋ ਦਾ ਨਾਅਰਾ ਲਗਾ ਕੇ ਗੁਰੂ ਜੀ ਵਿਚਾਰਧਾਰਾ ਸੁਪਨਾ ਸਕਾਰ ਕਰਦਿਆਂ ਬੇਗਮਪੁਰਾ ਸ਼ਬਦ ਦੀ ਪੂਰੀ ਵਿਆਖਿਆ ਭਾਰਤੀ ਸੰਵਿਧਾਨ ਵਿਚ ਕਰਕੇ ਭਾਰਤੀ ਲੋਕਾਂ ਉੱਪਰ ਉਪਕਾਰ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਪਾਵਨ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਇਆ।

ਰਾਜੇਸ਼ ਕੈਂਥ ਭਬਿਅਣਵੀ ਜੀ ਆਪਣੀ ਕੌਮ ਨੂੰ ਸਮਰਪਿਤ ਲੇਖਕ ਹੈ ਉਹਨਾਂ ਦੀਆਂ ਪਹਿਲਾ ਵੀ ਪੰਜ ਪੁਸਤਕਾਂ ਆ ਚੁੱਕੀਆ ਹਨ । ਜੋ ਚੰਗੀ ਸੇਧ ਦਾ ਮੀਲ ਪੱਥਰ ਸਾਬਿਤ ਹੋਈਆ ਹਨ। ਹੁਣ ਲੇਖਕ ਆਪਣੀ ਨਵੀਂ ਪੁਸਤਕ 'ਚਮਾਰ ਜਾਤੀ ਦਾ ਇਤਿਹਾਸ, ਧਰਮ ਤੇ ਸੱਭਿਆਚਾਰ' ਜਿਸ ਵਿਚ ਲੇਖਕ ਨੇ ਆਪਣੇ ਰਹਿਬਰਾਂ ਦੀ ਸੋਚ ਉਪਰ ਪਹਿਰਾ ਦੇ ਕੇ ਸਮਾਜ ਨੂੰ ਜਾਗ੍ਰਿਤ ਕਰਨ ਦਾ ਸ਼ਲਾਘਾ ਯੋਗ ਯਤਨ ਕੀਤਾ ਹੈ ।

:- ਡਾ. ਅਨੀਤਾ ਜੱਖੂ

ਜਿਨ੍ਹਾਂ ਕੌਮਾਂ ਜਾਂ ਵਿਅਕਤੀਆਂ ਨੂੰ ਆਪਣੇ ਇਤਿਹਾਸ ਦੀ ਜਾਣਕਾਰੀ ਹੁੰਦੀ ਹੈ, ਉਨ੍ਹਾਂ ਦਾ ਭਵਿੱਖ ਉੱਜਵਲ ਹੁੰਦਾ ਹੈ, ਕਿਉਂਕਿ ਉਹਨਾਂ ਨੇ ਭੂਤਕਾਲ ਤੋਂ ਪ੍ਰੇਰਨਾ ਲੈ ਕੇ ਵਰਤਮਾਨ ਨੂੰ ਸਵਾਰਨ ਦੀ ਕੋਸ਼ਿਸ਼ ਕੀਤੀ ਹੁੰਦੀ ਹੈ, ਜਿਸ ਕਰਕੇ ਉਹਨਾਂ ਦਾ ਭਵਿੱਖ ਬਿਲਕੁਲ ਸੁਰੱਖਿਅਤ ਹੁੰਦਾ ਹੈ। ਆਪਣੇ ਵਰਤਮਾਨ ਅਤੇ ਭਵਿੱਖ ਨੂੰ ਸੰਵਾਰਨ ਲਈ ਗੁਜ਼ਰੇ ਹੋਏ ਇਤਿਹਾਸ ਦੀ ਮੁਕੰਮਲ ਅਤੇ ਸਹੀ ਜਾਣਕਾਰੀ ਦਾ ਹੋਣਾ ਬਹੁਤ ਜਰੂਰੀ ਹੈ ਜਿਵੇਂ ਜਰੂਰੀ ਹੁੰਦਾ ਹੈ ਵਿਅਕਤੀ ਲਈ ਜ਼ਿੰਦਗੀ ਵਿਚ ਸਾਹ ਲੈਣਾ ਉਸੇ ਤਰ੍ਹਾਂ ਜਰੂਰੀ ਹੈ ਕਿ ਸਮਾਜ ਦੇ ਨਕਸ਼ੇ ਤੇ ਜ਼ਿੰਦਾ ਰਹਿਣ ਲਈ ਜਾਣਕਾਰੀ ਦਾ ਹੋਣਾ ਬਹੁਤ ਜਰੂਰੀ ਹੈ।

# ਕਹਿ ਰਵਿਦਾਸ ਖਲਾਸ ਚਮਾਰਾ

ਕਹਿ ਰਵਿਦਾਸ ਖਲਾਸ ਚਮਾਰਾ ਵਿੱਚ ਸਵੈਮਾਣ ਏ,
ਅੰਮ੍ਰਿਤਬਾਣੀ ਵਿੱਚ ਦਰਜ ਗੁਰਾਂ ਦਾ ਫਰਮਾਣ ਏ।

ਗੁਲਾਮੀ ਦੀ ਦਲ ਦਲ ਵਿੱਚੋ ਆਣ ਮੁਕਤ ਕਰਾਇਆ ,
ਮੂਲ–ਨਿਵਾਸੀ ਭਾਰਤ ਦੇ ਗੁਰਾਂ ਨੇ ਸਮਝਾਇਆ ,
ਰਾਜੇ ਹਾਂ ਆਪਾ ਏਸ ਧਰਤ ਦੇ ਸਾਡੀ ਇਹ ਪਹਿਚਾਣ ਏ,
ਅੰਮ੍ਰਿਤਬਾਣੀ ਵਿੱਚ ਦਰਜ ਗੁਰਾਂ ਦਾ ਫਰਮਾਣ ਏ।

ਲ਼ਾਹਣਤ ਏ ਉਹਨਾ ਲੋਕਾਂ ਤੇ ਜੋ ਇਤਿਹਾਸ ਛਪਾਉਂਦੇ ਨੇ,
ਆਪਣੀ ਗੁਲਾਮੀ ਨੂੰ ਹੋਰ ਖਿੱਚ ਕੇ ਵਧਾਉਂਦੇ ਨੇ,
ਇਤਿਹਾਸ ਦਿਆ ਪੰਨਿਆ ਤੇ ਪੜ੍ਹ ਲਓ ਦਰਜ਼ ਬਿਆਨ ਏ,
ਕਹਿ ਰਵਿਦਾਸ ਖਲਾਸ ਚਮਾਰਾ ਵਿੱਚ ਸਵੈਮਾਣ ਏ।

ਮਾਣ ਕਰੋ ਇਸ ਗੱਲ ਉੱਤੇ ਅਸੀਂ ਗੁਰੂ ਦੇ ਵਾਰਿਸ ਹਾਂ,
ਸੋਨ ਚਿੜੀ ਬਣਾਉਣ ਵਾਲੇ ਅਸੀਂ ਹੀ ਪਾਰਸ ਹਾਂ,
ਖੁਸ਼ਹਾਲੀਆ ਤਰੱਕੀਆ ਦਾ ਇਕ ਹੀ ਅਰਮਾਣ ਏ,
ਕਹਿ ਰਵਿਦਾਸ ਖਲਾਸ ਚਮਾਰਾ ਵਿੱਚ ਸਵੈਮਾਣ ਏ।

ਭਬਿਆਣੇ ਵਾਲਿਆ ਸਦੀਆਂ ਤੋ ਗੂੰਜਦੀ ਲਲਕਾਰ ,
ਕੈਂਥ ਕਹੇ ਗੈਰਤ ਮੰਦ ਕੌਮ ਏ ਸਾਡੀ ਚਮਾਰ ,
ਆਦਿ ਤੋ ਲੈ ਕੇ ਅੱਜ ਤੀਕ ਏਹਦਾ ਏਹੀ ਨਿਸ਼ਾਨ ਏ,
ਅੰਮ੍ਰਿਤਬਾਣੀ ਵਿੱਚ ਦਰਜ ਗੁਰਾਂ ਦਾ ਫਰਮਾਣ ਏ।

## 1. ਜਾਤ (CASTE) ਸ਼ਬਦ

ਜਾਤੀ ਸ਼ਬਦ ਅੰਗ੍ਰੇਜ਼ੀ ਦੇ ਕਾਸਟ (caste) ਸ਼ਬਦ ਦਾ ਹਿੰਦੀ ਅਨੁਵਾਦ ਹੈ ਜੋ ਪੁਰਤਗਾਲੀ ਭਾਸ਼ਾ ਦੇ ਕਾਸਟਾ (casta) ਸ਼ਬਦ ਤੋਂ ਬਣਿਆ ਹੈ। ਇਸ ਸ਼ਬਦ ਦਾ ਅਰਥ ਹੈ ਨਸਲ ਤੇ ਵੰਸ਼ ਤੋਂ ਹੈ।

ਟੀ.ਬੁਲੰਟ (T.Blunt) ਦਾ ਇਹ ਮੱਤ ਹੈ ਕਿ "ਜਨਮ, ਕੁਲ, ਖਾਨਦਾਨ, ਪਰਿਵਾਰ ਅਤੇ ਨਸਲ ਆਦਿ ਹੈ ਜਿਸ ਦਾ ਭਾਵ ਹੈ ਕਿ ਕਿਸੇ ਖਾਸ ਵੰਸ਼ ,ਕੁੱਲ ਜਾਂ ਪਰਿਵਾਰ ਵਿੱਚ ਜਨਮੇ ਲੋਕਾਂ ਦੀ ਆਪਣੀ ਵੱਖਰੀ ਜਾਤ ਹੁੰਦੀ ਹੈ"।[1]

ਇਸ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ 1565 ਵਿੱਚ 'ਗਾਸੀਆ ਦੀ ਓਸਟਾ' ਨੇ ਕੀਤਾ। ਸਮਾਜਿਕ ਇਤਿਹਾਸਿਕ ਸਿਧਾਂਤ ਵਰਣ, ਜਾਟੋ, ਅਤੇ ਅਛੂਤਾਂ ਹੀ ਦਸਦੇ ਹਨ। ਇਸ ਸਿਧਾਂਤ ਦੇ ਅਨੁਸਾਰ ਜਾਤੀ ਵਿਵਸਥਾ ਭਾਰਤ ਵਿੱਚ ਆਰੀਆ ਦੇ ਆਉਣ ਨਾਲ ਸ਼ੁਰੂ ਹੋਈ। ਆਰੀਆ ਈਸਾ ਪੂਰਵ1500 ਦੇ ਆਸ ਪਾਸ ਭਾਰਤ 'ਚ ਆਏ।[2]

ਜਾਤੀ ਵਿਵਸਥਾ ਸਮਾਜਿਕ ਸੰਗਠਨ ਦੀ ਬੜੀ ਗੁੰਝਲਦਾਰ ਅਤੇ ਦਿਲਚਸਪ ਸੰਸਥਾ ਹੈ। ਜਿਸ ਨੇ ਦੁਨੀਆਂ ਦੇ ਹਰ ਵਿਦਵਾਨ ਦਾ ਧਿਆਨ ਆਪਣੇ ਵਲ ਜ਼ਰੂਰ ਖਿੱਚਿਆ।

## 2. ਜਾਤ (CASTE) ਦੀ ਪਰਿਭਾਸ਼ਾ

ਭਾਰਤ ਵਿੱਚ ਜਾਤੀ ਨੂੰ ਸਮਝਣ ਲਈ ਇਸ ਦੀ ਪਰਿਭਾਸ਼ਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਦੁਨੀਆਂ ਦੇ ਵੱਖ-ਵੱਖ ਵਿਦਵਾਨਾਂ ਨੇ ਜਾਤ (caste) ਪ੍ਰਣਾਲੀ ਦੀਆਂ ਅਲੱਗ-ਅਲੱਗ ਪਰਿਭਾਸ਼ਾਵਾਂ ਦਿੱਤੀਆਂ ਹਨ ਜਿਵੇਂ :-

| | | |
|---|---|---|
| ਕੇਤਕਰ (Ketkar)[3] | : | ਜਾਤੀ ਦੀ ਸੱਭਿਅਤਾ ਉਹਨਾਂ ਵਿਅਕਤੀਆਂ ਤੱਕ ਸੀਮਤ ਹੁੰਦੀ ਹੈ ਜੋ ਉਸ ਵਿੱਚ ਜਨਮੇ ਹੁੰਦੇ ਹਨ ਅਤੇ ਇੱਕ ਕਠੋਰ ਸਮਾਜਿਕ ਨਿਯਮ ਆਪਣੀ ਜਾਤੀ ਦੇ ਬਾਹਰ ਵਿਆਹ ਕਰਨ ਤੋਂ ਰੋਕਦਾ ਹੈ। |
| ਐਨ.ਕੇ.ਦੱਤ(N.K.Dutt)[4] | : | ਇੱਕ ਜਾਤੀ ਦੇ ਮੈਂਬਰ ਜਾਤੀ ਤੋਂ ਬਾਹਰ ਵਿਆਹ ਨਹੀਂ ਕਰ ਸਕਦੇ। ਮਨੁੱਖ ਦਾ ਜਾਤ ਨਿਰਮਾਣ ਜਨਮ ਤੋਂ ਹੁੰਦਾ ਹੈ। |
| ਮਜਮੁਦਾਰ (Majumdar)[5] | : | ਜਾਤੀ ਇੱਕ ਬੰਦ ਵਰਗ ਹੈ। |
| ਈ.ਏ.ਐਚ.ਬਲੰਟ (E.A.H.Blunt)[6] | : | ਜਾਤ ਸਜਾਤੀ ਵਿਵਹਾਕ ਸਮੂਹਾਂ ਜਾਂ ਆਪਣੀ ਜਾਤ ਦੇ ਅੰਦਰ ਹੀ ਵਿਆਹ ਕਰਨ ਵਾਲੇ ਸਮੂਹਾਂ ਦਾ ਇੱਕ ਇੱਕਠ ਹੈ। ਜਿਸਦਾ ਨਾਂ ਇੱਕ ਸਾਰ ਹੁੰਦਾ ਹੈ। |

ਜਿਸਦੀ ਮੈਂਬਰਸ਼ਿਪ ਜੱਦੀ ਹੁੰਦੀ ਹੈ।

ਹੋਕਾਰਟ (Hocart)[7] : ਜਾਤਾਂ ਸਿਰਫ ਕੁਝ ਅਜਿਹੇ ਪਰਿਵਾਰਾਂ ਦਾ ਇਕੱਠ ਹੁੰਦੀਆਂ ਹਨ। ਜਿਨ੍ਹਾਂ ਨੂੰ ਜਨਮ ਤੋਂ ਹੀ ਧਾਰਮਿਕ ਸੰਸਕਾਰਾਂ ਦੇ ਆਧਾਰ ਉੱਪਰ ਵੱਖ-ਵੱਖ ਕਾਰਜ ਸੌਂਪੇ ਜਾਂਦੇ ਹਨ।

ਏ ਡਬਲਿਯੂ ਗ੍ਰੀਨ (A.W.Green)[8] : ਜਾਤ ਸਮਾਜਿਕ ਦਰਜਿਆਂ 'ਤੇ ਸ਼ਕਤੀਕਰਣ ਦੀ ਇੱਕ ਅਜਿਹੀ ਵਿਵਸਥਾ ਹੈ। ਜਿਸ ਵਿੱਚ ਸਮਾਜਿਕ ਦਰਜਿਆਂ ਦੀ ਪੌੜੀ ਵਿੱਚ ਉੱਪਰ ਵੱਲ ਜਾਂ ਥੱਲੇ ਨੂੰ ਗਤੀਸ਼ੀਲਤਾ ਘੱਟੋ-ਘੱਟ ਆਦਰਸ਼ਕ ਤੌਰ ਥਾਂ ਨਹੀਂ ਮਿਲਦੀ।

(Martindale & Mona Chesi)[9]
ਮਾਰਟਿੰਡੇਲ ਅਤੇ ਮੋਨਾ ਚੇਸੀ : ਜਾਤ ਵਿਅਕਤੀਆਂ ਦਾ ਇੱਕ ਅਜਿਹਾ ਸਮੂਹ ਹੈ ਜਿਸ ਵਿੱਚ ਕਿਸੇ ਵਿਅਕਤੀ ਜਾਂ ਸਮੂਹ ਦੇ ਕਰਤੱਵ ਅਤੇ ਵਿਸ਼ੇਸ਼ ਅਧਿਕਾਰ ਜਨਮ ਤੋਂ ਹੀ ਨਿਸ਼ਚਿਤ ਕੀਤੇ ਗਏ ਹੁੰਦੇ ਹਨ। ਜਿਸ ਨੂੰ ਸੰਸਕਾਰ ਜਾਂ ਧਰਮ ਦੇ ਤੌਰ 'ਤੇ ਹੀ ਸਵੀਕਾਰ ਕੀਤਾ ਜਾਂਦਾ ਹੈ।

ਡਾ. ਬੀ.ਆਰ. ਅੰਬੇਡਕਰ -
(Dr.B.R.Ambedkar)[10] : ਜਾਤੀ ਪ੍ਰਥਾ ਜਾਂ ਚਤਰ ਵਰਣ ਇੱਕ ਅਜਿਹੀ ਸਮਾਜਿਕ ਵਿਵਸਥਾ ਹੈ ਜੋ ਲੋਕਾਂ ਨੂੰ ਨਿਰਜੀਵ, ਅਪਾਹਜ, ਲੂਲਾ ਬਣਾ ਕੇ ਉਨ੍ਹਾਂ ਦੀ (ਵਿਕਾਸ) ਪ੍ਰਗਤੀ ਦੇ ਕੰਮਾਂ ਵਿੱਚ ਰੁਕਾਵਟ ਪੈਦਾ ਕਰਦੀ ਹੈ।

ਕਰੋਬਰ (Krober)[11] ਕੋਈ ਇੱਕ ਜਾਤ ਵਿਅਕਤੀਆਂ ਦੀ ਇਕ ਨਸਲੀ ਇਕਾਈ ਦਾ ਉਹ ਹਿੱਸਾ ਹੈ, ਜੋ ਸਜਾਤੀ ਵਿਵਾਹਕ ਅਤੇ ਜੱਦੀ ਹੁੰਦਾ ਹੈ। ਇਹ ਇਕਾਈਆਂ ਦੂਜੀਆ ਇਕਾਈਆਂ ਦੀ ਤੁਲਨਾ ਵਿੱਚ ਸਮਾਜਿਕ ਪ੍ਰਤਿਸ਼ਠਾ ਦੀ ਪੌੜੀ ਵਿੱਚ ਉੱਚਾ ਨੀਵਾਂ ਦਰਜਾ ਰੱਖਦੀਆਂ ਹਨ।

ਜੀ.ਐਸ. ਗੁਰੀਏ(G.S.Ghurye)[12] : ਜਾਤ ਇੰਡੋ-ਆਰੀਆ

ਸੰਸਕ੍ਰਿਤੀ ਦੇ ਬ੍ਰਾਹਮਣਾ ਦੀ ਰਚਨਾ ਹੈ ਜੋ ਗੰਗਾ ਜਮਨਾ ਦੇ ਮੈਦਾਨ 'ਚ ਪਲੀ ਤੇ ਇੱਥੋਂ ਵੱਖ-ਵੱਖ ਥਾਂਵਾਂ ਤੇ ਫੈਲ ਗਈ ਇਹ ਬ੍ਰਾਹਮਣਵਾਦੀ ਨੀਤੀ ਦਾ ਸਿੱਟਾ ਹੈ।ਇੰਡੋ-ਆਰੀਆ ਨਸਲਾਂ ਨੇ ਜਿੱਤ ਪ੍ਰਾਪਤ ਕਰਨ ਤੋਂ ਪਿਛੋਂ ਆਪਣੇ ਆਪ ਨੂੰ ਭਾਰਤ ਦੇ ਮੂਲ ਨਿਵਾਸੀ ਤੋਂ ਉਚਾ ਦਰਜਾ ਦੇ ਦਿੱਤਾ।ਉਹਨਾਂ ਨੇ ਆਪਣੇ ਆਪ ਨੂੰ ਉੱਪਰ ਦੀਆਂ ਜਾਤਾਂ 'ਚ ਰੱਖਿਆ ਅਤੇ ਇੱਥੋਂ ਦੇ ਵਾਸੀਆ ਨੂੰ ਹੇਠਲੀਆਂ ਜਾਤਾਂ 'ਚ ਰੱਖਿਆ।

ਹਰਬਰਟ ਰਿਸਲੇ(Herbert Risley)[13] : ਜਾਤ ਪਰਿਵਾਰ ਜਾਂ ਪਰਿਵਾਰਾਂ ਦੇ ਸਮੂਹਾਂ ਦਾ ਇੱਕ ਇਕੱਠ ਹੈ ਜਿਸ ਦਾ ਇੱਕ ਸਾਝਾਂ ਨਾ ਹੁੰਦਾ ਹੈ। ਜੋ ਕਿਸੇ ਇੱਕ ਵਿਸ਼ੇਸ਼ ਕਿੱਤੇ ਨੂੰ ਪ੍ਰਗਟ ਕਰਦਾ ਹੈ।

## ਹਵਾਲੇ


(1) ਇੰਟਰਨੈੱਟ ਜਰੀਏ

(2)Indian Politics. : Punjab University

(3) ਭਾਰਤੀ  ਰਾਜਨੀਤੀ ਸ਼ਾਸ਼ਤਰ

(4) ਭਾਰਤੀ  ਰਾਜਨੀਤੀ ਸ਼ਾਸ਼ਤਰ

(5) ਭਾਰਤੀ  ਰਾਜਨੀਤੀ ਸ਼ਾਸ਼ਤਰ

(6) ਭਾਰਤੀ ਸਮਾਜ ਪੰਨਾ ਨੰਬਰ:-74

(7)ਜਾਤ ਪ੍ਰਣਾਲੀ ਦੀਆ ਪ੍ਰਭਾਸ਼ਾਵਾ ਅਤੇ ਵਿਸ਼ੇਸ਼ਤਾਵਾਂ

(8)ਜਾਤ ਪ੍ਰਣਾਲੀ ਦੀਆ ਪ੍ਰਭਾਸ਼ਾਵਾ ਅਤੇ ਵਿਸ਼ੇਸ਼ਤਾਵਾਂ

(9) ਭਾਰਤੀ ਸਮਾਜ ਪੰਨਾ ਨੰਬਰ :- 74

(10) ਜਾਤ ਪਾਤ ਦਾ ਬੀਜਨਾਸ/ ਡਾ. ਭੀਮਰਾਓ ਅੰਬੇਡਕਰ

(11)Indian Politics. : Punjab University

(12) ਭਾਰਤੀ ਸਮਾਜ

(13) ਭਾਰਤੀ ਸਮਾਜ

# 3. ਜਾਤ ਦਾ ਇਤਹਾਸਕ ਪਹਿਲੂ

**ਆਪਣੇ ਇਤਿਹਾਸ ਨੂੰ ਜਾਨਣ ਲਈ ਦੁਨੀਆ ਦੇ ਇਤਿਹਾਸ ਨੂੰ ਪੜਨਾ,ਸਮਝਣਾ ਜਰੂਰੀ ਹੈ ਪਰ ਬਹੁਤ ਜਰੂਰੀ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਨੂੰ ਵੀ ਪੜਨਾ ਹੁੰਦਾ ਹੈ। ਉਸ ਨੂੰ ਪੜੇ ਵਗੈਰ ਅਸੀ ਕੋਈ ਵੀ ਇਤਿਹਾਸ ਨੂੰ ਨਹੀਂ ਸਮਝ ਸਕਦੇ।**

ਇਤਿਹਾਸ ਜੋ ਗੁਜਰੇ ਹੋਏ ਸਮਿਆਂ ਨੂੰ ਆਪਣੇ ਪੰਨਿਆ ਉੱਪਰ ਸਮੇਟ ਲੈਂਦਾ ਹੈ। ਚਲਦੇ ਸਮੇਂ ਦੇ ਅੰਗ ਸੰਗ ਹੋ ਕੇ ਚਲਦਾ ਹੈ ਅਤੇ ਆਉਣ ਵਾਲੇ ਸਮੇਂ ਦੀ ਪੈਰਵੀ ਕਰਦਾ ਹੈ। ਆਉਣ ਵਾਲੇ ਸਮਿਆਂ ਲਈ ਸੇਧ ਚਿੰਨ੍ਹ ਵੀ ਸਥਾਪਤ ਕਰਦਾ ਹੈ। **ਬੇਸ਼ੱਕ ਇਤਿਹਾਸ ਨੂੰ ਪੈਦਾ ਕਰਨਾ ਸਭ ਦੇ ਵੱਸ ਦੀ ਗੱਲ ਨਹੀਂ ਹੁੰਦੀ। ਕਈ ਵੇਰਾਂ ਵੱਡੇ ਵੱਡੇ ਇਤਿਹਾਸ ਦੇ ਗ੍ਰੰਥਾਂ ਨੂੰ ਛੋਟੀਆਂ ਛੋਟੀਆਂ ਘਟਨਾਵਾਂ ਵੀ ਮਿਟਾ ਦਿੰਦੀਆਂ ਹਨ। ਕਈ ਵੇਰਾਂ ਛੋਟੀਆਂ ਛੋਟੀਆਂ ਵਾਪਰਦੀਆਂ ਘਟਨਾਵਾਂ ਵੱਡੇ ਇਤਿਹਾਸ ਸਿਰਜ ਜਾਂਦੀਆਂ ਹਨ। ਇਹ ਸਭ ਕੁਝ ਨਿਰਭਰ ਕਰਦਾ ਹੈ ਇਤਿਹਾਸ ਬਣਾਉਣ ਦੀਆਂ ਸੋਚਾਂ ਅਤੇ ਕਿਰਦਾਰ ਉੱਪਰ ਬੇਸ਼ੱਕ ਸਾਰੇ ਸਮਾਜ ਵਿਚ ਵਿਚਰਦੇ ਲੋਕ ਇਤਿਹਾਸ ਨਹੀਂ ਬਣਾ ਸਕਦੇ ਪਰ ਇਹ ਸੱਚ ਹੈ ਕਿ ਸਾਰੇ ਲੋਕੀਂ ਇਤਿਹਾਸ ਦਾ ਹਿੱਸਾ ਹੁੰਦੇ ਹਨ। ਇਹ ਜਰੂਰੀ ਨਹੀਂ ਸਾਰੇ ਲੋਕ ਇਤਿਹਾਸ ਨੂੰ ਜਾਣਦੇ ਹੋਣ ਪਰ ਇਹ ਇੱਕ ਸਚਾਈ ਹੈ ਕਿ ਇਤਿਹਾਸ ਸਾਰੇ ਲੋਕਾਂ ਨੂੰ ਜਾਣਦਾ, ਪਹਿਚਾਣਦਾ ਹੈ।** ਇਤਿਹਾਸ ਉਹ ਸ਼ੀਸ਼ੇ ਵਰਗਾ ਹੁੰਦਾ ਹੈ ਜੋ ਸਮਾਜ ਵਿੱਚ ਵਸਦੇ ਵਿਅਕਤੀਆ ਦੇ ਚਿਹਰੇ ਨੂੰ ਸੰਸਾਰ ਦੇ ਸਾਹਮਣੇ ਪੇਸ਼ ਕਰਦਾ ਹੈ।

ਇਤਿਹਾਸ ਦੀ ਜਾਣਕਾਰੀ ਕਈ ਵੇਰਾਂ ਕਿਸੇ ਕੌਮ ਧਰਮ ਨੂੰ ਸੰਸਾਰ ਦੀ ਪ੍ਰਸਿੱਧੀ ਦਿਵਾ ਦਿੰਦਾ ਹੈ। ਕਈ ਵੇਰਾਂ ਇਤਿਹਾਸ ਪ੍ਰਤਿ ਗੈਰ-ਜਿੰਮੇਵਾਰੀ ਮਾਣ ਸਨਮਾਨ ਗੁਆ ਕੇ ਵਰਗੀ ਜਹੱਲਤ ਭਰੀ ਜ਼ਿੰਦਗੀ ਦਾ ਨਰਕ ਪੈਦਾ ਕਰ ਦਿੰਦੀ ਹੈ। ਇਤਿਹਾਸ ਦੀ ਸਹੀ ਜਾਣਕਾਰੀ ਹੀ ਵਿਅਕਤੀ, ਸਮਾਜ ਲਈ ਫਾਇਦੇਮੰਦ ਹੁੰਦੀ ਹੈ। ਇਤਿਹਾਸ ਦੀ ਜਾਣਕਾਰੀ ਦਾ ਨਾ ਹੋਣਾ ਇੱਕ ਬਿਮਾਰ ਸਮਾਜ ਤੇ ਵਿਅਕਤੀ ਨੂੰ ਜਨਮ ਦੇਣ ਵਰਗਾ ਹੈ। **ਜਿਨ੍ਹਾਂ ਕੌਮਾਂ ਜਾਂ ਵਿਅਕਤੀਆਂ ਨੂੰ ਆਪਣੇ ਇਤਿਹਾਸ ਦੀ ਜਾਣਕਾਰੀ ਹੁੰਦੀ ਹੈ, ਉਨ੍ਹਾਂ ਦਾ ਭਵਿੱਖ ਉੱਜਵਲ ਹੁੰਦਾ ਹੈ, ਕਿਉਂਕਿ ਉਹਨਾਂ ਨੇ ਭੂਤਕਾਲ ਤੋਂ ਪ੍ਰੇਰਨਾ ਲੈ ਕੇ ਵਰਤਮਾਨ ਨੂੰ ਸਵਾਰਨ ਦੀ ਕੋਸ਼ਿਸ਼ ਕੀਤੀ ਹੁੰਦੀ ਹੈ, ਜਿਸ ਕਰਕੇ ਉਹਨਾਂ ਦਾ ਭਵਿੱਖ ਬਿਲਕੁਲ ਸੁਰੱਖਿਅਤ ਹੁੰਦਾ ਹੈ। ਆਪਣੇ ਵਰਤਮਾਨ ਅਤੇ ਭਵਿੱਖ ਨੂੰ ਸੰਵਾਰਨ ਲਈ ਗੁਜ਼ਰੇ ਹੋਏ ਇਤਿਹਾਸ ਦੀ ਮੁਕੰਮਲ ਅਤੇ ਸਹੀ ਜਾਣਕਾਰੀ ਦਾ ਹੋਣਾ ਬਹੁਤ ਜਰੂਰੀ ਹੈ ਜਿਵੇਂ ਜਰੂਰੀ ਹੁੰਦਾ ਹੈ ਵਿਅਕਤੀ ਲਈ ਜ਼ਿੰਦਗੀ ਵਿਚ ਸਾਹ ਲੈਣਾ ਉਸੇ ਤਰ੍ਹਾਂ ਜਰੂਰੀ ਹੈ ਕਿ ਸਮਾਜ ਦੇ ਨਕਸ਼ੇ ਤੇ ਜ਼ਿੰਦਾ ਰਹਿਣ ਲਈ ਜਾਣਕਾਰੀ ਦਾ ਹੋਣਾ ਬਹੁਤ ਜਰੂਰੀ ਹੈ। ਇਤਿਹਾਸ ਨੂੰ ਜਾਣ ਸਕਦੇ ਹਾਂ, ਸਮਝ ਸਕਦੇ ਹਾਂ ਨਵੇਂ ਦੀ ਉਸਾਰੀ ਕਰ ਸਕਦੇ ਹਾਂ।**

ਇਤਿਹਾਸ ਜਿਸਦੇ ਅਰਥ ਤੇ ਇਸ ਦੀ ਪਰਿਭਾਸ਼ਾ ਇਹ ਹੈ ਕਿ ਇਤਿਹਾਸ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ।ਇਹ ਤਿੰਨ ਸ਼ਬਦਾਂ ਤੋਂ ਬਣਿਆ ਹੈ। ਜਿਵੇਂ (ਇਤ+ਹ+ਆਸ) ਇਤਿਹਾਸ "ਇਤ" ਦਾ ਅਰਥ ਜਿਸ ਤਰ੍ਹਾਂ ਹੋਇਆ ਉਸ ਤਰ੍ਹਾਂ ਹੀ , "ਹ" ਦਾ ਅਰਥ ਹੈ ਸੱਚਮੁੱਚ ਤੇ "ਆਸ" ਦਾ ਅਰਥ ਹੈ ਨਿਰੰਤਰ ਰਹਿਣਾ ਜਾਂ ਬੋਧ ਹੋਣਾ।[1]

History ਸ਼ਬਦ ਦਾ ਪ੍ਰਯੋਗ ਹੇਰੋਡੋਟਸ ਨੇ ਆਪਣੀ ਪਹਿਲੀ ਪੁਸਤਕ 'ਹਿਸਟੋਰੀਕਲ' ਵਿਚ ਕੀਤਾ ਹੈ। ਇਸ ਕਰਕੇ ਹੇਰੋਡੋਟਸ ਨੂੰ ਇਤਿਹਾਸ ਦਾ ਜਨਮ ਦਾਤਾ ਵੀ ਕਿਹਾ ਜਾਂਦਾ ਹੈ(ਪੱਛਮ ਵਿਚ) ਗਰੀਸ ਦੇ ਲੋਕ ਇਤਿਹਾਸ ਦੇ ਲਈ ਹਿਸਟਰੀ ਸ਼ਬਦ ਦਾ ਪ੍ਰਯੋਗ ਕਰਦੇ ਸੀ। ਹਿਸਟਰੀ ਸ਼ਬਦ ਦਾ ਅਰਥ ਬੁੱਝਣਾ ਸੀ ਜਿਵੇਂ ਘਟਨਾਵਾਂ ਨੂੰ ਚਿੱਤਰ ਵੱਜੋ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਜੋ ਸਾਰਥਕ ਅਤੇ ਸਹੀ ਹੁੰਦਾ ਸੀ।

**ਇਤਿਹਾਸ ਦੀ ਪਰਿਭਾਸ਼ਾ:**-ਇਤਿਹਾਸ ਉਹ ਵਿਸ਼ਾ ਹੈ ਜਿਸ ਵਿਚ ਕਿਸੇ ਦੇਸ਼,ਸਮਾਜ,ਵਿਅਕਤੀ ਨਾਲ ਸੰਬੰਧਤ ਸਾਰੀਆਂ ਹੀ ਘਟਨਾਵਾਂ ਦਾ ਉਲੇਖ(ਜਿਕਰ) ਮਿਲਦਾ ਹੈ। ਇਤਿਹਾਸ ਦੀ ਜਾਣਕਾਰੀ ਦਾ ਗਿਆਨ ਅਤੇ ਬੋਧ ਹੀ ਸਮਾਜ, ਵਿਅਕਤੀ ਲਈ ਸੰਪੂਰਨ ਤੌਰ ਉੱਪਰ ਜ਼ਿੰਦਗੀ ਨੂੰ ਸਹੀ ਅਤੇ ਸੁਚੱਜੇ ਢੰਗ ਨਾਲ ਜਿਉਣ ਦੇ ਕਾਬਲ ਬਣਾਉਣ । ਸਮੇਂ ਦੀ ਦਹਿਲੀਜ ਉੱਪਰ ਪੈਰ ਟਿਕਾ ਕੇ ਆਪਣੀ ਆਦਿੱਖ ਮੰਜ਼ਿਲ ਦੀ ਰਾਹ ਉੱਪਰ ਚੱਲਣ ਦਾ ਜਰੀਆ ਬਣਦੀ ਹੈ।

**ਭਾਰਤ ਦਾ ਇਤਿਹਾਸ ਭਾਰਤੀ ਮੂਲ ਨਿਵਾਸੀਆਂ ਤੇ ਵਿਦੇਸ਼ੀ ਆਰੀਆ ਬ੍ਰਾਹਮਣਾਂ ਵਿਚਕਾਰ ਚੱਲੇ ਲੰਬੇ ਸ਼ੰਘਰਸ ਦੀ ਇੱਕ ਜਾਨਦਾਰ ਕਹਾਣੀ ਹੈ।** ਜਿਸ ਵਿਚ ਸ਼ਪੱਸਟ ਰੂਪ ਵਿਚ ਵਿਦੇਸ਼ੀ ਆਰੀਆ ਲੋਕਾਂ ਦੀ ਬੇਈਮਾਨੀ ਭਰੀ ਨੀਤੀ ਤੇ ਛਲਕਪਟ ਝਲਕਦਾ ਹੈ । ਭਾਰਤ ਦੀ ਧਰਤੀ ਉੱਪਰ ਵਿਦੇਸ਼ੀ ਆਰੀਆ ਲੋਕਾਂ ਦੀ ਤੇ ਭਾਰਤ ਦੇ ਮੂਲ ਨਿਵਾਸੀ ਵਾਰਿਸ ਲੋਕਾਂ ਦੀ ਕਹਾਣੀ ਨੂੰ ਇਤਿਹਾਸ ਦੀ ਕਿਤਾਬ ਬਾ-ਖੂਬੀ ਪੇਸ਼ ਕਰਦੀ ਹੈ। ਜਿਵੇਂ ਅਸੀਂ ਉੱਪਰ ਇਤਿਹਾਸ ਦੀ ਪਰਿਭਾਸ਼ਾ ਨੂੰ ਜਾਣਿਆ ਕਿ ਇਤਿਹਾਸ ਉਹ ਵਿਸ਼ਾ ਹੈ ਜਿਸ ਵਿਚ ਕਿਸੇ ਦੇਸ਼ ਸਮਾਜ ਅਤੇ ਵਿਅਕਤੀ ਨਾਲ ਸੰਬੰਧਤ ਸਾਰੀਆ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ।

ਭਾਰਤ ਦੇ ਇਤਿਹਾਸ ਵਿਚ ਭਾਰਤ ਦੇ ਮੂਲ ਨਿਵਾਸੀਆਂ ਦੀ ਭਾਵ ਅਛੂਤਾਂ, ਸ਼ੂਦਰਾਂ ਦੀ ਦਰਦ ਭਰੀ ਕਹਾਣੀ ਹੈ। ਸਵੈਮਾਨ ਦੀ ਤਲਾਸ਼ ਵਿੱਚ ਗੁਜਾਰੀ ਜ਼ਿੰਦਗੀ ਦਾ ਪਲ ਪਲ ਸੱਚ ਦੀ ਸੋਚ ਤੇ ਮਾਨਵਵਾਦੀ ਵਿਚਾਰਧਾਰਾ ਦਾ ਉਲੇਖ ਦਰਜ ਹੈ। ਮੂਲ ਨਿਵਾਸੀਆਂ ਦੀਆਂ ਕੁਰਬਾਨੀਆ ਨਾਲ ਸਿੰਧੂ ਘਾਟੀ ਦੀ ਸੱਭਿਅਤਾ ਦੀਆਂ ਡੂੰਘੀਆਂ ਗਹਿਰਾਈਆਂ ਨੂੰ ਅੱਜ ਵੀ ਬਿਆਨ ਕਰਦੀਆਂ ਹਨ । ਭਾਰਤ ਦੇ ਇਤਿਹਾਸ ਦੇ ਸ਼ਾਨਦਾਰ ਪੰਨਿਆਂ ਨੂੰ ਭਾਰਤ ਦੇਸ਼ ਦਾ ਇਤਿਹਾਸ ਹੀ ਹੈ ਜੋ ਬੋਲਦਾ ਹੈ ਕਿ ਵਿਦੇਸ਼ੀ ਆਰੀਆ ਨੇ ਭਾਰਤੀ ਮੂਲ ਨਿਵਾਸੀਆਂ ਤੋਂ ਪਹਿਲਾ ਇਹ ਪੰਜ ਅਧਿਕਾਰ [2]ਖੋਹੇ:- 1 ਬੁੱਧੀ ਬਲ,2 ਤਨ ਬਲ, 3 ਧਨ ਬਲ, 4 ਜਲ ਬਲ, 5 ਮਨੋਬਲ। ਜੋ ਹਰ ਮਾਨਵ ਲਈ ਜਰੂਰੀ ਅਧਿਕਾਰ ਹਨ ਮਾਨਵ ਜੀਵਨ ਦੇ ਵਿਕਾਸ ਲਈ ਬੇਹੱਦ ਜਰੂਰੀ ਹਨ। ਭਾਰਤੀ ਮੂਲ ਨਿਵਾਸੀ ਤੋਂ ਮਾਨਵੀ ਅਧਿਕਾਰ ਖੋਹ ਕੇ ਗੁਲਾਮੀ ਸਥਾਪਿਤ ਕੀਤੀ ।

**ਭਾਰਤ ਜਿਸ ਨੂੰ ਬੋਧੀ ਗ੍ਰੰਥਾਂ ਵਿਚ ਜੰਬੂ ਦੀਪ ਦੇ ਨਾਮ ਨਾਲ ਜਾਣਿਆ ਜਾਂਦਾ ਗਿਆ [3]।**

ਭਾਰਤ ਦੀ ਸਭ ਤੋਂ ਪ੍ਰਚੀਨ ਸਿੱਧੂ ਘਾਟੀ ਦੀ ਸੱਭਿਅਤਾ ਦੇ ਚਿੰਨ੍ਹ ਹੜੱਪਾ ਦੀ ਸਭ ਤੋਂ ਉੱਤਮ ਸੱਭਿਅਤਾ ਮੰਨੀ ਗਈ ਹੈ ਜਿਸ ਦਾ ਸਿੱਧਾ ਸੰਬੰਧ ਅਜੋਕੀ ਚਮਾਰ ਜਾਤੀ ਨਾਲ ਮੰਨਿਆ ਜਾਂਦਾ ਹੈ।[4]

ਭਾਰਤ ਦਾ ਇਤਿਹਾਸ ਆਰੀਆ ਅਤੇ ਅਨ-ਆਰੀਆ ਵਿਚਕਾਰ ਲੰਬੇ ਸਮੇਂ ਤੱਕ ਚੱਲੇ ਸੰਘਰਸ਼ ਦੀ ਗਾਥਾ ਹੈ।

ਭਾਰਤ ਦੇ ਮੂਲ ਨਿਵਾਸੀ, ਸ਼ੂਦਰ, ਅਛੂਤ, ਦਾਸ, ਦਾਸਊ ਆਦਿ ਸਭ ਮੂਲ ਨਿਵਾਸੀ ਹਨ।

**ਆਰੀਆ ਲੋਕਾਂ ਨੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਦੀ ਪਛਾਣ ਤਬਾਹ ਕਰ ਦਿੱਤੀ ਸੀ।**[5]

1500 ਪੂਰਬ ਈਸਾ ਮਸੀਹ ਦੇ ਕਰੀਬ ਭਾਰਤ ਵਿਚ ਆਰੀਆ ਲੋਕ ਆਏ।

ਆਰੀਆ ਤਿੰਨ ਜਾਤਾਂ 'ਚ ਵੰਡੇ ਹੋਏ ਸਨ

ਜਿਨ੍ਹਾਂ ਨੇ ਆਰੀਆ ਦੀ ਗੁਲਾਮੀ ਨਹੀਂ ਸਵੀਕਾਰੀ ਉਹਨਾਂ ਨੂੰ ਆਰੀਆ ਨੇ 'ਦਾਸ' ਨਾਮ ਦਿੱਤਾ।

ਇਤਿਹਾਸ ਦੀ ਜਾਣਕਾਰੀ ਮੁੱਖ ਰੂਪ 'ਚ ਹੋਣੀ ਬੇਹੱਦ ਜਰੂਰੀ ਹੈ। ਅਸੀਂ ਹੈਰਾਨ ਹੁੰਦੇ ਹਾਂ ਜਦੋਂ ਭਾਰਤ ਦੇ ਮੂਲ ਨਿਵਾਸੀ ਅਤੇ ਵਿਦੇਸ਼ੀ ਆਰੀਆ ਦਾ ਇਤਿਹਾਸ ਜਾਣਦੇ ਹਾਂ।

ਹਵਾਲੇ

(1)ਇਨਟਰਨੈੱਟ ਜਰੀਏ

(2)ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਭਾਸ਼ਣ ਦੇ ਅੰਸ਼

(3)ਭਾਰਤ ਦਾ ਇਤਿਹਾਸ:- ਹਰਿਆਣਾ ਵਿਸ਼ਵ ਵਿਦਿਆਲਿਯ

(4)ਹਫਤਾਵਾਰ ਬੇਗਮਪੁਰਾ ਸ਼ਹਿਰ ਅਖ਼ਬਾਰ

(5) ਭਾਰਤ ਦਾ ਇਤਿਹਾਸ

# 4. ਜਾਤ ਦੇ ਇਤਹਾਸ ਦੀ ਜਰੂਰਤ

ਭਾਰਤ ਵਿੱਚ ਜੋ ਜਾਤੀ ਸ਼ਬਦ ਪ੍ਰਤੀ ਭਾਵਨਾ ਅਤੇ ਦ੍ਰਿਸ਼ਟੀ ਕੋਣ ਉਭਰਦਾ ਹੈ, ਉਹ ਹੈਰਾਨ ਕਰਦੀ ਪਰਿਭਾਸ਼ਾ ਨੂੰ ਜਨਮ ਦਿੰਦਾ ਹੈ। ਜਾਤ ਨੂੰ ਭਾਰਤ ਦੇ ਮੂਲ ਨਿਵਾਸੀ ਲੋਕਾਂ ਦਾ ਵਿਚਾਰਧਾਰਾ ਦਾ ਵਿਨਾਸ਼ ਕਰਕੇ ਹੋਂਦ ਵਿੱਚ ਲਿਆਂਦਾ ਗਿਆ। ਭਾਰਤ ਦੇ ਮੂਲ ਨਿਵਾਸੀ ਮਾਨਵ ਜਾਤੀ ਚਮਾਰ ਕੌਮ ਹੀ ਹੈ। ਜਿਸ ਨੇ ਸੰਸਾਰ ਵਿਚ ਇੱਕ ਬਰਾਬਰੀ ਅਤੇ ਪ੍ਰੇਮ ਭਾਈਚਾਰੇ ਦੀ ਸੋਚ ਨੂੰ ਪ੍ਰਚਾਰਿਆ। ਚਮਾਰ ਜਾਤੀ ਭਾਰਤ ਦੀ ਮੂਲ ਨਿਵਾਸੀ ਜਾਤੀ ਹੈ। ਇਸ ਗੱਲ ਤੋਂ ਅਸੀਂ ਕਦੇ ਵੀ ਇਨਕਾਰ ਨਹੀਂ ਕਰ ਸਕਦੇ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਚਮਾਰ ਜਾਤੀ ਆਪਣੇ ਆਪ ਵਿਚ ਇੱਕ ਵਿਸ਼ਾਲ ਤਾਕਤ ਦਾ ਰੂਪ ਹੈ, ਜੋ ਭਾਰਤ ਦੀ ਮੂਲ ਨਿਵਾਸੀ ਤਾਕਤ ਦੀ ਭਾਵਨਾ ਨੂੰ ਪੈਦਾ ਕਰਦੀ ਹੈ। ਇਹ ਭਾਵਨਾ ਇੱਕ ਵਿਸ਼ਾਲ ਅਤੇ ਕੱਦਵਾਰ ਸੱਭਿਅਤਾ ਨਾਲ ਜੋੜਦੀ ਹੈ। ਹੀਣ ਤੇ ਅਪਮਾਨਿਤ ਸਮਾਜ ਨੂੰ ਸਵੈਮਾਣ ਤੇ ਖੁੱਦਾਰੀ ਭਰਿਆ ਬਣਾਉਂਦੀ ਹੈ।

ਜੇਕਰ ਅਸੀ ਵਿਸ਼ੇਸ਼ ਰੂਪ ਵਿੱਚ ਇਤਿਹਾਸ ਨੂੰ ਸਮਝੀਏ, ਵਾਚੀਏ ਤਾਂ ਇਹ ਪਾਉਂਦੇ ਹਾਂ ਕਿ ਭਾਰਤੀ ਮੂਲ ਨਿਵਾਸੀ ਸਿੰਧੂ ਘਾਟੀ ਦੀ ਅਮੀਰ ਵਿਰਾਸਤ ਜਿਸ ਨੂੰ ਵਿਦੇਸ਼ੀ ਆਰੀਆ ਮਾਨਵ ਵਿਰੋਧੀ ਲੋਕਾਂ ਆਪਣੇ ਅਧੀਨ ਕਰਨ ਲਈ ਆਪਣੇ ਸਵਾਰਥ ਸਿੱਧ ਕਰਨ ਲਈ ਪਹਿਲਾਂ ਸ਼ੂਦਰ ਵਰਣ ਵਿੱਚ ਸ਼ਾਮਿਲ ਕਰਕੇ ਉਹਨਾਂ ਗੁਲਾਮ ਬਣਾਇਆ ਫਿਰ ਸ਼ੂਦਰਾਂ ਵਿਚ ਅਨੇਕਾਂ ਜਾਤਾਂ ਅਤੇ ਉਪਜਾਤਾਂ ਪੈਦਾ ਕਰਕੇ ਇਨ੍ਹਾਂ ਨੂੰ ਅਲੱਗ ਅਲੱਗ ਕਰਕੇ ਪਾੜਿਆ ਗਿਆ।

**ਅਸੀਂ ਜਾਣਦੇ ਹਾਂ ਕਿ ਟੁੱਟੇ ਹੋਏ ਲੋਕ ਬਲਵਾਨ ਨਹੀਂ ਹੁੰਦੇ। ਜੋ ਲੋਕ ਬਲਵਾਨ ਹੁੰਦੇ ਹਨ ਉਹ ਕਮਜੋਰਾਂ ਤੋਂ ਨਹੀਂ ਹਾਰਦੇ। ਇਸ ਗੱਲ ਨੂੰ ਸਮਝਣ ਦਾ ਇੱਕ ਹੋਰ ਤਰੀਕਾ ਵੇਖ ਸਕਦੇ ਹਾਂ। ਜਿਸ ਜਾਤ ਨੂੰ ਬ੍ਰਾਹਮਣਵਾਦੀ ਲੋਕ ਅਪਮਾਨਿਤ ਕਰਦੇ ਹਨ ਯਾਦ ਰੱਖਿਓ ਓਹੀ ਭਾਰਤ ਦੇ ਮੂਲ ਨਿਵਾਸੀ ਹਨ। ਜਿਨ੍ਹਾਂ ਨੂੰ ਮਾਨਵ ਵਿਰੋਧੀਆਂ ਨੇ ਆਪਣੀ ਬਣਾਈ ਵਿਵਸਥਾ ਦੇ ਤਹਿਤ ਵੰਡ ਕੇ ਗੁਲਾਮ ਬਣਾ ਲਿਆ।** ਭਾਰਤ ਵਿਚ ਜਾਤ ਦਾ ਇਤਿਹਾਸ ਅਛੂਤ ਛੂਹ ਵਰਗਾ ਹੈ। ਭਾਰਤ ਦੀਆਂ ਮੂਲ ਜਾਤੀਆਂ ਨੂੰ ਨੀਚ ਘੋਸ਼ਿਤ ਕਰਕੇ ਇਤਿਹਾਸ ਨੂੰ ਵੀ ਅਪਮਾਨਿਤ ਕਰ ਦਿੱਤਾ। ਜਾਤ ਬਣਾਉਣ ਵਾਲਿਆਂ ਨੇ ਇੱਕ ਸਾਜਿਸ਼ ਤਹਿਤ ਆਪਣੇ ਦੁਸ਼ਮਣ ਜਾਤ ਵਾਲਿਆ ਨੂੰ ਅਪਮਾਨਿਤ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ। ਪਰ ਦੂਸਰੀ ਤਰਫ਼ ਆਪਣੀ ਜਾਤੀ ਵਿਸ਼ੇਸ਼ ਦਾ ਨਾਮ ਅਤੇ ਮਾਣ ਅਪਮਾਨਿਤ ਲੋਕਾਂ ਦੀ ਸੋਚ ਵਿਚ ਸਨਮਾਨ ਜਨਕ ਰੂਪ ਵਿਚ ਬਿਠਾ ਦਿੱਤਾ। ਇੱਕ ਵਿਦਵਾਨ ਮੈਕਮੂਲਰ (Mexmular)[1] ਇਤਿਹਾਸ ਪ੍ਰਤੀ ਆਪਣੇ ਭਾਸ਼ਣ ਵਿਚ ਲਿਖਦਾ ਹੈ ਕਿ:-

" ਅਸੀਂ ਇਤਿਹਾਸ ਕਿਉਂ ਪੜਦੇ ਹਾਂ? ਸਿਰਫ ਇਹ ਜਾਨਣ ਲਈ ਕਿ ਸਾਡੇ ਪੂਰਵਜ ਕੌਣ ਸੀ? ਭੋਤਿਕ ਰੂਪ ਵਿਚ ਕੀ ਸੀ? ਉਹ ਕੀ ਸੋਚਦੇ ਸਨ ? ਉਹਨਾਂ ਦੇ ਧਾਰਮਿਕ ਆਚਾਰ ਵਿਚਾਰ ਅਤੇ ਵਿਸ਼ਵਾਸ਼ ਕੀ ਸਨ? ਉਹਨਾਂ ਦੀ ਸਮਾਜ ਵਿਚ ਸਥਿਤੀ ਕੀ ਸੀ?"

**ਜਦੋਂ ਵਿਅਕਤੀ ਜਾਂ ਸਮਾਜ ਇਤਿਹਾਸ ਨੂੰ ਭੁੱਲਦਾ ਹੈ। ਨਜ਼ਰ ਅੰਦਾਜ਼ ਕਰਦਾ ਹੈ ਜਾਂ ਫਿਰ ਇਤਿਹਾਸ ਨੂੰ ਭੁੱਲਣ ਦੀ ਕੋਸ਼ਿਸ਼ ਕਰਦਾ ਹੈ। ਤਾਂ ਉਹ ਇਤਿਹਾਸ ਦੇ ਨਕਸ਼ੇ ਤੋਂ ਮਿਟ ਜਾਂਦਾ ਹੈ। ਇਤਿਹਾਸ ਉਹਨਾਂ ਵਿਅਕਤੀਆਂ, ਕੌਮਾਂ ਨੂੰ ਸੰਭਾਲ ਕੇ**

**ਰੱਖਦਾ ਹੈ ਜੋ ਇਤਿਹਾਸ ਨੂੰ ਸਮਝ ਕੇ ਉਸ ਤੋਂ ਸਹੀ ਰੂਪ ਚ ਸੇਧ ਲੈ ਕੇ ਆਪਣਾ ਅਤੇ ਆਪਣੇ ਸਮਾਜ ਦੇ ਭਵਿੱਖ ਨੂੰ ਸੰਵਾਰਨ ਦਾ ਯਤਨ ਕਰਦੇ ਹਨ।** ਜਾਤ ਦਾ ਇਤਿਹਾਸ ਜੇ ਖੁੱਲ ਕੇ ਕਿਹਾ ਜਾਵੇ ਅਸਲ ਭਾਰਤ ਦਾ ਇਤਿਹਾਸ ਹੈ। ਕਿਉਂਕਿ ਭਾਰਤ ਵਿੱਚ ਮੂਲ ਨਿਵਾਸੀਆਂ ਦੀ ਜਾਤ ਹੀ ਪਹਿਚਾਣ, ਜਾਤ ਹੀ ਰੀਤ, ਜਾਤ ਹੀ ਸੰਸਕਾਰ, ਜਾਤ ਹੀ ਪਰਿਵਾਰ ਤੇ ਜਾਤ ਦਾ ਹੀ ਭਗਵਾਨ ਹੁੰਦਾ ਹੈ । ਆਪਣੇ ਰਹਿਬਰਾਂ ਨੂੰ ਪੜਕੇ ਵੇਖੋ ਜੋ ਕਹਿ ਰਹੇ ਹਨ 'ਤੁਸੀਂ ਜਿਸ ਸਮਾਜ, ਜਾਤ ਵਿੱਚ ਜਨਮ ਲਿਆ ਹੈ, ਤੁਸੀਂ ਜਿਹਨਾਂ ਲੋਕਾਂ ਵਿੱਚ ਜਿਊਂਦੇ ਹੋ, ਉਹਨਾਂ ਵਿੱਚ ਇੱਜ਼ਤ, ਅਣਖ, ਦਲੇਰੀ, ਹੌਂਸਲਾ ਪੈਦਾ ਕਰੋ ।[2]

**ਬ੍ਰਾਹਮਣ ਨੇ ਭਾਰਤੀ ਮੂਲ ਨਿਵਾਸੀਆਂ ਨੂੰ ਪਹਿਲਾਂ ਤੋੜਿਆ ਫਿਰ ਆਪਣੇ ਗੁਲਾਮ ਬਣਾਇਆ, ਫਿਰ ਉਹਨਾਂ ਵਿੱਚ ਅਪਮਾਨਜਨਕ ਹੀਣ ਭਾਵਨਾ ਪੈਦਾ ਕੀਤੀ ਦੁਸ਼ਮਣ ਦੀ ਸੋਚ ਵਿੱਚ ਸਾਡੀ ਜਾਤ ਨੀਚ ਤੇ ਅਪਮਾਨ ਯੋਗ ਹੈ।** ਪਰ ਸਾਡੀ ਮੁਕਤੀ ਉਸ ਅਪਮਾਨ ਦੀ ਸਥਿਤੀ ਨੂੰ ਬਦਲ ਕੇ ਪੈਦਾ ਕੀਤੇ ਸਨਮਾਨ ਵਿੱਚ ਹੈ। ਜੋ ਸਾਡੇ ਪੁਰਖਿਆਂ ਨੇ ਪੈਦਾ ਕੀਤਾ, ਸਾਡੇ ਪੁਰਖਿਆਂ ਦਾ ਇਤਿਹਾਸ ਸਾਡੀ ਪਹਿਚਾਣ ਬਣਦਾ ਹੈ ਤੇ ਸਾਡੀ ਪਹਿਚਾਣ ਆਉਂਦੀਆਂ ਪੀੜੀਆਂ ਲਈ ਇਤਿਹਾਸ ਹੋਇਆ ਕਰਦੀ ਹੈ। ਅਸੀਂ ਜਦੋਂ ਵੀ ਜਾਤੀ ਹੀਣ ਭਾਵਨਾ ਦਾ ਸ਼ਿਕਾਰ ਹੋਏ ਤਾਂ ਸਾਨੂੰ ਸਤਿਗੁਰੂ ਰਵਿਦਾਸ ਜੀ ਦੇ ਇਹ ਪਾਵਨ ਸ਼ਬਦ ਸੂਰਜ ਵਾਂਗਰ ਉਦੈ ਹੋ ਕੇ ਸਮਾਜ ਦੀ ਸੋਚ ਅਤੇ ਚੇਤਨਾ ਨੂੰ ਉਲਾਰ ਜਾਂਦੇ ਹਨ ਜਿਵੇ:-

**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਿਰੀ ਸੁ ਮੀਤੁ ਹਮਾਰਾ॥**[3]

ਸਤਿਗੁਰੂ ਜੀ ਇੱਕ ਥਾਂ ਨਹੀਂ ਕਈ ਅਨੇਕਾਂ ਥਾਵਾਂ ਉੱਪਰ ਆਪਣੀ ਬਾਣੀ ਵਿੱਚ ਜਾਤ ਦਾ ਜਿਕਰ ਅਜਿਹਾ ਕਰਦੇ ਹਨ ਕਿ ਜਾਤੀ ਦੀ ਹੀਣ ਭਾਵਨਾ, ਅਪਮਾਨਾ ਨੂੰ ਸਵੈਮਾਣ ਵਿੱਚ ਤਬਦੀਲ ਕਰਕੇ ਮਾਨਵ ਚੇਤਨਾ ਦੀ ਸਿਖਰ ਪ੍ਰਦਾਨ ਕਰਦੇ ਹਨ। ਤਾਂ ਜੋ ਇਹ ਚਮਾਰ ਸਮਾਜ ਆਪਣੀ ਤਰੱਕੀ ਤੇ ਖੁਸ਼ਹਾਲੀ ਦੀ ਮੰਜ਼ਿਲ ਪ੍ਰਾਪਤ ਕਰੇ।

1920 ਦੀ ਲਿਖੀ ਦੀ ਪੁਸਤਕ 'The Chamar'[4] ਹੈ ਜੋ ਇੱਕ ਅੰਗ੍ਰੇਜ਼ ਵਿਦਵਾਨ 'GEO.W.BRIGGS' ਦੀ ਲਿਖਤ ਹੈ। ਜਿਸਨੇ ਚਮਾਰ ਜਾਤੀ ਦੀ ਸਥਿਤੀ ਨੂੰ ਸਾਹਮਣੇ ਰੱਖਿਆ ਹੈ। ਉਹ ਭਾਰਤ ਦੇ ਇਤਿਹਾਸ ਵਿਚ ਅਹਿਮ ਸਥਾਨ ਪ੍ਰਾਪਤ ਕਰ ਗਈ ਹੈ। ਚਮਾਰ ਜਾਤੀ ਦਾ ਸਮਾਜਿਕ, ਆਰਥਿਕ, ਧਾਰਮਿਕ ਰਿਵਾਜ, ਜਨਮ-ਮਰਨ, ਵਿਆਹ ਦੇ ਰਿਵਾਜ ਆਦਿ ਤੇ ਖੁੱਲੀ ਚਰਚਾ ਕੀਤੀ ਗਈ ਹੈ। ਚਮਾਰ ਜਾਤੀ ਦੇ ਇਤਿਹਾਸਕ ਸਥਾਨ ਨੂੰ ਵਿਸਥਾਰ ਸਹਿਤ ਦੱਸਦੀ ਹੈ । ਅਮੀਰ ਅਤੇ ਬੇਸ਼ਕੀਮਤੀ ਵਿਰਾਸਤ ਦੇ ਰੂਪ 'ਚ ਸਵਿਕਾਰਦੀ ਹੈ। ਬਾਬਾ ਸਾਹਿਬ ਡਾ.ਬੀ.ਆਰ .ਅੰਬੇਡਕਰ ਆਪਣੇ ਸ਼ਬਦਾਂ ਵਿੱਚ ਕਹਿੰਦੇ ਹਨ ਕਿ **"ਜਿਹਨਾਂ ਜਾਤੀਆਂ ਦਾ ਆਪਣਾ ਇਤਿਹਾਸ ਨਹੀਂ ਹੁੰਦਾ ਉਹ ਆਪਣੇ ਭਵਿੱਖ ਦਾ ਨਿਰਮਾਣ ਨਹੀਂ ਕਰ ਸਕਦੀਆਂ। ਆਪਣੇ ਭਵਿੱਖ ਨੂੰ ਸਵਾਰਨ ਲਈ ਆਪਣੇ ਇਤਿਹਾਸ ਦੀ ਜਾਣਕਾਰੀ ਹੋਣਾ ਬੇਹੱਦ ਜਰੂਰੀ"।**[5]

ਇਤਿਹਾਸ ਇਹ ਕੰਮ ਨੂੰ ਬੜੀ ਖੂਬੀ ਨਾਲ ਕਰਦਾ ਹੈ। ਇਤਿਹਾਸ ਦੇ ਜਦੋਂ ਅਸੀਂ ਜਾਣਕਾਰ ਬਣਾਗੇ, ਇਹ ਜਾਣਕਾਰੀ ਇਤਿਹਾਸ ਦੀ ਸਾਡੀ ਸੋਚ ਵਿੱਚ ਬੈਠੇਗੀ ਕਿ ਅਸੀਂ ਭਾਰਤ ਦੇ ਮੂਲ ਨਿਵਾਸੀ ਚਮਾਰ ਹਾਂ। **ਅਸੀਂ ਕਿਸੇ ਵੀ ਤਰ੍ਹਾਂ ਬ੍ਰਾਹਮਣ ਦੀ ਗੁਲਾਮੀ ਤੋਂ ਮੁਕਤ ਹੋਣਾ ਹੈ। ਇਹ ਜੋ ਜਾਣਕਾਰੀ ਜਨ-ਜਨ ਵਿੱਚ ਜਾਵੇਗੀ ਤਾਂ ਹਰ ਰੋਜ਼ ਇਤਿਹਾਸ ਦਾ ਨਿਰਮਾਣ ਹੋਵੇਗਾ। ਹਰ ਰੋਜ਼ ਜਦੋਂ ਇਤਿਹਾਸ ਬਣਨ ਲੱਗਦਾ ਹੈ ਤਾਂ ਕੋਈ ਵੀ ਕੌਮ ਜਿਆਦਾ ਸਮੇਂ ਤੱਕ ਕਿਸੇ ਦੇ ਅਧੀਨ ਨਹੀਂ ਹੁੰਦੀ, ਕਿਉਂਕਿ**

**ਸੁਤੰਤਰਤਾਂ ਵਿਅਕਤੀ ਦਾ ਜਦੋਂ ਲਿਬਾਸ ਬਣ ਜਾਵੇ, ਜਿਉਣ ਦਾ ਅੰਦਾਜ਼ ਬਦਲ ਜਾਂਦਾ ਹੈ, ਫਿਰ ਆਪਣੇ ਰਾਜ ਭਾਗ ਦੀ ਕਹਾਣੀ ਵਿਅਕਤੀ ਖੁਦ ਲਿਖ ਲੈਂਦਾ ਹੈ।** ਸਾਨੂੰ ਜਾਤੀ ਦਾ ਇਤਿਹਾਸ ਦੀ ਜਾਣਕਾਰੀ, ਆਪਣੇ ਪੁਰਖਿਆਂ ਦੀ ਵਿਰਾਸਤ ਦੀ ਸਪੱਸ਼ਟ ਰੂਪ 'ਚ ਪਹਿਚਾਣ ਕਰਕੇ ਸਨਮਾਨ ਦਾ ਜੀਵਨ ਜਿਉਣ ਦੀ ਪ੍ਰੇਰਣਾ ਸਿੱਖਣੀ ਹੈ। ਸਾਨੂੰ ਜਾਤੀ ਗੌਰਵ ਨਾਲ ਜੁੜਕੇ ਸਵੈਮਾਨ ਦੀ ਤਲਾਸ਼ ਵਿੱਚ ਚੱਲਣਾ ਹੈ । ਸਾਡੇ ਗੁਰੂ ਰਵਿਦਾਸ ਜੀ ਜਾਤੀ ਸਵੈਮਾਨ ਦੀ ਸੋਚ ਪੈਦਾ ਕਰਦੇ ਹਨ। ਭਾਰਤੀ ਮੂਲ ਨਿਵਾਸੀਆਂ ਨੂੰ ਮੁਕਤੀ ਦਾ ਪਾਠ ਪੜਾਉਂਦੇ ਹਨ।

ਜਾਤੀ ਇਤਿਹਾਸ ਬਹੁਤ ਜਰੂਰੀ ਹੈ, ਕਿਉਂਕਿ ਇਸ ਵਿੱਚ ਸਾਡੇ ਜਾਤੀ ਨਿਸ਼ਾਨ, ਜਾਤੀ ਆਦਿ ਗੌਰਵ, ਪ੍ਰੰਪਰਾ, ਰੀਤੀ ਰਿਵਾਜ, ਸਾਡੇ ਪੂਰਵਜ, ਸਾਡੇ ਗੁਰੂ, ਸਾਡੇ ਰਹਿਬਰ, ਸਾਡੇ ਸ਼ਹੀਦ, ਸਾਡੀ ਧਾਰਮਿਕ ਅਸਥਾ ਸਾਡੇ ਧਾਰਮਿਕ ਵਿਸ਼ਵਾਸ, ਸਾਡੇ ਸੰਕਲਪ ਸਿਧਾਂਤ, ਸਾਡੇ ਮੂਲ ਅਰਥ ਇਸ ਵਿਚ ਸਮਾਏ ਹੁੰਦੇ ਹਨ। ਸਾਡੇ ਸਤਿਗੁਰੂ ਦੀ ਮਾਰਗ ਦਿਖਾਉਂਦੀ ਬਾਣੀ ਸੇਧ ਦਿੰਦੀ ਹੈ। ਪਹਿਚਾਣ ਹੀ ਸਨਮਾਨ ਦਿਵਾਉਂਦੀ ਹੈ ਅਤੇ ਸਨਮਾਨ ਹੀ ਇਤਿਹਾਸ ਪੈਦਾ ਕਰਨ ਦਾ ਸਾਹਸ ਪੈਦਾ ਕਰਦਾ ਹੈ।

ਚਮਾਰ ਜਾਤੀ ਦਾ ਇਤਿਹਾਸ ਇੱਕ ਮੂਲ ਨਿਵਾਸੀ ਗੌਰਵਸ਼ਾਲੀ ਇਤਿਹਾਸ **ਹੈ।** ਜਿਸ ਨੇ ਸਿੰਧੂ ਘਾਟੀ ਸੱਭਿਅਤਾ ਦੀਆਂ (ਚਮਾਰ ਰਾਜ) ਖਾਸ ਨਿਸ਼ਾਨੀਆਂ ਵਿਸ਼ਵ ਅੱਗੇ ਪੇਸ਼ ਕੀਤੀਆਂ ਜਿਹਨਾਂ ਨੇ ਆਪਣੇ ਮਾਣ ਸਨਮਾਨ ਦੀ ਰਾਖੀ ਲਈ ਵਿਦੇਸ਼ੀ ਲੋਕਾਂ ਨਾਲ ਜਬਰਦਸਤ ਟੱਕਰ ਲਈ ਚਮਾਰ ਜਾਤੀ ਭਾਰਤ ਦੀ ਆਦਿ ਮਾਨਵ ਜਾਤ ਹੈ, ਜਿਸਨੂੰ ਸੂਰਜ ਵੰਸ਼ੀ ਵੀ ਕਿਹਾ ਜਾਂਦਾ ਹੈ (ਜਿਨ੍ਹਾਂ ਦਾ ਵਿਦੇਸ਼ੀ ਨਸਲ ਦੇ ਆਰੀਆਂ ਲੋਕਾਂ ਨਾਲ ਵਿਚਾਰਧਾਰਕ ਵਿਰੋਧ ਰਿਹਾ ਹੈ)। **ਸਭ ਤੋਂ ਪ੍ਰਾਚੀਨ ਜਾਤ ਆਦਮ ਜਾਤ ਚਮਾਰ ਹੀ ਹੈ, ਜਿਸ ਦੇ ਪੂਰਵਜ ਮਹਾਂਖੋਜੀ, ਮਹਾਂ ਵਿਦਵਾਨ, ਵਿਗਿਆਨੀ ਤੇ ਤਰਕਸ਼ੀਲ ਸੋਝੀ ਦੇ ਮਾਲਕ ਹਨ। ਚਮਾਰ ਜਾਤ ਆਤਮ ਨਿਰਭਰ ਬਲਵਾਨ ਦ੍ਰਿੜ ਸੰਕਲਪ ਦੀ ਧਾਰਨੀ ਹੈ।**

ਰਿਗਵੇਦ ਮਹਾਂਭਾਰਤ ਗ੍ਰੰਥ ਭਰੇ ਪਏ ਹਨ ਇਹਨਾਂ ਦੀ ਬਹਾਦਰੀ ਦਾ ਪ੍ਰਮਾਣ ਦੇਣ ਲਈ। ਜਿਹਨਾਂ ਨੇ ਯੁੱਧ ਦੌਰਾਨ ਹਾਰ ਨਹੀਂ ਮੰਨੀ ਤੇ ਬਹਾਦਰੀ ਦਾ ਪ੍ਰਮਾਣ ਦਿੱਤਾ। **ਚਮਾਰ ਜਾਤੀ ਭਾਰਤ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੈ ਜਿਸ ਤੋਂ ਬਿਨਾਂ ਭਾਰਤ ਦੇ ਵਿਕਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।** ਜਾਤੀ ਇਤਿਹਾਸ ਭਾਰਤ ਦੇ ਇਤਿਹਾਸ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਵੀ.ਟੀ ਰਾਜਸ਼ੇਖਰ[6] ਲਿਖਦੇ ਹਨ ਕਿ **"ਜਾਤੀ ਅੰਦਰ ਇੱਕ ਰਾਸ਼ਟਰ ਕੰਮ ਕਰਦਾ ਹੈ।"** ਇਸ ਲਈ ਜਾਤੀ ਸਵੈਮਾਣ ਪੈਦਾ ਕਰਨਾ ਭਾਰਤ ਅੰਦਰ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਇੱਕ ਸਿਹਤਮੰਦ ਸਰੀਰ ਲਈ ਸ਼ੁੱਧ ਵਾਤਾਵਰਨ ਜਰੂਰੀ ਹੁੰਦਾ ਹੈ।

ਹਵਾਲੇ

(1)ਮੈਕਸਮੂਲਰ ਦੇ ਭਾਸ਼ਣ ਦਾ ਇੱਕ ਅੰਸ਼

(2) ਡਾ.ਅੰਬੇਡਕਰ ਜੀ ਸੰਪੂਰਨ ਖੰਡ

(3)ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ

(4)The chamar

(5)ਡਾ.ਅੰਬੇਡਕਰ ਸੰਪੂਰਨ ਖੰਡ

(6) ਜਾਤੀ ਰਾਸ਼ਟਰ ਕੇ ਅੰਦਰ ਇੱਕ ਰਾਸ਼ਟਰ ਲੇਖਕ ਵੀ.ਟੀ. ਰਾਜਸੇਖਰ

# 5. ਸਤਿਗੁਰੂ ਰਵਿਦਾਸ ਜੀ ਵਲੋ ਚਮਾਰ ਜਾਤ ਦੀ ਪਹਿਚਾਣ :-

ਸਤਿਗੁਰੂ ਰਵਿਦਾਸ ਜੀ[1] ਨੇ ਨਾਗਰ ਮੱਲ੍ਹ ਦੇ ਭਰੇ ਦਰਵਾਰ ਵਿੱਚ ਆਪਣੀ ਮੂਲਨਿਵਾਸੀ ਪਹਿਚਾਣ ਨੂੰ ਉਜਾਗਰ ਕੀਤਾ ਅਤੇ ਬਿਨ੍ਹਾਂ ਕਿਸੇ ਖੌਫ਼ ਦੇ ਬਿਨਾ ਕਿਸੇ ਡਰ ਦੇ ਪੂਰੇ ਜ਼ੋਰ ਨਾਲ ਕਿਹਾ ਸੀ ਕਿ :-

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥1॥ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇਸੁਰਸਰੀ ਮਿਲਤ ਨਹਿ ਹੋਇ ਆਨੰ॥1॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥2॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡੋਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥3॥1॥

ਚਮਾਰ ਜਾਤੀ ਦੀ ਪਹਿਚਾਣ ਨੂੰ ਸੁੱਰਖਿਅਤ ਕਰਨ ਲਈ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੀ ਬਾਣੀ ਵਿੱਚ ਦਰਜ ਕਰਕੇ ਇਤਿਹਾਸ ਵਿੱਚ ਮੂਲ ਰੂਪ ਵਿੱਚ ਦਰਜ ਕੀਤਾ। ਅਸੀ ਅਨੇਕਾਂ ਸ਼ਬਦ ਸਤਿਗੁਰੂ ਜੀ ਦੇ ਸਮਝੇ ਹਨ ਜਿਨ੍ਹਾਂ ਵਿੱਚ ਆਪ ਜੀ ਨੇ ਮੂਲ ਰੂਪ ਭਾਰਤ ਦੀ ਜਾਤੀ ਵਿਵਸਥਾ ਨੂੰ ਖਤਮ ਕਰਨ ਲਈ ਜਾਤ ਪਾਤ ਦਾ ਵਿਰੋਧ ਹੀ ਨਹੀ ਕੀਤਾ ਸਗੋਂ ਆਪਣੀ ਜਿੰਦਗੀ ਵਿੱਚ ਕ੍ਰਾਂਤੀਕਾਰੀ ਸੰਘਰਸ਼ ਵੀ ਕੀਤਾ ਤੇ ਮੂਲ ਨਿਵਾਸੀ ਸਮਾਜ ਨੂੰ ਮੁਕਤ ਕਰਾਉਣ ਲਈ ਵਿਚਾਰਧਾਰਕ ਸੇਧ ਵੀ ਦਿੱਤੀ । ਆਪਣੇ ਸਮੇਂ ਦੇ ਮਹਾਨ ਕ੍ਰਾਂਤੀਕਾਰੀ ਮਹਾਂਪੁਰਸ਼ਾਂ ਨਾਲ ਮਿਲ ਕੇ ਪੂਰੇ ਭਾਰਤ ਵਿੱਚ ਹੀ ਨਹੀਂ ਸਗੋਂ ।ਪੂਰੇ ਵਿਸ਼ਵ ਨੂੰ ਧਿਆਨ ਵਿੱਚ ਰੱਖ ਕੇ ਇੱਕ ਮਾਨਵਵਾਦੀ ਸੋਚ ਵੀ ਪ੍ਰਦਾਨ ਕੀਤੀ।

ਚਮਾਰ ਸ਼ਬਦ ਦਾ ਜਿਕਰ ਆਪ ਜੀ ਨੇ ਆਪਣੀ ਬਾਣੀ ਵਿੱਚ ਇੱਕ ਥਾਂ ਤੇ ਨਹੀਂ ਅਨੇਕ ਥਾਂ ਉੱਪਰ ਕਰਦੇ ਹਨ। ਚਮਾਰ ਜਾਤੀ ਭਾਰਤ ਦੀ ਮੁੱਖ ਮੂਲ ਨਿਵਾਸੀ ਵਿਸ਼ਾਲ ਤਾਕਤ ਦਾ ਨਾਮ ਹੈ ਜਿਸ ਨੂੰ ਜਾਗ੍ਰਿਤ ਕਰਨ ਲਈ ਜਿਸ ਵਿੱਚੋ ਹੀਣ ਭਾਵਨਾ ਖਤਮ ਕਰਨ ਲਈ ਸਤਿਗੁਰੂ ਰਵਿਦਾਸ ਜੀ ਨੇ "ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ" ਰਾਹੀ ਜਨ ਚੇਤਨਾ ਪੈਦਾ ਕੀਤੀ

ਕਹਿ ਰਵਿਦਾਸ ਖਲਾਸ  ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥3॥2

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥3॥1॥

ਜਾਤੀ ਓਛਾ ਪਾਤੀ ਓਛਾ ਓਛਾ ਜਨਮ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨ੍ਹੀ ਕਹਿ ਰਵਿਦਾਸ ਚਮਾਰਾ॥3॥1॥

ਹਮ ਸੇ ਦੀਨ ਦਯਾਲ ਨ ਤੁਮ ਸਰ।
ਚਰਨ ਸਰਨ ਰਵਿਦਾਸ ਚਮਈਆ ॥2॥

ਜਾਤੀ ਭੀ ਓਛੀ ਪਾਤ ਭੀ ਓਛਾ ਉੱਛਾ ਕਸਬ ਹਮਾਰਾ।
ਤੁਮਹਾਰੀ ਕ੍ਰਿਪਾ ਤੈ ਉਂਚ ਭਏ ਹੈ ਕਹੈ ਰਵਿਦਾਸ ਚਮਾਰਾ॥

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

ਐਸੀ ਮੇਰੀ ਜਾਤਿ ਵਿਖਿਆਤ ਚਮਾਰੰ॥

ਹਵਾਲੇ

(1)ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ

# 6. ਸਿੰਧੂ ਘਾਟੀ ਦੀ ਕਹਾਣੀ.....

ਭਾਰਤ ਦੇਸ਼ ਦੇ ਮੂਲ ਨਿਵਾਸੀ ਲੋਕਾਂ ਦੀ ਸਭਿਅਤਾ ਕਰਕੇ ਜਾਣੀ ਜਾਂਦੀ ਸਿੰਧੂ ਘਾਟੀ ਦੀ ਸਭਿਅਤਾ ਦੀਆਂ ਨਿਸ਼ਾਨੀਆਂ ਅੱਜ ਵੀ ਦੁਨੀਆਂ ਨੂੰ ਹੈਰਾਨ ਕਰਦੀਆਂ ਹਨ। ਭਾਰਤ ਦੇਸ਼ ਦਾ ਨਾਮ ਅਤੇ ਰੁਤਬਾ ਉੱਚਾ ਚੁੱਕਦੀਆਂ ਹਨ। ਸਾਡੇ ਪੁਰਖਿਆਂ ਦੀਆਂ ਪੈੜਾਂ ਦੇ ਨਿਸ਼ਾਨ ਅੱਜ ਵੀ ਖਾਸ ਨਿਸ਼ਾਨੀਆਂ ਬਣ ਕੇ ਬੋਲਦੀਆਂ ਹਨ। ਭਾਰਤ ਦੀ ਅਮੀਰ ਵਿਰਾਸਤ, ਅਮੀਰ ਸੱਭਿਅਤਾ ਕਰਕੇ ਹੀ ਭਾਰਤ ਨੂੰ ਵਿਸ਼ਵ ਦੀ ਸੋਨੇ ਦੀ ਚਿੜੀ ਕਹਿ ਕੇ ਜਾਣਿਆ ਜਾਂਦਾ ਹੈ। ਬੇਸ਼ਕ ਅਸੀਂ ਇਹ ਇਤਿਹਾਸ ਦੇ ਪੰਨੇ ਛੋਟੇ ਹੁੰਦਿਆ ਛੋਟੀਆਂ ਕਲਾਸਾਂ ਵਿੱਚ ਪੜ੍ਹਦੇ ਆਏ ਹਾਂ ਕਿ ਭਾਰਤ ਦੇ ਮੂਲ ਨਿਵਾਸੀਆਂ ਦੀ ਇੱਕ ਬਹੁਤ ਖਾਸ ਨਿਸ਼ਾਨੀ ਹੈ।

ਇਹ ਨਿਸ਼ਾਨੀ ਦੱਸਦੀ ਹੈ ਕਿ ਇਹ ਦੁਨੀਆਂ ਨੇ ਜਿੰਨੀ ਤਰੱਕੀ ਅੱਜ ਅਸਮਾਨ ਵੱਲ ਨੂੰ ਵੱਧ ਕੇ ਕੀਤੀ ਹੈ। ਉਸ ਤੋਂ ਕਿਤੇ ਜ਼ਿਆਦਾ ਤਰੱਕੀ ਭਾਰਤ ਦੇ ਲੋਕਾਂ ਨੇ ਹਜ਼ਾਰਾਂ ਵਰ੍ਹੇ ਪਹਿਲਾਂ ਕੀਤੀ ਸੀ, ਜਿੰਨੀ ਤਰੱਕੀ ਦੀ ਚਮਕ ਅੱਜ ਅਸਮਾਨ ਵੱਲ ਨਜ਼ਰ ਪੈਂਦੀ ਹੈ। ਓਨੀ ਹੀ ਸਾਡੀ ਤਰੱਕੀ ਤੇ ਖੁਸ਼ਹਾਲ ਸੱਭਿਆਤਾ ਧਰਤੀ 'ਚੋਂ ਖੋਜੀ ਹੈ ਅੰਗ੍ਰੇਜ਼ ਵਿਦਵਾਨਾਂ ਨੇ ਅੰਗ੍ਰੇਜ਼ ਵਿਦਵਾਨ ਅਲੈਗਜ਼ੈਡਰ ਕਨਿੰਘਮ ਨੇ 1815 ਵਿੱਚ ਹੜੱਪਾ ਦੀ ਖੋਜ ਕਰਕੇ ਮਹਾਨ ਕਾਰਜ ਕੀਤਾ। ਦੁਨੀਆਂ ਨੂੰ ਇੱਕ ਮਹੱਤਵਪੂਰਨ ਜਾਣਕਾਰੀ ਦਿੱਤੀ। ਫਿਰ ਅੱਗੇ ਚੱਲ ਕੇ ਡੀ. ਆਰ ਸਾਹਨੀਂ, ਅਤੇ ਆਰ. ਡੀ. ਬੈਨਰਜੀ ਨੇ ਆਪਣੀ ਖੋਜ ਜਾਰੀ ਰੱਖੀ ਅਤੇ ਭਾਰਤ ਦੇ ਮੂਲ ਨਿਵਾਸੀਆਂ ਦਾ ਵਿਰਸਾ-ਵਿਰਾਸਤ ਦਾ ਖੁਰਾ ਖੋਜ ਲੱਭਿਆ। 1826 ਵਿੱਚ ਚਾਰਲਸ ਮੈਸੇਨ ਨੇ ਪਹਿਲੀ ਵਾਰ ਵਿਸ਼ਵ ਦੀ ਸਭ ਤੋਂ ਪੁਰਾਣੀ, ਅਮੀਰ ਅਤੇ ਭਾਰਤ ਦੇ ਮੂਲ-ਨਾਲ ਜੁੜੀ ਸੱਭਿਅਤਾ ਨੂੰ ਖੋਜਿਆ। 1856 ਵਿੱਚ ਅਲੈਗਜ਼ੈਡਰ ਕਨਿੰਘਮ ਨੇ ਇਸ ਸੱਭਿਅਤਾ ਦੀ ਖੋਜ ਦਾ ਸਰਵੇ ਕੀਤਾ। ਕਰਾਚੀ ਤੋਂ ਲਹੋਰ (ਪਾਕਿਸਤਾਨ) ਦੇ ਵਿਚਕਾਰ ਰੇਲਵੇ ਲਾਇਨ ਦੇ ਨਿਰਮਾਣ ਦੌਰਾਨ ਮਿਲੀ ਹੜੱਪਾ ਸਥਾਨ ਦੀ ਸੂਚਨਾ ਸਰਕਾਰ ਨੂੰ ਦਿੱਤੀ, ਅਤੇ ਇਸ ਲੜੀ ਵਿੱਚ ਅਲੈਗਜ਼ੈਡਰ ਕਨਿੰਘਮ ਦੇ ਦਿਸ਼ਾ ਨਿਰਦੇਸ਼ ਤਹਿਤ 1861 ਵਿੱਚ ਭਾਰਤੀ ਪੁਰਾਤਨ ਵਿਭਾਗਾਂ ਦੀ ਸਥਾਪਨਾ ਕੀਤੀ ਗਈ।ਇਸ ਤੋਂ ਅੱਗੇ 1904 ਲਾਰਡ ਕਰਜਨ ਦੁਆਰਾ ਜ਼ੋਨ ਮਾਰਸ਼ਲ ਨੂੰ ਭਾਰਤੀ ਪੁਰਾਤਨ ਵਿਭਾਗ (A.S.I) ਦੇ ਮਹਾਂ ਨਿਰਦੇਸ਼ ਬਣਾਇਆ ਗਿਆ। ਫਲੀਟ ਨੇ ਪ੍ਰਚੀਨ ਸੱਭਿਅਤਾਉੱਪਰ ਇੱਕ ਲੇਖ ਲਿਖਿਆ।[1]

1992 ਵਿੱਚ ਦਇਆ ਰਾਮ ਸਾਹਨੀ ਨੇ ਹੜੱਪਾ ਦਾ ਵਿਸਥਾਰ ਕੀਤਾ। ਇਸ ਸੱਭਿਅਤਾ ਦਾ ਨਾਮ ਹੜੱਪਾ ਕਰਕੇ ਜਾਣਿਆ ਗਿਆ। ਸਿੰਧੂ ਨਦੀ ਦੇ ਆਸ-ਪਾਸ ਫੈਲੀ ਹੋਣ ਕਰਕੇ ਇਸ ਦਾ ਨਾਮ ਸਿੰਧੂ ਘਾਟੀ ਕਰਕੇ ਮਸ਼ਹੂਰ ਹੋਇਆ। ਇਸ ਸੱਭਿਅਤਾ ਵਿੱਚ ਪਹਿਲੀ ਵਾਰ ਨਗਰ ਨਿਰਮਾਣ ਹੋਣ ਕਰਕੇ ਇਸ ਸੱਭਿਅਤਾ ਨੂੰ ਪਹਿਲਾ ਨਗਰ ਵੀ ਕਿਹਾ ਜਾਂਦਾ ਹੈ। ਸਿੰਧੂ ਘਾਟੀ ਵਿੱਚ ਪਹਿਲੀ ਵਾਰ ਕਾਂਸੇ ਦਾ ਪ੍ਰਯੋਗ ਹੋਣ ਕਰਕੇ ਇਸ ਨੂੰ ਕਾਂਸੇ ਦੀ ਸੱਭਿਅਤਾਂ ਵੀ ਕਿਹਾ ਜਾਂਦਾ ਹੈ।

ਸਿੰਧੂ ਘਾਟੀ ਦੀ ਸੱਭਿਅਤਾ ਆਪਣੇ ਵਿਸ਼ਾਲ ਘੇਰੇ ਵਿੱਚ ਫੈਲੀ ਹੋਈ ਸੀ। ਉਸ ਵਿੱਚ ਅੱਜ ਦਾ ਸਾਰਾ ਪਾਕਿਸਤਾਨ, ਪੰਜਾਬ, ਹਰਿਆਣਾ, ਰਾਜਸਥਾਨ ਦਾ ਕੁਝ ਭਾਗ ਅਤੇ ਉਤਰ

ਪ੍ਰਦੇਸ਼ ਦਾ ਬਹੁਤ ਸਾਰਾ ਭਾਗ ਆ ਜਾਂਦਾ ਹੈ। ਇਹ ਸਾਰਾ ਖੇਤਰ ਮਿਸਰ ਦੇ ਖੇਤਰ ਤੋਂ ਚਾਰ ਗੁਣਾ ਮੈਸਾਪੋਟਾਸੀਆ ਅਤੇ ਮਿਸਰ ਦੇ ਖੇਤਰ ਨੂੰ ਮਿਲਾ ਕਰਕੇ ਦੋ ਗੁਣਾਂ ਤੋਂ ਬਹੁਤ ਜਿਆਦਾ ਸੀ । ਭਾਰਤੀ ਮੂਲ ਨਿਵਾਸੀ ਲੋਕਾਂ ਦੀ ਅਮੀਰ ਸੱਭਿਅਤਾ ਦੇ ਚਿੰਨ੍ਹ, ਨਿਸ਼ਾਨੀਆਂ ਹੜੱਪਾ ਅਤੇ ਮੋਹਨਜੋਦੜੋ ਦੇ ਨਗਰਾਂ ਤੋਂ ਮਿਲੇ ਹਨ। ਇਹ ਨਗਰਾਂ ਦੀ ਖੋਜ ਸਿੱਧ ਕਰਦੀ ਹੈ ਕਿ ਇੱਕ ਬਹੁਤ ਹੀ ਵਿਕਸਤ ਅਤੇ ਖੁਸ਼ਹਾਲ ਸੱਭਿਅਤਾ ਭਾਰਤ ਦੇ ਉਤਰ ਅਤੇ ਪੱਛਮ ਵਿੱਚ ਫੈਲੀ ਹੋਈ ਸੀ। ਜਿਸ ਦਾ ਸੰਪਰਕ ਸੰਸਾਰ ਦੇ ਹੋਰ ਦੇਸ਼ਾ ਨਾਲ ਖਾਸ ਕਰਕੇ ਪੱਛਮੀ ਏਸ਼ੀਆ ਨਾਲ ਰਿਹਾ ਸੀ। ਇਹ ਸਿਰਫ ਹੜੱਪਾ, ਮੋਹਨਜੋਦੜੋ ਤੱਕ ਹੀ ਸੀਮਤ ਨਹੀਂ ਸੀ। ਇਹ ਘੱਗਰ ਘਾਟੀ, ਬੀਕਾਨੇਰ, ਗੁਜਰਾਤ ਵਿੱਚ ਲੋਥਲ ਅਤੇ ਰੰਗਪੁਰ, ਪੰਜਾਬ ਵਿੱਚ ਰੋਪੜ, ਗੰਗਾ ਨਗਰ ਵਿੱਚ ਕਾਲੀਬੰਗਾ, ਹਰਿਆਣਾ ਵਿੱਚ ਗਧੀਗੜੀ, ਮੇਰਠ ਵਿੱਚ ਆਲਮਗੀਰ ਪੁਰ ਆਦਿ ਸਥਾਨਾਂਦੀ ਖੁਦਾਈ ਵਿੱਚ ਮਿਲੀਆਂ ਵਸਤੂਆਂ ਹੜੱਪਾ, ਅਤੇ ਮੋਹਨਜੋਦੜੋ ਦੀ ਖੁਦਾਈ ਤੋਂ ਪ੍ਰਾਪਤ ਵਸਤੂਆਂ ਨਾਲ ਮਿਲਦੀਆਂ ਜੁਲਦੀਆਂ ਹਨ। ਲੋਥਲ ਭਾਰਤ ਦੇ ਪੱਛਮੀ ਤੱਟ ਉੱਤੇ ਇੱਕ ਬਹੁਤ ਵੱਡਾ ਨਗਰ ਅਤੇ ਪ੍ਰਸਿੱਧ ਬੰਦਰਗਾਹ ਸੀ। ਲੋਥਲ ਪੂਰੀ ਤਰ੍ਹਾਂ ਯੋਜਨਾਬੱਧ ਨਗਰ ਸੀ। ਜਿੱਥੋਂ ਪੱਛਮੀ ਦੇਸ਼ਾ ਨਾਲ ਵਪਾਰ ਹੁੰਦਾ ਸੀ।

ਮੋਹਨਜੋਦੜੋ ਵਿੱਚ ਇੱਕ ਵਿਸ਼ਾਲ ਭਵਨ ਮਿਲਿਆ ਸੀ ਜੋ 85 ਫੁੱਟ ਚੌੜਾ ਅਤੇ 97 ਫੁੱਟ ਲੰਮਾ ਸੀ। ਮੋਹਨਜੋਦੜੋ ਦੇ ਘਰਾਂ ਵਿੱਚ ਖੂਹ ਵੀ ਮਿਲੇ ਹਨ । ਰਸੋਈ ਘਰਾਂ ਵਿੱਚ ਛੋਟੀਆਂ ਨਾਲੀਆਂ ਵੀ ਮਿਲੀਆਂ ਹਨ। ਮਕਾਨਾਂ ਦੀਆਂ ਛੋਟੀਆਂ ਨਾਲੀਆਂ ਬਾਹਰ ਦੀਆਂ ਵੱਡੀਆਂ ਨਾਲੀਆਂ ਨਾਲ ਮਿਲੀਆਂ ਹੁੰਦੀਆਂ ਸਨ। ਮੋਹਨਜੋੜਦੋ ਦੀਆਂ ਗਲੀਆਂ ਅਤੇ ਸੜਕਾਂ ਦੀ ਚੌੜਾਈ ਘੱਟ ਤੋਂ ਘੱਟ 13 ਫੁੱਟ ਅਤੇ ਵੱਧ ਤੋਂ ਵੱਧ 33 ਫੁੱਟ ਹੁੰਦੀ ਸੀ। ਸੜਕਾਂ ਦੇ ਕਿਨਾਰੇ ਅਤੇ ਹੋਰ ਨਾਲੀਆਂ ਨੂੰ ਢੱਕਿਆ ਗਿਆ ਸੀ। ਮੋਹਨਜੋੜਦੋ ਵਿੱਚ ਇੱਕ ਵਿਸ਼ਾਲ ਸਰਵਜਨਕ ਇਸ਼ਨਾਨ ਘਰ ਮਿਲਿਆ ਹੈ। ਜੋ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਹੈ[2]। ਉਸ ਤੋਂ ਹਜ਼ਾਰ ਵਰ੍ਹੇ ਬਾਅਦ ਆਰੀਆ ਦਾ ਭਾਰਤ 'ਚ ਪ੍ਰਵੇਸ਼ ਉਹਨਾਂ ਦੀ ਧਰਤੀ 'ਤੇ ਹੋਇਆ ਅਤੇ ਘੱਟੋ-ਘੱਟ 300 ਸਾਲ ਬਾਅਦ (1200 ਈ. ਪੂਰਵ) ਭਰਦਵਾਜ, ਵਸ਼ਿਸਠ, ਅਤੇ ਵਿਸ਼ਵਾ ਮਿੱਤਰ ਆਦਿ ਨੇ ਆਪਣੇ ਪਦੇ ਲਿਖੇ ਆਰੀਆ ਅਤੇ ਸਿੰਧੂ ਦੇ ਪੁਰਾਣੇ ਨਿਵਾਸੀਆਂ ਦੇ ਸੰਘਰਸ਼ ਦੀ ਜਾਣਕਾਰੀ ਰਿਗਵੇਦ ਵਿੱਚ ਦੇਵਾਂ ਅਤੇ ਅਸੁਰਾਂ ਦੇ ਯੁੱਧ ਦੀ ਬਾਣੀ (ਕਾਵਿ ਰਚਨਾ) ਦੇ ਰੂਪ 'ਚ ਮਿਲਦੀ ਹੈ। ਆਰੀਆ ਨੇ ਸਿੰਧੂ ਦੀ ਪੁਰਾਣੀ ਸੱਭਿਅਤਾ ਨੂੰ ਤਬਾਹ ਕਰਨ ਅਤੇ ਸਮਾਜ ਦੇ ਚੱਕਰ ਨੂੰ ਉਲਟਾ ਘੁਮਾਉਣ ਦੀ ਕੋਸ਼ਿਸ਼ ਕੀਤੀ।[3]

**"ਮਲੂਮ ਹੁੰਦਾ ਹੈ ਕਿ ਅੱਜ ਕੱਲ੍ਹ ਦੇ ਲੋਕ ਸ਼ਹਿਰ ਜਿਹੇ ਕਿਸੇ ਨਗਰ ਦੇ ਭੀੜ ਭੜੱਕੇ (ਵਸੋਂ) ਵਿੱਚ ਘਿਰੇ ਹੋਏ ਹਨ। ਉੱਥੇ ਉਤਰ ਤੋਂ ਦੱਖਣ ਵੱਲ ਜਾਣ ਵਾਲੀ ਸੜਕ ਏਨੀ ਚੌੜੀ ਸੀ ਕਿ ਜਿਸ ਤੋਂ ਪਹੀਏ ਵਾਲੀਆਂ ਸਵਾਰੀਆਂ ਅਤੇ ਪੈਦਲ ਲੋਕ ਮਜੇ ਨਾਲ ਚਲ ਸਕਦੇ ਸਨ। ਨਗਰ ਨੂੰ ਇੱਕ ਸਹੂਲਤਾਂ ਭਰਪੂਰ ਯੋਜਨਾ ਨਾਲ ਤਿਆਰ ਕੀਤਾ ਗਿਆ ਸੀ"।**[4]

ਸੜਕਾਂ 9 ਤੋਂ 34 ਫੁੱਟ ਤੱਕ ਚੌੜੀਆਂ ਸਨ.... ਉਹ ਇੱਕ ਦੂਜੀ ਨੂੰ ਕੱਟ ਕੇ ਚੋਰਾਹਾ ਬਣਾਉਂਦੀਆਂ ਸਨ। ਜਿਆਦਾ ਘਰਾਂ ਵਿੱਚ ਨਿੱਜੀ ਖੂਹ ਅਤੇ ਨਹਾਉਣ ਵਾਲੇ ਗੁਸਲਖਾਨੇ ਸਨ। ਪਾਣੀ ਕੱਢਣ ਵਾਸਤੇ ਨਾਲੀਆਂ ਅਤੇ ਮੋਰੀਆਂ ਇਸ ਤਰ੍ਹਾਂ ਲਗਾਇਆਂ ਗਈਆਂ ਸਨ ਕਿ ਅੱਜ ਕੱਲ ਦੇ ਨਾਗਰਿਕਾਂ ਇਸ ਨਾਲ ਈਰਖਾ ਹੋ ਸਕਦੀ ਹੈ। ਨਗਰ ਦੇਖਣ ਤੋਂ ਇੱਕ ਲੋਕਤੰਤਰਕ ਪੂੰਜੀਵਾਦੀ ਲਗਦਾ ਸੀ। ਮਕਾਨ ਵਧੇਰੇ ਕਰਕੇ ਪੱਕੀਆਂ ਇੱਟਾਂ ਦੇ ਹੀ ਬਣੇ ਹੁੰਦੇ ਸਨ। ਇੱਟਾਂ ਦਾ ਜੋੜ ਇਨਾਂ ਬਰੀਕ ਹੈ ਕਿ ਉਸ ਵਿੱਚ ਚਾਕੂ ਦੀ ਨੋਕ ਘੁੰਮਾਉਣਾ ਵੀ ਔਖਾ ਹੈ । ਹਰੇਕ ਘਰ

ਬਹੁਤ ਸੁਖਦਾਇਕ ਅਤੇ ਸੁੰਦਰ ਸੀ। ਸਭ ਤੋਂ ਛੋਟੇ ਘਰਾਂ ਵਿੱਚ ਦੋ ਕਮਰੇ ਸਨ। ਵੱਡੇ-ਵੱਡੇ ਘਰ ਤਾਂ ਮਹਿਲ ਵਾਂਗ ਸਨ। ਬਾਹਰ ਪੱਕੀਆਂ ਇੱਟਾਂ ਦਾ ਬਣਾਇਆ ਵਿਸ਼ਾਲ ਵਿਹੜਾ ਸੀ। ਕਿਨਾਰਿਆਂ ਵੱਲ ਕਮਰੇ ਦਰਵਾਜੇ ਅਤੇ ਖਿੜਕੀਆਂ ਸਨ। ਮੁੱਖ ਦਰਵਾਜਾ ਸੜਕ ਵੱਲ ਖੁੱਲਦਾ ਸੀ। ਹਰ ਘਰ ਦਾ ਗੁਸਲਖਾਨਾ ਸੜਕ ਵੱਲ ਹੁੰਦਾ ਸੀ। ਇਹ ਵੀ ਪਤਾ ਲੱਗਦਾ ਹੈ ਕਿ ਸ਼ਹਿਰ ਵਿੱਚ ਸੜਕਾਂ 'ਤੇ ਰਾਤ ਨੂੰ ਦੀਪਕ ਜਗਿਆ ਕਰਦੇ ਸਨ। ਲੋਕ ਕਣਕ ਅਤੇ ਜੌਂ ਦੀ ਖੇਤੀ ਕਰਦੇ ਸਨ।ਚੌਲ, ਤਿਲ ਅਤੇ ਮਟਰ ਵੀ ਪੈਦਾ ਕੀਤੇ ਜਾਂਦੇ ਸਨ। ਉਹ ਸੂਤੀ ਅਤੇ ਊਨੀ ਕੱਪੜਾ ਪਹਿਨਦੇ ਸਨ। ਇਸਤਰੀਆਂ ਦਾ ਪਹਿਰਾਵਾ ਵੀ ਪੁਰਸ਼ਾਂ ਵਰਗਾ ਹੁੰਦਾ ਸੀ। ਪੁਰਸ਼ ਕੜਾ, ਕੰਠਾ ਅਤੇ ਅਗੂੰਠੀ ਪਹਿਨਦੇ ਸਨ। ਨਾਪਤੋਲ ਤੋਂ ਪਤਾ ਲੱਗਦਾ ਹੈ ਕਿ ਉਹ ਵਸਤੂ ਵੰਡ ਅੱਜ ਕੱਲ ਦੇ ਰੁਪਏ ਦੀ ਤਸ 16 ਤੋਂ ਹੀ ਕਰਦੇ ਸਨ। ਲੜਨ ਲਈ ਉਹਨਾਂ ਕੋਲ ਤਾਂਬੇ, ਪਿੱਤਲ ਦੇ ਬਰਸ਼ੇ, ਭਾਲੇ ਕਟਾਰ, ਤਲਵਾਰਾਂ ਅਤੇ ਧਨੁਸ਼ ਬਾਣ ਵੀ ਸਨ[5]।

ਸਿੰਧੂ ਘਾਟੀ ਦੀ ਖੁਦਾਈ ਦੀਆਂ 80-90 ਪ੍ਰਤੀਸ਼ਤ ਚਿੰਨ੍ਹ ਅਤੇ ਸਮੱਗਰੀ ਬੁੱਧ ਧਰਮ ਨਾਲ ਮੇਲ ਖਾਂਦੀਆਂ ਹਨ। ਸਿੰਧੂ ਘਾਟੀ ਦੀ ਸੱਭਿਅਤਾ ਦਾ ਸੰਬੰਧ ਸਿੰਧੂ ਨਦੀ ਦੇ ਕਿਨਾਰੇ ਵਸੀ ਹੋਣ ਕਰਕੇ ਇਸ ਨੂੰ ਸਿੰਧੂ ਘਾਟੀ ਕਿਹਾ ਜਾਂਦਾ ਹੈ। ਇਹ ਸਿੰਧੂ ਨਦੀ ਦੀਆਂ ਸਹਾਇਕ ਨਦੀਆਂ ਦੇ ਕਿਨਾਰੇ ਵੱਸੇ ਹੜੱਪਾ ਅਤੇ ਮੋਹਨਜੋਦੜੋ ਸ਼ਹਿਰ ਸੀ। ਹੜੱਪਾ ਲਾਹੌਰ ਦੇ ਦੱਖਣ-ਪੱਛਮ 'ਚ ਰਾਵੀ ਨਦੀ ਦੇ ਕਿਨਾਰੇ ਵਸੀ ਸੀ ਅਤੇ ਮੋਹਨਜੋਦੜੋ ਕਰਾਂਚੀ ਦੇ ਉਤਰ 'ਚ ਸਿੰਧੂ ਦੇ ਕਿਨਾਰੇ ਤੇ ਵਸੀ ਵਸੋਂ ਦੀ ਸੱਭਿਅਤਾ ਸੀ। ਸਿੰਧੂ ਘਾਟੀ ਦਾ ਮਹਾਨ ਨਗਰ ਮੋਹਨਜੋਦੜੋ ਜਿਸ ਦਾ ਅਰਥ 'ਮੁਰਦਿਆ ਦਾ ਟੀਲਾ' ਹੈ। ਭਾਰਤੀ ਮੂਲ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਮੋਹਨਜੋਦੜੋ, ਹੜੱਪਾ, ਕਾਲੀ ਵੰਸਾ, ਲੋਥਲ, ਚੂਹਨਦੜੋ, ਸੰਘੋਲ

**ਮੋਹਨਜੋਦੜੋ:-** ਮੋਹਨਜੋਦੜੋ ਦਾ ਸ਼ਬਦ ਅਰਥ ਹੈ 'ਮੁਰਦਿਆ ਦਾ ਟੀਲਾ ਥੇਹ' ਹੈ। ਸਿੰਧੂ ਦੇ ਲਰਕਾਨਾ ਜਿਲ੍ਹੇ 'ਚ ਕਰਾਚੀ ਦਾਦੂ ਰੇਲਵੇ ਲਾਇਨ ਉੱਪਰ ਸਥਿਤ ਹੈ। ਇੱਥੇ ਖੰਡਰ ਹੋਏ ਥੇਹ ਕਾਫੀ ਹਨ। ਇਸ 'ਚ ਸਭ ਤੋਂ ਉੱਚਾ ਥੇਹ ਜਿਸਨੂੰ ਸਤੂਪ ਥੇਹ ਨਾਮ ਦਿੱਤਾ ਗਿਆ ਹੈ। ਕਰੀਬ 70 ਫੁੱਟ ਉੱਚਾ ਹੋਣ ਕਾਰਨ ਦੂਰੋਂ ਹੀ ਖਿਚ ਦਾ ਕੇਂਦਰ ਹੈ। ਬਾਕੀ ਥੇਹਾ ਇਸ ਦੇ ਪੂਰਵ ਵਿੱਚ ਹਨ। ਉਹਨਾਂ ਦੀ ਉਚਾਈ ਆਸ ਪਾਸ ਦੇ ਖੇਤਾਂ ਤੋਂ 40-50 ਫੁੱਟ ਤੱਕ ਉੱਪਰ ਉੱਠੀ ਹੈ। ਇੱਥੇ ਇੱਕ ਗੱਲ ਖੁਦਾਈ ਤੋਂ ਪਤਾ ਚੱਲਦੀ ਹੈ ਕਿ ਇੱਥੇ ਵਿਨਾਸ਼ ਦੀਆਂ 6-7 ਪਰਤਾਂ ਪਾਈਆਂ ਗਈਆਂ ਹਨ। ਮਤਲਬ ਇਹ ਸ਼ਹਿਰ ਆਪਣੇ ਜੀਵਨ ਕਾਜ ਸਮੇਂ 6-7 ਵਾਰ ਉੱਜੜ ਕੇ ਦੁਬਾਰਾ ਦੁਬਾਰਾ ਖੰਡਰ ਉੱਤੇ ਵਸਿਆ। ਇਹ ਮੰਨਿਆ ਜਾ ਸਕਦਾ ਹੈ ਇਸ ਦਾ ਮੁੱਖ ਕਾਰਨ ਸਿੰਧੂ ਨਦੀ 'ਚ ਆਇਆ ਹਾੜ ਹੋ ਸਕਦਾ। ਇਸ ਦੀ ਪੂਰਬ ਦਿਸ਼ਾ 'ਚ ਅੱਜ 3 ਮੀਲ ਤੇ ਦੂਰ ਸਿੰਧੂ ਨਦੀ ਵਹਿੰਦੀ ਹੈ।

**ਹੜੱਪਾ:-** ਹੜੱਪਾ ਦੇ ਖੰਡਰ ਪਾਕਿਸਤਾਨ ਦੇ ਜਿਲ੍ਹੇ ਮਿੰਟਗੁਮਰੀਹਟ 15 ਮੀਲ ਦੱਖਣ ਪੱਛਮ 'ਚ ਫੈਲੇ ਹਨ। ਅੱਜ ਵੀ ਇੱਥੇ ਇਸੇ ਨਾਮ ਦਾ ਪਿੰਡ ਵਸਿਆ ਹੈ। ਇਹ ਤਿੰਨ ਮੀਲ ਦੇ ਘੇਰੇ 'ਚ ਫੈਲਿਆ ਹੋਇਆ ਹੈ। ਇਹ ਧਾਰਾ ਟੀਲਾ ਤਿੰਨ ਮੀਲ ਦੇ ਘੇਰੇ 'ਚ ਫੈਲਿਆ ਹੋਇਆ ਹੈ। ਟੀਲਾ ਏ. ਬੀ. ਜੋ ਪੱਛਮ ਦਿਸ਼ਾ 'ਚ ਸਥਿਤ ਹੈ। ਸ਼ਹਿਰ ਦਾ ਦੁਰਗ ਸੀ ਜਿਸ ਤੋਂ ਸ਼ਾਸਕ ਨਿਵਾਸ ਕਰਦਾ ਸੀ। ਉਹ ਉੱਤਰ ਦੱਖਣ 'ਚ 460 ਰਾਜ ਲੰਬੇ ਅਤੇ ਪੂਰਵ ਪੱਛਮ 'ਚ 215 ਗਜ ਖੇਤਰ 'ਚ ਫੈਲਿਆ ਹੋਇਆ ਸੀ। ਇਸ ਦੇ ਪੂਰਵ 'ਚ ਸਥਿਤ ਨਗਰ ਦੀ ਮੁੱਖ ਅਬਾਦੀ ਟੀਲੇ 'ਚ ਸੀ। ਜਿਸ ਦੇ ਉੱਤਰ ਭਾਗ 'ਚ ਕਦੀ ਰਾਵੀ ਨਦੀ ਵਹਿੰਦੀ ਸੀ। ਜੋ ਅੱਜ 6 ਮੀਲ ਉੱਤਰ 'ਚ ਵਹਿੰਦੀ ਹੈ।

**ਕਾਲੀ ਵੰਗਾ:-** ਕਾਲੀ ਵੰਗਾ ਦੇ ਜਿਲੇ ਮਿ. ਘੋਸ਼ ਨੇ 1953 ਬੀ 'ਚ ਤਲਾਸ਼ ਕੀਤਾ ਜੋ

ਹਨੂੰਮਾਨਗੜ੍ਹ ਦੇ ਨਜ਼ਦੀਕ ਘੱਗਰ ਨਦੀ ਦੇ ਸੁੱਕੇ ਪਾਟ ਦੇ ਸੱਜੇ ਪਾਸੇ ਕਿਨਾਰੇ ਤੇ ਸਥਿਤ ਹੈ। ਦੋ ਟੀਲੇ ਹੈ। ਪਚਿਮਾ ਦਾ ਥੇਹ ਦੁਰਗ ਸੀ। ਤਮਤੇ ਪੂਰਵ ਦਾ ਵੱਡਾ ਥੇਹ ਸ਼ਹਿਰੀਆਂ ਦਾ ਨਿਵਾਸ ਸਥਾਨ ਸੀ। ਮੁੱਖ ਸ਼ਹਿਰ ਇੱਕ ਉੱਚੀ ਦੀਵਾਰ 'ਚ ਘਿਰਿਆ ਹੋਇਆ ਸੀ। ਇਸ ਤਰ੍ਹਾਂ ਕੋਟ ਡਿਬਜੀ ਦੇ ਸਥਾਂਕਾ ਜੇਨਟੋਰ ਦੇ ਆਪਣੇ ਫਰਮ ਸੀ।

**ਲੋਥਲ:–** ਇੱਕ ਸਾਬਰਮਤੀ ਦੀ ਘਾਟੀ 'ਚ ਅਹਿਮਦਾਵਾਦ ਤੋਂ 80 ਕਿਲੋਮੀਟਰ ਦੱਖਣ 'ਚ ਸਥਿਤ ਹੈ। ਅੱਜ ਇਹ ਸਮੁੰਦਰ ਤੋਂ ਬਹੁਤ ਦੂਰ ਹੈ। ਪਰ ਹੜੱਪਾ ਯੁੱਗ 'ਚ ਇਹ ਕੈਂਬੇ ਦੀ ਖਾੜੀ ਤੋਂ ਸਿਰਫ 5 ਕਿਲੋਮੀਟਰ ਦੂਰ ਸੀ, ਅਤੇ ਸਾਬਰਮਤੀ ਅਤੇ ਭੋਗ਼ਾਵਾ ਨਦੀਆਂ ਦਾ ਬਹਾਅ ਇਸ ਦੇ ਕਰੀਬ ਤੋਂ ਵਹਿੰਦਾ ਸੀ। ਜਦ ਕਿ ਹੜੱਪਾ ਅਤੇ ਮੋਹਨਜੋਦੜੋ ਦੇ ਦੋ–ਦੋ ਟੀਲੇ ਸਨ। ਲੋਥਲ ਦਾ ਥੇਹ ਇੱਕ ਹੀ ਸੀ। ਜਿਸ ਵਿੱਚ ਇੱਕ ਵੱਡਾ ਚਬੂਤਰ੍ਹਾ ਬਣਾਉਂਦਾ ਹੈ ਅਤੇ ਦੱਖਣ 'ਚ ਉੱਤਰ ਤੋਂ ਇਸਦਾ ਉਤਰਾਵ ਹੈ। ਉਸਦਾ ਦੱਖਣ ਪੂਰਵੀ ਭਾਗ ਜੋ ਕਿ ਬਾਕੀ ਭਾਗਾ ਤੋਂ ਉੱਚਾ ਹੈ। ਬਾਕੀ ਥੱਲੇ ਇਲਾਕਾ ਉੱਚ ਵਰਗਾ ਦਾ ਲੱਗਦਾ ਹੈ। ਪਚਿਆ ਦੀ ਧਮਾਣ ਨਦੀ ਦਾ ਪਾਟ ਸੀ ਤੇ ਉੱਤਰ ਦੀ ਧਮਾਣ ਨਹਿਰਾਂ ਜਿਸ ਤੋਂ ਹੋ ਕੇ ਪਾਣੀ ਬੰਦਰਗਾਂਹਾ ਨੂੰ ਜਾਂਦਾ ਸੀ।

**ਚਹੁਨਦੜੋ:–** ਇਸ ਦੇ ਖੰਡਰ ਮੋਹਨਜੋੜਦੋ ਤੋਂ 80 ਮੀਲ ਦੱਖਣ ਪੂਰਵ 'ਚ ਸਿੰਧੂ ਨਦੀ ਦੇ ਨਵਾਬ ਸ਼ਾਹ ਜਿਲ੍ਹੇ 'ਚ ਮੌਜੂਦ ਹਨ। ਇਹ ਨੌ ਏਕੜ ਭੂਮੀ 'ਚ ਫੈਲਿਆ ਹੋਇਆ ਹੈ। ਇਸਦੇ ਤਿੰਨ ਟੀਲੇ ਹਨ, ਪਰ ਅਰੰਭ 'ਚ ਇਹ ਨਗਰ ਇਨ੍ਹਾਂ ਸੀਮਾਵਾਂ ਤੋਂ ਬਾਹਰ ਫੈਲਿਆ ਹੋਇਆ ਸੀ। ਇਸ ਸਥਾਨ ਦੀ ਖੋਜ ਸੰਨ 1931 ਦੇ ਫਰਵਰੀ ਮਹੀਨੇ 'ਚ ਮਜੂਮਦਾਰ ਨੂੰ ਹੋਈ ਸੀ। ਪਹਿਲਾ ਟੀਲਾ ਸਭ ਤੋਂ ਵੱਡਾ ਹੈ। ਉਸਦੀ ਚੌੜਾਈ 1060 ਫੁੱਟ ਅਤੇ ਉਚਾਈ 28 ਫੁੱਟ ਦੇ ਲਗਭਗ ਹੈ। ਇਸ ਦੇ ਪੱਛਮ ਉੱਤਰ ਵੱਲ ਦੂਸਰਾ ਟੀਲਾ ਹੈ ਜੋ ਸਭ ਤੋਂ ਛੋਟਾ ਹੈ। ਚੌੜਾਈ 450 ਫੁੱਟ ਅਤੇ 13 ਫੁੱਟ ਉਚਾਈ। ਤੀਸਰਾ ਟੀਲਾ ਸਭ ਤੋਂ ਦੱਖਣ ਪੱਛਮ ਦਿਸ਼ਾ ਵੱਲ ਸਥਿਤ ਹੈ ਅਤੇ 150 ਫੁੱਟ ਦੇ ਅੰਤਰ ਤੇ ਹੈ। ਇਹ 950 ਫੁੱਟ ਦੇ ਘੇਰੇ 'ਚ ਅਤੇ 22 ਫੁੱਟ ਦੀ ਉਚਾਈ ਤਿੰਨੇ ਟੀਲੇ ਇੱਕ ਸਮੇਂ ਦੇ ਹੀ ਹਨ। ਅਰੰਭ 'ਚ ਇੱਕ ਬੜੇ ਟੀਲੇ ਦੇ ਅਕਾਰ 'ਚ ਵਿਆਪਕ ਸੀ ਉੱਤਰ ਕਾਲ 'ਚ ਸਿੰਧੂ ਨਦੀ ਦੀ ਨਹਿਰ ਵਿੱਚ ਹੜ੍ਹ ਕਾਰਨ ਇਸ 'ਚ ਦਰਾੜਾਂ ਪੈ ਗਈਆਂ ਅਤੇ ਇੱਕ ਦੇ ਤਿੰਨ ਦਿਖਾਈ ਦੇਣ ਲੱਗ ਪਈਆਂ ਸਨ। ਇਹ ਮੋਹਨਜੋਦੜੋ ਅਤੇ ਹੜੱਪਾ ਤੋਂ ਬਹੁਤ ਛੋਟਾ ਸੀ। ਮਗਰ ਇਹ ਸ਼ਿਲਪਕਾਰਾਂ ਦਾ ਕੇਂਦਰ ਸੀ। ਜਿਵੇਂ ਪੱਥਰ ਦੇ ਮਨਕੇ, ਸੰਖ ਅਤੇ ਹਾਥੀ ਦੇ ਦੰਦ ਆਦਿ ਦੀਆਂ ਬਹੁਤ ਚੀਜਾਂ ਬਨਦੀਆਂ ਸੀ 'ਤੇ ਸਿੰਧੂ ਨਦੀ 28 ਮੀਲ ਦੂਰ ਵਹਿੰਦੀ ਸੀ। ਜੋ ਕਦੀ ਇਸਦੇ ਕਰੀਬ ਵਹਿੰਦੀ ਸੀ।[6] ਸਿੰਧੂ ਘਾਟੀ ਸੱਭਿਅਤਾ ਦੀ ਕਹਾਣੀ ਬੋਲਦੀ ਹੈ। ਕਿ ਇਹ ਸੱਭਿਅਤਾ ਭਾਰਤ ਦੇ ਮੂਲ ਨਿਵਾਸੀ ਸੱਭਿਅਤਾ ਸੀ । ਇਸ ਦੀ ਤਰੱਕੀ ਦੀ ਕੁੱਝ ਵਿਸ਼ੇਸ਼ ਜਾਣਕਾਰੀ ਸੰਖੇਪ 'ਚ:-

ਕਈ ਮੰਜਿਲਾਂ ਦੇ ਸ਼ਹਿਰ 'ਚ ਮਕਾਨ ਬਣੇ ਹੁੰਦੇ ਸੀ। ਜੋ ਕਿਸੇ ਮਹਿਲ ਵਰਗੇ ਸੀ। ਇੱਟ ਦੀ ਲੰਬਾਈ ਅਤੇ ਚੌੜਾਈ ਤੇ ਦੋ ਗੁਣਾ ਅਤੇ ਮੋਟਾਈ ਅੱਧੀ ਹੁੰਦੀ ਸੀ। ਨਾਲੀਆਂ ਨੂੰ ਬੰਦ (ਢਕਣ) ਲਈ ਵੱਡੀ ਇੱਟ ਦਾ ਪ੍ਰਯੋਗ ਹੁੰਦਾ ਸੀ।ਇੱਟ ਲੱਕੜੀ ਦੇ ਸਾਂਚੇ ਵਿੱਚ ਪੱਥੀ ਜਾਂਦੀ ਸੀ 'ਜਿਵੇਂ ਅੱਜ ਪੱਥੀ ਜਾਂਦੀ ਹੈ। ਇੱਟ ਦਾ ਰੰਗ ਲਾਲ ਪਾਇਆ ਗਿਆ ਹੈ।

ਸ਼ਹਿਰ ਤੋਂ ਦੂਰ ਭੱਠਿਆ 'ਚ ਧੂੰਆਂ ਨਿਕਲਣ ਵਾਲੀ ਚਿਮਨੀ ਲਗਾ ਕੇ ਪਕਾਇਆ ਜਾਂਦਾ ਸੀ। ਜਿਵੇਂ ਅੱਜ ਭਾਰਤ 'ਚ ਪਕਾਈ ਜਾਂਦੀ ਹੈ। ਖੂਹਾਂ 'ਚ ਪ੍ਰਯੋਗ ਲਈ ਵੀ ਇੱਟਾਂ ਬਣਾਈਆਂ ਜਾਂਦੀਆਂ ਸੀ। ਇਸ਼ਨਾਨਾ ਘਰਾਂ ਦਿਆਂ ਫਰਸ਼ਾ ਨੂੰ ਪੱਕਾ ਕਰਨ ਦੇ ਲਈ ਇੱਟਾਂ ਨੂੰ ਛੋਟੇ ਆਕਾਰ ਵਿੱਚ ਕੱਟਿਆ ਜਾਂਦਾ ਸੀ। ਇੱਟਾਂ ਦੀ ਚਿਣਾਈ ਅਜੋਕੇ ਸਮੇਂ 'ਚ ਇੰਗਲਿਸ਼ ਢੰਗ ਵਾਂਗ ਹੁੰਦੀ ਸੀ। ਜੋੜ ਹਮੇਸ਼ਾ ਉੱਪਰ ਇੱਟਾਂ ਦੇ ਵਿਚਕਾਰ ਰੱਖਿਆ ਜਾਂਦਾ ਸੀ। ਇੱਟਾਂ ਨੂੰ

ਜਿਪਸ, ਚੂਨਾ ਜਾਂ ਮਿੱਟੀ ਦੇ ਗਾਰੇ ਨਾਲ ਲੇਪਿਆ ਜਾਂਦਾ ਸੀ। ਜਿਪਸ ਮਿੱਟੀ ਦੇ ਗਾਰੇ ਦੇ ਨਾਲ ਮਿਲਾ ਕੇ ਇੱਟਾਂ ਦੇ ਜੋੜ ਵਿੱਚ ਜੰਮ ਜਾਂਦਾ ਹੈ। ਕਿਤੇ ਵੀ ਪੱਥਰ ਦਾ ਪ੍ਰਯੋਗ ਨਹੀਂ ਹੋਇਆ ਕਿਤੇ ਵੀ ਖਿੜਕੀ ਨਹੀਂ ਮਿਲੀ। ਛੱਤ ਦੇ ਕੋਲ ਰੌਸ਼ਨਦਾਨ ਜਰੂਰ ਮਿਲਦੇ ਹਨ। ਘਰ 'ਚ ਇੱਕ ਦਰਵਾਜਾ ਜੋ ਗਲੀ ਵੱਲ ਹੁੰਦਾ ਸੀ। ਵੱਡੇ ਘਰਾਂ ਅਤੇ ਗਲੀਆਂ ਦੇ ਕਿਨਾਰੇ ਚੌਂਕੀਦਾਰੀ ਲਈ ਕੋਠੜੀ ਬਣਾਈ ਹੁੰਦੀ ਸੀ । ਹਰ ਭਾਗ ਨੂੰ ਵਾਰਡ ਵਿੱਚ ਵੰਡਿਆਂ ਹੁੰਦਾ ਸੀ। ਰਾਤ ਨੂੰ ਦੇਖਭਾਲ ਲਈ ਚੋਂਕੀਦਾਰੀ ਕੀਤੀ ਜਾਂਦੀ ਸੀ। ਮਕਾਨ ਬਹੁਤ ਸੁੰਦਰ ਦਿੱਸਦੇ ਸੀ ਘਰਾਂ ਦੇ ਫਰਸ਼ ਦਾ ਮਾਪ ਇਕੋ ਜਿਹਾ ਹੁੰਦਾ ਸੀ ।ਇੱਕ ਵੱਡੇ ਘਰ ਦਾ ਮਾਪ ਇਸ ਤੋਂ ਦੁਗਣਾ ਸੀ। ਘਰ ਦੀ ਦੋ ਦੀਵਾਰਾ ਵਿਚਕਾਰ ਇੱਕ ਫੁੱਟ ਦਾ ਸਥਾਨ ਰੱਖਿਆ ਜਾਂਦਾ ਸੀ, ਅਤੇ ਪਤਲੀ ਗਲੀ ਅੱਗੋ ਬੰਦ ਕਰ ਦਿੱਤੀ ਜਾਂਦੀ ਸੀ ਉੱਪਰ ਜਾਣ ਲਈ ਲੱਕੜੀ ਦੀਆਂ ਪੌੜੀਆਂ ਹੁੰਦੀਆਂ ਸੀ।

ਘਰਾਂ ਦੀ ਛੱਤ ਚਕੌਰ ਸੀ। ਛੱਤ ਤੋਂ ਵਾਰਸ਼ ਦਾ ਪਾਣੀ ਮਿੱਟੀ ਦੇ ਪੱਕੇ ਪਾਇਪਾ ਪਰਨਾਲਿਆ ਰਾਹੀਂ ਹੇਠਾਂ ਲਿਆਇਆ ਜਾਂਦਾ ਸੀ ਲੱਕੜੀ ਦੀ ਚੋਗਾਠ ਉਪਰ ਦਰਵਾਜੇ ਲਗਾਏ ਜਾਂਦੇ ਸੀ। ਹਰ ਘਰਾਂ ਚ ਰਸੋਈ ਪਾਈ ਗਈ ਹੈ। ਇੱਟਾ ਦੇ ਬਣੇ ਚੁੱਲੇ ਦਾ ਪ੍ਰਯੋਗ ਕੀਤਾ ਜਾਂਦਾ ਸੀ ਜਿਸ ਵਿੱਚ ਲਕੜੀ ਜਲਾਈ ਜਾਂਦੀ ਸੀ। ਇਥੇ ਤੰਦੂਰ ਵੀ ਮਿਲਿਆ ਜਿਸ ਚ ਲਕੜੀ ਪਾ ਕੇ ਅੱਜ ਦੇ ਪੰਜਾਬ ਵਾਂਗ ਰੋਟੀ ਪਕਾਈ ਜਾਂਦੀ ਸੀ। ਹਰ ਘਰ ਚ ਇਸ਼ਨਾਨ ਘਰ ਵੀ ਹੈ। ਉਸ ਦੇ ਫਰਸ਼ ਪੱਕੇ ਅਤੇ ਢਲਾਨ ਸਨ। ਜਿਸ ਦਾ ਪਾਣੀ ਮਿੱਟੀ ਦੇ ਪੱਕੇ ਪਾਇਪ ਦੁਆਰਾ ਬਾਹਰ ਗਲੀ ਦੀ ਨਾਲੀ ਚ ਜਾਂਦਾ ਸੀ । ਫਰਸ਼ਾਂ ਉੱਪਰ ਅੱਜ ਵੀ ਪੈਰ ਘਸਾਈ ਦੇ ਚਿੰਨ੍ਹ ਹਨ। ਹੈਰਾਨ ਕਰਨੀ ਜਾਣਕਾਰੀ ਕਿ ਕਾਲੀਵੰਗਾ ਚ ਇੱਕ ਘਰ ਜੋ ਕਮਰੇ ਅਤੇ ਬਾਥਰੂਮ ਦਾ ਫਰਸ਼ ਇੱਕ ਰੰਗ ਦੀ ਟਾਇਲ ਦੇ ਹਨ। ਇੰਗਲਿਸ਼ ਸੀਟ ਦਾ ਪ੍ਰਯੋਗ ਕੀਤਾ ਹੁੰਦਾ ਸੀ। ਸ਼ਹਿਰ ਦੇ ਉੱਤਰ ਵਲ ਵੱਡੇ ਸਟੋਰ ਪਾਏ ਗਏ। ਮੋਹਨਜੋਦੜੋ ਚ ਵੱਡਾ ਇਸ਼ਨਾਨ ਘਰ ਪਾਇਆ ਗਿਆ ਜੋ ਪੱਕੀ ਇੱਟ ਦਾ ਬਣਿਆ ਹੋਇਆ ਹੈ। 39ਫੁੱਟ 3ਇੰਚ ਲੰਬਾ ਅਤੇ 23ਫੁੱਟ 2ਇੰਚ ਚੌੜਾ ਹੈ। ਇਸ਼ਨਾਨ ਲਈ ਇੱਕ ਤਲਾਬ ਜਿਸ ਦੇ ਚਾਰੇ ਪਾਸੇ ਪੌੜੀਆਂ ਬਣਾਈਆਂ ਗਈਆ ਸੀ। ਉਤਰਨ ਲਈ ਅਤੇ ਦੱਖਣ ਪੱਛਮ ਕਿਨਾਰੇ ਤੇ ਸੁਰਾਖ ਵੀ ਸੀ। ਜੋ ਸਫਾਈ ਲਈ ਪਾਣੀ ਕੱਢਣ ਲਈ ਸੀ। ਪੱਛਮ ਦਿਸ਼ਾ ਚ ਇਕ ਨਾਲੀ ਸੀ। ਉਸ ਨਾਲ ਇਸ ਨੂੰ ਸ਼ਾਫ਼ ਕੀਤਾ ਜਾਦਾ ਸੀ ਤਲਾਬ ਦੇ ਪਿਛੇ ਇਕ ਕਮਰੇ ਵਿੱਚ ਵੱਡਾ ਖੂਹ ਸੀ।ਜਿਸ ਨਾਲ ਤਲਾਬ ਭਰਿਆ ਜਾਂਦਾ ਸੀ। ਮੋਹਨਜੋਦੜੋ ਦੇ ਦੁਰਗ ਭਾਗ ਵਿੱਚ ਇਕ ਵੱਡਾ ਅਨਾਜ ਘਰ ਗੋਦਾਮ ਸੀ।

ਜੀਵਨ ਦੀ ਖੁਸ਼ਹਾਲੀ ਲਈ ਹਰ ਤਰ੍ਹਾ ਦੀ ਖੋਜ ਕਰ ਰੱਖੀ ਸੀ। ਆਦਮੀ ਵੀ ਆਪਣੇ ਵਾਲ ਨੂੰ ਅਲੱਗ ਅਲੱਗ ਤਰ੍ਹਾ ਵਾਉਂਦੇ ਸੀ। ਨਾਰੀਆਂ ਆਪਣੇ ਵਾਲਾਂ ਨੂੰ ਕਲਿੱਪ ਅਤੇ ਪਿੰਨ ਦਾ ਪ੍ਰਯੋਗ ਕਰਦੀਆਂ ਸੀ । ਇੱਕ ਬਹੁਤ ਸੁੰਦਰ ਹਾਥੀ ਦੇ ਦੰਦ ਦੀ ਕੰਘੀ ਦੋ ਤਰ੍ਹਾਂ ਦੇ ਦੰਦ ਹਨ ਅਤੇ ਇਕ ਨੌਜਵਾਨ ਲੜਕੀ ਦੇ ਕਰੀਬ ਪਈ ਹੋਈ ਮਿਲੀ। ਇਸ ਪ੍ਰਕਾਰ ਪਿੱਤਲ ਕਾਂਸੇ ਲਈ ਸਟੀਟ ਇੱਟ ਅਤੇ ਫਿਯਾਪ ਦੇ ਬਣੇ ਬਟਨ ਵੀ ਪ੍ਰਾਪਤ ਹੋਏ। ਛੋਟੇ ਅਕਾਰ ਦੇ ਸ਼ੀਸ਼ੇ ਪਿੱਤਲ ਦੇ ਬਣੇ ਹੋਏ ਜਿਹਨਾਂ ਨੂੰ ਲੱਕੜੀ ਦੇ ਸਵੈਚ ਲੱਗੇ ਹੋਏ ਹਨ। ਮੋਹਨਜੋਦੜੋ ਇਕ ਸੰਦੂਕ ਪ੍ਰਾਪਤ ਹੋਇਆ ਹੈ। ਜਿਸ ਵਿੱਚ ਪਾਊਂਡਰ ਵਰਗੀ ਵਸਤੂ, ਤਾਂਬੇ ਦੀ ਸੁਰਮਾ ਪਾਉਣ ਵਾਲੀ ਸਿਲਾਈ ਅਤੇ ਤਾਂਬੇ ਦੀ ਕੰਘੀ ਅਤੇ ਸੁਰਮੇ ਦਾਨੀਆ ਵੀ ਮਿਲੀਆਂ ਹਨ। ਜਿਸ ਨਾਲ ਔਰਤਾਂ ਆਪਣਾ ਸ਼ਿੰਗਾਰ ਕਰਦੀਆਂ ਸਨ। ਆਪਣੇ ਬੁੱਲਾਂ ਉੱਪਰ ਸੁਰਖੀਂ ਲਗਾਉਦੀਆਂ ਸਨ। ਔਰਤਾਂ ਅਤੇ ਮਰਦ ਦੋਨੇ ਗਹਿਣੇ ਦਾ ਪ੍ਰਯੋਗ ਕਰਦੇ ਸਨ। (ਜਿਸ ਵਿੱਚ ਸੋਨਾ, ਚਾਂਦੀ ਸੰਖ, ਸੀਪ ਅਤੇ ਕੀਮਤੀ ਪੱਥਰ ਸ਼ਾਮਿਲ)। ਕਿਸੇ ਤਰ੍ਹਾਂ ਭੇਦ-ਭਾਵ ਨਹੀਂ ਪਾਇਆ ਜਾਂਦਾ ਅਮੀਰ ਗਰੀਬ ਇਕ ਸਥਾਨ ਉੱਪਰ ਇਕੱਠੇ ਰਹਿੰਦੇ ਸੀ। ਸ਼ਕਿਤ ਮਾਤਾ, ਪੂਜਪਤੀ ਨਾਥ ਅਤੇ ਬਣਨਾਥ ਦੇ

ਦੇਵਤਾ ਦੀ ਪੂਜਾ ਕਰਦੇ ਸੀ। ਅੱਜ ਵੀ ਇਨ੍ਹਾਂ ਦੁਆਰਾ ਦਿੱਤਾ ਗਿਆ ਗਿਆਨ ਸਾਰੇ ਸੰਸਾਰ ਚ ਮੌਜੂਦ ਹੈ। ਮੱਝ ਅਤੇ ਸੁਅਰ ਵੀ ਸੀ। ਜਿਸ ਦੀਆਂ ਹੱਡੀਆਂ ਖੁਦਾਈ ਤੋਂ ਪ੍ਰਾਪਤ ਹੋਈਆਂ ਹਨ।

ਊਠ, ਘੋੜੇ, ਗਧੇ ਅਤੇ ਹਾਥੀ ਵੀ ਪਾਲਦੇ ਸਨ। ਜੰਗਲੀ ਪਸ਼ੂਆਂ 'ਚ ਮੱਝ, ਗੈਂਡਾ, ਚੀਤਾ, ਸਾਭਰਾ,ਹਿਰਨ ਅਤੇ ਬਾਰਾ ਸਿੰਘਾ ਦੇ ਵੀ ਪ੍ਰਮਾਣ ਮਿਲਦੇ ਹਨ । ਘਰੇਲੂ ਪਸ਼ੂਆਂ 'ਚ ਬਿੱਲੀ ਸੀ। ਜੋ ਚੂਹੀਆਂ ਨੂੰ ਫੜਨ 'ਚ ਉਪਯੋਗੀ ਹੁੰਦੀ ਸੀ ਕੁੱਤਾ ਅਤੇ ਬਿੱਲੀ ਦੇ ਚਿੰਨ੍ਹ ਮਿਲਦੇ ਹਨ। ਖੇਤੀ ਲਈ ਲਕੜੀ ਦੇ ਹਲ ਦਾ ਪ੍ਰਯੋਗ ਹੁੰਦਾ ਸੀ। ਲੋਥਲ 'ਚ ਬੀਜ ਬੀਜਣ ਦਾ ਯੰਤਰ ਵੀ ਦਿਖਾਈ ਦਿੰਦਾ ਹੈ। ਮੋਹਨਜੋਦੜੋ ਦੇ ਵਿੱਚ ਖਜੂਰ ਦੀਆਂ ਗਿੱਟਕਾਂ ਵੀ ਮਿਲੀਆ ਹਨ। ਖੁਦਾਈ ਤੋਂ ਪ੍ਰਾਪਤ ਬਰਤਨਾਂ ਉੱਪਰ ਖਜੂਰ ,ਨਾਰੀਅਲ ਦੇ ਚਿੱਤਰ ਹਨ। ਮੂਰਤੀ ਕਲਾ ਵਿੱਚ ਵੀ ਇਸ ਦੀ ਤਰੱਕੀ ਲਾ ਜਵਾਬੀ ਸੀ। ਮੋਹਨਜੋਦੜੋ ਦੇ ਭਾਗ ਵਿੱਚ ਸਾਢੇ ਚਾਰ ਇੰਚੀ ਉੱਚੀ ਪਿੱਤਲ ਦੀ ਨੱਚਦੀ ਹੋਈ ਲੜਕੀ ਦੀ ਮੂਰਤੀ ਮਿਲੀ ਹੈ। ਜੋ ਮੂਰਤੀ ਮਾਹਰ ਸੀ । ਅਲੱਗ-ਅਲੱਗ ਰੂਪਾਂ ਚ ਪਸ਼ੂਆਂ ਅਤੇ ਦਰਖੱਤਾਂ ਦੇ ਚਿੱਤਰ ਜੋ ਬਹੁਤ ਜ਼ਿਆਦਾ ਮਾਤਰ੍ਹਾ ਚ ਮਿਲੇ। ਮਿੱਟੀ ਦੇ ਬਰਤਨਾਂ ਤੇ ਚਿੱਤਰਾ ਦੀ ਕੋਈ ਕਮੀ ਨਹੀਂ ਹੈ। ਧਾਤੂਆਂ ਨੂੰ ਢਾਲ ਕੇ ਵਸਤੂਆਂ ਦਾ ਨਿਰਮਾਣ ਕਰਦੇ ਸੀ ਮੋਮ ਨੂੰ ਢਾਲਕੇ ਮੋਮਬੱਤੀਆਂ ਵੀ ਬਣਾਉਂਦੇ ਸੀ। ਜੋ ਹੈਰਾਨ ਕੁੰਨ ਕੰਮ ਹੈ। ਮਿੱਟੀ ਦੇ ਤੇਲ ਦੇ ਦੀਵੇ ਵੀ ਮਿਲੇ ਹਨ।

??

## ਹਵਾਲੇ

(1) ਭਾਰਤੀ ਲੋਕ ਨੀਚ ਕਿਵੇਂ ਬਣੇ?

(2) ਭਾਰਤ ਦਾ ਇਤਿਹਾਸ:ਹਰਿਆਣਾ ਵਿਸਵ ਵਿਦਿਆਯ

(3) ਰਿਗਵੇਦਕ ਆਰੀਆ: ਰਾਹੁਲ ਸਾਂਕ੍ਰਤਾਯਨ

(4) ਭਾਰਤੀ ਲੋਕ ਨੀਚ ਕਿਵੇਂ ਬਣੇ?

(5) ਰਿਗਵੇਦਕ ਆਰੀਆ: ਰਾਹੁਲ ਸਾਂਕ੍ਰਤਾਯਨ

(6) ਸਿੰਧੂ ਘਾਟੀ ਦੇ ਸਿਰਜਨਕਰਤਾ: ਡਾ. ਨਵਲ ਵਿਯੋਗੀ

# 7. ਆਰੀਆ ਦਾ ਪ੍ਰਵੇਸ਼

**ਭਾਰਤ ਜਿਸਨੂੰ ਚਵਰ ਦੀਪ ਵੀ ਕਿਹਾ ਜਾਂਦਾ ਸੀ।** ਭਾਰਤ ਜਿਸ ਦਾ ਨਾਮ ਸਾਡੇ ਆਦਿ ਪੁਰਖਿਆਂ ਨੇ ਇਕ ਵਿਸ਼ਾਲ ਅਤੇ ਬੇਹੱਦ ਕੀਮਤੀ ਸੱਭਿਅਤਾ ਦੀ ਉਸਾਰੀ ਅਤੇ ਤਰੱਕੀ ਨੂੰ ਪੂਰੇ ਵਿਸ਼ਵ ਵਿੱਚ ਚਮਕਾਇਆ ਹੈ । ਉਹ ਅਦਭੁੱਤ ਹੈਰਾਨ ਕਰਦੀ ਤਰੱਕੀ ਦੀ ਮਿਸਾਲ ਪੈਦਾ ਕੀਤੀ ਜਿਸ ਦੀ ਸ਼ਾਨ ਵਿੱਚ ਪ੍ਰਸਿੱਧ ਵਿਦਵਾਨ ਜਾਨ ਮਾਰਸ਼ਲ ਲਿਖਦਾ ਕਿ :-

" ਇਹ ਗਹਿਣੇ (ਜੋ ਸਿੰਧੂ ਘਾਟੀ ਦੇ ਮਹਾਨਗਰ ਵਿੱਚ ਪਾਏ ਗਏ ਜਿਸ ਦੀ ਵਰਤੋਂ ਉਸ ਸਮੇਂ ਦੇ ਲੋਕ ਕਰਿਆ ਕਰਦੇ ਸਨ।) ਇਨੇ ਸੁੰਦਰ ਹਨ ਇਸ ਤਰ੍ਹਾਂ ਲਗਦਾ ਕਿ ਪੰਜ ਹਜ਼ਾਰ ਸਾਲ ਪੁਰਾਣੀ ਨਗਰੀ ਦੇ ਨਹੀਂ, ਇਹ ਨਿਊਯਾਰਕ ਦੀ ਕਿਸੇ ਫੈਸ਼ਨਾਂ ਦੀ ਦੁਕਾਨ ਤੋਂ ਹੁਣੇ ਪ੍ਰਾਪਤ ਹੋਏ ਹੈ"।[1]

"ਆਰੀਆ ਲੋਕ ਲੁਟੇਰੇ ਸੀ। ਆਪਣੇ ਨਾਲ ਤੇਜ ਤਰ੍ਹਾਰ, ਪਸ਼ੂ ਘੋੜੇ ਲਿਆਏ ਸੀ। ਘੋੜਿਆਂ ਦੀ ਸਹਾਇਤਾ ਨਾਲ ਖੇਤਰੀ (ਮੂਲ ਨਿਵਾਸੀ ਸਿੰਧੂ ਵਾਰਸਾਂ) ਨੂੰ ਲੋਕਾਂ ਦੇ ਪਸ਼ੂ ਲੁੱਟ ਲੈਂਦੇ ਸੀ ਅਤੇ ਭੁੰਨ ਕੇ ਖਾਂਦੇ ਸੀ। ਜਿਸ ਨੂੰ ਬਾਅਦ ਵਿੱਚ ਯੱਗ ਦਾ ਰੂਪ ਦੇ ਦਿੱਤਾ ਗਿਆ। ਆਪਣੇ ਆਪ ਨੂੰ ਆਰੀਆ ਕਹਿਣ ਵਾਲੇ ਲੋਕ ਲੁਟੇਰੇ ਅਤੇ ਅਸੱਭਿਅਕ (ਜਾਨਵਰ) ਸੀ[2]।"

"ਆਰੀਆ ਲੋਕ ਭਾਰਤ ਵਿੱਚ ਸਭ ਤੋਂ ਪਹਿਲਾ ਉੱਤਰ ਪੂਰਵ ਵਸਨੀਕ ਸਨ"।[3]

"ਉੱਤਰ ਵਲੋਂ ਆਰੀਆ ਨੇ ਦਰਾਵੜ ਲੋਕਾਂ ਤੇ ਹਮਲਾ ਕੀਤਾ ਜਰੂਰ ਹੀ ਆਰੀਆ ਲੋਕਾਂ ਦਾ ਮੱਧ ਏਸ਼ਿਆ ਵੱਡਾ ਸਮੂਹ ਹੋਵੇਗਾ"[4]। ਜਦੋ ਆਰੀਆ ਲੋਕ ਭਾਰਤ ਜਿਸ ਨੂੰ ਚਵਰਦੀਪ ਵੀ ਦੀ ਵਿਕਸਿਤ ਸੱਭਿਅਤਾ। ਸਿੰਧੂ ਘਾਟੀ ਦੇ ਵਿਸ਼ਾਲ ਘੇਰੇ ਵਿਚ ਪ੍ਰਵੇਸ਼ ਕੀਤਾ ਤਾ ਉਹ ਹੈਰਾਨ ਪ੍ਰੇਸ਼ਾਨ ਰਹਿ ਗਏ। ਇਹ ਤੱਥ ਨੂੰ ਇਤਿਹਾਸਕਾਰਾਂ ਨੇ ਮੰਨਿਆ ਹੈ ਕਿ ਆਰੀਆ ਬਿਲਕੁਲ ਅਸੱਭਿਅਕ ਲੋਕ ਸੀ। ਇਹ ਚੋਰ, ਲੁਟੇਰੇ, ਅਤੇ ਚਰਵਾਹੇ ਸਨ। ਦੂਸਰੀ ਤਰਫ਼ ਅਸੀਂ ਦੇਖ ਸਕਦੇ ਹਾਂ ਕਿ ਆਰੀਆ ਮੂਲ ਦੇ ਖੁਦ ਬ੍ਰਾਹਮਣ ਜਾਤੀ ਵਿਦਵਾਨਾਂ ਬੇਝਿਜਕ ਸਵਿਕਾਰਿਆ ਹੈ ਕਿ ਭਾਰਤੀ ਮੂਲ ਦੇ ਲੋਕ, ਸਿੰਧੂ ਘਾਟੀ ਦੇ ਵਸ਼ਿੰਦੇ ਤਰੱਕੀ ਦੇ ਰਾਹ ,ਅਮਨ ਚੈਨ, ਖੁਸ਼ਹਾਲੀ ਦੇ ਸ਼ੌਕੀਨ ਸਨ। ਜਿਹਨਾਂ ਵਿਚ ਕੋਈ ਭੇਦ-ਭਾਵ ਨਹੀਂ ਪਾਇਆ ਗਿਆ। ਆਰੀਆ ਦੇ ਆਉਣ ਤੋਂ ਪਹਿਲਾਂ ਇਹਨਾਂ ਲੋਕਾਂ ਦੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਵਿਵਸਥਾ ਕਾਇਮ ਸੀ। ਉਹ ਵਿਵਸਥਾ ਬਹੁਤ ਲਾਜਵਾਬ ਸੀ। ਵਿਵਸਥਾ ਦੀ ਕਹਾਣੀ ਦਰਸਾਂਉਦੀ ਹੈ ਕਿ ਇਹਨਾਂ ਦੀ ਧਰਤੀ ਸੋਨੇ ਦੀ ਚਿੜੀ ਕਹਾਉਂਦੀ ਸੀ। ਇਹ ਸਕੂਨ ਅਤੇ ਅਮਨ ਪਸੰਦ ਲੋਕ ਸੀ। ਇਸ ਦੇ ਮਹਾਨ ਰਾਜਿਆਂ ਦੀ ਮਿਹਨਤ ਅਤੇ ਸੂਝ ਬੂਝ ਸਦਕਾ ਹੀ ਦੁਨੀਆਂ ਦੀ ਸਭ ਤੋਂ ਉਤਮ ਸੱਭਿਅਤਾ ਦਾ ਮਾਣ ਪ੍ਰਾਪਤ ਹੈ। **ਇਹਨਾਂ ਦੀ ਵਿਵਸਥਾ 'ਚ ਬੱਧੀ ਸੱਭਿਅਤਾ ਨੂੰ ਦੁਨੀਆਂ ਦੇਖ ਕੇ ਅੱਜ ਵੀ ਹੈਰਾਨ ਹੁੰਦੀ , ਇਹਨਾਂ ਦੀਆਂ ਖੋਜਾਂ ਅਤੇ ਸੋਚਾਂ ਤੋਂ, ਇਹਨਾਂ ਲੋਕਾਂ ਦੇ ਪ੍ਰਬੰਧ 'ਤੇ ਤਰੱਕੀ ਦਾ ਵਿਸ਼ਾਲ ਗਹਿਰਾ ਸਾਗਰ ਜਿਸ ਵਿਚ ਸਾਰੀ ਦੁਨੀਆਂ ਸਮਾ ਜਾਣਾ ਚਾਹੁੰਦੀ ਹੈ।**

ਸਿੰਧੂ ਘਾਟੀ ਦੇ ਆਖਰੀ ਰਾਜਿਆਂ ਵਿਚ ਰਾਜਾ ਚੁਮੁਰ ਦਾ ਉਲੇਖ ਮਿਲਦਾ ਹੈ। ਜੋ ਮੂਲ ਵਾਸੀ ਇਸ ਧਰਤੀ ਦਾ ਪੁੱਤਰ ਅਤੇ ਆਪਣੇ ਪੁਰਖਿਆਂ ਦੀ ਵਿਰਾਸਤ ਦਾ ਵਾਰਿਸ ਸੀ। ਜਿਸ ਦੀ ਰਾਜ ਵਿਵਸਥਾ 'ਚ ਲੋਕ ਖੁਸ਼ੀ ਅਤੇ ਖੁਸ਼ਹਾਲੀ ਦੇ ਅਣਗਿਣਤ ਭੰਡਾਰ ਵਿਕਸਿਤ ਸਨ। **ਜਿਸ ਦੀ ਰਾਜ ਵਿਵਸਥਾ ਤੋਂ ਹੈਰਾਨ ਹੋ ਕੇ ਵਿਦੇਸ਼ੀ ਆਰੀਆ ਲੋਕਾਂ ਨੂੰ ਵੀ**

**ਕਹਿਣਾ ਪਿਆ (ਚੰਵਰ ਪੂਰਾਣ ਵਿਚ ਕਿਹਾ ਗਿਆ ਹੈ ਕਿ 3 ਕਰੋੜ 64 ਲੱਖ 85 ਹਜ਼ਾਰ 726 ਸਾਲ ਤੱਕ ਧਰਤੀ ਓੱਪਰ ਚਮਾਰ ਜਾਤੀ ਦਾ ਰਾਜ ਰਿਹਾ [5]। ਇਹ ਗੱਲ ਸਵਿਕਾਰ ਨਹੀ ਕੀਤੀ ਜਾ ਸਕਦੀ ਕਿਉਂਕਿ ਇਹ ਬੇਤਰਕ ਹੈ। ਪਰ ਇਸ ਗੱਲ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਧਰਤੀ ਦੇ ਆਦਿ ਤੋਂ ਹੀ ਇਹਨਾਂ ਲੋਕਾਂ ਦਾ ਰਾਜ ਰਿਹਾ ਹੈ।) ਇਹ ਲੋਕ ਇਸ ਧਰਤੀ ਦੇ ਰਾਜੇ ਹਨ। ਭਾਰਤ ਵਿਚ ਆਰੀਆ ਨੇ ਇਸ ਧਰਤੀ ਦੇ ਰਾਜਿਆ ਨੂੰ ਬਰਬਾਦ ਕਰਨ ਲਈ ਲਗਾਤਾਰ ਨੀਤੀਆ ਦਾ ਨਿਰਮਾਣ ਕੀਤਾ।** 'ਪੰਡਿਤ ਜਵਾਹਰ ਲਾਲ ਨਹਿਰੂ' ਆਪਣੀ ਕਿਤਾਬ 'ਚ ਲਿਖਦੇ ਹਨ "ਆਰੀਆ ਦੇ ਭਾਰਤ ਵਿਚ ਆਉਣ ਨਾਲ ਨਵੀਆ ਸਮਾਜਿਕ ਅਤੇ ਰਾਜਨੀਤਿਕ ਸਮੱਸਿਆ ਖੜੀਆਂ ਹੋ ਗਈਆ।"

ਕੇ. ਸੀ. ਮਿਸ਼ਰਾ ਪੁਸਤਕ ਮਹਾਂਰਾਸ਼ਟਰ ਦੇ ਕਬੀਲੇ 'ਚ ਲਿਖਦੇ ਹਨ ਕਿ "ਆਰੀਆ ਦੇ ਮੂਲ ਨਿਵਾਸੀ ਲੋਕਾਂ ਦੀ ਪਛਾਣ ਨੂੰ ਤਬਾਹ ਕਰ ਦਿੱਤਾ ਅਤੇ ਪੁਰਖੀ ਆਧਾਰ ਤੇ ਵਸ਼ਿੰਦੇ ਕਬੀਲੇ ਨੂੰ ਜਾਤੀ ਅਧਾਰ ਵੰਡ ਕੇ ਰੱਖ ਦਿੱਤਾ" [6]।

**ਇਹ ਹਮਲਾਵਰ ਆਰੀਆ ਹਨ ਜਿਹਨਾਂ ਨੇ ਔਰਤਾਂ ਨੂੰ ਗੁਲਾਮ ਬਣਾ ਲਿਆ, ਸਿੰਧੂ ਘਾਟੀ ਸੱਭਿਅਤਾ ਨੂੰ ਤਬਾਹ ਕਰ ਦਿੱਤਾ [7]। ਇਹ ਗੈਰ-ਮਨੁੱਖੀ ਆਰੀਆ ਵਿਚਾਰਧਾਰਾ ਸੀ।** ਜਿਸ ਨੇ ਸਤੀ ਪ੍ਰਥਾ ਅਤੇ ਜਾਤੀ ਪ੍ਰਥਾ ਨੂੰ ਜਨਮ ਦਿੱਤਾ । ਆਰੀਆ ਭਾਰਤ ਵਿਚ ਆਏ ਇਤਿਹਾਸਕਾਰਾ ਨੇ ਮੰਨਿਆ ਹੈ ਕਿ ਉਹਨਾਂ ਨੇ ਕਿਸੇ ਵੀ ਵਿਸ਼ੇਸ਼ ਸੱਭਿਅਤਾ ਨੂੰ ਪੈਦਾ ਨਹੀਂ ਕੀਤਾ। **ਸਗੋਂ ਭਾਰਤੀ ਮੂਲ-ਨਿਵਾਸੀ ਦੀ ਮਹਾਨ ਸੱਭਿਅਤਾ ਨੂੰ ਅਪਣੀ ਅਗਿਆਨਤਾ ਵਿਚ ਮਹਾਨ ਚਮਾਰ ਸਮਰਾਟ ਚੁਮੁਰ ਦੇ ਪੁਰਖਿਆਂ ਤੇ ਉਸ ਦੀ ਵਿਰਾਸਤ ਦੀ ਅਮੀਰ ਸੱਭਿਅਤਾ ਨੂੰ ਡਬੋ ਦਿੱਤਾ ।** ਇਤਿਹਾਸ ਨੇ ਇਹ ਗੱਲ ਪ੍ਰਵਾਨ ਕੀਤੀ ਹੈ ਕਿ ਰਾਜਾ ਚੁਮੁਰ ਦਾ ਰਾਜ ਵਿਸ਼ਵ ਦਾ ਸਭ ਤੋਂ ਉੱਤਮ ਰਾਜ ਦਾ ਦਰਜਾ ਪ੍ਰਾਪਤ ਸੀ। ਇਸ ਨੂੰ ਮੱਧ-ਏਸ਼ੀਆ ਤੋਂ ਆਏ ਹਮਲਾਵਰਾਂ ਨੇ ਸਿਰਫ ਹਰਾ ਕੇ ਗੁਲਾਮ ਬਣਾ ਕੇ ਮਿਟਾਉਣ ਦਾ ਬਹੁਤ ਘਟੀਆ ਕੰਮ ਕੀਤਾ। " ਮੱਧ ਏਸ਼ੀਆ ਦਾ ਵਿਚਾਰ ਆਰੀਆ ਦਾ ਮੁੱਖ ਭਾਗ ਉੱਤਰ-ਪੱਛਮ ਵੱਲ ਗਿਆ। ਯੂਰਪ ਦੇ ਆਰੀਆ ਕੈਸੀਪਯਨ ਸਾਗਰ ਦੇ ਦੱਖਣ ਤੋਂ ਹੋ ਕੇ ਏਸ਼ੀਆ ਮਾਈਨਰ ਦੇ ਰਾਹ ਯੂਨਾਨ ਅਤੇ ਇਟਲੀ ਚਲੇ ਗਏ ਇਹਨਾਂ ਦਾ ਇਕ ਸਮੂਹ ਉਤਰ ਪੱਛਮ ਦੇ ਰਾਹ ਤੋਂ ਹੋ ਕੇ ਭਾਰਤ ਆ ਗਏ। [8]"ਸਿੰਧੂ ਘਾਟੀ ਭਾਰਤ ਦੇ ਮੂਲ ਨਿਵਾਸੀ ਲੋਕਾਂ ਦੀ ਵਿਕਸਤ ਸੱਭਿਅਤਾ ਸੀ। ਜਿਸ ਨੂੰ ਭਾਰਤ ਦੇ ਬਾਹਰ ਦੇ ਆਰੀਆ ਨੇ ਹਮਲਿਆਂ ਅਤੇ ਲੜਾਈਆਂ ਕਰਕੇ ਤਹਿਸ -ਨਹਿਸ ਕਰ ਦਿਤਾ। ਇਤਿਹਾਸ ਵਿਚ ਹੋਰ ਵੀ ਅਜਿਹੇ ਬਹੁਤ ਸਬੂਤ ਮਿਲਦੇ ਹਨ। ਜਿਹਨਾਂ ਨੂੰ ਸਮਝਿਆ ਪਰਖਿਆ ਜਾ ਸਕਦਾ ਹੈ।

(1) ਸਿੰਧੂ ਘਾਟੀ ਦੇ ਸਿਰਜਣਕਰਤਾ: ਡਾ. ਨਵਲ ਵਿਯੋਗੀ

(2)ਆਰੀਅਨ : ਪੰਡਿਤ ਬਾਲ ਗੰਗਾ ਧਰ ਤਿਲਕ

(3)ਪਿਤਾ ਕੀ ਔਰ ਸੇ ਪੁੱਤਰੀ ਕੋ ਪੱਤਰ: ਪੰਡਤ ਜਵਾਹਰ ਲਾਲ ਨਹਿਰੂ

(4)ਚਵਰ ਪੂਰਾਣ ਅਧਾਰਿਤ

(5)ਮਹਾਂਰਾਸ਼ਟਰ ਦੇ ਕਬੀਲੇ:ਕੇ.ਸੀ.ਮਿਸ਼ਰਾਂ

(6) ਭਾਰਤ ਦਾ ਇਤਿਹਾਸ: ਭਾਗੀਰਥ

(7)ਦਲਿਤ ਵਾਇਸ ਅੰਕ

(8)Lecture on the science of language : Maxmuller

# 8. ਆਰੀਆ ਦੀ ਡੀ.ਐਨ.ਰਿਪੋਰਟ[1]

ਅੱਜ ਜਦੋ ਯੂਰੇਸ਼ੀਅਨ ਪ੍ਰਾਂਤ ਵਿੱਚ ਮੋਹਵਾ ਸਮੂਹ ਰਸ਼ੀਆ ਦੇ ਪਾਸ ਕਾਲਾ ਸਾਗਰ (Area) ਏਰੀਆ ਵਿੱਚ ਆਈਮਕੌਮੋਕੀ ਭੂਗੋਲਿਕ ਖੇਤਰ ਵਿੱਚ ਮੋਰੂ ਨਾਮ ਦਾ ਡੀ.ਐਨ.ਏ ਭਾਰਤ ਵਿੱਚ ਵਸਦੇ ਬ੍ਰਾਹਮਣ (ਆਰੀਆ) ਨਾਲ ਮਿਲਿਆ ਪਾਇਆ ਗਿਆ ਹੈ। ਡੀ.ਐਨ.ਏ ਦੀ ਟੈਸਟ ਰਿਪੋਰਟ ਨੇ ਸਿੱਧ ਕਰ ਦਿੱਤਾ ਕਿ ਬ੍ਰਾਹਮਣ ਲੋਕ ਵਿਦੇਸ਼ੀ ਹਨ ਭਾਰਤੀ ਮੂਲ ਦੇ ਨਹੀਂ । ਇਕ ਸਮਾਂ ਸੀ ਜਦੋਂ ਵਿਦਵਾਨ, ਇਤਿਹਾਸਕਾਰ ਤੱਥ ਪੇਸ਼ ਕਰਦੇ ਸਨ। ਆਰੀਆ ਦੇ ਲਿਖੇ ਗ੍ਰੰਥਾਂ ਦੇ ਹਵਾਲੇ ਪੇਸ਼ ਵੀ ਕਰਦੇ ਸਨ। ਪਰ ਆਰੀਆ ਨਾਮ ਦੇ ਵਿਦੇਸ਼ੀ ਬ੍ਰਾਹਮਣ ਇਹ ਗੱਲ ਮੰਨਣ ਤੋਂ ਇਨਕਾਰੀ ਹੁੰਦੇ ਸਨ। ਖੁਦ ਨੂੰ ਭਾਰਤੀ ਮੂਲ ਦੇ ਸਿੱਧ ਕਰਦੇ ਸਨ। ਪਰ ਅੱਜ ਜਦੋ ਰਗਾਂ 'ਚ ਦੌੜਦਾ ਖੂਨ ਆਪਣੇ ਵਿਦੇਸ਼ੀ ਹੋਣ ਦੇ ਪ੍ਰਮਾਣ ਦੇ ਰਿਹਾ ਤਾ ਬ੍ਰਾਹਮਣ ਵਿਦੇਸ਼ੀ ਆਰੀਆ ਲੋਕ ਇਸ ਦਾ ਵਿਰੋਧ ਕਰ ਰਹੇ ਹਨ । ਇਹ ਲੋਕ ਇਸ ਨੂੰ ਮੰਨਣ ਤੋਂ ਇਨਕਾਰੀ ਨੇ ਬੇਸ਼ੱਕ ਸਾਰੀ ਦੁਨੀਆਂ ਦੇ ਨਾਲ ਭਾਰਤ ਦੀ ਸੁਪਰੀਮ ਕੋਰਟ ਨੇ ਇਸ ਨੂੰ ਮਾਨਤਾ ਦੇ ਦਿਤੀ ਹੈ।

99.90% ਬ੍ਰਾਹਮਣ ਦਾ ਡੀ .ਐਨ.ਏ ਯੂਰੇਸ਼ੀਅਨ ਲੋਕਾਂ ਨਾਲ ਮਿਲਿਆ ।

99.88% ਖੱਤਰੀਆ ਦਾ ਡੀ .ਐਨ.ਏ ਯੁਰੇਸ਼ੀਆ ਲੋਕਾਂ ਨਾਲ ਮਿਲਿਆ ।

99.86% ਵੈਸ਼ ਦਾ ਡੀ .ਐਨ.ਏ ਯੁਰੇਸ਼ੀਆ ਲੋਕਾਂ ਨਾਲ ਮਿਲਿਆ

**ਇਕ ਹੈਰਾਨ ਕਰ ਦੇਣ ਵਾਲੀ ਗੱਲ ਸਾਹਮਣੇ ਆਈ ਕਿ ਜੋ ਬ੍ਰਾਹਮਣ ਦੇ ਘਰ ਦੀਆ ਔਰਤਾਂ ਹਨ ਉਹਨਾਂ ਦਾ (D.N.A) ਐਸ.ਸੀ(S.C), ਐਸ.ਟੀ.(S.T), ਓ.ਬੀ.ਸੀ (O.B.C) ਨਾਲ ਮਿਲਦਾ ਹੈ । ਬੇਸ਼ੱਕ ਉਹ ਮਹਿਲਾ ਉਸ ਦੀ ਮਾਂ, ਪਤਨੀ ਜਾ ਬੇਟੀ ਕਿਉ ਨਾ ਹੋਵੇ ਉਸ ਦਾ ਡੀ .ਐਨ.ਏ ਸ਼ੂਦਰ ਹੈ। ਇਸੇ ਕਰਕੇ ਹੀ ਬ੍ਰਾਹਮਣ ਦੇ ਧਰਮ ਗ੍ਰੰਥਾਂ ਚ ਦਰਜ ਜੋ ਔਰਤ ਅਤੇ ਸ਼ੂਦਰ ਪ੍ਰਤੀ ਨਫਰਤ ਦੀ ਭਾਵਨਾ ਪਾਈ ਜਾਦੀ ਹੈ ।** ਡੀ.ਐਨ ਦੀ ਰਿਪੋਰਟ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਆਰੀਆ ਲੋਕ ਨੇ ਭਾਰਤੀ ਮੂਲ ਔਰਤ ਨਾਲ ਸੰਬੰਧ ਪੈਦਾ ਕੀਤੇ ਇਹ ਬਿਲਕੁਲ ਸਪੱਸ਼ਟ ਹੋ ਗਿਆ ਹੈ ਕਿ ਇਹਨਾਂ ਨੇ ਹਮਲਾਵਰ ਦੇ ਰੂਪ ਚ ਸਿੰਧੂ ਘਾਟੀ ਦੀ ਵਿਰਾਸਤ ਚ ਖੁਦ ਨੂੰ ਦਾਖਿਲ ਕੀਤਾ। ਉਹਨਾਂ ਦੀਆਂ ਔਰਤਾਂ ਨਾਲ ਸਰੀਰਕ ਸਬੰਧ ਪੈਦਾ ਕੀਤੇ। ਵਿਵਾਹ ਕਰਵਾ ਅਤੇ ਆਪਣਾ ਵੰਸ਼ ਵਧਾਇਆ ਸ਼ਾਇਦ ਇਸੇ ਕਰਕੇ **ਭਾਰਤੀ ਸੰਵਿਧਾਨ ਨਿਰਮਾਤਾ ਅਤੇ ਔਰਤਾਂ ਮੁਕਤੀ ਦਾਤਾ ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ ਜੀ[2] ਕਹਿੰਦੇ ਹਨ ਕਿ**

**" ਭਾਰਤ ਦੀ ਕ੍ਰਾਂਤੀ ਚ ਔਰਤ ਦੀ ਭੂਮਿਕਾ ਮਹੱਤਵਪੂਰਨ ਰਹੇਗੀ ਬ੍ਰਾਹਮਣਵਾਦ ਨੂੰ ਖਤਮ ਕਰਨਾ ਹੈ ਤਾਂ ਭਾਰਤ ਦੀ ਔਰਤ ਨੂੰ ਜਾਗ੍ਰਿਤ ਕਰੋ ਔਰਤ ਵੀ ਸ਼ੂਦਰ ਵਰਣ ਵਿੱਚੋ ਹੀ ਹੈ" ।**

ਆਦਮੀ ਦਾ ਆਦਮੀ ਵਿੱਚ D.N.A ਤਬਦੀਲ ਹੁੰਦਾ ਹੈ ਅਤੇ ਜੋ ਮਹਿਲਾ ਹੈ ਉਸਦਾ ਮਹਿਲਾ ਵਿਚ ਹੀ ਤਬਜਦੀਲ ਹੁੰਦਾ ਹੈ। **ਇਹੀ ਵਜਾ ਹੈ ਕਿ ਬ੍ਰਾਹਮਣ ਨੇ ਔਰਤ ਨੂੰ ਪਾਪ ਦੀ ਜੋਨੀ ਵਰਗੇ ਬੇਹੱਦ ਅਸੱਭਿਅਕ ਸਬਦਾ ਦਾ ਪਯੋਗ ਕੀਤਾ ।**

ਹਵਾਲੇ

(1)ਇੰਨਟਰਨੈਂਟ ਦੇ ਜਰੀਏ।

(2) ਡਾ.ਅੰਬੇਡਕਰ ਜੀ ਵਿਚਾਰ।

# ੭. ਵਰਣ ਤੇ ਜਾਤੀ ਦੀ ਬਣਤਰ

ਭਾਰਤ ਵਿੱਚ ਭਾਰਤੀ ਇਤਿਹਾਸਕਾਰਾਂ ਨੇ ਇਤਿਹਾਸ ਸਿਰਜਣਾ ਕੀਤੀ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਲਿਖੀਆਂ ਅਤੇ ਨਿਰਸੰਕੋਚ ਇਹ ਤੱਥ ਦੀ ਸਪੱਸ਼ਟ ਪੁਸ਼ਟੀ ਕੀਤੀ ਕਿ ਕੁਝ ਕੁ ਲੋਕਾਂ ਨੇ ਆਪਣੇ ਸਵਾਰਥ, ਸੋੜੇ ਹਿੱਤ ਲਈ ਭਾਰਤ ਦੀ ਮੂਲ ਨਿਵਾਸੀ ਮਾਨਵ ਜਾਤੀ ਨੂੰ ਇੱਕ ਨਹੀਂ ਅਨੇਕਾਂ ਵਰਣਾ ਵਿੱਚ ਵੰਡ ਦਿੱਤਾ । ਇਹਨਾਂ ਦੀ ਇਸ ਤੋਂ ਵੀ ਸੰਤੁਸ਼ਟੀ ਨਹੀਂ ਹੋ ਪਾਈ ਅਤੇ ਜਾਤਾਂ ਵਿੱਚ ਵੰਡ ਦਿੱਤਾ ਤੇ ਅੱਗੋ ਜਾਤਾਂ ਨੂੰ ਵੀ  ਕਈ ਉਪਜਾਤਾਂ ਵਿੱਚ ਵੰਡ ਕੇ ਦੁਨੀਆਂ ਦੇ ਸਭ ਤੋਂ ਕਰੂਰ ਅਤੇ ਸਖਤ ਕਾਨੂੰਨ ਦੀ ਸਿਰਜਣਾ ਕੀਤੀ। ਇਹਨਾਂ ਨੇ ਆਪਣੇ ਅਨੇਕਾਂ ਗ੍ਰੰਥਾ ਦੀ ਰਚਨਾ ਕੀਤੀ ਜਿਸ ਦਾ ਮਕਸਦ ਸਿਰਫ ਭਾਰਤ ਦੇ ਮੂਲ-ਨਿਵਾਸੀ ਸਮਾਜ ਨੂੰ ਆਪਣਾ ਗੁਲਾਮ ਬਣਾਉਣਾ ਸੀ । ਕਿਉਂਕਿ ਸਤਿਗੁਰੂ ਰਵਿਦਾਸ ਜੀ  ਮਹਾਰਾਜ ਨੇ ਆਪਣੀ ਬਾਣੀ ਵਿੱਚ ਬਿਲਕੁੱਲ ਸਾਫ਼ ਕਿਹਾ ਕਿ:-

**ਚਾਰਿਉ ਬੇਦ ਕਿਆ ਖੰਡੌਤਿ।**
**ਜਨ ਰਵਿਦਾਸ ਕਰੈ ਡੰਡੌਤਿ॥8॥**[1]

ਸਤਿਗੁਰੂ ਰਵਿਦਾਸ ਜੀ  ਮਹਾਰਾਜ ਜਿਹਨਾਂ ਨੇ ਭਾਰਤੀ ਮੂਲ-ਨਿਵਾਸੀ ਪਹਿਚਾਣ ਨੂੰ ਮੁੜ ਉਜਾਗਰ ਕੀਤਾ,  ਸ਼ੂਦਰ ਸਮਾਜ ਨੂੰ ਮੁੜ ਜਾਗ੍ਰਿਤ ਕੀਤਾ। ਆਪ ਜੀ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਵੇਦਾਂ ਦੇ ਅਧਾਰ ਤੇ ਵੰਡਣ ਵਾਲੇ ਕਰਮ-ਕਾਂਡਾ ਵਿੱਚ ਫਸਾਉਣ ਵਾਲੇ ਵੇਦਾਂ ਦਾ ਮੈਂ ਖੰਡਨ ਕਰਦਾ ਹਾ ਕਿਉਂਕਿ  ਇਹ ਮੂਲ-ਨਿਵਾਸੀ ਸਮਾਜ ਦੀ ਗੁਲਾਮੀ ਦਾ ਪ੍ਰਤੀਕ ਹੈ ।

**ਚਮਾਰ ਭਾਵ ਮਾਨਵ**
**ਚ = ਚੰਮ,**
**ਮ = ਮਾਸ,**
**ਰ = ਰਕਤ = ਮਾਨਵ ਸਰੀਰ ਦੀ ਸਿਰਜਣ ਸਿਧਾਂਤ ।**
**ਚਮਾਰ = ਮਾਨਵ ਸਾਰੀ ਸ਼੍ਰਿਸ਼ਟੀ ਚਮਾਰ ਹੈ।**

ਸਤਿਗੁਰੂ ਕਬੀਰ ਜੀ ਨੇ ਆਪਣੀ ਅੰਮ੍ਰਿਤ ਬਾਣੀ ਵਿੱਚ ਇਸ ਵਿਚਾਰ ਦੀ ਪੁਸ਼ਟੀ ਦਰਮਿਆਨ ਦਰਸਾਇਆ ਕਿ:-

**ਹਾਡ, ਮਾਸ, ਔਰ ਰਕਤ ਕਾ, ਤਨ ਕਾ ਬਣਾ ਅਕਾਰ,**
**ਆਂਖ ਪਸਾਰੇ ਦੇਖ ਜੋ ਸਾਰਾ ਜਗਤ ਚਮਾਰ॥**[2]

ਭਾਰਤ ਵਿੱਚ ਜੇ ਸ਼੍ਰਿਸ਼ਟੀ ਦੀ ਰਚਨਾ ਦਾ ਅਧਾਰ ਤਰਕ ਵਿਗਿਆਨ ਤੋਂ ਮੰਨਿਆ ਜਾਵੇ ਤਾਂ ਵੀ ਸਿਰਜਣਾ ਪੱਖੋ ਸਾਰੇ ਜੀਵ, ਸਾਰੇ ਪਸ਼ੂ-ਪੰਛੀ ਇੱਕ ਬਰਾਬਰ ਅਧਿਕਾਰਾਂ ਦੇ ਅਧਕਾਰੀ ਹਨ। ਜੇ ਸੰਸਾਰ ਦੀ ਸਿਰਜਣਾ ਦਾ ਸਿਧਾਂਤ ਪ੍ਰਮਾਤਮਾ ਨੂੰ ਮੰਨਿਆ ਜਾਵੇ ਤਾਂ ਵੀ ਸਾਰੇ ਜੀਵ ਜੰਤੂ ਇੱਕ ਬਰਾਬਰ ਤੱਤਾਂ ਤੋਂ ਬਣੇ ਅਤੇ ਇੱਕੋ ਜਿਹੇ ਅਧਿਕਾਰਾਂ ਦੇ ਅਧਿਕਾਰੀ ਹਨ। **ਆਦਿ ਮਾਨਵ ਦਾ ਨਾਮ ਵੇਖਿਆ ਜਾਵੇ ਤਾ ਚਮਾਰ ਬਣਦਾ ਹੈ। ਭਾਰਤ ਦੇ ਮੂਲ ਨਿਵਾਸੀ ਲੋਕਾਂ ਦੀ ਕਹਾਣੀ ਸਾਨੂੰ ਸਮਝਾਉਂਦੀ ਹੈ ਕਿ ਭਾਰਤ ਵਿੱਚ ਚਮਾਰ ਲੋਕਾਂ ਦਾ ਹਜ਼ਾਰਾ ਸਾਲ ਰਾਜ ਰਿਹਾ।** ਇਹਨਾਂ ਨੇ ਸੰਸਾਰ ਦੇ ਵਿਕਾਸ ਲਈ ਬੜੇ ਉਤਮ ਅਤੇ ਖੋਜੀ ਕਾਰਜ ਕੀਤੇ। ਪਰ ਵਿਦੇਸ਼ ਦੀ ਧਰਤੀ ਤੋਂ ਆਏ ਕੁਝ ਵੱਖਰੀ ਕਿਸਮ ਦੇ ਆਰੀਆ ਲੋਕਾਂ ਨੇ ਭਾਰਤ ਵਿੱਚ ਵੱਸਦੀ ਆਦਿ ਮਾਨਵ (ਚਮਾਰ) ਜਾਤੀ ਵਿੱਚ ਫੁੱਟ ਅਤੇ ਫਰਕ ਦੀ ਇੱਕ ਲੀਕ ਪੈਦਾ ਕਰਕੇ ਉਹਨਾਂ ਨੂੰ

ਲੜਾਈਆਂ-ਝਗੜਿਆਂ ਵਿੱਚ ਉਲਝਾ ਕੇ ਆਪਣੇ ਹਿੱਤ ਸਾਧੇ ਸਿਰਫ ਹਿੱਤ ਹੀ ਨਹੀਂ ਸਗੋਂ ਆਪਣੀ ਰੋਜੀ ਰੋਟੀ ਦਾ ਸਦੀਵਾ ਵਸੀਲਾ ਕਾਇਮ ਕਰਕੇ ਉਹਨਾਂ ਨੂੰ ਸਦੀਵੀ ਗੁਲਾਮੀ ਦੀ ਦਲ ਦਲ ਵਿੱਚ ਸੁੱਟ ਕੇ ਲੁੱਟ ਦਾ ਜਰੀਆ ਬਣਾ ਲਿਆ। **ਇੱਥੋਂ ਦੀ ਮਾਨਵ ਜਾਤੀ (ਚਮਾਰ) ਨੂੰ ਆਪਣੀ ਗੁਲਾਮੀ ਹੇਠ ਦਵਾਉਣ ਲਈ ਆਪਣੀ ਵਰਣ ਵਿਵਸਥਾ ਨੂੰ ਕਾਇਮ ਕੀਤਾ।** ਜਿਸ ਦੀ ਰਚਨਾ ਨੂੰ ਪ੍ਰਭੂ ਦੀ ਬਣਾਈ ਤੇ ਪ੍ਰਚਾਰੀ ਹੋਈ ਦੱਸਿਆ।

**ਜਿਹੜੇ ਵਿਦੇਸ਼ ਤੋਂ ਭਾਰਤ ਵਿੱਚ ਆਏ ਸੀ ਉਹਨਾਂ ਨੂੰ ਪਵਿੱਤਰ ਅਤੇ ਸ਼ੁੱਧ ਐਲਾਨ ਕਰਦਿਆਂ ਆਪਣੇ ਆਪ ਨੂੰ ਸਰਵਸ਼੍ਰੇਸ਼ਟ ਸਿੱਧ ਕੀਤਾ ਅਤੇ ਜਿਹੜੇ ਇਸ ਦੇਸ਼ ਦੇ ਮੂਲ ਨਿਵਾਸੀ (ਚਮਾਰ) ਲੋਕ ਸੀ, ਉਹਨਾਂ ਨੇ ਆਪਣੀ ਧਰਤੀ, ਆਪਣੀ ਵਿਰਾਸਤ ਅਤੇ ਸੱਭਿਅਤਾ ਦੀ ਰਾਖੀ ਲਈ ਆਪਣੀ ਕਈ ਪੀੜ੍ਹੀਆਂ ਦਾ ਸੰਘਰਸ਼ ਅਤੇ ਕੁਰਬਾਨੀਆਂ ਦਾ ਇਤਿਹਾਸ ਸਿਰਜਕੇ ਇਹਨਾਂ ਵਿਦੇਸ਼ੀ ਆਰੀਆ ਨੂੰ ਜਬਰਦਸਤ ਟੱਕਰ ਦਿੱਤੀ।** ਉਸ ਟੱਕਰ ਦਾ ਨਤੀਜਾ ਹੈ ਕਿ ਭਾਰਤ ਦੀ ਮੂਲ ਮਾਨਵ ਜਾਤ (ਚਮਾਰ) ਨੂੰ ਇਹਨਾਂ ਨੇ ਨੀਚ ਐਲਾਨ ਕਰ ਦਿੱਤਾ। ਕਿਉਂਕਿ ਉਹ ਵਲ, ਛਲ, ਕਪਟ ਫਰੇਬ ਦਾ ਸਹਾਰਾ ਲੈ ਕੇ ਜੋ ਕੇ ਜੇਤੂ ਹੋ ਚੁਕੇ ਸਨ ਅਤੇ ਜੇਤੂਆ ਨੇ ਆਪਣੀ ਇੱਕ ਵਿਵਸਥਾ ਕਾਇਮ ਕੀਤੀ। ਜਿਸ ਦਾ ਅਧਾਰ ਉਹਨਾਂ ਆਰੀਆ ਲੋਕਾਂ ਦੇ ਰਚੇ ਗ੍ਰੰਥਾਂ ਕਿਤਾਬਾ ਵਿੱਚ ਦਰਜ ਕਰਕੇ ਇਹਨਾਂ ਨੂੰ ਰੱਬੀ, ਅਲੌਕਿਕ ਘੋਸ਼ਿਤ ਕੀਤਾ। ਭਾਰਤੀ ਮੂਲ ਨਿਵਾਸੀ ਲੋਕਾਂ ਉੱਪਰ ਥੋਪਿਆ। ਵਰਣ ਜਾਤ ਦੀ ਰਚਨਾ ਕਿਸ ਨੇ ਕੀਤੀ ਅਤੇ ਕਿਉਂ ਕੀਤੀ ? ਕਿਹਨਾਂ ਦੀ ਗੁਲਾਮੀ ਪੱਕੀ ਕਰਨ ਲਈ ਕੀਤੀ ਆਓ ਵੇਖੀਏ ਰੁਝ ਤੱਥ ਹੂ-ਬ-ਹੂ ਗ੍ਰੰਥਾਂ ਦੇ ਹਵਾਲੇ ਸਾਹਿਤ ਰਿਗਵੇਦ ਜਿਸ ਵਿਚ ਸਾਫ਼ ਝਲਕਦਾ ਹੈ ਭਾਰਤੀ ਮੂਲ ਨਿਵਾਸੀ ਦਾ ਕਤਲੇਅਮ ਕੀਤਾ।

ਰਿਗਵੇਦ (ਮੰਡਲ 10 ਮੰਤਰ 11-12) :-ਮੂੰਹ ਤੋਂ ਬ੍ਰਾਹਮਣ, ਬਾਹਾ ਤੋਂ ਖੱਤਰੀ, ਪੱਟਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਦਾ ਜਨਮ ਹੋਇਆ।[3]

ਮਨੂੰ ਸਿਮਰਤੀ (8/415):-ਜੋ ਯੁੱਧ ਵਿਚ ਜਿੱਤ ਕੇ ਲਿਆਂਦੇ ਗਏ ਉਹਨਾਂ ਨੂੰ ਦਾਸ ਬਣਾਇਆ।[4]

ਵਰਣ ਅਤੇ ਜਾਤੀ ਵਿਵਸਥਾ ਆਰੀਆ ਬ੍ਰਾਹਮਣਾਂ ਨੇ ਆਪਣੇ ਸਵਾਰਥ ਸਾਧਣ ਹਿੱਤ ਬਣਾਏ ਅਤੇ ਜਾਤ ਬਣਾ ਕੇ ਲੋਕਾਂ ਉੱਪਰ ਲਾਗੂ ਕੀਤੇ।

**ਵਰਣ ਸਿਧਾਂਤ**[5] **:-** ਵਰਣ ਸ਼ਬਦ ਦਾ ਅਰਥ ਰੰਗ ਨਸਲ ਹੁੰਦਾ ਹੈ। ਰੰਗ ਅਧਾਰ ਵਿਤਕਰਾ ਕਰਨਾ ਵਰਣ ਸਿਧਾਂਤ ਦਾ ਅਧਾਰ ਹੈ । ਮਹਾਂਭਾਰਤ ਵਿੱਚ ਭ੍ਰਿਗੂ ਰਿਸ਼ੀ ਨੇ ਭਾਰਦਵਾਜ ਮੁਨੀ ਨੂੰ ਵਰਣ ਪ੍ਰਣਾਲੀ ਦਾ ਅਧਾਰ ਮੰਨਿਆ ਹੈ। ਮਨੁੱਖ ਦੀ ਚਮੜੀ ਦੇ ਅਧਾਰ 'ਤੇ ਹੀ ਮੰਨਿਆ ਹੈ। ਇਸੇ ਅਧਾਰ ਤਹਿਤ ਬ੍ਰਹਮਾ ਤੋਂ ਬ੍ਰਾਹਮਣਾਂ ਦੀ ਉਤਪਤੀ ਹੋਈ। ਉਸ ਪਿੱਛੋਂ ਕਸ਼ੱਤਰੀ ਦੀ ਉਤਪਤੀ ਹੋਈ, ਉਸ ਪਿੱਛੋਂ ਵੈਸ਼ ਦੀ ਉਤਪਤੀ ਹੋਈ ਅਤੇ ਆਖਿਰ ਵਿੱਚ ਬ੍ਰਹਮਾ ਦੇ ਪੈਰਾਂ ਤੋਂ ਸ਼ੂਦਰ ਦੀ ਉਤਪਤੀ ਹੋਈ। ਇਹ ਸਿਧਾਂਤ ਸਥਾਪਿਤ ਕੀਤਾ ਜਿਵੇਂ ਰੰਗ ਤੋਂ ਭਾਵ ਬ੍ਰਾਹਮਣ ਲੋਕ ਸਫੈਦ, ਕਸ਼ਤਰੀ ਲਾਲ ਵੈਸ਼ ਪੀਲੇ ਅਤੇ ਸ਼ੂਦਰ ਕਾਲੇ ਰੰਗ ਦੇ ਨਾਲ ਜੁੜੇ ਹੋਏ ਮੰਨੇ ਗਏ ਹਨ।

**ਪੁਰਸ਼ ਸਿਧਾਂਤ**[6]**:-**ਰਿਗਵੇਦ ਵਿੱਚ ਪੁਰਸ਼ ਸਿਧਾਂਤ ਦੀ ਚਰਚਾ ਹੈ। ਇਸ ਵਰਣ ਦੀ ਚਰਚਾ ਸਭ ਤੋਂ ਪਹਿਲਾ ਰਿਗਵੇਦ ਵਿੱਚ ਮਿਲਦੀ ਹੈ। ਇਹ ਸਿਧਾਂਤ ਅਨੁਸਾਰ ਮਨੁੱਖ ਦੀ ਰਚਨਾ ਸਰੀਰਕ ਅੰਗਾਂ ਤੋਂ ਕੀਤੀ ਗਈ ਜਿਵੇਂ ਰਿਗਵੇਦ (ਮੰਡਲ 10 ਮੰਤਰ 11-12) ਵਿੱਚ ਬ੍ਰਹਮਾ ਦੇ ਮੂੰਹ ਤੋਂ ਬ੍ਰਾਹਮਣ, ਬਾਹਾਂ ਤੋਂ ਕਸ਼ੱਤਰੀ ਪੱਟਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਦੀ ਉਤਪਤੀ ਹੋਈ। ਇਸ ਵਿੱਚ ਸ਼ੂਦਰ ਨੂੰ ਸਾਰੇ ਵਰਣਾ ਦੀ ਸੇਵਾ ਦਾ ਹੁਕਮ ਹੈ।

**ਦਿਵਜ ਸਿਧਾਂਤ**[7] :- ਭਾਰਦਵਾਜ ਮੁਨੀ ਨੇ ਭ੍ਰਿਗ ਰਿਸ਼ੀ ਦੇ ਵਰਣ ਸਿਧਾਂਤ ਨੂੰ ਨਹੀਂ ਸਵਿਕਾਰਿਆ ਤੇ ਦੂਸਰਾ ਸਿਧਾਂਤ ਪੇਸ਼ ਕੀਤਾ। ਬ੍ਰਹਮਾ ਤੋਂ ਸਭ ਤੋਂ ਪਹਿਲਾਂ ਬ੍ਰਾਹਮਣਾਂ ਦੀ ਉਤਪਤੀ ਹੋਈ ਜਿਸ ਨੂੰ ਦਿਵਜ ਦਾ ਨਾਮ ਦਿੱਤਾ ਗਿਆ। ਦਿਵਜ ਲੋਕ ਆਪਣੇ ਸੁਭਾਅ ਮੁਤਾਬਕ ਚਾਰ ਵਰਣਾ ਵਿੱਚ ਵੰਡੇ ਗਏ। ਕ੍ਰੋਧੀ ਅਤੇ ਸਾਹਸੀ ਕਸ਼ੱਤਰੀ, ਜੋ ਖੇਤੀਬਾੜੀ ਪਸ਼ੂ ਪਾਲਣ 'ਜੁੱਟ ਗਏ ਉਹ ਵੈਸ਼, ਜੋ ਲੋਕ ਸੇਵਾ ਭਾਵਨਾ ਵਿੱਚ ਲੀਨ ਹੋ ਗਏ ਉਹ ਸ਼ੂਦਰ ਕਹਿਲਾਏ।

**ਕਰਮ ਅਤੇ ਧਰਮ ਸਿਧਾਂਤ**[8] :- ਮਨੂੰ ਸਮ੍ਰਿਤੀ ਅਨੁਸਾਰ ਵਰਣ ਧਰਮ ਲਈ ਵੱਖ ਵੱਖ ਕਿਸਮ ਦੇ ਕਾਰਜ ਨੂੰ ਮਹੱਤਤਾ ਦਿੱਤੀ ਗਈ ਹੈ। ਮਨੂੰ ਅਨੁਸਾਰ ਵਿਅਕਤੀ ਨੂੰ ਖ਼ੁੱਦ ਦਾ ਵਰਣ ਵਿਵਸਥਾ ਅਧਾਰਿਤ ਕੰਮ ਹੀ ਕਰਨਾ ਚਾਹੀਦਾ ਹੈ। ਉੱਚੇ ਜਾਂ ਨੀਵੇਂ ਵਰਣ ਦੇ ਕੰਮ ਨਹੀਂ ਕਰਨੇ ਚਾਹੀਦੇ। ਮਨੂੰ ਦਾ ਕਹਿਣਾ ਹੈ ਕਿ ਦੂਸਰੇ ਵਰਣ ਦੇ ਕੰਮ ਪੂਰੇ ਕਰਨ ਦੀ ਬਜਾਏ ਆਪਣੇ ਵਰਣ ਦੇ ਅਧੂਰੇ ਕੰਮ ਹੀ ਕਰਨੇ ਚਾਹੀਦੇ ਹਨ।

**ਗੁਣਾਂ ਦਾ ਸਿਧਾਂਤ**[9] :- ਵਰਣ ਪ੍ਰਣਾਲੀ ਦੀ ਉਤਪਤੀ ਦੇ ਸੰਬੰਧ ਵਿੱਚ ਵਿਅਕਤੀ ਦੇ ਗੁਣਾ ਨੂੰ ਅਧਾਰ ਮੰਨਿਆ ਹੈ। ਇਸ ਸਿਧਾਂਤ ਅਨੁਸਾਰ ਸਾਰੇ ਵਿਅਕਤੀ ਸ਼ੂਦਰ ਹੀ ਜਨਮਦੇ ਹਨ ਆਦਿ।

**ਬ੍ਰਾਹਮਣ**[10] :- ਵਰਣ ਵਿਵਸਥਾ ਵਿੱਚ ਕੁਲ ਮਿਲਾ ਕੇ ਬ੍ਰਾਹਮਣ ਹੀ ਉੱਤਮ ਹੈ। ਇਹ ਸਿੱਖਿਆ ਅਤੇ ਗਿਆਨ ਤੇ ਅਧਿਕਾਰਤ ਹਨ। ਵੇਦਾਂ ਅਨੁਸਾਰ ਬ੍ਰਾਹਮਣ ਸਭ ਤੋਂ ਸ਼੍ਰੇਸ਼ਟ ਹੈ।

**ਕਸ਼ੱਤਰੀ**[11] :- ਵਰਣ ਵਿਵਸਥਾ ਅਨੁਸਾਰ ਕਸ਼ੱਤਰੀ ਦਾ ਫਰਜ ਬ੍ਰਾਹਮਣ ਦੀ ਰੱਖਿਆ ਕਰਨੀ ਹੈ। ਆਪਣੀ ਬਹਾਦਰੀ ਤੇਜ ਧੀਰਜ ਅਤੇ ਜੋਰ ਦਿਖਾਉਣਾ।

**ਵੈਸ਼**[12] :- ਵਰਣ ਵਿਵਸਥਾ ਦਾ ਆਰਥਿਕ ਸੰਕਟ ਦੂਰ ਕਰਨ ਦੇ ਕਾਰਜ ਹਿੱਤ ਹੀ ਵੈਸ਼ ਦਾ ਸਰਬ ਧਰਮ ਹੈ। ਉਸ ਦਾ ਕੰਮ ਦਾਨ ਦੇਣਾ, ਯੱਗ ਕਰਨਾ, ਪੜ੍ਹਨਾ, ਵਪਾਰ ਕਰਨਾ, ਵਿਆਜ ਲੈਣਾ, ਵਸਤੂਆਂ ਦੀ ਖਰੀਦਦਾਰੀ ਕਰਨੀ ਅਤੇ ਵੇਚਣਾ।

**ਸ਼ੂਦਰ**[13] :- ਉਪਰਲੇ ਤਿੰਨ ਵਰਣ ਜੋ ਵਰਣ ਵਿਵਸਥਾ ਅਨੁਸਾਰ ਸ਼੍ਰੇਸ਼ਟ ਹੈ। ਇਹਨਾਂ ਦੀ ਸੇਵਾ ਕਰਨੀ ਤੇ ਇਸੇ 'ਚ ਖੁਸ਼ੀ ਮਹਿਸੂਸ ਕਰਨੀ ਸੇਵਾ ਹੀ ਸ਼ੂਦਰ ਦਾ ਉੱਤਮ ਧਰਮ ਹੈ।

ਵਰਣ ਵਿਵਸਥਾ ਭਾਰਤ ਦੀ ਮੂਲ ਨਿਵਾਸੀ ਭਾਵਨਾ, ਸਿੰਧੂ ਦੀ ਵਾਰਿਸ ਸ਼ੂਦਰਾਂ ਦੀ ਵਿਸ਼ਾਲ ਗਿਣਤੀ ਨੂੰ ਆਪਣੇ ਅਧੀਨ ਆਪਣੇ ਗੁਲਾਮ ਬਣਾ ਕੇ ਰੱਖਣ ਦੀ ਇੱਕ ਸਾਜਿਸ਼ ਸੀ। ਜਿਸ ਨੂੰ ਕੁਝ ਚਲਾਕ ਅਤੇ ਮੁੱਠੀ ਭਰ ਲੋਕਾਂ ਨੇ ਆਪਣੇ ਸੁਭਾਅ ਮੁਤਾਬਕ ਢਾਲ ਕੇ ਅਤੇ ਚਲਾਕੀ ਨਾਲ ਵਰਤਿਆ । ਵਰਣ ਵਿਵਸਥਾ ਦਾ ਸਿਧਾਂਤ ਧਰਮ ਦਾ ਅਤੇ ਸਮਾਜ ਦਾ ਅਧਾਰ ਬਣਾ ਕੇ ਪੇਸ਼ ਕੀਤਾ ਹੀ ਨਹੀਂ ਸਗੋ ਮਾਨਵ ਜਾਤੀ (ਚਮਾਰ) ਉੱਪਰ ਥੋਪਿਆ। ਭਾਰਤ ਦੀ ਤਰੱਕੀ ਦੇ ਰਾਹ ਵਿੱਚ ਵਰਣ ਵਿਵਸਥਾ ਦੇ ਰਹਿੰਦਿਆ ਭਾਰਤ ਤਰੱਕੀ ਨਹੀਂ ਕਰ ਸਕਦਾ ਕਿਉਂਕਿ ਅਸੀਂ ਵੇਖਿਆ ਹੈ ਇਤਿਹਾਸ ਵਿੱਚ ਸਿੰਧੂ ਘਾਟੀ (ਚਮਾਰ) ਦੀ ਵਿਸ਼ਾਲ ਸੱਭਿਅਤਾ ਵਰਣ ਰਹਿਤ ਸੀ। ਜਿਸ ਦੇ ਚਰਚੇ ਅੱਜ ਵੀ ਹਵਾ ਵਿੱਚ ਗੂੰਜਦੇ ਹਨ।

ਵਰਣ ਵਿਵਸਥਾ ਦਾ ਸਿਧਾਂਤ ਬ੍ਰਾਹਮਣਵਾਦੀ ਸੋਚ ਦਾ ਅਨਿੱਖੜਵਾਂ ਅੰਗ ਮੰਨਿਆ ਗਿਆ ਹੈ। ਇਸ ਤੋਂ ਬਾਅਦ ਇਹਨਾਂ ਨੇ ਜਾਤ ਦੀ ਉਤਪਤੀ ਪੈਦਾ ਕੀਤੀ। ਭਾਰਤ ਦੀ ਮੂਲ ਸੱਭਿਅਤਾ ਵਿੱਚ ਅਸੀਂ ਵੇਖਿਆ ਕਿ ਲੋਕ ਕਿਸ ਤਰ੍ਹਾਂ ਜਿਉਂਦੇ ਵੱਸਦੇ ਸਨ। ਉਹਨਾਂ ਵਿੱਚ ਕਿੰਨੀ ਬਰਾਬਰੀ ਸੀ। ਉਹਨਾਂ ਦੀ ਤਰੱਕੀ ਖੁਸ਼ਹਾਲ਼ੀ ਤੋਂ ਅੱਜ ਵੀ ਹੈਰਾਨ ਪਾਈ ਜਾਂਦੀ ਹੈ। ਪਰ ਭਾਰਤ ਵਿੱਚ ਉਸ ਸੱਭਿਅਤਾ ਦੇ ਅੰਤ ਕਰਨ ਤੋਂ ਬਾਅਦ ਉਸ ਦੇ ਰਾਜਿਆਂ ਅਤੇ ਲੋਕਾਂ (ਸਮਾਜ) ਨੂੰ ਵਰਣ ਸਿਧਾਂਤ ਵਿੱਚ ਵੰਡਣ ਮਗਰੋਂ ਜਾਤ ਅਧਾਰ ਵੰਡ ਦਿੱਤਾ ਕਿਉਂਕਿ ਭਾਰਤ

ਵਿੱਚ ਇੱਕੋ ਮਾਨਵ ਜਾਤ ਵੱਸਦੀ ਹੈ। ਮਾਨਵ ਜਾਤੀ (ਚਮਾਰ) ਦੇ ਮੂਲ ਵਾਸੀਆਂ ਨੂੰ ਜਾਤ ਪ੍ਰਣਾਲੀ 'ਚ ਵੰਡ ਕੇ ਉਹਨੂੰ ਤੋੜਿਆ ਹੀ ਨਹੀਂ ਗਿਆ। ਸਗੋਂ ਸਦੀਵੀ ਰੂਪ ਵਿੱਚ ਗੁਲਾਮ ਬਣਾਉਣ ਦਾ ਯਤਨ ਕੀਤਾ ਗਿਆ।

**ਡਾ. ਬੀ.ਆਰ. ਅੰਬੇਡਕਰ ਜੀ** ਦਾ ਵਿਚਾਰ ਹੈ ਕਿ **"ਜਾਤ ਦੀ ਨੀਂਹ ਰੱਬੀ ਮੰਨੀ ਜਾਂਦੀ ਹੈ। ਇਸ ਲਈ ਤੁਹਾਨੂੰ ਉਸ ਪਵਿਤਰਤਾ ਅਤੇ ਰੱਬੀਪਣ ਜਿਸ ਵਿੱਚ ਜਾਤ ਲਪੇਟੀ ਹੋਈ ਹੈ ਨੂੰ ਮਲੀਆਮੇਟ ਕਰ ਦੇਣਾ ਚਾਹੀਦਾ ਤੁਹਾਨੂੰ ਸ਼ਾਸ਼ਤਰਾ ਅਤੇ ਵੇਦਾਂ ਦੀ ਮਹਾਨਤਾ ਨੂੰ ਮਲੀਆਮੇਟ ਕਰ ਦੇਣਾ ਚਾਹੀਦਾ। "**[14]

## ਹਵਾਲੇ

1. ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ
2. ਸਤਿਗੁਰੂ ਕਬੀਰ ਜੀ ਮਹਾਰਜ
3. ਰਿਗਵੇਦ 10 ਮੰਡਲ,ਸੂਤਰ 11,12
4. ਮਨੂੰ ਸਿਮਰਤੀ 8.4.5
5. ਵਰਣ-ਪ੍ਰਣਾਲੀ : ਪੰਜਾਬੀ ਯੂਨੀਵਰਸਿਟੀ ਪਟਿਆਲਾ
6. ਰਿਗਵੇਦ
7.ਵਰਣ-ਪ੍ਰਣਾਲੀ : ਪੰਜਾਬੀ ਯੂਨੀਵਰਸਿਟੀ ਪਟਿਆਲਾ
8. ਮਨੂੰ ਸਿਮਰਤੀ
9. ਹਿੰਦੂ ਧਾਰਨਾ
10,11,12,13. ਮਨੂੰ ਸਿਮਰਤੀ
14. ਜਾਤ ਪਾਤ ਦਾ ਬੀਜਨਾਸ: ਡਾ.ਬੀ.ਆਰ.ਅੰਬੇਡਕਰ

# 10. ਦਾਸ ਪ੍ਰਥਾ

ਦਾਸ ਸਬਦ ਰਿਗਵੇਦ ਵਿਚ 61 ਵਾਰ ਆਇਆ ਹੈ। **ਸ਼ਬਦ ਕੋਸ਼ ਵਿਚ ਇਸ ਦਾ ਅਰਥ ਸੇਵਕ,ਨੌਕਰ,ਸ਼ੂਦਰ ਆਦਿ ਦਾਸ ਸ਼ਬਦ ਦਾ ਅਰਥ ਗੁਲਾਮ ਹੁੰਦਾ ਹੈ। ਦਾਸ ਭਾਰਤ ਦੇ ਮੂਲ ਨਿਵਾਸੀ ਸਿੰਧੂ ਘਾਟੀ ਦੇ ਵਸਨੀਕ ਇਕ ਮਜਬੂਤ ਦ੍ਰਿੜ ਸ਼ਕਤੀ ਸ਼ਾਲੀ ਲੋਕ ਸਨ।** ਰਿਗਵੇਦ ਵਿਚ ਦਾਸ ਲੋਕ ਆਰੀਆ ਰਾਜਾ ਇੰਦਰ ਦੇ ਸ਼ਤਰੂ ਵਜੋ ਜ਼ਿਕਰ ਯੋਗ ਹਨ। ਦਾਸ ਉਹ ਬਹਾਦਰ ਮੂਲ ਨਿਵਾਸੀ ਲੋਕ ਹਨ ਜਿਨ੍ਹਾਂ ਨੇ ਆਰੀਆ ਲੋਕਾਂ ਦਾ ਮੁਕਾਬਲਾ ਕੀਤਾ।

ਰਿਗਵੇਦ (3)- 34-9 :- ਉਸ ਨੇ (ਇੰਦਰ ਨੇ) ਦਸਿਊ ਦੀ ਹੱਤਿਆ ਕਰਕੇ ਆਰੀਆ ਵਰਣ ਦੀ ਸਦਾ ਰੱਖਿਆ ਕੀਤੀ।

ਰਿਗਵੇਦ (8) 53-3 :- ਹੇ ਇੰਦਰ ਮੈਨੂੰ ਇਕ ਸੌ ਘੋੜੇ ਗਧੇ ਅਤੇ ਦਾਸ ਪ੍ਰਦਾਨ ਕਰੋ [2]

ਰਿਗਵੇਦ ਵਿਚ ਦਰਜ ਹੈ:- (6)-16-13=50000 ਦਸਿਊ ਮਾਰੇ ਗਏ[3]

(4)-30-12=30000 ਦਸਿਊ ਮਾਰੇ ਗਏ[4]

(4)-30-15=50000 ਦਸਿਊ ਮਾਰੇ ਗਏ[5]

(6)-26-6=60000 ਦਸਿਊ ਮਾਰੇ ਗਏ [6]

(7)-18-4=66000 ਦਸਿਊ ਮਾਰੇ ਗਏ[7]

(8)-99-5=10000 ਦਸਿਊ ਮਾਰੇ ਗਏ[8]

ਰਿਗਵੇਦ (6) 20-10:- ਤੂੰ ਨੇ (ਇੰਦਰ ਨੇ) ਸੱਤ ਜ਼ਬਰਦਸਤ ਕਿਲਿਆ ਨੂੰ ਤੋੜਿਆ ਜਿਨ੍ਹਾਂ ਵਿਚ ਇਹ ਦਾਸ ਲੋਕ ਸ਼ਰਨ ਲੈਂਦੇ ਸਨ। [9]

ਰਿਗਵੇਦ (7) 18-9:- ਇੰਦਰ ਨੇ ਸੁਦਾਸ ਦੇ ਵਧਰੀਵਾਸ ਨੂੰ ਆਪਣੇ ਵਸ ਵਿੱਚ ਕਰ ਲਿਆ।[10]

ਰਿਗਵੇਦ (2) 19-6:- ਇੰਦਰ ਨੇ ਆਪਣੇ ਆਰੀਆ ਭਗਤ ਲਈ ਸਾਂਭਰ ਦੇ 99 ਨਗਰਾਂ ਨੂੰ ਤੋੜ ਦਿੱਤਾ।[11]

ਰਿਗਵੇਦ (6) 31-4 ਹੇ ਇੰਦਰ ਨੇ ਸਾਂਭਰ ਨਾਲ ਦਸਿਊ ਦੇ 100 ਨਗਰਾ ਨੂੰ ਢਾਅ ਦਿੱਤਾ।[12]

ਰਿਗਵੇਦ (10)29-7:- ਜਦੋਂ ਉਸਨੇ (ਇੰਦਰ ਨੇ) ਦਸਿਊ ਦਾ ਕਤਲ ਕੀਤਾ ਤਾ ਉਸ ਦੀਆਂ ਅਨੇਕ ਨਗਰੀਆ ਨੂੰ ਤਬਾਹ ਕੀਤਾ।[13]

ਰਿਗਵੇਦ (10-99-6 ਇੰਦਰ ਨੇ ਦਸਿਊਆ ਉੱਪਰ ਸ਼ਾਸ਼ਨ ਕੀਤਾ। [14]

ਰਿਗਵੇਦ (2) 11-4 ਏ ਇੰਦਰ ਤੁਸੀਂ ਉਹਨਾਂ ਦਾਸਾਂ ਨੂੰ ਸੂਰਜ ਦੇ ਤੇਜ ਸਮਾਨ ਹਰਾਉਂਦੇ ਹੋ। [15]

ਰਿਗਵੇਦ (6) 16-15:- ਤੁਸੀਂ ਦਸਿਊ ਨੂੰ ਮਾਰਨ ਵਾਲੇ ਅਤੇ ਉਹਨਾਂ ਦਾ ਧਨ ਜਿੱਤਨ ਵਾਲੇ ਹੋ।[16]

ਰਿਗਵੇਦ (1) 103-3:- ਬੱਜਰ ਧਾਰੀ ਉਹ ਇੰਦਰ ਦਾਸਾਂ ਦੇ ਕਿਲਿਆ ਨੂੰ ਨਸ਼ਟ ਕਰ ਜਾਂਦੇ ਹੋ।ਇੰਦਰ ਦਸਿਊਆ ਨੇ ਬੱਜਰ ਮਾਰੋ ਅਤੇ ਆਰੀਆ ਦੇ ਬਲ ਅਤੇ ਜਸ਼ ਵਿੱਚ

ਵਾਧਾ ਕਰੋ।[17]

ਰਿਗਵੇਦ (6) 28-4:- ਹੇ ਇੰਦਰ ਦਸਿਉਆਂ ਨੂੰ ਸਦਗੁਣਾ ਤੋਂ ਵਹੀਣ ਕਰਦੇ ਹੋ।[18]

ਰਿਗਵੇਦ 6/13/4= ਜਿਥੇ ਪ੍ਰਤਾਪੀ ਰਾਜਾ ਸਾਂਭਰ ਨੇ ਦਿਵੋਦਾਸ ਦੇ ਛੱਕੇ ਛੁਡਾਏ ਉਸ ਦੇ ਸੌ ਕਿਲੇ ਆਰੀਆ ਦੇ ਲਈ ਲੋਹੇ ਚਨੇ ਸੀ।[19]

ਅਸੀਂ ਰਿਗਵੇਦ ਜੋ ਆਰੀਆ ਤੇ ਅਣ-ਆਰੀਆ ਲੋਕਾਂ ਦੁਆਰਾ ਹੋਏ ਸੰਘਰਸ਼ ਦੀ ਮੂੰਹ ਬੋਲਦੀ ਕਹਾਣੀ ਹੈ ਵਿਚੋ ਕੁਝ ਅੰਸ਼ ਵੇਖ ਕੇ ਸਮਝ ਸਕਦੇ ਹਾਂ ਦਾਸ ਕਿੰਨੇ ਸੂਰਵੀਰ ਸਨ ਜੋ ਭਾਰਤੀ ਮੂਲ ਲੋਕ ਜਿਨ੍ਹਾਂ ਨੇ ਆਪਣੀ ਧਰਤੀ ਨੂੰ ਬਚਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਪਰ ਲਗਾਤਾਰ ਸੰਘਰਸ਼ ਕਰਨ ਉੱਪਰੰਤ ਭਾਰਤੀ ਮੂਲ ਨਿਵਾਸੀਆਂ ਉੱਪਰ ਹਾਵੀ ਹੋ ਗਏ। ਕਿਉਂਕੀ ਦੁਸ਼ਮਣ ਚੁਸਤੀ ਤੇ ਚਲਾਕੀ ਨਾਲ ਲੜਿਆ ਤੇ ਜਿੱਤ ਗਿਆ। ਮੂਲ ਨਿਵਾਸੀ ਜਦੋਂ ਹਾਰ ਗਏ ਤਾਂ ਆਰੀਆਂ ਨੇ ਉਹਨਾਂ ਨੂੰ ਆਪਣੇ ਅਧੀਨ ਕਰ ਲਿਆ । ਇਹਨਾਂ ਹਾਰਿਆ ਲੋਕਾਂ ਨੂੰ ਆਪਣੇ ਦਾਸ ਬਣਾ ਕੇ ਰੱਖਣ ਲੱਗੇ।

**ਇਤਿਹਾਸ ਵਿਚ ਬਹੁਤ ਜਗ੍ਹਾ ਤੇ ਇਹ ਦਾਸ ਲੋਕਾਂ ਦੀ ਸੂਰਵੀਰਤਾ ਦਾ ਭਰਪੂਰ ਜਿਕਰ ਹੈ। ਪਰ ਅੰਤ ਵਿੱਚ ਹਾਰ ਜਾਣ ਕਾਰਨ ਇਹਨਾ ਨੂੰ ਆਰਿਆ ਵਿਵਸਥਾ ਅਧੀਨ ਗੁਲਾਮ ਬਣਾ ਲਿਆ ਗਿਆ।** ਅਨੇਕ ਪ੍ਰਕਾਰ ਦੇ ਤਸੀਹੇ, ਜੁਲਮ ਜਿਆਦਤੀਆਂ ਕੀਤੀਆਂ ਗਈਆਂ, ਬਲ ਮਨੋਬਲ ਤੋੜਿਆ ਗਿਆ ਉਹਨਾਂ ਦਾ ਹਰ ਤਰੀਕੇ ਨਾਲ ਘਾਟਾ ਕੀਤਾ ਗਿਆ ਅਤੇ ਜ਼ੁਲਮ ਦੀਆਂ ਸਿਖਰ ਛੂਹਦਿਆਂ ਸਜਾਵਾਂ ਦਿੱਤੀਆਂ ਗਈਆਂ ਹੌਲੀ ਹੌਲੀ ਭਾਰਤੀ ਮੂਲ ਦੇ ਲੋਕ ਆਰੀਆ ਲੋਕਾਂ ਦੇ ਗੁਲਾਮ ਹੋ ਗਏ ਅਧੀਨਤਾ ਸਵੀਕਾਰ ਕਰ ਲਈ ਤੇ ਆਰੀਆ ਨੇ ਉਹਨਾਂ ਅਧੀਨ ਹੋਏ ਲੋਕਾਂ ਨੂੰ ਦਾਸ ਦੀ ਉਪਾਧੀ ਨਾਲ ਨਿਵਾਜਿਆ। ਦਾਸ ਲੋਕਾਂ ਦਾ ਜੀਵਨ ਪੱਧਰ ਬਹੁਤ ਹੇਠਾਂ ਗਿਰਾ ਦਿੱਤਾ ਗਿਆ। **ਜਿਸ ਤਰ੍ਹਾਂ ਲੋਕ ਬਾਜ਼ਾਰ ਵਿੱਚੋਂ ਸਮਾਨ ਦੀ ਖਰੀਦ ਕਰਦੇ ਤੇ ਵੇਚਦੇ ਹਨ ਉਸੀ ਤਰ੍ਹਾ ਇਹਨਾਂ ਦੀ ਖਰੀਦ ਵੇਚ ਹੁੰਦੀ ਸੀ।**

ਪੁਸਤਕ ਭਾਰਤ ਦਾ ਪ੍ਰਾਚੀਨ ਇਤਿਹਾਸ ਵਿਚ ਲਿਖਿਆ ਹੈ ਕਿ ਆਰੀਆ ਅਣ ਆਰੀਆ ਯੁੱਧ ਵਿਚ ਹਾਰੇ ਅਤੇ ਬੰਦੀ ਬਣਾਏ ਗਏ ਅਣ-ਆਰੀਆ ਸਮਾਜ ਵਿਵਸਥਾ ਵਿਚ ਦਾਸ ਦੇ ਰੂਪ ਵਿਚ ਸਵੀਕਾਰ ਕੀਤੇ ਗਏ। ਦਾਸ ਦੇ ਨਾਲ ਉੱਚ ਵਰਗ ਦਾ ਵਿਵਹਾਰ ਅਮਾਨਵੀ ਅਤੇ ਕਰੂਰ ਭਰਿਆ ਸੀ। ਦਾਸ ਦਾਸੀਆ ਉੱਚ ਜਾਤੀ ਦੀ ਸੇਵਾ ਕਰਦੇ ਸਨ ਇਹਨਾਂ ਨੂੰ ਸੇਵਾ ਵਿੱਚ ਰੱਖਣਾ ਆਰੀਆ ਦਾ ਪ੍ਰਤੀਕ ਸੀ। ਜੋ ਦਾਸ ਸਿਹਤਮੰਦ ਤਕੜੇ ਹੁੰਦੇ ਸਨ ਉਹਨਾਂ ਦੀ ਕੀਮਤ ਜਿਆਦਾ ਚੁਕਾਉਣੀ ਪੈਂਦੀ ਸੀ ਅਤੇ ਜੋ ਪਤਲੇ ਹੁੰਦੇ ਸੀ ਥੋੜ੍ਹੀ ਕੀਮਤ, ਜੋ ਦਾਸੀ ਸੋਹਣੀ ਹੁੰਦੀ ਸੀ ਉਸ ਦੀ ਕੀਮਤ ਜਿਆਦਾ ਹੁੰਦੀ ਸੀ।[20]

ਰਿਗਵੇਦ ਵਿਚ ਜਿਕਰ ਆਉਂਦਾ ਹੈ ਕਿ ਚਮਾਰ ਜਾਤੀ ਦਾ ਇਕ ਅੰਤਿਮ ਰਾਜਾ ਸੁਦਾਸ ਸੀ। ਆਰੀਆ ਅਨ-ਆਰੀਆ ਦੇ ਵਿਚ ਸੰਘਰਸ਼ ਹੋਇਆ ਇਹ ਇਤਿਹਾਸਕ ਯੁੱਧ ਦੇ ਨਾਮ ਨਾਲ ਜਾਣਿਆ ਜਾਂਦਾ ਗਿਆ । **ਜਿਕਰਯੋਗ ਹੈ ਕਿ ਰਾਜਾ ਸੂਦਾਸ ਇਕ ਬਲਸ਼ਾਲੀ, ਅਣਖੀਲਾ ਮੂਲ ਨਿਵਾਸੀ ਰਾਜਾ ਸੀ ਜਿਸ ਦੀ ਤਾਕਤ ਦਾ ਅੰਤ ਨਹੀ ਸੀ। ਉਸ ਦਾ ਮੁਕਾਬਲਾ ਕਰਨ ਦੀ ਹਿੰਮਤ ਆਰੀਆ ਲੋਕਾਂ ਵਿਚ ਨਹੀਂ ਸੀ।** ਉਸ ਨੂੰ ਹਰਾਉਣ ਲਈ 10 (ਦਸ)ਰਾਜਿਆ ਨੇ ਮਿਲ ਕਿ ਯੁੱਧ ਕੀਤਾ ਜੋ ਦਸ ਰਾਜਿਆ[21] ਦੇ ਨਾਮ 1.ਅਣੁ 2.ਦਰੂਹ 3.ਜਦੂ 4.ਤੁਵਸੁ 5.ਦਰੁਹ 6.ਕੁਰੂ 7.ਤਿਰਤਸੁ 8.ਕਿਰਵੀ 9.ਦੂਰੂ 10.ਮਦਰ ਨੇ ਰਾਜਾ ਸੁਦਾਸ ਨੂੰ ਹਰਾ ਦਿੱਤਾ ਉਸ ਦੀ ਲੋਕਾਈ ਨੂੰ ਗੁਲਾਮ ਬਣਾ ਲਿਆ ਨੀਚ ਕੰਮ ਕਰਨ ਲਈ

ਮਜਬੂਰ ਕੀਤਾ। **ਇਹ ਚਮਾਰ ਲੋਕ ਆਪਣੇ ਪੂਰਵਜਾਂ ਦੀ ਯਾਦ ਵਿਚ ਆਪਣੇ ਨਾਮ ਨਾਲ ਦਾਸ ਸ਼ਬਦ ਦੀ ਉਪਾਧੀ ਲਗਾਉਂਦੇ ਹਨ।** ਅੱਜ ਵੀ ਬਹੁ ਗਿਣਤੀ ਲੋਕਾਂ ਦੇ ਨਾਲ ਇਹ ਸ਼ਬਦ ਲਾਇਆ ਨਜ਼ਰ ਆਉਂਦਾ ਹੈ।

ਮਹਾਂਭਾਰਤ ਕਾਲ ਦੇ ਦੌਰਾਨ ਦਾਸ ਦਾਸੀਆ ਨੂੰ ਭੇਂਟ ਕੀਤਾ ਜਾਂਦਾ ਸੀ। ਅਨੇਕਾਂ ਉਦਾਹਰਨ ਅਜਿਹੀਆ ਮਿਲਦੀਆ ਹਨ। ਜਿਥੇ ਯੁਧਿਸ਼ਟਰ ਨੇ ਰਾਜਯਗ ਸੰਪੰਨ ਕਰਨ ਦੇ ਉਹਨਾਂ ਨੂੰ 88000 ਸਨਾਤਨ ਬ੍ਰਾਹਮਣਾਂ ਨੂੰ 30-30 ਦਾਸੀਆ ਦਾਨ ਵਿਚ ਦਿੱਤੀਆ ਗਈਆ।

ਹੌਲੀ ਹੌਲੀ ਜਦੋਂ ਦਾਸ ਧਰਮ ਅਤੇ ਸਮਾਜਕ ਆਰਥਿਕ ਵਿਵਸਥਾ ਅਧੀਨ ਗੁਲਾਮ ਬਣਕੇ ਰਹਿ ਗਏ । ਇਹ ਸਚਾਈ ਅੱਜ ਸਮਝੀ ਜਾ ਸਕਦੀ ਹੈ। ਭਾਰਤੀ ਮੂਲ ਨਿਵਾਸੀ ਜਿਨ੍ਹਾਂ ਦੀ ਆਬਾਦੀ ਭਾਰਤ ਵਿਚ ਜਿਆਦਾ ਸੀ। ਬੇਸ਼ਕ ਬਹੁਤ ਕਤਲੋ ਗਰਦ ਕੀਤੀ ਗਈ ਪਰ ਆਰੀਆ ਜੋ ਵਿਦੇਸ਼ੀ ਸਨ, ਗਿਣਤੀ 'ਚ ਥੋੜ੍ਹੇ ਸਨ। ਹੌਲੀ ਹੌਲੀ ਉਹਨਾਂ ਦੀ ਆਬਾਦੀ 'ਚ ਵਿਕਾਸ ਹੋਇਆ ਆਰੀਆ ਦਾ ਵੀ ਮੂਲ ਨਿਵਾਸੀਆਂ ਦਾ ਵੀ ਜੋ ਅਬਾਦੀ ਦਾ ਤੀਜਾ ਹਿੱਸਾ ਸਨ। ਆਰੀਆ ਨੇ ਦਾਸਾਂ ਨੂੰ ਅਨੇਕਾਂ ਜਾਤੀਆਂ ਵਿੱਚ ਅਲੱਗ ਅਲੱਗ ਕਰ ਦਿੱਤਾ। ਅਜਿਹੀ ਵਿਵਸਥਾ ਖੜੀ ਕਰ ਦਿੱਤੀ ।

**ਪਰਾਸ਼ਰ ਸਿਮਰਤੀ**[22] 8-331 ਵਿਚ ਕਿਹਾ ਗਿਆ ਹੈ ਕਿ ਸੰਸਾਰ ਦੇਵਤਿਆ ਦੇ ਅਧੀਨ ਹੈ। ਦੇਵਤੇ ਮੰਤਰ ਦੇ ਅਧੀਨ ਹਨ ਅਤੇ ਮੰਤਰ ਬ੍ਰਾਹਮਣ ਦੇ ਅਧੀਨ ਹਨ। ਬ੍ਰਾਹਮਣ ਵਿਦੇਸ਼ੀ ਮੂਲ ਆਰੀਆ ਲੋਕ ਹਨ।

ਆਰੀਆ ਵਿਰੁੱਧ ਲੜਨ ਵਾਲਾ ਮੂਲਨਿਵਾਸੀ ਸ਼ਕਤੀਸ਼ਾਲੀ ,ਬਹਾਦਰ ਰਾਜਾ ਚੁਮਰੀ ਸੀ ਜਿਸ ਦੀ 60000 ਫੌਜ ਸੀ ।**ਆਰੀਆ ਨੇ ਮਹਾਰਾਜਾ ਚੁਮਰੀ ਨੂੰ ਯੁੱਧ ਦੇ ਤਰੀਕੇ ਅਨੁਸਾਰ ਤਾਂ ਨਹੀਂ ਹਰਾ ਸਕੇ ਆਰੀਆ ਦੇ ਰਾਜਾ ਇੰਦਰ ਨੇ ਉਹਨਾਂ ਨੂੰ ਹਰਾਉਣ ਲਈ ਹਿੰਸਾਤਮਕ ਯੁੱਧ ਲੜਿਆ ਸੀ ਤੇ ਧੋਖੇ ਨਾਲ ਮਹਾਰਾਜਾ ਚੁਮਰੀ ਨੂੰ ਸ਼ਹੀਦ ਕੀਤਾ ਸੀ ।**

ਭਾਰਤ ਦੇ ਮੂਲ ਨਿਵਾਸੀ ਲੋਕ ਸ਼ੂਦਰ ਬਣਾ ਦਿੱਤੇ ਗਏ। ਯੁੱਧ ਵਿਚ ਹਾਰ ਜਾਣ ਕਾਰਨ ਦਾਸ ਹੋ ਗਏ ਤੇ ਦਾਸ ਲੋਕਾਂ ਦੇ ਅਧਿਕਾਰ ਮਾਲਿਕ ਹੀ ਤੈਅ ਕਰਦਾ ਹੈ।ਦਾਸ ਸਮਾਜ ਵਿੱਚ ਇਸ ਤਰ੍ਹਾ ਕੁਚਲਿਆ ਬਗਾਵਤ ਦਾ ਨਾਮ ਹੀ ਭੁੱਲ ਗਏ। ਦੁਨੀਆਂ ਵਿੱਚ ਦਾਸ ਸਰੀਰਕ ਗੁਲਾਮ ਹੁੰਦੇ ਹਨ ਪਰ ਬ੍ਰਾਹਮਣਵਾਦੀ ਵਿਵਸਥਾ ਵਿੱਚ ਦਾਸ ਨੂੰ ਮਾਨਸਿਕ ਗੁਲਾਮੀ ਵਿੱਚ ਕੈਦ ਕਰ ਲਿਆ। ਪਰ ਖੂਨ ਅਤੇ ਇਨਸਾਨ ਦਾ ਮੂਲ ਕਦੇ ਨਹੀਂ ਮਿਟਦਾ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੋ ਕ੍ਰਾਂਤੀ ਦੇ ਪਿਤਾਮਾ ਕਹੇ ਗਏ। ਉਹਨਾਂ ਨੇ ਆਪਣੀ ਅੰਮ੍ਰਿਤਬਾਣੀ ਵਿੱਚ ਦਾਸ ਲੋਕਾਂ ਨੂੰ ਭਾਰਤੀ ਮੂਲ ਸਿੰਧੂ ਘਾਟੀ ਦੇ ਸਿਰਜਕ ਨੂੰ ਜੋ ਆਪਣਾ ਸਵੈਮਾਨ ਗਵਾ ਕਿ ਜੀਅ ਰਹੇ ਸਨ ਉਹਨਾਂ ਨੂੰ ਮੂਲ ਨੂੰ ਨਾਲ ਜੋੜਦਿਆਂ ਗੁਲਾਮੀ ਤੋਂ ਮੁਕਤ ਹੋਣ ਦਾ ਸ਼ੰਦੇਸ਼ ਦਿੱਤਾ ਤੇ ਫਰਮਾਇਆ ਕਿ:-

**ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।**
**ਰਵਿਦਾਸ ਦਾਸ ਪਰਾਧੀਨ ਸੌ ਕੌਨ ਕਰੈ ਹੈ ਪ੍ਰੀਤ॥**
**ਪਰਾਧੀਨ ਕੋ ਦੀਨ ਕਯਾ ਪਰਾਧੀਨ ਬੇਦੀਨ।**
**ਰਵਿਦਾਸ ਦਾਸ ਪ੍ਰਾਧੀਨ ਕੌ ਸਭਹੀ ਸਮਝੈ ਹੀਨ॥**[23]

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ )

ਪਰਾਧੀਨਤਾ ਦਾ ਜੀਵਨ ਪਾਪ ਦੇ ਸਮਾਨ ਹੈ। ਇਸ ਲਈ ਮੂਲ ਨਿਵਾਸੀ

ਲੋਕਾਂ ਨੂੰ ਪਰਾਧੀਨਤਾ ਤੋਂ ਮੁਕਤ ਹੋ ਜਾਣਾ ਅਤੇ ਇੱਜ਼ਤ ਅਣਖ ਵਾਲਾ ਜੀਵਨ ਜਿਉਣਾ ਚਾਹੀਦਾ ਹੈ। ਸਦੀਆਂ ਤੋਂ ਕਿਸੇ ਅਧੀਨ ਹੋ ਕੇ ਜਿਉਂਦੇ ਲੋਕਾਂ ਨੂੰ ਸ਼ਾਇਦ ਇੰਨਾ ਸੌਖੇ ਤੇ ਆਸਾਨ ਤਰੀਕੇ ਨਾਲ ਇਤਿਹਾਸ ਵਿੱਚ ਕਿਸੇ ਹੋਰ ਮਹਾਂਪੁਰਸ਼ ਨੇ ਨਹੀਂ ਸਮਝਾਇਆ ਹੋਵੇਗਾ। ਸਤਿਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਆਪਣੀ ਸੋਚ ਸੁਤੰਤਰ ਕਰਨ ਦਾ ਹੋਕਾ ਦਿੱਤਾ, ਅਤੇ ਆਪਣੇ ਪੁਰਖਿਆਂ ਦੇ ਮਿਸ਼ਨ ਉੱਪਰ ਪਹਿਰਾ ਦੇਣ ਲਈ ਸੰਘਰਸ਼ ਦਾ ਰਾਹ ਦਿਖਾਇਆ।

ਭਾਰਤ ਦੇ ਇਤਿਹਾਸ ਵਿਚ **ਮੂਲ ਨਿਵਾਸੀ ਮਹਾਨ ਰਾਜਾ ਸਮਰਾਟ ਅਸ਼ੋਕ** ਜਿਸ ਨੇ ਆਪਣੇ ਰਾਜ ਵਿਚ ਇਹ ਐਲਾਨ ਕਰ ਦਿੱਤਾ ਕਿ ਸਾਰੇ ਮਨੁੱਖ ਬਰਾਬਰ ਹਨ। ਉਸ ਸਮੇਂ ਦਾਸ ਨੂੰ ਬਹੁਤ ਨੀਚ ਤੇ ਅਪਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ।ਉਸ ਆਪਣੇ ਰਾਜ ਵਿਚ ਸਿਲਾਲੇਖ ਉੱਪਰ ਖੁਦਵਾਇਆ ਸੀ ਕਿ

**"ਦਾਸ ਲੋਕਾਂ ਨਾਲ ਮਾਨਵਤਾ ਭਰਿਆ ਵਿਵਹਾਰ ਕਰਿਆ ਜਾਵੇ" ।**

ਅਜੋਕੇ ਸਮੇਂ ਵਿੱਚ **ਬਾਬਾ ਸਾਹਿਬ ਡਾ.ਬੀ.ਆਰ ਅੰਬੇਡਕਰ** ਜੀ ਕਹਿੰਦੇ ਹਨ ਕਿ "ਦਾਸ ਨੂੰ ਅਹਿਸਾਸ ਕਰਵਾ ਦਿਉ ਕਿ ਉਹ ਖੁਦ ਬਗਾਵਤ ਕਰ ਦੇਣਗੇ"।

ਅੱਜ ਲੋੜ ਹੈ ਦਾਸ ਆਪਣੇ ਮੂਲ ਨਾਲ ਜੁੜਨ ਅਤੇ ਖੋਜਣ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ। ਕਿਉਂਕਿ ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ[24] ਜੀ ਆਪਣੀ ਖੋਜ ਵਿੱਚ ਕਹਿੰਦੇ ਹਨ ਕਿ **"ਅੱਜ ਦੇ ਦਾਸ (ਗੁਲਾਮ) ਬੀਤੇ ਹੋਏ ਕੱਲ ਦੇ ਹੁਕਮਰਾਨ ਹਨ। ਆਉਣ ਵਾਲੇ ਸਮੇਂ ਦੇ ਹੁਕਮਰਾਨ ਬਣ ਸਕਦੇ ਹਨ"।**

## ਹਵਾਲੇ


1 ਤੋਂ 19 .ਗਿਵੇਦ

20 ਭਾਰਤ ਦਾ ਪ੍ਰਾਚੀਨ ਇਤਿਹਾਸ

21. ਭਾਰਤੀ ਲੋਕ ਨੀਚ ਕਿਵੇਂ ਬਣੇ?

22. ਪਰਾਸ਼ਰ ਸਿਮਰਤੀ

23 ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ

24. ਬਹੁਜਨ ਸੰਗਠਕ

25. ਅੰਬੇਡਕਰ ਵਿਚਾਰ ਦਰਸ਼ਨ

# 11. ਚਾਰਿਉ ਬੇਦ ਕਿਆ ਖੰਡੌਤਿ[1]

ਸਤਿਗੁਰੂ ਰਵਿਦਾਸ ਜੀ ਨੇ ਆਪਣੀ ਅੰਮ੍ਰਿਤ ਬਾਣੀ ਵਿੱਚ ਭਾਰਤੀ ਮੂਲ ਨਿਵਾਸੀ ਸਮਾਜ ਨੂੰ ਆਪਣੇ ਮੂਲ ਨਾਲ ਜੋੜ ਕੇ ਆਪਣੇ ਪੁਰਖਿਆਂ ਦਾ ਰਾਜ ਇਸ ਧਰਤੀ ਉੱਪਰ ਸਥਾਪਿਤ ਕਰਨਾ ਅਤੇ ਆਦਿ ਮਾਨਵ ਸੱਭਿਅਤਾ ਸਿੰਧੂ ਘਾਟੀ ਦੀ ਅਦਭੁੱਤ , ਅਨਮੋਲ ਵਿਵਸਥਾ ਕਾਇਮ ਕਰਨ ਲਈ ਬੇਗਮਪੁਰਾ ਸ਼ਹਿਰ ਵਰਗੀ ਸੋਚ ਵਿਸ਼ਵ ਦੇ ਕਲਿਆਣ ਲਈ ਮਹਾਨ ਸੰਕਲਪ ਪੇਸ਼ ਕੀਤਾ ।ਅਸੀਂ ਰਿਗਵੇਦ ਵਿੱਚ ਵਾਰ ਵਾਰ ਵੇਖਿਆ ਕਿ ਕਿਸ ਤਰ੍ਹਾਂ ਆਰੀਆ ਅਤੇ ਭਾਰਤੀ ਮੂਲ ਨਿਵਾਸੀ ਸਮਾਜ ਵਿਚਕਾਰ ਲਗਾਤਾਰ ਸੰਘਰਸ਼ ਹੋਇਆ। ਭਾਰਤ ਦੇ ਇਤਿਹਾਸ ਵਿੱਚ ਅਤੇ ਆਰੀਆ ਦੇ ਗ੍ਰੰਥਾਂ ਵਿੱਚ ਖੁਦ ਨੂੰ ਉੱਤਮ ਮੰਨਿਆ ਹੈ ।

**ਵੇਦਾਂ ਨੂੰ ਸੱਚ ਦੀ ਸਿਖਰ ,ਗਿਆਨ ਦਾ ਅੰਤ ਵੀ ਕਿਹਾ ਗਿਆ । ਅੰਧ ਵਿਸ਼ਵਾਸ਼ੀ ਸ਼ਾਸਤਰਾਂ, ਵੇਦਾਂ ਨੂੰ ਪ੍ਰਮਾਤਮਾ ਦੀ ਰਚਨਾ ਕਹਿ ਕੇ ਪ੍ਰਚਾਰਿਆ ਗਿਆ ਹੈ। ਪਰ ਇਹਨਾਂ ਵਿੱਚ ਵਰਨ ਸਿਧਾਂਤ ਵੰਡ ਦੀ ਰਚਨਾ ਸਮਾਜ ਨੂੰ ਤੋੜਨ ਲਈ ਕੀਤੀ ਗਈ ਹੈ।** ਆਰੀਆ ਦੀ ਵਰਣ ਸਿਧਾਂਤ ਅਤੇ ਜਾਤ ਅਧਾਰਤ ਵੰਡ ਸਿਰਫ ਤੇ ਸਿਰਫ ਮੂਲ ਨਿਵਾਸੀਆਂ ਦੀ ਏਕਤਾ ਨੂੰ ਵੰਡਣ ਲਈ ਰਚੀ ਗਈ ਹੈ ਸਤਿਗੁਰੂ ਰਵਿਦਾਸ ਜੀ ਨੇ ਆਪਣੀ ਬੇਗਮਪੁਰਾ ਸਹਿਰ ਦੀ ਵਿਚਾਰਧਾਰਾ ਦਾ ਸੰਕਲਪ ਪੇਸ਼ ਕੀਤਾ ਹੈ ਤੇ ਇਹਨਾਂ ਸਭ ਦਾ ਖੰਡਨ ਕੀਤਾ ਹੈ ਕਿਉਂਕਿ ਉਹ ਵਾਰ ਵਾਰ ਕਹਿੰਦੇ ਹਨ ਕਿ :-

**ਨਰਪਿਤ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥2॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ )

ਸਤਿਗੁਰੂ ਰਵਿਦਾਸ ਜੀ ਨੇ ਅਗਿਆਨ ਸਮਾਜ ਨੂੰ ਉਸ ਦੇ ਮੂਲ ਦਾ ਗਿਆਨ ਦਿੱਤਾ। ਹਜ਼ਾਰਾ ਸਾਲਾਂ ਦੀ ਗੁਲਾਮੀ ਨੇ ਸਮਾਜ ਦੀ ਮਾਨਸਿਕ ਸਥਿਤੀ ਨੂੰ ਗੁਲਾਮ ਬਣਾ ਕੇ ਰੱਖ ਦਿੱਤਾ। ਜਿਸ ਕੌਮ ਦੇ ਪੁਰਖਿਆਂ ਦਾ ਰਾਜ ਸੀ ਉਸ ਨੂੰ ਆਪਣੇ ਪੁਰਖਿਆਂ ਦੀ ਵਿਰਾਸਤ ਆਪਣੇ ਪੁਰਖਿਆਂ ਦੀ ਰਾਜ ਵਿਵਸਥਾ ਨੂੰ ਨਹੀਂ ਸਮਝਿਆ ਤੇ ਆਪਣੇ ਇਤਿਹਾਸ ਨੂੰ ਭੁੱਲ ਕੇ ਗੁਲਾਮੀ ਦੀ ਦਲਦਲ ਵਿੱਚ ਧਸ ਗਏ ।ਅਤੇ ਆਪਣੇ ਰਾਜ ਨੂੰ ਗੁਆ ਕੇ ਕਿਸੇ ਦੇ ਅਧੀਨ ਹੋ ਕੇ ਹਜ਼ਾਰਾਂ ਸਾਲਾਂ ਤੋਂ ਦੁੱਖ ਭੋਗ ਰਹੇ ਹਨ।

**ਚਾਰਿਉ ਬੇਦ ਕਿਆ ਖੰਡੌਤਿ।**
**ਜਨ ਰਵਿਦਾਸ ਕਰੈ ਡੰਡੌਤਿ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ )

ਸਤਿਗੁਰੂ ਰਵਿਦਾਸ ਜੀ ਜਿਹਨਾ ਨੇ ਭਾਰਤੀ ਮੂਲ-ਨਿਵਾਸੀ ਪਹਿਚਾਨ ਨੂੰ ਮੁੜ ਉਜਾਗਰ ਕੀਤਾ । ਸ਼ੂਦਰ ਸਮਾਜ ਨੂੰ ਮੁੜ ਜਾਗ੍ਰਿਤ ਕੀਤਾ ਆਪ ਜੀ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਵਰਨਾ ਜਾਤਾਂ ਦੇ ਅਧਾਰ 'ਤੇ ਵੰਡਣ ਵਾਲੇ ਕਰਮ -ਕਾਂਡਾ ਵਿੱਚ ਫਸਾਉਣ ਵਾਲੇ ਵੇਦਾਂ ਦਾ ਮੈਂ ਖੰਡਨ ਕਰਦਾ ਹਾਂ, ਕਿਉਂਕਿ ਇਹ ਮੂਲ-ਨਿਵਾਸੀ ਸਮਾਜ ਦੀ ਗੁਲਾਮੀ ਦਾ ਪ੍ਰਤੀਕ ਹੈ । ਇਸ ਲਈ ਇਹਨਾਂ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ ਇਹ ਮਾਨਵ ਵਿਰੋਧੀ ਹਨ।

**ਜਗ ਨੇਂ ਵੇਦ ਬੈਦ ਮਨੀਜੈ।**
**ਇਨ ਮੇਂ ਅਵਰ ਅਗਮ ਕੁਛ**
**ਔਰੇ ਕਹੇ ਕਵਨ ਪਰਿ ਕੀਜੈ॥ਟੇਕ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ )

ਸਤਿਗੁਰੂ ਰਵਿਦਾਸ ਜੀ ਨੇ ਵੇਦਾਂ ਨੂੰ ਸੰਸਾਰ ਉੱਤਮ ਰਚਨਾ ਮੰਨਣ ਤੋਂ ਇਨਕਾਰ ਕੀਤਾ ਹੈ ਕਿਉਂਕਿ ਆਪ ਜੀ ਨੇ ਫ਼ੁਰਮਾਇਆ ਹੈ ਕਿ ਸੰਸਾਰ ਵਿੱਚ ਵੇਦਾਂ ਨੂੰ ਰੋਗਾਂ ਦੀ ਨਿਵਰਤੀ ਦਾ ਵੈਦ ਮੰਨਿਆ ਜਾਂਦਾ ਹੈ, ਪਰ ਇਹਨਾਂ ਵਿੱਚ ਇੱਕ ਥਾਂ ਕੁਝ ਤੇ ਦੂਸਰੀ ਥਾਂ ਤੇ ਕੁਝ ਹੋਰ। ਇਹ ਪ੍ਰਭੂ ਦੇ ਤੱਤ ਤੋਂ ਰਹਿਤ ਹਨ। ਇਸ ਤਰ੍ਹਾ ਵੇਦਾਂ ਦਾ ਖੰਡਨ ਕਰਕੇ ਆਪ ਜੀ ਨੇ ਵਰਣ ਵੰਡ ਦੇ ਸਿਧਾਂਤ ਦਾ ਵੀ ਖੰਡਨ ਕੀਤਾ ਹੈ।

ਹਵਾਲਾ :

1. ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ

# 12. ਚਮਾਰ ਜਾਤੀ ਦੀ ਉਤਪਤੀ

ਭਾਰਤੀ ਮੂਲ ਨਿਵਾਸੀਆਂ ਨੂੰ ਪੂਰੀ ਤਰ੍ਹਾਂ ਨਾਲ ਤੋੜਿਆ ਗਿਆ, ਹਰਾ ਕੇ ਆਪਣੇ ਗੁਲਾਮ ਬਣਾ ਲਿਆ ਗਿਆ ਤੇ ਭਾਰਤ ਜਿਸ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ, ਉਸ ਨੂੰ ਪੂਰੀ ਤਰ੍ਹਾਂ ਲੁਟ ਕੇ ਅਪਣੇ ਅਧੀਨ ਕਰ ਲਿਆ ਜਦੋਂ ਆਪਣੇ ਇਤਿਹਾਸ ਦੀ ਕਹਾਣੀ ਲਿਖਣੀ ਸੁਰੂ ਕੀਤੀ ਤਾਂ ਉਹਨਾਂ ਦੇ ਰਿਸ਼ੀਆਂ ਨੇ ਆਪਣੇ ਹੱਥੀਂ ਲਿਖੀਆਂ ਲਿਖਤਾਨੂੰ ਰੱਬੀ ਅਵਤਾਰੀ ਐਲਾਨ ਕਰ ਦਿੱਤਾ। **ਆਰੀਆ ਲੋਕ ਜਿੱਤ ਗਏ ਸਨ। ਛਲ-ਕਪਟ ਦੀਆਂ ਨੀਤੀਆਂ ਕਰਕੇ ਉਹਨਾਂ ਨੇ ਆਪਣੇ ਹਾਰਿਆ ਲੋਕਾਂ ਨੂੰ ਗੁਲਾਮ ਬਣਾ ਲਿਆ । ਉਹਨਾਂ ਦੇ ਇਤਿਹਾਸ ਨੂੰ ਨਸ਼ਟ ਕਰ ਦਿੱਤਾ । ਸਿੱਧੇ ਰੂਪ ਵਿੱਚ ਸ਼ੂਦਰ,ਅਛੂਤ (ਚਮਾਰ) ਹੀ ਇਸ ਦੇਸ਼ ਦੇ ਵਾਰਿਸ ਹਨ, ਉਹ ਹੀ ਇਸ ਧਰਤੀ ਦੇ ਰਾਜੇ ਹਨ ਪਰ ਉਹਨਾਂ ਦਾ ਇਤਿਹਾਸ ਜੇਤੂ ਆਰੀਆ ਨੇ ਨਹੀਂ ਲਿਖਿਆਂ।** ਮਨੂੰ ਸਿਮਰਤੀ ਦੇ ਅਧਿਆਇ 10 ਵਿਚ ਦਰਜ ਕੀਤਾ ਕਿ

[1] ਨਿਸ਼ਾਦ ਪਿਤਾ ਤੋਂ ਵੈਦੇਹੀ ਮਾਤਾ ਦੁਆਰਾ ਪੈਦਾ ਔਲਾਦ ਕਰਵਾਰ ਹੈ। ਮਨੂੰ ਮੁਤਾਬਕ ਇਹ ਨਿਸ਼ਾਦ ਬ੍ਰਾਹਮਣ ਪਿਤਾ ਸ਼ੂਦਰ ਮਾਤਾ ਤੋਂ ਉਤਪਨ ਹੁੰਦਾ ਹੈ।

ਵੈਸ਼ ਪਿਤਾ ਅਤੇ ਬ੍ਰਾਹਮਣ ਮਾਤਾ ਤੋਂ ਉਤਪਤ ਸੰਤਾਨ ਵੈਦੇਹੀ ਹੈ।


ਇਸ ਨੂੰ ਸਮਝਣ ਲਈ ਇਹ ਸਿਧਾਂਤ ਸਮਝਿਆ ਜਾ ਸਕਦਾ ਹੈ। ਜਿਵੇ:-

ਬ੍ਰਾਹਮਣ ਪੁਰਸ਼ + ਸ਼ੂਦਰ ਇਸਤਰੀ = ਨਿਸ਼ਾਦ

ਵੈਸ਼ ਪੁਰਸ਼ + ਬ੍ਰਾਹਮਣ ਇਸਤਰੀ = ਵੈਦੇਹੀ

ਨਿਸ਼ਾਦ ਪੁਰਸ਼ = ਵੈਦੇਸੀ ਇਸਤਰੀ = ਕਾਰਵਾਰ

THE RELIGHOUS LIFE OF INIDIA THE CHAMARS ਵਿਚ ਇਸ ਸਿਧਾਂਤ ਨੂੰ ਸਫਾ ਨੰਬਰ 15 ਉੱਪਰ ਪੇਸ਼ ਕਰਦੇ ਹਨ।[2] ਮਨੂੰ ਅਨੁਸਾਰ ਕਰਵਾਰ ਅਰਥਾਤ ਚਮਰਕਾਰ ਦਾ ਵੰਸ਼




ਮਨੂੰ ਸਿਮਰਤੀ ਦੇ ਵਿੱਚ ਹੀ ਅੰਕਿਤ ਹੈ ਕਿ ਮਛਵਾਰਾ ਜਾਤੀ ਦੇ ਪੁਰਸ਼ ਦੁਆਰਾ ਚੰਡਾਲ ਇਸਤਰੀ ਤੋਂ ਪੈਦਾ ਔਲਾਦ ਚਮਾਰ ਕਹਾਉਂਦੀ ਹੈ। ਇਥੇ ਅਸੀਂ ਇਕ ਗੱਲ ਸਪੱਸ਼ਟ ਕਰ ਦਈਏ ਕਿ ਮਨੂੰ ਸਿਮਰਤੀ ਸਿਰਫ ਇਕ ਸਿਧਾਂਤ ਉੱਪਰ ਹੀ ਕੰਮ ਕਰਦੀ ਉਹ ਸਿਧਾਂਤ ਭਾਰਤੀ ਮੂਲ ਨਿਵਾਸੀ ਸ਼ੂਦਰ ਲੋਕਾਂ ਦੀ ਗੁਲਾਮੀ ਪੱਕੀ ਕਰਨਾ। ਮਨੂੰ ਸਿਮਰਤੀ ਦੇ ਰਚੇਤਾ ' ਮਨੂੰ ' ਆਪਣੇ ਹੀ ਇਕ ਸਿਧਾਂਤ ਉੱਪਰ ਨਹੀਂ ਟਿੱਕਦੇ।ਇਕ ਅਧਿਆਇ 'ਚ ਕੁਝ ਅਤੇ ਇਕ ਅਧਿਆਇ 'ਚ ਕੁਝ ਹੋਰ ਪੇਸ਼ ਕਰਦੇ ਹਨ। ਮਨੂੰ ਸਿਮਰਤੀ ਇਕ ਸਮਾਜ ਵਲੋਂ ਰਚੀ ਗਈ ਨਾ

ਕਿ ਇਕ ਵਿਅਕਤੀ ਵਲੋਂ ਕਿਉਂਕਿ ਇੱਕ ਚਮਾਰ ਜਾਤੀ ਦੀ ਉਤਪਤੀ ਦੇ ਲਈ 3 ਸਿਧਾਂਤ ਪੇਸ਼ ਕਰਦੀ ਹੈ।

ਚਮਾਰ ਜਾਤੀ ਦੀ ਉਤਪਤੀ ਦਾ ਬ੍ਰਾਹਮਣਵਾਦੀ ਸਿਧਾਂਤ

ਇਕ ਨਜ਼ਰ ਚਮਾਰ ਜਾਤੀ ਦੀ ਉਤਪਤੀ ਦੇ ਸਿਧਾਂਤ ਬਾਰੇ ਜੋ ਮਨੂੰਵਾਦ ਦੀ ਵਿਵਸਥਾ ਵਿੱਚ ਪੈਦਾ ਹੋਏ।

**(1) ਮਨੂੰ ਦਾ ਸਿਧਾਂਤ :-**

ਬ੍ਰਾਹਮਣ ਪੁਰਸ਼ + ਸ਼ੂਦਰ ਇਸਤਰੀ = ਨਿਸ਼ਾਦ [3]

ਵੈਸ਼ ਪੁਰਸ਼ + ਬ੍ਰਾਹਮਣ ਇਸਤਰੀ = ਵੈਦੇਹੀ[4]

ਨਿਸ਼ਾਦ ਪੁਰਸ਼ = ਵੈਦੇਸੀ ਇਸਤਰੀ = ਕਾਰਵਾਰ[5]

**(2) ਮਨੂੰ ਦਾ ਸਿਧਾਂਤ[6] :-**

ਮਛਵਾਰਾ ਪੁਰਸ਼ + ਚੰਡਾਲ ਇਸਤਰੀ = ਚਮਾਰ ਜਾਤੀ

**(3) ਮਨੂੰ ਦਾ ਸਿਧਾਂਤ[7] :-**

ਘਿਰਾਵਣਾ ਦਾ ਕੰਮ ਚੰਮ ਵੇਚਣਾ ਹੈ। (ਇਸ ਸਿਧਾਂਤ ਵਿਚ ਘਿਰਾਵਣਾ ਕੌਣ ਹੈ। ਜਿਸ ਦਾ ਮਨੂੰ ਨੇ ਕੰਮ ਚੰਮ ਵੇਚਣ ਦਾ ਤਹਿ ਕੀਤਾ ) ਬ੍ਰਾਹਮਣ ਦੁਆਰਾ ਅਯੋਸਵੀ ਔਰਤ ਦੇ ਗਰਭ ਤੋਂ ਪੈਦਾ ਪੁੱਤਰ ਘਿਰਾਵਣਾ ਹੈ। ਦੂਸਰੀ ਤਰਫ ਸ਼ੂਦਰ ਦੁਆਰਾ ਵੈਸ਼ ਤੋਂ ਉਤਪਨ ਸੰਤਾਨ ਅਯੋਸਵੀ ਦੱਸੀ ਗਈ ਹੈ।

(ਮਨੂੰ ਆਪਣੇ ਸਿਧਾਂਤ ਦਾ ਆਪ ਵਿਰੋਧੀ ਹੈ। ਉਹ ਇਕ ਥਾਂ ਉੱਪਰ ਜੋ ਲਿਖਦਾ ਹੈ ਦੂਸਰੀ ਥਾਂ ਉੱਪਰ ਉਸਦਾ ਖੰਡਨ ਕਰ ਦਿੰਦਾ ਹੈ। ਇਹ ਗੱਲ ਨੂੰ ਮਨੂੰ ਸਮਿਰਤੀ ਦਾ ਅਧਿਐਨ ਕਰਨ ਮਗਰੋਂ ਅਸਾਨੀ ਨਾਲ ਕੋਈ ਵੀ ਕਹਿ ਸਕਦਾ ਹੈ।)

**(4) ਮਨੂੰ ਸਮਿਰਤੀ ਅਨੁਸਾਰ** ਬ੍ਰਾਹਮਣ ਤੋਂ ਵੈਸ਼ ਚ ਨਿਸ਼ਾਦ ਅਤੇ ਨਿਸ਼ਾਦ ਦੇ ਕਰ ਕਾਰਵਾਰ ਇਸਤਰੀ ਤੋਂ ਚਰਮਕਾਰ ਰਿਸ਼ੀ ਉਸ਼ਨਾ[8] ਦਾ ਵਿਚਾਰ ਇਸ ਸਿਧਾਂਤ ਨੂੰ ਪੇਸ਼ ਕਰਦਾ ਹੈ:-ਵੇਣੂ ਪਿਤਾ (ਸੂਤ) ਦੇ ਔਰਸ ਪੁੱਤਰ ਅਤੇ ਖੱਤਰੀ ਮਾਤਾ ਤੋਂ ਪੈਦਾ ਸੰਤਾਨ ਚਮਾਰ ਹੁੰਦੀ ਹੈ।

**(5) ਚੰਦ੍ਰਿਕਾ ਪ੍ਰਸਾਦ ਜਗਿਅਸੂ**[9] ਦੇ ਅਨੁਸਾਰ:-ਆਰੀਆ ਹਿੰਦੂ ਸ਼ਾਸ਼ਤਰਾਂ ਵਿੱਚ ਚਰਮਕਾਰ ਨੂੰ ਡਬਲ ਵਰਣ ਸ਼ੰਕਰ ਲਿਖਿਆ ਹੈ।

**(6) ਯਗ ਵਲਕ ਸਿਮਰਤੀ**'ਚ (ਅਧਿ.। ਸਲੋਕ 53: ਮਨੂੰ ਅਧਿ ਸਲੋਕ 11) [10]ਸੂਤ ਨਾਮਕ ਪ੍ਰਤਿਲੋਭ ਵਰਣ ਸ਼ੰਕਰ ਦਾ ਨਾਮ ਲਿਖਿਆ ਹੈ। ਜੋ ਖਤਰੀ ਦੇ ਵੀਰਜ ਤੋਂ ਬ੍ਰਾਹਮਣ ਕੰਨਿਆਂ ਤੋਂ ਪੈਦਾ ਹੋਇਆ। ਇਸ ਸੂਤ ਰਿਸ਼ੀ ਉਸ਼ਨਾ ਦੇ ਅਨੁਸਾਰ ਵੈਣੂ ਖੱਤਰੀ ਵਰਣ ਦੀ ਲੜਕੀ ਤੋਂ ਚਰਮਕਾਰ ਪੈਦਾ ਹੋਇਆ। ਉਸ ਅਨੁਸਾਰ ਬੇਸਫੋਰ ਅਤੇ ਚਮਾਰ ਦਾ ਪਿਤਾ ਇੱਕ ਹੀ ਹੈ ਮਾਂ ਅਲੱਗ-ਅਲੱਗ ਹੈ। ਪ੍ਰਤਿਲੋਭ ਦੇ ਕਾਰਨ ਉਹਨਾਂ ਦੀ ਜਾਤੀ ਦਾ ਨਾਮਕਰਨ ਹੋਇਆ (ਜੇ ਉਚ ਵਰਗ ਦਾ ਪੁਰਸ਼ ਨੀਚ ਔਰਤ ਨਾਲ ਵਿਆਹ ਕਰਦਾ ਸੀ ਤਾਂ ਉਹ ਅਨੁਲੋਭ ਵਿਆਹ ਅਖਵਾਉਂਦਾ ਸੀ। ਜੇ ਨੀਚ ਵਰਗ ਦਾ ਪੁਰਸ਼ ਉਚ ਵਰਗ ਦੀ ਔਰਤ ਨਾਲ ਵਿਆਹ ਕਰਾਉਂਦਾ ਸੀ ਉਹ ਪ੍ਰਤਿਲੋਭ ਵਿਆਹ ਅਖਵਾਉਂਦਾ ਸੀ ਜਿਸ ਤੋਂ ਬ੍ਰਾਹਮਣ ਬਿਲਕੁੱਲ ਨਰਾਜ਼ ਹੁੰਦੇ ਸਨ)

**(7)ਕੁਝ ਵਿਦਵਾਨ**[11] ਮੰਨਦੇ ਹਨ ਕਿ ਚਮਾਰ ਜਾਤ ਦੀ ਉਤਪਤੀ ਚਵਾਰਕ ਤੋਂ ਹੋਈ ਹੈ। ਚਵਾਰਕ ਜਿਸ ਨੂੰ ਬਾਹ੍ਰਮਣ ਸਮਾਜ ਨੇ ਯੁਧਿਸ਼ਟਰ ਦੇ ਦਰਬਾਰ ਵਿਚ ਜਿੰਦਾ ਜਲਾ ਦਿੱਤਾ ਸੀ।

**(8) ਵੇਦ** ਵਿਚ ਸ਼ੰਭਰ[12] ਰਾਜਾ ਦੇ ਦਰਬਾਰ ਵਿਚ ਕਈ ਯੋਧਾ ਸੀ ਜਿਨ੍ਹਾਂ ਵਿੱਚ ਇਕ ਚੁਮੂਰਿ ਨਾਂ ਦਾ ਸਰਦਾਰ ਸੀ। ਰਾਜਾ ਸ਼ੰਭਰ ਦੇ ਮਰ ਜਾਣ ਮਗਰੋਂ ਉਸ ਦੇ ਵੰਸ਼ ਦੇ ਲੋਕ ਚਮਾਰ

ਕਹਿਲਾਏ।

**(9) ਆਰੀਆ-ਗੈਰ ਆਰੀਆ ਯੁੱਧ** ਦੇ ਸਮੇਂ ਵਿੱਚ ਰਾਜਾ ਸੁਦਾਸ[13] ਸੀ। ਆਰੀਆ ਦੇ ਦਸ ਰਾਜਿਆਂ ਨੇ ਮਿਲਕੇ ਯੁੱਧ ਕੀਤਾ ਅਤੇ ਸੁਦਾਸ ਨੂੰ ਹਰਾ ਦਿੱਤਾ। ਉਸ ਦੇ ਰਾਜ ਨੂੰ ਜਿੱਤ ਕੇ ਉਸ ਦੀ ਲੁਕਾਈ ਨੂੰ ਗੁਲਾਮ ਬਣਾ ਲਿਆ ਜਿਸ ਦੇ ਨਾਮ ਦੀ ਨਿਸ਼ਾਨੀ ਚਮਾਰ ਜਾਤ ਦੇ ਲੋਕ ਦਾਸ ਵਜੋਂ ਆਪਣੇ ਨਾਮ ਨਾਲ ਲਗਾਉਂਦੇ ਹਨ ਭਾਵ ਸੁਦਾਸ ਦੇ ਵੰਸ਼ ਚਮਾਰ ਕਹਿਲਾਏ।

(10)ਚਵਰ ਪੁਰਾਣ ਅਨੁਸਾਰ ਵਿਸ਼ਨੂੰ ਨੇ ਚਾਮੁਡ ਰਿਸ਼ੀ[14] ਨੂੰ ਸਰਾਪ ਕੀਤਾ ਕਿ ਅੱਜ ਤੋਂ ਤੇਰਾ ਵੰਸ਼ ਧਰਤੀ ਤੋਂ ਸਦਾ ਲਈ ਮਿਟ ਜਾਵੇਗਾ ਅਤੇ ਅੱਜ ਤੋਂ ਤੇਰੇ ਵੰਸ਼ ਦੇ ਲੋਕ ਚਮਾਰ ਅਖਵਾਉਂਣਗੇ।

ਕੁਲ ਮਿਲਾ ਕੇ ਚਮਾਰ ਜਾਤੀ ਦਾ ਗੌਰਵ ਖਤਮ ਕਰਨ ਲਈ ਕਈ ਪ੍ਰਕਾਰ ਦੀ ਦੁਬਿਧਾ ਪੈਦਾ ਕਰਨ ਲਈ ਬ੍ਰਾਹਮਣਵਾਦ ਮਾਨਸਿਕਤਾ ਵਾਲਿਆਂ ਨੇ ਇਹ ਪ੍ਰਚਾਰ ਕੀਤੇ। ਇਹ ਵਿਚਾਰ ਜੋ ਚਮਾਰ ਜਾਤੀ ਦੀ ਉਤਪਤੀ ਲਈ ਪੇਸ਼ ਕੀਤੇ ਗਏ ਹਨ। ਉਹ ਨਿਰ-ਅਧਾਰ ਹਨ। ਇਹ ਅੱਜ ਦੇ ਸਮੇਂ ਵਿੱਚ ਨਹੀਂ ਮੰਨੇ ਜਾ ਸਕਦੇ ਇਹ ਬਿਲਕੁੱਲ ਬੇ-ਬੁਨਿਆਦ ਹਨ। ਇਹ ਸਿਰਫ ਭਾਰਤੀ ਮੂਲ ਨਿਵਾਸੀ ਚਮਾਰ ਜਾਤੀ ਨੂੰ ਆਪਣੇ ਇਤਿਹਾਸ ਤੋਂ ਭਟਕਾਉਣ ਲਈ ਕੀਤਾ ਗਿਆ। ਇਹ ਪ੍ਰਚਾਰ ਗਲਤ ਹੀ ਨਹੀਂ ਬੇ-ਬੁਨਿਆਦ, ਬੇ-ਸਿਰ, ਬੇਪੈਰ ਸਨ। ਚਮਾਰ ਜਾਤੀ ਦੀ ਉਤਪਤੀ ਦਾ ਇਹ ਸਿਧਾਂਤ ਨਕਾਰ ਦੇਣ ਵਿੱਚ ਹੀ ਮੁਕਤੀ ਦਾ ਰਾਜ ਛੁਪਿਆ ਹੈ। ਕਿਉਂਕਿ ਸਤਿਗੁਰੂ ਕਬੀਰ ਜੀ ਨੇ ਜੋ ਮੂਲ ਚਮਾਰ ਜਾਤੀ ਦੀ ਹੋਂਦ ਨੂੰ ਮੰਨਿਆ

**ਹਾਡ, ਮਾਸ ਔਰ ਰਕਤ ਕਾ ਤਨ ਕਾ ਬਣਾ ਆਕਾਰ**
**ਆਖ ਪਸਾਰੇ ਦੇਖ ਲੋ ਸਾਰਾ ਜਗਤ ਚਮਾਰ ॥**

(ਸਤਿਗੁਰੂ ਕਬੀਰ ਜੀ ਮਹਾਰਾਜ

**ਇਸ ਦਾ ਅਰਥ ਇਹ ਹੈ ਕਿ ਸਾਰੇ ਜੀਵ ਇਕ ਬਰਾਬਰ ਹਨ। ਜੋ ਸਿਸਟਮ ਬ੍ਰਾਹਮਣ ਵਾਦੀ ਵਿਵਸਥਾ ਨੇ ਤੈਅ ਕੀਤਾ ਹੈ, ਉਹਨਾਂ ਨੇ ਉਸ ਵਿਵਸਥਾ ਨੂੰ ਨਕਾਰਿਆ ਹੈ। ਭਾਰਤ ਦੇ ਮੂਲ ਨਿਵਾਸੀ ਚਮਾਰ ਜਾਤ ਜਿਸ ਦਾ ਸਿੰਧੂ ਸੱਭਿਆ ਤੋਂ ਰਾਜ ਹੈ। ਉਹ ਚਮਾਰ ਜਾਤ ਜਿਸ ਨੂੰ ਟੁਕੜਿਆਂ ਵਿਚ ਵੰਡ ਦਿੱਤਾ ਗਿਆ ਜਦੋਂ ਵੀ ਕਦੇ ਟੁਕੜਿਆਂ ਨੂੰ ਜੋੜਿਆ ਗਿਆ ਹੈ ਤਾਂ ਆਪਣਾ ਮੂਲ ਰੂਪ 'ਚ ਆ ਜਾਂਦਾ ਹੈ।** ਭਾਵ ਸਤਿਗੁਰੂ ਕਬੀਰ ਜੀ ਨੇ ਇਹਨਾ ਤੱਤਾਂ ਦੇ ਪੁਤਲੇ ਨੂੰ ਕਬੀਰ ਜੀ ਨੇ ਚਮਾਰ ਕਿਹਾ ਮਤਲਬ ਬ੍ਰਾਹਮਣਵਾਦੀ ਵਿਵਸਥਾ ਦੇ ਸਾਰੇ ਸਿਧਾਂਤ ਝੁਠਲਾ ਦਿੱਤੇ। ਚਾਹੇ ਮਨੂੰ, ਚਾਹੇ ਵੇਦ, ਚਾਹੇ ਕੁਝ ਵੀ ਹੋਵੇ ਕਈ ਭਰਮ ਪੈਦਾ ਕਰਦੀਆਂ ਕਹਾਣੀਆਂ ਵਿਅਕਤੀ ਅਤੇ ਸਮਾਜ ਨੂੰ ਗੁੰਮਰਾਹ ਕਰ ਦਿੰਦੀਆਂ ਹਨ। ਇਹ ਹਥਿਆਰ ਭਾਰਤੀ ਮੂਲ ਨਿਵਾਸੀ ਸਮਾਜ ਲਈ ਬ੍ਰਾਹਮਣ ਵਾਦੀ ਹਮੇਸ਼ਾ ਵਰਤਦੇ ਆਏ ਹਨ।

**ਜਿਸ ਸਮਾਜ ਦੇ ਲੋਕ ਭਗਵਾਨ ਬੁੱਧ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਵਰਗੇ ਕ੍ਰਾਂਤੀਕਾਰੀ ਅਤੇ ਤਰਕ ਵਿਗਿਆਨ ਦੇ ਹਾਣੀ ਚਮਾਰ ਜਾਤੀ ਦੇ ਲੋਕਾਂ ਨੂੰ ਅੰਧਕਾਰ ਦੇ ਹਨੇਰੇ 'ਚ ਭਟਾਕਾਉਣ ਦੀ ਕੀਤੀ ਕੋਸ਼ਿਸ਼ ਨੂੰ ਨਕਾਰ ਦਿੱਤਾ।** ਇਹਨਾਂ ਦਾ ਕੋਈ ਵਿਗਿਆਨਕ ਜਾ ਇਤਿਹਾਸਕ ਆਧਾਰ ਨਹੀਂ ਹੈ । ਇਹਨਾ ਦਾ ਅਧਿਐਨ ਕਰਕੇ ਇਹਨਾਂ ਦਾ ਖੰਡਨ ਕਰਨਾ ਬਹੁਤ ਜਰੂਰੀ ਹੈ। ਕਿਉਂਕੀ ਅੰਧ-ਵਿਸ਼ਵਾਸ ਜੇ ਕਿਸੇ ਸਮਾਜ, ਵਿਅਕਤੀ ਉੱਪਰ ਹਾਵੀ ਹੋ ਜਾਵੇ ਤਾ ਉਹ ਵਿਸ਼ਵਾਸ ਦੀ ਦੋਲਤ ਗੁਆ ਦਿੰਦੀ ਹੈ। ਕੁਝ ਕਥਾਵਾਂ ਤੇ ਇਕ ਨਜ਼ਰ ਜੋ ਚਮਾਰ ਜਾਤੀ ਦੀ ਉਤਪਤੀ ਲਈ ਪੈਦਾ ਕੀਤੀਆ ਗਈਆ ਹਨ । ਇਹਨਾਂ ਕਥਾਵਾਂ ਦਾ ਕੋਈ ਅਧਾਰ ਨਹੀਂ ਹੈ ਪਰ ਇਕ ਵਾਰ ਇਹਨਾਂ ਦਾ ਅਧਿਐਨ ਜਰੂਰੀ ਹੈ ।

**ਕਥਾ ਨੰਬਰ ਇਕ**[15] **:–** ਇਸ ਕਥਾ ਦਾ ਜਿਕਰ ਪੁਸਤਕ '**The Chamar**' ਵਿੱਚ'GEO.W.BRIGGS' ਨੇ ਕੀਤਾ ਹੈ। ਇਕ ਰਾਜਾ ਦੀਆਂ ਦੋ ਲੜਕੀਆਂ ਸੀ। ਜਿਹਨਾਂ ਦਾ ਨਾਮ ਚਾਮੂ ਅਤੇ ਬਾਮੂ ਸੀ ਦੋਨਾਂ ਦੇ ਦੋ ਪੁੱਤਰ ਸੀ ਜੋ ਬਹੁਤ ਬਲਵਾਨ ਸਨ। ਇਕ ਦਿਨ ਰਾਜੇ ਦੇ ਵਾੜੇ ਵਿਚ ਇਕ ਹਾਥੀ ਮਰ ਗਿਆ ਰਾਜਾ ਉਸਦੇ ਟੁਕੜੇ ਨਹੀਂ ਕਰਨਾ ਚਹੁੰਦਾ ਸੀ। ਉਸਨੇ ਪੁਛਿਆ ਕਿ ਕੋਈ ਐਸਾ ਵਿਅਕਤੀ ਹੈ ਜੋ ਇਸ ਹਾਥੀ ਨੂੰ ਚੁੱਕ ਕਿ ਬਾਹਰ ਲੈ ਜਾਵੇ। ਚਾਮੂ ਦਾ ਲੜਕਾ ਬਲਵਾਨ ਸੀ ਉਸ ਨੇ ਇਹ ਕੰਮ ਕਰ ਦਿੱਤਾ। ਇਸ ਤਰ੍ਹਾ ਬਾਮੂ ਦੇ ਲੜਕੇ ਨੇ ਉਸ ਨੂੰ ਅਛੂਤ ਘੋਸ਼ਿਤ ਕਰ ਦਿੱਤਾ। ਜਿਸ ਦੇ ਵੰਸ਼ ਦੇ ਲੋਕ ਚਮਾਰ ਕਹਾਉਂਦੇ ਹਨ

**ਕਥਾ ਨੰਬਰ ਦੋ**[16] :– ਇਸ ਕਥਾ ਅਨੁਸਾਰ ਪੰਜ ਬ੍ਰਾਹਮਣ ਭਰਾ ਸੀ। ਇਕ ਦਿਨ ਜਦੋਂ ਉਹ ਘੁੰਮਣ ਲਈ ਗਏ। ਉਹਨਾਂ ਨੇ ਵੇਖਿਆ ਰਸਤੇ ਦੇ ਕਿਨਾਰੇ ਇਕ ਗਾਂ ਮਰੀ ਪਈ ਸੀ। ਚਾਰ ਭਰਾ ਤਾਂ ਉਸ ਜਗ੍ਹਾ ਤੋਂ ਗੁਜਰ ਗਏ ਪਰ ਪੰਜਵੇ ਭਰਾ ਨੇ ਉਸ ਗਾਂ ਨੂੰ ਉਸ ਜਗ੍ਹਾ ਤੋਂ ਹਟਾ ਦਿੱਤਾ। ਇਸ ਕਰਕੇ ਚਾਰ ਭਰਾਵਾਂ ਨੇ ਉਸ ਨੂੰ ਜਾਤੀ ਤੋਂ ਬਾਹਰ ਕਰ ਦਿੱਤਾ। ਅੱਜ ਉਸ ਦੇ ਵੰਸ਼ ਦੇ ਲੋਕ ਮਰੇ ਪਸ਼ੂ ਚੁਕਦੇ ਹਨ ਅਤੇ ਚਮਾਰ ਕਹਾਉਂਦੇ ਹਨ।(ਇਹ ਨਿਰਾ ਬਕਵਾਸ ਹੈ)

**ਕਥਾ ਨੰਬਰ ਤਿੰਨ**[17] **:–** ਇਸ ਕਥਾ ਅਨੁਸਾਰ ਸੰਸਾਰ ਦੇ ਆਰੰਭ ਵਿਚ ਸਿਰਫ ਇਕ ਪਰਿਵਾਰ ਸੀ। ਉਸ ਪਰਿਵਾਰ ਵਿਚ ਸਭ ਲੋਕ ਉਚ ਜਾਤੀ ਦੇ ਸਨ। ਪਰਿਵਾਰ ਵਿਚ ਚਾਰ ਭਰਾ ਸੀ। ਇਕ ਦਿਨ ਇਕ ਗਾਂ ਮਰ ਗਈ ਸੀ। ਸ਼ਾਮ ਤਕ ਵਿਹੜੇ ਵਿਚ ਪਈ ਰਹੀ ਜਦੋਂ ਕੋਈ ਵੀ ਉਸ ਨੂੰ ਚੁਕਣ ਨੂੰ ਤਿਆਰ ਨਾ ਹੋਇਆ ਤਾਂ ਤਿੰਨ ਭਰਾਵਾਂ ਨੇ ਮਿਲ ਕੇ ਫੈਸਲਾ ਲਿਆ ਕਿ ਚੌਥਾ ਭਰਾ ਉਸ ਨੂੰ ਲੈ ਕਿ ਘਰ ਤੋਂ ਬਾਹਰ ਜਾਵੇਗਾ। ਇਸ ਕੰਮ ਦੇ ਕਰਨ ਤੋਂ ਬਾਅਦ ਉਸ ਨੂੰ ਮੁੜ ਉਚ ਦਰਜਾ ਦਿਤਾ ਜਾਵੇਗਾ। ਇਸ ਉੱਪਰ ਉਹ ਸਹਿਮਤ ਹੋ ਗਿਆ।

ਕਾਫੀ ਮਿਹਨਤ ਦੇ ਬਾਅਦ ਜਦੋ ਉਹ ਗਾਂ ਨੂੰ ਘੜੀਸ ਕਿ ਬਾਹਰ ਲੈ ਗਿਆ। ਪਰ ਜਦੋਂ ਮੁੜ ਕਿ ਵਾਪਿਸ ਆਇਆ ਤਾਂ ਉਸ ਦੇ ਭਰਾ ਨੇ ਉਸ ਨੂੰ ਸਵਿਕਾਰਿਆ ਨਹੀਂ । ਉਸ ਨੂੰ ਉਹਨਾਂ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ ਉਸ ਨੇ ਇਸ ਗੱਲ ਦਾ ਵਿਰੋਧ ਕੀਤਾ ਪਰ ਉਸ ਦੀ ਗੱਲਬਾਤ ਬੇਕਾਰ ਗਈ। ਉਹਨਾਂ ਨੇ ਉਸ ਨੂੰ ਕਿਹਾ ਕਿ ਹੁਣ ਤੋਂ ਉਹ ਚਮਾਰ ਦਾ ਕੰਮ ਕਰੇਗਾ। ਅਰਥਾਤ ਉਹ ਮਰੇ ਹੋਏ ਪਸ਼ੂਆ ਦੀ ਖਲ ਉਤਾਰੇਗਾ । ਚਮੜਾ ਤਿਆਰ ਕਰੇਗਾ ਤੇ ਚਮੜਿਆ ਦੀਆਂ ਵਸਤੂਆ ਤਿਆਰ ਕਰੇਗਾ। ਤਿਨਾਂ ਭਰਾਵਾਂ ਨੇ ਵਚਨ ਦਿੱਤਾ ਕਿ ਉਹ ਉਸ ਦੀ ਮਦਦ ਕਰਨਗੇ। ਇਸ ਪ੍ਰਕਾਰ ਚਮਾਰ ਜਾਤੀ ਹੋਂਦ ਵਿਚ ਆਈ।

ਕੁਝ ਸਾਲ ਬਾਅਦ ਇਕ ਮੱਝ ਮਰ ਗਈ। ਉਦੋ ਇਸ ਚਮਾਰ ਨੇ ਆਪਣੇ ਭਰਾਵਾਂ ਨੂੰ ਕਿਹਾ ਕਿ ਮੈ ਇਸ ਮੁਰਦਾ ਮੱਝ ਨੂੰ ਉਠਾ ਕੇ ਨਹੀਂ ਲਿਜਾ ਸਕਦਾ ਦੁਪਹਿਰ ਤੱਕ ਮੱਝ ਵਿਹੜੇ ਵਿੱਚ ਪਈ ਰਹੀ ਉਸ ਸਮੇ ਸ਼ਿਵ ਜੋ ਲੋਕਾਂ ਦੀ ਸੁੱਖ ਸੁਵਿਧਾ ਜਾਨਣ ਆਏ ਸੀ ਉਥੋਂ ਗੁਜਰੇ। ਤਿਨਾ ਭਰਾਵਾਂ ਨੇ ਸ਼ਿਵ ਨੂੰ ਅਪੀਲ ਕੀਤੀ ਕਿ ਚਮਾਰ ਮੁਰਦਾ ਪਸ਼ੂ ਚੁਕਣ ਚ ਅਸਮਰਥ ਹੈ । ਉਸ ਦੀ ਮਦਦ ਕਰੋ। ਉਦੋ ਸ਼ਿਵ ਨੇ ਉਹਨਾਂ ਨੂੰ ਕਿਹਾ ਕਿ ਇਹ ਸੱਚ ਹੈ ਕਿ ਤੁਹਾਡਾ ਭਰਾ ਬਿਨਾਂ ਸਹਾਇਤਾ ਦੇ ਉਸ ਪਸ਼ੁ ਨੂੰ ਨਹੀਂ ਹਟਾ ਸਕਦਾ ਇਸ ਲਈ ਤੁਹਾਡੇ ਚੋ ਕਿਸੇ ਇਕ ਨੂੰ ਉਸ ਦੀ ਮਦਦ ਕਰਨੀ ਪਵੇਗੀ। ਇਸ ਲਈ ਕੋਈ ਤਿਆਰ ਨਹੀਂ ਹੋਇਆ। ਉਸ ਸਮੇਂ ਚਮਾਰ ਨੂੰ ਸ਼ਿਵ ਨੇ ਕੂੜਾ ਇਕੱਠਾ ਕਰਨ ਲਈ ਕਿਹਾ ਉਸਨੇ ਅਜਿਹਾ ਹੀ ਕੀਤਾ ਉਦੋ ਸ਼ਿਵ ਨੇ ਉਸ ਨੂੰ ਉਸ ਉੱਪਰ ਪੇਸ਼ਾਬ ਕਰਨ ਲਈ ਕਿਹਾ ਜਿਵੇਂ ਹੀ ਉਸ ਨੇ ਪੇਸ਼ਾਬ ਕੀਤਾ, ਉਸ ਕੂੜੇ ਚੋ ਇਕ ਸ਼ਕਤੀਸ਼ਾਲੀ ਪੁਰਸ਼ ਨਿਕਲਿਆ ਉਸ ਵਿਅਕਤੀ ਤੋਂ ਚਮਾਰ ਦੀ ਕੁਲੀਨ ਉਪਜਾਤੀ ਪੈਦਾ ਹੋਈ।

**ਇਹਨਾ ਕਥਾਵਾਂ ਦਾ ਖੰਡਨ:–**

ਉੱਪਰੋਕਤ ਕਥਾਵਾਂ ਵਿੱਚ ਆਇਆ ਬੇ-ਬੁਨਿਆਦ ਅਤੇ ਗੈਰ ਵਿਗਿਆਨਕ ਸੱਚ ਕਿਸੇ ਵੀ ਸਮੇਂ ਵਿੱਚ ਝੂਠ ਨਜ਼ਰ ਆਉਦਾ ਹੈ। ਇਹ ਕਥਾ ਕਹਾਣੀਆ ਦਾ ਕੋਈ ਇਤਿਹਾਸਕ ਵਜੂਦ ਨਹੀਂ ਹੈ ।ਇਹ ਸਹੀ ਸੇਧ ਨੂੰ ਸਹੀ ਦਿਸ਼ਾ ਨੂੰ ਭਟਕਾਉਣ ਦਾ ਕੰਮ ਕਰਦੀਆਂ ਹਨ। ਇਹਨਾ ਦਾ ਖੰਡਨ ਪੜਦਿਆਂ ਸਾਰ ਹੋ ਜਾਂਦਾ ਹੈ। **ਕਿਉਂਕਿ ਸ਼੍ਰਿਸਟੀ ਦੀ ਰਚਨਾ ਅਤੇ ਮਾਨਵ ਦੀ ਰਚਨਾ ਦਾ ਅਧਾਰ ਕੁਦਰਤ ਦਾ ਇੱਕ ਨਿਯਮ ਹੈ। ਉਸ ਨਿਯਮ ਦੇ ਅਧੀਨ ਹੈ ਨਾ ਕਿ ਇਹ ਫਜੂਲ ਅਤੇ ਬ੍ਰਾਹਮਣਵਾਦੀ ਸਿਧਾਂਤ ਦੇ ਅਧੀਨ ਉਪਰੋਕਤ ਕਥਾਵਾਂ ਦਾ ਕੋਈ ਇਤਿਹਾਸਕ, ਕੋਈ ਵਿਗਿਆਨਕ ਤਰਕਵਾਦੀ ਆਧਾਰ ਨਹੀ ਹੈ। ਇਹ ਬੇਅਰਥ, ਬੇ-ਬੁਨਿਆਦ ਹੈ।**

## ਹਵਾਲੇ


1. ਮਨੂੰ ਸਿਮਰਤੀ
2. ਦੀ ਚਮਾਰ ਪੰਨਾ ਨੰ: 15
3. ਮਨੂੰ ਸਿਮਰਤੀ 10/8
4. ਮਨੂੰ ਸਿਮਰਤੀ 10/17
5,6 . ਮਨੂੰ ਸਿਮਰਤੀ ਅਧਿਆਇ 10
7. ਮਨੂੰ ਸਿਮਰਤੀ 10/49
8. ਮਨੂੰ ਸਿਮਰਤੀ
9. ਚੰਦ੍ਰਿਕਾ ਪ੍ਰਸਾਦ ਜਗਿਅਸ
10.ਯਗ ਵਲਕ ਸਿਮਰਤੀ
11. ਵਿਦਵਾਨਾਂ ਦਾ ਮੱਤ
12. ਵੇਦ
13. ਚਵਰ ਪੁਰਾਣ
14,15,16,17. ਦੀ ਚਮਾਰ

# 13. ਚਵਰ ਪੁਰਾਣ[1]

ਚਵਰ ਪੁਰਾਣ ਵਰਗੇ ਗ੍ਰੰਥ ਦੀ ਰਚਨਾ ਨਿਰ ਅਧਾਰ ਹੈ ਇਹ ਕੋਈ ਪ੍ਰਮਾਣਕ ਕਥਾ-ਕਹਾਣੀ ਨਹੀਂ ਹੈ। ਇਹ ਲਿਖਤ ਦਾ ਅਧਾਰ ਆਰੀਆ ਸਮਾਜ ਦੇ ਪ੍ਰਚਾਰ ਸਮੇਂ ਦਾ ਹੈ ਇਸ ਮਨਘੜਤ ਕਹਾਣੀ ਦੀ ਰਚਨਾ ਇਹਨਾਂ ਦੇ ਪ੍ਰਚਾਰ ਵਿੱਚ ਹੋਈ ਹੈ। **ਕਿਉਂਕਿ ਚਮਾਰ ਜਾਤੀ ਦੇ ਲੋਕ ਜਾਗ੍ਰਿਤ ਅਤੇ ਚੇਤਨ ਹੋ ਰਹੇ ਹਨ ਵਿਸ਼ਾਲ ਪੱਧਰ ਤੇ ਚਿੰਤਨ ਕਰਨ ਲੱਗੇ ਹਨ ਵੱਧਦੀ ਹੋਈ ਚੇਤਨਾ ਅਤੇ ਰਾਜ ਸੱਤਾ ਉੱਪਰ ਕਾਬਿਜ ਹੋਣ ਦੀ ਇੱਛਾ ਵੱਲ ਵੱਧ ਰਹੇ ਹਨ।** ਇਹਨਾਂ ਲੋਕਾਂ ਨੂੰ ਕੰਟਰੋਲ ਕਰਨ ਲਈ ਅਜਿਹੇ ਪ੍ਰਚਾਰ ਅਤੇ ਅਜਿਹੇ ਦਿਸ਼ਾਹੀਣ ਗ੍ਰੰਥ ਦੀ ਰਚਨਾ ਕਰਨੀ ਬ੍ਰਾਹਮਣਵਾਦ ਦਾ ਇਕ ਹਥਿਆਰ ਹੈ। **ਅਜਿਹੇ ਗ੍ਰੰਥਾਂ ਦੀ ਰਚਨਾ ਦਾ ਇੱਕ ਮਕਸਦ ਇਹ ਹੈ ਕਿ ਇਹ ਹਿੰਦੂ ਧਰਮ ਦਾ ਹੀ ਹਿੱਸਾ ਰਹਿਣ ਇਸ ਚਾਲ ਨੂੰ ਸਾਡੇ ਪ੍ਰਚਾਰਕਾਂ ਨੂੰ ਸਮਝ ਕੇ ਖੰਡਨ ਕਰਨਾ ਚਾਹੀਦਾ ਹੈ**

ਚਵਰ ਪੁਰਾਣ ਵਿਚ ਚਮਾਰ ਜਾਤ ਦੀ ਉਤਪਤੀ ਦਾ ਵਰਣਨ ਅਤੇ ਇਤਿਹਾਸ ਪੇਸ਼ ਕਰਨ ਦਾ ਇਕ ਦਾਅਵਾ ਹੈ। ਅਨੇਕਾਂ ਗ੍ਰੰਥ ਅਜਿਹੇ ਹਨ ਜਿਨ੍ਹਾਂ ਦੀ ਕਾਗਜੀ ਬਣਤਰ ਤਾਂ ਹੋਂਦ 'ਚ ਆਉਂਦੀ ਹੈ। ਪਰ ਉਹ ਕਿੰਨੇ ਸੱਚੇ ਅਤੇ ਸਹੀ ਹਨ। ਉਹ ਕਿੰਨੇ ਵਿਗਿਆਨਕ ਕਿੰਨੇ ਪ੍ਰਮਾਣਕ ਹਨ ਨਜ਼ਰ ਨਹੀਂ ਆਉਂਦੇ। **ਚਮਾਰ ਜਾਤੀ ਦੇ ਗੌਰਵਸ਼ਾ.ਲੀ ਇਤਿਹਾਸ ਨੂੰ ਧੁੰਧਲਾ ਕਰਨ ਲਈ ਅਜਿਹੀਆ ਕਥਾ ਕਹਾਣੀਆਂ ਦਾ ਜਿਕਰ ਅਤੇ ਚਰਚਾ ਮਿਲਦੀ ਹੈ। ਅਸੀਂ ਚਮਾਰ ਸਿੰਧੂ ਘਾਟੀ ਦੇ ਸਿਰਜਕ ਅਤੇ ਇਸ ਮਹਾਨ ਸੱਭਿਅਤਾ ਨੂੰ ਪੈਦਾ ਕਰਨ ਵਾਲੇ ਆਦਿ ਮਾਨਵ ਭਾਵ ਚਮਾਰ ਹਾਂ।** ਇਸ ਦੇ ਮੂਲ ਨਿਵਾਸੀ ਹਾਂ ਇਸ ਮੂਲ ਨਿਵਾਸੀ ਇਤਿਹਾਸ ਵਿੱਚੋ ਮਹਾਨਾਇਕਾਂ ਦੇ ਇਤਿਹਾਸਕ ਹੀਰਿਆ ਦੀਆਂ ਖਾਣਾਂ ਮਿਲਦੀਆਂ ਹਨ । **ਭਾਰਤ ਵਿਸ਼ਵ ਵਿਚ ਜੇਕਰ ਜਾਣਿਆ ਜਾਂਦਾ ਹੈ ਤਾਂ ਸਿੰਧੂ ਘਾਟੀ ਦੇ ਪਹਿਚਾਣ ਕਰਕੇ, ਭਗਵਾਨ ਬੁੱਧ ਜੀ (ਏਸ਼ੀਆ ਦਾ ਚਾਨਣ) ਦੇ ਫਲਸਫੇ ਕਰਕੇ, ਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਕਬੀਰ ਜੀ , ਬਾਬਾ ਸਾਹਿਬ ਡਾ.ਅੰਬੇਡਕਰ ਜੀ ਕਰਕੇ ।**

ਇਕ ਗੱਲ ਦੀ ਸਮਝ ਬਹੁਤ ਅਸਾਨੀ ਨਾਲ ਆ ਜਾਂਦੀ ਹੈ ਕਿ ਜਿਹਨਾਂ ਨੂੰ ਬ੍ਰਾਹਮਣ ਨੀਚ-ਅਤਿ ਨੀਚ ਮੰਨਦਾ ਹੈ ਉਹ ਭਾਰਤ ਦੇ ਮੂਲ ਨਿਵਾਸੀ ਹਨ। ਜਿਹਨਾਂ ਨੇ ਆਪਣੀ ਮਾਨਵ ਸੱਭਿਅਤਾ ਨੂੰ ਬਚਾਉਣ ਲਈ ਜੱਦੋ ਜਹਿਦ ਕੀਤੀ ਆਪਣੀ ਅਨਮੋਲ ਵਿਰਾਸਤ ਲੁੱਟਣ ਆਏ ਵਿਦੇਸ਼ੀ ਹਮਲਾਵਾਰਾਂ ਦਾ ਵਿਰੋਧ ਕੀਤਾ। ਇਸੇ ਕੀਤੇ ਹੋਏ ਵਿਰੋਧ ਚੋਂ ਉਹਨਾਂ (ਭਾਰਤੀ ਮੂਲ ਨਿਵਾਸੀਆਂ) ਨੂੰ ਅਪਮਾਨ ਮਿਲਿਆ। ਕਿਉਂਕਿ ਜੋ ਲੋਕ ਸਨਮਾਨ ਲਈ ਸੰਘਰਸ਼ ਕਰਦੇ ਹਨ ਤਾ ਹਾਕਿਮ ਵਿਵਸਥਾ ਦਾ ਪਾਲਕ ਉਹਨਾਂ ਨੂੰ ਅਪਮਾਨਿਤ ਕਰਦਾ ਹੈ। ਭਾਰਤੀ ਮੂਲ ਨਿਵਾਸੀ ਮਹਾਂਨਾਇਕ **ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ** ਕਿਹਾ ਕਰਦੇ ਸਨ ਕਿ **" ਅਸੀਂ ਭਾਰਤ ਦੇ ਮੂਲ ਨਿਵਾਸੀਆਂ ਦੇ ਵਾਰਿਸ (ਔਲਾਦ )ਹਾਂ ਅਸੀਂ ਵਿਵਸਥਾ ਬਦਲਣ ਲਈ ਸੰਘਰਸ਼ਸ਼ੀਲ ਹਾਂ। ਕਿਉਂਕਿ ਅਸੀਂ ਆਪਣੇ ਵਿਰੋਧੀਆਂ ਦੀ ਆਪਣੇ ਪੁਰਖਿਆਂ ਦੇ ਕਾਤਿਲਾਂ ਦੀ ਪਹਿਚਾਨ ਕਰ ਲਈ ਹੈ। ਆਪਣੇ ਭਰਾਵਾਂ ਦੇ ਹਿੱਤ ਸਵਾਰਣ ਲਈ ਦੁਸ਼ਮਣ ਜਮਾਤ ਦੀ ਪਹਿਚਾਣ ਕਰ ਲਈ ਹੈ।"**

ਅੱਜ ਚਮਾਰ ਜਾਤ ਦੇ ਲੋਕਾਂ ਦਾ ਪ੍ਰਚਾਰ ਵਿਸ਼ਾਲ ਪੱਧਰ ਉੱਪਰ ਹੋ ਰਿਹਾ ਹੈ। **ਪਰ ਸਾਨੂੰ ਗੁੰਮਰਾਹ ਕਰਨ ਲਈ ਬ੍ਰਾਹਮਣਵਾਦੀ ਸੋਚ ਦੇ ਲੋਕ ਮਨਘੜਤ ਪ੍ਰਚਾਰ ਕਰਦੇ ਹਨ।** ਅਸੀਂ ਵੇਖਿਆ ਜਾਤੀ ਉਤਪਤੀ ਲਈ ਕੀ ਕੀ ਮਨਘੜਤ ਸਿਧਾਂਤ ਪੇਸ਼ ਕੀਤੇ ਹਨ। ਗ੍ਰੰਥਾਂ ਵਿਚ ਆਪਣੇ ਮਨਘੜਤ ਚਵਰ ਪੁਰਾਣ ਵਰਗੇ ਪ੍ਰਚਾਰ ਕੀਤੇ। ਇਹ ਪ੍ਰਚਾਰ ਇਹ ਉਤਪਤੀ ਦਾ ਸਿਧਾਂਤ ਬੇ ਬੁਨਿਆਦ ਹੈ। ਚਵਰ ਪੁਰਾਣ ਦੀ ਕਥਾ ਨਿਰ-ਅਧਾਰ ਹੈ। ਜੋ ਅਜੋਕੇ ਸਮੇਂ ਦੀ ਕਥਾ ਕਹਾਣੀ ਜਾਪਦੀ ਹੈ ।

ਚਮਾਰ ਜਾਤੀ ਦੀ ਉਤਪਤੀ ਆਦਿ ਕਾਲ ਤੋਂ ਹੈ । ਇਤਿਹਾਸ ਭਾਰਤੀ ਮੂਲ-ਨਿਵਾਸੀ ਪਹਿਚਾਣ ਦਾ ਹੈ ਪਰ ਚਵਰ ਪੁਰਾਣ ਦੀ ਕਹਾਣੀ ਕਹਿੰਦੀ ਹੈ ਕਿ ਸਤਿਗੁਰੂ ਰਵਿਦਾਸ ਜੀ ਤੋਂ ਇਸ ਕਥਾ ਦਾ ਅਰੰਭ ਮੰਨਿਆ ਜਾਂਦਾ ਹੈ । ਕਿਹਾ ਗਿਆ ਹੈ ਕਿ ਸਤਿਗੁਰੂ ਰਵਿਦਾਸ ਜੀ ਜਦੋਂ ਆਪਣਾ ਸਰੀਰ ਤਿਆਗ ਕੇ ਸਵਰਗ ਲੋਕ ਪਹੁੰਚੇ ਅਤੇ ਦੇਵਤਿਆ ਦੀ ਸ਼ੰਕਾਂ ਦਾ ਨਿਵਾਰਣ ਕਰਨ ਲਈ ਵਿਸ਼ਨੂੰ ਦੇ ਕਹਿਣ ਉੱਪਰ ਨਾਰਦ ਨੇ ਦੇਵ ਲੋਕ ਵਿੱਚ ਇਹ ਕਥਾ ਕਹਾਣੀ ਦੇਵਤਿਆਂ ਨੂੰ ਸੁਣਾਈ । ਜਿਸ ਵਿਚ ਇਹ ਜ਼ਿਕਰ ਆਉਂਦਾ ਹੈ ਕਿ ਰਾਜਾ ਚੰਮੁਡਰਾਏ ਦੇ ਸਮੇਂ ਤੋਂ ਚਵਰ ਵੰਸ਼ ਦੀ ਹੋਂਦ ਹੈ। ਸਤਯੁੱਗ ਦੇ ਆਦਿ ਤੋਂ 2 ਕਰੋੜ 36 ਲੱਖ 97 ਹਜਾਰ ਸਾਲ ਤੱਕ ਭੂ-ਮੰਡਲ ਉੱਪਰ ਚਵਰ ਵੰਸ਼ ਦਾ ਰਾਜਾ ਰਿਹਾ। ਇਸਦਾ ਪਹਿਲਾ ਰਾਜਾ ਚਵਰ ਸੇਨ ਸੀ ਅਤੇ ਆਖਰੀ ਰਾਜਾ ਚੰਮੁਡਰਾਏ ਇਹੀ ਚੰਮੁਡਰਾਏ ਰਿਸ਼ੀ ਨਾਮ ਨਾਲ ਪ੍ਰਸਿੱਧ ਹੋਏ। 179 ਸਾਲ ਤੱਕ ਵਿਸ਼ਨੂੰ ਦੀ ਤਪੱਸਿਆਂ ਕੀਤੀ। ਪਰ ਵਿਸ਼ਨੂੰ ਨੇ ਸਰਾਪ ਦੇ ਦਿੱਤਾ ਕਿ ਤੇਰੇ ਵੰਸ਼ ਦੇ ਲੋਕ ਚਵਰ ਤੇ ਚਮਾਰ ਕਹਾਉਣਗੇ ਤੇਰੇ ਵੰਸ਼ ਸ਼ੂਦਰਾਂ ਵਿੱਚ ਵੀ ਨੀਚ ਸਮਝਿਆ ਜਾਵੇਗਾ। ਨੀਚ ਤੋਂ ਨੀਚ ਕੰਮ ਕਰਨਗੇ ਅਤੇ ਜੜ੍ਹ ਪਦਾਰਥਾਂ ਪੱਥਰਾਂ ਦਰਖਤਾ ਆਦਿ ਦੀ ਪੂਜਾ ਕਰਨਗੇ।

ਭੱਦਰ ਸੇਨ ਦੀ 972 ਪੀੜੀ ਦੇ ਰਾਜਾ ਸੂਰਯਸੇਨ ਹੋਏ। ਸੂਰਯਸੇਨ ਦੀ ਰਾਜਧਾਨੀ ਚੰਬਕਵਤੀ ਨਗਰੀ ਸੀ। ਸੂਰਯਸੇਨ ਦੀ ਪ੍ਰਧਾਨ ਰਾਣੀ ਸੁਮਥਾਂ ਆਰਭਯ ਦੇਸ ਦੇ ਰਾਜਾ ਦੀ ਪੁੱਤਰੀ ਸੀ। ਰਾਣੀ ਸੁਮਤਾ ਤੋਂ ਚੰਮੁਡਰਾਏ ਪੈਦਾ ਹੋਏ। ਰਾਜਾ ਸੁਰਯਸੇਨ ਨੇ ਪ੍ਰਿਥਵੀ ਭਰ ਦੇ ਜੋਤਿਸੀਆਂ ਨੂੰ ਬੁਲਾਇਆ। ਉੱਨਤੀ ਲੱਖ ਬ੍ਰਾਹਮਣਾ ਨੂੰ ਭੋਜਨ ਕਰਵਾਇਆ ਅਤੇ ਨੋ ਲੱਖ ਗਾਂਵਾ ਦਾ ਉਹਨਾਂ ਨੂੰ ਦਾਨ ਦਿਤਾ। ਜੋਤਿਸੀਆਂ ਕਹਿਣ ਉੱਪਰ ਰਾਜਾ ਨੂੰ ਇਸ ਗੱਲ ਉੱਪਰ ਵਿਸ਼ਵਾਸ ਹੋ ਗਿਆ ਕਿ ਇਹ ਚੰਮੁਡਰਾਏ ਉਸ ਦੇ ਵੰਸ਼ ਦਾ ਅੰਤ ਕਰੇਗਾ। ਰਾਜਾ ਨੇ ਰਾਜ ਪੁੱਤਰ ਨੂੰ ਮਾਰ ਦੇਣ ਦਾ ਨਿਰਣਾ ਕੀਤਾ। ਪਰੰਤੂ ਰਾਣੀ ਸ਼ੇਮਕਲਾ ਨੇ ਰਾਜ ਪੁੱਤਰ ਦੀ ਜਗਾ ਆਪਣੇ ਚਾਰ ਦਿਨ ਦੇ ਪੁੱਤਰ ਨੂੰ ਸੁਲਾ ਦਿਤਾ। ਰਾਜਾ ਨੇ ਆਪਣਾ ਪੁੱਤਰ ਸਮਝ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਉਸ ਗਮ ਚ ਨੌਂਵੇ ਦਿਨ ਸਵਰਗਵਾਸੀ ਹੋ ਗਏ। ਰਾਜਾ ਸੂਰਯਸੇਨ ਦੇ ਪ੍ਰਧਾਨ ਮੰਤਰੀ ਇੰਦਰ ਨੇ ਕਬੀਲੇ ਜਨਤਾ ਦੇ ਪ੍ਰਤਿਨਿਧੀਆਂ ਅਤੇ ਹੋਰ ਦੇਸ਼ਾ ਦੇ ਰਜਿਆਂ ਨੂੰ ਇਕੱਤਰ ਕੀਤਾ ਰਾਣੀ ਸੁਮਤਾ ਨੇ ਸਭਾ ਨੂੰ ਰਾਜ ਕੁਮਾਰ ਦੇ ਜੀਵਤ ਹੋਣ ਦਾ ਸਮਾਚਾਰ ਦਿਤਾ ਇਸ ਤੋਂ ਸਾਰੇ ਲੋਕ ਖੁਸ਼ ਹੋਏ। ਸਰਬਸੰਮਤੀ ਅਨੁਸਾਰ ਰਾਜ ਕੁਮਾਰ ਦੀ ਬਚਪਨ ਤੋਂ ਹੀ ਕੰਮ ਕਰਨ ਦੇ ਲਈ 9 ਪਦ ਅਧਿਕਾਰੀਆਂ ਦੀ ਇਕ ਕਮੇਟੀ ਬਣਾਈ ਗਈ। ਇੰਦਰ ਦੇਵ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ ਰਾਣੀ ਸੁਮਤਾ ਨੂੰ ਕਮੇਟੀ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ।ਬ੍ਰਾਹਮਣਾ ਨੂੰ ਗੋਦਾਨ ਅਤੇ ਭੋਜਨ ਦਿੱਤਾ ਗਿਆ।

ਚੰਮੁਡਰਾਏ 10 ਦੀ ਉਮਰ ਵਿੱਚ ਆਪਣੀ ਰਾਜਧਾਨੀ ਚੰਬਾਰਵਤੀ ਹੀ ਰਹੇ। ਫਿਰ ਆਰਸਯ ਪਰਬਤ ਗੁਰੂਕੁੱਲ ਵਿੱਚ 48 ਸਾਲ ਰਾਜਰਿਸ਼ੀ ਧਰਮਵੇਸ਼ਵਰ(ਆਪਣੇ ਗੁਰੂ) ਤੋਂ ਵਿੱਦਿਆ ਪ੍ਰਾਪਤ ਕਰਦੇ ਰਹੇ। ਫਿਰ ਘਰ ਆ ਕੇ ਆਪਣੀ ਰਾਜਧਾਨੀ ਚੰਬਾਰਵਤੀ ਵਿੱਚ 24 ਸਾਲ ਤੱਕ ਧੁਰੰਧਰ ਤੋਂ ਧਨੁੱਸ਼ ਵਿਦਿਆ ਪ੍ਰਾਪਤ ਕੀਤੀ। ਫਿਰ ਸੱਤ ਸਾਲ ਇੰਦਰ ਦੇਵ ਤੋਂ

ਰਾਜਨੀਤੀ ਸਿਖ ਦੇ ਰਹੇ 89 ਸਾਲ ਦੀ ਉਮਰ ਵਿੱਚ ਚੰਮੁਡਰਾਏ ਗੱਦੀ ਉੱਪਰ ਬੈਠਿਆ। ਸਾਰੇ ਦੇਸ਼ ਨੂੰ ਸੱਦਿਆ ਗਿਆ, ਸਾਰੇ ਰਾਜਿਆ ਨੇ ਕੀਮਤੀ ਪਦਾਰਥ ਭੇਂਟ ਕੀਤੇ ਰਾਜਤਿਲਕ ਹੋਇਆ। ਇੰਦਰ ਦੇਵ ਹੀ ਪ੍ਰਧਾਨ ਮੰਤਰੀ ਬਣੇ ਚੰਮੁਡਰਾਏ ਨੇ ਵੀ ਸਭ ਨੂੰ ਰਤਨ ਆਦਿ ਪਦਾਰਥ ਭੇਟ ਕਰਕੇ ਵਿਦਾ ਕੀਤਾ। ਜਦੋ ਆਰਸਯ ਪਰਬਤ ਉੱਪਰ ਚੰਮੁਡਰਾਏ ਰਾਜਰਿਸ਼ੀ ਧਰਮੇਸ਼ਵਰ ਤੋਂ ਸਿੱਖਿਆ ਪਾ ਰਹੇ ਸਨ। ਉਦੋਂ ਇਕ ਰਾਜਾ ਧੁਰੰਗ ਰਾਖਸ਼ਸ ਨੇ ਚੰਬਰਾਵਤੀ ਉੱਪਰ ਚੜਾਈ ਕੀਤੀ ਸੀ ।

ਰਾਣੀ ਸੁਮਤਾ ਨੇ ਅਗਨੇਆ ਸ਼ਾਸ਼ਤਰ ਨਾਲ ਉਸ ਦੇ ਦਲ ਦਾ ਵਿਨਾਸ਼ ਕਰ ਦਿੱਤਾ ਉਸ ਸਮੇ ਧੁਰੰਗ ਦੇ ਪੁੱਤਰ ਭੁਰੰਗ ਨੇ ਪ੍ਰਣ ਲਿਆ ਕਿ ਉਹ ਰਾਣੀ ਨੂੰ ਨੁਕਸਾਨ ਪਹੁਚਾਏਗਾ ਤਰੈਕਯ ਦੇਸ ਦੇ ਰਾਜਾ ਦੀ ਕੰਨਿਆਂ ਵਿਨਸਿਆ ਨੇ ਸਵੰਬਰ ਦਾ ਨਿਮੰਤਰਣ ਲੈ ਕੇ ਰੋਹੀਵੇਸ਼ਵਰ ਪਰੋਹਿਤ ਚੰਬਰਾਵਤੀ ਆਏ। ਚੰਮੁਡਰਾਏ ਨੇ ਸਵਿਕਾਰ ਕੀਤਾ ਅਤੇ ਰਾਜ ਪਰੋਹਿਤ ਨੂੰ 1 ਲੱਖ ਗਾਂਵਾ ਦੇ ਕੇ ਵਿਦਾ ਕੀਤਾ । ਤਰੈਕਯ ਦੇਸ਼ ਦੀ ਰਾਜਧਾਨੀ ਕਲੇਸ਼ਾਲਆ 'ਚ ਸਵੰਬਰ ਹੋਇਆ । ਰਾਜਿਆ ਦੇ 82 ਕੈਂਪ ਲਗਾਏ ਗਏ ਰਾਜਾ ਦਾ ਕੈਂਪ ਸਮੁੰਦਰ ਦਾ ਪੁੱਲ ਬਣਾਂ ਕੇ ਲਗਾਇਆ ਗਿਆ ਰਾਜ ਕੰਨਿਆਂ ਨੇ ਚੰਮੁਡਰਾਏ ਨੂੰ ਮਾਲਾ ਪਹਿਨਾਈ ਵਿਆਹ ਹੋਇਆ। ਰਾਣੀ ਵਿਸ਼ਨਿਆ ਨੂੰ ਚੰਬਰਵਤੀ ਲਿਆ ਕੇ ਰਾਜਾ ਰਾਜ ਕਰਨ ਲੱਗੇ । ਇੰਦਰ ਦੇਵ ਦੀ ਮੌਤ ਤੋਂ ਬਾਅਦ ਉਹਨਾਂ ਦੇ ਪੁੱਤਰ ਭੱਦਰਦੇਵ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਕੁਝ ਦਿਨ ਰਾਜ ਕਰਨ ਦੇ ਬਾਆਦ ਚੰਮੁਡਰਾਏ ਨੇ ਆਪਣਾ ਰਾਜ ਭਾਗ ਤਿਆਗ ਕੇ ਸੰਨਿਆਸ ਲੈ ਲਿਆ ਰਾਜਾ ਚਮੁਡਾਇ ਦੇ ਸੰਤਾਨ ਨਹੀਂ ਸੀ। ਪ੍ਰਜਾ ਨੇ ਰਾਣੀ ਨੂੰ ਗੱਦੀ ਉੱਪਰ ਬਿੱਠਾ ਦਿੱਤਾ।

ਚੰਮੁਡਰਾਏ ਕੈਲਾਸ਼ ਪਰਵਤ ਉੱਪਰ ਜਾ ਕੇ ਤਪ ਕਰਨ ਲੱਗ ਪਏ। ਉਸ ਦੇ ਤਪ ਤੋਂ ਦੇਵਤਾ ਲੋਕ ਘਬਰਾ ਗਏ। ਦੇਵਤਿਆਂ ਨੇ ਇਹ ਤੱਪ ਵਿੱਚ ਰੁਕਾਵਟ ਪੈਦਾ ਕਰਨ ਲਈ ਸਿੱਧ ਦੇਵ ਨਾਲ ਮਿਲ ਕੇ ਉਪਾਅ ਲੱਭਿਆ ਦੇਵਤਿਆਂ ਨੇ ਇਹ ਵਿਘਨਦੇਵ ਨੂੰ ਕੰਮ ਦਿੱਤਾ ਅਤੇ ਵਿਘਨਦੇਵ ਨੇ ਧਰੁੰਗ ਦੇ ਪੁੱਤਰ ਪਾਸ ਜਾ ਕੇ ਚੰਮੁਡਰਾਏ ਰਿਸ਼ੀ ਦੇ ਤੱਪ ਵਿੱਚ ਰੁਕਾਵਟ ਪੈਦਾ ਕਰਨ ਲਈ ਕਿਹਾ ਭੁਰੰਗ ਨੇ ਸਾਧੂ ਰੂਪ ਚੰਮੁਡਰਾਏ ਪਾਸ ਜਾ ਕੇ ਵਿਸ਼ਨੂੰ ਦੀ ਮੂਰਤੀ ਦਿੱਤੀ ਅਤੇ ਉਸ ਨੂੰ ਪੂਜਾ ਕਰਨ ਦਾ ਆਦੇਸ਼ ਦਿੱਤਾ ਭੁਰੰਗ ਨੇ ਸਾਧੂ ਰੂਪ ਵਿੱਚ ਵਿਘਨਦੇਵ ਨੇ ਸ਼ੰਕਰ ਜੀ ਦਾ ਰੂਪ ਧਾਰਨ ਕਰਕੇ ਮੂਰਤੀ ਨੂੰ ਪੂਜਣਾ ਠੀਕ ਦੱਸਿਆ । ਭੁਰੰਗ ਦੀ ਗੱਲ ਦੇ ਠੀਕ ਹੋਣ ਦੀ ਗਵਾਹੀਂ ਦਿੱਤੀ। ਇਸ ਕੰਮ ਤੋਂ ਸ਼ੰਕਰ ਨਾਰਾਜ ਹੋਏ ਉਹ ਵਿਸ਼ਨੂੰ ਦੇ ਪਾਸ ਗਏ ਅਤੇ ਚਮੁਡਾਇ ਨਾਲ ਕੀਤਾ ਗਿਆ ਅਨਰਥ ਦੱਸਿਆ। ਇਸ ਉੱਪਰ ਵਿਸ਼ਨੂੰ ਭਗਵਾਨ ਖੁਦ ਸ਼ੂਦਰ ਦਾ ਰੂਪ ਧਾਰ ਕੇ ਚਮੁਡਾਇ ਪਾਸ ਪਹੁੰਚੇ । ਫਿਰ ਵਿਸ਼ਨੂੰ ਆਪਣੇ ਅਸਲੀ ਰੂਪ 'ਚ ਆਏ ਅਤੇ ਰਿਸ਼ੀ ਚਮੁਡਾਇ ਨੂੰ ਕਿਹਾ ਮੇਰੀ ਮੂਰਤੀ ਦੀ ਪੂਜਾ ਕਰ ਤੂੰ ਅਨਰਥ ਕੀਤਾ ਹੈ ।

ਪਰ ਤੇਰਾ ਦੋਸ਼ ਨਹੀ ਹੈ ' ਤੇਰੇ ਤੋਂ ਤੇਰੇ ਵੰਸ਼ ਦਾ ਨਾਮ ਹੋਣਾ ਹੀ ਮੈ ਸਰਾਪ ਦਿੰਦਾ ਹਾਂ ਕਿ ਤੇਰਾ ਵੰਸ਼ ਇਸ ਧਰਤੀ ਤੋਂ ਸਦਾ ਲਈ ਅਲੋਪ ਹੋ ਜਾਵੇਗਾ ਅੱਜ ਤੋਂ ਬਾਅਦ ਤੇਰਾ ਵੰਸ਼ ਚਮਾਰ ਕਹਾਏਗਾ '।[2] ਇਹ ਜੋ ਕਥਾ ਚਵਰ ਪੁਰਾਣ ਦੀ ਦੱਸੀ ਜਾਂਦੀ ਹੈ ਇਹ ਕਥਾ ਬੇ ਬੁਨਿਆਦ, ਤੇ ਨਿਰਅਧਾਰ ਹੈ । ਇਸ ਵਿੱਚ ਕੋਈ ਸੱਚਾਈ ਨਹੀਂ ਹੈ ਇਹ ਇੱਕ ਛੜਯੰਤਰ ਦੇ ਤਹਿਤ ਰਚੀ ਗਈ ਹੈ।

ਜਿਸ ਦਾ ਮਕਸਦ ਸਿਰਫ ਇਹੀ ਨਜ਼ਰ ਆਉਂਦਾ ਹੈ ਕਿ ਚਮਾਰ ਜਾਤੀ ਦੇ ਲੋਕਾਂ ਨੂੰ ਗੁਮਰਾਹ ਕਰਕੇ ਦਿਸ਼ਾ ਹੀਣ ਕਰਕੇ ਰਾਹ ਤੋਂ ਭਟਕਾਉਣਾ, ਕਿਉਂਕਿ ਸਮਾਜ ਦੀ ਤਰੱਕੀ ਅਤੇ ਖੁਸ਼ਹਾਲੀ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਜੀਵਨ ਵਿੱਚ ਉਤਾਰ ਕੇ ਸਹੀ ਗਲਤ ਦੀ ਪਹਿਚਾਣ ਕਰਕੇ ਹੋਵੇਗੀ ਨਾ ਕਿ ਅਜਿਹੀਆ ਊਲ-ਜਲੂਲ ਕਥਾ ਕਹਾਣੀਆਂ ਵਿੱਚ

ਵਿਸ਼ਵਾਸ ਕਰਕੇ ।ਚਮਾਰ ਜਾਤੀ ਨੂੰ ਸਿਰਫ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਦੇ ਮਾਰਗ ਉੱਪਰ ਚੱਲ ਕੇ ਹੀ ਮੁਕਤੀ ਮਿਲੇਗੀ ਸਾਡੇ ਸਮਾਜ ਦੇ ਪ੍ਰਚਾਰਕਾ ਨੂੰ ਅਜਿਹੀਆ ਆਰੀਆ ਸਮਾਜੀਆਂ ਦੇ ਪੱਖ ਵਿੱਚ ਲਿਖੀਆ ਕਥਾਵਾਂ ਦਾ ਮੂਲ ਅਧਾਰ ਕਿ ਇਹਨਾ ਲੋਕਾਂ ਨੂੰ ਆਪਣੀ ਅਸਲ ਪਹਿਚਾਣ ਤੋਂ ਦੂਰ ਕਰਕੇ ਹਿੰਦੂ ਸੋਚ ਤੇ ਹਿੰਦੂ ਰੰਗ ਵਿੱਚ ਢਾਲ ਕੇ ਹਿੰਦੂ ਧਰਮ ਦੇ ਰੂਪ ਵਿੱਚ ਪੇਸ਼ ਕਰਨਾ ਹੈ। ਅੱਜ ਵਿਦਵਾਨਾ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਚਮਾਰ ਜਾਤੀ ਭਾਰਤ ਦੀ ਮੂਲ ਜਾਤੀ ਹੈ, ਇਹ ਆਦਿ ਭਾਰਤ ਦੀ ਸ਼ਾਸ਼ਕ ਜਾਤੀ ਤਾਂ ਹੈ ਹੀ ਪਰ ਆਉਣ ਵਾਲੇ ਕੱਲ੍ਹ ਦੀ ਵੀ ਸ਼ਾਸ਼ਕ ਹੈ। **ਚੰਵਰ ਪੁਰਾਣ ਵਰਗੇ ਗ੍ਰੰਥਾਂ ਦੀਆਂ ਕਥਾਵਾਂ ਦਾ ਮਕਸਦ ਤਾਂ ਇਹੀ ਹੈ ਕਿ ਭਾਰਤੀ ਮੂਲ-ਨਿਵਾਸੀਆਂ ਦੀ ਮਹਾਨਤਾ ਨੂੰ ਧੁੰਧਲਾ ਕਰਨਾ।**

ਹਵਾਲੇ

1. ਚਵਰ ਪੁਰਾਣ
2. ਚੰਵਰ ਪੁਰਾਣ

# 14. ਚਮਾਰਾ ਜਾਤੀ ਅਤੇ ਨਿਆ ਪ੍ਰਣਾਲੀ

**ਬੇਗਮਪੂਰਾ ਸਹਰ ਕੋ ਨਾਉ॥**
**ਦੂਖੁ ਅੰਦੋਹ ਨਹੀ ਤਿਹਿ ਠਾਉ॥**
**ਨਾ ਤਸਵੀਸ ਖਿਰਾਜੁ ਨਾ ਮਾਲੁ॥**
**ਖਉਫ ਨ ਖਤਾ ਨ ਤਰਸੁ ਜਵਾਲੁ ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ )

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੀ ਅੰਮ੍ਰਿਤਬਾਣੀ ਜੋ ਮਾਨਵਤਾ ਵਾਦੀ ਰਾਜ ਦੀ ਕਲਪਨਾ ਦੇ ਕੇ ਵਿਸ਼ਵ ਨੂੰ ਬੇਗਮ ਨਗਰੀ ਦੀ ਵਿਵਸਥਾ ਕਾਇਮ ਕਰਨ ਲਈ ਆਪਣੀ ਸਾਰੀ ਜ਼ਿੰਦਗੀ ਸੰਘਰਸ਼ ਹੀ ਨਹੀਂ ਕੀਤਾ ਸਗੋਂ ਸਮਾਜ ਦੀ ਦਸ਼ਾ ਅਤੇ ਦਿਸ਼ਾ ਨੂੰ ਬਦਲਣ ਲਈ ਸਮਾਜ ਵਿਚ ਵਿਚਰੇ। ਬੇਸ਼ੱਕ ਸਮਾਜ ਪਾਸ ਬਹੁਤ ਸਾਰੇ ਅਧਿਕਾਰ ਨਹੀਂ ਸਨ। ਪਰ ਫਿਰ ਵੀ ਸਤਿਗੁਰੂ ਜੀ ਨੇ ਸਹੀ ਸੂਜ ਬੂਝ ਸਹੀ ਦ੍ਰਿਸਟੀ ਅਤੇ ਸਹੀ ਸੋਚ ਸਮਝ ਪੈਦਾ ਕੀਤੀ। ਜਿਸ ਸਮਾਜ ਨੂੰ ਵਿੱਦਿਆ ਪੜ੍ਹਨ ਦੀ ਮਨਾਹੀ ਸੀ, ਉਸ ਸਮਾਜ ਨੂੰ ਪੜ੍ਹਨ ਦਾ ਹੱਕ ਦਿਵਾਇਆ। ਚੇਤਨਾ ਵਿਅਕਤੀਗਤ ਜਾਂ ਸਮਾਜਿਕ ਹੋਵੇ ਦੋਵੇਂ ਹੀ ਰਾਜ ਵਿਵਸਥਾ ਪ੍ਰਾਪਤੀ ਦਾ ਮਾਰਗ ਬਣਦੀਆਂ ਹਨ। ਇਤਿਹਾਸ 'ਚ ਜ਼ਿਕਰ ਮਿਲਦਾ ਹੈ ਚਮਾਰਾਂ ਦੀਆਂ ਪੰਚਾਇਤਾ ਅਤੇ ਅਕਬਰ ਅਤੇ ਬੀਰਬਲ ਦੀਆਂ ਕਹਾਣੀਆ ਸੰਸਾਰ ਪ੍ਰਸਿੱਧ ਕਹਾਣੀਆ ਹਨ।[1]

ਜੋ ਉਹਨਾਂ ਦੇ ਨਿੱਜੀ ਤਜਰਬਿਆਂ ਦਾ ਬਿਆਨ ਕਰਦੀਆਂ ਅਤੇ ਬਹੁਤ ਗੱਲਾ 'ਚ ਹੈਰਾਨੀ ਪੈਦਾ ਕਰਦੀਆਂ ਹਨ। ਇਕ ਘਟਨਾ ਇਤਿਹਾਸ ਵਿਚ ਦਰਜ ਹੈ। ਕਿ ਅਕਬਰ ਨੇ ਬੀਰਬਲ ਨੂੰ ਪੁਛਿਆ ਕਿ ਤੈਨੂੰ ਦੁਨੀਆਂ ਵਿਚ ਕਿਸ ਦੇ ਨਿਆਂ ਉੱਪਰ ਵਿਸ਼ਵਾਸ ਹੈ। ਉਹ ਕੌਣ ਹਨ ਜੋ ਨਿਆ ਸੱਚਾਈ ਤੇ ਆਧਾਰਿਤ ਹੈ। ਉਹ ਕੌਣ ਹਨ ਜੋ ਨਿਆ ਸਚਾਈ ਤੇ ਆਧਾਰਿਤ ਕਰਦੇ ਹਨ ਜਿਹਨਾਂ ਦੇ ਰਾਜ ਦੀ ਵਿਵਸਥਾ ਇਕ ਉਦਾਹਰਣ ਹੈ। ਤਾਂ ਬੀਰਬਲ ਨੇ ਅੱਗੋ ਜਵਾਬ ਵਿਚ ਕਿਹਾ ਕਿ **ਮੈਨੂੰ ਚਮਾਰਾਂ ਦੀਆਂ ਪੰਚਾਇਤਾਂ ਉੱਪਰ ਪੂਰਾ ਯਕੀਨ ਵਿਸ਼ਵਾਸ ਹੈ। ਕਿਉਂਕਿ ਉਹ ਇਹ ਲੋਕ ਪੂਰੀ ਤਰ੍ਹਾ ਪਰਖ ਕਰਕੇ ਚੰਗੀ ਤਰ੍ਹਾ ਸੋਚ ਵਿਚਾਰ ਕਰਨ ਉੱਪਰੰਤ ਦੋਸ਼ ਜਾ ਨਿਰਦੋਸ਼ ਦਾ ਫੈਸਲਾ ਸੁਣਾਉਂਦੇ ਹਨ। ਇਹਨਾਂ ਦਾ ਫੈਸਲਾ ਬਿਲਕੁਲ ਸਹੀ ਅਤੇ ਨਿਆ ਆਧਾਰਿਤ ਹੁੰਦਾ ਹੈ। ਕਿਸੇ ਤਰ੍ਹਾ ਦੇ ਜ਼ਜਬਾਤੀ ਅਤੇ ਤੰਗ ਸੋਚ ਤੋਂ ਫੈਸਲੇ ਨਹੀ ਲਏ ਜਾਂਦੇ। ਚਮਾਰਾਂ ਦੀਆਂ ਪੰਚਾਇਤਾ ਨਿਆਂ ਅਧਾਰ ਹੁੰਦੀਆਂ ਹਨ।**

ਅਕਬਰ ਬੇਸ਼ੱਕ ਮੁਸਲਿਮ ਰਾਜਾ ਸੀ। ਪਰ ਉਹ ਭਾਰਤ ਦੇ ਪ੍ਰਬੰਧ ਨੂੰ ਚੰਗੀ ਤਰ੍ਹਾ ਜਾਣਦਾ ਸੀ ਜੋ ਉਨ੍ਹਾਂ ਨੂੰ ਚੰਗਾ ਲਗਦਾ ਸੀ ਉਹ ਉਸ ਨੂੰ ਬੀਰਬਲ ਦੀ ਜੁਬਾਨੀ ਵੀ ਸੁਣਦਾ ਸੀ। ਚਮਾਰ ਦੀਆਂ ਪੰਚਾਇਤਾਂ ਦੀ ਕਹਾਣੀ ਲੋਕ ਪ੍ਰਸਿਧ ਹੈ। ਕਿਉਂਕਿ ਸਿੰਧੂ ਘਾਟੀ ਤੋਂ ਚੱਲੀ ਆ ਰਹੀ ਸੀ ਰਾਜ ਵਿਵਸਥਾ ਸਹੀ ਸੂਝ ਬੂਝ ਸਹੀ ਦ੍ਰਿਸ਼ਟੀ ਵੀ ਬੇਸ਼ੱਕ ਇਥੇ ਵਿਦੇਸ਼ੀ ਆਰੀਆ ਲੋਕ, ਮੁਸਲਮਾਨ ਵਿਦੇਸ਼ੀ ਅਤੇ ਈਸਾਈ ਆਏ ਪਰ ਭਾਰਤੀ ਮੂਲ ਨਿਵਾਸੀਆਂ ਦੀ ਸੋਚ ਅਤੇ ਉਹਨਾਂ ਦੇ ਜੀਵਨ ਦੀਆਂ ਚੰਗਿਆਈਆ ਨੂੰ ਉਹ ਕੁਝ ਕਮਜੋਰ ਤਾਂ ਕਰ ਸਕੇ ਪਰ ਤੋੜ ਨਹੀਂ ਸੀ ਪਾਏ ਉਹ ਉਹਨਾਂ ਦੀ ਜੀਵਨ ਜਾਚ ਨੂੰ ਬਦਲ ਨਹੀ ਪਾਏ ਇਹ ਸੱਚ ਹੈ ਕਿ ਇਹਨਾਂ ਲੋਕਾਂ ਨੂੰ

ਹਜ਼ਾਰਾਂ ਸਾਲਾ ਤੋਂ ਦਬਾਇਆ ਗਿਆ ਲਤਾੜਿਆ ਗਿਆ, ਪਰ ਇਹਨਾਂ ਵਿੱਚ ਜੋ ਮੁੜ ਉੱਠ ਖੜ੍ਹੇ ਹੋਣ ਦੀ ਸ਼ਕਤੀ ਕੰਮ ਕਰਦੀ ਹੈ, ਉਹ ਕਿਸੇ ਹੋਰ ਕੌਮ ਵਿੱਚ ਨਹੀਂ ਪਾਈ ਜਾਂਦੀ ਇਹਨਾਂ ਦੀਆਂ ਮੁਸੀਬਤਾਂ ਅਤੇ ਮੁਸ਼ਕਿਲ ਦਾ ਹੱਲ ਇਹਨਾਂ ਦੀਆਂ ਚਾਰ ਦੀਵਾਰੀਆ ਵਿੱਚ ਜੁੜੀਆ ਸਿਆਣੀਆ ਸੋਚਾਂ ਹੀ ਕਰ ਦਿੰਦੀਆਂ ਸਨ।

ਪੰਚਾਇਤ ਪੰਚਾਂ ਦਾ ਇਕ ਸਮੂਹ ਹੁੰਦਾ ਹੈ। ਜਿਸ ਵਿਚ ਚਮਾਰ ਜਾਤੀ ਦੇ ਲੋਕਾਂ ਆਪਣੇ ਕੁਝ ਸਿਆਣੇ ਲੋਕਾਂ ਨੂੰ ਚੁਣ ਕੇ ਆਪਣੇ ਫੈਸਲੇ ਕਰਨ ਲਈ ਨਿਆ ਦਾ ਆਧਾਰ ਬਣਾਉਂਦੇ ਸੀ। ਪੰਚਾਇਤ ਕਈ ਪ੍ਰਕਾਰ ਦੀ ਸਜ਼ਾ ਵੀ ਦਿੰਦੀ ਸੀ। ਜੁਰਮਾਨਾ 101 ਰੁਪਏ ਦਾ ਲਗਾਇਆ ਜਾਂਦਾ ਸੀ। ਜਿਸ ਦਾ ਹਿੱਸਾ ਨੁਕਸਾਨ ਵਾਲੇ ਵਿਅਕਤੀ ਨੂੰ ਹੀ ਦਿੱਤਾ ਜਾਂਦਾ ਸੀ। ਪੰਚਾਇਤ ਦਾ ਹੁਕਮ ਬਹੁਤ ਸਖਤ ਹੁੰਦਾ ਸੀ ਅਤੇ ਸਖਤੀ ਨਾਲ ਲਾਗੂ ਵੀ ਕੀਤੇ ਜਾਂਦਾ ਸੀ।

ਸਮਾਜਿਕ ਗੁਨਾਹ ਕਰਨ ਵਾਲਿਆਂ ਨੂੰ ਸਜ਼ਾ ਵੀ ਦਿੱਤੀ ਜਾਦੀ ਸੀ। ਸਮਾਜ ਚੋਂ ਨਿਕਾਲਾ ਵੀ ਦਿੱਤਾ ਜਾਂਦਾ ਸੀ। ਮੂੰਹ ਕਾਲਾ ਵੀ ਕੀਤਾ ਜਾਦਾ ਸੀ। ਸਮਾਜਕ ਬੈਠਣਾ ਉਠਣਾ ਬੰਦ ਕਰ ਦਿੱਤਾ ਜਾਂਦਾ ਸੀ। ਇਹਨਾਂ ਦੀਆਂ ਪੰਚਾਇਤਾਂ ਪਿੰਡਾ ਵਿਚ ਹੀ ਹੁੰਦੀਆਂ ਸੀ। ਕਿਉਂਕਿ ਸ਼ਹਿਰੀ ਜੀਵਨ ਬਹੁਤ ਖਜਲ ਖੁਆਰੀ ਅਤੇ ਮੁਸ਼ਕਿਲ ਵਾਲਾ ਸੀ। ਫੌਜਦਾਰੀ ਵਿਵਾਦ, ਧਾਰਮਿਕ ਅਤੇ ਸਮਾਜਿਕ ਝਗੜਿਆਂ ਨੂੰ ਪੰਚਾਇਤਾਂ ਦੁਆਰਾ ਹੀ ਸੁਲਝਾ ਦਿਤਾ ਜਾਂਦਾ ਸੀ। ਪੰਚਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਵਿਅਕਤੀਆਂ ਨੂੰ ਕਾਨੂੰਨੀ ਉਲਝਣਾ ਤੋਂ ਬਚਾ ਲਿਆ ਜਾਵੇ। ਅਕਸਰ ਵੇਖਿਆ ਗਿਆ ਹੈ ਕਿ ਪੰਚਾਇਤ ਵਿਚ ਔਰਤਾਂ ਨਾਲ ਸੰਬੰਧਤ ਫੈਸਲਿਆ ਨੂੰ ਬਹੁਤ ਗੁਪਤ ਤਰੀਕੇ ਨਾਲ ਨਬੇੜਿਆਂ ਜਾਂਦਾ ਸੀ। ਜਿਸ ਦੇ ਸਬੰਧ ਵਿਚ ਇਕ ਖਾਸ ਕਮੇਟੀ ਹੁੰਦੀ ਸੀ।

ਔਰਤਾਂ ਦੀ ਵੀ ਸਜਾ ਤੈਅ ਕੀਤੀ ਜਾਂਦੀ ਸੀ। ਚਰਿਤਰ ਹੀਣ ਔਰਤਾਂ ਨੂੰ ਸਮਾਜ ਚੋਂ ਕੱਢ ਦਿੱਤਾ ਜਾਂਦਾ ਸੀ। ਚਮਾਰਾਂ ਦੀ ਪੰਚਾਇਤ ਨਿਆਂ ਉੱਪਰ ਅਧਾਰਤ ਸੀ। ਜਿਸ ਦੀ ਚਰਚਾ ਅਕਬਰ ਵਰਗੇ ਰਾਜਿਆਂ ਦੇ ਦਰਵਾਰ ਵਿੱਚ ਹੁੰਦੀ ਸੀ। ਬਹੁਤ ਸਾਰੇ ਫੈਸਲੇ ਕਰਦੇ ਸਮੇਂ ਉਹ ਚਮਾਰਾਂ ਦੀਆਂ ਪੰਚਾਇਤਾਂ ਦੇ ਫੈਸਲਿਆ ਨੂੰ ਧਿਆਨ 'ਚ ਰੱਖਦਾ ਸੀ।

ਹਵਾਲੇ

1. ਆਦਿਮ ਜਾਤ ਚਮਾਰ : ਸੋਹਨ ਲਾਲ ਸੁਮਨਾਕਸ਼ਰ

# 15. ਚਮਾਰ ਮੰਡਲ ਅਤੇ ਚਮਾਰ ਖੰਡ ਦਾ ਜ਼ਿਕਰ

ਰਿਗਵੇਦ ਵਿਚ ਜੋ ਕਹਾਣੀ ਮਿਲਦੀ ਹੈ ਉਸ 'ਚ ਬਿਲਕੁੱਲ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਮੂਲ-ਨਿਵਾਸੀਆ ਦੀ ਬਹਾਦਰੀ ਅਤੇ ਸਿੰਧੂ ਘਾਟੀ ਸੱਭਿਅਤਾ ਦੇ ਵਿਨਾਸ਼ਕ ਲੋਕਾਂ ਦੀ ਕਰੂਰਤਾ ਨੂੰ ਦਰਸਾਉਂਦੀ ਹੈ। ਹਰਿਆਣਾ ਦੇ ਰਾਜਪਾਲ ਬਾਬੂ ਪਰਮਾਨੰਦ[1] ਜੀ ਇਕ ਜਗਾ ਉੱਪਰ ਲਿਖਦੇ ਹਨ ਕਿ, **"ਚਮਾਰ ਜਾਤੀ ਦੇ ਲੋਕ ਵਿਸ਼ਵ ਦੇ ਮਹਾਨ ਲੋਕ ਹਨ ਸਮੁੰਦਰ ਮੰਥਨ ਦੀ ਅਗਵਾਈ ਕਰਨ ਵਾਲੇ ਆਸੂਰ ਨੇਤਾ ਜੋ ਕਾਲੇ ਰੰਗ ਦੇ ਸੀ ਉਹ ਇਸੀ ਚਮਾਰ ਜਾਤ ਦੇ ਆਦਿ ਮਾਨਵ ਸੀ।"**

ਰਿਗਵੇਦ ਵਿੱਚ ਚਮਾਰ ਲਈ ਚਮਰਾਨਾ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ।[2]

ਚਮਾਰ ਜਾਤੀ ਨੇ ਲੱਗਭਗ 600 ਈਸਾ ਪੂਰਵ ਇੱਕ ਅਜੀਵਕਾ ਸੰਘ ਬਣਾਇਆ ਸੀ ਜਿਸ ਆਰੀਆ ਦੇ ਕਰਮਕਾਂਡ ਪਖੰਡ ਅੱਤਿਆਚਾਰਾਂ, ਪਸ਼ੂ ਬਲੀਆਂ ਵਿਰੁੱਧ ਇੱਕ ਜਬਰਦਸਤ ਅਵਾਜ ਉਠਾਈ ਗਈ ਸੀ।[3]

ਮਹਾਂਭਾਰਤ ਵਿੱਚ ਚਮਾਰ ਜਾਤੀ ਦਾ ਵਿਸ਼ੇਸ਼ ਜਿਕਰ ਆਉਂਦਾ ਹੈ।

ਲੇਖਕ ਮੈਕਰਿੰਡਲੇ[4] 'ਇੰਡਿਅਨ ਐਂਟੀਕਿਊਰੀ' ਭਾਗ 6 ਪੰਨਾ 342 ਉੱਪਰ ਲਿਖਦੇ ਹਨ ਕਿ "ਮਹਾਭਾਰਤ ਵਿੱਚ ਪੱਛਮ 'ਚ ਚਮਾਰ ਮੰਡਲ ਨਾਮ ਦੇ ਜਿਲ੍ਹੇ ਦਾ ਵਰਣਨ ਪਾਇਆ ਜਾਂਦਾ ਹੈ।" ਵਿਸ਼ਨੂੰ ਪੁਰਾਣ ਵਿੱਚ ਚਮਾਰ ਖੰਡ ਦਾ ਜਿਕਰ ਮਿਲਦਾ ਹੈ। ਇਹ ਇਸ ਜਾਤੀ ਦੀ ਰਾਜਨੀਤਿਕ ਅਤੇ ਸੰਗਠਨਾਤਮਕ ਸੰਪਨਤਾ ਦਾ ਪ੍ਰਤੀਕ ਹੈ।

ਜਿੱਥੇ ਚਮਾਰ ਜਾਤੀ ਦਾ ਇਤਿਹਾਸ ਬਹੁਤ ਸ਼ਾਨ ਵਾਲਾ ਹੈ। ਚਮਾਰਾ ਦੀ ਜਿੱਥੇ ਸੱਭਿਅਤਾ ਦੀ ਕਹਾਣੀ ਮਿਲਦੀ ਹੈ। ਚਮਾਰਾਂ ਦੀ ਜਿੱਥੇ ਬਹਾਦਰੀ ਉਹਦੇ ਵਿਚਾਰਧਾਰਕ ਦੁਸ਼ਮਣ ਕਿਤਾਬਾ 'ਚ ਕਰਦੇ ਹੋਣ ਜਿੱਥੇ ਚਮਾਰਾਂ ਦਾ ਆਜੀਵਕਾ ਸੰਘ ਮਿਲਦਾ ਹੋਵੇ। ਜਿੱਥੇ ਚਮਾਰ ਮੰਡਲ ਮਿਲਦੇ ਹੋਣ, ਜਿੱਥੇ ਚਮਾਰ ਖੰਡ ਮਿਲਦੇ ਹੋਣ, ਜਿੱਥੇ ਚਮਾਰਾ ਦਾ ਸਮਰਾਟ ਅਸ਼ੋਕ ਹੋਵੇ, ਜਿੱਥੇ ਗੁਰੂ ਰਵਿਦਾਸ ਦਾ ਬੇਗਮਪੁਰਾ ਸ਼ਹਿਰ ਚਮਾਰਾ ਦਾ ਉਦੇਸ਼ ਹੋਵੇ। ਉੱਥੇ ਕਿਸੇ ਚਮਾਰ ਵਿਅਕਤੀ ਨਰ ਜਾਂ ਨਾਰੀ ਨੂੰ ਹੀਣ ਭਾਵਨਾ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।

ਹਵਾਲੇ


1. ਆਦਿਮ ਜਾਤ ਚਮਾਰ

2. ਰਿਗਵੇਦ

3. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ

4. ਇੰਡਿਅਨ ਐਂਟੀਕਿਊਰੀ

# 16. ਭਗਵਾਨ ਬੁੱਧ ਦਾ ਸੰਦੇਸ਼ ਅਤੇ ਸਮਾਜਿਕ ਕ੍ਰਾਂਤੀ

ਭਾਰਤ ਜਿੱਥੇ ਵਿਸ਼ਵ ਦੀ ਸਰਵ ਉੱਚ ਸੱਭਿਅਤਾ ਸਿੰਧੂ ਘਾਟੀ ਦੀ ਕਹਾਣੀ, ਆਦਿਮ ਜਾਤੀ ਚਮਾਰ ਦੇ ਵਿਕਾਸ ਅਤੇ ਵਿਸ਼ਵਾਸ ਦੀ ਗੋਰਵਸ਼ਾਲੀ ਗਾਥਾ ਗੂੰਜਦੀ ਹੈ। ਇਤਿਹਾਸ ਦਾ ਅਧਿਐਨ ਉੱਪਰੰਤ ਇਹ ਗੱਲ ਸਪੱਸ਼ਟ ਰੂਪ ਚ ਸਾਹਮਣੇ ਆਉਂਦੀ ਹੈ। ਚਵਰ ਵੰਸ਼ ਜੋ ਭਾਰਤੀ ਮੂਲ ਵਾਸੀਆ ਦਾ ਵੰਸ਼ ਹੈ। ਉਸ ਵਿਚ ਭਗਵਾਨ ਬੁੱਧ ਜੀ ਦਾ ਜਨਮ ਹੋਇਆ ਅਤੇ ਵਿਸ਼ਵ ਨੂੰ ਅਦਭੁੱਤ ਸੰਦੇਸ਼ ਦੇ ਕੇ ਭਾਰਤੀ ਸਮਾਜ ਦਾ ਕਲਿਆਣ ਕੀਤਾ। ਭਗਵਾਨ ਬੁੱਧ ਜੋ ਮੁਕੰਮਲ ਰੂਪ ਵਿਚ ਮਾਨਵਵਾਦੀ ਵਿਚਾਰਧਾਰਾ ਦੇ ਪ੍ਰਚਾਰਕ ਸਨ। ਜਿਵੇਂ ਭਾਰਤੀ ਮੂਲ ਦੀ ਪਹਿਚਾਣ ਬ੍ਰਾਹਮਣਵਾਦੀ ਲੋਕਾਂ ਨੇ ਅਲੱਗ ਕਰਕੇ ਜਾਣੀ ਅਤੇ ਰੱਖੀ ਸੀ। ਜਿਵੇਂ ਰਿਗਵੇਦ ਵਿਚ ਮੂਲ ਨਿਵਾਸੀ ਨੂੰ ਅਪਮਾਨਿਤ ਨਾਵਾਂ ਨਾਲ ਪੁਕਾਰਿਆ ਗਿਆ ਤਾਂ ਕਿ ਸਦੀਆਂ ਗੁਜਰ ਜਾਣ ਮਗਰੋਂ ਵੀ ਹੋਂਦ ਅਲੱਗ ਰਹੇ, ਕੋਈ ਮਿਲਾਵਟ ਨਾ ਹੋ ਸਕੇ।

ਭਗਵਾਨ ਬੁੱਧ ਭਾਰਤੀ ਮੂਲ ਨਿਵਾਸੀ ਪਹਿਚਾਣ ਦਾ ਇਕ ਹਿੱਸਾ ਹੈ। ਭਗਵਾਨ ਬੁੱਧ ਮਾਤਾ ਮਹਾਂਮਾਇਆ ਜੀ ਚੰਵਰ ਵੰਸ਼ ਨਾਲ ਸਬੰਧਤ ਸਨ। ਉਹਨਾਂ ਦੀ 'ਕੋਰੀ' ਜਾਤ ਸੀ। ਜੋ ਬੁੱਧ ਧਰਮ ਦੇ ਪ੍ਰਚੀਨ ਗ੍ਰੰਥ ਵਿਚ ਆਇਆ ਹੈ, ਕੋਰੀ ਜਾਤੀ ਚਮਾਰ ਜਾਤੀ ਦੀ ਉਪਜਾਤੀ ਮੰਨੀ ਗਈ ਹੈ। ਭਗਵਾਨ ਬੁੱਧ ਖੁਦ ਮੰਨਦੇ ਸਨ ਕਿ ਮੇਰਾ ਰਿਸ਼ਤਾ ਪਹਿਲੇ ਬੁੱਧਾ ਨਾਲ ਹੈ। ਇਹ ਪਹਿਲੇ ਬੁੱਧ ਭਾਵ ਚਮਾਰ ਜਾਤ ਦੀ ਸਿੰਧੂ ਘਾਟੀ ਦੇ ਲੋਕਾਂ ਤੋਂ ਹੈ।

ਭਗਵਾਨ ਬੁੱਧ ਜੀ ਦਾ ਜਨਮ 563 ਵਿਚ ਮਾਤਾ ਮਹਾਂਮਾਇਆਂ ਜੀ ਦੀ ਕੁੱਖੋਂ ਹੋਇਆ, ਆਪ ਦੇ ਪਿਤਾ ਦਾ ਵੰਸ਼ ਸ਼ਾਕਯਵੰਸ਼ ਸੀ (ਸ਼ਾਕਯਵੰਸ਼ ਵੀ ਚਮਾਰ ਭਾਵ ਚੰਵਰ ਵੰਸ਼ ਸ਼ਾਖਾ ਸੀ)। ਭਾਵ ਕੋਰੀ ਜਾਤੀ ਅਤੇ ਸ਼ਾਕਯਵੰਸ਼ ਦਾ ਸਿੱਧਾ ਸੰਬੰਧ ਚੰਵਰ ਵੰਸ਼ ਨਾਲ ਜੁੜਦਾ ਹੈ। ਭਾਰਤ ਦੇ ਇਤਿਹਾਸ ਵਿਚ ਭਗਵਾਨ ਬੁੱਧ ਨੂੰ ਉੱਚੀ ਕੁੱਲ ਦਾ ਕਹਿ ਕੇ ਪ੍ਰਚਾਰਿਆ ਗਿਆ ਹੈ ਪਰ ਭਗਵਾਨ ਬੁੱਧ ਦਾ ਸਿੱਧਾ ਸੰਬੰਧ ਭਾਰਤੀ ਮੂਲ ਦੇ ਨਿਵਾਸੀ ਚੰਵਰ ਵੰਸ਼ ਨਾਲ ਜੁੜਦਾ ਹੈ। ਇਤਿਹਾਸਕਾਰ ਮੰਨਦੇ ਹਨ ਕਿ ਭਗਵਾਨ ਬੁੱਧ ਜੀ ਭਾਰਤ ਦੀ ਮੂਲ ਨਿਵਾਸੀ ਸੱਭਿਅਤਾ ਦੀ ਉਪਜ ਹੈ।

ਭਗਵਾਨ ਬੁੱਧ ਨੇ ਜਿੱਥੇ ਭਾਰਤੀ ਮੂਲ ਨਿਵਾਸੀ ਪਹਿਚਾਣ ਨੂੰ ਸੁਰੱਖਿਅਤ ਕੀਤਾ, ਉੱਥੇ ਭਾਰਤ ਵਿਚ ਕਰਮਕਾਂਡ, ਅੰਧ ਵਿਸ਼ਵਾਸ ਅਤੇ ਊਚ-ਨੀਚ ਮਾਨਸਿਕਤਾ ਆਦਿ ਦਾ ਵਿਰੋਧ ਕਰਕੇ ਵਿਚਾਰਧਾਰਕ ਅੰਦੋਲਨ ਚਲਾਇਆ ਹੈ। ਜਿਸ ਸਮਾਜ ਦੇ ਵਿਚਾਰ ਨੂੰ ਖਤਮ ਕਰਨ ਦੀ ਸਾਜਿਸ਼ ਰਚੀ ਗਈ ਉਹਨਾਂ ਲੋਕਾਂ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ।

**ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੇ ਲਿਖਿਆ ਹੈ ਕਿ "ਭਾਰਤ ਦਾ ਇਤਿਹਾਸ ਬ੍ਰਾਹਮਣਵਾਦ ਅਤੇ ਬੁੱਧਵਾਦ ਦੇ ਵਿਚਕਾਰ ਲਗਾਤਾਰ ਹੋਏ ਸੰਘਰਸ਼ ਦਾ ਇਤਿਹਾਸ ਹੈ। ਇਸ ਨੂੰ ਸਮਝੇ ਬਗੈਰ ਇਤਿਹਾਸ ਨੂੰ ਨਹੀਂ ਸਮਝਿਆ ਜਾ ਸਕਦਾ।"**[1]

ਭਗਵਾਨ ਬੁੱਧ ਦੀਆਂ ਸਿੱਖਿਆਵਾਂ ਜੋ ਭਾਰਤੀ ਸਮਾਜ ਦੇ ਹਿੱਤ ਵਿਚ ਬੋਲਦੀਆਂ ਹਨ। ਇੱਕ ਨਜ਼ਰ ਉਹਨਾਂ ਦੀਆਂ ਮਾਨਵਵਾਦੀ ਸਿਖਿਆਵਾਂ ਉੱਪਰ ਕਿਉਂਕਿ ਉਹਨਾਂ ਨੇ **ਗਿਆਨ ਦੀ ਸਮਝ ਪੈ ਜਾਣ ਉਪਰੰਤ ਲਗਾਤਾਰ 80 ਸਾਲ ਦੀ ਉਮਰ ਤੱਕ 'ਬਹੁਜਨ ਹਿਤਾਏ ਬਹੁਜਨ ਸੁਖਾਏ' ਦੀ ਵਿਚਾਰਧਾਰਾ ਲਈ ਸੰਘਰਸ਼ ਕੀਤਾ ਕੰਮ ਕੀਤਾ।** ਸਿਰਫ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਦੁਨੀਆਂ ਦੇ ਨਕਸ਼ੇ ਉੱਪਰ ਭਾਰਤ ਦੇ ਲੋਕਾਂ ਨੂੰ

ਉਭਾਰਿਆ[3]।

**ਬੁੱਧ ਨੇ ਬ੍ਰਹਮਾ ਦੇ ਸ੍ਰਿਸ਼ਟੀ ਸਿਰਜਣਾ ਦੇ ਸਿਧਾਂਤ ਨੂੰ ਇੱਕ ਚਣੌਤੀ ਦਿੱਤੀ। ਉਹਨਾਂ ਨੇ ਸਪੱਸ਼ਟ ਰੂਪ ਵਿੱਚ ਕਿਹਾ ਕਿ ਦੁੱਖ ਹੈ , ਦੁੱਖ ਦਾ ਕਾਰਣ ਵੀ ਮੌਜੂਦ ਹੈ ਅਤੇ ਦੁੱਖ ਨੂੰ ਸਮਝੇ ਵਗੈਰ ਦੁੱਖ ਨੂੰ ਨਹੀਂ ਮਿਟਾਇਆ ਜਾ ਸਕਦਾ ਹੈ। ਦੁਨੀਆਂ ਦੀ ਹਰ ਚੀਜ਼ ਪ੍ਰੀਵਰਤਨ ਅਧੀਨ ਹੈ। ਕੋਈ ਵੀ ਚੀਜ਼ ਚਿਰ ਸਥਾਈ ਨਹੀਂ ਹੈ । ਬੁੱਧ ਦੇ ਸਿਧਾਂਤ ਵਿੱਚ ਈਸ਼ਵਰ ਵਾਦ ਦਾ ਕੋਈ ਸਥਾਨ ਨਹੀਂ ਹੈ। ਬੁੱਧ ਨੇ ਆਰੀਆ ਦੇ ਪੈਦਾ ਕੀਤੇ ਕਰਮ ਕਾਂਢ ਦਾ ਖੰਡਨ ਕੀਤਾ।** ਆਰੀਆ ਬ੍ਰਾਹਮਣਾ ਦੁਆਰਾ ਪੈਦਾ ਕੀਤੇ ਝੂਠੇ ਵਿਸ਼ਵਾਸਾ ਨੂੰ ਨਕਾਰ ਦੇਣ ਦੀ ਅਵਾਜ ਦਿੱਤੀ ।

ਬੁੱਧ ਦੇ ਪ੍ਰਚਾਰਕਾਂ ਵਿੱਚ ਸ਼ੂਦਰਾਂ ਦੀ ਬਹੁ-ਗਿਣਤੀ ਸੀ, ਪਰ ਸਮੇਂ ਦੇ ਨਾਲ ਬੇਇਮਾਨ ਅਤੇ ਚਲਾਕ ਲੋਕਾਂ ਨੇ ਉਹਨਾਂ ਦੇ ਧਰਮ ਉੱਪਰ ਕਬਜਾ ਕਰ ਲਿਆ ਸੀ।

ਬੁੱਧ ਨੇ ਬ੍ਰਹਮਾ ਦੇ ਸ੍ਰਿਸ਼ਟੀ ਸਿਰਜਣਾ ਦੇ ਸਿਧਾਂਤ ਨੂੰ ਇੱਕ ਚਣੌਤੀ ਦਿੱਤੀ। ਉਹਨਾਂ ਦੀਆਂ ਸਿੱਖਿਆਵਾਂ ਅੱਜ ਸਾਰੇ ਸਮਾਜ ਦਾ ਮਾਰਗ ਦਰਸ਼ਣ ਕਰਦੀਆਂ ਹਨ। ਜਿਨ੍ਹਾਂ ਨੂੰ ਅਮਲ ਵਿੱਚ ਲਿਆ ਕੇ ਭਾਰਤ ਵਿੱਚ ਇੱਕ ਜਬਰਦਸਤ ਕ੍ਰਾਂਤੀ ਕੀਤੀ ਜਾ ਸਕਦੀ ਹੈ। **ਅੱਜ 26 ਦੇਸ਼ਾ ਵਿੱਚ ਬੁੱਧ ਧਰਮ ਵੱਡੀ ਪੱਧਰ ਤੇ ਫੈਲਿਆਂ ਹੋਇਆ ਹੈ।** ਭਗਵਾਨ ਬੁੱਧ ਜੀ ਦੀ ਵਿਚਾਰਧਾਰਾ ਜੋ ਹੇਠ ਲਿਖੇ ਅਨੁਸਾਰ ਹੈ[2] :

- ਸੰਸਾਰ ਦੁੱਖਾਂ ਦਾ ਘਰ ਹੈ। ਦੁੱਖਾਂ ਦਾ ਕਾਰਨ ਵਾਸ਼ਨਾਵਾਂ ਹਨ। ਵਾਸ਼ਨਾਵਾਂ ਉੱਪਰ ਕਾਬੂ ਕਰਨ ਨਾਲ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।
- ਜੀਵਨ ਇਕ ਵੀਣਾ ਦੀ ਤਰ੍ਹਾਂ ਹੈ। ਇਸ ਦੀਆਂ ਤਾਰਾਂ ਇੰਨੀਆ ਨਾ ਕੱਸੋ ਕਿ ਟੁੱਟ ਜਾਣ, ਇੰਨੀਆ ਢਿੱਲੀਆਂ ਨਾ ਕਰੋ ਕਿ ਸੁਰ ਵੀ ਨਾ ਪੈਦਾ ਹੋ ਸਕੇ।
- ਮੈਂ ਇਕ ਸਾਧਾਰਨ ਆਦਮੀ ਹਾਂ ਜੋ ਕਹਿੰਦਾ ਹਾਂ ਉਹ ਅੰਤਿਮ ਸੱਚ ਨਹੀਂ ਹੈ, ਸੱਚ ਦੀ ਤਲਾਸ਼ ਜਾਰੀ ਰੱਖੋ।
- ਜੋ ਸਜ਼ਾ ਦਾ ਅਧਿਕਾਰੀ ਹੈ ਉਸ ਨੂੰ ਸਜ਼ਾ, ਜੋ ਪੁਰਸਕਾਰ ਦਾ ਅਧਿਕਾਰੀ ਹੈ ਉਸ ਨੂੰ ਪੁਰਸਕਾਰ ਮਿਲਣਾ ਚਾਹੀਦਾ ਹੈ।
- ਨਾ ਮੈ ਈਸ਼ਵਰ ਦਾ ਪੁੱਤਰ ਹਾਂ ,ਨਾ ਈਸ਼ਵਰ ਹਾਂ ,ਨਾ ਈਸ਼ਵਰ ਦਾ ਭੇਜਿਆ ਬੰਦਾ ਹਾਂ।
- ਸ਼ੈਤਾਨੀ ਤਾਕਤਾਂ ਅੱਗੇ ਆਤਮ ਸਮਰਪਣ ਨਾ ਕਰੋ, ਉਹਨਾਂ ਵਿਰੁੱਧ ਸੰਘਰਸ਼ ਕਰੋ।
- ਆਪਣਾ ਦੀਪਕ ਆਪ ਬਣੋ ਮਨੁੱਖ ਆਪਣਾ ਸੁਆਮੀ ਆਪ ਹੀ ਹੈ।
- ਜਦੋਂ ਸ਼ਾਤੀ ਰੱਖਣ ਦੇ ਸਾਰੇ ਉਪਾਅ ਖਤਮ ਹੋ ਜਾਣ ਤਾਂ ਯੁੱਧ ਕਰੋ, ਦੋਸ਼ੀ ਉਹੀ ਹੋਵੇਗਾ ਜੋ ਯੁੱਧ ਦਾ ਕਾਰਣ ਹੋਵੇਗਾ।
- ਮੇਰਾ ਦੱਸਿਆ ਧਰਮ ਅਭਿਆਸ ਆਚਰਣ ਤੇ ਨਿਰਭਰ ਹੈ, ਇਸ ਨੂੰ ਅੰਧ-ਵਿਸ਼ਵਾਸੀ ਹੋ ਕੇ ਗ੍ਰਹਿਣ ਨਾ ਕਰੋ, ਇਸ 'ਚ ਲੋੜੀਂਦਾ ਸੁਧਾਰ ਵੀ ਕਰੋ , ਲੋੜ ਅਤੇ ਸਮੇਂ ਮੁਤਾਬਕ ਨਿਯਮਾਂ 'ਚ ਤਬਦੀਲੀ ਕੀਤੀ ਜਾ ਸਕਦੀ ਹੈ।
- ਅਸ਼ਟ ਮਾਰਗ ਦਾ ਪਾਲਣ ਕਰੋ ਅਸ਼ਟ ਮਾਰਗ (1) ਸਹੀ ਦ੍ਰਿਸ਼ਟੀ (2) ਸਹੀ ਸੰਕਲਪ (3) ਸਹੀ ਆਚਰਨ (4) ਸਹੀ ਜੀਵਨ (5) ਸਹੀ ਯਤਨ (6) ਦਰੁਸਤ ਯਾਦਗਾਰ

(7) ਸ਼ੁੱਧ ਵਚਨ (8) ਸ਼ੁੱਧ ਚਿੰਤਨ

- ਇਕ ਆਜ਼ਾਦ ਸਮਾਜ ਲਈ ਧਰਮ ਦੀ ਜਰੂਰਤ ਹੈ, ਧਰਮ ਵਾਲਾ ਜੀਵਨ ਸਚਾਈ ਨਾਲ ਜੁੜਿਆ ਹੋਣਾ ਚਾਹੀਦਾ ਹੈ।
- ਪਸ਼ੂ ਬਲੀ ਨੂੰ ਧਰਮ ਦਾ ਅੰਗ ਨਹੀਂ ਬਣਾਉਣਾ ਚਾਹੀਦਾ।
- ਅਸਲੀ ਧਰਮ ਮਨੁੱਖ ਦੇ ਦਿਲ ਵਿੱਚ ਵਸਦਾ ਹੈ ਸ਼ਾਸਤਰਾਂ ਵਿਚ ਨਹੀਂ ਵਸਦਾ।
- ਸਾਰੇ ਇਨਸਾਨ ਬਰਾਬਰ ਹਨ ਆਦਮੀ ਦੀ ਕੀਮਤ ਯੋਗਤਾ ਨਾਲ ਜੁੜੀ ਹੈ ਨਾ ਕਿ ਜਨਮ ਨਾਲ।
- ਮਹੱਤਵਪੂਰਨ ਗੱਲ ਉੱਚੇ ਖਿਆਲ ਦਾ ਹੋਣਾ ਹੈ ਨਾ ਕਿ ਉੱਚੇ ਵਰਣ ਦਾ।
- ਸਭ ਨੂੰ ਵਿੱਦਿਆ ਪੜ੍ਹਨ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ, ਵਿੱਦਿਆ ਆਦਮੀ ਲਈ ਉੱਨੀ ਜਰੂਰੀ ਹੈ, ਜਿੰਨਾ ਭੋਜਨ ਜਰੂਰੀ ਹੈ। ਵਿੱਦਿਆ ਸਦਾਚਾਰ ਤੋਂ ਬਿਨਾਂ ਖਤਰਨਾਕ ਹੁੰਦੀ ਹੈ।
- ਕੁਝ ਵੀ ਅੰਤਿਮ ਸੱਚ ਨਹੀਂ ਹੈ, ਸੱਚ ਦੀ ਭਾਲ ਹਮੇਸ਼ਾ ਜਾਰੀ ਰੱਖੋ।
- ਹਰ ਸ਼ੈਅ ਦਾ ਕਾਰਨ ਸਿਧਾਂਤ ਹੈ।
- ਸੰਸਾਰ ਦਾ ਵਿਕਾਸ ਹੀ ਹੋਇਆ ਹੈ।
- ਯੁੱਧ ਉਦੋਂ ਤੱਕ ਗਲਤ ਹੈ ਜਦੋਂ ਤੱਕ ਸਚਾਈ ਇਨਸਾਫ ਲਈ ਨਾ ਲੜਿਆ ਜਾਵੇ।
- ਸਿਆਣਪ ਅਜਿਹੀ ਰੌਸ਼ਨੀ ਹੈ ਜੋ ਲੋਭ ਮੋਹ ਅਤੇ ਅਗਿਆਨ ਤੋਂ ਪਰਦਾ ਚੁੱਕਦੀ ਹੈ।
- ਮੇਰਾ ਸੱਚ ਦਾ ਰਾਹ ਬਹੁਤ ਲੋਕਾਂ ਦਾ ਭਲਾ ਕਰੇਗਾ।
- ਮੇਰੀ ਨਜ਼ਰ ਅਤੇ ਸੋਚ ਵਿੱਚ ਸਾਰੇ ਜੀਵ, ਔਰਤ, ਮਰਦ ਇਕ ਬਰਾਬਰ ਹਨ। ਬੋਧੀ ਗ੍ਰੰਥਾਂ ਵਿੱਚ ਔਰਤਾਂ ਦਾ ਜਿਕਰ ਮਰਦ ਤੋਂ ਪਹਿਲਾ ਹੁੰਦਾ ਹੈ।
- ਸ਼ੂਦਰ ਅਤੇ ਇਸਤਰੀ ਬਰਾਬਰ ਵਿੱਦਿਆ ਦੇ ਅਧਿਕਾਰੀ ਹਨ।
- ਕੌਮਾ ਵਿਚਕਾਰ ਸੰਘਰਸ਼ ਹੁੰਦਾ ਹੈ, ਇਸ ਲਈ ਇਹ ਕਦੇ ਕਦੇ ਹੁੰਦਾ ਹੈ।, ਪਰ ਵਰਗ ਸ਼ੰਘਰਸ਼ ਲਗਾਤਾਰ ਹੁੰਦਾ ਹੈ। ਸਾਰੀ ਸਮੱਸਿਆ ਦਾ ਅਧਾਰ ਵਰਗ ਸੰਘਰਸ਼ ਹੈ।
- ਬੁੱਧ ਅਤੇ ਬੋਧੀ ਹੋਣ ਦਾ ਭਾਵ ਗਿਆਨ ਦੀ ਸਿਖਰ ਚਿੱਤ ਦੀ ਇਕਾਗਰਤਾ ਹੈ।
- ਕਰਮਕਾਂਡ ਦੀ ਬ੍ਰਾਹਮਣਵਾਦ ਨੇ ਰਚਨਾ ਕੀਤੀ ਹੈ।
- ਵੇਦ ਈਸ਼ਵਰ ਰਚਨਾ ਨਹੀਂ ਹਨ।
- ਮਨ ਹੀ ਸਾਰੀਆਂ ਕ੍ਰਿਆਵਾਂ ਦਾ ਕੇਂਦਰ ਬਿੰਦੂ ਹੈ।
- ਸਮਾਧੀ ਤੋਂ ਭਾਵ ਚਿੱਤ ਦੀ ਇਕਾਗਰਤਾ ਹੁੰਦੀ ਹੈ।
- ਦਾਨ ਦਾ ਮਤਲਬ ਬਦਲੇ 'ਚ ਕਿਸੇ ਵੀ ਭਾਵਨਾ ਤੋਂ ਮੁਕਤ ਹੋ ਜਾਣਾ।

ਹਵਾਲੇ

1. ਬੁੱਧ ਧੱਮ ਸਾਰ ਤੇ ਵਿਕਾਸ : ਲਹੋਰੀ ਰਾਮ ਬਾਲੀ 2. ਭਾਰਤੀ ਲੋਕ ਨੀਚ ਕਿਵੇਂ ਬਣੇ?

3. ਬੋਧ ਧਰਮ: ਮੋਹਨ ਜੋਦੜੋ ਹੜੱਪਾ ਨਗਰਾਂ ਦਾ ਧਰਮ

# 17. ਮੌਰੀਆ ਵੰਸ਼

ਆਜ਼ਾਦ ਭਾਰਤ ਦੇ ਤਿਰੰਗੇ ਵਿਚ ਇਕ ਚੱਕਰ ਨਜ਼ਰ ਆਉਂਦਾ ਹੈ। ਉਹ ਮਹਾਨ ਅਸ਼ੋਕ ਦਾ 'ਅਸ਼ੋਕਾ ਚੱਕਰ' ਹੈ। ਜੋ ਭਾਰਤ ਦੀ ਸ਼ਾਸਨ ਵਿਵਸਥਾ ਉੱਪਰ ਅੱਜ ਵੀ ਲਹਿਰਾ ਰਿਹਾ ਹੈ ਅਤੇ ਵਿਸ਼ਵ ਨੂੰ ਆਪਣੀ ਮਹਾਨਤਾ ਦੀ ਸ਼ਾਨ ਵਿਚ ਸਮੇਟ ਰਿਹਾ ਹੈ। ਪਿਆਰ ਅਤੇ ਸ਼ਾਤੀ ਦਾ ਦੂਤ ਸਮਰਾਟ ਅਸ਼ੋਕ ਮੌਰੀਆ ਵੰਸ਼ ਦਾ ਮਹਾਨ ਵਾਰਿਸ ਕਹਾਇਆ। ਜਿਸ ਨੇ ਅਦਭੁੱਤ ਰਾਜ ਵਿਵਸਥਾ ਸ਼ਾਸਨ ਪ੍ਰਣਾਲੀ ਕਾਇਮ ਕੀਤੀ ਜਿਸ ਦੀ ਦੁਨੀਆਂ ਵਿਚ ਦੂਸਰੀ ਕਿਧਰੇ ਵੀ ਮਿਸਾਲ ਨਜ਼ਰ ਨਹੀਂ ਆਉਂਦੀ।

ਭਾਰਤ ਦੇ ਇਤਿਹਾਸ ਅਤੇ ਦੁਨੀਆਂ ਦੇ ਇਤਿਹਾਸ ਵਿਚ ਕੋਈ ਦੂਸਰਾ ਰਾਜਾ ਨਹੀਂ ਜਿਸ ਨੇ ਪਿਆਰ, ਪ੍ਰੇਮ, ਭਾਈਚਾਰਾ ਸ਼ਾਤੀ ਦੇ ਲਫਜ਼ਾ ਨਾਲ ਸੰਸਾਰ ਨੂੰ ਜਿੱਤ ਲਿਆ। ਅਸੀਂ ਰਾਜਿਆ ਦੇ ਇਤਿਹਾਸ ਵੇਖੇ ਜੋ ਅੰਤ ਸਮੇਂ ਖਾਲੀ ਹੱਥ ਜਾਂਦੇ ਹਨ ਅਤੇ ਪਛਤਾਵਿਆਂ ਦੀ ਚਾਦਰ ਹੇਠ ਦੱਬੇ ਪਏ ਹਨ। ਮਹਾਨ ਸਮਰਾਟ ਅਸ਼ੋਕ ਅੱਜ ਵੀ ਲੋਕ ਦਿਲਾਂ ਵਿੱਚ ਵਸਦੇ ਹਨ। ਕਿਉਂਕਿ ਉਹਨਾਂ ਨੇ ਆਪਣੀ ਜਿੰਦਗੀ ਦਾ ਮਕਸਦ '**ਬਹੁਜਨ ਹਿਤਾਏ ਬੂਹਜਨ ਸੁਖਾਏ**' ਦੇ ਕਲਿਆਣਕਾਰੀ ਉਦੇਸ਼ ਬਣਾ ਲਿਆ ਸੀ। ਜਿਸ ਦੀ ਬਦੌਲਤ ਅਸ਼ੋਕ ਮਹਾਨ ਦਾ ਨਾਮ ਅਮਰ ਅਤੇ ਸੁਨਹਿਰੀ ਪੰਨਿਆ 'ਚ ਦਰਜ ਹੈ। ਜਿਸਨੂੰ ਗੌਰਵ ਪ੍ਰਾਪਤ ਹੋਇਆ ਬੁੱਧ ਧਰਮ ਦੇ ਪ੍ਰਚਾਰ ਨੂੰ ਵਿਸ਼ਵ ਪੱਧਰ ਤੇ ਕਰਨ ਦਾ।

ਚੰਦਰ ਗੁਪਤ ਮੌਰੀਆ ਚਵਰ ਵੰਸ਼ ਵਿਚ ਹੋਏ ਸਨ। ਉਹ ਪਸ਼ੂਚਾਰਕ ਸਨ ਅਤੇ ਇਹ ਜਾਣਦੇ ਹਨ ਕਿ ਚੰਵਰ ਵੰਸ਼ੀ ਲੋਕ ਜੋ ਮੂਲਵਾਦੀ ਲੋਕ ਸਨ, ਉਹ ਹੌਲੀ-ਹੌਲੀ ਦਾਸ ਬਣ ਗਏ, ਇਹ ਸ਼ੂਦਰ ਜਿਨ੍ਹਾਂ ਦੇ ਕੰਮ ਵੀ ਤਹਿ ਕਰ ਦਿੱਤੇ ਗਏ ਸਨ। ਖੇਤੀ ਬਾੜੀ, ਪਸ਼ੂ ਪਾਲਣ ਅਤੇ ਕਲਾ ਖੇਤਰ ਵਿਚ ਕੰਮ ਤਹਿ ਕੀਤੇ ਗਏ ਸਨ। ਅਜਿਹੇ ਲੋਕ ਜੋ ਭਾਰਤ ਦੇ ਮੂਲ ਵੰਸ਼ੀ ਸਨ।

ਚੰਵਰ ਵੰਸ਼ ਹੀ ਉਸ ਸਮੇਂ ਦਾ ਚਮਾਰ ਵੰਸ਼ ਹੈ। ਚੰਦਰ ਗੁਪਤ ਨੇ ਮੌਰੀਆ ਵੰਸ਼ ਦੀ ਸਥਾਪਨਾ ਕੀਤੀ। ਜੋ ਹਿਮਵਰਨ ਦੇ ਮੌਰੀਆ ਨਗਰ ਦੇ ਰਾਜਾ ਦਾ ਪੁਤਰ ਸੀ। ਚੰਦਰ ਗੁਪਤ ਅਜੇ ਆਪਣੀ ਮਾਂ ਦੇ ਪੇਟ ਚ ਹੀ ਸੀ। ਦੁਸ਼ਮਣ ਨੇ ਮੌਰੀਆ ਨਗਰ ਉੱਪਰ ਹਮਲਾ ਕਰ ਦਿੱਤਾ ਅਤੇ ਚੰਦਰ ਗੁਪਤ ਮੌਰੀਆ ਦੇ ਪਿਤਾ ਦੀ ਮੌਤ ਹੋ ਗਈ। ਚੰਦਰ ਗੁਪਤ ਮੌਰੀਆ ਦੀ ਮਾਤਾ ਪਾਟਲੀ ਪੁੱਤਰ ਵਿਖੇ ਚਲੀ ਗਈ ਜਿਥੇ ਚੰਦਰ ਗੁਪਤ ਮੌਰੀਆ ਦਾ ਜਨਮ ਹੋਇਆ। ਚੰਦਰ ਗੁਪਤ ਮੌਰੀਆ ਜਿਸਨੇ ਆਪਣਾ ਮੌਰੀਆ ਵੰਸ਼ ਖੜ੍ਹਾ ਕੀਤਾ। ਚੰਦਰ ਗੁਪਤ ਮੌਰੀਆ ਦਾ ਪੁੱਤਰ ਬਿੰਦੂਸਾਰ ਸੀ।

ਬਿੰਦੂਸਾਰ ਦਾ ਪੁੱਤਰ ਅਸ਼ੋਕ ਹੋਇਆ, ਅਸ਼ੋਕ ਨੂੰ ਵਿਸ਼ਵ ਦੇ ਮਹਾਨ ਰਾਜਿਆਂ ਚ ਗਿਣਿਆ ਜਾਂਦਾ ਹੈ। ਕਿਉਂਕਿ ਉਸਨੇ ਆਪਣੇ ਮੂਲ ਵੰਸ਼ ਨੂੰ ਸੰਭਾਲਿਆ। ਜਿਸ ਵੰਸ਼ ਵਿਚ ਰਾਜਾ ਸੁਦਾਸ ਵਰਗੇ ਸੁਰਵੀਰ ਪੈਦਾ ਹੋਏ। ਜਿਸ ਨੂੰ ਬੁਢਾਪੇ ਸਮੇਂ ਵੀ 10 ਰਾਜਿਆਂ ਨੇ ਮਿਲ ਕੇ ਮਾਰਿਆ ਹੋਵੇ। ਅਜਿਹੇ ਮੌਰੀਆ ਵੰਸ਼ (ਚਵਰ ਵੰਸ਼ੀ) ਦਾ ਮਹਾਂਨਾਇਕ ਸਮਰਾਟ ਅਸ਼ੋਕ ਸੀ। ਸਮਾਰਟ ਅਸ਼ੋਕ ਨੇ ਕਲਿੰਗਾ ਦੀ ਉੜੀਸਾ ਲੜਾਈ ਦੀ ਜਿਤ ਮਗਰੋਂ ਹੋਇਆ ਮਨੁੱਖਤਾ ਦਾ ਘਾਣ ਵੇਖਿਆ ਤਾਂ ਉਸ ਦਾ ਦਿਲ ਪਚੀਸ ਗਿਆ।

**ਉਸ ਨੇ ਆਪਣੇ ਸਮੇਂ ਦੇ ਮਹਾਨ ਬੁੱਧ ਧਰਮ ਦਾ ਮਾਰਗ ਅਪਣਾ ਲਿਆ, ਮਾਨਵਤਾ ਦੀ ਸੇਵਾ ਵਿੱਚ ਆਪਣਾ ਰਾਜ ਸਮਰਪਿਤ ਕਰ ਦਿੱਤਾ। ਸਮਰਾਟ ਅਸ਼ੋਕ**

ਨੇ ਵਿਦੇਸ਼ਾ ਵਿੱਚ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਆਪਣੇ ਪੁੱਤਰ ਅਤੇ ਪੁੱਤਰੀ ਨੂੰ ਭੇਜਿਆ ਅਤੇ ਆਪਣਾ ਪਰਿਵਾਰ ਧਰਮ ਦੀ ਸੇਵਾ ਵਿਚ ਅਰਪਣ ਕਰ ਦਿੱਤਾ। ਉਸ ਦੇ ਰਾਜ ਵਿਚ ਕੋਈ ਧਰਮ ਵਿਸ਼ੇਸ਼, ਜਾਤੀ ਵਿਸ਼ੇਸ਼ ਦਾ ਨਹੀਂ ਸੀ ਨਿਆਂ ਪੂਰਨ ਵਿਵਸਥਾ ਚਲਦੀ ਸੀ। ਉਸ ਦੀਆਂ ਪੀੜੀਆ ਨੇ ਉਸ ਉੱਪਰ ਮਾਣ ਕੀਤਾ। ਉਸ ਦੇ ਪਦ ਚਿੰਨ੍ਹ ਤੇ ਚੱਲਦਿਆ ਦੁਨੀਆਂ ਵਿੱਚ ਰਾਜ ਕੀਤਾ। ਪਰ ਅੰਤ ਵਿਚ ਉਸ ਦਾ ਆਖਰੀ ਵੰਸ਼ ਨੂੰ ਉਸ ਦੇ ਬ੍ਰਾਹਮਣ ਸੈਨਾਪਤੀ ਪੁਸ਼ਪਾ ਮਿੱਤਰ ਨੇ ਇਕ ਛੜਯੰਤਰ ਕਰਕੇ ਮਾਰ ਦਿੱਤਾ ਅਤੇ ਚਲਾਕੀ ਬੇਈਮਾਨੀ ਨਾਲ ਮੌਰੀਆ ਵੰਸ਼ ਦਾ ਨਾਸ਼ ਅਤੇ ਬੁੱਧ ਧਰਮ ਨੂੰ ਮਿਟਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ।

ਇਕ ਬੋਧ ਭਿਖਸ਼ੂ ਦਾ ਸਿਰ ਲਿਆਉਣ .ਲਈ 100 ਮੋਹਰ ਦਿੱਤੀ ਜਾਂਦੀ ਸੀ। ਬੁੱਧ ਧਰਮ ਨੂੰ ਮੰਨਣ ਵਾਲੇ ਭਿਖਸ਼ੂਆ ਅਤੇ ਗ੍ਰਹਿਸਥੀਆਂ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ। ਮੌਰੀਆ ਵੰਸ਼ ਦਾ ਕਤਲੇਆਮ ਕਰ ਕੇ ਇੱਕ ਵਾਰ ਫਿਰ ਭਾਰਤੀ ਮੂਲਨਿਵਾਸੀਆਂ ਦੀ ਅਸਲ ਪਹਿਚਾਣ ਨੂੰ ਮਿਟਾਇਆ ਗਿਆ।

ਬ੍ਰਾਹਮਣ ਪੁਜਾਰੀਆਂ ਨੇ ਅਸ਼ੋਕ ਦੇ ਸ਼ਿਲਾਲੇਖ ਨੂੰ ਮਿਟਾਉਣ ਦਾ ਖਾਸ ਯਤਨ ਕੀਤਾ। ਜਿਨ੍ਹਾਂ ਵਿਚ ਪ੍ਰੇਮ ਪਿਆਰ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿਤਾ ਗਿਆ ਸੀ। ਕਿਉਂਕਿ ਅਸ਼ੋਕ ਸ਼ਿਲਾਲੇਖ ਉੱਪਰ ਇਹ ਅੰਕਿਤ ਕੀਤਾ ਗਿਆ ਹੈ। 'ਕੋਈ ਵੀ ਨਾਗਰਿਕ ਦਾਸਾਂ ਨਾਲ ਆਮਾਨਵੀ ਵਿਵਹਾਰ ਨਾ ਕਰੇ। ਅਜਿਹਾ ਕਰਨ ਵਾਲੇ ਨੂੰ ਸਜ਼ਾਂ ਮਿਲੇਗੀ। ਮਾਨਵਤਾ ਦੀ ਭਲਾਈ ਭਾਈਚਾਰਾ ਕਾਇਮ ਰਖੋ। ਅਜਿਹਾ ਕਰਨ ਨਾਲ ਹੀ ਰਾਜ ਤਰੱਕੀ ਕਰ ਸਕਦਾ ਹੈ'। ਪਰ ਬੇਈਮਾਨ ਪੁਜਾਰੀਆ ਨੇ ਧੋਖੇ ਨਾਲ ਅਸ਼ੋਕ ਦੀ ਵਿਰਾਸਤ ਦੇ ਆਖਰੀ ਰਾਜਾ ਨੂੰ ਮਿਟਾ ਕੇ ਆਪਣਾ ਰਾਜ ਭਾਗ ਕਾਇਮ ਕੀਤਾ।

# 18 . ਚਮਾਰ ਅਤੇ ਬ੍ਰਾਹਮਣਵਾਦ

ਭਾਰਤ ਦੀ ਪਹਿਚਾਣ ਵਿਸ਼ਵ ਵਿਚ ਸਿੰਧੂ ਘਾਟੀ ਦੀਆਂ ਡੂੰਘੀਆਂ ਜੜ੍ਹਾ ਅਤੇ ਗਹਿਰੇ ਵਿਚਾਰਾਂ ਦੀ ਵਿਚਾਰਧਾਰਾ ਕਰਕੇ ਸਥਾਪਤ ਹੋਈ ਹੈ। ਇਹ ਗੱਲ ਭਾਰਤੀ ਇਤਿਹਾਸ ਦੇ ਪੰਨਿਆਂ ਉੱਪਰ ਆਮ ਜੇਹੀ ਪੜ੍ਹੀ ਗਈ ਹੈ। ਭਾਰਤ ਦੇ ਮੂਲ ਨਿਵਾਸੀਆਂ ਦੀ ਮਹਾਨ ਸੱਭਿਅਤਾ ਦਾ ਨਾਮ ਸਿੰਧੂ ਘਾਟੀ ਹੈ। ਮੋਹਨਜੋਦੜੋ, ਹੜੱਪਾ ਵਰਗੇ ਵਿਸ਼ਾਲ ਸ਼ਹਿਰ ਦੀ ਵਿਕਸਿਤ ਸੀਮਾ ਦਾ ਨਾਮ ਹੈ। ਅਸੀਂ ਸਹਿਜੇ ਹੀ ਜਾਣ ਲੈਂਦੇ ਹਾਂ ਕਿ ਭਾਰਤ ਇਸ ਧਰਤੀ ਤੇ ਮੂਲ ਨਿਵਾਸੀ ਦੀ ਧਰਤੀ ਹੈ। ਜਿਸ ਨੂੰ ਇੱਥੋਂ ਦੇ ਵਸ਼ਿੰਦਿਆਂ ਦੇ ਮੂਲ ਨਾਗਰਿਕਾ ਨੇ ਆਪਣੀ ਸੂਝ ਬੂਝ, ਅਤੇ ਮਿਹਨਤ ਦੇ ਦਮ ਉੱਪਰ ਵਿਸ਼ਵ ਵਿਚ ਪਹਿਚਾਣ ਹੀ ਨਹੀਂ ਦਿਵਾਈ ਸਗੋ ਪਹਿਚਾਣ ਨੂੰ ਸਦੀਵੀ ਸਥਾਪਿਤ ਕੀਤਾ ਹੈ। **ਅਸੀਂ ਜਿਥੇ ਭਾਰਤ ਦੀ ਧਰਤੀ ਦੇ ਮੂਲ ਨਿਵਾਸੀਆਂ ਦੀ ਵਿਰਾਸਤ ਦੀ ਗਥਾਵਾ ਦੀ ਚਰਚਾ ਵਾਰ-ਵਾਰ ਸੁਣਦੇ ਹਾ। ਉੱਥੇ ਅਸੀਂ ਭਾਰਤ ਦੀ ਧਰਤੀ ਤੇ ਵਿਦੇਸ਼ੀ ਆਰੀਆ ਦੇ ਆਉਣ ਦੀਆਂ ਕਹਾਣੀਆਂ ਵੀ ਸੁਣਦੇ ਹਾ ਪੜਦੇ ਹਾ। ਵਿਦੇਸ਼ੀ ਆਰੀਆ ਦੇ ਆਉਣ ਤੋਂ ਪਹਿਲਾਂ ਦਾ ਭਾਰਤ ਵੀ ਨਜ਼ਰ ਆਉਂਦਾ ਹੈ ਅਤੇ ਵਿਦੇਸ਼ੀ ਆਰੀਆ(ਬ੍ਰਾਹਮਣਾ)ਦੇ ਆਉਂਣ ਤੋਂ ਬਾਅਦ ਦਾ ਭਾਰਤ ਵੀ ਨਜ਼ਰ ਆਉਂਦਾ ਹੈ। ਆਰੀਆ ਜਿਹਨਾਂ ਨੇ ਖੁਦ ਨੂੰ ਖੁੱਦ ਬਣਾਈ ਵਿਵਸਥਾ ਵਿਚ ਸਭ ਤੋਂ ਉੱਤਮ ਰੱਖਿਆ ਅਤੇ ਭਾਰਤ ਦੇ ਮੂਲ ਨਿਵਾਸੀਆਂ ਬਰਬਾਦੀ ਦੀ ਕਹਾਣੀ ਵੀ ਇੱਥੇ ਬਹਿ ਕੇ ਹੀ ਲਿਖੀ।**

'ਵਿਸ਼ਵ ਵਿਚ ਆਰੀਆ ਨਸਲ ਦੇ ਸ਼ਾਸਕਾ ਨੇ ਹੀ ਵੰਡ ਤੇ ਰਾਜ ਕਰੋ ਦੀ ਕੁਟਿਲ ਨੀਤੀ ਨੂੰ ਪੈਦਾ ਕੀਤਾ ਹੈ। ਅੰਗਰੇਜਾਂ ਨੇ ਜਾਂ ਕਿਸੇ ਹੋਰ ਨੇ ਨਹੀਂ ਇਹਨਾਂ ਆਰੀਆ ਨਸਲ ਦੇ ਸ਼ਾਸਕਾ ਨੇ ਆਦਿ ਕਾਲ ਦੇ ਚਮਾਰਾਂ ਨੂੰ ਮਤਲਬ ਪਸ਼ੂਆਂ ਦਾ ਮਾਸ ਪ੍ਰਾਪਤ ਕਰਨ ਲਈ ਖਲ ਕਢਣ ਵਾਲੇ ਆਦਿ ਮਾਨਵਾ ਉਰਫ ਚਰਮਕਾਰਾ ਨੂੰ ਚਮਾਰ ਕਰਾਰ ਦੇ ਦਿੱਤਾ ਅਤੇ ਇਹਨਾ ਕਬੀਲੇ ਜਾ ਸਮੁਦਾਏ ਨੂੰ ਸਾਰੇ ਮਾਨਵ ਅਧਿਕਾਰਾ ਤੋਂ ਇਥੋਂ ਤਕ ਕਿ ਮਾਨਵ ਵਿਕਾਸ ਦੇ ਲਈ ਬੇਹਦ ਜਰੂਰੀ ਸਿੱਖਿਆ ਪ੍ਰਾਪਤ ਕਰਨ ਦੇ ਅਧਿਕਾਰਾਂ ਤੋਂ ਵੀ ਵੰਚਿਤ ਕੀਤਾ। ਉਹਨਾਂ ਨੇ ਬੁੱਧ ਧਰਮ ਦਾ ਨਾਸ਼ ਕਰ ਦਿਤਾ ਉਹਨਾਂ ਦੀ ਭਾਸ਼ਾ ਦਾ ਅਪਹਰਣ ਕਰ ਲਿਆ ਆਰੀਆ ਨਸਲ ਦੇ ਵਿਦੇਸ਼ੀ ਸ਼ਾਸਕਾ ਨੇ ਹੀ ਚਮੜਾ ਕੱਟਣ ਵਾਲੇ ਚਮਾਰ ਜਾਤੀ ਦੇ ਲੋਕਾਂ ਨੂੰ ਸਾਰੇ ਮਾਨਵ ਅਧਿਕਾਰਾ ਤੋਂ ਵਰਜਿਤ ਕਰ ਦਿੱਤਾ'।[1]

ਭਾਰਤ ਵਿਚ ਆਰੀਆ ਨਸਲ ਦੇ ਵਿਦੇਸ਼ੀਆਂ ਨੇ ਸਿਰਫ ਪ੍ਰਵੇਸ਼ ਨਹੀਂ ਕੀਤਾ ਭਾਰਤ ਵਿਚ ਵਿਨਾਸ਼ ਦੀ ਹਰ ਸੀਮਾ ਪਾਰ ਕੀਤੀ ਹੈ। ਆਰੀਆ ਭਾਰਤ ਵਿਚ ਚਰਵਾਹਿਆਂ ਦੇ ਰੂਪ ਵਿਚ ਆਏ ਸੀ। ਆਰੀਆ ਭੁੱਖੇ ਨੰਗੇ ਕੰਗਾਲ ਲੋਕਾਂ ਦਾ ਸਮੂਹ ਸੀ। **ਭਾਰਤ ਆਏ ਤਾਂ ਉਹਨਾਂ ਨੇ ਭਾਰਤ ਦੇ ਮੂਲ ਨਿਵਾਸੀਆਂ ਦਾ ਗਿਆਨ, ਬਲ, ਹੁਨਰ, ਅਤੇ ਕਲਾ ਨਿਰਮਾਣ ਵੇਖਿਆ ਤਾਂ ਹੈਰਾਨ ਹੋ ਕੇ ਰਹਿ ਗਏ ਅਤੇ ਉਹਨਾਂ ਦੇ ਹੁਨਰ ਵਿਚ ਸੱਭਿਅਤਾ ਦੀ ਖੁਸ਼ਹਾਲੀ ਵੇਖ ਕੇ ਦੰਗ ਰਹਿ ਗਏ। ਆਰੀਆ ਲੋਕਾਂ ਦੀ ਇਕ ਵਿਸ਼ੇਸ਼ਤਾ ਰਹੀ ਹੈ ਕਿ** ਉਹ ਹਮੇਸ਼ਾ ਚਲਾਕ ਅਤੇ ਬੇਇਮਾਨ ਰਹੇ ਹਨ। ਮੂਲ ਨਿਵਾਸੀ ਲੋਕ ਇਮਾਨਦਾਰ ਅਤੇ

ਸ਼ਾਂਤੀਪੂਰਨ ਰਹੇ ਹਨ। ਵਿਦੇਸ਼ੀ ਆਰੀਆ ਨੇ ਭਾਰਤੀ ਮੂਲ ਦੀ ਨੇੜਤਾ ਅਤੇ ਚੰਗਾਈ ਦਾ ਪੂਰਾ ਲਾਭ ਲੈ ਕੇ ਉਹਨਾਂ ਨੇ ਆਪਣੇ ਛਲ ਕਪਟ ਅਤੇ ਬੇਈਮਾਨੀ ਚਲਾਕੀ ਨਾਲ ਪਹਿਲਾ ਆਪਸ 'ਚ ਲੜਾ ਕੇ ਹਰਾਇਆ ਅਤੇ ਫਿਰ ਸਦਾ ਲਈ ਗੁਲਾਮ ਬਣਾਇਆ।

ਇਹ ਵਿਦੇਸ਼ੀ ਆਰੀਆ ਜੋ ਭਾਰਤ ਵਿਚ ਪਸ਼ੂਆਂ ਨੂੰ ਚਰਾਉਣ ਆਏ ਸੀ। ਉਹ ਇਸ ਭਾਰਤ ਭੂਮੀ ਦੇ ਸਰਵ ਸ੍ਰੇਸ਼ਠ ਲੋਕ ਬਣ ਗਏ। ਉਹਨਾਂ ਨੇ ਭਾਰਤ ਦੇ ਲੋਕਾਂ ਦੀ ਭਲਾਈ ਦਾ ਨਜਾਇਜ ਫਾਇਦਾ ਉਠਾਇਆ ਅਤੇ ਆਪਣੇ ਸਿਧਾਂਤਾ ਦੀ ਸਿਰਜਣਾ ਕਰਕੇ ਇਥੋਂ ਦੇ ਲੋਕਾਂ ਨੂੰ ਨੀਚ ਅਤੇ ਗੁਲਾਮ ਬਣਾ ਕੇ ਆਪਣੀ ਪ੍ਰਭੁਸੱਤਾ ਨੂੰ ਕਾਇਮ ਕੀਤਾ। ਮਨੂੰ ਸਿਮਰਤੀ ਦੀ ਰਚਨਾ ਕਰ, ਗੈਰ ਮਾਨਵੀ ਕਾਨੂੰਨਾਂ ਦੀ ਰਚਨਾ ਕਰਕੇ ਉਸ ਵਿਵਸਥਾ ਨੂੰ ਅਵਤਾਰੀ ਘੋਸ਼ਿਤ ਕਰ ਦਿੱਤਾ। ਇਸ ਵਿਵਸਥਾ ਦਾ ਸਭ ਤੋਂ ਜਿਆਦਾ ਲਾਭ ਹਰ ਸਮੇਂ 'ਚ ਸਿਰਫ ਬ੍ਰਾਹਮਣ ਨੂੰ ਹੀ ਹੋਇਆ। ਇਸ ਵਿਵਸਥਾ ਦਾ ਸ਼ਿਕਾਰ ਸ਼ੂਦਰ ਚਮਾਰ ਹੀ ਹੋਇਆ। ਮਨੂੰ ਸਿਮਰਤੀ ਦੀ ਰਚਨਾ ਮਨੂੰ ਨਾਮ ਦੇ ਬ੍ਰਾਹਮਣ ਨੇ ਕੀਤੀ ਸੀ। ਇਸ ਦੇ ਸਿਧਾਂਤ ਸਿਰਫ ਬ੍ਰਾਹਮਣ ਦੇ ਹੱਕ ਵਿਚ ਸੀ ਸ਼ੂਦਰ ਵਰਗ ਲਈ ਇਹ ਗੁਲਾਮੀ ਦਾ ਪ੍ਰਤੀਕ ਹੈ।

**ਇਹੀ ਵਜ੍ਹਾ ਹੈ ਕਿ ਆਦਿ ਸਮੇਂ ਤੋਂ ਬ੍ਰਾਹਮਣ ਅਤੇ ਚਮਾਰ ਵਿੱਚ ਵਿਚਾਰਧਾਰਕ ਟਕਰਾਵ ਹੈ, ਜੋ ਆਦਿ ਸਮੇਂ ਤੋਂ ਚੱਲਿਆ ਆ ਰਿਹਾ ਹੈ। ਵਿਵਸਥਾ ਬਦਲਣ ਤੱਕ ਚਲਦਾ ਰਹੇਗਾ। ਚਮਾਰ ਜਾਤੀ ਦੇ ਲੋਕਾਂ ਨੂੰ ਗੁਲਾਮੀ ਸਵਿਕਾਰ ਨਹੀਂ ਸੀ। ਅੱਜ ਭਾਰਤ ਵਿਚ ਚਮਾਰ ਜਾਤੀ ਦੇ ਲੋਕ ਬ੍ਰਾਹਮਣ ਜਾਤੀ ਦੇ ਬਰਾਬਰ ਹੀ ਨਹੀ ਸਗੋ ਬਹੁਤ ਅੱਗੇ ਹੋ ਕੇ ਚੱਲ ਰਹੇ ਹਨ। ਧਰਮ ਅਤੇ ਰਾਜਨੀਤੀ ਜਿਸ ਦੀ ਦਿਸ਼ਾ ਨੂੰ ਬ੍ਰਾਹਮਣ ਲੋਕ ਤੈਅ ਕਰਦੇ ਸਨ ਉਸ ਦਿਸ਼ਾ ਨੂੰ ਅੱਜ ਚਮਾਰ ਜਾਤੀ ਦੇ ਲੋਕ ਬਦਲ ਰਹੇ ਹਨ।** ਇਕ ਰਿਪੋਰਟ[2] ਅਨੁਸਾਰ ਇਹ ਪਾਇਆ ਗਿਆ ਹੈ ਕਿ ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰਾ ਅਤੇ ਬੰਗਾਲ ਦੇ ਬ੍ਰਾਹਮਣ ਅਤੇ ਚਮਾਰਾਂ ਦੇ ਦਿਮਾਗ ਦਾ ਵਜ਼ਨ ਤਕਰੀਬਨ ਇਕ ਬਰਾਬਰ ਹੈ। ਸ਼ੋਸ਼ਲ ਆਫ ਇੰਡੀਆ 1931 ਦੀ ਭੂਮਿਕਾ ਵਿਚ ਲਿਖਿਆ ਹੈ ਕਿ ਭਾਰਤੀ ਮਾਨਸਿਕ ਮਾਨ ਦੇ ਅਨੁਸਾਰ ਉੱਤਰ ਪ੍ਰਦੇਸ਼ ਦੇ ਬ੍ਰਾਹਮਣ ਦਾ ਮਾਨਸਿਕ ਔਸਤਨ ਵਜ ਨ 73.1 ਔਸ,ਬੰਗਾਲ ਦੇ ਬ੍ਰਾਹਮਣ ਔਸ 72.8, ਬਿਹਾਰ ਦੇ ਚਮਾਰ ਦਾ ਮਾਨਸਿਕ 79 ਔਸ ਹੈ। **ਇਸ ਰਿਪੋਰਟ ਦੇ ਅਨੁਸਾਰ ਇਹ ਸਪੱਸ਼ਟ ਹੈ ਕਿ ਚਮਾਰ ਜਾਤੀ ਦੇ ਲੋਕ ਬ੍ਰਾਹਮਣ ਜਾਤੀ ਦੇ ਬਰਾਬਰ ਹੀ ਨਹੀਂ ਸਗੋਂ ਅੱਗੇ ਹਨ।**

ਬੇਸ਼ਕ ਵਿਦੇਸ਼ੀ ਆਰੀਆ ਨਸਲ ਦੇ ਜਾਲਿਮ ਸ਼ਾਸਕਾ ਨੇ ਭਾਰਤ ਵਿਚ ਆਪਣੇ ਮਾਨਵ ਵਿਰੋਧੀ ਨਿਯਮਾਂ ਦੀ ਰਚਨਾ ਕਰਕੇ ਭਾਰਤ ਵਿਚ ਮੂਲ ਨਿਵਾਸੀਆਂ ਨੂੰ ਆਪਣੇ ਹੀ ਦੇਸ਼ ਅੰਦਰ ਆਪਣੇ ਹੀ ਘਰ ਵਿਚ ਗੁਲਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਰ ਸੰਭਵ ਯਤਨ ਕੀਤਾ ਕਿ ਇਹਨਾ ਲੋਕਾਂ ਨੂੰ ਹਰ ਤਰ੍ਹਾ ਨਾਲ ਤੋੜਿਆ ਜਾਵੇ, ਇਹਨਾਂ ਤੇ ਰਾਜ ਸਥਾਪਤ ਕਰਕੇ ਜ਼ੁਲਮ ਬਹੁਤ ਜਿਆਦਾ ਹੱਦ ਤੱਕ ਕੀਤਾ ਅਤੇ ਇਹਨਾ ਦੀ ਸ਼ਕਤੀ ਜੋ ਵਿਸ਼ਾਲ ਰੂਪ ਵਿੱਚ ਸੀ। ਉਸ ਨੂੰ ਵੰਡ ਕੇ ਆਪਣੀ ਰੋਜੀ ਦਾ ਵਸੀਲਾ ਵੀ ਤੋਰਿਆ। **ਪਰ ਭਾਰਤ ਦੇ ਮੂਲ ਨਿਵਾਸੀ ਚਮਾਰ ਜਾਤ ਦੇ ਲੋਕਾਂ ਨੇ ਇਹਨਾ ਦੀ ਗੁਲਾਮੀ ਸਵੀਕਾਰ ਨਹੀਂ ਕੀਤੀ। ਇਹਨਾ ਲੋਕਾਂ ਨੇ ਬ੍ਰਾਹਮਣ ਵਿਰੋਧੀ ਬਗਾਵਤ ਹਮੇਸ਼ਾ ਹੀ ਜਾਰੀ ਰੱਖੀ।**

**ਚਮਾਰ ਮੂਲ ਰੂਪ ਵਿੱਚ ਬ੍ਰਾਹਮਣਵਾਦੀ ਵਿਵਸਥਾ ਦੇ ਵਿਰੋਧੀ ਰਹੇ ਹਨ,** ਇਹ ਆਦਿ ਪੁਰਖਿਆ ਦੇ ਵਾਰਿਸ ਹਨ। **ਇਹਨਾ ਦੀ ਵਿਚਾਰਧਾਰਾ ਬੁੱਧ ਦੀ ਵਿਚਾਰਧਾਰਾ ਹੈ, ਇਹਨਾ ਦੀ ਵਿਚਾਰਧਾਰਾ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਹੈ। ਚਮਾਰ ਆਦਿ ਵਿੱਚ ਨਾ ਹੀ ਬਾਆਦ ਵਿੱਚ ਹਿੰਦੂ ਧਰਮ ਦਾ ਹਿੱਸਾ ਨਹੀਂ ਰਹੇ। ਇਹ ਮੂਲ ਨਿਵਾਸੀ**

**ਹਨ। ਇਸ ਦੀ ਪੁਸ਼ਟੀ ਸਤਿਗੁਰੂ ਰਵਿਦਾਸ ਜੀ , ਸਤਿਗੁਰੂ ਕਬੀਰ ਜੀ ਦੀ ਵਿਚਾਰਧਾਰਾ ਅਤੇ ਡਾ.ਅੰਬੇਡਕਰ ਜੀ ਦੀਆ ਲਿਖਤਾਂ ਰਾਹੀ ਹੋ ਜਾਦੀ ਹੈ। ਅੱਜ ਲੋੜ ਹਿੰਦੂਆ ਦੇ ਭਰਮ ਭੁਲੇਖਿਆ ਵਾਲੇ ਪ੍ਰਚਾਰ ਤੋ ਸੁਚੇਤ ਹੋਣ ਦੀ ਹੈ।**

ਚਮਾਰ ਜਾਤੀ ਸੂਰਮਤਾਈ ਗੌਰਵਸ਼ਾਲੀ ਇਤਿਹਾਸ ਬਹਾਦਰੀ ਹੀ ਰਹੀ ਹੈ ਕਿ ਉਹਨਾਂ ਨੇ ਬ੍ਰਾਹਮਣਵਾਦੀ ਵਿਵਸਥਾ ਨੂੰ ਮਿਟਾਉਣ ਲਈ ਹਮੇਸ਼ਾ ਸੰਘਰਸ਼ਸ਼ੀਲ ਰਹੇ ਹੈ, ਇਤਿਹਾਸਕਾਰ ਇਸ ਸੱਚ ਨੂੰ ਬਾਖੂਬੀ ਮੰਨਦੇ ਹਨ ਕਿ ਭਾਰਤ ਦੇ ਹਰ ਕੋਨੇ ਵਿਚ ਭਾਰਤ ਦੇ ਹਰ ਥਾਂ ਉੱਪਰ ਸਿਰਫ ਬ੍ਰਾਹਮਣ ਅਤੇ ਚਮਾਰ ਜਾਤੀ ਮਿਲਦੀ ਹੈ, **ਭਾਰਤ ਵਿੱਚੋ ਅਗਰ ਬ੍ਰਾਹਮਣਵਾਦੀ ਵਿਵਸਥਾ ਖਤਮ ਹੋਵੇਗੀ ਤਾਂ ਸਿਰਫ ਚਮਾਰ ਜਾਤੀ ਦੇ ਲੋਕਾਂ ਦੀ ਹਿੰਮਤ ਹੌਸਲੇ ਅਤੇ ਬਹਾਦਰੀ ਕਰਕੇ ਹੀ ਮਿਟੇਗੀ ਉਹ ਸਮਾਂ ਭਾਰਤ ਦੇ ਇਤਿਹਾਸ ਵਿੱਚ ਬਹੁਤ ਕਰੀਬ ਆ ਰਿਹਾ ਹੈ ਜਦੋ ਚਮਾਰ ਜਾਤ ਦੇ ਲੋਕ ਬ੍ਰਾਹਮਣ ਦੀ ਬ੍ਰਾਹਮਣਵਾਦੀ ਵਿਵਸਥਾ ਨੂੰ ਮਲੀਆਮੇਟ ਕਰ ਦੇਣਗੇ ਅਤੇ ਸਿੰਧੂ ਘਾਟੀ ਇਤਿਹਾਸ ਨੂੰ ਮੁੜ ਉਜਾਗਰ ਕਰਨਗੇ ਮੁੜ ਕੇ ਭਾਰਤ ਵਿਚ ਬੇਗਮਪੁਰ ਸ਼ਹਿਰ ਵਸਾਉਣਗੇ ਜਿਥੇ ਅਸ਼ੋਕ ਦਾ ਰਾਜ ਅਤੇ ਬੁੱਧ, ਕਬੀਰ, ਰਵਿਦਾਸ ਮਹਾਪੁਰਸ਼ਾ ਦਾ ਪੈਗਾਮ ਹੋਵੇਗਾ ਜਿਥੇ ਅੰਬੇਡਕਰ ਦਾ ਸੰਵਿਧਾਨ ਜਨ-ਜਨ ਦਾ ਕਲਿਆਣ ਕਰੇਗਾ।**

ਭਾਰਤ ਦੇਸ਼ ਦੇ ਮੂਲ ਨਿਵਾਸੀ ਬਹੁਤ ਹੀ ਅਮਨ ਪਸੰਦ ਲੋਕ ਰਹੇ ਹਨ ਇਹਨਾ ਦੀ ਵਿਕਸਿਤ ਸੱਭਿਆਤਾ ਦੀ ਤਰੱਕੀ ਅਤੇ ਵਿਚਾਰਧਾਰਕ ਦ੍ਰਿੜਤਾ ਦਾ ਕੋਈ ਵੀ ਜਵਾਬ ਨਹੀਂ ਹੈ ਪਰ ਆਰੀਆ ਦੇ ਸਾਰੇ ਗ੍ਰੰਥਾਂ ਵਿੱਚ ਭਾਰਤ ਦੇ ਮੂਲ ਨਿਵਾਸੀਆ ਦੀ ਜੋ ਬਰਬਾਦੀ ਦੀ ਕਹਾਣੀ ਅਸੀ ਪੜ੍ਹੀ ਹੈ। ਉਹਨਾ ਦੀ ਸੂਰਵੀਰਤਾ ਤੇ ਬਹਾਦਰੀ ਦੇ ਕਿੱਸੇ ਕਿਤੇ ਲੁਕੇ ਹੋਏ ਨਹੀਂ ਹਨ। ਭਾਰਤ ਦੇ ਮੂਲ ਨਿਵਾਸੀ ਲੋਕ ਆਦਿ ਤੋਂ ਲੈ ਕੇ ਹੁਣ ਤੱਕ ਬਹੁਤ ਹੀ ਵਿਚਾਰਧਾਰਕ ਵਿਰਾਸਤ ਦੇ ਵਾਰਿਸ ਰਹੇ ਹਨ। ਇਹਨਾਂ ਦੀ ਵਿਚਾਰਧਾਰਾ ਪੂਰੇ ਵਿਸਵ ਦੇ ਕਲਿਆਣ ਦੀ ਵਿਚਾਰਧਾਰਾ ਹੈ।

ਚਮਾਰ ਜਾਤੀ ਦੀ ਵਿਸ਼ਾਲ ਅਬਾਦੀ ਭਾਰਤ ਵਿੱਚ ਪਾਈ ਜਾਦੀ ਹੈ ਤੇ ਨਾਲ ਹੀ ਇਹ ਵੀ ਪਾਇਆ ਜਾਦਾ ਹੈ ਕਿ ਇਹਨਾ ਦੀ ਜਿੰਦਗੀ ਦੀ ਹਾਲਤ ਤਰਸ ਯੋਗ ਸਥਿਤੀ, ਇਹਨਾ ਦੀ ਅਪਮਾਨ ਜਨਕ ਹਾਲਤ, ਕਿਸੇ ਖਾਸ ਛੜਯੰਤਰ ਦੇ ਤਹਿਤ ਹੀ ਕੀਤੀ ਗਈ। ਚਮਾਰ ਜਾਤੀ ਦੀ ਗਿਣਤੀ, ਆਰੀਆ ਵਲੋਂ ਅਪਮਾਨਿਤ ਕੀਤੀਆ ਗਈਆ ਜਾਤੀਆਂ ਵਿੱਚ ਸਭ ਤੋਂ ਜਿਆਦਾ ਹੈ । ਅਜੋਕੇ ਸਮੇਂ ਵਿੱਚ ਤਾ ਕਈ ਜਾਤੀਆ ਦੀ ਬਣਤਰ ਚਮਾਰ ਜਾਤੀ ਜੋ ਵਿਸ਼ਾਲ ਸੀ ਉਸ ਨੂੰ ਤੋੜ ਕੇ ਹੀ ਕੀਤੀ ਗਈ । ਭਗਵਾਨ ਬੁੱਧ ਦੀ ਵਿਚਾਰਧਾਰਾ ਨੇ ਪੂਰੇ ਵਿਸ਼ਵ ਵਿੱਚ ਇੱਕ ਵਿਚਾਰਧਾਰਕ ਕ੍ਰਾਂਤੀ ਦੀ ਗੁੰਜ ਪੈਦਾ ਕੀਤੀ ।

ਜਿਸ ਨਾਲ ਗੈਰ ਮਾਨਵੀ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਚਿਹਰਾ ਸਾਹਮਣੇ ਆਇਆ। ਭਗਵਾਨ ਬੁੱਧ ਨੇ ਬ੍ਰਾਹਮਣਵਾਦ ਦਾ ਖੁੱਲ ਕੇ ਖੰਡਨ ਕੀਤਾ। ਮਾਨਵ ਨੂੰ ਮਾਨਵ ਦੇ ਕਲਿਆਣ ਲਈ ਇਕ ਸੋਚ ਇਕ ਵਿਚਾਰਧਾਰਾ ਦਿੱਤੀ। ਜਿਸ ਦੀ ਮਿਸਾਲ ਦੁਨੀਆ ਵਿੱਚ ਹੋਰ ਕਿਧਰੇ ਵੀ ਨਹੀਂ ਮਿਲਦੀ। ਬੁੱਧ ਦੇ ਧਰਮ ਨੂੰ ਵਿਸ਼ਵ ਵਿੱਚ ਮਾਨਤਾ ਮਿਲੀ ਪਰ ਭਾਰਤ ਵਿੱਚ ਉਸ ਦੀ ਵਿਚਾਰਧਾਰਾ ਦਾ ਫੈਲਾਅ ਨਹੀਂ ਹੋ ਪਾਇਆ। ਮਾਨਵਤਾਵਾਦ ਦਾ ਪਾਠ ਪੜਾਉਣ ਵਾਲੀ ਵਿਚਾਰਧਾਰਾ ਬੁੱਧ ਦੀ ਵਿਚਾਰਧਾਰਾ ਹੈ । ਇਹ ਭਾਰਤ ਦੇ ਆਦਿ ਪੁਰਖਿਆ ਦੀ ਵਿਚਾਰਧਾਰਾ ਹੈ ।

ਬਾਬਾ ਸਾਹਿਬ ਡਾ.ਅੰਬੇਡਕਰ[3] ਜੀ ਨੇ ਭਾਰਤ ਦੇ ਇਤਿਹਾਸ ਨੂੰ ਦੋ ਟੂੱਕ ਸ਼ਬਦਾ ਵਿੱਚ ਬਿਅਨ ਕੀਤਾ ਹੈ ਕਿ **"ਭਾਰਤ ਦਾ ਇਤਿਹਾਸ ਦੋ ਵਿਚਾਰਧਾਰਾਵਾ ਦਾ ਇਤਿਹਾਸ ਹੈ**

**ਬ੍ਰਾਹਮਣ ਵਾਦ ਅਤੇ ਬੁੱਧਵਾਦ ਵਿੱਚ ਹੋਏ ਲਗਾਤਾਰ ਹੋਏ ਵਿਚਾਰਧਾਰਕ ਟਕਰਾਵ ਦਾ ਹੀ ਇਤਿਹਾਸ ਹੈ। ਭਾਰਤ ਦੇ ਇਤਿਹਾਸ ਨੂੰ ਜਾਨਣ ਲਈ ਬ੍ਰਾਹਮਣਵਾਦ (ਜੋ ਭਾਰਤੀ ਮੂਲ ਨਿਵਾਸੀ ਵਿਰੋਧੀ ਹੈ) ਤੇ ਬੁੱਧਵਾਦ (ਵਿਚਾਰਧਾਰਾ ਜੋ ਭਾਰਤ ਦੀ ਮੂਲ ਵਿਚਾਧਾਰਾ ਹੈ) ਨੂੰ ਚੰਗੀ ਤਰ੍ਹਾਂ ਸਮਝਣਾ ਪਵੇਗਾ। ਇਸ ਨੂੰ ਸਮਝੇ ਵਗੈਰ ਭਾਰਤ ਦੇ ਇਤਿਹਾਸ ਨੂੰ ਅਸੀ ਨਹੀਂ ਜਾਣ ਸਕਦੇ ਸਮਝ ਸਕਦੇ।"** ਭਾਰਤ ਵਿੱਚ ਬੁੱਧ ਧਰਮ ਦਾ ਦੀ ਭੁਮਿਕਾ ਗੈਰ ਮਾਨਵੀ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਰਹੀ ਹੈ। ਇਸੇ ਕਰਕੇ ਬ੍ਰਾਹਮਣਾ ਨੇ ਭਗਵਾਨ ਬੁੱਧ ਨੂੰ ਵੇਦਾਂ ਵਿਰੋਧੀ ਹੋਣ ਕਰਕੇ ਨਾਸਤਕ ਤੱਕ ਕਰਾਰ ਦਿੱਤਾ ਭਗਵਾਨ ਬੁੱਧ ਨੇ ਆਰੀਆ ਦੇ ਗ੍ਰੰਥਾ ਦਾ ਵਿਚਾਰਧਾਰਕ ਵਿਰੋਧ ਕੀਤਾ ਹੈ। ਕਿਉਂਕਿ ਉਹ ਮਾਨਵ ਦੀ ਸਰਬ ਪੱਖੀ ਵਿਕਾਸ ਵਿੱਚ ਰੁਕਾਵਟ ਪੈਦਾ ਕਰਦੀ ਹੈ।

ਭਗਵਾਨ ਬੁੱਧ ਜੀ ਦੀ ਵਿਚਾਰਧਾਰਾ ਨੇ ਭਾਰਤੀ ਮਾਨਵ ਨੂੰ ਸੱਚ ਅਤੇ ਵਿਗਿਅਨਕ ਸੋਚ ਦੀ ਸ਼ਕਤੀ ਪ੍ਰਦਾਨ ਹੀ ਨਹੀਂ ਕੀਤੀ, ਸਗੋਂ ਉਹਨਾ ਨੇ ਇੱਕ ਨਵੀਂ ਊਰਜਾ ਦਿੱਤੀ, ਜਿਸ ਨਾਲ ਭਾਰਤੀ ਸਮਾਜ ਦਾ ਵਿਕਾਸ ਸੰਭਵ ਹੈ। ਭਗਵਾਨ ਬੁੱਧ ਜੀ ਦੀ ਵਿਚਾਰਧਾਰਾ ਨੇ ਭਾਰਤ ਦੇ ਇਤਿਹਾਸ ਵਿੱਚ ਇੱਕ ਵਿਚਾਰਧਾਰਕ ਕ੍ਰਾਂਤੀ ਪੈਦਾ ਕੀਤੀ। ਜਿਸ ਨੇ ਭਾਰਤੀ ਮੂਲ ਨਿਵਾਸੀ ਸਮਾਜ ਨੂੰ ਸ਼ਕਤੀ ਪ੍ਰਦਾਨ ਕੀਤੀ। ਆਰੀਆ ਦੇ ਵਿਰੁਧ ਅੰਦੋਲਨ ਸ਼ੁਰੂ ਕੀਤਾ। **ਭਗਵਾਨ ਬੁੱਧ ਦੇ ਧਰਮ ਵਿੱਚ ਸਭ ਤੋਂ ਵੱਧ 75% ਸ਼ੂਦਰ ਸਨ, ਇਸੇ ਕਰਕੇ ਬੁੱਧ ਧਰਮ ਨੂੰ ਸ਼ੂਦਰਾਂ ਦਾ ਧਰਮ ਵੀ ਕਿਹਾ ਜਾਦਾ ਹੈ। ਸ਼ੂਦਰਾਂ ਨੇ ਭਗਵਾਨ ਬੁੱਧ ਦੀ ਵਿਚਾਧਾਰਾ ਨੂੰ ਅਪਣਾਇਆ ਹੀ ਨਹੀਂ ਸਗੋਂ ਵੱਡੀ ਪੱਧਰ ਦੁਨੀਆ ਵਿੱਚ ਪ੍ਰਚਾਰਿਆ ਹੈ।**

ਧਾਰਮਿਕ ਅਤੇ ਸਮਾਜਿਕ ਚਿੰਤਨ ਤੇ ਗਹਿਰਾਈ ਰੱਖਣ ਵਾਲੇ ਮਹਾਨ ਵਿਦਵਾਨ ਅਚਾਰੀਆ ਰਸ਼ਨੀਸ਼ ਜੀ[4] ਨੇ ਆਪਣੀ ਪੁਸਤਕ '**ਮਨ ਹੀ ਪੂਜਾ ਮਨ ਹੀ ਧੂਫ**' ਵਿੱਚ ਲਿਖਦੇ ਹਨ ਕਿ " **ਇਹ ਜਾਣ ਕੇ ਤੁਸੀਂ ਹੈਰਾਨ ਹੋਵੋਗੇ ਕਿ ਚਮਾਰ ਮੂਲ ਤੌਰ ਤੇ ਬੋਧੀ ਹਨ।ਜਦ ਭਾਰਤ ਤੋਂ ਬੋਧੀ ਧਰਮ ਪੁੱਟ ਸੁਟਿਆ ਗਿਆ ਅਤੇ ਬੋਧੀ ਭਿਕਸ਼ੂਆਂ ਨੂੰ ਜਿਉਂਦੇ ਜਲਾਇਆ ਗਿਆ ਅਤੇ ਬੋਧੀ ਦਰਸ਼ਨਿਕਾਂ ਨੂੰ ਦਵੱਲ ਕੇ ਦੇਸ ਦੇ ਬਾਹਰ ਕਰ ਦਿੱਤਾ ਗਿਆ।**......ਬੋਧੀਆਂ ਨੇ ਕੋਈ ਸਮਝੋਤਾ ਨਹੀਂ ਕੀਤਾ, ਉਖੜ ਗਏ, ਟੁੱਟ ਗਏ ਪਰ ਝੁਕੇ ਨਹੀਂ। ਅਤੇ ਉਸਦਾ ਫ਼ਾਇਦਾ ਹੋਇਆ। ਫ਼ਾਇਦਾ ਹੋਇਆ ਕਿ ਸਾਰਾ ਏਸ਼ੀਆਂ ਬੋਧੀ ਹੋ ਗਿਆ। ਕਿਉਂਕਿ ਜਿੱਥੇ ਵੀ ਬੋਧੀ ਦਰਸ਼ਨਿਕ ਗਏ, ਉਥੇ ਹੀ ਉਹਨਾਂ ਦੀਆਂ ਕਿਰਨਾਂ ਫੈਲੀਆ, ਉਥੇ ਹੀ ਉਹਨਾਂ ਦੇ ਰਸ ਵਗਿਆ, ਉਥੇ ਹੀ ਲੋਕ ਤ੍ਰਿਪਤ ਹੋਏ। ਚੀਨ,ਕੋਰੀਆਂ....ਦੂਰ ਦੂਰ ਤਕ ਬੋਧੀ ਧਰਮ ਤੁਰਿਆ ਗਿਆ। ਜਿਹੜੇ ਭੱਜ ਸਕਦੇ ਸੀ ਉਹ ਭੱਜ ਗਏ। ਭੱਜਣ ਦੇ ਲਈ ਸਹੂਲਤ ਚਾਹੀਦੀ ਹੈ, ਧੰਨ ਚਾਹੀਦਾ ਹੈ ਜੋ ਭੱਜ ਨਹੀਂ ਸਕਦੇ ਸੀ।

ਉਹ ਇੰਨੇ ਦਰਿੱਦਰ ਸਨ,ਇੰਨੇ ਦੀਨ ਸਨ –ਉਹ ਹਿੰਦੂ ਧਰਮ ਵਿੱਚ ਸ਼ੂਦਰਾਂ ਵਿੱਚ ਸ਼ਾਮਿਲ ਹੋ ਗਏ।.........ਤਾਂ ਜਿਹੜੇ ਬੋਧੀ ਬਚ ਗਏ ਤਾਂ ਨਹੀਂ ਭੱਜ ਸਕੇ ਅਤੇ ਮਜਬੂਰੀ ਚ ਸ਼ਾਮਿਲ ਹੋਣਾ ਪਿਆ ਹਿੰਦੂ ਧਰਮ ਵਿੱਚ ,ਉਹ ਹੀ ਬੋਧੀ ਚਮਾਰ ਹਨ,ਉਹ ਹੀ ਬੋਧੀ ਚਮਾਰ ਹੋ ਗਏ। .... **ਚਮਾਰ ਭਾਰਤ ਵਿੱਚ ਇਕੱਲੀ ਜਾਤ ਹੈ ਜੋ ਮਰੇ ਹੋਏ ਜਾਨਵਰ ਦਾ ਮਾਸ ਖਾਦੀਂ ਹੈ। ਅਤੇ ਇਹੀ ਸਬੂਤ ਹੈ ਉਹਨਾਂ ਦਾ ਕਿ ਉਹ ਬੋਧੀ** ਸਨ ਕਦੇ।ਹੋਰ ਦੂਜੇ ਸਬੂਤ ਵੀ ਹਨ ਲੇਕਿਨ ਬਹੁਤ ਵੱਡਾ ਸਬੂਤ ਹੈ ਕਿ ਉਹ ਬੋਧੀ ਸਨ। ਕਿਉਂਕਿ ਭਾਰਤ ਵਿੱਚ ਕੋਈ ਦੂਜੀ ਜਾਤ ਮਰੇ ਹੋਏ ਜਾਨਵਰ ਦਾ ਮਾਸ ਨਹੀਂ ਖਾਂਦੀ।...ਇਸੇ ਅਧਾਰ ਤੇ ਡਾਕਟਰ ਅੰਬੇਡਕਰ ਨੇ ਇਹ ਨਿਰਣਾ ਕੀਤਾ ਕਿ ਚਮਾਰਾਂ ਨੂੰ ,ਘੱਟ ਤੋਂ ਘੱਟ ਅਤੇ ਸੰਭਵ ਹੋਵੇ ਤਾਂ **ਸਾਰੇ ਸ਼ੂਦਰਾਂ ਨੂੰ ਮੁੜ ਕੇ ਬੋਧੀ ਹੋ ਜਾਣਾ ਚਾਹੀਦਾ ਹੈ** ,ਕਿਉਂਕਿ ਮੂਲ ਤੌਰ ਤੇ ਅਸੀਂ ਬੋਧੀ ਸੀ। " ਚਮਾਰ ਜਾਤੀ ਦੇ

ਲੋਕਾਂ ਦੀ ਵਿਚਾਰਧਾਰਾ ਬੁੱਧ ਧਰਮ ਦੀ ਸੀ। ਜੋ ਨਿਰੋਲ ਬ੍ਰਾਹਮਣ ਵਿਰੋਧੀ ਸੀ ਆਰੀਆ ਦੇ ਯੱਗ ਦੀ ਵਿਰੋਧੀ ਸੀ।

ਭਾਰਤ ਦੀਆ ਸ਼ੂਦਰ ਜਾਤੀਆ ਵਿੱਚ ਬਹੁ-ਗਿਣਤੀ ਚਮਾਰਾਂ ਦੀ ਹੈ ਜੋ ਲਗਾਤਾਰ ਬ੍ਰਾਹਮਣਾ ਦੇ ਜ਼ੁਲਮ ਦਾ ਸ਼ਿਕਾਰ ਰਹੇ, ਉਹਨਾਂ ਵਿਰੁੱਧ ਸੰਘਰਸ਼ ਵੀ ਕਰਦੇ ਰਹੇ। **ਭਗਵਾਨ ਬੁੱਧ ਨੇ ਵੇਦਾਂ ਦਾ ਖੁੱਲ੍ਹ ਕੇ ਖੰਡਨ ਕੀਤਾ, ਹਰ ਤਰ੍ਹਾਂ ਦੇ ਅੰਧ ਵਿਸ਼ਵਾਸ਼ ਦਾ ਵਿਚਾਰਧਾਰਕ ਵਿਰੋਧ ਵੀ ਕੀਤਾ। ਬੁੱਧ ਧਰਮ ਦੀ ਵਿਚਾਰਧਾਰਾ ਨੂੰ ਫੈਲਾਉਣ ਕਰਕੇ ਚਮਾਰ ਜਾਤੀ ਨੂੰ ਕਈ ਸਦੀਆਂ ਅਪਮਾਨਾ ਦਾ ਸਾਹਮਣਾ ਵੀ ਕਰਨਾ ਪਿਆ। ਚਮਾਰਾਂ ਜਾਤੀ ਦੇ ਲੋਕੀਂ ਸਵੈਮਾਨ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ। ਉਹਨਾ ਦੇ ਰਹਿਬਰ ਭਗਵਾਨ ਬੁੱਧ, ਸਤਿਗੁਰੂ ਰਵਿਦਾਸ ਜੀ ਹਨ, ਸਤਿਗੁਰੂ ਕਬੀਰ ਜੀ ਹਨ, ਡਾ.ਅੰਬੇਡਕਰ ਹਨ, ਕਾਂਸ਼ੀ ਰਾਮ ਜੀ ਹਨ, ਜੋ ਇਹਨਾਂ ਨੂੰ ਸਵੈਮਾਨ ਦੀ ਜ਼ਿੰਦਗੀ ਜਿਉਣ ਦੀ ਪ੍ਰੇਰਣਾ ਦੇ ਰਹੇ ਹਨ।**

ਹਵਾਲੇ


1. ਕੁਝ ਵਿਚਾਰਕਾ ਦਾ ਮਤ: ਦੌਲੀ ਰਾਮ ਜਾਟਵ

2. ਚਮਾਰਾਂ ਦਾ ਮਾਨਸਿਕ ਮਾਨ ਬ੍ਰਾਹਮਣਾ ਦੇ ਮੁਕਬਲੇ: ਦੋਲੀ ਰਾਮ ਜਾਟਵ

3. ਬਾਬਾ ਸਾਹਿਬ ਡਾ.ਅੰਬੇਡਕਰ ਜੀ

4 ਮਨ ਹੀ ਪੂਜਾ ਮਨ ਹੀ ਧੂਫ: ਅਚਾਰੀਆ ਰਜਨੀਸ਼ (ਓਸ਼ੋ)

# 19. ਚਮਾਰ ਜਾਤੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ

ਭਾਰਤੀ ਮੂਲ ਨਿਵਾਸੀ ਸਮਾਜ ਦੀ ਪਹਿਚਾਣ ਨੂੰ ਮਾਨਵ ਵਿਰੋਧੀ ਤਾਕਤਾਂ ਨੇ ਇਤਿਹਾਸ ਦੇ ਨਕਸ਼ੇ ਤੋਂ ਖਤਮ ਕਰਨ ਲਈ ਪੂਰਾ ਜੋਰ ਲਗਾ ਦਿੱਤਾ ਪੂਰੀ ਤਾਕਤ ਨਾਲ ਭਾਰਤੀ ਮੂਲ ਨਿਵਾਸੀ ਚੇਤਨਾ ਦੀ ਹੋਂਦ ਨੂੰ ਨਸ਼ਟ ਕਰਨ ਦਾ ਯਤਨ ਕੀਤਾ। ਭਾਰਤ ਦੀ ਧਰਤੀ ਦਾ ਇਤਿਹਾਸ ਸਿੰਧੂ ਘਾਟੀ ਦੇ ਇਤਿਹਾਸ ਨਾਲ ਜੁੜਿਆ ਹੈ। ਵਿਦੇਸ਼ੀ ਲੋਕਾਂ ਦੇ ਆਉਣ ਨਾਲ ਇਸ ਦੁਨੀਆ ਦੀ ਸਭ ਤੋਂ ਮਹਾਨ ਸੱਭਿਅਤਾ ਦਾ ਨਾਸ਼ ਹੋ ਗਿਆ। ਭਾਰਤ ਦੇ ਮੂਲ ਨਿਵਾਸੀ ਸਮਾਜ ਦੇ ਲੋਕ ਹੌਲੀ ਹੌਲੀ ਸਮਾਂ ਪਾ ਕੇ ਗੁਲਾਮੀ ਦੀ ਦਲਦਲ ਵਿੱਚ ਧੱਸਦੇ ਗਏ। ਜੋ ਇਸ ਦੇਸ਼ ਦੇ ਹੁਕਮਰਾਨ ਸਨ ਉਹ ਪਰਾਇਆ ਦੇ ਅਧੀਨ ਹੋ ਕੇ ਸਵੈਮਾਨ ਗੁਆ ਕੇ ਗੁਲਾਮ ਹੋ ਗਏ। **ਜਦੋਂ ਵਿਅਕਤੀ ਜਾਂ ਸਮਾਜ ਗੁਲਾਮ ਹੋ ਜਾਂਦਾ ਹੈ ਤਾਂ ਉਹ ਆਪਣੀ ਸੋਚ ਨੂੰ ਵੀ ਕਿਸੇ ਅਧੀਨ ਕਰਕੇ ਉਸ ਦੀ ਸੋਚ ਦਾ ਗੁਲਾਮ ਹੋ ਕੇ ਰਹਿ ਜਾਂਦਾ ਹੈ। ਉਸ ਵਿੱਚੋਂ ਬਗਾਵਤ, ਕ੍ਰਾਂਤੀ ਦੀ ਭਾਵਨਾ ਸਮਾਪਤ ਹੋ ਜਾਂਦੀ ਹੈ। ਕਿਉਂਕਿ ਹਾਕਮ ਨਹੀਂ ਚਾਹੁੰਦੇ ਕੇ ਲੋਕ ਬਗਾਵਤ ਕਰਨ। ਭਾਰਤੀ ਮੂਲ ਨਿਵਾਸੀ ਚਮਾਰ ਸਮਾਜ ਜੋ ਦਬਾਈਆਂ ਗਈਆ ਜਾਤੀਆ ਵਿਚ ਸਭ ਤੋਂ ਵੱਧ ਗਿਣਤੀ ਵਿਚ ਪਾਈ ਜਾਂਦੀ ਹੈ।**

ਭਾਰਤ ਦੀ ਮਹਾਨ ਚਮਾਰ ਜਾਤੀ ਨੂੰ ਕਿਸੇ ਵੀ ਦੌਰ ਵਿਚ ਕਿਸੇ ਵੀ ਕਾਲ ਵਿਚ ਕਿਸੇ ਵੀ ਸਮੇਂ ਵਿਚ ਜਦੋਂ ਵੀ ਮੋਕਾ ਮਿਲਿਆ ਤਾਂ ਉਸ ਨੇ ਆਪਣੀ ਗੁਲਾਮੀ ਨੂੰ ਮਿਟਾਉਣ ਲਈ, ਮੁਕਤੀ ਲਈ ਕੁਰਬਾਨੀਆਂ ਦਾ ਇਤਿਹਾਸ ਸਿਰਜਿਆ ਅਤੇ ਅਪਮਾਨ ਭਰੇ ਸਮਿਆਂ ਵਿਚ ਵੀ ਸਨਮਾਨ ਲਈ ਸੰਘਰਸ਼ ਕੀਤਾ। ਸੰਘਰਸ਼ ਜਿਉਂਦੇ ਲੋਕ ਕਰਦੇ ਹਨ। ਸਵੈਮਾਨ ਲਈ ਮਰ ਮਿਟਦੇ ਹਨ। ਗੁਲਾਮ ਲੋਕ ਮੁਰਦਿਆ ਵਾਂਗ ਜਿਉਂਦੇ ਹਨ ਗੁਲਾਮੀ ਸਵਿਕਾਰ ਕਰ ਲੈਂਦੇ ਹਨ। ਇਹ ਇਕ ਆਮ ਧਾਰਨਾ ਪਾਈ ਜਾਂਦੀ ਹੈ। **ਇਕ ਸਚਾਈ ਹੈ ਕਿ ਖ਼ੂਨ ਦਾ ਰੰਗ ਲਾਲ ਹੁੰਦਾ ਹੈ। ਖੂਨ ਹਜਾਰਾ ਸਾਲ ਬਾਅਦ ਵੀ ਆਪਣੇ ਮੂਲ ਲਈ ਤੜਪਾਉਂਦਾ ਹੈ। ਹਜਾਰਾ ਸਾਲ ਪਹਿਲਾ ਵਸਦੀ ਇਸ ਧਰਤੀ ਉੱਪਰ ਭਾਰਤ ਮੂਲ ਦੀ ਸੱਭਿਅਤਾ ਦੇ ਵਾਰਿਸ ਅੱਜ ਵੀ ਆਪਣੇ ਪੁਰਖਿਆਂ ਦੀ ਰਾਜ ਦੀ ਭਾਲ ਵਿਚ ਸੰਘਰਸ਼ ਕਰਦੇ ਨਜ਼ਰ ਆ ਰਹੇ ਹਨ। ਹਜ਼ਾਰਾ ਸਾਲ ਤੋਂ ਸਵੈਮਾਨ ਦੀ ਤਲਾਸ਼ ਕਰਦੇ ਨਜ਼ਰ ਆ ਰਹੇ ਹਨ।**

ਬ੍ਰਾਹਮਣਵਾਦੀ ਵਿਵਸਥਾ ਨੇ ਜਿਨ੍ਹਾਂ ਨੂੰ ਨੀਚ ਅਤੇ ਦਾਸ ਬਣਾ ਕੇ ਸਦੀਵੀ ਗੁਲਾਮੀ ਵੱਲ ਧੱਕ ਦਿੱਤਾ ਜੋ ਬ੍ਰਾਹਮਣਵਾਦੀ ,ਮਨੂੰਵਾਦੀ ਵਿਵਸਥਾ ਵਿਰੁੱਧ ਸੰਘਰਸ਼ ਸ਼ੀਲ ਸਨ। ਭਾਰਤ ਦੇ ਹਰ ਕੋਨੇ ਵਿਚ ਹਰ ਪਿੰਡ ਵਿਚ ਭਾਵ ਕੇ ਭਾਰਤ ਦੇ ਕਣ ਕਣ ਵਿਚ ਭਾਰਤੀ ਮੂਲ ਚਮਾਰ ਦੀ ਖੂਸ਼ਬੋ ਆਉਂਦੀ ਹੈ। **ਵਿਵਸਥਾ ਦੇ ਅਧੀਨ ਗੁਲਾਮ ਬਣਾਕੇ ਲਿਤਾੜਿਆ ਗਿਆ ਉਹਨਾਂ ਨੂੰ ਅਪਮਾਨ ਕੀਤਾ ਗਿਆ, ਪਿੰਡਾਂ ਸ਼ਹਿਰਾਂ ਤੋਂ ਬਾਹਰ ਧੱਕ ਦਿੱਤਾ ਗਿਆ। ਉਹਨਾਂ ਬਹੁ-ਗਿਣਤੀ ਸਮਾਜ ਵਿਚ ਸਵੈਮਾਨ ਦੀ ਘਾਟ ਪਨਪ ਗਈ। ਸੰਘਰਸ਼ ਦੀ ਰੂਪ ਰੇਖਾ ਡਗਮਗਾ ਗਈ। ਬਹੁ-ਗਿਣਤੀ ਚਮਾਰ ਹੋਣ ਦੇ ਬਾਵਜੂਦ ਵੀ ਟੁਕੜਿਆਂ ਵਿਚ ਵੰਡੇ ਗਏ। ਛੋਟੇ ਛੋਟੇ ਟੁਕੜਿਆ** ਵਿਚ ਵੰਡੇ ਲੋਕ ਦਿਸ਼ਾਹੀਨ ਹੋ ਗਏ। ਜਿਨ੍ਹਾਂ ਦੇ ਬਾਪ ਦਾਦਾ ਰਾਜੇ ਸੀ। ਜਿਹਨਾਂ ਦੇ ਪੁਰਖਿਆਂ ਦਾ ਰਾਜ ਸੀ। ਇਤਿਹਾਸ ਵਿਚ ਜਿਨ੍ਹਾਂ ਦੇ ਪੁਰਖੇ ਜਿਉਂਦੇ ਹਨ। ਉਹ ਗੁਲਾਮੀ ਦਾ ਜੀਵਨ ਸਵਿਕਾਰ ਕਰਨ ਲੱਗੇ। ਭਾਰਤੀ ਮੂਲ ਜਿਨ੍ਹਾਂ ਦੇ ਖੁਨ ਦਾ ਰੰਗ ਹੈ। ਉਹਨਾਂ

ਦੀ ਲਾਲੀ ਬੇ ਰੰਗ ਹੋਣ ਕਿਨਾਰੇ ਸੀ ਤਾਂ ਭਾਰਤ ਦੀ ਧਰਤੀ ਤੇ ਇਕ ਨਵੇਂ ਇਨਕਲਾਬ ਦਾ ਜਨਮ ਹੋਇਆ। ਇਕ ਅਜਿਹਾ ਇਨਕਲਾਬ ਜਿਸ ਨੇ ਭਾਰਤੀ ਮੂਲ ਨਿਵਾਸੀਆਂ ਦੀ ਹਰ ਸੋਚ, ਹਰ ਕ੍ਰਾਂਤੀ ਨੂੰ ਆਪ ਦੇ ਵਿਚ ਸਮਾ ਲਿਆ। **ਪੁਰਾਣੇ ਇਤਿਹਾਸ ਨੂੰ ਨਵੇਂ ਰੰਗ ਢੰਗ ਵਿਚ ਦਰਸਾਇਆ ਮਿਟਦੀ ਹੋਈ ਹੋਂਦ ਨੂੰ ਪੱਕਾ ਕੀਤਾ ਇਤਿਹਾਸ ਦੇ ਪੰਨਿਆ ਉੱਪਰ ਇਕ ਅਜਿਹੀ ਸੇਧ ਸਥਾਪਿਤ ਕੀਤੀ ਕਿ ਸਾਰਾ ਧੁੰਧਲਾ ਜਿਹਾ ਇਤਿਹਾਸ ਸਪੱਸ਼ਟ ਹੋ ਗਿਆ।**

**ਸਿੰਧੂ ਸੱਭਿਅਤਾ ਦੀ ਕਹਾਣੀ, ਤੇ ਭਗਵਾਨ ਬੁੱਧ ਦੀ ਨਸ਼ਟ ਕੀਤੀ ਕ੍ਰਾਂਤੀ ਮੁੜ ਖੜੀ ਕਰ ਦਿੱਤੀ । ਅੱਜ ਤੋਂ 640 ਸਾਲ ਪਹਿਲਾਂ ਭਾਰਤ ਦੀ ਧਰਤੀ ਉੱਪਰ ਬ੍ਰਾਹਮਣਵਾਦ ਦੇ ਗੜ੍ਹ ਬਨਾਰਸ ਦੀ ਨਗਰੀ ਵਿਚ 1377 ਈ: (ਸੰਮਤ 1433) ਵਿਚ ਭਾਰਤੀ ਮੂਲ ਜਾਤੀ ਚਮਾਰ ਵਿਚ ਪਿਤਾ ਸੰਤੋਖ ਦਾਸ ਜੀ ਦੇ ਘਰ ਸਤਿਕਾਰ ਯੋਗ ਮਾਤਾ ਕਲਸੀ ਜੀ ਦੀ ਕੁੱਖੋਂ ਹੋਇਆ। ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਭਾਰਤ ਦੀ ਧਰਤੀ ਉੱਪਰ ਇਨਕਲਾਬ ਪੈਦਾ ਕਰਨ ਲਈ ਸਮਾਜ ਵਿਚ ਜਾਗ੍ਰਿਤੀ ਪੈਦਾ ਕੀਤੀ।**

ਸਤਿਗੁਰੂ ਰਵਿਦਾਸ ਜੀ ਦਾ ਜੀਵਨ ਸੰਘਰਸ਼ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਇੱਕ ਅਦਭੁੱਤ ਰੋਸ਼ਨੀ ਸੀ, ਜਿਸ ਨੂੰ ਬੇਈਮਾਨ ਲੋਕਾਂ ਨੇ ਮਹਿਜ਼ ਧਾਰਮਿਕ ਅੰਧ ਸ਼ਰਧਾ ਤੱਕ ਸੀਮਤ ਕਰ ਕੇ ਰੱਖ ਦਿੱਤਾ। **ਜੋ ਭਾਰਤ ਵਿਚ ਵਸਦੇ 25 ਕਰੋੜ ਚਮਾਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਮਹਾਨ ਕ੍ਰਾਂਤੀਕਾਰੀ ਫਲਸਫੇ ਨੂੰ ਸਮਝ ਕੇ 'ਐਸਾ ਚਾਹੂ ਰਾਜ ਮੈ ਜਹਾ ਮਿਲੇ ਸਭਨ ਕੋ ਅੰਨ' ਦੀ ਮਹਾਨ ਵਿਵਸਥਾ ਨੂੰ ਸਮਝ ਕੇ, ਵਿਸ਼ਵ ਦੇ ਕਲਿਆਣ ਹਿੱਤ ਪਰਿਵਰਤਨ ਦੀ ਧਾਰਾ ਬੇਗਮਪੁਰਾ ਸ਼ਹਿਰ ਦੇ ਸੰਕਲਪ ਉੱਪਰ ਇੱਕ ਹੋ ਸਕਣ ਕਿਉਂਕਿ ਇੱਕ ਸੋਚ, ਇਕ ਸੇਧ, ਇਕ ਸੰਕਲਪ ਅਤੇ ਇੱਕਠੇ ਲੋਕ ਕ੍ਰਾਂਤੀ ਕਰਨ ਦੇ ਸਮਰਥ ਹਨ। ਕੋਈ ਤਾਕਤ ਉਹਨਾਂ ਨੂੰ ਉਹਨਾਂ ਦੇ ਮਿਸ਼ਨ ਤੋਂ ਰੋਕ ਨਹੀਂ ਸਕਦੀ।** ਇਹ ਇਕ ਸੱਚਾਈ ਹੈ।

ਸਤਿਗੁਰੂ ਰਵਿਦਾਸ ਜੀ ਚਮਾਰ ਸਮਾਜ ਵਿਚ ਪੈਦਾ ਹੋਏ ਇਹ ਉਹਨਾਂ ਨੇ ਆਪਣੀ ਅੰਮ੍ਰਿਤਬਾਣੀ ਵਿਚ ਦਰਜ ਕੀਤਾ ਹੈ, ਅਤੇ ਦਰਜ ਵੀ ਸਵੈਮਾਨ ਨਾਲ ਕੀਤਾ। ਜਿਸ ਸਮਾਜ ਤੋਂ ਸਮੇਂ ਦੇ ਲੋਕ ਈਰਖਾ, ਨਫਰਤ ਕਰਦੇ ਸਨ ਉਸ ਸਮਾਜ ਨੂੰ ਸਵੈਮਾਨ ਦੀ ਭਾਵਨਾ ਦਾ ਅਹਿਸਾਸ ਕਰਾਉਣ ਲਈ ਆਪਣੀ ਅੰਮ੍ਰਿਤਬਾਣੀ ਵਿਚ ਵਾਰ ਵਾਰ ਕਿਹਾ ਕਿ :-

**:- ਕਹਿ ਰਵਿਦਾਸ ਖਲਾਸ ਚਮਾਰ**

**:- ਕਹਿ ਰਵਿਦਾਸ ਚਮਾਰ**

**:- ਰਵਿਦਾਸ ਚਮਾਰ**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਭਾਰਤ ਵਿਚ ਵੱਸਦੇ ਚਮਾਰ ਜਾਤੀ ਦੇ ਲੋਕ ਅੱਜ ਇਹ ਮੰਨਦੇ ਹਨ ਕਿ ਉਹ ਭਾਰਤ ਦੇ ਮੂਲ ਨਿਵਾਸੀ ਹਨ। ਇਹ ਮੰਨਦੇ ਹਨ ਕਿ ਉਹ ਮਹਾਨ ਪੁਰਖਿਆਂ ਦੀ ਸੰਤਾਨ ਹਨ ਜਿਨ੍ਹਾਂ ਦਾ ਭਾਰਤ ਵਰਸ ਉੱਪਰ ਰਾਜ ਹੋਇਆ ਕਰਦਾ ਸੀ। ਉਹਨਾਂ ਦੀ ਇਕ ਰਾਜ ਵਿਵਸਥਾ ਸੀ ਜਿਸ ਦੀ ਦੁਨੀਆਂ ਚ ਕੋਈ ਮਿਸਾਲ ਨਹੀਂ ਮਿਲਦੀ। ਪਰ **ਸਤਿਗੁਰੂ ਰਵਿਦਾਸ ਜੀ ਨੇ 600 ਸਾਲ ਪਹਿਲਾ ਭਾਰਤ ਦੇ ਮੂਲ ਨਿਵਾਸੀਆਂ ਨੂੰ ਇਹ ਸਮਝਾਇਆ ਸੀ ਕਿ ਆਪਣੀ ਮੁਕਤੀ ਲਈ ਸੰਘਰਸ਼ ਕਰੋ ਏਕਤਾਂ ਬਿਨਾਂ ਗੁਲਾਮੀ ਤੋਂ ਮੁਕਤੀ ਨਹੀਂ ਮਿਲ ਸਕਦੀ।** ਆਪ ਜੀ ਨੇ ਹਜ਼ਾਰਾ ਸਾਲਾਂ ਤੋਂ ਸਤਾਏ ਲੋਕਾਂ ਲਈ ਸੰਕਲਪ ਪੇਸ਼ ਕੀਤਾ ਅਜਿਹਾ ਸਕੰਲਪ ਜਿਸ ਦੀ

ਦੂਸਰੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ, ਅਜਿਹੀ ਰਾਜ ਵਿਵਸਥਾ ਭਾਰਤ ਵਿਚ ਨਹੀ ਸਗੋ ਵਿਸ਼ਵ ਭਰ ਵਿਚ ਵੀ ਆ ਜਾਵੇ ਤਾਂ ਮਾਨਵ ਜਾਤੀ ਦਾ ਕਲਿਆਣ ਹੋ ਜਾਵੇ। ਸਤਿਗੁਰੂ ਰਵਿਦਾਸ ਜੀ ਨੇ ਅੰਮ੍ਰਿਤਬਾਣੀ ਵਿਚ ਫਰਮਾਇਆ ਹੈ ਕਿ:-

**ਬੇਗਮਪੁਰਾ ਸਹਰ ਕੋ ਨਾਉ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਜ ਖਿਰਾਜ ਨਾ ਮਾਲ॥**
**ਖਉਫ ਨ ਖਤਾ ਨ ਤਰਸ ਜਵਾਲੂ॥1॥**
**ਅਬ ਮੋਹਿ ਖੂਬ ਵਤਨ ਗਹਿ ਪਾਈ॥**
**ਊਹਾਂ ਖੈਰਿ ਸਦਾ ਮੇਰੇ ਭਾਈ॥1॥ ਰਹਾਉ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ॥**
**ਦੋਮ ਨਾ ਸੇਮ ਏਕ ਸੋ ਆਹੀ॥**
**ਆਬਾਦਾਨ ਸਦਾ ਮਸ਼ਹੂਰ॥**
**ਊਹਾ ਗਨੀ ਬਸਹਿ ਮਾਮੂਹ॥2॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ॥**
**ਮਹਰਮ ਮਹਲ ਨ ਕੋ ਅਟਕਾਵੈ॥**
**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਿਰੀ ਸੁ ਮੀਤ ਹਮਾਰਾ ॥3॥2॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਹਜ਼ਾਰਾ ਸਾਲਾਂ ਤੋਂ ਲਤਾੜੇ, ਪਛਾੜੇ, ਸਤਾਏ ਅਪਮਾਨੇ ਲੋਕਾਂ ਨੂੰ ਇਕ ਸਥਾਪਿਤ ਵਿਵਸਥਾ ਦਾ ਬਦਲ ਦੇਣਾ ਕਿਸੇ ਕ੍ਰਾਂਤੀ ਤੋਂ ਨੂੰ ਜਨਮ ਦੇਣਾ ਹੁੰਦਾ ਹੈ। **ਜਦੋ ਸਮਾਜ ਅਗਿਆਨ ਹੋਵੇ ਹਾਕਮ ਜ਼ਾਲਿਮ ਹੋਵੇ 'ਤੇ ਹੱਕ ਸੱਚ ਲਈ ਆਵਾਜ ਬੁਲੰਦ ਕਰਨੀ ਅਤੇ ਸਮਾਜ ਵਿਚ ਚੇਤਨਾ ਪੈਦਾ ਕਰਨੀ ਮਹਾਨ ਰਹਿਬਰਾਂ ਦੀ ਨਿਸ਼ਾਨੀ ਹੁੰਦੀ ਹੈ।** ਸਤਿਗੁਰੂ ਰਵਿਦਾਸ ਜੀ ਨੇ ਬੇਗਮਪੁਰਾ ਸ਼ਹਿਰ ਦੀ ਸਿਰਜਣਾ ਲਈ ਜਬਰਸਤ ਸੰਘਰਸ਼ ਕਰਕੇ ਸ਼ੂਦਰ ਸਮਾਜ ਨੂੰ ਜਾਗ੍ਰਿਤ ਕੀਤਾ।

**ਐਸਾ ਚਾਹੂੰ ਰਾਜ ਮੈ ਜਹਾਂ ਮਿਲੇ ਸਭਨ ਕੋ ਅੰਨ।**
**ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਸਤਿਗੁਰੂ ਰਵਿਦਾਸ ਜੀ ਆਪਣੀ ਅੰਮ੍ਰਿਤਬਾਣੀ ਵਿਚ ਫਰਮਾਉਂਦੇ ਹਨ ਕਿ ਮੈਂ ਇਸ ਤਰ੍ਹਾਂ ਦਾ ਰਾਜ ਚਾਹੁੰਦਾ ਹਾਂ ਜਿਥੇ ਸਭ ਜੀਵਾਂ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੋਣ ਅਤੇ ਜਰੂਰਤਾਂ, ਲੋੜਾਂ ਪੂਰੀਆਂ ਹੋਵਣ। ਸਭਨਾਂ ਨੂੰ ਖਾਣ ਲਈ ਅੰਨ ਪ੍ਰਾਪਤ ਹੋਵੇ ਕੋਈ ਵੀ ਭੁੱਖਾ ਨਾ ਰਹੇ। ਛੋਟੇ ਅਤੇ ਵੱਡੇ ਦਾ ਕੋਈ ਫ਼ਰਕ ਨਾ ਰਹੇ। ਸਭ ਜੀਵ ਮਾਨਵ ਦੇ ਤੌਰ ਤੇ ਬਰਾਬਰ ਹੋਣ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਸਤਿਗੁਰੂ ਰਵਿਦਾਸ ਜੀ ਮਹਾਰਾਜ।

ਸਤਿਗੁਰੂ ਰਵਿਦਾਸ ਜੀ ਨੇ **ਭਾਰਤ ਵਿਚ ਸਮਾਜਿਕ ਵਿਵਸਥਾ ਜਿਸਦੇ ਤਹਿਤ ਭਾਰਤੀ ਮੂਲ ਨਿਵਾਸੀ ਚਮਾਰ ਨੂੰ ਜਕੜਿਆ ਗਿਆ, ਪਛਾੜਿਆ ਗਿਆ ਲਤਾੜਿਆ ਗਿਆ, ਗੁਲਾਮ ਕੀਤਾ ਗਿਆ। ਸਮਾਜ ਵਿਚ ਹਜ਼ਾਰਾ ਸਾਲ ਤੋਂ ਗੁਲਾਮ**

**ਬਣਾ ਕੇ ਰੱਖਿਆ ਗਿਆ ਸਮਾਜਿਕ ਵਿਵਸਥਾ ਵਿਚ ਪੂਰਨ ਬਰਾਬਰੀ ਚਾਹੁੰਦੇ ਸਨ।** ਸਤਿਗੁਰੂ ਰਵਿਦਾਸ ਜੀ ਅਜਿਹੀ ਸਮਾਜ ਵਿਵਸਥਾ ਨਹੀ ਚਾਹੁੰਦੇ ਸਨ ਜਿਥੇ ਮਹਾਰਿਸ਼ੀ ਸੰਭੂਕ ਜੀ ਨੂੰ ਸਿਰਫ ਸ਼ੂਦਰ ਹੋਣ ਕਰਕੇ ਕਤਲ ਕਰ ਦਿਤਾ ਗਿਆ। ਉਹ ਅਜਿਹੀ ਵਿਵਸਥਾ ਦੇ ਨਾਇਕ ਨੂੰ ਵੀ ਮੰਨਣ ਤੋਂ ਇਨਕਾਰੀ ਹਨ ਉਹਨਾਂ ਨੇ ਰਾਮ ਚੰਦਰ ਦੀ ਪੂਜਾ ਤੋਂ ਵੀ ਇਨਕਾਰ ਕੀਤਾ ਹੈ,ਅਤੇ ਮੂਰਤੀ ਪੂਜਾ, ਅਵਤਾਰਵਾਦ ਕਰਮਕਾਂਡ ਆਦਿ ਦਾ ਖੁੱਲ ਕੇ ਖੰਡਨ ਕੀਤਾ ਹੈ। ਆਪ ਜੀ ਨੇ ਫਰਮਾਇਆ ਹੈ ਕਿ :-

**ਰਵਿਦਾਸ ਹਮਾਰੇ ਰਾਮ ਜੀ ਦਸ਼ਰਥ ਕਰਿ ਸੁਤ ਨਾਂਹਿ॥**
**ਰਾਮ ਹੰਮਿ ਮਹਿ ਰਮਿ ਰਹਯੋ ਬਿਸਬ ਕੁਟੰਬਹ ਮਾਂਹਿ॥1॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਸਾਡੇ ਸਮਾਜ ਦਾ ਇਸ ਭਾਰਤ ਭੂਮੀ ਤੇ ਰਾਜ ਰਿਹਾ ਸੀ ।

**ਨਰਪਿਤ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਸਤਿਗੁਰੂ ਰਵਿਦਾਸ ਜੀ ਸਮਾਜ ਦੇ ਸਾਰੇ ਜੀਵਾਂ ਨੂੰ ਇਕ ਬਰਾਬਰ ਹੋਣ ਸਾਰੇ ਪ੍ਰੇਮ ਪਿਆਰ ਨਾਲ ਰਹਿਣ ਕੋਈ ਭੇਦ ਭਾਵ ਨਾ ਹੋਵੇ। ਜਿਵੇਂ ਸਾਰਿਆਂ ਨੂੰ ਇੱਕ ਬਰਾਬਰ ਅਧਿਕਾਰ ਅਤੇ ਸੁੱਖ ਸਹੂਲਤਾ ਹੋਣ ਸਮਾਜ ਵਿਚ ਵਿਅਕਤੀ ਦੀ ਇਜ਼ਤ ਉਸ ਦੇ ਗੁਣ ਕਰਕੇ ਹੋਣੀ ਚਾਹੀਦੀ ਹੈ। ਭਾਰਤ ਵਰਗੇ ਦੇਸ਼ ਵਿਚ ਜਿਥੇ ਭਾਰਤੀ ਮੂਲ ਨਿਵਾਸੀਆਂ ਨੂੰ ਨਫਰਤ ਦਾ ਸ਼ਿਕਾਰ ਹੋਣਾ ਪਿਆ। ਜਿਥੇ ਪੈਰ ਪੈਰ ਅਪਮਾਨਿਤ ਹੋਣਾ ਪਿਆ ਇਸ ਤਰ੍ਹਾਂ ਦੀ ਸਮਾਜ ਦੀ ਵਿਵਸਥਾ ਸਤਿਗੁਰੂ ਜੀ ਨੂੰ ਮਨਜ਼ੂਰ ਨਹੀਂ ਸੀ। ਸਤਿਗੁਰੂ ਰਵਿਦਾਸ ਜੀ ਬੇਗਮਪੁਰਾ ਸ਼ਹਿਰ ਦੀ ਵਿਵਸਥਾ ਕਾਇਮ ਕਰਨਾ ਚਹੁੰਦੇ ਸਨ ਨਾ ਕਿ ਕੋਈ ਰਾਮ ਰਾਜ ਵਰਗੀ ਉਚ ਨੀਚ ਅਧਾਰਿਤ ਵਰਣਵਾਦੀ ਵਿਵਸਥਾ। ਗੈਰ ਮਾਨਵੀਂ ਵਿਵਸਥਾ ਦੇ ਸਿੱਧੇ ਰੂਪ ਵਿੱਚ ਵਿਰੋਧੀ ਰਹੇ।

ਸਤਿਗੁਰੂ ਰਵਿਦਾਸ ਜੀ ਨੇ ਭਾਰਤੀ ਮੂਲ ਨਿਵਾਸੀ ਚਮਾਰ ਸਮਾਜ ਦੀ ਤਰਸਯੋਗ ਹਾਲਤ ਵੇਖਦਿਆ ਸਮੁਚੀ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ ਜਿਸ ਸਮਾਜ ਨੂੰ ਰੋਜੀ ਰੋਟੀ ਤੋਂ ਵੀ ਮੁਹਤਾਜ ਕੀਤਾ ਗਿਆ। ਜਿਸ ਸਮਾਜ ਨੂੰ ਭਾਰਤੀ ਮੂਲ ਨਿਵਾਸੀ ਹੋਣ ਦੀ ਸਜ਼ਾ ਇਹ ਮਿਲੀ ਕਿ ਅਪਮਾਨਿਤ ਜੀਵਨ ਜੀਉਣਾ ਪਿਆ। ਰਹਿਣ ਸਹਿਣ ਗੰਦਾ ਅਤੇ ਜੂਠ ਵੀ ਖਾਣੀ ਪਈ। ਸਮਾਜ ਵਿਚ ਕੰਮ ਕਰਨ ਦੇ ਬਾਵਜੂਦ ਵੀ ਮਿਹਨਤ ਮਜ਼ਦੂਰੀ ਨਾ ਦੇਣੀ (ਮਨੂੰ ਸਿਮਰਤੀ ਵਿਚ ਸ਼ੂਦਰ ਨੂੰ ਸੇਵਾ ਹੀ ਕਰਨੀ ਹੁੰਦੀ ਸੀ ਅਤੇ ਸੇਵਾ ਦੀ ਕੋਈ ਕੀਮਤ ਨਹੀਂ ਮਿਲਦੀ ) ਇਕ ਕਿਸਮ ਦਾ ਅੱਤਿਆਚਾਰ ਸੀ, ਇਕ ਜੁਲਮ ਸੀ, ਅਪਮਾਨ ਸੀ। ਚਮਾਰ ਜਾਤੀ ਦੇ ਲੋਕਾਂ ਨੇ ਬ੍ਰਾਹਮਣਵਾਦੀ ਵਿਵਸਥਾ ਨੂੰ ਨਹੀਂ ਮੰਨਿਆ ਵਿਵਸਥਾ ਵਿਚ ਚਮਾਰ ਵਿਅਕਤੀ ਨੂੰ ਜਿਆਦਾ ਅਪਮਾਨ ਦਾ ਸ਼ਿਕਾਰ ਹੋਣਾ ਪਿਆ।

ਇਹਨਾਂ ਦੇ ਘਰ ਸ਼ਹਿਰਾਂ ਪਿੰਡਾਂ ਤੋਂ ਦੂਰ ਕੀਤੇ ਗਏ ਇਹਨਾਂ ਦੇ ਕਾਰੋਬਾਰ ਠੱਪ ਕੀਤੇ ਗਏ। ਇਹਨਾ ਦੀ ਹਰ ਸਹੂਲਤ ਨੂੰ ਖਤਮ ਕਰਨ ਦਾ ਯਤਨ ਕੀਤਾ ਗਿਆ। ਸਤਿਗੁਰੂ ਰਵਿਦਾਸ ਜੀ ਨੇ ਆਰਥਿਕ ਵਿਵਸਥਾ ਨੂੰ ਬਦਲਣ ਲਈ ਸਾਰੇ ਸਮਾਜ ਨੂੰ ਇਕ ਸਮਾਨਤਾ ਵਿਚ ਢਾਲਣ ਦਾ ਯਤਨ ਕੀਤਾ ਅਤੇ ਸੰਘਰਸ਼ ਕੀਤਾ ਕਿ ਸਮਾਜ ਵਿਚ ਬਰਾਬਰੀ ਆ ਸਕੇ।

ਸਤਿਗੁਰੂ ਰਵਿਦਾਸ ਜੀ ਨੇ ਜੋ ਕਰਾਰੀ ਚੋਟ ਧਾਰਮਿਕ ਵਿਵਸਥਾ ਉੱਪਰ ਕੀਤੀ। ਉਸਦੀ ਕੋਈ ਮਿਸਾਲ ਨਹੀਂ ਮਿਲਦੀ। ਚਮਾਰ ਜਾਤੀ ਆਦਿ ਸਮੇਂ ਤੋਂ ਕੁਦਰਤ ਨੂੰ ਮੰਨਣ ਵਾਲੀ ਜਾਤੀ ਰਹੀ ਹੈ। ਇਹ ਦਰਖਤਾਂ ਅਤੇ ਪਸ਼ੂਆਂ ਨੂੰ ਪਿਆਰ ਕਰਦੀ ਹੈ। ਇਸੇ ਕਾਰਣ ਆਰੀਆ

ਦੀ ਹਰ ਪ੍ਰਥਾ ਨੂੰ ਇਹਨਾ ਨੇ ਗੈਰ ਕੁਦਰਤੀ ਕਰਾਰ ਕਰ ਦਿੱਤਾ। ਚਮਾਰ ਸਮਾਜ ਦੀ ਪਹਿਚਾਣ ਹੈ ਕਿ ਇਹ ਤਰਕਵਾਦੀ ਹਨ। ਵਹਿਮਾਂ- ਭਰਮਾ,ਪਖੰਡਾ ਅਤੇ ਬੇ-ਅਰਥ ਪਾਠ ਪੂਜਾ ਨੂੰ ਮਾਨਤਾ ਨਹੀਂ ਦਿੰਦੇ। **ਸਤਿਗੁਰੂ ਰਵਿਦਾਸ ਜੀ ਜਗਤ ਵਿਚ ਵਿਖਾਵਿਆਂ ਤੋਂ ਹਟ ਕੇ ਮਾਨਵ ਧਰਮ ਦੀ ਸੋਚ ਨੂੰ ਅੱਗੇ ਵਧਾਇਆ । ਜਿਵੇਂ ਪੂਰਵ ਸਿੰਧੂ ਘਾਟੀ ਦੇ ਵਾਰਿਸ ਸਨ।ਜਿਵੇਂ ਬੁੱਧ ਧਰਮ ਚਮਾਰ ਜਾਤੀ ਦੇ ਲੋਕਾਂ ਦਾ ਕ੍ਰਾਂਤੀਕਾਰੀ ਧਰਮ ਸੀ।** ਪਰ ਬ੍ਰਾਹਮਣਵਾਦੀ ਲੋਕਾਂ ਨੇ ਉਸ ਦਾ ਪੂਰੀ ਤਰ੍ਹਾ ਸਤਿਅਨਾਸ਼ ਕਰਕੇ ਭਾਰਤ ਵਿਚ ਮਨੂੰਵਾਦੀ ਵਿਵਸਥਾ ਦੇ ਅਧੀਨ ਭਾਰਤੀ ਮੂਲ ਨਿਵਾਸੀਆਂ ਨੂੰ ਹਜ਼ਾਰਾਂ ਸਾਲਾਂ ਤੋਂ ਗੁਲਾਮ ਬਣਾ ਕੇ ਰੱਖਿਆ । ਸਤਿਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਸੇਧ ਪ੍ਰਦਾਨ ਕੀਤੀ ਅੰਮ੍ਰਿਤਬਾਣੀ ਵਿਚ ਦਰਜ ਹੈ ਕਿ

**ਮੰਦਿਰ ਸੇ ਕੋਈ ਘਿਣ ਨਹੀ ਮਸਜਿਦ ਸੇ ਨਹੀ ਪਿਆਰ॥**
**ਦੋਨੋ ਮੇ ਰਾਮ ਰਹੀਮ ਨਹੀ ਕਹਿ ਰਵਿਦਾਸ ਚਮਾਰ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਰਾਜਨੀਤਿਕ ਵਿਵਸਥਾ ਸਤਿਗੁਰੂ ਨੇ ਪੇਸ਼ ਕੀਤੀ ਤਾਂ ਕੇ ਸਮਾਜ ਦੇ ਵਿਕਾਸ ਲਈ ਆਪਣਾ ਰਾਜ ਭਾਗ ਕਾਇਮ ਕੀਤਾ ਜਾ ਸਕੇ। ਬੇਗਮਪੁਰਾ ਸ਼ਹਿਰ ਸ਼ਬਦ ਵਿਚ ਵਿਚ ਵਿਸ਼ਵ ਦੇ ਕਲਿਆਣ ਲਈ ਇਹ ਮਹਾਨ ਰਾਜਨੀਤੀਕ ਸੋਚ ਲਈ ਸੇਂਧ ਮਿਲਦੀ ਹੈ

ਹਵਾਲੇ

1. ਅੰਮ੍ਰਿਤਬਾਣੀ ਸਟੀਕ: ਸੰਤ ਸੁਰਿੰਦਰ ਦਾਸ ਜੀ ਬਾਵਾ

2. ਕਹਿ ਰਵਿਦਾਸ ਚਮਾਰਾਂ: ਪ੍ਰੋ:ਗੁਰਨਾਮ ਸਿੰਘ ਮੁਕਤਸਰ

3. ਗੁਰੂ ਰਵਿਦਾਸ ਬਾਣੀ

# 20. ਧਾਰਮਿਕ ਪ੍ਰੇਰਣਾ ਸਰੋਤ

## ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ

ਬ੍ਰਹਿਮੰਡ ਦੇ ਕਣ ਕਣ ਵਿੱਚ ਵਸਦੇ, ਸ਼੍ਰਿਸਟੀ ਦੇ ਸਿਰਜਨਹਾਰ ,ਪ੍ਰਭੂ ਲਈ ਸਾਰੀ ਦੁਨੀਆ ਦੇ ਲੋਕ ਇੱਕ ਸਮਾਨ ਹਨ ਸਾਰੇ ਵਿਸ਼ਵ ਦੇ ਲੋਕ ਸਮਾਨ ਅਧਿਕਾਰਾਂ ਦੇ ਮਾਲਿਕ ਹਨ। ਕੋਈ ਉਚ ਨੀਚ ਨਹੀਂ ਹੈ। ਵਿਸ਼ਵ ਦੇ ਸਭ ਤੋਂ ਪਹਿਲੇ ਕਾਵਿ-ਗ੍ਰੰਥ ਦੀ ਰਚਨਾ ਕਰਨ ਵਾਲੇ, ਤ੍ਰੈਕਾਲ ਦਰਸ਼ੀ, ਮਹਾਂ ਪੰਡਤ ਵਿਦਵਾਨ ਕਰੌੜਾ ਮਨੁੱਖਾ ਦੇ ਭਗਵਾਨ,ਬ੍ਰਹਮ ਗਿਅਨੀ, ਤ੍ਰੈਕਾਲ ਦਰਸ਼ੀ ਮਹਾਂਰਿਸ਼ੀ ਵਾਲਮੀਕਿ ਜੀ ਦਾ ਜੀਵਨ ਪ੍ਰਭੂ ਭਗਤੀ ਅਤੇ ਮਾਨਵ ਜੀਵਨ ਦੇ ਸਰਬਪੱਖੀ ਕਲਿਆਣ ਲਈ ਸਮਰਪਿਤ ਸੀ।

ਆਪ ਜੀ ਦਾ ਉਹ ਸਮਾਂ ਸੀ ਜਦੋਂ ਆਰੀਆ ਅਤੇ ਅਣ-ਆਰੀਆਂ ਵਿਚਕਾਰ ਚੱਲੇ ਲੰਬੇ ਸੰਘਰਸ਼ ਦੀ ਕਹਾਣੀ ਸਮਾਪਤੀ ਵਲ ਸੀ। ਭਾਰਤ ਦੇ ਮੂਲਨਿਵਾਸੀ ਲੋਕਾਂ ਨੂੰ ਆਰੀਆ ਦੇ ਜਬਰ ਜੁਲਮ ਦਾ ਸ਼ਿਕਾਰ ਹੋਣਾ ਪਿਆ ਸੀ। ਭਾਰਤ ਦੇ ਮੂਲ ਨਿਵਾਸੀਆਂ ਭਾਵ ਭੀਲ਼ਾਂ, ਦਰਾਵੜਾਂ, ਨਾਗਵੰਸ਼ੀਆ ਨੂੰ ਉਹਨਾਂ ਦੀ ਹੀ ਧਰਤੀ ਤੇ ਸਨਮਾਣ ਦਾ ਜੀਵਨ ਨਹੀਂ ਸੀ ਪ੍ਰਾਪਤ ਹੋ ਰਿਹਾ। ਆਰੀਆ ਲੋਕਾਂ ਨੇ ਉਹਨਾਂ ਨੂੰ ਆਪਣੇ ਗੁਲਾਮ ਬਣਾਉਂਣ ਦੇ ਯਤਨਾਂ ਵਿੱਚ ਕਾਮਯਾਬੀ ਮਿਲ ਗਈ ਸੀ। ਆਪ ਜੀ ਇੱਕ ਤਿਆਗ ਦੀ ਮੂਰਤ ਸਨ ਤੇ ਕੁਰਬਾਨੀ, ਬਲੀਦਾਨ ਤੱਪ ਤਪੱਸਿਆ ਆਪ ਜੀ ਜੀਵਨ ਦਾ ਹਿੱਸਾ ਸੀ।

ਆਪ ਜੀ ਅਧਿਆਤਮਕ ਗਿਆਨ ਦੇ ਧਨੀ ਸਨ ਆਪ ਜੀ ਨੇ ਰਮਾਇਣ ਦੀ ਰਚਨਾ ਕੀਤੀ ਜਿਸ ਦੀ ਮਿਸਾਲ ਦੁਨੀਆ ਵਿੱਚ ਨਹੀਂ ਮਿਲਦੀ ਜੋ 24000 ਸ਼ਲੋਕਾਂ ਨੂੰ 500 ਸਰਗਾਂ ਅਤੇ 7 ਕਾਂਡਾ ਵਿੱਚ ਵੰਡਿਆ ਹੈ। ਇਸ ਦੀ ਰਚਨਾ ਬਾਲ ਕਾਂਡ, ਆਯੁਧਿਆ ਕਾਂਡ, ਅਰਣਯ ਕਾਂਡ, ਕਿਸ਼ਕਿੰਧਾ ਕਾਂਡ, ਸੁੰਦਰ ਕਾਂਡ, ਯੁੱਧ ਕਾਂਡ, ਅਤੇ ਉੱਤਰ ਕਾਂਡ ਆਦਿ ਵਿੱਚ ਸਾਰੀ ਕਹਾਣੀ ਦਾ ਖੁਬਸੂਰਤ ਜ਼ਿਕਰ ਕੀਤਾ ਹੈ।[1]

ਆਪ ਜੀ ਨੇ ਰਮਾਇਣ ਦੇ ਨਾਇਕ ਨੂੰ ਉਹਨਾਂ ਦੇ ਜੀਵਨ ਦੀਆ ਚੰਗੀਆ ਮਾੜੀਆ ਘਟਨਾਵਾਂ ਦਾ ਵੇਰਵਾ ਦੇ ਕੇ ਸੱਚਾਈ ਨੂੰ ਪੇਸ਼ ਕੀਤਾ। ਆਪ ਜੀ ਦੀ ਰਮਾਇਣ ਨੂੰ ਪੜ੍ਹ ਕੇ ਹੀ ਅਸੀਂ ਸਮਝ ਸਕਦੇ ਹਾਂ ਕਿ ਭਾਰਤ ਵਿੱਚ ਆਦਿ ਵਾਸੀਆ ਦਾ ਜੀਵਨ, ਲੋਕਾਂ ਵਿੱਚ ਸ਼ਾਸਨ ਵਿਵਸਥਾ, ਆਯੁਦਿਆ ਦੇ ਵਸਨੀਕਾਂ ਦਾ ਜੀਵਨ, ਔਰਤ ਜਾਤੀ ਦਾ ਜੀਵਨ, ਉਸ ਸਮੇਂ ਦੇ ਅਨੇਕਾਂ ਰੀਤੀ ਰਿਵਾਜ, ਅਦਰਸ਼ ਰਾਜ ਤੇ ਆਸੂਰ ਰਾਜ ਦੀ ਕਹਾਣੀ, ਮਾਤਾ ਸੀਤਾ ਜੀ ਦੀ ਅਗਨੀ ਪ੍ਰੀਖਿਆ, ਰਾਜਾ ਰਾਮ ਚੰਦਰ ਦੇ ਦਰਵਾਰ ਵਿੱਚ ਨਿਆ ਵਿਵਸਥਾ, ਲੰਕਾਂ ਨਰੇਸ਼ ਦੀ ਮਹਾਨਤਾ ਆਦਿ ਹੋਰ ਅਨੇਕਾਂ ਵਿਸ਼ਿਆ ਉੱਪਰ ਸੱਚਾਈ ਦੀ ਕਹਾਣੀ ਨੂੰ ਪੜ੍ਹ ਕੇ ਅਸਾਨੀ ਨਾਲ ਸਮਝ ਸਕਦੇ ਹਾਂ।

ਭਾਰਤੀ ਮਹਾਂਨਾਇਕ ਮਹਾਤਮਾ ਰਾਵਣ ਜੀ[2] ਨੂੰ ਆਪ ਜੀ ਨੇ ਹੀ ਮਹਾਤਮਾ ਦੀ ਉਪਾਧੀ ਦਿੱਤੀ ਹੈ ਮਹਾਤਮਾ ਰਾਵਣ ਇੱਕ ਵਿਦਵਾਨ, ਸੂਰਵੀਰ ਯੋਧਾ ਸੀ ਜਿਸ ਨੇ ਲੰਬੇ ਸਮੇਂ ਤੱਕ ਭਾਰਤ ਉੱਪਰ ਆਏ ਵਿਦੇਸ਼ੀ ਹਮਲਾਂਵਾਰਾਂ ਨਾਲ ਸੰਘਰਸ਼ ਕੀਤਾ ਅਤੇ ਆਪਣੇ ਪੁਰਖਿਆ ਦੇ ਰਾਜ ਭਾਗ ਨੂੰ ਮੁੜ ਵਾਪਿਸ ਲੈਣ ਦੀ ਹਰ ਕੋਸ਼ਿਸ ਕੀਤੀ ਜਿਸ ਦੀ ਬਹਾਦਰੀ ਦਾ ਇੱਕ

ਸ਼ਾਨਦਾਰ ਇਤਿਹਾਸ ਭਰਿਆ ਪਿਆ ਹੈ। ਆਪ ਜੀ ਨੇ ਭਾਰਤੀ ਮੂਲ ਨਿਵਾਸੀ ਚੇਤਨਾ ਤੇ ਅਧਿਕਾਰਾਂ ਦਾ ਪ੍ਰਤੀਕ ਮਹਾਂਰਿਸ਼ੀ ਸ਼ੰਭੂਕ ਜੀ[3] ਦੇ ਸਮੇਂ ਦਾ ਸੱਚਵੀ ਪੇਸ਼ ਕਰਕੇ ਸਚਾਈ ਨੂੰ ਜੀਵਤ ਰੱਖਣ ਦਾ ਇਤਿਹਾਸਕ ਕਾਰਜ ਕੀਤਾ ਹੈ। ਆਪ ਜੀ ਦੀ ਰਮਾਇਣ ਦੇ ਕੁਝ ਅੰਸ਼ ਪ੍ਰੋ . ਗੁਰਨਾਮ ਸਿੰਘ ਜੀ ਦੀ ਲਿਖਤ ਭਾਰਤੀ ਲੋਕ ਨੀਚ ਕਿਵੇਂ ਬਣੇ? ਵਿੱਚੋਂ ਨੂੰ ਪੜ੍ਹਿਆ ਜਾ ਸਕਦਾ ਹੈ ।

ਭਗਵਾਨ ਵਾਲਮੀਕਿ ਜੀ ਨੇ ਯੋਗ ਵਸ਼ਿਸ਼ਟ ਦੀ ਰਚਨਾ ਕਰਕੇ ਮਾਨਵ ਜਾਤੀ ਉੱਪਰ ਬਹੁਤ ਵੱਡਾ ਪਰਉਪਕਾਰ ਕੀਤਾ ਹੈ। ਆਪ ਜੀ ਨੇ ਇਸ ਦੀ ਰਚਨਾ ਕਰਕੇ ਸੰਸਾਰ ਦੇ ਸਾਰੇ ਵਿਅਕਤੀਆ ਨੂੰ ਉਹਨਾਂ ਦੇ ਕਰਤੱਵ ਅਤੇ ਅਧਿਕਾਰਾਂ ਦੀ ਯਾਦ ਦਿਵਾਈ ਹੈ। ਯੋਗ ਵਸ਼ਿਸ਼ਟ ਰਚਨਾ ਵਿੱਚ ਆਪ ਜੀ ਨੇ ਮਾਨਵ ਜਾਤੀ ਨੂੰ ਸੇਧ ਦਿੱਤੀ ਹੈ ਅਤੇ ਜਿਵੇਂ ਪਿਤਾ ਦੇ ਕਰਤੱਵ, ਪੁਤਰ ਦੇ ਕਰਤੱਵ, ਮਾਤਾ ਦੇ ਕਰਤੱਵ, ਪਤਨੀ ਦੇ ਕਰਤੱਵ, ਪੁੱਤੀ ਦੇ ਕਰਤੱਵ, ਗੁਰੂ ਦੇ ਕਰਤੱਵ, ਸ਼ਿਸ਼ ਦੇ ਕਰਤੱਵ, ਰਾਜਾ ਦੇ ਕਰਤੱਵ, ਪਰਜਾ ਦੇ ਕਰਤੱਵ, ਪੁਰਸ਼ਾ ਦੇ ਕਰਤੱਵ, ਔਰਤਾਂ ਦੇ ਕਰਤੱਵ ਆਦਿ ਨੂੰ ਸੰਖੇਪ ਵਿੱਚ ਸਰਲ ਤਰੀਕੇ ਨਾਲ ਸਮਝਾ ਕੇ ਮਾਨਵ ਜੀਵਨ ਨੂੰ ਬਹੁਤ ਹੀ ਉੱਚ ਕੋਟੀ ਦਾ ਬਣਾਉਣ ਦਾ ਅਤੇ ਜੀਵਨ ਦਾ ਮਿਆਰ, ਇਖਲਾਕ ਆਪਣਾ ਕਿਰਦਾਰ ਉੱਚਾ ਸੁੱਚਾ ਚੁੱਕਣ ਦਾ ਪਾਵਨ ਸੰਦੇਸ਼ ਦਿੱਤਾ ਹੈ। ਆਪ ਜੀ ਦੁਆਰਾ ਰਚਿਤ ਕੀਤੀ ਗਈ ਯੋਗ ਵਸ਼ਿਸ਼ਟ ਇੱਕ ਅਦਭੁੱਤ ਗਿਆਨ ਦਾ ਸਾਗਰ ਹੈ। ਇਹ ਆਤਮਾ ਤੋਂ ਪ੍ਰਮਾਤਮਾ ਤੱਕ ਜਾਣ ਦਾ ਮਾਰਗ ,ਪਰਮ ਆਨੰਦ, ਰੂਹ ਦੀ ਤ੍ਰਿਪਤੀ, ਅਤੇ ਸੰਪੂਰਨ ਨਿਰਵਾਣ ਦੀ ਪ੍ਰਾਪਤੀ ਦਾ ਸੰਦੇਸ਼ 32000 ਸਲੋਕਾਂ ਵਿੱਚ ਪੇਸ਼ ਕੀਤਾ ਹੈ।[4]

ਭਗਵਾਨ ਵਾਲਮੀਕਿ ਜੀ ਵਿਸ਼ਵ ਦੇ ਆਦਿ ਕਵੀ ਸਨ ਜਿਨ੍ਹਾਂ ਨੇ ਆਪਣੀ ਮੇਹਨਤ, ਲਗਨ ਅਤੇ ਤੱਪ ਤਪੱਸਿਆ ਨਾਲ ਭਾਰਤੀ ਸਮਾਜ ਨੂੰ ਚੰਗੀ ਸੇਧ ਅਤੇ ਚੰਗੀ ਜੀਵਨ ਸ਼ੈਲੀ ਪ੍ਰਦਾਨ ਕੀਤੀ। ਆਪ ਜੀ ਦੇ ਗਿਆਨ ਭਰਪੂਰ ਵਿਚਾਰਾਂ ਨੂੰ ਪੂਰੀ ਦੁਨੀਆ ਦੇ ਲੋਕ ਆਪਣੇ ਜੀਵਨ ਵਿੱਚ ਢਾਲ ਕੇ ਖੁਸ਼ਹਾਲ ਤੇ ਤਰੱਕੀ ਦੀ ਰਾਹ ਉੱਪਰ ਅੱਗੇ ਵਧ ਰਹੇ ਹਨ। ਵਿਸ਼ਵ ਦੇ ਚਾਨਣ ਮੁਨਾਰੇ ਬਣ ਕੇ ਭਗਵਾਨ ਵਾਲਮੀਕਿ ਜੀ ਸਾਰੀ ਦੁਨੀਆ ਨੂੰ ਰੋਸ਼ਨ ਕਰ ਰਹੇ ਹਨ।

## ਸਤਿਗੁਰੂ ਰਵਿਦਾਸ ਜੀ ਮਹਾਰਾਜ

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜਨਮ 1377 ਈ. ਨੂੰ ਮਾਘ ਦੀ ਪੂਰਨਿਮਾ (1433 ਸੰਮਤ)ਨੂੰ ਸਤਿਕਾਰਯੋਗ ਮਾਤਾ ਕਲਸਾ ਜੀ ਦੀ ਕੁੱਖੋ ਸੌਤਿਕਾਰਯੋਗ ਪਿਤਾ ਸੰਤੋਖ ਦਾਸ ਜੀ ਦੇ ਘਰ ਸੀਰ ਗੋਵਰਧਨਪੁਰ ਵਰਾਨਸੀ ਵਿਖੇ ਹੋਇਆ। ਆਪ ਜੀ ਦੇ ਜਨਮ ਸਮੇਂ ਭਾਰਤੀ ਮੂਲਨਿਵਾਸੀ ਸਮਾਜ ਦੇ ਲੋਕ ਬ੍ਰਾਹਮਣਵਾਦ ਦੇ ਪੂਰੀ ਤਰ੍ਹਾਂ ਗੁਲਾਮ ਸਨ। ਆਪਣੇ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਦੀ ਕੋਈ ਜੱਦੋ ਜਹਿਦ ਨਹੀਂ ਸਨ ਕਰ ਰਹੇ। ਸਤਿਗੁਰੂ ਰਵਿਦਾਸ ਜੀ ਨੇ ਗੁਲਾਮ ਹੋਈ ਮੂਲਨਿਵਾਸੀ ਲੋਕਾਈ ਲਈ ਇੱਕ ਕ੍ਰਾਂਤੀਕਾਰੀ ਲਹਿਰ ਖੜੀ ਕੀਤੀ। ਜਿਸ ਤੋਂ ਭਾਰਤ ਵਿੱਚ ਬਹੁ-ਗਿਣਤੀ ਸਮਾਜ ਦੇ ਲੋਕ ਪ੍ਰਭਾਵਿਤ ਹੋਏ। ਬ੍ਰਾਹਮਣਵਾਦ ਦਾ ਜਿਸ ਤਰ੍ਹਾਂ ਵਿਚਾਰਧਾਰਕ ਵਿਰੋਧ ਸਤਿਗੁਰੂ ਰਵਿਦਾਸ ਜੀ ਨੇ ਕੀਤਾ ਉਸ ਦੀ ਕੋਈ ਮਿਸਾਲ ਨਹੀਂ ਮਿਲਦੀ

ਸਤਿਗੁਰੂ ਰਵਿਦਾਸ ਜੀ ਨੇ ਪ੍ਰੇਮ ਪਿਆਰ ਭਾਈਚਾਰੇ ਦਾ ਸ਼ੰਦੇਸ਼ ਸਾਰੀ ਮਾਨਵਤਾ ਨੂੰ ਦਿੱਤਾ ਪਰ ਮਾਨਵ ਵਿਰੋਧੀ ਵਿਚਾਰਧਾਰਾ ਨੂੰ ਖਤਮ ਕਰਨ ਲਈ ਸੰਘਰਸ਼ ਦਾ ਰਾਹ ਦਿਖਾ ਕੇ

ਭਾਰਤ ਦੇ ਨਿਵਾਸੀ ਲੋਕਾਂ ਨੂੰ ਭਾਰਤ ਦੇ ਆਦਿ ਸਮੇਂ ਦੇ ਰਾਜਿਆ ਨੂੰ ਆਪਣਾ ਖੋਇਆ ਹੋਇਆ ਰਾਜ ਭਾਗ ਵਾਪਿਸ ਲੈਣ ਲਈ ਪ੍ਰੇਰਿਤ ਕੀਤਾ। ਸਤਿਗੁਰੂ ਰਵਿਦਾਸ ਜੀ ਨੇ ਮੂਲ ਨਿਵਾਸੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਜਨ ਜਾਗ੍ਰਿਤੀ ਦਾ ਹੋਕਾਂ ਦਿੱਤਾ। ਅਗਿਆਨ ਸਮਾਜ ਨੂੰ ਗਿਆਨਵਾਨ ਬਣਾਉਂਣ ਲਈ ਵਿੱਦਿਆ ਪ੍ਰਾਪਤੀ ਤੇ ਜੋਰ ਦਿੱਤਾ। ਆਪ ਜੀ ਨੇ ਸਾਰੇ ਮਾਨਵ ਵਿਰੋਧੀ ਲੋਕਾਂ ਨੂੰ ਮਾਨਵਤਾ ਦਾ ਪਾਠ ਪੜਾਇਆ ਅਤੇ ਆਪਸੀ ਭਾਈਚਾਰੇ ਦਾ ਗਿਆਨ ਵੰਡਿਆ। ਆਪ ਜੀ ਸਾਰੀ ਜਿੰਦਗੀ ਸੰਘਰਸ਼ ਕੀਤਾ ਅਤੇ ਮਾਨਵ ਜੀਵਨ ਨੂੰ ਸੇਧ ਦਿੰਦੀ ਬਾਣੀ ਦੀ ਰਚਨਾ ਕੀਤੀ ਜਿਸ ਦਾ ਉਦੇਸ਼ ਪੂਰੇ ਵਿਸ਼ਵ ਨੂੰ ਇੱਕ ਸਮਾਨ ਸਾਚੇਂ ਵਿੱਚ ਢਾਲਣਾ ਸੀ।

ਇਤਿਹਾਸ ਵਿੱਚ ਖਾਸ ਜ਼ਿਕਰ ਮਿਲਦਾ ਹੈ ਕਿ ਆਪ ਜੀ ਦੇ 52 ਰਾਜੇ ਰਾਣੀਆ ਸੇਵਕ[5] ਬਣੇ ਅਤੇ ਸੇਵਕ ਬਨਣ ਉਪਰੰਤ ਪੂਰੀ ਦੂਨੀਆ ਵਿੱਚ 'ਬੇਗਮਪੁਰਾ ਸ਼ਹਿਰ' ਦੇ ਸੰਕਲਪ ਦੇ ਪ੍ਰਚਾਰ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਆਪ ਜੀ ਬ੍ਰਾਹਮਣਵਾਦ ਦੀ ਬਣਾਈ ਵਰਣ ਜਾਤ ਦਾ ਖੰਡਨ ਕੀਤਾ ਜਿਸ ਕਰਕੇ ਆਪ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਾਰੇ ਵਰਣਾ ਦੇ ਲੋਕੀ ਆਪ ਜੀ ਦੀ ਸ਼ਰਨ ਆਏ ਅਤੇ ਆਪਣਾ ਜੀਵਨ ਸਫ਼ਲ ਕੀਤਾ।

ਆਪ ਜੀ ਨੇ ਵਿਸ਼ਵ ਦੇ ਕਲਿਆਣ ਲਈ ਸੰਸਾਰ ਦੀਆਂ ਉਦਾਸੀਆਂ ਕੀਤੀਆ ਪਹਿਲੀ ਉਦਾਸੀ[6] ਵਿੱਚ ਆਪ ਜੀ ਨੇ (1) ਰਾਣੀਪੁਰ,ਮਾਲਵੀ,ਮਾਧੋਪੁਰ,ਭਗਤਪੁਰਾ,ਨਰਾਇਣਗੰਜ, ਕਲਪੀ ਅਤੇ ਨਾਗਪੁਰ। (2) ਬਰਹਾਨਪੁਰ, ਬਾਣੀਪੁਰ ਅਤੇ ਭੂਪਾਲ (3) ਚੰਦੇਹੀ ,ਝਾਂਸੀ,ਟੋਜ,ਬੂੰਦੀ ਅਤੇ ਉਦੈਪੁਰ। (4) ਜੋਧਪੁਰ ,ਅਜਮੇਰ ਅਤੇ ਬੰਬਈ। (5) ਅਮਰਕੋਟ ,ਹੈਦਰਾਬਾਦ,ਕਾਠੀਆਵਾੜ ਅਤੇ ਫਿਰ ਬੰਬਈ। (6) ਬੰਬਈ ਤੋਂ ਕਰਾਚੀ,ਜੈਸਲਮੇਰ,ਜੋਧਪੁਰ ਅਤੇ ਬਹਾਵਲਪੁਰ। (7) ਕਾਲਾਬਾਗੋ ਲਾਹ, ਦਰਾ ,ਖੈਬਰ ਅਤੇ ਜਲਾਲਾਬਾਦ। (8) ਜਲਾਲਾਬਾਦ ਤੋਂ ਕਾਫਰਸਤਾਨ ਤੋਂ ਬਾਹਰ ।ਇਥੋ ਸ਼੍ਰੀ ਨਗਰ। (9) ਸ਼੍ਰੀ ਨਗਰ ਤੋਂ ਡਲਹੋਜ਼ੀ। (10) ਡਲਹੋਜੀ ਤੋਂ ਗੁਰਖਪੁਰ (ਨਾਥਾਂ ਨਾਲ ਵਾਰਤਾਲਾਪ ਹੋਇਆ) ਗੋਰਖਪੁਰ ਤੋਂ ਕਾਂਸੀ ।

ਦੂਸਰੀ ਉਦਾਸੀ(ਯਾਤਰਾ)[7]:- ਕਾਸ਼ੀਪੁਰ ਤੋਂ ਗੋਰਖਪੁਰ ,ਫਿਰ ਇਥੋ ਪ੍ਰਤਾਪਗੜ੍ਹ,ਸ਼ਾਹਜਾਨਪੁਰ ਅਤੇ ਫਿਰ ਇਸਦੇ ਬਾਅਦ ਉਹ ਹਿਮਾਲਿਆ ਪਰਬਤ ਤੇ ਚੜ੍ਹ ਗਏ। ਆਪ ਜੀ ਦੀਆ ਵਿਚਾਰ ਗੋਸ਼ਟੀਆ ਦਾ ਜਿਕਰ ਵੀ ਮਿਲਦਾ ਹੈ।ਜਿਵੇਂ (1) ਸਤਿਗੁਰੂ ਕਬੀਰ ਜੀ ਨਾਲ ਲਗਾਤਾਰ (2) ਸਤਿਗੁਰੂ ਨਾਨਕ ਦੇਵ ਜੀ ਨਾਲ ਹੋਈ ਜਿਸ ਸਮੇਂ ਸੱਚਾ ਸੋਧਾ ਹੋਇਆ ਸੀ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਨਾਨਕ ਦੇਵ ਜੀ ਦੀਆ ਤਿੰਨ ਮੁਲਾਕਾਤਾ ਦਾ ਜ਼ਿਕਰ ਮਿਲਦਾ ਹਇਤਹਾਸ ਵਿੱਚੈ (3) ਸੰਤ ਰਾਮਾਨੰਦ ਜੀ ਨਾਲ (4) ਸਿਕੰਦਰ ਲੋਧੀ ਨਾਲ ਹੋਈ ਆਪ ਜੀ ਤੋਂ ਸਿਕੰਧਰ ਲੋਧੀ ਵੀ ਪ੍ਰਭਾਵਿਤ ਹੋਇਆ ਸੀ ਉਹ ਸਤਿਗੁਰੂ ਰਵਿਦਾਸ ਜੀ ਦਾ ਬਹੁਤ ਸਤਿਕਾਰ ਕਰਦਾ ਸੀ ।

ਸਤਿਗੁਰੂ ਰਵਿਦਾਸ ਜੀ ਨੇ ਭਾਰਤ ਵਿੱਚ ਕਈ ਸਦੀਆ ਤੋਂ ਦਬਾਏ ਗਏ ਲੋਕਾ ਨੂੰ ਮਾਣ ਸਨਮਾਣ ਦਿਵਾਉਣ ਲਈ ਭਾਰਤੀ ਸਮਾਜ ਵਿੱਚੋ ਬੁਰਾਈਆ ਦੂਰ ਕਰਨ ਲਈ ਆਪ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਜੋ ਸਾਰੀ ਮਾਨਵ ਜਾਤੀ ਨੂੰ ਏਕਤਾ ,ਭਾਈਚਾਰੇ ਅਤੇ ਬਰਾਬਰੀ ਦੇ ਸੰਕਲਪ ਵਿੱਚ ਪਰੋਦੀ ਹੈ।

# ਸਤਿਗੁਰੂ ਕਬੀਰ ਜੀ ਮਹਾਰਾਜ

ਮੂਲ ਨਿਵਾਸੀ ਸਮਾਜ ਵਿਚ ਜਨਮੇ ਸਤਿਗੁਰੂ ਕ੍ਰਾਂਤੀਕਾਰੀ ਕਬੀਰ ਜੀ ਦਬਾਈ ਗਈ ਲੋਕਾਈ ਲਈ ਨਵੀਂ ਚੇਤਨਾ, ਨਵੀਂ ਊਰਜਾ ਦਾ ਨਾਮ ਹੈ। ਉਹਨਾਂ ਦੀ ਬਾਣੀ ਉਹਨਾਂ ਦਾ ਜੀਵਨ ਇਸ ਸੰਸਾਰ ਨੂੰ ਸੱਚ ਦੀ ਰਾਹ ਉੱਪਰ ਲਿਜਾਉਣ ਅਤੇ ਮਾਨਵਤਾ ਵਾਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਸੇਧਤ ਕਰਦਾ ਹੈ।ਮਾਨਵ ਜੀਵਨ ਨੂੰ ਨਵੇਂ ਅਰਥਾਂ ਨਾਲ ਜ਼ਿੰਦਗੀ ਦੀ ਸਮਝ ਪੈਦਾ ਕਰਨ ਲਈ ਵਹਿਮਾ ਭਰਮਾਂ ਤੋਂ ਉੱਪਰ ਉੱਠ ਕੇ ਜਿਉਂਦੇ ਜੀਅ ਇਸੇ ਜਨਮ ਵਿਚ ਹੀ ਮੁਕਤ ਹੋ ਜਾਣ ਦਾ ਸੰਦੇਸ਼, ਅਤੇ ਕਰਮ ਕਾਂਡੀ ਅਤੇ ਵੱਖ ਵਾਦੀ ਸੋਚਾਂ ਦਾ ਖੰਡਨ ਕਰਕੇ ਮਾਨਵ ਨੂੰ ਆਪਣੇ ਵਿਕਾਸ ਦਾ ਸੰਕਲਪ ਦਿੰਦਾ ਹੈ। ਆਪ ਜੀ ਦਾ ਜੀਵਨ ਅਤੇ ਸਿਖਿਆਵਾਂ ਦਾ ਸਮਾਜ ਵਿਚ ਖਾਸ ਮਹੱਤਵਪੂਰਨ ਯੋਗਦਾਨ ਹੈ।ਸਤਿਗੁਰੂ ਕਬੀਰ ਜੀ ਆਪਣੇ ਸਮੇਂ ਦੇ ਮਹਾਨ ਕ੍ਰਾਂਤੀਕਾਰੀ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ।ਸਤਿਗੁਰੂ ਕਬੀਰ ਜੀ ਨੇ ਜੋ ਗੈਰ ਬਰਾਬਰੀ ਵਾਲੀ ਵਿਵਸਥਾ ਉੱਪਰ ਕਰਾਰੀ ਚੋਟ ਕੀਤੀ।ਸਮੁੱਚੀ ਮਾਨਵਤਾ ਦੇ ਭਲੇ ਲਈ ਬ੍ਰਾਹਮਣਵਾਦ ਦੇ ਗੜ੍ਹ ਵਿਚ ਜੋ ਲਲਕਾਰ ਖੜ ਕੇ ਮਾਰੀ ਉਸਦੀ ਇਤਿਹਾਸ ਵਿਚ ਦੂਸਰੀ ਮਿਸਾਲ ਨਹੀਂ ਮਿਲਦੀ। ਸਤਿਗੁਰੂ ਕਬੀਰ ਜੀ ਭਾਰਤੀ ਮੂਲ ਨਿਵਾਸੀ ਸਮਾਜ ਦੇ ਆਪਣੇ ਸਮੇਂ ਅਤੇ ਬਾਅਦ ਦੇ ਮਹਾਨ ਕ੍ਰਾਂਤੀਕਾਰੀ, ਮਾਰਗ ਦਰਸ਼ਕ ਲੋਕਾਂ ਦੇ ਪਿਆਰੇ ਰਹਿਬਰ ਸਾਬਤ ਹੋਏ। ਆਪਣੀ ਤਰਕਸ਼ੀਲ, ਵਿਗਿਆਨਕ ਅਧਾਰ ਬਾਣੀ ਦੀ ਸਿਰਹਣਾ ਕਰਕੇ ਹਜ਼ਾਰਾਂ ਸਾਲਾਂ ਤੋਂ ਗੁਲਾਮ ਸਮਾਜ ਨੂੰ ਆਜ਼ਾਦੀ ਦੀ ਰਾਹ ਉੱਪਰ ਚੱਲਣ ਦੀ ਪ੍ਰੇਰਣਾ ਦਿੱਤੀ।ਉਹਨਾਂ ਦੀ ਬਾਣੀ ਮੂਰਤੀ ਪੂਜਾ,ਅੰਧ-ਵਿਸ਼ਵਾਸ ਵਹਿਮਾ ਭਰਮਾਂ ਆਦਿ ਦਾ ਖੰਡਨ ਕਰਦੀ ਹੈ।

ਸਤਿਗੁਰੂ ਕਬੀਰ ਜੀ ਦਾ ਜਨਮ ਕਾਸ਼ੀ ਬਨਾਰਸ ਦੀ ਧਰਤੀ ਤੇ 1398 ਵਿਚ ਹੋਇਆ ਜਿਥੇ ਬ੍ਰਾਹਮਣਵਾਦੀ ਵਿਵਸਥਾ ਦਾ ਮੁੱਖ ਧੁਰਾ ਸੀ। ਸਦੀਆਂ ਤੋਂ ਬ੍ਰਾਹਮਣਵਾਦ ਦਾ ਗੜ੍ਹ ਰਿਹਾ ਕਾਸ਼ੀ ਬਨਾਰਸ ਸਤਿਗੁਰੂ ਕਬੀਰ ਜੀ ਦੀ ਜਨਮ ਭੂਮੀ ਅਤੇ ਸੰਘਰਸ਼ ਭੂਮੀ ਰਿਹਾ। ਆਪ ਜੀ ਦੇ ਪਿਤਾ ਜੀ ਦਾ ਨਾਮ ਸਤਿਕਾਰ ਯੋਗ ਨੀਰੂ ਅਤੇ ਮਾਤਾ ਜੀ ਦਾ ਨਾਮ ਸਤਿਕਾਰ ਯੋਗ ਮਾਤਾ ਨੀਮਾ ਜੀ ਸੀ। ਆਪ ਜੀ ਜਾਤ ਦੇ ਜੁਲਾਹਾ ਸਨ ਅਤੇ ਪਿਤਾ ਪੁਰਖੀ ਕੰਮ ਕੱਪੜਾ ਬੁਨਣ ਦਾ ਕੰਮ ਕਰਦੇ ਸੀ। ਆਪ ਜੀ ਦੀ ਜਾਤ ਜੁਲਾਹਾ ਸੀ ਆਪ ਜੀ ਨੇ ਆਪਣੀ ਜਾਤੀ ਨੂੰ ਬਾਣੀ ਵਿਚ ਜੁਲਾਹਾ ਅਤੇ ਕੋਰੀ ਵਜੋਂ ਦਰਜ ਕੀਤਾ ਹੈ ਜਿਵੇਂ :-

ਜਤਿ ਜੁਲਾਹਾ ਨਾਮ ਕਬੀਰਾ
ਬਨਿ ਬਨਿ ਫਿਰੈ ਉਦਾਸੀ

( ਕਬੀਰ ਗ੍ਰੰਥਾਂ ਵਾਲੀ ਪਦ 270 )

ਪਰਿਹਰਿ ਕਾਮ ਰਾਮ ਕਹਿ ਬੋਰੇ ਸੁਨ ਸਿਖ ਬੰਧੂ ਮੌਰੀ
ਹਰਿ ਕੋ ਨਾਵ ਅਭੈ ਪਟਦਾਤਾ ਕਹੈ ਕਬੀਰ ਕੋਰੀ

( ਕਬੀਰ ਗ੍ਰੰਥਾਂ ਵਲੀ ਪਦ 346 )

ਪ੍ਰਸਿੱਧ ਵਿਦਵਾਨ ਕੁੰਦਨ ਬੱਧਣ (ਬੁਧਿਸਟ) ਜੀ[8] ਨੇ ਆਪਣੀ ਲੰਬੀ ਖੋਜ ਤੋਂ ਬਾਅਦ ਕੋਰੀ ਅਤੇ ਜੁਲਾਹਾ ਜਾਤ ਦਾ ਸਿੱਧਾ ਸੰਬੰਧ ਚਮਾਰ ਜਾਤ ਨਾਲ ਦੱਸਿਆ ਹੈ। ਉਹ ਆਪਣੀ ਖੋਜ ਕਬੀਰ ਜਾਤ ਵਿਚ ਲਿਖਦੇ ਹਨ ਕਿ "ਸਤਿਗੁਰ ਕਬੀਰ ਜੀ ਦੇ ਪਿਤਾ ਸਤਿਕਾਰਯੋਗ ਨੀਰੂ ਜੀ ਅਛੂਤ ਚਮਾਰ ਜਾਤੀ ਦੇ ਸਨ" ਭਾਵ ਜੁਲਾਹੇ ਤੇ ਕੋਰੀ ਮੂਲ ਰੂਪ ਵਿਚ ਚਮਾਰ ਹਨ ਸਤਿਗੁਰੂ

ਕਬੀਰ ਜੀ ਦੀ ਮਾਨਵਵਾਦੀ ਵਿਚਾਰਧਾਰਾ ਕਾਸ਼ੀ ਬਨਾਰਸ ਦੀ ਧਰਤੀ ਉੱਪਰੋ ਹੀ ਸ਼ੁਰੂ ਹੋਈ ਜਿਥੋਂ ਸਤਿਗੁਰੂ ਰਵਿਦਾਸ ਜੀ ਨੇ 1377 ਵਿੱਚ ਜਨਮ ਲੈ ਕੇ ਕ੍ਰਾਂਤੀ ਦਾ ਬਿਗਲ ਵਜਾਇਆ ਮਾਨਵਤਾ ਦੇ ਭਲੇ ਲਈ ਬੇਗਮਪੁਰਾ ਸ਼ਹਿਰ ਦਾ ਸੰਕਲਪ ਪੇਸ਼ ਕੀਤਾ। ਦੋਨੋ ਮਹਾਂਪੁਰਸ਼ ਹਮਸਹਰੀ ਹੋਣ ਕਰਕੇ ਆਪਸੀ ਮੇਲ-ਮਿਲਾਪ ਵਿਚ ਰਹੇ। ਜਿਸ ਦੀ ਪੁਸ਼ਟੀ ਸਤਿਗੁਰੂ ਕਬੀਰ ਹੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ।

ਕਬੀਰ ਮੈ ਤੋਂ ਆਇਆ ਮਾਂ ਕੀ ਗੋਦ ਮੇ
ਮੈ ਕਿਆ ਜਾਨੁ ਮਾਰਗ ਕਿਆ ਹੋਇ॥
ਰਾਹ ਪੂਛੋ ਰਵਿਦਾਸ ਸੇ ਜਿਨ ਗਠੜੀ ਲੱਦੀ ਢੋਈ[9]

(ਕਬੀਰ ਸਾਥੀ ਸੰਗ੍ਰਿਹਿ)

ਸਤਿਗੁਰੂ ਕਬੀਰ ਜੀ ਦੀਆਂ ਮਾਨਵਵਾਦੀ ਸਿੱਖਿਆਵਾਂ ਜੋ ਅੱਜ ਵੀ ਭਾਰਤੀ ਮੂਲ ਨਿਵਾਸੀ ਸਮਾਜ ਦਾ ਦਰਸ਼ਨ ਕਰ ਰਹੀਆ ਹਨ ਜਿਵੇਂ ਆਪਣੀ ਬਾਣੀ ਵਿੱਚ ਬਰਾਬਰੀ ਦਾ ਸੰਕਲਪ ਪੇਸ਼ ਕੀਤਾ। ਮਾਨਵ ਨੂੰ ਇਕ ਬਰਾਬਰੀ ਦਾ ਸੰਦੇਸ਼ ਦਿੰਦੀ ਹੈ -

ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥
ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕਉ ਮੰਦੇ॥1॥[10]

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:1349

ਜੌ ਤੂੰ ਬ੍ਰਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥12॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕੁਤ ਦੂਧ ॥3॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:324

ਜੋਗੀ ਗੋਰਖ ਗੋਰਖ ਕਰੈ, ਹਿੰਦੂ ਰਾਮ ਨਾਮ ਉਚਾਰੈ
ਮੁਸਲਮਾਨ ਕਾ ਏਕੁ ਖੁਦਾਇ ਕਬੀਰ ਕਾ ਸੁਆਮੀ ਰਹਿਆ ਸਮਾਇ ॥4॥3॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ1159

ਭੂਖੇ ਭਗਤਿ ਨਾ ਕੀਜੈ ॥ਯਹ ਮਾਲਾ ਅਪਨੀ ਲੀਜੇ॥
ਹਉ ਮਾਂਗਉ ਸੰਤਨ ਕੀ ਰੇਨਾ ਮੈ ਨਾਹੀ ਕਿਸੀ ਕਾ ਦੇਨਾ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:959

ਮਾਥੈ ਤਿਲਕੁ ਹਥਿ ਮਾਲਾ ਬਾਨਾ ਲੋਗਨ ਰਾਮੁ ਖਿਲਾਉਨਾ ਜਾਨਾ
ਜਊ ਹਉ ਬਉਰਾ ਤਊ ਰਾਮ ਤੋਂਰਾ ਲੋਗ ਮਰਮੁ ਕਹੁ ਜਾਨੈ ਮੋਰਾ॥ਰਹਾਓ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:1158

ਕਹੁ ਕਬੀਰ ਜੋ ਬ੍ਰਹਮੁ ਬੀਚਾਰੇ॥
ਸੋ ਬ੍ਰਾਹਮਣੁ ਕਹੀਅਤ ਹੈ ਹਮਾਰੈ॥4॥3॥[1]

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:324

ਗਜ ਸਾਢੇ ਤੈ ਤੇ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾਂ ਜਪ ਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕ ਸੰਤ ਨਾ ਆਖਅਹਿ ਬਨਾਰਿਸ  ਕੇ ਠਗ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:476

ਸੂਰਾ ਕੋ ਪਹਿਚਾਨੀਐ ਜੁ ਲਰੈ ਦੀਨੁ ਕੇ ਹੇਤੁ
ਪੁਰਜਾ ਪੁਰਜਾ ਕਟਿ ਮਹੈ ਕਬਹੂ ਨਾ ਛਾਡ ਖੇਤ॥2॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:1105

ਅਲਹੁ ਏਕੁ ਮਸੀਤ ਬਮਤੁ ਹੈ ਅਵਰੁ ਮੁਲਖੁ ਕਿਸ ਕੇਰਾ
ਹਿੰਦੂ ਮੂਰਤਿ ਨਾਮ ਨਿਵਾਸੀ ਦੁਹਿ ਮਹਿਤਤੁ ਨਾ ਹੇਰਾ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:1349

ਕਬੀਰ ਮੇਰੀ ਜਾਤ ਕਉ ਸਭੁ ਕੋ ਹਸਨੇ ਹਾਰ
ਬਲਿਹਾਰੀ ਇਸ ਜਾਤਿ ਕਉ ਜਿਹ ਜਾਪਿਓ ਸਿਰਜਨਹਾਰ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:1364

ਮਨਹੁ ਕਠੋਰ ਮਰੈ ਬਾਨਾਰਸਿ ਨਰਕੁ ਨ ਬਾਚਿਆ ਜਾਈ
ਕਰਿ ਕਾ ਸੰਤ ਮਰੈ ਹਾਬੰੜੇ ਤਾ ਸਗਲੀ ਸੈਨ ਤਰ੍ਹਾਈ ਤਮ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰ:484

ਸਤਿਗੁਰੂ ਕਬੀਰ ਜੀ ਦੇ ਮਾਨਵਤਾ ਦੇ ਹਿੱਤ ਵਿਚ ਉਚਾਰੀ ਬਾਣੀ ਅੱਜ ਸਮਾਜ ਦਾ ਦਰਸ਼ਣ ਕਰਦੀ ਹੈ। ਅਜੋਕੇ ਸਮੇਂ ਵਿਚ ਸਤਿਗੁਰੂ ਕਬੀਰ ਜੀ ਦੀਆਂ ਸਿਖਿਆਵਾਂ ਉੱਪਰ ਮੂਲ ਨਿਵਾਸੀ ਸਮਾਜ ਦੇ ਲੋਕੀ ਅਮਲ ਕਰਦੇ ਹਨ ਉਹਨਾਂ ਦੀ ਬਾਣੀ ਨੂੰ ਜਿੰਦਗੀ ਵਿੱਚ ਅਪਣਾ ਕੇ ਜੀਵਨ ਸਫਲ ਕਰਨਾ ਅਤੇ ਆਪਣੀ ਮੁਕਤੀ ਦੀ ਤਲਾਸ਼ ਕਰਨੀ । ਸਤਿਗੁਰੂ ਕਬੀਰ ਜੀ ਮਹਾਰਾਜ ਜੀ ਦਾ ਉਦੇਸ਼ ਸਮਾਨਤਾ ਤੇ ਭਾਈਚਾਰੇ ਦੇ ਅਧਾਰ ਤੇ ਸਮਾਜ ਦੀ ਸਿਰਜਣਾ ਕਰਨਾ ਸੀ।

## ਕ੍ਰਾਂਤੀਕਾਰੀ ਸਤਿਗੁਰੂ ਨਾਮਦੇਵ ਜੀ

ਸਤਿਗੁਰੂ ਨਾਮਦੇਵ ਜੀ ਮਹਾਰਾਜ ਆਪਣੇ ਸਮੇਂ ਦੇ ਮਹਾਨ ਕ੍ਰਾਂਤੀਕਾਰੀ ਮਹਾਂਪੁਰਸ਼ ਹੋਏ। ਜਿਨਾਂ ਨੇ ਸਮਾਜ ਵਿੱਚ ਪ੍ਰਚਲਿਤ ਸਮਾਜਿਕ, ਧਾਰਮਿਕ ਬੁਰਾਈਆਂ ਨੂੰ ਖਤਮ ਕਰਨ ਲਈ ਆਪਣੀ ਜਿੰਦਗੀ ਭਾਰਤੀ ਮੂਲਨਿਵਾਸੀ ਸਮਾਜ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਲਗਾਤਾਰ ਸੰਘਰਸ਼ ਕਰਦਿਆਂ ਹਜਾਰਾਂ ਸਾਲ ਪੁਰਾਣੀ ਬ੍ਰਾਹਮਣਵਾਦੀ ਵਿਵਸਥਾ ਉਪਰ ਵਿਚਾਰਧਾਰਕ ਚੋਟ ਕੀਤੀ।ਸਤਿਗੁਰੂ ਨਾਮਦੇਵ ਜੀ ਮਹਾਰਾਜ ਦਾ ਜੀਵਨ ਅਛੂਤ ਸਮਾਜ ਨੂੰ ਜੋ ਬ੍ਰਾਹਮਣਵਾਦੀ ਵਿਵਸਥਾ ਤਹਿਤ ਸਦੀਆਂ ਤੋਂ ਅਪਮਾਨ ਨੂੰ ਸਹਿ ਰਿਹਾ ਸੀ। ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸਵੈਮਾਨ ਵਾਲਾ ਜੀਵਨ ਜਿਉਂਣ ਦੀ ਪ੍ਰੇਰਣਾ ਦੇ ਕੇ ਭਾਰਤੀ ਸਮਾਜ ਵਿੱਚ ਸਨਮਾਨ ਨਜਕ ਸਥਾਨ ਦਿਵਾਉਂਣਾ ਸੀ। ਸਤਿਗੁਰੂ ਨਾਮਦੇਵ ਜੀ ਮਹਾਰਾਜ ਦਾ ਜਨਮ ਭਾਰਤੀ ਮੂਲ ਨਿਵਾਸੀ ਸਮਾਜ ਵਿੱਚ ਹੋਇਆਂ। ਆਪ ਜੀ ਦੇ ਪਿਤਾ ਸਤਿਕਾਰਯੋਗ ਦਾਮਸੇਟ ਅਤੇ ਮਾਤਾ ਸਤਿਕਾਰਯੋਗ ਗੋਨਾ ਬਾਈ ਜੀ ਦੇ ਘਰ 1270ਈ. ਨੂੰ ਬਾਮਣੀ (ਸਤਾਰਾ) ਮਹਾਂਰਾਸ਼ਟਰ ਵਿੱਚ ਹੋਇਆ। ਮਹਾਂਰਾਸ਼ਟਰ ਦੀ ਧਰਤੀ ਜਿਥੋ ਆਪ ਜੀ ਨੇ ਸਮਾਜ ਵਿੱਚ ਪਰਿਵਰਤਨ ਲਿਅਉਂਣ ਲਈ ਸ਼ੰਘਰਸ਼ ਸ਼ੁਰੂ ਕੀਤਾ ਸੀ। ਆਪ ਜੀ ਦੇ ਪ੍ਰਚਾਰ ਦਾ ਖੇਤਰ ਸਾਰਾ ਉਤਰੀ ਭਾਰਤ ਰਿਹਾ ਸੀ। ਆਪ ਜੀ ਦੀ ਸਾਫ ਸੁਧਰੀ ਅਤੇ ਕ੍ਰਾਂਤੀਕਾਰੀ ਸ਼ਖ਼ਸੀਅਤ ਦਾ ਸਮਾਜ ਵਿੱਚ ਗਹਿਰਾ ਪ੍ਰਭਾਵ ਪਿਆ। ਸਮਾਜ ਵਿੱਚ ਲੋਕਾਂ ਦਾ ਸਹੀ ਸੇਧ ਅਤੇ ਸਹੀ ਦਿਸ਼ਾਂ

ਵਿੱਚ ਵਿਚਾਰਧਾਰਾਕ ਮਾਰਗ ਦਰਸ਼ਣ ਕੀਤਾ। ਆਪ ਜੀ ਦੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਕਬੀਰ ਜੀ ਮਹਾਰਾਜ ਵਰਗੇ ਕ੍ਰਾਂਤੀਕਾਰੀ ਮਹਾਂਪੁਰਸ਼ ਨਾਲ ਵਿਚਾਰਧਾਰਕ ਸਾਂਝ ਸੀ। ਆਪ ਜੀ ਦੀ ਬਾਣੀ ਵਿਵਸਥਾਂ ਦਾ ਸ਼ਿਕਾਰ ਹਜ਼ਾਰਾਂ ਸਾਲਾਂ ਤੋਂ ਲਤਾੜੇ ਗਏ ਸਮਾਜ ਲਈ ਪ੍ਰੇਰਣਾ ਰਹੀ ਹੈ ਕਿਉਂਕਿ ਆਪ ਜੀ ਦੀ ਬਾਣੀ ਹਰ ਪੱਖੋ ਕ੍ਰਾਂਤੀਕਾਰੀ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਕਰਦੀ ਹੈ।ਆਪ ਜੀ ਇੱਕ ਪ੍ਰਭੂ ਵਿੱਚ ਵਿਸ਼ਵਾਸ ਰੱਖਦੇ ਸਨ।ਸਾਰੇ ਜੀਵਾਂ ਦੀ ਰਚਨਾ ਦਾ ਅਧਾਰ ਇੱਕ ਪ੍ਰਭੂ ਨੂੰ ਹੀ ਮੰਨਿਆ ਹੈ ।ਆਪ ਜੀ ਬ੍ਰਹਮਣਵਾਦ ,ਦੇ ਪਾਖੰਡ ਦੇ ਕੱਟੜ ਵਿਰੋਧੀ ਸਨ । ਆਪ ਜੀ ਨੇ ਸਮਾਜ ਨੂੰ ਜਾਤ ਪਾਤ ਤੋ ਉਪਰ ਉਠ ਕੇ ਇੱਕ ਜੁਟ ਹੋ ਕੇ ਸ਼ੰਘਰਸ਼ ਕਰਨ ਦਾ ਸ਼ੰਦੇਸ਼ ਦਿੱਤਾ।ਵਹਿਮਾਂ ਭਰਮਾਂ ,ਉਚ ਨੀਚ ,ਜਾਤ ਪਾਤ ਆਦਿ ਦਾ ਖੰਡਨ ਕੀਤਾ ਵਿਸ਼ਵ ਨੂੰ ਮਾਨਵਤਾ ਦਾ ਪਾਠ ਪੜਾਇਆ ਅਤੇ ਫਰਮਾਇਆ ਕਿ 'ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥' ਆਪ ਜੀ ਦੀ ਵਿਚਾਰਧਾਰਾ ਦਾ ਸਾਰ ਹੈ ਕਿ :-

ਕਹਾ ਕਰਉ ਜਾਤੀ ਕਹਾ ਕਰਉ ਪਾਤੀ
ਰਾਮ ਕ ਨਾਮ ਜਪਉ ਦਿਨ ਰਾਤੀ॥ਰਹਾਉ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸ ਭੈਲਾ ॥
ਸੰਤਹ ਕੇ ਪਰਸਾਦਿ ਨਾਮਾ ਹਰਿ ਭੇਟੁਲਾ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਮਛਲੀ ਕਉ ਜੈਸੇ ਨੀਰ ਬਾਲਹਾ ਤਿਉ ਮੇਰੇ ਮਨਿ ਰਾਮਈਆ
ਢੂੰਢਤ ਡੋਲਹਿ ਅੰਧ ਗਤਿ ਅਰੁ ਚੀਤਨ ਨਾਹੀ ਸੰਤ॥
ਕਹਿ ਨਾਮਾ ਕਿਉਨ ਪਾਈਐ ਬਿਨੁ ਭਗਤਹੁ ਭਗਵੰਤ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਨਾਮਾ ਕਹੈ ਤਿਲੋਚਨਾ ਮੁੱਖ ਤੇ ਰਾਮੁ ਸੰਮਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤ ਨ ਛੂਟੇ ਮੋਹਿ॥
ਏਕ ਸਮੇ ਮੋ ਕਉ ਗ੍ਰਿਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਈ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਹਿੰਦੂ ਅੰਨ੍ਹਾ ਤੁਰਕੁ ਕਾਣਾ ॥ ਦੋਹਾਂ ਤੇ ਗਿਆਨੀ ਸਿਆਣਾ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਹਿੰਦੂ ਪੂਜੇ ਦੇਹਰਾ ਮੁਸਲਮਾਮ ਮਸੀਤਿ
ਨਾਮੇ ਸੋਈ ਸੇਵਿਆ ਜਹ ਦੇਹਰਾ ਨਾ ਮਸੀਤਿ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਆਪ ਜੀ ਨੇ ਇੱਕ ਪ੍ਰਭੂ ਨੂੰ ਜਿਸ ਦੀ ਸਾਜੀ ਹੋਈ ਸ੍ਰਿਸ਼ਟੀ ਹੈ। ਉਸ ਦਾ ਸਿਮਰਨ ਦੇ ਸਨ ਜੋ ਇਸ ਸੰਸਾਰ ਦੇ ਕਣ ਕਣ ਵਿੱਚ ਵਸਦਾ ਹੈ। ਆਪ ਜੀ ਦੀ ਬਾਣੀ ਕਹਿੰਦੀ ਹੈ ਕਿ ਜੋ ਮੰਦਰ ਅਤੇ ਮਸੀਤ ਵਿੱਚ ਨਹੀਂ ਹੈ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ। ਆਪ ਜੀ ਸ਼ੂਦਰ ਵਰਗ ਵਿੱਚੋਂ ਸਨ ਅਤੇ ਆਪ ਜੀ ਨੂੰ ਭਗਤੀ ਕਰਨ ਦਾ ਅਧਿਕਾਰ ਨਹੀਂ ਸੀ। ਆਪ ਜੀ ਨੇ ਭਾਰਤੀ ਮੂਲ ਨਿਵਾਸੀ ਸਮਾਜ ਨੂੰ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਤੋਂ ਪਹਿਲਾਂ ਧਾਰਮਿਕ ਅਧਿਕਾਰ ਦਿਵਾਉਣ ਲਈ ਸ਼ੰਘਰਸ਼ ਕੀਤਾ ਅਤੇ ਉਸ ਸਮੇਂ ਸਮਾਜ ਨੂੰ ਬਗਾਵਤ ਦਾ ਰਾਹ

ਦਿਖਾਉਣ ਲਈ ਪ੍ਰਭੂ ਦੀ ਬੰਦਗੀ ਅਤੇ ਆਪਣੇ ਅਧਿਕਾਰਾਂ ਦੀ ਪ੍ਰਪਤੀ ਲਈ ਬਿਗਲ ਵਜਾਇਆ ਸੀ। ਜਦੋਂ ਆਪਜੀ ਨੂੰ ਮੰਦਰ ਵਿੱਚ ਬਾਹਰ ਕੱਢਿਆ ਸੀ ਤਾਂ ਆਪ ਜੀ ਨੇ ਉਚਾਰਿਆ ਸੀ ਕਿ-

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਮਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥ਰਹਾਉ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਏਕੈ ਪੱਥਰ ਕੀਜੈ ਭਾਓ ।ਦੂਜੇ ਪਾਥਰ ਧਰੀਐ ਪਾਉ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਆਪ ਜੀ ਸੰਸਾਰ ਨੂੰ ਮਾਨਵੀ ਬਰਾਬਰੀ, ਭਾਈਚਾਰੇ , ਪ੍ਰਭੂ ਭਗਤੀ ਅਤੇ ਮਾਨਵੀ ਅਧਿਕਾਰਾਂ ਦੀ ਪ੍ਰਪਤੀ ਦਾ ਪਾਠ ਪੜਾਉਦੇ ਹੋਏ ਆਪਣੀ ਜੀਵਨ ਯਾਤਰਾ ਸੰਪੂਰਨ ਕਰਦਿਆ ਪਿੰਡ ਘੁਮਾਨ ਨੇੜੇਗੁਰਦਾਸ ਪੁਰ ਵਿਖੇ1350 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੀਆ ਸਿੱਖਿਆਵਾਂ ਅੱਜ ਵੀ ਬਹੁ ਗਿਣਤੀ ਸਮਾਜ ਦੇ ਭਲੇ ਦਾ ਮਾਰਗ ਦਿਖਾਉਂਦੀਆ ਹਨ।

# ਸੰਤ ਤੁੱਕਾ ਰਾਮ ਜੀ

ਭਾਰਤੀ ਸਮਾਜ ਵਿੱਚ ਅਨੇਕਾਂ ਸੰਤਾਂ ਮਹਾਂਪੁਰਸ਼ਾਂ ਦਾ ਜੀਵਨ ਸੰਘਰਸ਼, ਭਾਰਤ ਦੀ ਵਰਣਵਾਦੀ ਵਿਵਸਥਾ ਨੂੰ ਖਤਮ ਕਰਨ ਲਈ ਇੱਕ ਪ੍ਰੇਰਣਾ ਵਜੋ ਸਥਾਪਿਤ ਹੋਏ।ਭਾਰਤ ਦੇ ਮੂਲ ਨਿਵਾਸੀ ਲੋਕਾਂ ਨੂੰ ਸਦੀਆਂ ਤੋਂ ਗੁਲਾਮੀ ਦਾ ਬੋਝ ਚੁਕਣਾ ਪਿਆ ਹਜ਼ਾਰਾਂ ਸਾਲਾ ਤੋਂ ਸ਼ੂਦਰ, ਅਛੂਤ ਸਮਾਜ ਨੂੰ ਬ੍ਰਾਹਮਣਵਾਦੀ ਵਿਵਸਥਾ ਦਾ ਸ਼ਿਕਾਰ ਹੋਣਾ ਪਿਆ ।ਜਿਸ ਕਾਰਨ ਇਹਨਾਂ ਨੂੰ ਆਪਣੇ ਮਾਨਵੀ ਅਧਿਕਾਰਾਂ ਤੋਂ ਵੰਚਿਤ ਹੋਣਾ ਜਿਸ ਵਿੱਚ ਵਿਸੇਸ਼ ਕਰਕੇ ਪ੍ਰਮਾਤਮਾ ਦੀ ਭਗਤੀ ਦਾ ਅਧਿਕਾਰ ਵੀ ਨਹੀਂ ਸੀ।ਪ੍ਰਮਾਤਮਾ ਦੀ ਭਗਤੀ ਦਾ ਅਧਿਕਾਰ ਸ਼ੂਦਰ ਵਰਗ ਨੂੰ ਨਹੀਂ ਸੀ ਇਹ ਇੱਕ ਧਾਰਮਿਕ ਗੁਲਾਮੀ ਦਾ ਕਾਰਨ ਸੀ। ਭਾਰਤ ਵਿੱਚ ਮਹਾਨ ਕ੍ਰਾਂਤੀ ਕਾਰੀ ਸੰਤ ਤੁੱਕਾ ਰਾਮ ਜੀ ਨੇ ਆਜਿਹੀਆ ਸਾਰੀਆ ਕੁਰੀਤੀਆ ਨੂੰ ਖਤਮ ਕਰਨ ਲਈ ਸੰਘਰਸ਼ ਕੀਤਾ।ਮਾਨਸਿਕਤਾ ਵਿੱਚ ਪਰਿਵਰਤਨ ਦੀ ਸੋਚ ਨੂੰ ਉਲਾਰਿਆ।

ਸੰਤ ਤੁੱਕਾ ਰਾਮ ਜੀ ਭਗਤੀ ਲਹਿਰ ਦੇ ਮੋਢੀਆਂ ਵਿੱਚੋ ਇੱਕ ਸਨ।ਉਹਨਾਂ ਨੇ ਮਹਾਨ ਕ੍ਰਾਂਤੀਕਾਰੀ ਸਤਿਗੁਰੂ ਨਾਮਦੇਵ ਜੀ ਵਾਂਗ ਹੀ ਭਾਰਤ ਦੀ ਧਰਤੀ ਤੇ ਅਧਿਕਾਰ ਹੀਣ ਸਮਾਜ ਲਈ ਅਧਿਕਾਰਾਂ ਦੀ ਚੇਤਨਾ ਪੈਦਾ ਕਰਨ ਲਈ ਆਪਣਾ ਜੀਵਨ ਸਮਾਜ ਲਈ ਸਮਰਪਿਤ ਕੀਤਾ ਸੀ।ਅਨੇਕਾਂ ਪ੍ਰਕਾਰ ਦੀਆ ਕੁਰੀਤੀਆ ਜਿਵੇਂ ਅੰਧ-ਵਿਸ਼ਵਾਸ ,ਅਗਿਆਨਤਾ,ਊਚ-ਨੀਚ,ਜਾਤ-ਪਾਤ,ਵਰਣ ਵੰਡ,ਆਦਿ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਭਾਰਤੀ ਮਾਨਸਿਕਤਾ ਨੂੰ ਇਸ ਦੇ ਵਿਰੋਧ ਵਿੱਚ,ਅਤੇ ਮਾਨਵ ਦੇ ਭਲੇ ਲਈ ਮਾਨਵ ਜਾਤੀ ਨੂੰ ਜਾਗ੍ਰਿਤ ਕੀਤਾ।

ਆਪ ਜੀ ਦਾ ਜਨਮ 400 ਸਾਲ ਪਹਿਲਾਂ ਮਹਾਂਰਾਸ਼ਟਰ ਪੂਨਾ ਜਿਲ੍ਹੇ ਦੇ ਦੇਹੁ ਪਿੰਡ ਵਿੱਚ ਪਿਤਾ ਸ਼੍ਰੀ ਬਹੇਬਾ ਜੀ ਅਤੇ ਮਾਤਾ ਕਨਕਾਈ ਜੀ ਦੀ ਕੁੱਖੋਂ ਦਲਿਤ ਸਮਾਜ

ਵਿੱਚ ਹੋਇਆ।ਆਪ ਜੀ ਦਾ ਪਰਿਵਾਰ ਧਾਰਮਿਕ ਖਿਆਲਾਂ ਦਾ ਸੀ।ਆਪ ਜੀ ਨੂੰ ਧਾਰਮਿਕ ਖਿਆਲ ਆਪਣੇ ਪਰਿਵਾਰ ਵਿੱਚੋ ਹੀ ਮਿਲੇ ।ਜਿੱਥੇ ਧਾਰਮਿਕ ਰੰਗ ਆਪ ਜੀ ਨੂੰ ਆਪਣੇ ਪਰਿਵਾਰ ਵਿੱਚੋਂ ਮਿਲਿਆ ਉੱਥੇ ਆਪ ਜੀ ਨੂੰ ਸਮਾਜਿਕ ਕੁਰੀਤੀਆਂ ਵਿਰੁੱਧ ਲੜਨ ਦੀ ਪ੍ਰੇਰਣਾ ਵੀ ਮਿਲੀ।

ਬਚਪਨ ਵਿੱਚ ਆਪ ਜੀ ਦਾ ਮਨ ਧਾਰਮਿਕ ਰੰਗ ਵਿੱਚ ਰੰਗਿਆ ਗਿਆ, ਭਗਤੀ ਭਾਵਨਾ ਵਿੱਚ ਲੀਨ ਆਪ ਜੀ ਤੀਰਥ ਅਸਥਾਨਾ ਦੀ ਯਾਤਰਾ ਵੀ ਕਰਦੇ। ਆਪ ਜੀ ਨੇ ਸਮਾਜ ਦੇ ਭਲੇ ਲਈ ਅਨੇਕਾਂ ਸ਼ਬਦਾ ਦੀ ਰਚਨਾ ਕੀਤੀ। ਆਪ ਜੀ ਦੀ ਬਾਣੀ ਵਿੱਚ ਭਗਤੀ ਭਾਵ, ਸਮਾਜਿਕ ਕੁਰੀਤੀਆ ਅਤੇ ਅੰਧ-ਵਿਸ਼ਵਾਸ ਵਿਰੁੱਧ ਕ੍ਰਾਂਤੀਕਾਰੀ ਬਗਾਵਤ ਹੈ।ਆਪ ਜੀ ਨੇ ਗਿਅਨ ਦੀ ਪ੍ਰਾਪਤੀ ਤੋਂ ਬਾਅਦ ਲਗਾਤਾਰ ਸਮਾਜ ਦੇ ਭਲੇ ਲਈ ਸੰਘਰਸ਼ ਕੀਤਾ।ਜਾਣਕਾਰੀ ਅਨੁਸਾਰ ਆਪ ਜੀ ਦੀ ਉਚਾਰੀ ਹੋਈ ਬਾਣੀ ਨੂੰ 'ਅਭੰਗ' ਬਾਣੀ ਕਿਹਾ ਜਾਂਦਾ ਹੈ।ਬਹੁਤ ਸਾਰੀ ਬਾਣੀ ਆਪ ਜੀ ਦੀ ਭਜਨਾ ਦੇ ਰੂਪ ਵਿੱਚ ਮਿਲਦੀ ਹੈ।

ਮਹਾਨ ਸੰਤ ਤੁੱਕਾ ਰਾਮ ਜੀ ਨੇ ਕਿਸੇ ਵੀ ਤਰ੍ਹਾਂ ਦੇ ਵਿਰੋਧ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਗੱਲ ਕਹੀ, ਆਪ ਜੀ ਦਾ ਸੰਦੇਸ਼ ਹਮੇਸ਼ਾ ਸੱਚ ਦੀ ਰਾਹ ਤੇ ਚੱਲਣਾ, ਆਪਣੇ ਧਰਮ ਅਨੁਸਾਰ ਜੀਵਨ ਬਤੀਤ ਕਰਨਾ।ਅੰਧ ਵਿਸ਼ਵਾਸ ਨੂੰ ਤਿਆਗ ਕੇ ਸਵੈ-ਵਿਸ਼ਵਾਸ ਪੈਦਾ ਕਰਨਾ, ਆਪਣੇ ਅਧਿਕਾਰਾ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ। ਆਦਿ ਮਾਨਵਵਾਦੀ ਸਿੱਖਿਆਵਾਂ ਸਮੁੱਚੀ ਮਾਨਵ ਜਾਤੀ ਦਾ ਮਾਰਗ ਦਰਸ਼ਨ ਕਰਦੀਆ ਹਨ। ਮਹਾਨ ਸੰਤ ਤੁੱਕਾ ਰਾਮ ਜੀ ਦਾ ਜੀਵਨ ਇੱਕ ਪ੍ਰੇਰਣਾ ਸਰੋਤ ਹੈ ਜਿਸ ਨੂੰ ਕ੍ਰਾਂਤੀਕਾਰੀ ਫਲਸਫੇ ਦੇ ਅਧਿਆਇ ਵਜੋਂ ਹੀ ਪੜ੍ਹਨਾ ਚਾਹੀਦਾ ਹੈ।ਉਹਨਾਂ ਨਾਲ ਜੁੜੀਆਂ ਅਨੇਕਾਂ ਬ੍ਰਾਹਮਣਵਾਦੀ ਕਹਾਣੀਆ ਨੂੰ ਬੇਅਰਥ ਬੇ-ਬੁਨਿਆਦ ਜਿਨਾਂ ਦਾ ਕੋਈ ਵੀ ਆਧਾਰ ਨਹੀਂ ਹੈ। ਅਜੋਕੇ ਸਮੇਂ ਵਿੱਚ ਕ੍ਰਾਂਤੀਕਾਰੀ ਸੰਤ ਤੁੱਕਾ ਰਾਮ ਜੀ ਦੀਆ ਸਿੱਖਿਆਵਾਂ ਬਹੁਤ ਪ੍ਰਸੰਗਕ ਹਨ।[12]

## ਸੰਤ ਚੋਖਾ ਮੇਲਾ ਜੀ

ਭਾਰਤ ਵਿੱਚ ਜਾਤੀ ਵਿਵਸਥਾ ਦਾ ਸ਼ਿਕਾਰ ਲੋਕਾਂ ਨੇ ਇਸ ਸਥਾਪਿਤ ਸਦੀਆ ਪੁਰਾਣੀ ਵਿਵਸਥਾ ਨੂੰ ਖਤਮ ਕਰਨ ਲਈ ਸਮਾਜ ਨੂੰ ਚੇਤਨ ਕੀਤਾ।ਹਜ਼ਾਰਾ ਸਾਲਾ ਦੇ ਅਪਮਾਨ ਨੂੰ ਬਦਲਣ ਦੀ ਸਨਮਾਨ ਜਨਕ ਕੋਸ਼ਿਸ਼ ਵਿੱਚ ਸੰਘਰਸ਼ ਕਰਨ ਵਾਲਿਆ ਨੂੰ ਅਨੇਕਾਂ ਕਸ਼ਟ,ਅਨੇਕਾਂ ਮੁਸੀਬਤਾ ਦਾ ਸਾਹਮਣਾ ਕਰਨਾ ਪਿਆ। ਭਾਰਤ ਵਿੱਚ ਅਨੇਕਾਂ ਸੰਤਾ ਮਹਾਂਪੁਰਸ਼ਾ ਨੇ ਆਪਣਾ ਕ੍ਰਾਂਤੀਕਾਰੀ ਯੋਗਦਾਨ ਪਾਇਆ ਹੈ ਜਿਸ ਦਾ ਨਤੀਜਾ ਵਜੋਂ ਸਦੀਆਂ ਤੋ ਅਪਮਾਨਿਤ ਸਮਾਜ ਵਿੱਚ ਚੇਤਨਾ ਤੇ ਜਾਗ੍ਰਿਤੀ ਪੈਦਾ ਹੋਈ।

ਭਾਰਤ ਵਿੱਚ ਸਤਿਗੁਰੂ ਰਵਿਦਾਸ ਜੀ ,ਸਤਿਗੁਰੂ ਨਾਮਦੇ ਜੀ ਸਤਿਗੁਰੂ ਕਬੀਰ ਜੀ ਆਦਿ ਮਹਾਂਪੁਰਸ਼ਾ ਨੇ ਬ੍ਰਾਹਮਣਵਾਦ ਦੀ ਸਤਾਈ ਲੋਕਾਈ ਲਈ ਇੱਕ ਕ੍ਰਾਂਤੀਕਾਰੀ ਲਹਿਰ ਖੜੀ ਕੀਤੀ।ਉਸ ਲਹਿਰ ਦਾ ਨਤੀਜਾ ਇਹ ਨਿਕਲਿਆ ਕਿ ਭਰਾਤ ਦੇ ਅਪਮਾਤਿ ਸਮਾਜ ਵਿੱਚ ਸਵੈਮਾਣ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦੀ ਜਬਰਦਸਤ ਇੱਛਾ ਸ਼ਕਤੀ ਪੈਦਾ ਹੋਈ।

ਮਹਾਨ ਸੰਤ ਚੋਖਾ ਮੇਲਾ ਜੀ ਨੇ,ਕ੍ਰਾਂਤੀ ਦਾ ਬਿਗਲ ਵਜਾਉਣ ਵਾਲੇ,ਦੱਬੇ ਕੁਚਲੇ

ਲੋਕਾਂ ਨੂੰ ਉਪਰ ਚੁੱਕਣ ਲਈ,ਅਧਿਕਾਰ ਹੀਣ ਲੋਕਾਂ ਨੂੰ ਅਧਿਕਾਰ ਦਿਵਾਉਣ ਲਈ ਬਹੁ ਗਿਣਤੀ ਸਮਾਜ ਵਿੱਚ ਏਕਤਾ ਦੀ ਭਾਵਨਾ ਪੈਦਾ ਕਰਨ ਲਈ ਆਪਣੀ ਜਿੰਦਗੀ ਦਾ ਹਰ ਪਲ ਸਮਾਜ ਸੇਵਾ,ਸਮਾਜ ਚਿੰਤਨ ਵਿੱਚ ਲਗਾ ਦਿੱਤਾ।ਅਗਿਆਨ ਦੇ ਅੰਧਕਾਰ ਵਿੱਚ ਡੁੱਬੇ ਸਮਾਜ ਨੂੰ ਗਿਆਨਵਾਨ ਹੋਣ ਦਾ ਹੋਕਾਂ ਦਿੱਤਾ।

ਸੰਤ ਚੋਖਾਂ ਮੇਲਾ ਜੀ ਭਾਰਤ ਦੀ ਸ਼ੂਦਰ ਜਾਤੀ ਮਹਾਰ ਵਿੱਚ ਪੈਦਾ ਹੋਏ।ਉਹਨਾਂ ਨੂੰ ਪੈਰ ਪੈਰ ਤੇ ਬ੍ਰਾਹਮਣਵਾਦ ਦਾ ਸ਼ਿਕਾਰ ਹੋਣਾ ਪਿਆ।ਉਹਨਾਂ ਦਾ ਅਪਮਾਨ ਅਤੇ ਨਿਰਾਦਰ ਹੋਇਆ।ਆਪ ਜੀ ਬਚਪਨ ਤੋਂ ਹੀ ਧਾਰਮਿਕ ਖਿਆਲਾ ਦੇ ਪ੍ਰਭਾਵ ਕਾਰਨ ਭਗਤੀ ਭਾਵਨਾ ਪੈਦਾ ਹੋਈ ਉਸੇ ਭਗਤੀ ਭਾਵਨਾ ਨੇ ਉਹਨਾਂ ਪ੍ਰਭੂ ਭਗਤੀ ਦੇ ਮਾਰਗ ਤੇ ਤੋਰਿਆ । ਪਰ ਸ਼ੂਦਰ ਵਰਗ ਨੂੰ ਭਗਤੀ ਦਾ ਕੋਈ ਅਧਿਕਾਰ ਨਹੀਂ ਸੀ।ਮਮਦਰ ਪ੍ਰਵੇਸ਼ ਦਾ ਕੋਈ ਅਦਿਖਾਰ ਨਹੀਂ ਸੀ ।ਪਰ ਆਪ ਜੀ ਨੇ ਆਪਣੇ ਸਮਾਜ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਧਾਰਮਿਕ ਬਗਾਵਤ ਦਾ ਬਿਗਲ ਵਜਾਇਆ ।

ਆਪ ਜੀ ਮਹਾਂਰਾਸ਼ਟਰ ਦੀ ਧਰਤੀ ਤੇ ਸੰਘਰਸ਼ ਕਰ ਰਹੇ ਸਨ।ਮਹਾਂਰਾਸ਼ਟਰ ਦੀ ਧਰਤੀ ਮਹਾਰ ਜਾਤੀ ਦੇ ਲੋਕਾਂ ਦੀ ਇੱਕ ਇਤਿਹਾਸਕ ਭੂਮੀ ਹੈ। ਮਹਾਂਰਾਸ਼ਟਰ ਦੀ ਧਰਤੀ ਤੇ ਪੰਡਰਪੁਰ ਭਗਵਤ ਸੰਪ੍ਰਦਾਇ ਦਾ ਤੀਰਥ ਹੈ ਜਿਸ ਦੇ ਦਰਸ਼ਣ ਕਰਨ ਲਈ ਆਪ ਜੀ ਗਏ ਤਾਂ ਬ੍ਰਾਹਮਣ ਲੋਕਾ ਨੇ ਉਹਨਾਂ ਨੂੰ ਮੰਦਰ ਦੇ ਬਾਹਰ ਧੱਕੇ ਮਾਰ ਕੇ ਕੱਢਿਆ । ਅਤੇ ਬਹੁਤ ਜਿਅਦਾ ਅਪਮਾਨ ਕੀਤਾ।ਬ੍ਰਾਹਮਣਾਂ ਦੇ ਅਪਮਾਨ ਤੋਂ ਬਾਅਦ ਸਮੇਂ ਦੇ ਮੁਸਲਮਾਨ ਅਧਿਕਾਤਰੀਆ ਨੇ ਉਹਨਾ ਨੂੰ ਹੱਥ ਪੈਰ ਬੰਨ ਕੇ ਬੈਲ ਨਾਲ ਘੜੀਸ ਕੇ ਭਿਅਣਕ ਰੂਪ ਵਿੱਚ ਜ਼ਖਮੀ ਕਰ ਕੇ ਮੰਦਦਰ ਪ੍ਰਵੇਸ਼ ਦੀ ਸਜ਼ਾ ਦਿੱਤੀ ਗਈ।ਉਹਨਾਂ ਦੀ ਇਹ ਸਜ਼ਾ ਬਹੁਤ ਭਿਅਣਕ ਸੀ ਜਿਸ ਨੂੰ ਜਿਅਦਾ ਸਮੇਂ ਤੱਕ ਨਾ ਸਹਾਰ ਸਕੇ ਅਤੇ ਅੰਤ ਵਿੱਚ ਆਪਣੇਪ੍ਰਾਣ ਤਿਆਗ ਦਿੱਤੇ। ਆਪ ਜੀ ਦੀ ਬਾਣੀ ਜੋ ਕਵਿਤਾ ਦੇ ਰੂਪ ਵਿੱਚ ਮਿਲਦੀ ਹੈ ।ਜਿਸ ਵਿੱਚ ਸਮਾਜ ਦਾ ਗਿਹਰਾ ਚਿੰਤਨ ਮਿਲਦਾ ਹੈ।ਆਪ ਜੀ ਦੀ ਸਖ਼ਸ਼ੀਆਤ ਦਾ ਅਛੂਤ ਸਮਾਜ ਤੇ ਬਹੁਤ ਗਹਿਰਾ ਪ੍ਰਭਾਵ

ਪਿਆ ਆਪ ਜੀ ਦਾ ਜੀਵਨ ਕ੍ਰਾਂਤੀਕਾਰੀ ਸੀ ਆਪ ਜੀ ਦੀਆਂ ਸਿੱਖਿਆਂਵਾਂ ਮਾਨਵਵਾਦੀ ਸਨ।ਮਹਾਰ ਜਾਤੀ ਦੇ ਲੋਕਾਂ ਵਿੱਚ ਆਪ ਜੀ ਦਾ ਗਹਿਰਾ ਪ੍ਰਭਾਵ ਪਾਇਆ ਜਾਂਦਾ ਹੈ। ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੇ ਆਪਣਾ ਇੱਕ ਮਹਾਨ ਗ੍ਰੰਥ ਤਿੰਨ ਮਹਾਨ ਕ੍ਰਾਂਤੀਕਾਰੀ ਮਹਾਂਪੁਰਸ਼ਾ ਨੂੰ ਸਮਰਪਿਤ ਕੀਤਾ ਹੈ ਜਿਨ੍ਹਾਂ ਵਿੱਚ ਸਤਿਗੁਰੂ ਰਵਿਦਾਸ ਜੀ, ਸੰਤ ਨੰਦਾਨਾਰਜੀ ,ਸੰਤ ਚੋਖਾ ਮੇਲਾ ਜੀ ਇੱਕ ਸਨ।[13]

# 21. ਸਮਾਜਿਕ ਕ੍ਰਾਂਤੀ ਦੇ ਪ੍ਰੇਰਣਾ ਨਾਇਕ

## ਕ੍ਰਾਂਤੀਕਾਰੀ ਜੋਤੀ ਰਾਓ ਫੂਲੇ ਜੀ

ਜੋਤੀ ਰਾਓ ਫੂਲੇ ਜੀ ਦਾ ਜਨਮ 20 ਫਰਵਰੀ 1827 ਨੂੰ ਪੂਨਾ ਵਿਚ ਹੋਇਆ ਜੋਤੀ ਰਾਓ ਫੂਲੇ ਜੀ ਦੇ ਪੜਦਾਦਾ 'ਕਟਗਨ' ਪਿੰਡ ਦੇ ਚੌਂਕੀਦਾਰ ਸਨ। ਉੱਥੇ ਬ੍ਰਾਹਮਣ ਅੱਤਿਆਚਾਰ ਤੋਂ ਦੁਖੀ ਹੋ ਕੇ ਉਹ ਆਪਣਾ ਪਿੰਡ ਛੱਡ ਕੇ ਪੂਨਾ ਜਿਲ੍ਹੇ ਦੇ ਖਾਨਵਾਦੀ ਵਿਚ ਆ ਕੇ ਵਸਣ ਲੱਗ ਪਏ। ਇਥੇ ਆ ਕੇ ਉਹਨਾਂ ਦੇ ਘਰ ਸੇਤੀਵਾ ਨਾਂ ਦੇ ਲੜਕੇ ਦਾ ਜਨਮ ਹੋਇਆ ਅੱਗੋ ਸੇਤੀਵਾ ਦੇ ਤਿੰਨ ਲੜਕੇ ਪੈਦਾ ਹੋਏ। ਗਨੌਂਜੀ, ਕਰਿਸ਼ਨਾ, ਗੋਬਿੰਦ। ਇਹ ਫੁੱਲਾਂ ਦੀ ਖੇਤੀ ਦਾ ਕੰਮ ਕਰਦੇ ਸਨ। ਗੋਬਿੰਦ ਦੀ ਸ਼ਾਦੀ ਪੂਨਾ ਦੇ ਰਹਿਣ ਵਾਲੇ ਪਿੰਡ ਕਵਲਾਡੀ ਵਿਚ ਜਗਾਡੇ ਦੀ ਲੜਕੀ ਚਿਮਨਾ ਬਾਈ ਜੀ ਨਾਲ ਹੋਈ। ਅੱਗੋਂ ਉਹਨਾਂ ਦੇ ਦੋ ਲੜਕੇ ਪੈਦਾ ਹੋਏ ਰਾਜਾ ਰਾਮ ਅਤੇ ਜੋਤੀ ਰਾਓ। ਜੋਤੀ ਰਾਓ ਫੂਲੇ ਜੀ ਦਾ ਜਨਮ 20 ਫਰਵਰੀ 1827 ਨੂੰ ਹੋਇਆ। ਜੋਤੀ ਰਾਓ ਫੂਲੇ ਜੀ 9 ਸਾਲ ਦੀ ਉਮਰ ਦੇ ਹੀ ਸਨ ਉਹਨਾਂ ਦੀ ਮਾਂ ਚਿਮਨਾ ਬਾਈ ਜੀ ਦਾ ਦੇਹਾਂਤ ਹੋ ਗਿਆ। ਆਪ ਜੀ ਸਰੀਰਕ ਰੂਪ ਵਿਚ ਕਾਫੀ ਸੁੰਦਰ ਤੇ ਮਜਬੂਤ ਸਨ।ਆਪ ਜੀ ਨੇ ਸ਼ੁਰੂਆਤੀ ਸਿੱਖਿਆ ਘਰ ਹੀ ਮਰਾਠੀ ਪਾਠਸ਼ਾਲਾ ਵਿਚ ਪ੍ਰਾਪਤ ਕੀਤੀ। ਘਰ ਵਿਚ ਸ਼ਾਂਤਮਈ ਵਾਤਾਵਰਨ ਨੇ ਉਹਨਾਂ ਨੂੰ ਪੁਸਤਕਾਂ ਪੜ੍ਹਨ ਅਤੇ ਅੱਖਰ ਗਿਆਨ ਸਿਖਣ ਦਾ ਮੌਕਾ ਦਿੱਤਾ। ਆਪ ਜੀ ਬਚਪਨ ਤੋਂ ਹੀ ਚੰਗੀ ਬੁੱਧੀ ਦੇ ਮਾਲਕ ਸਨ।

ਸਮਾਜਿਕ ਅਤੇ ਧਾਰਮਿਕ ਵਿਵਸਥਾ ਵਿੱਚ ਜਾਤਪਾਤ ਦਾ ਸ਼ੋਰ ਬਹੁਤ ਜਿਆਦਾ ਸੀ ਨਾ ਚਹੁੰਦਿਆਂ ਵੀ ਜੋਤੀ ਰਾਓ ਫੂਲੇ ਜੀ ਨੂੰ 9 ਸਾਲ ਦੀ ਉਮਰ ਵਿੱਚ ਸਕੂਲ ਛੱਡਣਾ ਪਿਆ ਆਪਣੇ ਪਿਤਾ ਦੇ ਨਾਲ ਕੰਮ ਕਾਜੀ ਵਿੱਚ ਹੱਥ ਵਟਾਉਣ ਲੱਗੇ ਪਰ ਉਹਨਾਂ ਦੇ ਪਿਤਾ ਨੂੰ ਇਹ ਗੱਲ ਚੁੱਬਦੀ ਸੀ ਕਿ ਉਹਨਾਂ ਦਾ ਲੜਕਾ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਿਆ। ਗੋਬਿੰਦ ਰਾਓ ਨੇ 1840 ਵਿੱਚ ਜੋਤੀ ਰਾਓ ਜੀ ਦਾ ਵਿਆਹ 13 ਸਾਲ ਦੀ ਉਮਰ ਵਿੱਚ ਧਨਕ ਵਾੜੀ ਦੇ ਪਾਟਿਲ ਪਰਿਵਾਰ ਦਾ ਸਵਿੱਤਰੀ ਬਾਈ (9 ਸਾਲ) ਜੋਤੀ ਰਾਓ ਫੂਲੇ ਜੀ ਨੂੰ ਜੀਵਨ ਸਾਥੀ ਪ੍ਰਾਪਤੀ ਉਹਨਾਂ ਦੇ ਇਤਿਹਾਸਿਕ ਕੜੀ ਵਿੱਚ ਸ਼ਾਮਿਲ ਕਰਾਈ। ਉਸ ਸਮੇਂ ਬ੍ਰਾਹਮਣ ਜੋ ਸ਼ੂਦਰ ਵਰਗ ਦੀ ਸਿੱਖਿਆ 'ਚ ਰੁਕਾਵਟ ਸਨ। ਉਸ ਸਮੇਂ ਉਰਦੂ, ਫਾਰਸੀ ਦੇ ਸਿੱਖਿਅਕ ਵੈਦ ਮੁਨਸ਼ੀ ਅਤੇ ਈਸਾਈ ਮਿਸ਼ਨ ਹੀ ਸ਼ੂਦਰ ਵਰਗ ਦੀ ਭਲਾਈ ਲਈ ਮਹੱਤਵਪੂਰਨ ਕੰਮ ਕਰਦੇ ਸਨ। 14 ਸਾਲ ਦੀ ਉਮਰ ਵਿੱਚ ਮੁੜ ਜੋਤੀ ਰਾਓ ਫੂਲੇ ਨੂੰ ਉਸਦੇ ਪਿਤਾ ਗੋਬਿੰਦ ਰਾਓ ਜੀ ਨੇ ਸਕੂਲ 'ਚ ਪ੍ਰਵੇਸ਼ ਕਰਵਾਇਆ।

ਆਪ ਜੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ ਅਤੇ ਜੋਤੀ ਰਾਓ ਦੀ ਲੋਕ ਪ੍ਰੀਅਤਾ ਚਾਰੇ ਪਾਸੇ ਫੈਲਣ ਲੱਗੀ ਸੀ। ਜੋਤੀ ਰਾਓ ਫੂਲੇ ਨੇ ਬਚਪਨ ਤੋਂ ਹੁਣ ਤੱਕ ਅਛੂਤ ਸ਼ੂਦਰ ਸਮਾਜ ਦੀ ਜਿੰਦਗੀ ਨੂੰ ਨੇੜਿਓ ਵੇਖਿਆ ਸੀ। ਜੋ ਗੁਲਾਮੀ ਵਿੱਚ ਜੀਵਨ ਬਿਤਾ ਰਹੇ ਸਨ। ਜੋਤੀ ਰਾਓ ਫੂਲੇ ਚੰਗਾ ਵਿਦਿਆਰਥੀ ਸੀ ਅਤੇ ਉਹ ਜਲਦੀ ਜਾਣ ਗਿਆ ਸੀ ਕਿ ਸਿੱਖਿਆ ਬਿਨਾਂ ਸ਼ੂਦਰਾ ਦੀ ਸਥਿਤੀ 'ਚ ਕੋਈ ਸੁਧਾਰ ਨਹੀਂ ਹੋ ਸਕਿਆ ਪੜ੍ਹਾਈ ਦੌਰਾਣ ਇੱਕ ਘਟਨਾ ਘਟੀ ਕਿ ਆਪ ਆਪਣੇ ਇੱਕ ਬ੍ਰਾਹਮਣ ਮਿੱਤਰ ਦੀ ਸ਼ਾਦੀ 'ਚ ਬਰਾਤ ਵਿੱਚ ਚਲੇ ਗਏ। ਪਰ ਉੱਥੇ

ਆਪ ਜਾਤੀ ਵਿਵਸਥਾ ਕਰਕੇ ਬਹੁਤ ਅਪਮਾਨਿਤ ਹੋਏ ਅਤੇ ਇਸ ਘਟਨਾ ਦਾ ਵਾਪਰਨਾ ਜ਼ਿੰਦਗੀ ਦਾ ਮਕਸਦ ਹੀ ਬਦਲ ਦਿੱਤਾ। ਇਸ ਘਟਨਾ ਨੇ ਜੀਵਨ ਵਿੱਚ ਅਦਭੁੱਤ ਕ੍ਰਾਂਤੀ ਪੈਦਾ ਕੀਤੀ ਆਪ ਮਹਾਨ ਕ੍ਰਾਂਤੀਕਾਰੀ ਮਹਾਨ ਸਮਾਜ ਸੁਧਾਰਕ ਬਣੇ। ਜੋਤੀ ਰਾਓ ਇਹ ਗੱਲ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਸਿੱਖਿਆ ਬਿਨਾਂ ਕੋਈ ਤਰੱਕੀ ਸੰਭਵ ਨਹੀਂ, ਏਸੇ ਕਰਕੇ ਆਪ ਜੀ ਨੇ ਸ਼ੂਦਰ ਵਰਗ ਨੂੰ ਸਿੱਖਿਅਤ ਕਰਨਾ ਅਰੰਭ ਕਰ ਦਿੱਤਾ। ਔਰਤ ਜੋ ਸ਼ੂਦਰ ਤੋਂ ਦਰਦਨਾਕ ਦਸ਼ਾ 'ਚ ਜਿਉ ਰਹੀ ਸੀ ਉਸਨੂੰ ਸਿੱਖਿਅਕ ਕਰਨ ਲਈ ਸੰਘਰਸ਼ ਅਰੰਭ ਕੀਤਾ। ਆਪ ਜੀ ਨੇ ਪਹਿਲਾ ਸਵਿੱਤਰੀ ਬਾਈ ਨੂੰ ਸਿੱਖਿਆ ਦੇਣੀ ਅਰੰਭ ਕੀਤੀ। ਕਿਉਂਕਿ ਬ੍ਰਾਹਮਣਾ ਦੇ ਗ੍ਰੰਥ ਕਹਿੰਦੇ ਨੇ ਕਿ ਜੇਕਰ ਔਰਤ ਪੜ੍ਹੇਗੀ। ਉਸਦਾ ਪਿਤਾ ਜੇ ਸ਼ਾਦੀ ਸ਼ੁਦਾ ਹੈ ਤਾਂ ਪਤੀ ਮਰ ਜਾਏਗਾ।

ਸਵਿਤਰੀ ਬਾਈ ਫੂਲੇ ਪੜੀ ਜੋਤੀ ਰਾਓ ਫੂਲੇ ਦੀ ਪਤਨੀ ਸੀ ਅਤੇ ਜੋਤੀ ਰਾਓ ਫੂਲੇ ਨੇ ਸਵਿਤਰੀ ਬਾਈ ਨੂੰ ਪੜ੍ਹਾਇਆ ਅਤੇ ਭਾਰਤ ਦੀ ਪਹਿਲੀ ਅਧਿਆਪਿਕਾ ਬਣਾਇਆ। ਇਹ ਇਤਿਹਾਸ ਵਿੱਚ ਸਭ ਤੋਂ ਵਧੀਆਂ ਅਤੇ ਸ਼ਾਨਦਾਰ ਘਟਨਾ ਸੀ।ਜੋਤੀ ਰਾਓ ਫੂਲੇ ਜੀ ਜਨਵਰੀ 1848 ਨੂੰ ਪੂਨੇ ਵਿਚ ਤਾਂਤਿਆ ਸਾਹਿਬ ਦੀ ਹਵੇਲੀ ਵਿਚ ਲੜਕੀਆਂ ਦਾ ਪਹਿਲਾ ਸਕੂਲ ਖੋਲਿਆਂ ਜੋਤੀ ਰਾਓ ਫੂਲੇ ਜੀ ਦੇ ਸਕੂਲ 'ਚ ਪਹਿਲਾਂ 6 ਲੜਕੀਆਂ ਆਈਆਂ ਜਿਨ੍ਹਾਂ ਦਾ ਅਧਿਆਪਕ ਖੁਦ ਬਣ ਕੇ ਪੜਾਉਣਾ ਸ਼ੁਰੂ ਕਰ ਦਿੱਤਾ। 15 ਮਈ 1848 ਨੂੰ ਲੜਕੇ ਅਤੇ ਲੜਕੀਆਂ ਲਈ ਇੱਕ ਸਕੂਲ ਖੋਲਿਆਂ 1852 ਤੱਕ ਉਹਨਾਂ ਪੂਨੇ ਵਿਚ 18 ਸਕੂਲ ਖੋਲ੍ਹੇ ਜਿਹਨਾਂ ਦਾ ਮਕਸਦ ਸ਼ੂਦਰ ਅਤੇ ਔਰਤਾਂ ਨੂੰ ਸਿੱਖਿਅਕ ਬਣਾਉਣਾ ਸੀ। ਹੌਲੀ ਹੌਲੀ ਉਹਨਾਂ ਦੇ ਬ੍ਰਾਹਮਣ ਮਿੱਤਰ ਵੀ ਸਾਥ ਦੇਣ ਲੱਗੇ। ਉਹਨਾਂ ਦੇ ਕੀਤੇ ਕੰਮ ਨੂੰ ਸਮਾਜ 'ਚ ਸਨਮਾਨ ਵੀ ਮਿਲਣਾ ਸ਼ੁਰੂ ਹੋਇਆ।

**ਵਿੱਦਿਆ ਬਿਨਾ ਬੁੱਧੀ ਗਈ**
**ਬੁੱਧੀ ਬਿਨਾਂ ਸਦਾਚਾਰ ਗਿਆਂ**
**ਸਦਾਚਾਰ ਬਿਨਾਂ ਤਰੱਕੀ ਰੁਕ ਗਈ**
**ਤਰੱਕੀ ਬਿਨਾਂ ਦੋਲਤ ਮਿਟ ਗਈ**
**ਦੋਲਤ ਬਿਨਾਂ ਸ਼ੂਦਰ ਤਬਾਹ ਹੋ ਗਏ**
**ਇਹ ਸਾਰੇ ਦੁੱਖ ਅਗਿਆਨਤਾ ਕਾਰਨ ਵਾਪਰੇ**[27]

ਜੋਤੀ ਰਾਓ ਫੂਲੇ ਜੀ ਨੇ ਆਪਣੀ ਉਮਰ ਸਮਾਜ ਦੇ ਅਗਿਆਨ ਲੋਕਾਂ ਨੂੰ ਗਿਆਨਵਾਨ ਬਣਾਉਣ ਲਈ ਸੰਘਰਸ਼ ਕੀਤਾ ਅਤੇ ਨਾਰੀ ਚੇਤਨਤਾ ਦਾ ਇਤਿਹਾਸ ਸਿਰਜ ਕੇ ਆਪਣਾ ਨਾਮ ਇਤਿਹਾਸ ਵਿੱਚ ਦਰਜ ਕੀਤਾ। ਆਪ 40 ਸਾਲ ਸੰਘਰਸ਼ ਕਰਕੇ ਅਤੇ 27 ਨਵੰਬਰ 1890 ਨੂੰ ਆਪਣੀ ਜੀਵਨ ਯਾਤਰਾ ਪੂਰੀ ਕਰ ਗਏ। ਅੱਜ ਸਮਾਜ ਵਿਚ ਖਾਸ ਕਰਕੇ ਭਾਰਤੀ ਮੂਲ ਨਿਵਾਸੀ ਚੇਤਨਾ ਵਿਚ ਆਪ ਜੀ ਦਾ ਮਿਸ਼ਨ ਤੇ ਚਿੱਤਰ ਤਰੱਕੀ ਅਤੇ ਮੁਕਤੀ ਨੂੰ ਉਭਾਰਣ ਦਾ ਕੰਮ ਕਰ ਰਿਹਾ ਹੈ।[14]

## ਸਵਿਤਰੀ ਬਾਈ ਫੂਲੇ ਜੀ

**" ਮੈਂ ਆਪਣੇ ਜੀਵਨ ਵਿਚ ਜੋ ਕੁਝ ਵੀ ਕਰ ਸਕਿਆ ਉਸ ਲਈ ਮੇਰੀ ਪਤਨੀ ਦਾ ਯੋਗਦਾਨ ਭੁਲਿਆਂ ਨਹੀਂ ਜਾ ਸਕਦਾ"** ਇਹ ਸ਼ਬਦ ਕ੍ਰਾਂਤੀਕਾਰੀ ਜੋਤੀ ਰਾਓ ਫੂਲੇ ਜੀ ਨੇ ਮਹਾਨ ਕ੍ਰਾਂਤੀਕਾਰੀ ਸਵਿਤਰੀ ਫੂਲੇ ਜੀ ਲਈ ਕਹੇ ਹਨ। ਹਜ਼ਾਰਾਂ ਸਦੀਆਂ ਤੋਂ ਭਾਰਤੀ

ਵਿਵਸਥਾ ਵਿਚ ਦਬਾਏ ਗਏ ਸਮਾਜ ਨੂੰ ਵਿੱਦਿਆ ਦਾ ਹੱਕ ਦਿਵਾਉਣ ਲਈ ਸੰਘਰਸ਼ ਦੀ ਕਹਾਣੀ ਲਿਖੀ। ਉਸ ਲਿਖੇ ਗਏ ਇਤਿਹਾਸ ਵਿਚ ਸਵਿਤਰੀ ਬਾਈ ਫੂਲੇ ਜੀ ਦਾ ਨਾਮ ਇਤਿਹਾਸ ਦੀ ਸ਼ਾਨ ਵਧਾਉਂਦਾ ਹੈ। ਸਵਿਤਰੀ ਬਾਈ ਫੂਲੇ ਜੀ ਦਾ ਜਨਮ 3 ਜਨਵਰੀ 1831 ਨੂੰ ਸਤਾਰਾ ਜ਼ਿਲ੍ਹੇ ਵਿਚ ਖੰਡਣਾ ਤਹਿਸੀਲ ਦੇ ਨਯਾਗਾਵੇ ਵਿਚ ਖੰਡੋਜੀ ਨੇਕਸੇ ਪਾਟਿਲ ਦੇ ਘਰ ਹੋਇਆ ਸੀ। 1840 ਵਿਚ ਸਵਿਤਰੀ ਬਾਈ ਫੂਲੇ ਦਾ ਵਿਆਹ ਜੋਤੀ ਰਾਓ ਫੂਲੇ ਨਾਲ ਹੋ ਗਿਆ ਸੀ। ਸਵਿਤਰੀ ਬਾਈ ਮਾਂ ਬਾਪ ਦੇ ਘਰ ਪੜ੍ਹਨਾ ਚਹੁੰਦੀ ਸੀ ਪੜ੍ਹ ਨਹੀਂ ਸਕੀ। ਪਰ ਜੋਤੀ ਰਾਓ ਨਾਲ ਵਿਆਹ ਹੋਣ ਤੋਂ ਬਾਅਦ ਪੜ੍ਹਾਈ ਸ਼ੁਰੂ ਕੀਤੀ। ਸਵਿਤਰੀ ਬਾਈ ਫੂਲੇ ਨੂੰ ਪੜ੍ਹਾਉਣ ਲਿਖਾਉਣ ਦਾ ਕੰਮ ਸਗੁਣਾ ਬਾਈ ਨਾਲ ਜੋਤੀ ਰਾਓ ਨੇ ਕੀਤਾ ਸੀ। ਦੋਨਾਂ ਨੇ ਮਰਾਠੀ ਵਿਚ ਚੰਗਾ ਗਿਆਨ ਪ੍ਰਾਪਤ ਕਰ ਲਿਆ ਸੀ। ਉਸ ਸਮੇਂ ਪੂਨਾ ਵਿੱਚ ਇਸਾਈ ਮਿਸ਼ਨਰੀ ਮਿਚੇਲ ਨਾਮ ਦੀ ਇੱਕ ਬ੍ਰਿਟਿਸ਼ ਮਹਿਲਾ ਸਕੂਲ ਚਲਾਉਂਦੀ ਸੀ । ਸਵਿਤਰੀ ਬਾਈ ਤੇ ਸਗੁਣਾ ਨਾਲ ਮਿਲ ਉਸ ਸਕੂਲ ਦੀ ਤੀਸਰੀ ਜਮਾਤ ਵਿੱਚ ਦਾਖਲਾ ਲਿਆ **ਵਿਦਿਆਰਥੀ ਜੀਵਨ ਸਮੇਂ ਸਵਿਤਰੀ ਬਾਈ ਨੇ ਕਾਰਲ ਮਾਰਕਸ ਦਾ ਅਧਿਐਨ ਕੀਤਾ।** 1848 ਵਿੱਚ ਜੋਤੀ ਰਾਓ ਫੂਲੇ ਨੇ ਪੂਨਾ ਵਿਖੇ ਪਹਿਲੇ ਬਾਲ ਲੜਕੀ ਸਕੂਲ ਦੀ ਸਥਾਪਨਾ ਕੀਤੀ। **ਸਵਿਤਰੀ ਬਾਈ ਈਸਾ ਸਕੂਲ ਦੀ ਪਹਿਲੀ ਅਧਿਆਪਿਕਾ ਸੀ।** ਅਛੂਤ ਸਮਾਜ ਵਿੱਚ ਵਿੱਦਿਆ ਪ੍ਰਤੀ ਉਤਸ਼ਾਹ ਅਤੇ ਕ੍ਰਾਂਤੀ ਦੀ ਸਫਲਤਾ ਤੋਂ ਬਾਅਦ ਜੋਤੀ ਰਾਓ ਫੂਲੇ ਅਤੇ ਸਵਿਤਰੀ ਬਾਈ ਫੂਲੇ ਨੇ 15 ਮਈ 1848 ਵਿੱਚ ਲੜਕੇ ਅਤੇ ਲੜਕੀਆਂ ਦਾ ਇੱਕ ਸਕੂਲ ਖੋਲ੍ਹਿਆ। ਪੂਨੇ ਦੇ ਵਿੱਚ ਅਤੇ ਉਸ ਦੇ ਆਸ ਪਾਸ 18 ਸਕੂਲ ਖੋਲ੍ਹੇ ਜੋ ਇੱਕ ਕ੍ਰਾਂਤੀਕਾਰੀ ਕਦਮ ਸੀ। **ਸਵਿਤਰੀ ਬਾਈ ਫੂਲੇ ਅਤੇ ਫਾਤਿਮਾ ਸ਼ੇਖ ਦੋਨਾਂ ਨੇ ਮਿਲ ਕੇ ਨਾਰੀ ਮੁਕਤੀ ਲਈ ਨਾਰੀ ਸਿੱਖਿਅਤ ਦੀ ਸ਼ੁਰੂਆਤ ਘਰ ਘਰ ਜਾ ਕੇ ਕੀਤੀ ਸੀ।** ਸਵਿਤਰੀ ਬਾਈ ਫੂਲੇ ਜੀ ਨੇ ਭਾਰਤ ਵਿੱਚ ਹਜ਼ਾਰਾਂ ਸਾਲ ਤੋਂ ਗੁਲਾਮ ਔਰਤ ਲਈ ਮੁਕਤੀ ਲਈ ਸੰਘਰਸ਼ ਕੀਤਾ। ਸਵਿਤਰੀ ਨੇ ਧਾਰਮਿਕ ਪਖੰਡ ਵਹਿਮਾਂ ਭਰਮਾਂ ਆਦਿ ਖੰਡਨ ਕੀਤਾ। **ਇਕ ਬ੍ਰਾਹਮਣ ਵਿਧਵਾ ਦੇ ਬੱਚੇ ਨੂੰ ਅਪਣਾ ਲਿਆ ਸੀ।ਜਿਸ ਦਾ ਨਾਮ ਜਸੰਵਤ ਰੱਖਿਆ ਸੀ।** ਜਸਵੰਤ ਦਾ ਉਹਨਾਂ ਨੇ ਪਾਲਣ ਪੋਸ਼ਣ ਕੀਤਾ ਅਤੇ ਵਿਆਹ ਕੀਤਾ।ਉਸ ਨੂੰ ਆਪਣਾ ਅਸਲੀ ਪੁੱਤਰ ਬਣਾ ਲਿਆ ਸੀ।ਸਵਿਤਰੀ ਬਾਈ ਫੂਲੇ ਜੀ ਨੇ ਜੋਤੀ ਰਾਉ ਫੂਲੇ ਦੀ ਮੌਤ ਤੋਂ ਬਾਅਦ ਆਪਣਾ ਸੰਘਰਸ਼ ਰੁਕਣ ਨਹੀਂ ਦਿੱਤਾ। **ਉਹਨਾਂ ਨੇ 1891 ਤੋਂ ਲੈ ਕੇ 1894 ਤੱਕ ਸੱਤਿਆ ਸ਼ੋਸਕ ਸਮਾਜ ਦੀ ਅਗਵਾਈ ਕੀਤੀ।**1897 ਵਿਚ ਮਹਾਂਰਾਸ਼ਟਰ ਵਿਚ ਹੈਜੇ ਦੀ ਬਿਮਾਰੀ ਫੈਲ ਗਈ ਸੀ। ਜਿਥੇ ਸੈਂਕੜੇ ਪਰਿਵਾਰ ਬਰਬਾਦ ਹੋ ਗਏ ਸਨ। ਉੱਥੇ ਸਵਿਤਰੀ ਬਾਈ ਨੇ ਜੀਅ ਜਾਨ ਲਗਾ ਕੇ ਉਹਨਾਂ ਦੀ ਸੇਵਾ ਕੀਤੀ। ਅੰਤ 10 ਮਾਰਚ 1897 ਨੂੰ ਸਦਾ ਲਈ ਇਸ ਸੰਸਾਰ ਤੋਂ ਚਲੇ ਗਏ।ਉਹਨਾਂ ਦਾ ਜੀਵਨ ਤਿਆਗ ਦੀ ਮੂਰਤ ਸੀ। ਸੰਘਰਸ਼ ਦੀ ਕਹਾਣੀ ਸੀ। ਸਵਿਤਰੀ ਬਾਈ ਫੂਲੇ ਇਕ ਕਵਿਤਰੀ ਵੀ ਸੀ।ਉਨ੍ਹਾਂ ਦੀ ਕਵਿਤਾ ਦੇ ਕੁਝ ਅੰਸ਼ :-

**ਕੇਵਲ ਇਕ ਹੀ ਸ਼ਤਰੂ ਹੈ ਆਪਣਾ**
**ਮਿਲਕਰ ਨਿਕਾਲ ਦੇ ਉਸੇ ਬਾਹਰ**
**ਉਸ ਦੇ ਸਿਵਾ ਕੋਈ ਸ਼ਤਰੂ ਹੀ ਨਹੀਂ**
**ਬਤਾਤੀ ਹੂੰ ਉਸ ਸ਼ਤਰੂ ਕਾ ਨਾਮ**
**ਸੁਨੋ ਠੀਕ ਸੇ ਆਪ ਵੀ ਵੋ ਤੋਂ ਹੈ ਅਗਿਆਨ**[15]

# ਛਤਰਪਤੀ ਸ਼ਾਹੂ ਜੀ ਮਹਾਰਾਜ

ਛਤਰਪਤੀ ਸ਼ਾਹੂ ਜੀ ਮਹਾਰਾਜ ਦਾ 26 ਜੁਲਾਈ 1847 ਨੂੰ ਕੋਹਲਾਪੁਰ ਵਿਚ ਹੋਇਆ ਉਹਨਾਂ ਦੇ ਪਿਤਾ ਸ੍ਰੀ ਜੈ ਸਿੰਘ ਰਾਓ ਅੱਬਾ ਸਾਹਿਬ ਗਾਟਕੇ ਅਤੇ ਮਾਤਾ ਜੀ ਦਾ ਨਾਮ ਰਾਧਾ ਬਾਈ ਸਾਹਿਬਾ ਸੀ। ਸ਼ਾਹੂ ਜੀ ਦੇ ਜਨਮ ਦਾ ਨਾਮ ਜਸਵੰਤ ਰਾਓ ਸੀ ਉਹਨਾਂ ਨੂੰ ਮਹਾਰਾਣੀ ਅਨੰਦਾ ਬਾਈ ਸਾਹਿਬਾ ਨੇ ਨੂੰ ਗੋਦ ਲਿਆ ਸੀ। ਆਪ ਜੀ ਕੁਰਮੀ ਜਾਤ ਦੇ ਸਨ। 1 ਅਪ੍ਰੈਲ 1891 ਨੂੰ ਬੜੋਦਾ ਮਹਾਰਾਜ ਸਿਆ ਜੀ ਰਾਓ ਗਾਇਕ ਵਾੜ ਦੇ ਕੁਲੀਨ ਸੁਨਾਜੀ ਰਾਓ ਦੀ ਪੁੱਤਰੀ ਲਕਸ਼ਮੀ ਬਾਈ ਨਾਲ ਆਪ ਜੀ ਦਾ ਵਿਆਹ ਹੋਇਆ ਛਤਰਪਤੀ ਸ਼ਾਹੂ ਜੀ ਨੇ ਜੋਤੀ ਰਾਓ ਫੂਲੇ ਦੇ ਲਿਖਿਆ ਅਭਿਆਸ ਤੇ ਮੁਕਤੀ ਅੰਦੋਲਣ ਉੱਪਰ ਬਹੁਤ ਕੰਮ ਕੀਤਾ ਉਹਨਾਂ ਨੇ ਕੋਹਲਪੁਰ ਰਿਆਸਤ ਵਿਚ ਥਾਂ-ਥਾਂ ਉੱਪਰ 122 ਪਿੰਡਾ ਵਿਚ ਸਕੂਲ ਖੋਲੇ ਸਿਰਫ ਸਕੂਲ ਵਿਚ ਬੱਚਿਆਂ ਦੀ ਭਰਤੀ ਹੀ ਨਹੀਂ ਕਰਵਾਈ ਸਗੋਂ ਬੱਚਿਆਂ ਨੂੰ ਪੜ੍ਹਾਉਣ ਲਈ ਅਧਿਆਪਕਾਂ ਦੀ ਭਰਤੀ ਵੀ ਪੱਕੀ ਕੀਤੀ।

1907 ਵਿਚ ਪ੍ਰਾਇਮਰੀ ਅਤੇ ਜੂਨੀਅਰ ਸਿੱਖਿਆ ਸਤਰ ਤੱਕ ਟ੍ਰੇਨਿੰਗ ਦੇਣ ਲਈ ਟ੍ਰੇਨਿੰਗ ਸੈਂਟਰ ਦੀ ਸਥਾਪਨਾ ਕੀਤੀ। ਇਥੇ ਪੁਰਸ਼ਾਂ ਬਰਾਬਰ ਔਰਤਾਂ ਲਈ ਨੌਕਰੀਆਂ ਦਿੱਤੀਆ ਗਈਆ। 1912 ਵਿਚ ਔਰਤਾਂ ਲਈ ਅਲੱਗ ਟ੍ਰੇਨਿੰਗ ਸੈਂਟਰਾਂ ਦੀ ਸਥਾਪਨਾ ਕੀਤੀ ਗਈ। 8 ਮਈ 1918 ਨੂੰ ਪਹਿਲੀ ਕੋਹਲਾਪੁਰ ਰੇਲਵੇ ਲਾਈਨ ਦਾ ਅਰੰਭ ਕੀਤਾ। ਸ਼ਾਹੂ ਜੀ ਨੇ ਸਦੀਆਂ ਤੋਂ ਚਲੀ ਆ ਰਹੀ ਪਿੰਡਾਂ ਅਤੇ ਸ਼ਹਿਰਾਂ ਵਿਚ ਵਗਾਰ ਪ੍ਰਥਾ ਨੂੰ ਖਤਮ ਕੀਤਾ ਬ੍ਰਾਹਮਣਵਾਦ ਜੁਲਮ ਉੱਪਰ ਰੋਕ ਲਗਾਈ ਪਹਿਲਾਂ ਭਾਰਤੀ ਮੂਲ ਨਿਵਾਸੀ ਲੋਕਾਂ ਨੂੰ ਚੰਗੇ ਕੱਪੜੇ ਪਹਿਨਣ ਦੀ ਮਨਾਹੀ ਸੀ। ਸ਼ਾਹੂ ਜੀ ਦੇ ਰਾਜ ਦੌਰਾਣ ਚੰਗੇ ਕੱਪੜੇ ਅਤੇ ਧਨ ਇਕੱਠਾ ਕਰਨ ਲਈ ਕਨੂੰਨ ਬਣਾਇਆ। ਆਪ ਜੀ ਦੌਲਤ ਅਤੇ ਕੀਤੇ ਸੰਘਰਸ਼ ਦਾ ਨਤੀਜਾ ਸੀ ਕਿ 1914 ਵਿਚ ਅੰਗ੍ਰੇਜ਼ਾਂ ਨੇ ਸਿੱਖਿਆਂ ਦਾ ਮੌਕਾ ਭਾਰਤੀਆਂ ਨੂੰ ਬਰਾਬਰ 'ਚ ਕਾਇਮ ਕੀਤਾ।

ਸ਼ਾਹੂ ਜੀ ਨੇ ਮਨੂੰਵਾਦ ਬ੍ਰਾਹਮਣਵਾਦ ਆਦਿ ਸਭ ਵਿਚਾਰਾਂ ਦਾ ਪੂਰਨ ਵਿਰੋਧ ਹੀ ਨਹੀਂ ਸਗੋਂ ਖੰਡਨ ਵੀ ਕੀਤਾ। ਸ਼ਾਹੂ ਜੀ ਮਹਾਰਾਜ ਨੂੰ ਵਧੀਆਂ ਵਿਚਾਰਾਂ ਕਰਕੇ 2 ਅਪ੍ਰੈਲ 1914 ਨੂੰ ਇਕ ਸਨਮਾਨ ਸਮਰੋਹ ਵਿਚ ਭਾਰਤੀ ਮਰਾਠਾ ਰਾਜ ਦੇ ਮੁਖੀਆ ਸਰਦਾਰ ਅਤੇ ਯੂਰਪ ਦੇ ਮੁੱਖ ਮਹਿਮਾਨ ਦੇ ਵਿਚਾਰ ਰਾਜਪਾਲ ਲਾਰਡ ਹੈਰਿਸ ਨੇ ਸ਼ਾਹੂ ਜੀ ਦਾ ਸਨਮਾਨ ਕੀਤਾ। 1915 ਵਿਚ ਫਰਗੁਸਨ ਕਾਲੇਜ ਦੀ ਸਥਾਪਨਾ ਕਰਕੇ ਦਲਿਤ ਪੱਛੜਿਆ ਦਾ ਜੀਵਨ ਪੱਧਰ ਉੱਚਾ ਚੁੱਕਣਾ ਸੀ। ਸ਼ਾਹੂ ਜੀ ਕੀਤੇ ਕੰਮਾ ਕਰਕੇ ਭਾਸਕਰ ਵਿਫੋਜੀ ਜਾਗਣ ਅਛੂਤ ਨੇ ਦਸਵੀਂ ਪਹਿਲੇ ਦਰਜੇ ਵਿਚ ਪਾਸ ਕੀਤੀ ਉਸਨੂੰ ਸਰਕਾਰੀ ਸੇਵਾ ਵਿਚ ਕਲਰਕ ਸਹਾਇਕ ਪਦ ਤੇ ਨਿਯੁਕਤ ਕੀਤਾ ਤਾਂ ਬ੍ਰਾਹਮਣ ਸ਼ਾਹੂ ਜੀ ਨੂੰ ਬੁਰਾ ਭਲਾ ਕਹਿਣ ਲੱਗੇ ਮਨੂੰਵਾਦ ਦੀ ਵਿਵਸਥਾ ਖਤਮ ਹੁੰਦੀ ਵੇਖ ਬ੍ਰਹਾਮਣ ਨੇ ਸਾਹੂ ਜੀ ਨੂੰ ਢੇਡ ਦਾ ਰਾਜ ਤੱਕ ਕਿਹਾ ਅਨੇਕਾਂ ਪ੍ਰਕਾਰ ਦਾ ਘਟੀਆ ਲਫ਼ਜਾਂ ਨਾਲ ਪੁਕਾਰਿਆ।ਸ਼ਾਹੂ ਜੀ ਨੇ ਹਸਪਤਾਲਾ ਵਿਚ ਇਲਾਜ ਵਧੀਆਂ ਮੁਹਈਆ ਕਰਵਾਇਆ ਅਤੇ ਨਾਰੀ ਗੁਪਤ ਰੋਗਾਂ ਦਾ ਵਧੀਆਂ ਇਲਾਜ ਚਲਾਇਆ। 1902 ਵਿਚ ਵੈਦਿਕ ਕੇਂਦਰ ਦੀ ਸਥਾਪਨਾ ਕੀਤੀ।

ਸ਼ਾਹੂ ਜੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ 1900 ਵਿਚ ਮਹਾਰਾਣੀ ਵਿਕਟੋਰੀਆ ਨੇ ਉਹਨਾਂ ਨੂੰ ਇਕ ਸਮਾਰੋਹ ਦੌਰਾਣ ਮਹਾਰਾਜਾ ਦੀ ਉਪਾਧੀ ਨਾਲ ਨਿਵਾਜਿਆ ਆਪ ਜੀ ਨੇ 1894 ਵਿਚ ਕੋਹੜੀਆ ਲਈ ਵਿਸ਼ੇਸ਼ ਹਸਪਤਾਲ ਦੀ ਸਥਾਪਨਾ ਕੀਤੀ। ਇਕ ਹੋਸਟਲ ਦਾ ਨਿਰਮਾਣ ਕੀਤਾ

ਜਿਸ ਵਿਚ ਅਛੂਤ ਵਿਦਿਆਰਥੀਆਂ ਲਈ ਮੁਸਲਮਾਨ ਲਈ ਖਾਸ ਸੁਵਿਧਾ ਪ੍ਰਦਾਨ ਕੀਤੀ ਗਈ। ਆਪ ਜੀ ਦੀਆਂ ਸੇਵਾਵਾ ਲਈ ਬ੍ਰਿਟਿਸ਼ ਕੈਮਬਰਿਜ ਯੂਨੀਵਰਸਿਟੀ ਨੇ ਐੱਲ .ਐੱਲ.ਡੀ ਦੀ ਡਿਗਰੀ ਪ੍ਰਦਾਨ ਕੀਤੀ ਸ਼ਾਹੂ ਜੀ ਨੇ 1902 ਵਿਚ ਪੱਛੜੇ ਵਰਗਾਂ ਲਈ ਰਾਂਖਵਾਂਕਰਨ ਦੀ ਘੋਸ਼ਨਾ ਇਕ ਸਮਾਨ ਵਿਵਸਥਾ ਪੈਦਾ ਕਰਨ ਲਈ ਸੰਘਰਸ਼ ਅਰੰਭ ਕੀਤਾ।

## ਨਰਾਇਣਾ ਗੁਰੂ[30]

ਭਾਰਤ ਦੇ ਕੇਰਲ ਰਾਜ ਵਿਚ ਸਮਾਜਿਕ ਕ੍ਰਾਂਤੀ ਲਈ ਸੰਘਰਸ਼ ਕਰਨ ਵਾਲੇ ਮਹਾਨ ਕ੍ਰਾਂਤੀਕਾਰੀ ਨਰਾਇਣਾ ਗੁਰੂ ਜੀ ਦਾ ਜਨਮ 26 ਅਗਸਤ 1855 ਨੂੰ ਉੱਤਰ ਤ੍ਰਿਵੇਂਦਰਮ ਤੋਂ 12 ਕਿਲੋਮੀਟਰ ਦੂਰ ਕੇਰਲ ਰਾਜ ਦੇ ਚੇਮਪਾਝਾਂਤੀ ਨਾਮ ਦੇ ਪਿੰਡ ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਮਦਨ ਆਸਨ ਜੀ ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਕੁੱਰਟੀ ਅੱਗ ਸੀ। ਭਾਰਤ ਜਿੱਥੇ ਵਿਦੇਸ਼ੀ ਆਰੀਆ ਲੋਕ ਜਿਹਨਾਂ ਨੇ ਭੇਦ ਭਾਵ ਦੀ ਭਾਵਨਾ ਨੂੰ ਭਗਵਾਨ ਵਜੋਂ ਸਥਾਪਿਤ ਕਰਨ ਦਾ ਐਲਾਨ ਕੀਤਾ। ਪਰ ਭਾਰਤੀ ਮੂਲ ਨਿਵਾਸੀ ਮਹਾਂਪੁਰਸ਼ਾ ਨੇ ਇਸ ਗੈਰ ਮਾਨਵੀ ਵਿਵਸਥਾ ਨੂੰ ਨਕਾਰ ਕੇ ਆਪਣਾ ਮਾਨਵੀ ਸੰਦੇਸ਼ ਪੇਸ਼ ਕੀਤਾ ਮੂਲ ਨਿਵਾਸੀ ਸਮਾਜ ਨੂੰ ਜਾਗ੍ਰਿਤ ਕੀਤਾ। ਨਰਾਇਣਾ ਗੁਰੂ ਦਾ ਸਭ ਤੋਂ ਵੱਡਾ ਅਸੂਲ ਸੀ ਕਿ ਉਹ ਸਿੱਖਿਆ ਪ੍ਰਾਪਤ ਕਰਕੇ ਅੱਗੇ ਸਿੱਖਿਆ ਪ੍ਰਦਾਨ ਕਰਨ ਦੀ ਰੂਚੀ ਰੱਖਦੇ ਸਨ।ਉਹ ਸਮਾਜ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਕਈ-ਕਈ ਦਿਨ ਬਾਹਰ ਰਹਿੰਦੇ ਸਨ ਆਪ ਜੀ ਨੇ ਤਾਮਿਲ ਗ੍ਰੰਥਾਂ ਦਾ ਖੂਬ ਅਧਿਐਨ ਕੀਤਾ ਹੋਇਆ ਸੀ।

ਆਪ ਜੀ ਦੀ ਧਾਰਮਿਕ ਵਿਦਵਤਾ ਨੂੰ ਵੇਖਦਿਆਂ ਲੋਕ ਆਪ ਜੀ ਨੂੰ ਸੁਆਮੀ ਕਹਿੰਦੇ ਸਨ। ਆਪ ਜੀ ਨੇ ਸਮਾਜ ਵਿਚ ਚੇਤਨਾ ਪੈਦਾ ਕਰਨ ਲਈ ਪੂਰੇ ਕੇਰਲ ਵਿਚ ਯਾਤਰਾਵਾਂ ਕੀਤੀਆਂ ਅਤੇ ਪੁਰਾਣੀਆਂ ਬ੍ਰਾਹਮਣਵਾਦੀ ਸੋਚਾਂ ਦਾ ਖੰਡਨ ਕਰਕੇ ਮਾਨਵਤਾ ਦਾ ਸੰਦੇਸ਼ ਦਿੱਤਾ। ਕੇਰਲ ਵਰਗੇ ਰਾਜ ਵਿਚ ਜਿੱਥੇ ਔਰਤ ਜਾਤੀ ਆਪਣਾ ਸਰੀਰ ਢੱਕਣ ਦੀ ਮਨਾਹੀ ਸੀ। ਉੱਥੇ ਨਰਾਇਣਾ ਗੁਰੂ ਨੇ ਸੰਘਰਸ਼ ਕੀਤਾ ਅਤੇ ਮਾਨਵੀ ਅਧਿਕਾਰ ਪੈਦਾ ਕਰਨ ਦੀ ਜ਼ਮੀਨ ਤਿਆਰ ਕੀਤੀ। ਮਾਨਵ ਕਲਿਆਣ ਲਈ ਆਪ ਜੀ ਦੀਆਂ ਸਿਖਿਆਵਾਂ ਜਿਵੇਂ:-

1.ਦੂਸਰੇ ਵਿਅਕਤੀਆਂ ਦੀ ਖੁਸ਼ੀ ਅਤੇ ਪ੍ਰਸੰਨਤਾ ਵਿਚ ਹੀ ਮੇਰੀ ਖੁਸ਼ੀ ਅਤੇ ਪ੍ਰਸੰਨਤਾ ਹੈ।

2. ਜਿਸ ਤਰ੍ਹਾ ਰੱਥ ਦਾ ਪਹੀਆਂ ਆਪਣੀ ਗਤੀ ਨਾਲ ਘੁੰਮਦਾ ਹੈ। ਉਸੇ ਤਰ੍ਹਾਂ ਸੰਸਾਰ ਦੀਆਂ ਗਤੀ ਵਿਧੀਆਂ ਦੇ ਕਾਰਣ ਸੰਸਾਰ ਚਲਦਾ ਹੈ। ਸੰਸਾਰ ਦੀ ਰੂਪ ਰੇਖਾ ਹਮੇਸ਼ਾ ਜਾਗ੍ਰਿਤ ਹੋ ਕੇ ਸਵੈਚਲਤ ਹੈ।

3. ਜਿਸ ਪ੍ਰਕਾਰ ਜਲ ਦੇ ਪ੍ਰਭਾਵ ਤੋਂ ਭੂਮੀ ਦਾ ਵੱਡਾ ਭਾਗ ਹਰੀ ਕ੍ਰਾਂਤੀ ਵਿਚ ਪ੍ਰਵਿਰਤਨ ਹੋ ਜਾਂਦਾ ਹੈ। ਉਸ ਤਰ੍ਹਾਂ ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਸ਼ੁੱਧ ਵਿਚਾਰਾਂ ਨੂੰ ਪ੍ਰਾਪਤ ਕਰਕੇ ਵਿਅਕਤੀ ਦਾ ਅੰਸ਼ ਹੋ ਜਾਂਦਾ ਹੈ।

4. ਆਪਣੇ ਸਵਰੂਪ ਨੂੰ ਪਹਿਚਾਨਣਾ ਹੀ ਗਿਆਨ ਹੈ। ਗਿਆਨ ਕਦੇ ਵੀ ਸਥਿਰ ਨਹੀਂ ਰਹਿੰਦਾ।

ਇਸ ਤਰ੍ਹਾਂ ਆਪਜੀ ਦੇ ਸੰਘਰਸ਼ ਦੀ ਕਹਾਣੀ ਦੱਬੇ ਕੁਚਲੇ ਲੋਕਾਂ ਦਾ ਨਾਰੀ ਮੁਕਤੀ ਲਈ ਯੋਗਦਾਨ ਬਹੁਤ ਕੀਮਤੀ ਹੈ। ਆਪ ਜੀ 20 ਸਤੰਬਰ 1928 ਨੂੰ ਇਸ ਸੰਸਾਰ ਨੂੰ ਸਦਾ ਲਈ ਛੱਡ ਗਏ।[16]

# ਯੁੱਗ ਪੁਰਸ਼ ਬਾਬਾ ਸਾਹਿਬ ਡਾ. ਅੰਬੇਡਕਰ[31]

ਦੁਨੀਆਂ ਵਿਚ ਜਿਨ੍ਹੇ ਵੀ ਮਹਾਂਪੁਰਸ਼ ਪੈਦਾ ਹੋਏ ਹਨ। ਆਪਣੀ ਮਾਂ ਦੀ ਕੁੱਖੋਂ ਹੀ ਮਹਾਂਪੁਰਖ ਬਣ ਕੇ ਪੈਦਾ ਨਹੀਂ ਹੁੰਦੇ ਨਾ ਹੀ ਕਿਸੇ ਅਲੌਕਿਕ ਸ਼ਕਤੀ ਵਜੋਂ ਪ੍ਰਗਟ ਹੁੰਦੇ ਹਨ। ਸਗੋਂ ਉਹ ਤਾਂ ਸਮਾਜ ਵਿਚ ਰਹਿੰਦੀਆਂ ਅਨਿਆਂ, ਬੇਇਨਸਾਫੀ, ਜ਼ੁਲਮ ਅਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਸਮੇਂ ਦੇ ਹਾਕਮਾ ਨਾਲ ਬਗਾਵਤ ਕਰਦੇ ਹਨ। ਅਜਿਹੇ ਇਨਸਾਨ ਆਪਣੀ ਜ਼ਿੰਦਗੀ ਦੇਸ਼ ਕੌਮ ਤੋਂ ਕੁਰਬਾਨ ਕਰ ਜਾਂਦੇ ਹਨ। ਉਹ ਹੀ ਇਨਸਾਨ ਮਹਾਂਪੁਰਖ ਕਹਿਲਾਉਂਦੇ ਹਨ। ਉਹ ਲੋਕਾਂ ਵਿਚ ਦੇਸ਼ ਭਗਤੀ, ਸਮਾਜ ਸੇਵਾ,ਜ਼ੁਲਮ ਨਾਲ ਟੱਕਰ ਲੈਣੀ ਤੇ ਗਰੀਬਾਂ ਪ੍ਰਤੀ ਹਮਦਰਦੀ ਵਿਚ ਅਜਿਹੇ ਲੋਕਾਂ ਦਾ ਨਾਮ ਸਦਾ ਹੀ ਸੁਨਹਿਰੀ ਅੱਖਰਾਂ ਵਿੱਚ ਲਿਖਿਆਂ ਜਾਂਦਾ ਹੈ। ਅੱਜ ਤੋਂ ਕਈ ਸਦੀਆਂ ਪਹਿਲਾਂ ਭਾਰਤ ਵਿੱਚ ਅਰੀਆ ਲੋਕਾਂ ਨੇ ਭਾਰਤ ਦੀ ਪਹਿਲੀ ਮਹਾਨ ਸੱਭਿਅਤਾ ਨੂੰ ਤਹਿਸ-ਨਹਿਸ ਕਰ ਦਿੱਤਾ। ਆਰੀਆ ਸਿੰਧੂ ਘਾਟੀ ਸਭਿਅਤਾ ਦੇ ਸਮੇਂ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਆਰੀਆ ਦੇ ਆਉਣ ਨਾਲ ਇਹ ਕੰਗਾਲ ਹੋ ਗਿਆ ਤੇ ਇਹ ਛਲ ਕਪਟ ਨਾਲ ਭਾਰਤ ਦੇ ਹੁਕਮਰਾਨ ਬਣ ਗਏ।

ਇਹਨਾਂ ਲੋਕਾਂ ਨੇ ਭਾਰਤ ਵਿਚ 6000 ਜਾਤਾਂ ਕਾਇਮ ਕਰ ਦਿੱਤੀਆ। ਇਹਨਾਂ ਲੋਕਾਂ ਨੇ ਭਾਰਤ ਵਿਚ ਛੂਆ-ਛਾਤ ਅੰਧ-ਵਿਸ਼ਵਾਸ ਅਗਿਆਨਤਾ, ਗਰੀਬੀ ਵਰਗੇ ਬੀਜ਼ ਦਾ ਵਿਸ਼ਾਲ ਦਰੱਖਤ ਬਣਾ ਦਿੱਤਾ। ਇਹਨਾਂ ਲੋਕਾਂ ਦੀ ਭੈੜੀ ਵਿਚਾਰ ਧਾਰਾ ਅਨੁਸਾਰ ਇੱਕ ਇਨਸਾਨ (ਉੱਪਰਲੇ ਤਿੰਨੇ ਵਰਣ) ਨੂੰ ਜ਼ਿੰਦਗੀ ਮਿਲਦੀ ਸੀ। ਦੂਸਰੇ ਇਨਸਾਨਾ (ਛੋਟੀਆ ਜਾਤਾਂ) ਨੂੰ ਮੌਤ ਮਿਲਦੀ ਸੀ। ਇਹਨਾਂ ਲੋਕਾਂ ਨੇ ਭਾਰਤ ਵਿਚ ਅਜਿਹੀਆ ਬੁਰਾਈਆਂ ਪੈਦਾ ਕਰ ਦਿੱਤੀਆ, ਜਿਹਨਾਂ ਨਾਲ ਇਸ ਦੇਸ਼ ਵਿੱਚ ਅਮਨ,ਚੈਨ ਤੇ ਏਕਤਾ ਕਦੇ ਵੀ ਕਾਇਮ ਨਹੀਂ ਹੋ ਸਕਦੀ ਸੀ। ਅਜਿਹੇ ਹਿੰਦੂਵਾਦ ਦੇ ਕੋਹੜ ਨੂੰ ਜੜ੍ਹੋ ਹੀ ਖਤਮ ਕਰਨ ਲਈ ਭਾਰਤ ਮਾਂ ਦੇ ਅਨੇਕਾਂ ਸਪੂਤਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਸਿਰਧੜ ਦੀ ਬਾਜੀ ਲਗਾ ਦਿੱਤੀ। ਅਜਿਹਾ ਹੀ ਇੱਕ ਭਾਰਤ ਮਾਂ ਦਾ ਸਪੂਤ ਬਾਬਾ ਸਾਹਿਬ ਡਾ. ਅੰਬੇਡਕਰ ਜਿਹਨਾਂ ਨੇ ਮਨੂੰਵਾਦ ਨੂੰ ਚਣੌਤੀ ਦਿੱਤੀ। ਅਸੀਂ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਅਜਿਹਾ ਸੂਰਮਾ, ਰਹਿਬਰ, ਅਣਖੀ, ਜਿਸ ਨੇ ਸਾਡੀ ਕੌਮ ਨੂੰ ( ਮੁਰਦਿਆਂ ਨੂੰ ) ਜਿਉਣਾ ਸਿਖਾਇਆਂ। ਉਹ ਸਾਡੀ ਦਲਿਤ ਕੌਮ ਵਿਚ ਪੈਦਾ ਹੋਇਆ। ਜਿਸ ਲਤਾੜੀ ਨਿਮਾਣੀ, ਬੇਇੱਜ਼ਤ ਕੌਮ ਤੇ ਪਸ਼ੂਆਂ ਤੋਂ ਭੈੜੀ ਜ਼ਿੰਦਗੀ ਗੁਜਾਰ ਰਹੇ ਲੋਕਾਂ ਨੂੰ ਉਹ ਹੱਕ ਦਵਾਏ ਜੋ ਦਲਿਤ ਕਦੀ ਖਾਅਬ ਵਿਚ ਵੀ ਨਹੀਂ ਸੋਚ ਸਕਦੇ ਸੀ।ਬਾਬਾ ਸਾਹਿਬ ਨੇ ਹਰੇਕ ਵਰਗ ਨੂੰ ਸੰਘਰਸ਼ ਕਰਨ ਲਈ ਪਰੇਰਿਆਂ ਕਿ "**ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਓ ਉਹ ਖੁੱਦ ਬਗਾਵਤ ਕਰ ਦੇਣਗੇ ਜਿਸ ਨਾਲ ਹਾਕਮ ਡਾਵਾਡੋਲ ਹੋ ਜਾਵੇਗਾ। ਸੰਘਰਸ਼ ਕਰਨ ਨਾਲ ਸਾਡੇ ਸਮਾਜ ਨੂੰ ਉਹ ਹੱਕ ਮਿਲਣਗੇ ਜਿਨ੍ਹਾਂ ਨਾਲ ਇਨ੍ਹਾਂ ਦੀ ਤਰੱਕੀ ਹੋਵੇਗੀ**" ਇਕੀਵੀ ਸਦੀ ਦੇ ਉੱਘੇ ਸਿਆਸਤਦਾਨ,ਸਮਾਜ,ਧਰਮ ਪ੍ਰਚਾਰਕ,ਦਲਿਤ ਮੁਕਤੀ ਦਾਤਾ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਉ ਅੰਬੇਡਕਰ ਜੀ ਦਾ ਜਨਮ **ਅੱਜ ਤੋਂ 126 ਸਾਲ ਪਹਿਲਾਂ 14 ਅਪ੍ਰੈਲ 1891 ਈ: ਨੂੰ ਮਹਾਂਰਾਸ਼ਟਰ ਦੀ ਮਹਾਰ ਜਾਤੀ ਵਿਚ ਹੋਇਆ।** ਆਪ ਜੀ ਦੇ ਪਿਤਾ ਦਾ ਨਾਮ ਰਾਮ ਜੀ ਸੀ,ਜੋ ਸੂਬੇਦਾਰ ਹੋਣ ਦੇ ਕਾਰਣ ਪੜ੍ਹਾਈ ਦੀ ਕਦਰ ਵਾਲੇ ਵਿਅਕਤੀ

ਸਨ। ਆਪ ਜੀ ਦੇ ਮਾਤਾ ਜੀ ਦਾ ਨਾਮ ਭੀਮਾਂ ਬਾਈ ਸੀ ਜੋ ਪਾਠ ਪੂਜਾ ਕਰਨ ਵਾਲੀ ਤੇ ਨਰਮ ਸੁਭਾਅ ਦੀ ਔਰਤ ਸੀ।

**ਆਪ ਜੀ ਦਾ ਪਰਿਵਾਰ ਸ਼ੁਰੂ ਤੋਂ ਹੀ ਗੁਰੂ ਕਬੀਰ ਜੀ, ਗੁਰੂ ਰਵਿਦਾਸ ਜੀ ਅਤੇ ਮਹਾਤਮਾ ਜੋਤੀਬਾ ਫੂਲੇ ਵਰਗੇ ਮਹਾਨ ਕ੍ਰਾਂਤੀਕਾਰੀਆਂ ਦੀ ਸ਼ੋਭਾ ਕਰਨ ਵਾਲਾ ਪਰਿਵਾਰ ਸੀ।** ਘਰ ਵਿੱਚ ਆਮ ਹੀ ਰਹਿਬਰਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਬਚਪਨ ਵਿਚ ਚੰਗੀ ਸਿੱਖਿਆ ਮਿਲਣ ਦੇ ਕਾਰਨ ਭੀਮ ਰਾਉ ਦੇ ਦਿਲੋ ਦਿਮਾਗ ਤੇ ਇੱਕੋ ਹੀ ਲਕਸ਼ ਉਲੀਕ ਹੋ ਗਿਆ। ਉਹ ਲਕਸ਼ ਜੋ ਗੁਰੂ ਰਵਿਦਾਸ ਜੀ ਮਹਾਰਾਜ ਦਾ ਬੇਗਮਪੁਰੇ ਦਾ ਸੀ। ਉਹ ਲਕਸ਼ ਜੋ ਮਹਾਨ ਕ੍ਰਾਂਤੀਕਾਰੀ ਜੋਤੀਵਾ ਰਾਓ ਫੂਲੇ ਦਾ ਸੀ। ਬਚਪਨ ਵਿਚ ਜਦੋਂ ਭੀਮ ਰਾਓ ਸਕੂਲ ਗਿਆ ਤਾਂ ਸਕੂਲ ਵਿਚ ਬਹੁਤ ਅਪਮਾਨ ਸਹਿਣਾ ਪਿਆ। ਭੀਮ ਰਾਓ ਨੂੰ ਸਵਰਨ ਹਿੰਦੂਆਂ ਨਾਲੋ ਅਲੱਗ ਬੈਠਣ ਲਈ ਵੀ ਘਰੋਂ ਹੀ ਟਾਟ ਲੈ ਕੇ ਜਾਣਾ ਪੈਂਦਾ ਸੀ। ਕਲਾਸ ਵਿਚ ਕਿਸੇ ਵਿਦਿਆਰਥੀ ਨਾਲ ਖੇਡਣ ਦੀ ਆਗਿਆ ਨਹੀਂ ਸੀ। ਕਲਾਸ ਵਿਚ ਰੱਖੇ ਹੋਏ ਪਾਣੀ ਨੂੰ ਪੀਣਾ ਤਾਂ ਦੂਰ ਛੂਹਣ ਦੀ ਆਗਿਆਂ ਨਹੀਂ ਸੀ। ਇੱਕ ਵਾਰ ਪਾਣੀ ਪੀ ਲੈਣ ਤੇ ਬੇਦਰਦੀ ਨਾਲ ਕੁਟਿਆ ਗਿਆ। ਇੱਕ ਵਾਰ ਬ੍ਰਾਹਮਣ ਮਾਸਟਰ ਨੇ ਭੀਮ ਰਾਓ ਨੂੰ ਕਿਹਾ '**ਅਰੇ ਤੂੰ ਤੋਂ ਮਹਾਰ ਹੈ ਤੂੰ ਪੜ੍ਹ ਲਿਖ ਕਰ ਕਿਆ ਕਰੇਗਾ'। ਤਦ ਭੀਮ ਰਾਉ ਨੇ ਮਾਸਟਰ ਤੇ ਹੱਸਦਿਆਂ ਹੋਇਆ ਕਿਹਾ ਸੀ,**

**" ਕਿ ਸਰ ਮੈ ਪੜ੍ਹ ਲਿਖ ਕਰ ਕਿਆ ਕਰੂੰਗਾ ਯੇਹ ਪੂਛਨਾ ਆਪ ਕਾ ਕਾਮ ਨਹੀਂ। ਅਗਰ ਆਪਨੇ ਅੱਗੇ ਮੇਰੀ ਜਾਤ-ਪਾਤ ਦਾ ਉਲੇਖ ਕੀਤਾ ਤਾਂ ਨਤੀਜਾ ਚੰਗਾ ਨਹੀਂ ਹੋਵੇਗਾ"।**

ਬਚਪਨ ਵਿਚ ਜਦ ਭੀਮ ਰਾਓ ਕਿਸੇ ਨਾਈ ਕੋਲ ਵਾਲ ਕਟਾਉਣ ਲਈ ਜਾਂਦਾ ਸੀ ਤਾਂ ਉਹ ਵੀ ਝਿੜਕਾ ਮਾਰ ਕੇ ਭਜਾ ਦਿੰਦਾ ਜਦਕਿ ਉਹ ਨਾਈ ਕੁੱਤਿਆਂ ਬਿੱਲੀਆਂ ਦੇ ਵਾਲ ਕੱਟਣ ਵਿਚ ਇੱਕ ਪਲ ਨਹੀਂ ਲਗਾਉਂਦਾ। ਇੱਕ ਵਾਰ ਭੀਮ ਰਾਓ ਤੇ ਉਸ ਦਾ ਵੱਡਾ ਭਰਾ ਸਫਰ ਕਰ ਰਹੇ ਸਨ ਤਾਂ ਰਾਸਤੇ ਵਿੱਚ ਉਹਨਾਂ ਨੇ ਉੱਥੋਂ ਪਾਣੀ ਮੰਗਿਆ ਤਾਂ ਉੱਥੇ ਦੇ ਸਵਰਣਾ ਨੇ ਗੰਦੇ ਛੱਪੜ ਵੱਲ ਇਸ਼ਾਰਾ ਕਰ ਦਿਤਾ। ਭੀਮ ਰਾਓ ਨੂੰ ਜਿਸ ਪਾਸੇ ਵੀ ਜਾਣਾ ਪਿਆ ਜਾਤ-ਪਾਤ ਉਸ ਦੇ ਪਿੱਛੇ ਇੱਕ ਜਹਿਰੀਲੇ ਸੱਪ ਵਾਂਗ ਪਿੱਛਾ ਕਰਦੀ ਰਹੀ ਤੇ ਭੀਮ ਨੂੰ ਪੈਰ-ਪੈਰ ਤੇ ਅਪਮਾਨਿਤ ਹੋਣਾ ਪਿਆ। ਅਜਿਹਾ ਇਸੇ ਲਈ ਹੁੰਦਾ ਕਿਉਂਕਿ ਭੀਮ ਇੱਕ ਛੋਟੀ ਜਾਤ ਵਿੱਚ ਜਨਮਿਆ ਸੀ।

ਭੀਮ ਰਾਓ ਦੇ ਮੰਨ ਨੂੰ ਬਹੁਤ ਧੱਕਾ ਵੱਜਦਾ ਸੀ। ਕਿਉਂਕਿ ਅਛੂਤਾਂ ਦੀ ਹਾਲਤ ਹੀ ਬਹੁਤ ਦਰਦਨਾਕ ਸੀ। ਭੀਮ ਨੇ ਉਸ ਵੇਲੇ ਇੱਕ ਪ੍ਰਣ ਕੀਤਾ ਕਿ ਜਿਸ ਜਾਤ ਵਿੱਚ ਮੈਂ ਜਨਮਿਆ ਹਾਂ ਅਗਰ ਉਸ ਜਾਤ (ਸਮਾਜ) ਦੀ ਦਸ਼ਾ ਸੁਧਾਰਨ ਵਿਚ ਨਾ ਕਾਮਯਾਬ ਰਿਹਾ ਤਾਂ ਮੈਂ ਖੁਦ ਨੂੰ ਗੋਲੀ ਮਾਰ ਕੇ ਖਤਮ ਕਰ ਲਵਾਂਗਾਂ ਤਾਂ ਆਪ ਨੇ ਪੱਕਾ ਇਰਾਦਾ ਕੀਤਾ ਕਿ ਬੇਸ਼ੱਕ ਜਿੰਨੀਆਂ ਵੀ ਰੁਕਾਵਟਾ ਆਉਣ ਮੈਂ ਉਹਨਾਂ ਦਾ ਸਾਹਮਣਾ ਕਰਾਂਗਾ ਕਦੇ ਵੀ ਉਹਨਾਂ ਤੋਂ ਘਬਰਾਵਾਗਾਂ ਨਹੀਂ। ਜਿਵੇਂ-ਜਿਵੇਂ ਸਮਾਂ ਗੁਜਰਦਾ ਗਿਆ ਭੀਮ ਰਾਓ ਆਪਣੇ ਮਕਸਦ ਵਿਚ ਕਾਮਯਾਬ ਹੁੰਦਾ ਗਿਆ।ਬਾਅਦ ਵਿਚ ਭੀਮ ਰਾਓ ਨੇ ਕਈ ਦੇਸ਼ਾ ਤੋਂ ਪੜ੍ਹਾਈ ਹਾਸਲ ਕੀਤੀ ਜਿਵੇ ਅਮਰੀਕਾ, ਜਰਮਨ, ਲੰਡਨ ਵਰਗੇ ਦੇਸ਼ਾ ਤੋਂ ਐੱਮ.ਏ, ਪੀ. ਐੱਚ. ਡੀ, ਵਾਰ ਐਟ ਐੱਲ. ਐੱਲ. ਬੀ ਤੇ ਡੀ. ਲਿਟ ਵਰਗੀਆਂ ਡਿਗਰੀਆਂ ਪ੍ਰਾਪਤ ਕਰਕੇ ਇਹ ਸਿੱਧ ਕਰ ਦਿੱਤਾ ਕੇ ਅਗਰ ਇਨਸਾਨ ਚਾਹੇ ਤਾਂ ਕੀ ਨਹੀਂ ਕਰ ਸਕਦਾ ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੇ ਆਪਣੀ ਕੌਮ ਦੀ ਗੁਲਾਮੀ ਦੂਰ ਕਰਨ ਲਈ ਸਮਝਾਉਦਿਆਂ ਦਲਿਤਾ ਨੂੰ ਆਖਿਆ ਸੀ।

ਤੁਹਾਨੂੰ ਆਪਣੀ ਗੁਲਾਮੀ ਆਪ ਦੂਰ ਕਰਨੀ ਹੋਵੇਗੀ, ਤੁਹਾਡੀ ਗੁਲਾਮੀ ਦੂਰ ਕਰਨ

'ਚ ਸਹਾਇਕ ਹੋਣਗੇ ਬਾਬਾ ਸਾਹਿਬ ਵਰਗੇ ਆਗੂ ਸਾਨੂੰ ਤਲਾਸ਼ ਕਰਨ ਤੇ ਵੀ ਨਹੀਂ ਮਿਲਣਗੇ ਜੋ **ਤੁਹਾਨੂੰ ਹਿੰਦੂਆ ਦੀਆਂ ਰੀਤੀ ਰੀਵਾਜਾ ਤੋਂ ਦੂਰ ਰਹਿਣ ਲਈ ਪ੍ਰੇਰਦੇ ਹੋਏ ਕਹਿੰਦੇ ਸਨ ਕਿ ਪਾਠ ਪੂਜਾ ਤਪੱਸਿਆਂ, ਵਹਿਮ-ਭਰਮ, ਅੰਧ-ਵਿਸ਼ਵਾਸ, ਵਰਤ ਤੇ ਸਮਾਂ ਨਸ਼ਟ ਕਰਨ ਦੀ ਬਜਾਏ ਉਹ ਹੀ ਸਮਾਂ ਸਾਨੂੰ ਕਾਨੂੰਨ ਘੜਨ ਦੀ ਸ਼ਕਤੀ ਹਾਸਿਲ ਕਰਨ ਲਈ ਲਗਾਉਣਾ ਚਾਹੀਦਾ ਹੈ। ਇਸ ਵਿਸ਼ਵਾਸ ਨੂੰ ਜਿੰਨੀ ਜਲਦੀ ਹੋ ਸਕੇ ਤਿਆਗ ਦੇਣਾ ਚਾਹੀਦਾ ਹੈ ਕਿ ਤੁਹਾਡੀ ਮੌਜੂਦਾ ਹਾਲਤ ਪਿਛਲੇ ਜਨਮਾਂ ਦਾ ਫਲ ਹੈ ਤੁਹਾਡੀ ਦੁਰਦੱਸ਼ਾ, ਨਿਰਾਦਰੀ, ਧੂੜਾ, ਕੰਗਾਲੀ, ਤੰਗੀਆਂ, ਜਹਾਲਤ ਤੇ ਬੇਇੱਜ਼ਤੀ ਪਿਛਲੇ ਜਨਮ ਦਾ ਫਲ ਨਹੀਂ ਹੈ ਬਲਕਿ ਦੂਸਰਿਆਂ ਦੇ ਤੁਹਾਡੇ ਤੇ ਅੱਤਿਆਚਾਰ ਤੇ ਛੱਲ ਕਪਟ ਦੇ ਕਾਰਨ ਹੈ। ਇਸ ਲਈ ਕਿਸਮਤ ਤੇ ਭਰੋਸਾ ਨਾ ਕਰੋ। ਆਪਣਾ ਆਤਮ ਵਿਸ਼ਵਾਸ ਕਾਇਮ ਰੱਖੋ**, ਬਾਬਾ ਸਾਹਿਬ ਜੀ ਨੇ ਹਿੰਦੂਵਾਦ ਦੀਆਂ ਗਲਤ ਨੀਤੀਆਂ ਜੋ ਕਈ ਸਦੀਆਂ ਤੋਂ ਅਛੂਤਾਂ ਤੇ ਲਾਗੂ ਸਨ। ਬੇਕਸੂਰ ਅਛੂਤਾਂ ਨੂੰ ਜੋ ਧਰਮ ਦੇ ਅਨੁਸਾਰ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ ਉਹਨਾਂ ਸਾਰੀਆਂ ਹੀ ਗੱਲਾਂ ਦਾ ਵਿਰੋਧ ਕਰਦਿਆ ਬਾਬਾ ਸਾਹਿਬ ਜੀ ਨੇ ਕਿਹਾ ਕਿ ਧਰਮ ਇਨਸਾਨ ਵਾਸਤੇ ਹੈ ਨਾ ਕਿ ਇਨਸਾਨ ਧਰਮ ਵਾਸਤੇ ਹੈ। ਬਾਬਾ ਸਾਹਿਬ ਜੀ ਅਛੂਤਾਂ ਦੀ ਭਲਾਈ ਲਈ ਜੋ ਵੀ ਕਦਮ ਚੁੱਕਿਆ, ਉਸ ਨੂੰ ਮੰਜ਼ਿਲ ਤੇ ਪਹੁੰਚਾਉਣ ਲਈ ਲੱਖਾ ਮੁਸ਼ਕਿਲਾ ਦਾ ਸਾਹਮਣਾ ਕਰਨਾ ਪਿਆ।

1930 ਵਿਚ ਪਹਿਲੀ ਤੇ ਦੂਸਰੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਬਾਬਾ ਸਾਹਿਬ ਨੇ ਅਛੂਤਾਂ ਦਾ ਪ੍ਰਤੀਨਿਧਤਾ ਵਜੋਂ ਸ਼ਾਮਿਲ ਹੋਏ। ਆਪ ਜੀ ਨੇ ਇਹਨਾਂ ਦੱਬੇ ਕੁਚਲੇ ਲੋਕਾਂ ਨੂੰ ਹੱਕ ਦਿਵਾਉਣੇ ਚਾਹੇ, ਜਿਹਨਾਂ ਨਾਲ ਦਲਿਤ ਵਰਗ ਦੀ ਤੱਰਕੀ ਦੇ ਦਰਵਾਜੇ ਖੁੱਲ ਜਾਣ ਬਾਬਾ ਸਾਹਿਬ ਜੀ ਨੇ ਅਛੂਤਾਂ ਦੀ ਦਰਦਨਾਕ ਹਾਲਤ ਬਾਰੇ ਕਿਹਾ ਕਿ ਸਦੀਆਂ ਤੋਂ ਇਹਨਾਂ ਨੂੰ ਦਬਾਇਆ ਗਿਆ ਜਦੋਂ ਕਿਤੇ ਉਹ ਉੱਠਣ ਲਗਦੇ ਤੇ ਫੇਰ ਸੁੱਟ ਦਿੱਤਾ ਜਾਂਦਾ ਸੀ।ਇਹਨਾਂ ਦੀ ਹਾਲਤ ਬਹੁਤ ਨਾਜ਼ੁਕ ਸੀ। ਅਗਰ ਇਹਨਾਂ ਅਛੂਤਾਂ ਨੂੰ ਜ਼ਿੰਦਗੀ ਜਿਉਣ ਦਾ ਮੌਕਾ ਮਿਲ ਜਾਵੇ, ਤਦ ਕਹਿਰ ਤਾਂ ਨਹੀਂ ਡਿਗਣ ਲੱਗਾ। ਅਗਰ ਇਹਨਾਂ ਨੂੰ ਇਨਸਾਨ ਸਮਝਦੇ ਹੋਏ ਇਨਸਾਨਾ ਵਾਲੇ ਹੱਕ ਮਿਲ ਜਾਣ। ਪਰ ਸਵਰਨ ਜਾਤ ਦੇ ਲੋਕਾਂ ਨੇ ਬਾਬਾ ਸਾਹਿਬ ਦੀ ਇਸ ਗੱਲ ਦਾ ਸ਼ਰੇਆਮ ਵਿਰੋਧ ਕੀਤਾ। ਕਿਉਂਕਿ ਇਕ ਪਾਸੇ ਹਿੰਦੂ ਧਰਮ ਦੀ ਤਬਾਹੀ ਸੀ। **ਜਦੋਂ ਦਲਿਤਾਂ ਦੀ ਮੁਕਤੀ ਵਿਰੁੱਧ ਗਾਂਧੀ ਨੇ ਜਰਵਦਾ ਜੇਲ੍ਹ ਵਿਚ ਮਰਨ ਵਰਤ ਰੱਖ ਲਿਆ।** ਪਰ ਬਾਬਾ ਸਾਹਿਬ ਜੀ ਨੇ ਸਾਫ-ਸਾਫ ਕਿਹਾ ਕਿ ਮੈ ਇੱਕ ਗਾਂਧੀ ਦੀ ਜਾਨ ਬਚਾਉਣ ਲਈ ਪੂਰੇ ਦਲਿਤ ਸਮਾਜ ਦਾ ਭਵਿੱਖ ਦਾਅ ਤੇ ਨਹੀਂ ਲਗਾ ਸਕਦਾ ਤੇ ਦੂਸਰੇ ਪਾਸੇ ਮਿਸਟਰ ਗਾਂਧੀ ਨੂੰ ਜੀਵਨ-ਦਾਨ ਦੇਣਾ ਸੀ।

ਅੰਤ ਬਾਬਾ ਸਾਹਿਬ ਨੇ ਆਪਣੀ ਆਤਮਾ ਦੀ ਆਵਾਜ ਨੂੰ ਮੁੱਖ ਰੱਖਦਿਆਂ ਆਪ ਨੇ ਪੂਨਾ ਪੈਕਟ ਤੇ 24 ਦਸੰਬਰ 1932 ਨੂੰ ਦਸਤਖਤ ਕਰ ਦਿੱਤੇ। ਹਿੰਦੂ ਧਰਮ ਜਿਸ ਨੂੰ ਹੈਵਾਨੀਅਤ ਦਾ ਧਰਮ ਕਿਹਾ ਜਾ ਸਕਦਾ ਹੈ। ਆਪ ਨੇ ਉਸ ਨੂੰ ਤਿਆਗਣ ਦਾ ਫੈਸਲਾ ਕਰ ਲਿਆ। 1947 ਨੂੰ ਭਾਰਤ ਆਜ਼ਾਦ ਹੋ ਗਿਆ। ਬਾਬਾ ਸਾਹਿਬ ਆਜ਼ਾਦ ਭਾਰਤ ਦੇ ਸੰਵਿਧਾਨ ਨਿਰਮਾਤਾ ਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਅਗਰ ਸੰਵਿਧਾਨ ਬਣਾਉਣ ਵਾਲੀ ਕਮੇਟੀ ਦੇ ਬਾਬਾ ਸਾਹਿਬ ਪ੍ਰਧਾਨ ਨਾ ਹੁੰਦੇ ਤਾਂ ਸੰਵਿਧਾਨ ਵਿਚ ਦਲਿਤਾਂ ਦੀ ਭਲਾਈ ਇੱਕ ਖੁਆਬ ਹੀ ਰਹਿ ਜਾਂਦੀ। ਅੱਜ ਸਾਨੂੰ ਜੋ ਕੁਝ ਵੀ ਮਿਲਿਆ ਹੈ ਉਹ ਬਾਬਾ ਸਾਹਿਬ ਦੀ ਕਾਫੀ ਜੱਦੋ-ਜਹਿਦ ਦੇ ਕਾਰਨ ਹੀ ਮਿਲਿਆ ਹੈ। **ਬਾਬਾ ਸਾਹਿਬ ਜੀ ਨੇ ਬਾਅਦ ਵਿਚ ਹਿੰਦੂ ਧਰਮ ਛੱਡਣ ਦਾ ਇਰਾਦਾ ਪੂਰਾ ਕਰ ਦਿਖਾਇਆ। ਆਪ ਨੇ ਕਿਹਾ ਕਿ ਹਿੰਦੂ ਧਰਮ**

**ਵਿਚ ਰਹਿ ਕੇ ਅਛੂਤ ਕਦੀ ਵੀ ਤਰੱਕੀ ਨਹੀਂ ਕਰ ਸਕਦੇ। ਆਪ ਨੇ ਕਿਹਾ ਸੀ ਕਿ ਮੈ ਹਿੰਦੂ ਧਰਮ ਵਿਚ ਪੈਦਾ ਹੋਇਆ ਇਹ ਮੇਰੇ ਵਸ ਦੀ ਗੱਲ ਨਹੀਂ ਮੈ ਹਿੰਦੂ ਧਰਮ ਵਿਚ ਮਰਾਗਾਂ ਨਹੀਂ ਇਹ ਮੇਰੇ ਵਸ 'ਚ ਹੈ।**

ਬਾਬਾ ਸਾਹਿਬ ਨੇ ਹਿੰਦੂ ਧਰਮ ਪ੍ਰਤਿ ਕਿਹਾ ਕਿ ਧਰਮ ਦੀਆਂ ਗਹਿਰਾਈਆਂ ਵਿਚ ਨਫਰਤ ਜਾਤ-ਪਾਤ, ਉਚ-ਨੀਚ, ਛੂਆ-ਛਾਤ ਵਸੀ ਹੋਈ ਹੈ। ਇਸ ਲਈ ਹਿੰਦੂ ਧਰਮ ਵਿਚ ਰਹਿੰਦਿਆਂ ਪਰਿਵਰਤਨ ਨਹੀਂ ਕੀਤਾ ਜਾ ਸਕਦਾ। **ਆਪ ਨੇ ਅੰਤ ਲੰਬੀ ਖੋਜ ਤੋਂ ਬਾਅਦ ਅੰਤ ਆਪਣੇ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਪ੍ਰਵੇਸ਼ ਕਰ ਲਿਆ।** ਅੰਤ ਵਿੱਚ ਬਾਬਾ ਸਾਹਿਬ ਜੀ 6 ਦੰਸਬਰ 1956 ਨੂੰ ਸਾਥੋਂ ਸਦਾ ਲਈ ਵਿਛੋੜਾ ਪਾ ਗਏ।

ਬਾਬਾ ਸਾਹਿਬ ਵਰਗੇ ਇਨਸਾਨ ਜੋ ਮਿਹਨਤੀ,ਇਮਾਨਦਾਰ,ਰਹਿਬਰ,ਮੁਕਤੀ ਦਾਤਾ, ਯੁੱਗਾ-ਯੁਗੰਤਰ ਦਾ ਸਰਮਾਇਆ ਹੁੰਦੇ ਹਨ। ਬਾਬਾ ਸਾਹਿਬ ਬੇਮਿਸਾਲ ਜੱਦੋ-ਜਹਿਦ ਕਾਰਨ ਦੇ ਬਾਵਜੂਦ ਅੱਜ ਦਲਿਤ ਸਮਾਜ ਨੂੰ ਜ਼ਿੰਦਗੀ ਜਿਉਣ ਦਾ ਮੌਕਾ ਮਿਲਿਆ।

ਅੱਜ ਬਾਬਾ ਸਾਹਿਬ ਜੀ ਦੇ ਦਰਸਾਏ ਮਾਰਗ ਤੇ ਚਲ ਕੇ ਹੀ ਆਪਣੇ ਜੀਵਨ ਨੂੰ ਸਹੀ ਦਿਸ਼ਾ ਵੱਲ ਲਿਆ ਸਕਦੇ ਹਾਂ, ਅਤੇ ਦੇਸ਼ ਨੂੰ ਖੁਸ਼ਹਾਲ ਬਣਾ ਸਕਦੇ ਹਾਂ।ਜੇਕਰ ਬਾਬਾ ਸਾਹਿਬ ਦੇ ਮਿਸ਼ਨ ਨੂੰ ਤਨ,ਮਨ,ਧਨ ਲਗਾ ਕੇ ਪ੍ਰਚਾਰੀਏ। ਇਸ ਲਈ ਸਾਨੂੰ ਬੇਸੱਕ ਕਿੰਨੀਆਂ ਵੀ ਮੁਸ਼ਕਿਲਾ ਦਾ ਸਾਹਮਣਾ ਕਰਨਾ ਪਵੇ ਹਰ ਹਾਲ ਵਿੱਚ ਸਾਡਾ ਕਦਮ ਮੰਜਿਲ ਵੱਲ ਜਾਣਾ ਚਾਹੀਦਾ ਹੈ।ਬਾਬਾ ਸਾਹਿਬ ਦਾ ਫੁਰਮਾਨ ਹੈ ਕਿ '**ਅਗਰ ਤੁਹਾਡਾ ਮਿਸ਼ਨ ਸੱਚਾ ਹੈ ਤਾਂ ਦੁਸ਼ਮਣ ਵੀ ਤੁਹਡਾ ਰਾਸਤਾ ਛੱਡਣ ਲਈ ਮਜਬੂਰ ਹੋ ਜਾਵੇਗਾ।**' ਅੱਜ ਸਾਨੂੰ ਲੋੜ ਹੈ ਕਿ ਬਾਬਾ ਸਾਹਿਬ ਦਾ ਮਿਸ਼ਨ ਪ੍ਰਚਾਰਨ ਦੀ ਤੇ ਅੰਬੇਡਕਰੀ ਬਣਨ ਦੀ। ਅੱਜ ਸਾਨੂੰ ਲੋੜ ਹੈ ਜ਼ਬਰ-ਜੁਲਮ ਅਨਿਆ,ਬੇਇਨਸਾਫੀ,ਗਰੀਬੀ ਆਦਿ ਨੂੰ ਜੜੋ ਹੀ ਪੁੱਟਣ ਦੀ। ਅੱਜ ਸਾਨੂੰ ਲੋੜ ਹੈ ਪਿਆਰ ਮੁਹੱਬਤ,ਏਕਾ,ਇਨਸਾਨੀਅਤ ਅਪਨਾਉਣ ਦੀ ਅਗਰ ਮੇਰੀ ਕੌਮ ਅਜਿਹਾ ਕਰਨ ਵਿਚ ਅਸਫਲ ਰਹਿ ਗਈ।ਕੁਝ ਵੀ ਨਾ ਕਰ ਸਕੇ ਤਾਂ ਮੇਰੀ ਕੌਮ ਦਾ ਕਿਸ ਦਾਸਤਾਨ 'ਚ ਜ਼ਿਕਰ ਨਹੀਂ ਹੋਵੇਗਾ। ਇਸ ਲਈ ਕੌਮ ਦੇ ਲੋਕਾਂ ਨੂੰ ਸਮਝ ਜਾਣਾ ਚਾਹੀਦਾ ਹੈ। ਨਹੀਂ,ਤਾਂ ਡਾ ਇਕਬਾਲ ਦਾ ਸ਼ੇਅਰ ਬਹੁਤ ਢੁਕਵਾਂ ਹੋਵੇਗਾ, "**ਅਗਰ ਅਬ ਵੀ ਨਾ ਸਮਝੇ ਤੋ ਮਿਟ ਜਾਉਗੇ ਦੁਨੀਆਂ ਸੇ ਤੁਮਾਰੀ ਦਾਸਤਾਨ ਤੱਕ ਨਾ ਹੋਗੀ ਕਿਸੀ ਦਾਸਤਾਨੋ ਮੇ** "। ਆਓ ਸਾਥੀਓ ਰਲ ਮਿਲ ਕੇ ਆਪਣੇ ਗੁਰੂਆਂ, ਰਹਿਬਰਾਂ ਦੇ ਮਿਸ਼ਨ ਜਾਣ ਲਈਏ,ਉਸ ਨੂੰ ਹਰ ਘਰ ਪਹੁੰਚਾਈਏ,ਗੁਰੂਆਂ ਰਹਿਬਰਾਂ ਦੇ ਦਰਸਾਏ ਮਾਰਗ ਤੇ ਚਲ ਕੇ ਬੇਗਮਪੁਰਾ ਸ਼ਹਿਰ ਵਸਾਈਏ ਸਾਡੀ ਇਸ ਤੋਂ ਇਲਾਵਾ ਬਾਬਾ ਸਾਹਿਬ ਨੂੰ ਕੋਈ ਹੋਰ ਸੱਚੀ ਸ਼ਰਧਾਂਜਲੀ ਨਹੀਂ ਹੋ ਸਕਦੀ।[17]

## ਮਾਤਾ ਰਾਮਾਬਾਈ ਅੰਬੇਡਕਰ ਜੀ

ਭਾਰਤ ਰਤਨ ਬਾਬਾ ਸਾਹਬ ਜੀ ਦੀ ਪਹਿਚਾਨ ਦੁਨੀਆ ਵਿੱਚ ਸਥਾਪਿਤ ਹੋਈ ਹੈ। ਦੁਨੀਆ ਦੇ ਮਹਾਨ ਵਿਦਵਾਨਾਂ ਵਿੱਚ ਸਾਮਿਲ ਹੋਣ ਲਈ ਉਹਨਾਂ ਦੀ ਆਪਣੀ ਲਗਨ ਮੇਹਨਤ ਦੇ ਨਾਲ ਨਾਲ ਉਹਨਾਂ ਦੀ ਪਤਨੀ ਰਾਮਾਬਾਈ ਅੰਬੇਡਕਰ ਜੀ ਦਾ ਬਹੁਤ ਖਾਸ ਯੋਗਦਾਨ ਹੈ। ਕਿਉਂਕਿ ਜੇ ਬਾਬਾ ਸਾਹਬ ਜੀ ਦੀ ਜੀਵਨ ਸਾਥੀ ਤਿਆਗ,ਬਲੀਦਾਨਅਤੇ ਧਾਰਮਿਕ ਖਿਆਲਾਂ ਦੀ ਨਾ ਹੁੰਦ ਤਾਂ ਸ਼ਾਇਦ ਅੱਜ ਦੁਨੀਆ ਨੂੰ ਬਾਬਾ ਸਾਹਬ ਜੀ ਦੀ ਇਹੋ ਜੇਹੀ ਸਖਸ਼ੀਅਤ ਨਾ ਮਿਲਦੀ।ਬਾਬਾ ਸਾਹਬ ਜੀ ਨੂੰ ਮਹਾਨ ਬਣਾਉਣ ਵਿੱਚ ਬਹੁਜਨ ਸਮਾਜ ਦੀ ਮਾਤਾ ਰਾਮਾਬਾਈ

ਜੀ ਦਾ ਬਹੁਤ ਯੋਗਦਾਨ ਹੈ।

ਰਾਮਾਬਾਈ ਜੀ ਦਾ ਜਨਮ 1898 ਨੂੰ ਦਾਪੋਲੀ ਵਿਖੇਹੋਇਆ ਬਚਪਨ ਵਿੱਚ ਹੀ ਉਹਨਾਂ ਦੇ ਮਾਤਾ ਪਿਤਾ ਜੀ ਉਹਨਾਂ ਨੂੰ ਇਕੱਲੇ ਛੱਡ ਕੇ ਚਲੇ ਗਏ।ਰਾਮਾਬਾਈ ਬਚਪਨ ਤੋਂ ਹੀ ਆਪਣੇ ਮਾਤਾ ਪਿਤਾ ਜੀ ਦੇ ਪਿਆਰ ਤੋਂ ਆਨਾਥ ਹੋ ਗਈ।ਆਪ ਜੀ ਦਾ ਬਚਪਨ ਦਾ ਨਾਂ ਰਾਮੀਬਾਈ ਸੀ। ਉਹਨਾਂ ਦੀਆ ਦੋ ਭੈਣਾਂ ਅਤੇ ਇੱਕ ਭਰਾ ਸ਼ੰਕਰ ਸੀ।

ਰਾਮੀਬਾਈ ਜੀ ਦੀ ਦੀ ਸ਼ਾਦੀ ਭੀਮਰਾਓ ਅੰਬੇਡਕਰ ਜੀ ਨਾਲ ਹੋਈ ਸ਼ਾਦੀ ਸਮੇਂ ਰਾਮਾ ਬਾਈ ਜੀ ਦੀ ਉਮਰ ਕੇਵਲ 9 ਸਾਲ ਦੀ ਸੀ।ਅਤੇ ਭੀਮਰਾਓ ਜੀ ਦੀ ਉਮਰ 16 ਸਾਲ ਦੀ ਸੀ।ਸ਼ਾਦੀ ਤੋਂ ਬਾਅਦ ਉਹਨਾਂ ਦਾ ਨਾਮ ਰਾਮਾਬਾਈ ਹੋ ਗਿਆ

ਰਾਮਾ ਬਾਈ ਜੀ ਬਹੁਤ ਚੰਗੇ ਸੁਭਾਅ ਦੀ ਔਰਤ ਸੀ ,ਉਸ ਵਿੱਚ ਧਾਰਮਿਕਤਾ ਬਹੁਤ ਜਿਆਦਾ ਸੀ। ਉਸ ਦਾ ਦਿਲ ਬਹੁਤ ਨਰਮ ਸੀ। ਉਸ ਦੀ ਸੋਚ ਮਾਨਵਵਾਦੀ ਸੀ ।ਉਸ ਵਿੱਚ ਸ਼ਹਿਣਸ਼ੀਲਤਾ ਦਾ ਕੋਈ ਅੰਤ ਨਹੀਂ ਸੀ। ਬੇਸ਼ੱਕ ਰਾਮਾਬਾਈ ਜੀ ਅਨਪੜ ਪਰ ਸਮਾਜਿਕ ਜੀਵਨ ਵਿੱਚ ਉਹ ਕਾਫ਼ੀ ਗਿਆਨਵਾਨ ਸੀ। ਉਹ ਮੇਹਨਤੀ ਅਤੇ ਇਮਾਨਦਾਰ ਸੀ ।ਉਸ ਵਿੱਚ ਸਿੱਕਣ ਦਾ ਹੁਨਰ ਸੀ ਉਹ ਕੁਝ ਨਾ ਕੁਝ ਸਿੱਖਣ ਲਈ ਤਿਆਰ ਰਹਿੰਦੀ ਸੀ।ਰਾਮਾ ਬਾਈ ਜੀ ਨੂੰ ਬਾਬਾ ਸਾਹਬ ਜੀ ਨੇ ਗਿਆਨਵਾਨ ਬਣਾਤਉਣਾ ਸ਼ੁਰੂ ਕੀਤਾ ਸੀ ।

ਰਾਮਾ ਬਾਈ ਜੀ ਅਤੇ ਬਾਬਾ ਸਾਹਬ ਵਿੱਚ ਪਿਆਰ ਬਹੁਾ ਸੀ ਉਹ ਬਾਬਾ ਸਾਹਬ ਜੀ ਦਾ ਬਹੁਤ ਖਿਆਲ ਰੱਖਦੀ ਸੀ। ਕਈ ਵਾਰ ਬਾਬਾ ਸਾਹਬ ਜੀ ਪੜਦੇ ਸਮੇਂ ਰੋਟੀ ਤੱਕ ਭੁੱਲ ਜਾਂਦੇਂ ਸਨ ਤਾਂ ਆਪ ਜੀ ਰਾਤ ਰਾਤ ਜਾਗਦੇ ਸਨ ਬਾਬਾ ਸਾਹਬ ਜੀ ਦੀ ਸੇਵਾ ਵਿੱਚ ।ਇੱਕ ਤਪੱਸਿਆ ਅਤੇ ਤਿਆਗ ਦੀ ਬੇਮਿਸਾਲ ਮੂਰਤ ਸੀ ਜਿਸ ਨੇ ਨਵੇਂ ਇਤਹਾਸ ਲਈ ਨਵੀਨ ਜਮੀਨ ਤਿਆਰ ਕੀਤੀ

ਆਪ ਜੀ ਦੇ ਘਰ ਤਿੰਨ ਬੱਚਿਆ ਨੇ ਜਨਮ ਲਿਆ ਯਸ਼ੰਵਤ,ਰਮੇਸ਼,ਅਤੇ ਗੰਗਾਧਰ ਇਹਨਾਂ ਵਿੱਚੋਂ ਰਾਮੇਸ਼ ਅਤੇ ਗੰਗਾਧਰ ਦੀ ਮੌਤ ਬਚਪਨ ਵਿੱਚ ਹੀ ਹੋ ਗਈ ਸੀ। ਰਾਮਾਬਾਈ ਜੀ ਨੇ ਜਿੰਦਗੀ ਵਿੱਚ ਬਹੁਤ ਜਿਆਦਾ ਤੰਗੀ ਦੇਖੀ ਸੀ।ਉਹ ਥੋੜੇ ਪੈਸੀਆ ਨਾਲ ਆਪਣਾ ਅਤੇ ਪਰਿਵਾਰ ਦਾ ਗੁਜਾਰਾ ਚਲਾਉਦੀ ਸੀ।ਰਾਮਾ ਬਾਈ ਜੀ ਇੱਕ ਸ਼ੰਘਰਸ਼ ਮਈ ਜਿੰਦਗੀ ਦਾ ਸਫਰ ਗੁਜਾਰਦਿਆ ਆਪਣੀ ਜੀਵਨ ਯਾਰਤਰਾਂ ਨੂੰ ਪੂਰੀ ਕਰਦਿਆ 27 ਮਈ 1935 ਨੂੰ ਦੁਨੀਆ ਤੋਂ ਹਮੇਸ਼ਾ ਲਈ ਚਲੀ ਗਈ। ਆਪ ਜੀ ਨੇ ਆਪਣੇ ਆਖ਼ਰੀ ਸਮੇਂ  ਬਾਬਾ ਸਾਹਿਬ ਜੀ ਨੂੰ ਇਹ ਸ਼ਬਦ ਕਹੇ ਸੀ ਕਿ"ਤੁਸੀ ਬੇ ਸਹਾਰਾ ਸਮਾਜ ਦਾ ਹਮੇਸ਼ਾ ਸਹਾਰਾ ਬਣ ਕੇ ਰਹਿਣਾ ਸਾਰਾ ਸਮਾਜ ਤੁਹਾਡਾ ਪਰਿਵਾਰ ਹੈ" ਆਪ ਜੀ ਦੀ ਦੇਣ ਨੂੰ ਸਮਝਣ ਲਈ ਬਾਬਾ ਸਾਹਬ ਜੀ ਦੇ ਜੀਵਨ ਸ਼ੰਘਰਸ਼ ਨੂੰ ਸਮਝਣਾ ਬਹੁਤ ਜਰੂਰੀ ਹੈ।[18]

## ਕ੍ਰਾਂਤੀਕਾਰੀ ਪੈਰੀਆਰ ਮਹਾਨ

ਕ੍ਰਾਂਤੀਕਾਰੀ ਪੈਰੀਆਰ ਮਹਾਨ ਜੀ ਦਾ ਜਨਮ ਸਤੰਬਰ 1879 ਨੂੰ ਤਾਮਿਲਨਾਡੂ ਰਾਜ ਵਿਚ ਦੇ ਡਰੋਡਾ ਨਗਰ ਵਿਚ ਹੋਇਆ ਆਪ ਜੀ ਦੇ ਪਿਤਾ ਵੇਕਟਾ ਨਾਇਕਰ ਭਾਰਤ ਦੇ ਪ੍ਰਸਿੱਧ ਵਪਾਰੀ ਸਨ ਅਤੇ ਮਾਤਾ ਚਿੰਤਾਬਾਈ ਅਪਾਲ ਪ੍ਰਸਿੱਧ ਧਾਰਮਿਕ ਖਿਆਲ ਦੀ ਔਰਤ ਸੀ। ਅੱਠ ਸਾਲ ਦੀ ਉਮਰ ਵਿਚ ਸਕੂਲ ਭੇਜਿਆ ਗਿਆ ਪਰ ਦੋ ਸਾਲ ਬਾਅਦ ਪੈਰੀਅਰ ਨੇ ਸਕੂਲ ਛੱਡ ਦਿੱਤਾ ਪੈਰੀਅਰ ਜਾਤ-ਪਾਤ ਨੂੰ ਨਹੀਂ ਮਨਦੇ ਸਨ ਸਕੂਲੀ ਬੱਚਿਆ ਨਾਲ ਖੇਡਦੇ ਸੀ। ਉਹ ਅਛੂਤ

ਸਮਾਜ ਦੇ ਘਰਾਂ ਵਿੱਚ ਆਉਂਦੇ ਜਾਂਦੇ ਆਪ ਜੀ ਸਮਾਜ ਵਿਚ ਸਾਰਿਆ ਨੂੰ ਇਕ ਸਮਾਨ ਸਮਝਦੇ ਸਨ। ਪੈਰੀਆਰ ਜੀ ਦਾ ਸੁਭਾਅ ਬਦਲਣ ਲਈ ਉਹਨਾਂ ਨੂੰ ਨਾਨਕੇ ਪਿੰਡ ਵੀ ਭੇਜਿਆ ਗਿਆ। ਪਰ ਆਪ ਜੀ ਦਾ ਕੋਈ ਸੁਭਾਅ ਵਿਚ ਪ੍ਰਿਵਤਨ ਨਹੀਂ ਆਇਆ। ਆਪ ਜੀ ਨੂੰ ਪਿਤਾ ਜੀ ਨੇ ਫਿਰ ਸਕੂਲ ਭੇਜਿਆ ਗਿਆ। ਪਰ ਇੱਥੇ ਆ ਕੇ ਵੀ ਸਮਾਜ ਦਾ ਉਹੀ ਚਿਹਰਾ ਨਜ਼ਰ ਆਇਆ ਸਮਾਜ ਵਿਚ ਭੇਦ-ਭਾਵ, ਊਚ- ਨੀਚ, ਜਾਤ-ਪਾਤ ਪਖੰਡ ਆਦਿ ਬਹੁਤ ਜਿਆਦਾ ਸੀ। ਬ੍ਰਾਹਮਣਵਾਦ ਦੀ ਨਫਰਤ ਭਰੀ ਵਿਵਸਥਾ ਤੋਂ ਤੰਗ ਆ ਕੇ ਆਪ ਜੀ ਨੇ ਫਿਰ ਸਕੂਲ ਨੂੰ ਹਮੇਸ਼ਾ ਲਈ ਤਿਆਗ ਦਿੱਤਾ ਬਸ ਘਰ ਬਹਿ ਕੇ ਹੀ ਗਿਆਨ ਭਰਪੂਰ ਪੁਸਤਕਾਂ ਦਾ ਅਧਿਐਨ ਕੀਤਾ। **ਗਿਆਰਾਂ ਸਾਲ ਦੀ ਉਮਰ 'ਚ ਉਹ ਤਜ਼ਰਬਾ ਪ੍ਰਾਪਤ ਕਰ ਲਿਆ ਸੀ। ਜੋ ਅਛੂਤ ਵਰਗ ਸਦੀਆਂ 'ਚ ਵੀ ਸਮਝ ਨਹੀਂ ਸੀ ਪਾਇਆ ਆਪ ਜੀ ਨੇ ਅਛੂਤ ਬਸਤੀਆ ਵਿੱਚ ਜਾ ਕੇ ਉਹਨਾਂ ਨੂੰ ਜਾਗ੍ਰਿਤ ਕਰਨਾ ਸ਼ੁਰੂ ਕੀਤਾ।** ਸਮਾਜ ਵਿਚ ਆਪ ਨੇ ਅੰਧ ਵਿਸ਼ਵਾਸ ਉੱਪਰ ਕਰਾਰੀ ਚੋਟ ਕੀਤੀ।

29 ਸਾਲ ਦੀ ਉਮਰ 'ਚ ਆਪ ਜੀ ਦੀ ਸ਼ਾਦੀ ਨਾਗ ਮੱਲ ਨਾਲ ਹੋਈ ਪੈਰੀਅਰ ਜੀ ਨੇ ਅਛੂਤਾਂ ਨਾਲ ਭੇਦ ਭਾਵ, ਨਫਰਤ ਦੀ ਭਾਵਨਾ ਵੇਖਦਿਆ ਆਪਣਾ ਸ਼ੰਘਰਸ਼ ਬਹੁਤ ਤੇਜ ਕਰ ਦਿੱਤਾ ਸੀ। ਕੇਰਲ ਰਾਜ ਵਿਚ ਅਛੂਤ ਉੱਪਰ ਜੁਲਮ ਵਿਚ ਭਾਰੀ ਵਾਧਾ ਹੋਣ ਕਾਰਨ ਆਪ ਜੀ ਨੇ ਉਚ ਜਾਤੀ ਵਿਵਸਥਾ ਵਿਰੁੱਧ ਖੁੱਲ੍ਹੇ ਸੰਘਰਸ਼ ਦਾ ਕੇਰਲ ਰਾਜ ਵਿੱਚ ਐਲਾਨ ਕਰ ਦਿੱਤਾ। ਆਪ ਨੇ ਤਿੱਖੇ ਤੇਜ ਭਾਸ਼ਣ ਕੀਤਾ ਜਿਸ ਤੋਂ ਪ੍ਰਭਾਵਿਤ ਹੋ ਕੇ 1920 ਵਿਚ ਕਾਂਗਰਸ ਨੇ ਉਹਨਾਂ ਨੂੰ ਕੇਰਲ ਰਾਜ ਦਾ ਪ੍ਰਧਾਨ ਸਥਾਪਿਤ ਕੀਤਾ। ਪੈਰੀਆਰ ਰਾਮਾ ਸੁਆਮੀ ਨੇ ਮਨੂੰਵਾਦੀ ਵਿਵਸਥਾ ਵੰਗਰਦਿਆਂ 1920 ਵਿਚ ਤਿਰੂਨੇ ਲਵੇਲੀ ਵਿਚ ਅਧੀਵੇਸ਼ਨ ਬੁਲਾਇਆ ਜਿਸ ਵਿਚ ਅਛੂਤ ਲਈ ਰਾਂਖਵਾਕਰਨ ਦੀ ਮੰਗ ਰੱਖੀ ਗਈ। ਉਚ ਜਾਤ ਵਲੋਂ ਵਿਰੋਧ ਹੋਣ ਉਪੰਰਤ ਆਪ ਜੀ ਨੇ ਜਲਦੀ ਹੀ ਕਾਂਗਰਸ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਪੈਰੀਆਰ ਜੀ ਨੇ ਦਰਾਵਿੜ ਅੰਦੋਲਨ ਨਾਮ ਦਾ ਇਕ ਸੰਗਠਨ ਬਣਾਇਆ। **ਆਪ ਨੇ ਖੁਲ ਕੇ ਝੂਠੇ ਕਰਮ ਕਾਂਡ ਪਖੰਡੀ ਭਗਵਾਨਾ ਦਾ ਵਿਰੋਧ ਅਤੇ ਖੰਡਨ ਕੀਤਾ।**

ਪੈਰੀਅਰ ਜੀ ਨੇ 1944 ਵਿਚ ਜਸਟਿਸ (ਨਿਆਂ) ਪਾਰਟੀ ਦੀ ਸਥਾਪਨਾ ਕੀਤੀ ਜੋ ਬਾਅਦ ਵਿਚ ਦੜਾਵਿੜ ਕਜਗਮ ਪਾਰਟੀ ਵਿਚ ਤਬਦੀਲ ਹੋ ਗਈ। 1931 ਵਿਚ ਪੈਰੀਅਰ ਦੀ ਯੂਨੈਨ, ਫਰਾਂਸ, ਸਪੇਨ, ਇੰਗਲੈਂਡ ਆਦਿ ਵਿਚ ਪ੍ਰਚਾਰ ਯਾਤਰਾਵਾਂ ਵੀ ਕੀਤੀਆ ਪੈਰੀਅਰ ਜੀ ਨੇ ਆਪਣੀ ਸਾਰੀ ਉਮਰ ਮਾਨਵਤਾ ਦੇ ਹੱਕ 'ਚ ਹੀ ਪ੍ਰਚਾਰ ਕੀਤਾ। ਆਪ ਨੇ ਅਨੇਕਾਂ ਪ੍ਰਕਾਰ ਦਾ ਸਾਹਿਤ ਰਚਿਆ। **ਅਨੇਕਾਂ ਅਖ਼ਬਾਰਾਂ ਵਿਚ ਅਨੇਕਾਂ ਲੇਖ ਸੀ ਪ੍ਰਚਾਰ ਕੀਤਾ ਪਰ ਸੱਚੀ ਰਮਾਇਣ ਲਿੱਖ ਕੇ ਇਸ ਸਮਾਜ ਵਿਚ ਹਲਚਲ ਪੈਦਾ ਕਰ ਦਿੱਤੀ ਅੱਜ ਬੁੱਧੀ ਜੀਵੀ ਵਰਗ ਵਿਚ ਸੱਚੀ ਰਮਾਇਣ ਇਕ ਖਾਸ ਸਥਾਨ ਰੱਖਦੀ ਹੈ।** ਆਪ ਜੀ 24 ਦਸੰਬਰ 1973 ਨੂੰ ਇਸ ਸੰਸਾਰ ਤੋਂ ਸਦਾ ਲਈ ਚਲੇ ਗਏ।ਆਪ ਜੀ ਦਾ ਤਰਕਵਾਦੀ, ਸਿਧਾਂਤਵਾਦੀ, ਦਰਸ਼ਣ ਅੱਜ ਵੀ ਮਾਰਗ ਦਰਸ਼ਨ ਦਾ ਕੰਮ ਕਰ ਰਿਹਾ ਹੈ।[19]

## ਗਾਡਗੇ ਜੀ ਮਹਾਂਰਾਜ

ਮਹਾਂਰਾਸ਼ਟਰ ਦੀ ਧਰਤੀ ਨੇਂ ਰਾਤ ਨੂੰ ਛੂਆ ਛਾਤ ਤੋਂ ਮੁਕਤ ਕਰਾਉਣ ਲਈ ਅਨੇਕਾ ਸੰਤਾਂ ਨੂੰ ਪੈਦਾ ਕੀਤਾ ਹਨ। ਜਿਨ੍ਹਾਂ ਨੇ ਆਪਣੇ ਕ੍ਰਾਂਤੀ ਕਾਰੀ ਵਿਚਾਰਾਂ ਨਾਲ, ਅਤੇ ਸੰਘਰਸ਼ ਨਾਲ ਅਪਮਾਨਿਤ ਲੋਕਾ ਲਈ ਸਨਮਾਨਜਨਕ,ਸੋਚ, ਸਵੈਮਾਣ ਦੀ ਸ਼ਕਤੀ ਨੂੰ ਜਨਮ

ਦਿੱਤਾ। ਅਤੇ ਇੱਕ ਤਬਦੀਲੀ ਨੂੰ ਜਨਮ ਦਿੱਤਾ।

ਮਹਾਨ ਸਮਾਜ ਸੁਧਾਰਕ ਸੰਤ ਗਾਡਗੇ ਜੀ ਮਹਾਰਾਜ ਦਾ ਜਨਮ 23 ਫਰਵਰੀ 1879 ਨੂੰ ਮਹਾਂਰਾਸ਼ਟਰ ਵਿੱਚ ਹੋਇਆ।ਆਪ ਜੀ ਦੇ ਪਿਤਾ ਸਿੰਗਰਾਜੀ ਜਾਨੋਰਕਰ ਜੀ ਅਤੇ ਮਾਤਾ ਜੀ ਸੁੱਖ ਦਾਈ ਜੀ ਸੀਆਪ ਜੀ ਦੇ ਪਿਤਾ ਜੀ ਦਾ ਦਿਹਾਂਤ ਬਚਪਨ ਵਿੱਚ ਹੀ ਹੋ ਗਿਆ ਸੀ।ਆਪ ਜੀ ਦੀ ਸ਼ਾਦੀ ਕੁੰਮਬਾ ਬਾਈ ਜੀ ਨਾਤਲ ਹੋਈ ਆਪ ਜੀ ਦੇ ਘਰ ਇੱਕ ਲੜਕੀ ਦਾ ਜਨਮ ਹੋਇਆ।

**ਆਪ ਜੀ ਦਾ ਨਮ ਧਾਰਮਿਕ ,ਸਮਾਜਿਕ ਚਿੰਤਨ ਵਿੱਚ ਲੀਨ ਰਹਿੰਦਾ ਸੀ। ਆਪ ਜੀ ਦਾ ਜਨਮ ਧੋਬੀ ਸਮਾਜ ਵਿੱਚ ਹਇਆ।** ਆਪ ਜੀ ਨੇ ਸਮਾਜ ਵਿੱਚ ਪ੍ਰਚੱਲਿਤ ਬੁਰਾਈਆ ਦਾ ਖੁੱਲ ਕੇ ਵਿਰੋਧ ਕੀਤਾ। ਸਮਾਜ ਨੂੰ ਗਿਆਨ ਹਾਸਲ ਕਰਨ ਲਈ ,ਅੰਧ ਵਿਸਵਾਸ ਮੁਕਤ ਹੋਣ ਦੀ ਪ੍ਰੇਰਣਾ ਦਿੱਤੀ।

ਗਾਡਗੇ ਜੀ ਮਹਾਰਾਜ ਜੀ ਨੇ ਸਮਾਜ ਵਿੱਚ ਜਾਗ੍ਰਿਤੀ ਲਿਅਉਣ ਲਈ ਕ੍ਰਾਂਤੀਕਾਰੀ ਅੰਦੋਲਨ ਕੀਤਾ। ਅਤੇ ਆਪ ਜੀ ਦਾ ਜੀਵਨ ਦਲਿਤ ਸਮਾਜ ਲਈ ਇੱਕ ਪ੍ਰੇਰਣਾ ਹੈ ਜੋ ਸਵੈਮਾਣ ਮਈ ਜੀਵਨ ਜਿਉਣ ਦੀ ਸਿੱਖਿਆ ਦਿੱਤੀ ਅਤੇ ਸ਼ੰਦੇਸ਼ ਦਿੱਤਾ ਕਿ :-

**''ਮੰਦਰ ਵਿੱਚ ਰੌਸ਼ਨੀ ਕਰਨ ਲਈ ਦੀਵਾ ਜਗਾਉਂਣਾ ਪੈਦਾ ਹੈ। ਮੰਦਰ ਵਿੱਚ ਦੇਵਤਾ ਰੌਸ਼ਨੀ ਨਹੀਂ ਕਰਦਾ, ਰੌਸ਼ਨੀ ਤਾਂ ਦੀਵੇਂ ਕਰਕੇ ਹੁੰਦੀ ਹੈ। ਜੋ ਖ਼ੁਦ ਆਪਣੇ ਘਰ (ਮੰਦਰ) ਵਿੱਚ ਰੌਸ਼ਨੀ ਨ੍ਹੀਂ ਕਰ ਸਕਦਾ ,ਉਹ ਭਗਵਾਨ ਤੁਹਾਡੇ ਜੀਵਨ ਵਿੱਚ ਰੌਸ਼ਨੀ ਕਿਵੇਂ ਕਰ ਸਕਦਾ ਹੈ।**[20]

## ਹਵਾਲੇ


1. ਮਹਾਂਰਿਸ਼ੀ ਵਾਲਮੀਕਿ: ਸਿਰੀ ਰਾਮ ਅਰਸ਼

2. ਭਾਰਤੀ ਲੋਕ ਨੀਚ ਕਿਵੇਂ ਬਣੇ?: ਪ੍ਰੋ.ਗੁਰਨਾਮ ਸਿੰਘ ਮੁਕਤਸਰ

3. ਭਾਰਤੀ ਲੋਕ ਨੀਚ ਕਿਵੇਂ ਬਣੇ?: ਪ੍ਰੋ.ਗੁਰਨਾਮ ਸਿੰਘ ਮੁਕਤਸਰ

4. ਮਹਾਂਰਿਸ਼ੀ ਵਾਲਮੀਕਿ: ਸ਼ਿਰੀ ਰਾਮ ਅਰਸ਼

5. ਗੁਰੂ ਰਵਿਦਾਸ ਜੀ : ਸੰਤ ਰਾਮਾ ਨੰਦ ਜੀ

6. ਕਹਿ ਰਵਿਦਾਸ ਚਮਾਰਾਂ: ਪ੍ਰੋ.ਗੁਰਨਾਮ ਸਿੰਘ ਮੁਕਤਸਰ

7.ਕਹਿ ਰਵਿਦਾਸ ਚਮਾਰਾਂ: ਪ੍ਰੋ.ਗੁਰਨਾਮ ਸਿੰਘ ਮੁਕਤਸਰ

8. ਸਤਿਗੁਰੂ ਕਬੀਰ ਜੀ : ਕੁੰਦਨ ਲਾਲ ਬੱਧਣ

9. ਕਬੀਰ ਸਾਖੀ ਸੰਗ੍ਰਿਹ

10.11. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

12. 13. ਦਲਿਤ ਪ੍ਰੇਰੇਣਾ ਨਾਇਕ: ਰਾਜੇਸ਼ ਕੈਂਥ

14. ਗੁਲਾਮ ਗਿਰੀ ਜੋਤੀ ਰਾਓ ਫੂਲੇ ਜੀ

15. ਸਵਿਤਰੀ ਬਾਈ ਫੂੱਲੇ ਜੀ: ਰਜਨੀ ਤਿਲਕ

16. ਛਤਰਪਤੀ ਸ਼ਾਹੂ ਜੀ ਮਹਾਂਰਾਜ: ਬਹੁਜਨ ਸੰਗਠਕ ਸੰਪਾਦਕ ਕਾਸ਼ੀ ਰਾਮ

17. ਬੇਗਮਪੁਰਾ ਸ਼ਹਿਰ ਅਖ਼ਬਾਰ: ਰਾਜੇਸ਼ ਕੈਂਥ

18.ਬਹੁਜਨ ਸੰਗਠਕ: ਸੰਪਾਦਕ ਕਾਸ਼ੀ ਰਾਮ

19. ਪੈਰੀਆਰ ਮਹਾਨ : ਬਹੁਜਨ ਸੰਗਠਕ ਸੰਪਾਦਕ ਕਾਸ਼ੀ ਰਾਮ

20. ਇੱਕ ਲੇਖ : ਰਾਜੇਸ਼ ਕੈਂਥ

# 22. ਚਮਾਰ ਜਾਤੀ ਦੇ ਸਮਾਜਿਕ ਸੁਧਾਰ ਦੇ ਅੰਦੋਲਨ

ਚਮਾਰ ਜਾਤੀ ਦੇ ਲੋਕ ਭਾਰਤੀ ਮੂਲ ਦੇ ਹਨ ਜਿਹਨਾਂ ਨੇ ਭਾਰਤ ਦੇ ਇਤਿਹਾਸ ਵਿੱਚ ਆਪਣੀ ਇੱਕ ਅਲੱਗ ਪਹਿਚਾਣ ਸਥਾਪਿਤ ਕੀਤੀ ਹੈ। ਭਾਰਤ ਵਿੱਚ ਚਮਾਰ ਜਾਤੀ ਦੇ ਲੋਕਾਂ ਨੇ ਆਪਣੀ ਮੂਲ ਪਹਿਚਾਣ ਨੂੰ ਖਤਮ ਨਹੀਂ ਹੋਣ ਦਿੱਤਾ, ਕਿਉਂਕਿ ਕਿਸੇ ਵੀ ਸਮੇਂ ਵਿੱਚ ਕਿਸੇ ਵੀ ਯੁੱਗ ਵਿੱਚ ਚਮਾਰ ਜਾਤੀ ਦੇ ਲੋਕ ਜ਼ਬਰ ਜ਼ੁਲਮ ਦੇ ਵਿਰੋਧੀ ਭੂਮਿਕਾ ਵਿੱਚ ਰਹੇ ਹਨ। ਚਮਾਰ ਜਾਤੀ ਦੇ ਲੋਕ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੋਏ। ਸਤਿਗੁਰੂ ਰਵਿਦਾਸ ਜੀ ਨੇ ਚਮਾਰ ਜਾਤੀ ਨੂੰ ਜਾਗ੍ਰਿਤ ਕਰਕੇ ਭਾਰਤ ਦੇ ਮੂਲ ਨਿਵਾਸੀ ਸਮਾਜ ਦੀ ਮੂਲ ਭਾਵਨਾ ਨਾਲ ਸਵੈਮਾਣ ਦੀ ਭਾਵਨਾ ਭਰ ਕੇ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਅਪਨਾਉਣ ਅਤੇ ਆਪਣੀ ਰਾਜ ਭਾਗ ਦੀ ਵਿਵਸਥਾ ਕਾਇਮ ਕਰਨ ਲਈ ਇੱਕ ਨਵੀਂ ਊਰਜਾ, ਨਵੀਂ ਚੇਤਨਾ ਅਤੇ ਨਵੀਂ ਨਰੋਈ ਸੋਚ ਪੈਦਾ ਕੀਤੀ। ਸਤਿਗੁਰੂ ਰਵਿਦਾਸ ਜੀ ਨੇ ਆਪਣੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀਕਾਰੀ ਅੰਦੋਲਨ ਕਰਕੇ ਭਾਰਤ ਦੇ ਬਹੁ ਗਿਣਤੀ ਲੋਕਾਂ ਨੂੰ ਸੰਘਰਸ਼ ਕਰਨ ਲਈ ਪ੍ਰੇਰਤ ਕੀਤਾ। ਚਮਾਰ ਜਾਤੀ ਦੇ ਲੋਕ ਆਤਮ ਨਿਰਭਰ ਕੌਮ ਦੇ ਲੋਕ ਹਨ। ਜਿਨ੍ਹਾਂ ਨੇ ਕਦੇ ਵੀ ਹਿੰਮਤ, ਉਮੀਦ ਅਤੇ ਆਤਮ ਵਿਸ਼ਵਾਸ ਨੂੰ ਨਹੀਂ ਛੱਡਿਆ। ਇਹੀ ਕਾਰਣ ਹੈ ਕਿ ਵਾਰ ਵਾਰ ਗੁਲਾਮੀ ਦੇ ਬੋਝ ਹੇਠਾਂ ਦੱਬ ਕੇ ਵੀ ਇਹ ਜਲਦੀ ਆਜ਼ਾਦ ਹੋਣ ਦੀ ਸਫਲ ਕੋਸ਼ਿਸ਼ ਕਰਕੇ ਮੁਕਤੀ ਦਾ ਇਤਿਹਾਸ ਸਿਰਜਦੀ ਰਹੀ ਹੈ। ਭਾਰਤ ਅੰਦਰ ਚਮਾਰ ਜਾਤੀ ਨੂੰ ਵਾਰ-ਵਾਰ ਦੁਸ਼ਮਣ ਦਾ ਮੁਕਾਬਲਾ ਕਰਨਾ ਪਿਆ। ਇੱਕ ਵਿਦੇਸ਼ੀ ਬ੍ਰਾਹਮਣਾ ਵਲੋਂ ਸਦੀਆਂ ਤੋਂ ਚੱਲੇ ਆ ਰਹੇ ਜ਼ੁਲਮ ਦਾ ਖਾਤਮਾ ਕਰਨਾ ਅਤੇ ਆਪਣੀ ਸੱਭਿਅਤਾ ਦਾ ਅਸਲ ਚਿਹਰਾ ਪੇਸ਼ ਕਰਨਾ ਇਹਨਾਂ ਦਾ ਮੁੱਖ ਮਕਸਦ ਸੀ ਆਪਣੀ ਸਵੈਮਾਣ ਦੀ ਸੋਚ ਸਦਕਾ ਆਪਣੀ ਤਾਕਤ ਦਾ ਅਹਿਸਾਸ ਕਰਾਉਣ ਲਈ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਮੁੱਖ ਸੀ। ਚਮਾਰ ਜਾਤੀ ਨੂੰ ਹਿੰਦੂ ਧਰਮ ਦੀ ਗੁਲਾਮੀ ਤੋਂ ਮੁਕਤੀ ਲਈ ਅਨੇਕਾਂ ਸਮਾਜ ਸੁਧਾਰ ਦੀਆਂ ਲਹਿਰਾਂ ਚਲਾਈਆਂ ਗਈਆਂ। ਅਨੇਕਾਂ ਯਤਨ ਕੀਤੇ ਗਏ ਅਪਮਾਨ ਨੂੰ ਬਦਲ ਕੇ ਸਨਮਾਨ ਪੈਦਾ ਕਰਨ ਲਈ।

## ਇੱਕ ਰਿਪੋਰਟ[1] ਅਨੁਸਾਰ

1920 ਦੀ ਇੱਕ ਰਿਪੋਰਟ ਅਨੁਸਾਰ 45000 ਚਮਾਰ ਜਾਤੀ ਦੇ ਲੋਕਾਂ ਨੇ ਈਸਾਈ ਧਰਮ ਅਪਨਾ ਲਿਆ ਸੀ। ਪੂਰੇ ਭਾਰਤ ਵਿੱਚ ਚਮਾਰ ਜਾਤੀ ਦੇ ਲੋਕਾਂ ਨੇ 1920 ਵਿੱਚ 10 ,811 ਨੇ ਮੁਸਲਮਾਨ ਧਰਮ ਅਪਣਾ ਲਿਆ ਸੀ। ਚਮਾਰ ਜਾਤੀ ਦੇ ਲੋਕਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ ਇੱਕ ਖਾਸ ਰਿਪੋਰਟ ਅਨੁਸਾਰ ਬਹੁਤ ਗਿਣਤੀ ਵਿੱਚ ਚਮਾਰ ਜਾਤੀ ਦੇ ਲੋਕ ਨਿਹੰਗ ਸਿੱਖ ਬਣ ਗਏ ਸਨ। ਇੱਥੇ ਹੀ ਬਸ ਨਹੀਂ ਹੋਈ ਭਾਰਤ ਦੀ ਮੂਲ ਨਿਵਾਸੀ ਬਹੁ ਗਿਣਤੀ ਚਮਾਰ ਜਾਤੀ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਆਰੀਆ ਸਮਾਜੀ ਬਣ ਗਏ। ਇਹ ਸਾਰਾ ਵਿਚਾਰਧਾਰਾ ਦਾ ਜਾਲ ਵਿਦੇਸ਼ੀ ਮੂਲ ਦੇ ਵਿਚਾਰਾਂ ਦਾ ਸੀ। ਇਹ ਸਾਰਾ ਕੁਝ ਕਰਨ ਦੇ ਬਾਅਦ ਵਿੱਚ ਵੀ ਚਮਾਰ ਜਾਤੀ ਦੇ ਲੋਕਾਂ ਨੂੰ ਈਸਾਈ

ਬਣਨ ਉਪਰੰਤ ਮਸੀਹ ਕਹਿ ਕੇ ਪੁਕਾਰਿਆ ਗਿਆ। ਮੁਸਲਮਾਨ ਬਣੇ ਤਾਂ ਲਾਲ ਵੇਗ, ਸੱਕਾ ਨਾਮ ਨਾਲ ਪੁਕਾਰਿਆ ਗਿਆ। ਸਿੱਖ ਬਣੇ ਤਾਂ ਮਜ਼ਬੀ, ਰਾਮਦਾਸੀ ਆਦਿ ਬੁਲਾਇਆ ਗਿਆ। ਆਰੀਆ ਸਮਾਜੀ ਬਣੇ ਤਾਂ ਮਹਾਸ਼ੇ ਕਿਹਾ ਗਿਆ। ਸਪੱਸ਼ਟ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਚਮਾਰ ਜਾਤੀ ਜੋ ਭਾਰਤੀ ਮੂਲ ਜਾਤੀ ਹੈ, ਇਸ ਨੂੰ ਆਰੀਆ ਬ੍ਰਾਹਮਣਵਾਦੀ ਵਿਚਾਰਾਧਰਾ ਦੇ ਮਾਲਕਾਂ ਨੇ ਹਿੰਦੂ ਧਰਮ ਵਿੱਚ ਕੋਈ ਸਥਾਨ ਨਹੀਂ ਦਿੱਤਾ, ਕੋਈ ਇੱਜ਼ਤ ਨਹੀਂ ਦਿੱਤੀ, ਅਪਮਾਨ ਬੇਹਿਸਾਬ ਕੀਤਾ ਗਿਆ, ਕੋਈ ਵੀ ਸੀਮਾ ਮਰਿਆਦਾ ਦੀ ਹੱਦ ਨਹੀਂ ਰੱਖੀ। ਚਮਾਰ ਜਾਤੀ ਦੇ ਲੋਕਾਂ ਵਲੋਂ ਅਪਨਾਏ ਗਏ ਧਰਮਾਂ ਵਿੱਚ ਵੀ ਇਹਨਾਂ ਨੂੰ ਸਨਮਾਣ ਨਹੀਂ ਮਿਲ ਪਾਇਆ। ਸਵੈਮਾਣ ਦੀ ਤਲਾਸ਼ ਵਿੱਚ ਚਮਾਰ ਜਾਤੀ ਦੇ ਲੋਕਾਂ ਨੇ ਇਨ੍ਹਾਂ ਧਰਮਾ ਵਿੱਚ ਖੁਦ ਨੂੰ ਸ਼ਾਮਿਲ ਤਾਂ ਕੀਤਾ ਸੀ ਪਰ ਉੱਥੇ ਵੀ ਉਹੀ ਨਫ਼ਰਤ, ਅਪਮਾਨਤਾ ਦਾ ਸਾਹਮਣਾ ਕਰਨਾ ਪਿਆ ਸੀ। ਚਮਾਰ ਜਾਤੀ ਨੇ ਆਪਣੀ ਪਹਿਚਾਣ ਨੂੰ ਉਜਾਗਰ ਕਰਨ ਲਈ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਲੜ੍ਹ ਫੜ ਲਿਆ। ਚਮਾਰ ਜਾਤੀ ਦੇ ਲੋਕਾਂ ਨੇ ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਵੱਡੀ ਪੱਧਰ ਤੇ ਸਮਝਿਆ ਤੇ ਪਰਚਾਰਿਆ।

## ਆਦਿ ਧਰਮ ਦੀ ਸਥਾਪਨਾ[3]

ਬਾਬੂ ਮੰਗੂਰਾਮ ਮੰਗੂਵਾਲ ਜੀ ਨੇ ਚਮਾਰ ਜਾਤੀ ਅਤੇ ਹੋਰ ਅਛੂਤ ਜਾਤੀਆਂ ਵਿੱਚ ਚੇਤਨਾ ਪੈਦਾ ਕਰਨ ਲਈ ਆਦਿ ਧਰਮ ਦੀ ਸਥਾਪਨਾ 1925 ਵਿੱਚ ਕੀਤੀ ਇਸ ਦਾ ਉਦੇਸ਼ ਵੀ ਅਛੂਤ ਜਾਤੀਆਂ ਵਿੱਚ ਸਵੈਮਾਣ ਦੀ ਭਾਵਨਾ ਪੈਦਾ ਕਰਨਾ ਸੀ। ਆਦਿ ਧਰਮ ਦੀ ਲਹਿਰ ਪੰਜਾਬ ਵਿੱਚ ਪੂਰੇ ਜ਼ੋਰ ਸ਼ੋਰ ਨਾਲ ਚੱਲੀ ਸੀ। ਬਾਬੂ ਮੰਗੂ ਰਾਮ ਜੀ ਨੂੰ ਇੱਕ ਸੰਘਰਸ਼ ਵਿੱਚੋ ਗੁਜ਼ਰਦਿਆਂ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤੀ ਮੂਲ ਨਿਵਾਸੀ ਅਛੂਤ ਜਾਤੀਆਂ ਦੀ ਚੇਤਨਾ ਬਿਨਾਂ ਇਹਨਾਂ ਵਿੱਚ ਜਾਗ੍ਰਿਤੀ ਲਿਆਂਦੇ ਬਿਨਾਂ ਕੋਈ ਪ੍ਰੀਵਰਤਨ ਨਹੀਂ ਆ ਸਕਦਾ। ਇਸ ਲਈ ਉਹ ਪੂਰੀ ਤਾਂ ਸਮਰਪਿਤ ਭਾਵਨਾ ਨਾਲ ਇਹਨਾਂ ਜਾਤੀਆਂ ਵਿੱਚ ਏਕਤਾ ਪੈਦਾ ਕਰਨ ਲਈ ਲੱਗ ਪਏ ਉਹਨਾਂ ਨੇ 1925 ਵਿੱਚ ਆਦਿ ਧਰਮ ਦੀ ਸਥਾਪਨਾ ਕੀਤੀ। ਉਹਨਾਂ ਨੇ 11-12 ਜੂਨ 1926 ਵਿੱਚ ਆਦਿ ਧਰਮ ਦੀ ਪਹਿਲੀ ਕਾਨਫਰੰਸ ਮਾਹਿਲਪੁਰ ਤਹਿਸੀਲ ਗੜ੍ਹਸ਼ੰਕਰ ਜਿਲ੍ਹਾ ਹੁਸਿਆਰਪੁਰ ਵਿਖੇ ਕੀਤੀ। ਆਪ ਜੀ ਨੇ ਇਸ ਵਿੱਚ ਸਰਬ ਸੰਮਤੀ ਨਾਲ ਮਤੇ ਪਾਸ ਕੀਤੇ :-

(1)ਆਦਿ ਧਰਮ ਅਛੂਤ ਸੁਸਾਇਟੀ ਕਾਇਮ ਕਰਕੇ ਅਛੂਤ ਬਿਰਾਦਰੀ ਵਿੱਚ ਸੰਗਠਨ ਪੈਦਾ ਕੀਤਾ ਜਾਵੇ ਅਤੇ ਗਲਤ ਰਸਮੋ-ਰਿਵਾਜ ਨੂੰ ਬੰਦ ਕਰਕੇ ਕੌਮੀ ਸੁਧਾਰ ਕੀਤਾ ਜਾਵੇ।

(2)ਆਪਣੇ ਗੁਰੂਆਂ ਦੀ ਬਾਣੀ ਦਾ ਪ੍ਰਚਾਰ ਕਰਕੇ ਭੂਤ-ਪ੍ਰੇਤਾ ਦੀ ਪੂਜਾ ਤੋਂ ਹਟਾ ਕੇ ਮਹਾਂਰਿਸ਼ੀ ਵਾਲਮੀਕ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਭਗਵਾਨ ਆਦਿ ਗੁਰੂਆ ਦੇ ਪੈਰੋਕਾਰ ਬਨਣਾ।

(3)ਆਪਣੇ ਗੁਰੂਆਂ ਦੇ ਜਨਮ ਦਿਨ ਧੂਮ ਧਾਮ ਨਾਲ ਮਨਾਏ ਜਾਣ ਅਤੇ ਜਨਮ ਦਿਹਾੜੇ ਤੇ ਹਕੂਮਤ ਵੱਲੋਂ ਛੁੱਟੀ ਲੈਣ ਦਾ ਯਤਨ ਕੀਤਾ ਜਾਵੇ।

(4) ਊਚ-ਨੀਚ ਅਤੇ ਛੂਆ-ਛਾਤ ਦੀ ਲਾਹਨਤ ਨੂੰ ਹਕੂਮਤ ਪਾਸੋਂ ਕਨੂੰਨ ਨਾਲ ਬੰਦ ਕਰਾਉਣਾ।

(5)ਵਿੱਦਿਆਂ ਹਾਸਿਲ ਕਰਨ ਲਈ ਲੜਕੇ ਲੜਕੀਆਂ ਨੂੰ ਸਕੂਲ ਵਿੱਚ ਭੇਜਣਾ ਫ਼ੀਸ ਮੁਆਫ ਤੇ ਵਜੀਫ਼ਿਆਂ ਲਈ ਮੰਗ ਕਰਨੀ। ਬਿਹਾਰ ਸੁਧਾਰ ਦੇ ਵਾਧੂ ਖਰਚਾ ਨੂੰ ਰੋਕਣਾ ਅਤੇ ਸਫਾਈ ਦਾ ਪ੍ਰਚਾਰ ਕਰਨਾ।

(6) ਮਜਲਸੀ ਤੇ ਸਿਆਸੀ ਹੱਕਾ ਨੂੰ ਪ੍ਰਾਪਤ ਕਰਾਉਣਾ।

(7)ਬੱਝੇ ਵੰਗਾਰ ਦੀ ਗੁਲਾਮੀ ਨੂੰ ਬੰਦ ਕਰਾਉਣਾ।

(8)ਰਈਯਤ ਨਾਮੇਂ ਤੇ ਕੰਮ-ਕਮੀਣ ਦੀ ਲਾਹਣਤ ਨੂੰ ਦੂਰ ਕਰਕੇ ਰਿਹਾਇਸ਼ੀ ਘਰਾਂ ਦਾ ਮਾਲਕ ਬਨਾਉਣਾ ।

(9)ਇੰਤਕਾਲ ਆਰਜੀ ਐਕਟ ਵਿੱਚ ਤਰਜ਼ੀਮ ਕਰਵਾ ਕੇ ਜ਼ਿਮੀਦਾਰਾਂ ਵਾਗ ਕਾਸ਼ਤ ਕਾਰਾਂ ਦੇ ਵਿੱਚ ਸੁਧਾਰ ਕਰਾਉਣਾ।

(10) ਅਛੂਤ ਪੰਥ ਨੂੰ ਹਿੰਦੂਆਂ ਤੋਂ ਅਲੱਗ ਗਿਣਾ ਕੇ ਕੌਮੀ ਹੱਕਾਂ ਦਾ ਹੱਕਦਾਰ ਬਨਾਉਣਾ।

(11)ਭਾਰਤ ਦੀਆਂ ਦੂਸਰੀਆਂ ਕੌਮਾਂ ਵਾਂਗ ਡਿਸਟਰਿਕਟ ਬੋਰਡ ਪੰਚਾਇਤਾ ਮਿਊਂਸੀਪਲ ਕਮੇਟੀਆਂ ਅਤੇ ਕੌਂਸਲਾਂ ਦੀਆਂ ਮੈਂਬਰੀਆਂ ਹਿੱਸੇ ਆਉਂਦੀਆਂ ਪ੍ਰਾਪਤ ਕਰਨੀਆ।

(12) ਕੌਮੀ ਹੱਕ ਨੁਮਾਇੰਦਗੀ ਨੂੰ ਹਾਸਿਲ ਕਰਨ ਲਈ ਵੋਟਾਂ ਦੀ ਸੂਚੀ ਵਿੱਚ ਅਛੂਤ ਪੰਥ ਨੂੰ ਲਿਆਉਣਾ ਆਦਿ।

ਆਦਿ ਧਰਮ ਦਾ ਪ੍ਰਭਾਵ ਇਹ ਪਾਇਆ ਗਿਆ ਕਿ ਅਛੂਤ ਜਾਤੀਆ ਦੇ ਲੋਕ ਖ਼ੁਦ ਨੂੰ ਆਦਿ ਧਰਮੀ ਅਖਵਾਉਣ ਲੱਗ ਪਏ ਸਨ। ਆਦਿ ਧਰਮ ਦਾ ਪ੍ਰਚਾਰ ਲਈ 'ਆਦਿ ਡੰਕਾਂ' ਨਾਮ ਦਾ ਅਖਵਾਰ ਚਲਾਇਆ ਗਿਆ। ਆਦਿ ਧਰਮ ਦੀ ਲਹਿਰ ਪੰਜਾਬ ਵਿੱਚ ਪ੍ਰਵਾਨ ਚੜੀ ਤੇ ਸਿਖਰਾਂ ਤੱਕ ਪੁਹੰਚੀ ਸੀ ਇੱਕ ਅਲੱਗ ਪਹਿਚਾਣ ਵਜੋਂ ਆਪਣੀ ਹੋਂਦ ਨੂੰ ਸਥਾਪਿਤ ਕੀਤਾ। ਆਦਿ ਧਰਮ ਤੋਂ ਇਹ ਗੱਲ ਅਸਾਨੀ ਨਾਲ ਸਮਝੀ ਜਾਂ ਸਕਦੀ ਹੈ ਕਿ ਸੰਗਠਨ ਵਿੱਚ ਤਾਕਤ ਹੁੰਦੀ ਹੈ। ਆਦਿ ਧਰਮ ਦੇ ਬੈਨਰ ਤਹਿਤ ਅਛੂਤ ਜਾਤੀਆਂ ਦੇ ਲੋਕ ਇਕਜੁੱਟ ਹੋਏ ਸਨ।

## ਸੁਆਮੀ ਅਛੂਤਾ ਨੰਦ ਦਾ ਆਦਿ ਹਿੰਦੂ ਅੰਦੋਲਨ[4]

1905 ਵਿੱਚ ਸੁਆਮੀ ਅਛੂਤਾ ਨੰਦ ਜੀ ਨੇ ਆਪਣੇ ਸ਼ੁਰੂਆਤੀ ਅੰਦੋਲਨ ਵਿੱਚ ਆਰੀਆ ਸਮਾਜ ਦੇ ਵਿੱਚ ਸਰਗਰਮੀਆ ਕੀਤੀਆ। ਆਪ ਨੇ ਆਰੀਆ ਸਮਾਜ ਵਿੱਚ ਕੰਮ ਕੀਤਾ ਪਰ ਜਲਦੀ ਹੀ ਆਪ ਜੀ ਨੇ ਆਰੀਆ ਦੀਆਂ ਬ੍ਰਾਹਮਣਵਾਦੀ ਨੀਤੀਆਂ ਨੂੰ ਸਮਝ ਕੇ ਆਪਣਾ ਅੰਦੋਲਨ ਅਲੱਗ ਵੱਖਰੀ ਪਹਿਚਾਣ ਖਾਸ ਕਰਕੇ ਮੂਲ ਨਿਵਾਸੀ ਚੇਤਨਾ ਨੂੰ ਉਜਾਗਰ ਕੀਤਾ। ਭਾਰਤ ਵਿੱਚ ਅਛੂਤ ਜਾਤੀਆਂ ਨੂੰ ਇਕੱਠਾ ਕਰਨ ਲਈ ਆਦਿ ਹਿੰਦੂ ਨਾਮ ਦਾ ਸੰਗਠਨ ਬਣਾ ਕੇ ਇਕੱਠੇ ਕਰਨ ਲਈ ਆਪ ਜੀ ਨੇ ਅਛੂਤ ਮਹਾਂਸਭਾ ਬਣਾਈ। 1923 ਵਿੱਚ ਸੁਆਮੀ ਅਛੂਤਾ ਨੰਦ ਜੀ 'ਅਛੂਤ' ਨਾਮ ਦਾ ਅਖਵਾਰ ਵੀ ਚਲਾਇਆ ਸੀ। ਆਪ ਜੀ ਜੀਵਨ ਬ੍ਰਿਤਾਂਤ ਅਗਲੇ ਪੰਨਿਆ ਉੱਪਰ ਦਰਜ ਕੀਤਾ ਗਿਆ ਹੈ। ਇਹ ਸੁਧਾਰਵਾਦੀ ਅੰਦੋਲਨ ਦਾ ਸਾਰੇ ਚਮਾਰ ਜਾਤੀ ਦੇ ਲੋਕਾਂ ਵਿੱਚ ਸਵੈਮਾਨ ਦੀ ਭਾਵਨਾ ਅਤੇ ਜਾਗ੍ਰਿਤੀ ਪੈਦਾ ਕਰਨ ਦਾ ਮੁੱਖ ਉਦੇਸ਼ ਸੀ।


ਹਵਾਲੇ

1,2 . ਆਦਿਮ ਜਾਤ ਚਮਾਰ: ਸੋਹਨਪਾਲ ਸੁਮਨਾਕਸ਼ਰ

3. ਬਾਬੂ ਮੰਗੂ ਰਾਮ ਮੰਗੋਵਾਲੀਆ ਜੀ : ਬਹੁਜਨ ਸੰਗਠਕ

4. ਰਵਿਦਾਸੀਆਂ ਧਰਮ ਤੇ ਹਰਿ ਦਾ ਨਿਸ਼ਾਨ

# ਰਵਿਦਾਸੀਆ ਧਰਮ ਦੇ ਨਿਯਮ

(1) ਸਾਡਾ ਰਹਿਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ

(2) ਸਾਡਾ ਧਰਮ : ਰਵਿਦਾਸੀਆ

(3) ਸਾਡੀ ਧਾਰਮਿਕ ਪੁਸਤਕ : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

(4) ਸਾਡਾ ਕੌਮੀ ਨਿਸ਼ਾਨ ਸਾਹਿਬ :



(5) ਸਾਡਾ ਸੰਬੋਧਨ : ਜੈ ਗੁਰਦੇਵ

(6) ਸਾਡਾ ਮਹਾਨ ਤੀਰਥ ਅਸਥਾਨ : ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.)

(7) ਸਾਡਾ ਉਦੇਸ਼ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

➢ **ਪ੍ਰਕਾਸ਼ ਦਿਹਾੜਾ :-**

ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ ਸੰਨ 1377 ਈ.।

➢ **ਜਨਮ ਸਥਾਨ :-**

ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)

➢ **ਮਾਤਾ ਪਿਤਾ ਜੀ ਦੇ ਨਾਮ :-**

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ

ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

➢ **ਦਾਦਾ ਦਾਦੀ ਜੀ ਦੇ ਨਾਮ :-**

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ

ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

➢ **ਸੁਪਤਨੀ ਅਤੇ ਸਪੁੱਤਰ ਦਾ ਨਾਮ :-**

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ

ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

➢ **ਬ੍ਰਹਮਲੀਨ :-**

ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ

(1528 ਈ.) ਬਨਾਰਸ ਵਿਖੇ।

# 23. ਰਵਿਦਾਸੀਆ ਧਰਮ ਦਾ ਐਲਾਨ

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਸਭਨਾ ਨੂੰ ਪ੍ਰਭੂ ਪ੍ਰੇਮ, ਭਗਤੀ ਤੇ ਸੱਚ ਦਾ ਰਸਤਾ ਦਿਖਾਉਂਦੀ ਹੈ। ਇੱਜਤ ਅਣਖ ਤੇ ਸਵੈਮਾਨ ਵਾਲਾ ਜੀਵਨ ਜਿਉਣ ਦਾ ਸਬਕ ਪੜ੍ਹਾਉਂਦੀ ਹੈ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਇੱਜਤ ਭਰੀ ਜਿੰਦਗੀ ਜਿਉਣ ਦਾ ਮਾਰਗ ਪ੍ਰਦਾਨ ਕਰਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੀ ਅੰਮ੍ਰਿਤਬਾਣੀ ਵਿਚ ਜਿਸ ਪਾਰਬ੍ਰਹਮ ਪਰਮੇਸ਼ਵਰ ਪ੍ਰਭੂ ਹਰਿ ਨੂੰ ਸਿਮਰਿਆ ਹੈ, ਯਾਦ ਕੀਤਾ ਹੈ, ਉਸ ਪ੍ਰਭੂ ਦੇ ਅਮਰ ਗੁਣਾਂ ਨੂੰ ਵੀ ਧਾਰਨ ਕਰਨ ਦਾ ਸੱਚਾ ਉਪਦੇਸ਼ ਦਿੱਤਾ ਹੈ। ਪ੍ਰਮਾਤਮਾ ਜੀ ਦੇ ਗੁਣਾਂ ਦਾ ਹਿਸਾਬ ਕਰਨਾ ਜੀਵਾਂ ਦੇ ਵੱਸ ਦੀ ਗੱਲ ਨਹੀਂ। ਉਸ ਪ੍ਰਭੂ ਦਾ ਸੱਭ ਤੋਂ ਵੱਡਾ ਮਹਾਨ ਗੁਣ ਸਾਨੂੰ ਸਭ ਨੂੰ ਨਜ਼ਰ ਆਉਂਦਾ ਕਿ ਉਹ ਆਜ਼ਾਦ ਹਸਤੀ ਹੈ, ਉਸ ਦੀ ਬਣਾਈ ਸ੍ਰਿਸ਼ਟੀ ਵੀ ਆਜ਼ਾਦ ਹੀ ਹੈ। ਆਜ਼ਾਦੀ ਦਾ ਪ੍ਰਤੀਕ ਹੈ। ਜੋ ਆਪ ਕਿਸੇ ਸ਼ਕਤੀ ਦੇ ਤਹਿਤ ਗੁਲਾਮ ਨਹੀਂ ਹੈ ਅਤੇ ਆਪਣੇ ਬਣਾਏ ਜੀਵਾਂ ਨੂੰ ਵੀ ਗੁਲਾਮੀ ਭਰਿਆ ਜੀਵਨ ਜਿਉਣ ਤੋਂ ਰੋਕਦਾ ਹੈ। ਇੱਜ਼ਤ ਮਾਣ ਸਨਮਾਣ ਭਰਿਆ ਜੀਵਨ ਜਿਊਣ ਦਾ ਸੱਚਾ ਉਪਦੇਸ਼ ਦਿੰਦਾ ਹੈ। ਸਾਡਾ ਸਮਾਜ ਜੋ ਸ਼ੈਤਾਨੀ ਲੋਕਾਂ ਦੁਆਰਾ ਹਜ਼ਾਰਾਂ ਸਾਲ ਗੁਲਾਮੀ ਦੇ ਹਨੇਰੇ ਵਿਚ ਰੱਖਿਆ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫਰਮਾਉਂਦੇ ਹਨ ਕਿ ਗੁਲਾਮੀ ਭਰਿਆ ਜੀਵਨ ਜਿਊਣਾਂ ਪਾਪ ਹੈ

**ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤੁ**
**ਰਵਿਦਾਸ ਦਾਸ ਪਰਾਧੀਨ ਸੌਂ ਕੌਣ ਕਰੈ ਹੈ ਪ੍ਰੀਤ ।।**

ਪਰਾਧੀਨਤਾ ਵਾਲਾ ਜੀਵਨ ਜਿਊਣਾ ਪਾਪ ਦੇ ਸਮਾਨ ਹੈ। ਇਸ ਲਈ ਪਰਾਧੀਨਤਾ ਤੋਂ ਮੁਕਤ ਹੋ ਕੇ ਜੀਵ ਨੂੰ ਇੱਜ਼ਤ ਅਣਖ ਭਰਿਆ ਜੀਵਨ ਜਿਊਣਾ ਚਾਹੀਦਾ ਹੈ। ਪਰਾਏ ਦੇ ਅਧੀਨ ਰਹਿ ਕੇ ਜ਼ੁਲਮ ਸਹਿਣ ਕਰਨਾ ਪਾਪ ਹੈ ਕਿਉਂਕਿ ਗੁਲਾਮ ਨੂੰ ਸਭ ਹੀ ਦੁਰਕਾਰਦੇ ਹਨ, ਸਾਰੇ ਹੀ ਨਫ਼ਰਤ ਕਰਦੇ ਹਨ। ਉਸ ਨੂੰ ਕੋਈ ਵੀ ਪ੍ਰੀਤ ਨਹੀਂ ਕਰਦਾ ਜੋ ਪਰਾਏ ਦੇ ਅਧੀਨ ਹੁੰਦਾ ਹੈ ਉਸ ਦਾ ਕੋਈ ਵੀ ਆਪਣਾ ਧਰਮ ਨਹੀਂ ਹੁੰਦਾ। ਜਿਸ ਦਾ ਕੋਈ ਧਰਮ ਨਹੀਂ ਹੁੰਦਾ ਉਸ ਨੂੰ ਸਭ ਹੀ ਹੀਣ ਸਮਝਦੇ ਹਨ। ਸਤਿਗੁਰੂ ਰਵਿਦਾਸ ਜੀ ਸਮੁੱਚੀ ਅੰਮ੍ਰਿਤਬਾਣੀ ਰਾਹੀ ਸਮਾਜ ਨੂੰ ਇੱਜਤ ਸਵੈਮਾਣ ਤੇ ਅਣਖ ਭਰਿਆ ਜੀਵਨ ਬਤੀਤ ਕਰਨ ਦਾ ਮਹਾਨ ਉਪਦੇਸ਼ ਬਖਸ਼ਿਸ਼ ਅਤੇ ਗੁਲਾਮੀ ਭਰਿਆ ਜੀਵਨ ਤਿਆਗ ਦੇਣ ਦਾ ਉਪਦੇਸ਼ ਦਿੰਦੇ ਹਨ। ਸਤਿਗੁਰੂ ਰਵਿਦਾਸ ਜੀ ਨੂੰ ਮੰਨਣ ਵਾਲਾ ਦਲਿਤ ਸਮਾਜ ਜੋ ਹਜ਼ਾਰਾਂ ਸਾਲਾਂ ਤੋਂ ਗੁਲਾਮੀ ਭਰਿਆ ਜੀਵਨ ਬਤੀਤ ਕਰਦਾ ਆ ਰਿਹਾ ਹੈ। ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ, ਸਤਿਗੁਰੂ ਸਧਨਾ ਜੀ ਅਤੇ ਹੋਰ ਧਾਰਮਿਕ ਮਹਾਂਪੁਰਸ਼ਾਂ ਨੇ ਸਮਾਜ ਵਿੱਚ ਜਾਗ੍ਰਿਤੀ ਲਈ ਪ੍ਰਚਾਰ ਕੀਤਾ। ਮਹਾਂਮਾਨਵ ਜੋਤੀ ਰਾਓ ਫੂਲੇ ਜੀ, ਛਤਰਪਤੀ ਸ਼ਾਹੂ ਜੀ ਮਹਾਰਾਜ, ਨਰਾਇਣਾ ਗੁਰੂ, ਬਿਰਸਾ ਮੁੰਡਾ, ਪੈਰੀਆਰ ਰਾਮਾਸਵਾਮੀ, ਡਾ.ਅੰਬੇਡਕਰ ਜੀ, ਸਾਹਿਬ ਕਾਂਸ਼ੀ ਰਾਮ ਜੀ , ਬਾਬੂ ਮੰਗੂ ਰਾਮ ਜੀ ਨੇ ਮਿਸ਼ਨ ਦਾ ਪ੍ਰਚਾਰ ਕੀਤਾ ਤੇ ਸਮਾਜ ਵਿੱਚ ਜਾਗ੍ਰਿਤੀ ਲਈ ਪ੍ਰਚਾਰ ਕਰ ਕੇ ਸਮਾਜ ਵਿੱਚ ਮਾਣ ਸਨਮਾਨ ਵਾਲਾ ਜੀਵਨ ਜਿਉਣ ਲਈ ਤਿਆਰ ਕੀਤਾ। 25 ਕਰੋੜ ਤੋਂ ਵੱਧ ਗਿਣਤੀ ਵਾਲੇ ਸਮਾਜ ਨੇ ਆਪਣੀ ਪਹਿਚਾਣ ਬਣਾਉਣ ਲਈ 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੀ

ਜਨਮ ਭੂਮੀ ਤੋਂ ਰਵਿਦਾਸੀਆ ਧਰਮ ਅਤੇ ਆਪਣੇ ਧਾਰਮਿਕ ਗ੍ਰੰਥ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਇਤਿਹਾਸਕ ਐਲਾਨ ਕੀਤਾ। ਜ਼ਬਰ ਜ਼ੁਲਮ ਅਤੇ ਸਦੀਆਂ ਤੋਂ ਚਲਦੀ ਆ ਰਹੀ ਧਾਰਮਿਕ ਕੱਟੜਤਾ ਵਿਰੁੱਧ ਸਮੁੱਚੀ ਦੁਨੀਆ ਨੂੰ ਅਮਨ ਦਾ ਪੈਗਾਮ ਦੇਣ ਲਈ, ਸਮਾਜ ਵਿੱਚ ਬੇਗਮਪੁਰ ਦੀ ਸੋਚ ਦਾ ਪ੍ਰਚਾਰ ਕਰਨ ਲਈ, ਰਵਿਦਾਸੀਆ ਧਰਮ ਵਜੋਂ ਪਹਿਚਾਣ ਸਥਾਪਿਤ ਹੋਈ। ਸਤਿਗੁਰੂ ਰਵਿਦਾਸ ਜੀ ਦੇ ਸਮੁੱਚੇ ਵਿਸ਼ਵ ਵਿੱਚ ਫੈਲੇ ਪੈਰੋਕਾਰਾਂ ਨੇ 'ਬੇਗਮਪੁਰਾ ਸਹਰ ਕੋ ਨਾਉ' ਪੂਰੇ ਵਿਸ਼ਵ ਵਿੱਚ ਫੈਲਾਉਣ ਲਈ ਜਨ ਜਾਗ੍ਰਿਤੀ ਲਈ, ਸਤਿਗੁਰਾਂ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ ਲਈ ਰਵਿਦਾਸੀਆ ਧਰਮ ਦਾ ਝੰਡਾ ਗੱਡਿਆ ਹੈ। ਸਾਰੇ ਵਿਸ਼ਵ ਵਿੱਚ ਸੁੱਖਮਈ ਸ਼ਾਤੀ ਦਾ ਹੋਕਾ ਦਿੱਤਾ।

ਰਵਿਦਾਸੀਆ ਧਰਮ ਸਾਰੀ ਦੁਨੀਆਂ ਨੂੰ ਮਾਨਵਤਾ ਦਾ ਪਾਠ ਪੜ੍ਹਾ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਜੀਵਨ ਭਰ ਸੰਘਰਸ਼ ਭਰੇ ਰਾਹਾ ਤੋਂ ਗੁਜਰਦਿਆ ਸਮਾਜ ਨੂੰ ਮਾਣ-ਸਨਮਾਨ, ਇੱਜਤ, ਮਾਨਵੀ ਹੱਕ, ਹਰ ਸੁੱਖ ਸਹੂਲਤ ਮੁਹੱਈਆ ਕਰਵਾਈ। ਜੋ ਸਮਾਜ ਅੱਜ ਸੁੱਖ ਸਹੂਲਤਾ ਭਰਿਆ ਜੀਵਨ ਗੁਜਾਰ ਰਿਹਾ ਹੈ ਉਹ ਸਭ ਕੁਝ ਸਤਿਗੁਰੂ ਰਵਿਦਾਸ ਜੀ ਦੀ ਬਦੌਲਤ ਹੈ। ਅੱਜ ਸਮਾਜ ਨੂੰ ਇਕ ਗੱਲ ਸੋਚ ਵਿੱਚ ਬਿਠਾ ਲੈਣੀ ਚਾਹੀਦੀ ਹੈ ਕਿ ਜੇ ਸਤਿਗੁਰੂ ਰਵਿਦਾਸ ਜੀ ਦੁਨੀਆਂ ਵਿੱਚ ਨਾ ਆਉਂਦੇ, ਆਪਣੀ ਅੰਮ੍ਰਿਤਬਾਣੀ ਨਾ ਉਚਾਰਦੇ 'ਕਹਿ ਰਵਿਦਾਸ ਚਮਾਰਾ' ਤਾਂ ਇਸ ਚਮਾਰ ਸਮਾਜ ਦੀ ਪਹਿਚਾਣ ਲੱਭਿਆ ਨਹੀਂ ਲੱਭਣੀ ਸੀ। ਅੱਜ ਸਮੁੱਚੇ ਵਿਸ਼ਵ ਵਿੱਚ ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰ ਵਸਦੇ ਹਨ ਗੁਰੂ ਜੀ ਦੇ ਮਿਸ਼ਨ ਦੀਆਂ ਸੇਵਾਵਾ ਨਿਭਾ ਰਹੇ ਹਨ। ਅੱਜ ਸੰਸਾਰ ਵਿੱਚ ਵਸਦੇ ਪੈਰੋਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੇ ਇਸ਼ਟ ਦੇਵ ਦੀ ਅੰਮ੍ਰਿਤਬਾਣੀ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।30 ਜਨਵਰੀ 2010 ਵਿੱਚ ਸਾਡਾ ਰਹਿਬਰ -ਸਤਿਗੁਰੂ ਰਵਿਦਾਸ ਜੀ, ਸਾਡਾ ਕੋਮੀ ਨਿਸ਼ਾਨ - ਹਰਿ, ਸਾਡਾ ਸੰਬੋਧਨ -ਜੈ ਗੁਰੂਦੇਵ, ਸਾਡਾ ਤੀਰਥ ਅਸਥਾਨ-ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਵਾਰਾਨਸੀ (ਯੂ.ਪੀ), ਸਾਡਾ ਉਦੇਸ਼- ਸਤਿਗੁਰੂ ਰਵਿਦਾਸ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨਾ ਅਤੇ ਮਾਨਵਤਾਵਾਦੀ ਮਹਾਂਪੁਰਸ਼ਾਂ ਮਹਾਰਿਸ਼ੀ ਵਾਲਮੀਕ ਜੀ, ਸਤਿਗੁਰੂ ਕੀਬਰ ਜੀ, ਸਤਿਗੁਰੂ ਜੀ ਨਾਮਦੇਵ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਨ ਜੀ ਆਦਿ ਜੀ ਦੀ ਬਾਣੀ ਦਾ ਪ੍ਰਚਾਰ ਕਰਨਾ। ਸਾਰੇ ਧਰਮਾ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਤੇ ਸਦਾਚਾਰੀ ਜੀਵਨ ਬਤੀਤ ਕਰਨਾ। ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਤੋਂ ਬਾਆਦ 30 ਜਨਵਰੀ 2010 ਨੂੰ ਰਵਿਦਾਸੀਆ ਧਰਮ ਐਲਾਨ ਹੋਇਆ ਉਸ ਦਾ ਪ੍ਰਚਾਰ-ਪ੍ਰਸਾਰ ਕਰਨਾ ਸਮੁੱਚੀ ਕੌਮ ਦਾ ਮੁੱਢਲਾ ਫਰਜ਼ ਹੈ ਅੱਜ ਰਵਿਦਾਸੀਆ ਧਰਮ ਦੀ ਸਥਾਪਨਾ ਹੋਣ ਨਾਲ ਅਲੱਗ ਅਲੱਗ ਸਮੇਂ ਚਲਾਏ ਗਏ ਅੰਦੋਲਨਾ ਨੂੰ ਕਾਮਯਾਬੀ ਮਿਲੀ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਲੈ ਕੇ ਅਤੇ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਤੋਂ ਬਾਆਦ ਰਵਿਦਾਸੀਆ ਕੌਮ ਦੁਆਰਾ 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਜਨਮ ਭੂਮੀ ਸੀਰ ਗੋਵਰਧਨਪੁਰ ਵਾਰਾਨਸੀ ਕਾਸ਼ੀ ਵਿਖੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਆਗਮਨ ਪੁਰਵ ਮੌਕੇ ਵਿਸ਼ਾਲ ਲੱਖਾਂ ਦੇ ਇਕੱਠ ਦੀ ਹਾਜ਼ਰੀ ਵਿੱਚ ਚੇਆਰਮੈਨ ਸੰਤ ਨਿਰੰਜਣ ਦਾਸ ਜੀ (ਗੱਦੀ ਨਸ਼ੀਨ ਡੇਰਾ ਸੱਚ ਖੰਡ ਬੱਲਾਂ) ਅਤੇ ਸੰਤ ਸਮਾਜ ਤੇ ਵਾਇਸ ਚੇਅਰਮੈਨ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਸੰਤ ਸਮਾਜ ਨੂੰ ਨਾਲ ਲੈ ਕੇ ਵਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦਾ ਇਤਿਹਾਸਕ ਐਲਾਨ ਕੀਤਾ ਗਿਆ। ਇਸ ਸਮੇਂ ਟਰੱਸਟ ਮੈਬਰ ਜਨਰਲ ਸੈਕਟਰੀ ਸਾਧੂ ਰਾਮ ਹੀਰ (ਰਿਟ. ਚੀਫ ਇੰਨਜੀਨੀਆਰ ਨੌਰਥ ਦੂਰਦਰਸ਼ਨ ਦਿੱਲੀ), ਸ਼੍ਰੀ

ਹੁਕਮ ਚੰਦ (ਰਿਟਾ. ਜੱਜ), ਸ਼੍ਰੀ ਜੋਗੀ ਰਾਮ ਜੀ, ਬਾਬੂ ਦੇਵ ਰਾਜ (ਡਿਪਟੀ ਜਨਰਲ ਮੈਨਜਰ ਟੈਲੀ ਕਿਉਮਨੀਕੇਸ਼ਨ), ਸ਼੍ਰੀ ਪ੍ਰਸ਼ੋਤਮ ਦਾਦਰਾ ਆਦਿ ਟਰੱਸਟੀ ਸਾਹਿਬਾਨ ਨੇ ਰਵਿਦਾਸੀਆ ਧਰਮ ਦੇ ਇਤਿਹਾਸਕ ਐਲਾਨ ਵਿੱਚ ਮਹੱਤਵ ਪੂਰਨ ਯੋਗਦਾਨ ਪਾਇਆ।

## ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

ਸਤਿਗੁਰੂ ਰਵਿਦਾਸ ਜੀ ਦੀ ਪਵਿੱਤਰ ਅੰਮ੍ਰਿਤ ਬਾਣੀ ਗ੍ਰੰਥ ਜਿਸ ਵਿੱਚ ਸਤਿਗੁਰੂ ਰਵਿਦਾਸ ਜੀ ਦੁਆਰਾ ਉਚਾਰਨ ਕੀਤੀ ਹੋਈ ਅੰਮ੍ਰਿਤ ਬਾਣੀ ਦਰਜ਼ ਹੈ। ਇਹ ਸਮੁੱਚੇ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਦਾ ਧਾਰਮਿਕ ਗ੍ਰੰਥ ਹੈ। ਇਸ ਪਾਵਨ ਗ੍ਰੰਥ ਵਿੱਚ ਸਤਿਗੁਰੂ ਰਵਿਦਾਸ ਜੀ ਦੇ 140 ਸ਼ਬਦ, 40 ਪਦੇ, ਪੈਂਤੀ ਅੱਖਰੀ, ਬਾਣੀ ਹਫਤਾਵਾਰ,ਪੰਦਰਾ ਤਿਥੀ, ਬਾਰਾ ਮਾਸ ਉਪਦੇਸ਼, ਸਾਂਦ ਬਾਣੀ, ਅਨਮੋਲ ਬਚਨ, ਸ਼ਾਦੀ ਉਪਦੇਸ਼, ਸੁਹਾਗ ਉਸਤਤਿ, ਮੰਗਲਚਾਰ, 231 ਸਲੋਕ ਗ੍ਰੰਥ ਵਿੱਚ ਦਰਜ਼ ਹਨ। ਸਤਿਗੁਰੂ ਜੀ ਦੇ ਸੱਚੇ ਉਪਦੇਸ਼ ਸਾਰੀ ਮਾਨਵ ਜਾਤੀ ਦਾ ਕਲਿਆਣ ਕਰ ਰਹੇ ਹਨ।

ਇਸ ਪਾਵਨ ਧਾਰਮਿਕ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਸਤਿਗੁਰੂ ਰਵਿਦਾਸ ਜੀ ਦੀ ਉਚਾਰਨ ਕੀਤੀ ਸਾਰੀ ਅੰਮ੍ਰਿਤ ਬਾਣੀ ਜਿਸ ਵਿੱਚੋਂ ਉਹਨਾਂ ਦੀ ਵਿਸ਼ਵ ਕਲਿਆਣਕਾਰੀ ਵਿਚਾਰਧਾਰਾ ਝਲਕਦੀ ਹੈ, ਉਹ ਸਾਰੀ ਅੰਮ੍ਰਿਤ ਬਾਣੀ ਜੋ ਪ੍ਰਮਾਣਿਤ ਹੈ ਇਸ ਵਿੱਚ ਦਰਜ਼ ਹੈ। ਸਤਿਗੁਰੂ ਰਵਿਦਾਸ ਜੀ ਦੀ ' ਅੰਮ੍ਰਿਤ ਬਾਣੀ ' ਪਾਵਨ ਗ੍ਰੰਥ, ਅੱਜ ਵਿਸ਼ਵ ਜੋ ਨਫ਼ਰਤ, ਵਿਸ਼ੇ ਵਿਕਾਰਾਂ ਵਿੱਚ ਸੜ ਰਿਹਾ ਹੈ, ਅਗਿਆਨਤਾ ਦੀ ਅਗਨੀ ਵਿੱਚ ਤੜਫ ਰਿਹਾ ਹੈ, ਇਹ ਅੰਮ੍ਰਿਤ ਬਾਣੀ ਗ੍ਰੰਥ ਸਤਿਗੁਰੂ ਰਵਿਦਾਸ ਜੀ ਦੇ ਸੱਚੇ ਉਪਦੇਸ਼ਾਂ ਰਾਹੀਂ ਇਸ ਸੰਸਾਰ ਤੇ ਪ੍ਰੇਮ ਪਿਆਰ ਦੀ ਠੰਡੀ- ਠਾਰ ਵਰਖਾ ਕਰਕੇ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਕਲਿਆਣਕਾਰੀ ਮਾਰਗ ਦਿਖਾ ਰਿਹਾ ਹੈ।

ਅੱਜ ਸਤਿਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ ਵਿਖੇ ਸਥਾਪਿਤ ਸਾਰੇ ਸੰਸਾਰ ਨੂੰ ਪ੍ਰਕਾਸ਼ਵਾਨ ਕਰ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਨੂੰ ਇੱਕ ਗ੍ਰੰਥ ਦੇ ਰੂਪ ਵਿੱਚ ਇਕੱਠਾ ਕਰਕੇ ਪ੍ਰਕਾਸ਼ਮਾਨ ਕਰਨ ਦਾ ਇਤਿਹਾਸਿਕ ਕਾਰਜ ਡੇਰਾ 108 ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾ ਦੀ ਯੋਗ ਅਗਵਾਈ ਵਿੱਚ ਕੀਤਾ ਗਿਆ। ਸਤਿਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਸਤਵ ਤੇ 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ, ਵਾਰਾਨਸੀ (ਯੂ. ਪੀ.) ਵਿਖੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ ' ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀਂ ਗ੍ਰੰਥ ਨੇ ਵਿਸ਼ਵ ਦੀ ਸਭ ਤੋਂ ਅਮੀਰ ਵਿਰਾਸਤ ਅਤੇ ਵਿਸ਼ਵ ਦੀ ਸਭ ਤੋਂ ਮਹਾਨ ਵਿਚਾਰਧਾਰਾ ਨਾਲ ਜੋੜ ਦਿੱਤਾ। ਇਸਦੇ ਨਾਲ ਹੀ ' ਰਵਿਦਾਸੀਆ ਧਰਮ ' ਦੀ ਪਹਿਚਾਣ ਅਤੇ ਰਵਿਦਾਸੀਆ ਧਰਮ ਦੇ ਹਰਿ ਦੇ ਨਿਸ਼ਾਨ ਹੇਠ ਇਕੱਠੇ ਹੋਣ ਦਾ ਸਮੁੱਚੀ ਸੰਗਤ ਨੂੰ ਸੰਦੇਸ਼ ਦਿੱਤਾ।

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਜਿਸ ਨੂੰ ਸੰਤ ਸਮਾਜ ਨੇ ਪੂਰੀ ਤਰ੍ਹਾਂ ਪ੍ਰਮਾਣਿਤ ਕਰਕੇ ਸਤਿਗੁਰੂ ਰਵਿਦਾਸ ਧਰਮ ਅਸਥਾਨਾ ਤੇ ਪ੍ਰਕਾਸ਼ ਕਰਕੇ ਸੰਗਤ ਨੂੰ ਅੰਮ੍ਰਿਤਬਾਣੀ ਦੇ ਉਪਦੇਸ਼ਾਂ ਤੇ ਅਮਲ ਕਰਨ ਦਾ ਉਪਦੇਸ਼ ਦਿੱਤਾ। ਇਸ ਪਵਿੱਤਰ ਅੰਮ੍ਰਿਤਬਾਣੀ ਨੂੰ ਵੇਖ- ਸੁਣ ਕੇ ਇਕੱਤਰ 10 ਲੱਖ ਤੋਂ ਵੱਧ ਸੰਗਤਾਂ ਦੇ ਮਨ ਵਿੱਚ ਅਥਾਹ

ਖੁਸ਼ੀ, ਵੱਖਰਾ ਚਾਅ, ਆਨੰਦ ਹੀ ਆਨੰਦ ਮਹਿਸੂਸ ਹੋ ਰਿਹਾ ਸੀ। ਚਾਰੇ ਪਾਸੇ ਸਤਿਗੁਰੂ ਰਵਿਦਾਸ ਜੀ ਦੇ ਜੈ- ਜੈਕਾਰਿਆ ਰਾਹੀ ਸੰਗਤਾਂ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਹੀਆਂ ਸਨ।

ਸਭ ਸੰਗਤਾਂ ਰਵਿਦਾਸੀਆਂ ਧਰਮ ਦੇ ਇਤਿਹਾਸਿਕ ਐਲਾਨ ਦੇ ਨਾਲ ਬੇਹੱਦ ਪ੍ਰਸੰਨ ਨਜ਼ਰ ਆ ਰਹੀਆਂ ਸਨ ਕਿਉਂਕਿ ਸਮੁੱਚੀ ਸੰਗਤ ਰਵਿਦਾਸੀਆ ਧਰਮ ਦੀ ਗੋਦੀ ਵਿੱਚ ਬੈਠ ਕੇ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਗ੍ਰੰਥ ਦਾ ਪਾਵਨ ਨਿੱਘ ਮਾਨਣ ਦਾ ਹੱਕ ਪ੍ਰਾਪਤ ਹੋ ਗਿਆ ਸੀ। ਅੱਜ ਸਮੁੱਚੇ ਵਿਸ਼ਵ ਵਿੱਚ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਨੇ ਆਪਣੀ ਹੋਂਦ ਦਾ ਅਜਿਹਾ ਅਹਿਸਾਸ ਕਰਵਾ ਦਿੱਤਾ ਕਿ ਸਾਰੀ ਦੁਨੀਆਂ ਹੈਰਾਨ ਰਹਿ ਗਈ ਕਿ ਐਨੇ ਘੱਟ ਸਮੇਂ ਵਿੱਚ ਪੂਰੇ ਵਿਸ਼ਵ ਵਿੱਚ ਸਤਿਗੁਰੂ ਰਵਿਦਾਸ ਜੀ ਦੀ ਰੂਹਾਨੀ ਅੰਮ੍ਰਿਤ ਬਾਣੀ ਗੁਰੂ ਘਰਾਂ ਵਿੱਚ ਪ੍ਰਕਾਸ਼ ਹੋ ਗਈ ਹੈ। ਸੰਗਤਾਂ ਆਪਣੇ ਇਸ਼ਟ ਨੂੰ ਯਾਦ ਕਰ ਰਹੀਆਂ ਹਨ।

ਅੱਜ ਜਗਤਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤ ਬਾਣੀ ਗ੍ਰੰਥ ਰਵਿਦਾਸੀਆ ਧਰਮ ਦੇ ਪੈਰੋਕਾਰਾ ਦਾ ਮਹਾਨ ਪਾਵਨ ਗ੍ਰੰਥ ਹੈ। ਜਿਸ ਦੀ ਮਾਨਵਮਈ ਅੰਮ੍ਰਿਤ ਬਾਣੀ ਨਾਲ ਜੁੜ ਕੇ, ਅੰਮ੍ਰਿਤ ਬਾਣੀ ਦੇ ਸੱਚੇ ਉਪਦੇਸ਼ਾਂ ਤੇ ਅਮਲ ਕਰ ਕੇ ਸਤਿਗੁਰੂ ਰਵਿਦਾਸ ਜੀ ਦੀ ਅਪਾਰ ਬਖਸ਼ਿਸ਼ ਹਰਿ ਦੇ ਨਿਸਾਨ ਸਾਹਿਬ ਤਹਿਤ ਇਕੱਠੇ ਹੋ ਕੇ ਵਿਸਵ ਦੇ ਭਲੇ ਹਿਤ, ਸਰਵਜਨ ਕਲਿਆਣ ਹਿਤ, ਸੱਚ ਦੇ ਰਾਹ ਤੇ ਧਰਮ ਦੇ ਪ੍ਰਚਾਰ ਤੇ ਚਲਦੇ ਜਾਣਾ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਜੋ ਤੋਹੀ ਮੋਹੀ ਫਰਕ ਮਿਟਾ ਕੇ ਇਕੋ ਮਿੱਟੀ ਦੇ ਸਭੇ ਬਰਤਨ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਸਦਾ ਯਾਦ ਦਿਲਾਉਂਦੀ ਹੈ "ਸਰਬੈ ਏਕ ਅਨੇਕ ਸੁਆਮੀ ਸਭ ਘਟ ਭੋਗਵੇ ਸੋਈ" ਜੀਵਨ ਨੂੰ ਹੱਕ ਹਲਾਲ ਦੀ ਕਮਾਈ ਕਰਨ ਦਾ "ਜਿਹਵਾ ਤੋਂ ਉਕਾਂਰ ਜਪ, ਹਾਥ ਸੇ ਕਰ ਕਾਰ" ਸੱਚੇ ਮਾਰਗ ਤੇ ਚੱਲਣ ਅਤੇ ਬੇਗਮਪੁਰੇ ਦੇ ਬਸਨੀਕ ਬਨਣ ਦਾ ਅਮਰ ਸੰਦੇਸ਼ ਦੇ ਰਹੀ ਹੈ।

ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਗ੍ਰੰਥ ਅੱਜ ਸਮੁੱਚੀ ਰਵਿਦਾਸੀਆ ਕੌਮ ਦਾ ਮਾਰਗ ਦਰਸਨ ਕਰ ਰਿਹਾ ਹੈ। ਅੱਜ ਸਾਡੀ ਹੋਂਦ ਰਵਿਦਾਸੀਆ ਧਰਮ , ਸਾਡਾ ਮਿਸ਼ਨ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦਾ ਪ੍ਰਸਾਰ ਅਤੇ ਪ੍ਰਚਾਰ ਕਰਨਾ ਹੈ। ਕਿਉਂਕਿ ਇਸ ਮਿਸ਼ਨ ਤੋਂ ਵੱਡਾ ਵਿਸ਼ਵ ਦਾ ਹੋਰ ਕੋਈ ਮਿਸ਼ਨ ਨਹੀਂ ਹੈ। ਅੱਜ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਤੇ ਅਡੋਲ ਖੜ੍ਹਨਾ ਹੈ। ਡਾਵਾਂਡੋਲ ਕਰਦੀ ਵਿਚਾਰਧਾਰਾ ਨੂੰ ਸਮਾਪਤ ਕਰ ਅੰਮ੍ਰਿਤ ਬਾਣੀ ਦੇ ਲੜ ਲੱਗ ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰ ਕਹਾਉਣਾ ਹੈ। ਐਲਾਨ ਕਰਨਾ ਹੈ ਬੇਖੌਫ ਹੋ ਕੇ ਜੋ ਅੰਮ੍ਰਿਤ ਬਾਣੀ ਕਹਿ ਰਹੀ ਹੈ

ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੋ ਮੀਤ ਹਮਾਰਾ

# 24. ਚਮਾਰ ਜਾਤੀ ਦੇ ਵਿਕਾਸ ਦੇ ਉਪਰਾਲੇ

## ਡੇਰਾ ਸੱਚ ਖੰਡ ਬੱਲਾਂ

ਡੇਰਾ ਬੱਲਾਂ ਦੀ ਪਾਵਨ ਧਰਤੀ ਮਹਾਨ ਮਹਾਂਪੁਰਸ਼ਾਂ ਦੇ ਤੱਪ ਅਸਥਾਨ ਵਜੋਂ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ ਇਸ ਪਾਵਨ ਅਸਥਾਨ ਤੋਂ ਪੂਰੀ ਦੁਨੀਆਂ ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਹੋਇਆ। ਡੇਰਾ ਸੱਚ ਖੰਡ ਬੱਲਾਂ ਦੇ ਮਹਾਂਪੁਰਸ਼ਾ ਦੀ ਬਦੌਲਤ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਜਨਮ ਭੂਮੀ ਸੀਰ ਗੋਵਰਧਨਪੁਰ ਵਿਖੇ ਇੱਕ ਆਲੀਸ਼ਾਨ ਮੰਦਿਰ ਅਤੇ ਉੱਤਮ ਵਿਵਸਥਾ ਨਜ਼ਰ ਆਉਂਦੀ ਹੈ। ਸਤਿਗੁਰੂ ਬਾਬਾ ਪਿੱਪਲ ਦਾਸ ਜੀ, ਸਤਿਗੁਰੂ ਸਰਵਣ ਦਾਸ ਜੀ, ਸਤਿਗੁਰੂ ਹਰੀਦਾਸ ਜੀ, ਸਤਿਗੁਰੂ ਗਰੀਬ ਦਾਸ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਮਿਸ਼ਨ ਨੂੰ ਪੂਰੀ ਦੁਨੀਆਂ ਵਿੱਚ ਪ੍ਰਚਾਰਿਆ ਅਤੇ ਸਦੀਆਂ ਦੀ ਗੁਲਾਮੀ ਦਾ ਅਹਿਸਾਸ ਕਰਵਾ ਕੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਲੜ੍ਹ ਲਗਾ ਕੇ ਸਹੀ ਦਿਸ਼ਾ ਵਿੱਚ ਤੋਰਿਆ।

ਮੌਜੂਦਾ ਸਮੇਂ ਵਿੱਚ 108 ਸੰਤ ਨਿਰੰਜਨ ਦਾਸ ਜੀ  ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਅਤੇ ਰਵਿਦਾਸੀਆ ਧਰਮ ਦਾ ਪ੍ਰਚਾਰ ਪ੍ਰਸਾਰ ਆਪਣੀ ਦੇਖ ਰੇਖ ਹੇਠ ਸਫਲਤਾ ਪੂਰਵਕ ਕਰ ਰਹੇ ਹਨ। ਆਪ ਜੀ ਦੀ ਨਿਗਰਾਨੀ ਹੇਠ ਅਨੇਕਾਂ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ ਆਪ ਜੀ ਨਿਰੰਤਰ ਰਵਿਦਾਸੀਆ ਮਿਸ਼ਨ ਨੂੰ ਸਮਾਜ ਵਿੱਚ ਪ੍ਰਚਾਰ ਰਹੇ ਹਨ। ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨੇ ਸਮੁੱਚੀ ਕੌਮ ਲਈ ਆਪਣੀ ਸ਼ਹਾਦਤ ਦੇ ਕੇ ਪੂਰੇ ਵਿਸ਼ਵ ਵਿੱਚ ਰਵਿਦਾਸੀਆ ਸਮਾਜ (ਚਮਾਰ ਜਾਤੀ ਦੇ ਲੋਕਾਂ ਨੂੰ ) ਇਕ ਜੁੱਟ ਅਤੇ ਇੱਕ ਮੁੱਠ ਹੋ ਕੇ ਸੰਘਰਸ਼ ਕਰਨ ਦੀ ਪ੍ਰੇਰਣਾ ਦਿੱਤੀ।

ਡੇਰਾ ਸੱਚ ਖੰਡ ਬੱਲਾਂ ਨੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਦੇ ਪ੍ਰਚਾਰ ਵਿੱਚ ਜੋ ਤੇਜੀ ਲਿਆਂਦੀ ਅਤੇ ਜੋ ਇਤਿਹਾਸ ਪੈਦਾ ਕੀਤਾ ਉਸ ਨੂੰ ਸਾਰੀ ਰਵਿਦਾਸੀਆ ਕੌਮ ਸੱਜਦਾ ਕਰਦੀ ਹੈ। ਰਵਿਦਾਸੀਆ ਕੌਮ ਵਿੱਚ ਜੋ ਨਵੀਂ ਊਰਜਾ ਅਤੇ ਨਵੀਂ ਚੇਤਨਾ ਆਈ ਹੈ। ਉਹ ਇਸ ਡੇਰੇ ਦੇ ਮਹਾਨ ਮਹਾਪੁਰਸ਼ਾ ਦੀ ਬਦੌਲਤ ਹੈ। ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾ ਦਾ ਜੀਵਨ ਸੰਖੇਪ ਹੇਠ ਲਿਖੇ ਅਨੁਸਾਰ ਹੈ।

## 1. ਸਤਿਗੁਰੂ ਬਾਬਾ ਪਿੱਪਲ ਦਾਸ ਜੀ

**ਰਵਿਦਾਸ ਸੋਇ ਸਾਧੁ ਭਲੋ ਜਉ ਰਹਇ ਸਦਾ ਨਿਰਵੈਰ ।**
**ਸੁਖਦਾਈ ਸੰਤਾਂ ਗਹੇਇ ਸਭਨਹ ਮਾਂਗਹਿ ਖੈਰ ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਜਗਤਗੁਰੂ ਰਵਿਦਾਸ ਜੀ ਆਪਣੀ ਪਾਵਨ ਅੰਮ੍ਰਿਤਬਾਣੀ ਵਿੱਚ ਫੁਰਮਾਉਂਦੇ ਹਨ ਕਿ ਦੁਨੀਆਂ ਵਿੱਚ ਉਹ ਸਾਧੂ ਮਹਾਤਮਾ ਉੱਤਮ ਹੈ ਜੋ ਹਮੇਸ਼ਾ ਵੈਰ-ਰਹਿਤ ਰਹਿੰਦਾ ਹੈ । ਜੋ ਸਾਰੇ ਸੰਸਾਰ ਨੂੰ ਇੱਕ ਸਮਾਨ ਇੱਕ ਸਾਰ ਸਮਝਦਾ ਹੈ । ਸਾਰਿਆਂ ਲਈ ਸੁਖਮਈ ਕਾਮਨਾ ਕਰਦਾ

ਹੈ। ਸਾਰਿਆਂ ਦੀ ਸਮਾਨਤਾ ਚਾਹੁੰਦਾ ਹੈ ਇੱਕ ਪ੍ਰਭੂ ਪ੍ਰਮਾਤਮਾ ਅੱਗੇ ਸੰਸਾਰ ਦੇ ਸਾਰੇ ਜੀਵ ਦੀ ਖੁਸ਼ੀ ਖੁਸ਼ਹਾਲੀ ਲਈ ਸੁੱਖ ਮੰਗਦਾ ਹੈ । ਸਾਰਿਆਂ ਜੀਵਾਂ ਦੀ ਸੰਤੁਸ਼ਟੀ ਚਾਹੁੰਦਾ ਹੈ । ਅਜਿਹੇ ਮਹਾਂਪੁਰਸ਼ ਕਦੇ-ਕਦੇ ਆਉਂਦੇ ਹਨ ਜੋ ਮਨੁੱਖਤਾ ਨੂੰ ਸੱਚ ਦੀ ਰਾਹ ਸੱਚ ਦੀ ਸੋਝੀ ਦਿਖਾਉਂਦੇ ਨੇ । ਅਜਿਹੇ ਮਹਾਂਪੁਰਸ਼ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾ ਬਿਤਾਉਂਦੇ ਹਨ ਕਿ ਆਪਣਾ ਜੀਵਨ ਪ੍ਰਭੂ ਸਿਮਰਨ, ਸਮਾਜ ਚੇਤਨਾ ਅਤੇ ਮਾਨਵ ਵਿਕਾਸ ਵਿੱਚ ਗੁਜਾਰਦੇ ਹਨ । ਜਗਤਗੁਰੂ ਰਵਿਦਾਸ ਜੀ ਮਹਾਰਾਜ ਆਪਣੀ ਪਾਵਨ ਅੰਮ੍ਰਿਤਬਾਣੀ ਵਿੱਚ ਫੁਰਮਾਉਂਦੇ ਹਨ ਕਿ :-

**ਰਵਿਦਾਸ ਭਣੈ ਜੋ ਜਾਣੈ ਸੋ ਜਾਣੁ ॥**
**ਸੰਤ ਅਨੰਤਹਿ ਅੰਤਰ ਨਾਹੀ ॥**

(ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ)

ਜਗਤਗੁਰੂ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਆਪਣੀ ਅੰਮ੍ਰਿਤਬਾਣੀ 'ਚ ਫੁਰਮਾਉਂਦੇ ਹਨ ਕਿ ਇਸ ਸੰਸਾਰ ਵਿੱਚ ਸੰਤ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ । ਜਿਵੇਂ ਪ੍ਰਮਾਤਮਾ ਆਪਣੇ ਆਪ 'ਚ ਬੇਅੰਤ ਹੁੰਦਾ ਹੈ । ਕਿਸੇ ਤਰ੍ਹਾਂ ਦਾ ਕਿਸੇ ਨਾਲ ਵਿਤਕਰਾ ਨਹੀਂ ਕਰਦਾ, ਕੋਈ ਭੇਦ-ਭਾਵ ਨਹੀਂ ਕਰਦਾ ਉਸੇ ਤਰ੍ਹਾ ਮਾਨਵਤਾ ਦਾ ਭਲਾ ਪ੍ਰਮਾਤਮਾ ਦਾ ਸਾਧੂ ਸੰਤ ਕਰਦਾ ਹੈ । ਪ੍ਰਭੂ ਅਤੇ ਪ੍ਰਭੂ ਦੇ ਸੰਤ 'ਚ ਕੋਈ ਫਰਕ ਨਹੀਂ ਹੁੰਦਾ। ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਅਜਿਹੀ ਮਹਾਨ ਰੂਹ ਜਿਸ ਨੇ ਪੂਰੀ ਦੁਨੀਆਂ 'ਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਅਤੇ ਨਾਮ ਨੂੰ ਪ੍ਰਚਾਰਿਆ ।

Mark Juergens Meyer ਆਪਣੀ ਪ੍ਰਸਿੱਧ ਪੁਸਤਕ Religionus Rebels in the Punjab ਵਿੱਚ ਸਫਾ 84 ਉੱਪਰ ਲਿਖਦੇ ਹਨ ਕਿ ਬਾਬਾ ਪਿੱਪਲ ਦਾਸ ਜੀ ਨੇ ਇਹ ਡੇਰਾ ਉਸ ਸਮੇਂ ਸਥਾਪਿਤ ਕੀਤਾ ਜਦੋਂ ਉਹ ਸੱਚ ਦੀ ਭਾਲ ਵਿੱਚ ਯਾਤਰਾਵਾਂ ਉੱਪਰ ਨਿਕਲੇ ਸਨ ਜਦੋਂ ਉਹਨਾਂ ਨੇ ਇਸ ਜਗ੍ਹਾ ਡੇਰਾ ਲਾਇਆ ਤਾਂ ਵੇਖਿਆਂ ਕਿ ਪਿੱਪਲ ਦਾ ਦਰਖਤ ਸੁੱਕਾ ਪਿਆ ਹੈ । ਪਰ ਜਦੋਂ ਉਹਨਾਂ ਨੇ ਉਸ ਸੁੱਕੇ ਪਿੱਪਲ ਨੂੰ ਪਾਣੀ ਦਿੱਤਾ ਤਾਂ ਉਹ ਮੁੜ ਤੋਂ ਹਰਾ ਹੋ ਗਿਆ । ਇਸ ਤਰ੍ਹਾ ਉਹਨਾਂ ਨੂੰ ਇਹ ਦ੍ਰਿੜ ਹੋ ਗਿਆ ਕਿ ਇਸ ਜਗ੍ਹਾ ਉੱਪਰ ਬੈਠ ਕੇ ਸੱਚਾਈ ਦੀ ਖੋਜ ਕੀਤੀ ਜਾ ਸਕਦੀ ਹੈ । ਇਸ ਤਰ੍ਹਾ ਪਿੰਡ ਵਾਲਿਆਂ ਨੇ ਆਪ ਜੀ ਨੂੰ ਭੂਮੀ ਦਾਨ ਦੇ ਦਿੱਤੀ । ਆਪ ਜੀ ਨੇ ਡੇਰੇ ਦਾ ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ। ਉਹ ਜਲਦੀ ਹੀ ਅਛੂਤ ਕਹੇ ਜਾਣ ਵਾਲੇ ਲੋਕਾਂ ਦਾ ਰੂਹਾਨੀ ਕੇਂਦਰ ਬਣ ਗਿਆ । ਜਿਹੜੇ ਕਿ ਖਾਸ ਕਰਕੇ ਮੱਧ ਪੰਜਾਬ ਨਾਲ ਸੰਬੰਧ ਰੱਖਦੇ ਸਨ । ਇਹ ਗੁਰੂ ਰਵਿਦਾਸ ਮਹਾਰਾਜ ਜੀ ਦੇ ਪੈਰੋਕਾਰਾਂ ਦਾ ਕੇਂਦਰ ਸਥਾਨ ਬਣ ਗਿਆ ਸੀ ।

ਆਪ ਦਿਨ ਸਮੇਂ ਪਿੰਡ ਦੇ ਪੱਛਮ ਵੱਲ ਬਾਲਕ ਸਰਵਣ ਦਾਸ ਨੂੰ ਨਾਲ ਲੈ ਕੇ ਇਕਾਂਤ ਵਿੱਚ ਭਜਨ ਕਰਿਆ ਕਰਦੇ ਸਨ, ਜਿੱਥੇ ਬਹੁਤ ਭਿਆਨਕ ਜੰਗਲ ਸੀ । ਅੱਜ ਉਸ ਅਸਥਾਨ ਤੇ ਡੇਰਾ ਸੱਚਖੰਡ ਬੱਲਾਂ ਸ਼ੁਸੋਭਿਤ ਹੈ । ਆਪ ਜੀ ਨੇ ਡੇਰੇ ਵਿੱਚ ਇੱਕ ਪਾਠਸ਼ਾਲਾ ਖੋਲ੍ਹੀ, ਆਪ ਬੱਚਿਆਂ ਨੂੰ ਪੰਜਾਬੀ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਾਇਆ ਕਰਦੇ ਸਨ । ਜਗਤਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਜੋੜਿਆ ਕਰਦੇ ਸਨ । ਸੰਗਤਾਂ ਹਰ ਰੋਜ ਆਪ ਜੀ ਲਈ ਪ੍ਰੇਮ ਨਾਲ ਪ੍ਰਸ਼ਾਦਾ ਲੈ ਕੇ ਆਇਆ ਕਰਦੀਆਂ ਸਨ । ਆਪ ਸੰਗਤਾਂ ਨੂੰ ਹਮੇਸ਼ਾ ਬੱਚਿਆਂ ਨੂੰ ਪੜ੍ਹਾਉਣ ਲਈ ਸਮਾਜਿਕ ਬੁਰਾਈਆਂ ਤੇ ਕਰਮਕਾਂਡਾਂ ਤੋਂ ਦੂਰ ਰਹਿਣ ਲਈ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਮਾਤਾ-ਪਿਤਾ ਦੀ ਸੇਵਾ ਕਰਨ ਲਈ ਅਤੇ ਆਪਸ 'ਚ ਪ੍ਰੇਮ ਨਾਲ ਰਹਿਣ ਦਾ ਉਪਦੇਸ਼ ਦਿਆ ਕਰਦੇ ਸਨ ।

ਸਤਿਗੁਰੂ ਬਾਬਾ ਪਿੱਪਲ ਦਾਸ ਜੀ ਦਾ ਜਨਮ ਪਿੰਡ ਗਿੱਲ ਪੱਟੀ ਜਿਲ੍ਹਾ ਬਠਿੰਡਾ ਵਿਖੇ ਹੋਇਆ । ਆਪ ਜੀ ਦੇ ਦਾਦਾ ਜੀ ਪਿੰਡ ਕੁਤੀਵਾਲਾ ਨੂੰ ਛੱਡ ਕੇ ਕੁਝ ਸਾਲ ਪਿੰਡ ਜੋਗਾ ਨੰਦ ਰਹਿ

ਕੇ ਪੱਕੇ ਤੋਰ ਤੇ ਪਿੰਡ ਗਿੱਲ ਪੱਟੀ ਜਿਲ੍ਹਾ ਬਠਿੰਡਾ ਵਿਖੇ ਰਹਿਣ ਲੱਗ ਪਏ ਸਨ।

ਆਪ ਜੀ ਦਾ ਪਹਿਲਾ ਨਾਮ ਹਰਨਾਮ ਦਾਸ ਸੀ। ਆਪ ਜੀ ਦਾ ਪਰਿਵਾਰਿਕ ਮਹੌਲ ਧਾਰਮਿਕ ਖਿਆਲਾਂ ਵਾਲਾ ਸੀ। ਆਪ ਹਮੇਸ਼ਾ ਇਕਾਂਤ 'ਚ ਚਿੰਤਨ ਅਤੇ ਸਿਮਰਨ ਕਰਿਆ ਕਰਦੇ ਸਨ। ਆਪ ਜੀ ਪੰਜਾਬੀ ਅਤੇ ਹੋਰ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੇ ਵਿਦਵਾਨ ਸਨ ਆਪ ਜੀ ਹਮੇਸ਼ਾ ਵਿਰਾਗਮਈ ਗ੍ਰੰਥ ਵੀ ਪੜ੍ਹਦੇ ਸਨ। ਆਪ ਜੀ ਨੇ ਗਿੱਲ ਪੱਟੀ ਵਿਖੇ ਇੱਕ ਬੇਰੀ ਦਾ ਦਰਖਤ ਲਗਾਇਆ ਜੋ ਅੱਜ ਵੀ ਉਸ ਅਸਥਾਨ ਉੱਪਰ ਮੌਜੂਦ ਹੈ। ਆਪ ਜੀ ਦੀ ਸ਼ਾਦੀ ਸ਼ੋਭਾਵਤੀ ਜੀ ਨਾਲ ਹੋਈ ਜੋ ਬਹੁਤ ਧਾਰਮਿਕ ਅਤੇ ਨੇਕ ਖਿਆਲਾਂ ਦੇ ਸਨ।

ਆਪ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ, ਵੱਡੇ ਪੁੱਤਰ ਸ਼੍ਰੀ ਸੇਵਾ ਦਾਸ ਸੀ ਅਤੇ ਛੋਟੇ ਪੁੱਤਰ ਸਰਵਣ ਦਾਸ ਜੀ ਸਨ। ਜਿਸ ਸਮੇਂ ਛੋਟੇ ਪੁੱਤਰ ਸਰਵਣ ਦਾਸ ਜੀ ਦੀ ਉਮਰ 5 ਸਾਲ ਦੀ ਸੀ ਤਾਂ ਆਪ ਜੀ ਦੀ ਪਤਨੀ ਸ਼ੋਭਾਵਤੀ ਜੀ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ। ਆਪ ਜੀ ਨੇ ਆਪਣੇ ਵੱਡੇ ਪੁੱਤਰ ਸੇਵਾ ਦਾਸ ਨੂੰ ਆਪਣਾ ਖੇਤੀਬਾੜੀ ਦਾ ਕੰਮ ਸੰਭਾਲ ਕੇ ਛੋਟੇ ਪੁੱਤਰ ਨੂੰ ਨਾਲ ਲੈ ਕੇ ਸੱਚਾਈ ਦੀ ਭਾਲ 'ਚ ਨਿਕਲ ਪਏ। ਇੱਕ ਲੰਬੀ ਯਾਤਰ੍ਹਾ ਕਰਦਿਆਂ ਜਲੰਧਰ ਦੇ ਪਿੰਡ ਕਾਹਨਪੁਰ, ਸਮਸਤਪੁਰ, ਬੱਲਾਂ, ਰਾਏ ਪੁਰ ਆਦਿ ਪਿੰਡਾਂ 'ਚ ਆਏ। ਇੱਥੇ ਦੀਆਂ ਸੰਗਤਾਂ ਨੇ ਆਪ ਜੀ ਦਾ ਬਹੁਤ ਸਵਾਗਤ ਕੀਤਾ।

ਆਪ ਜੀ ਧਿੰਗੜੀਵਾਲਾ ਸ਼੍ਰੀ ਲਾਲੂ ਰਾਮ ਦੇ ਘਰ ਚਲੇ ਗਏ। ਜਿੱਥੇ ਜਾਣ ਉਪਰੰਤ ਸੰਤ ਸਰਵਣ ਦਾਸ ਨੇ ਕਿਹਾ ਕਿ ਪਿਤਾ ਜੀ ਮੈਨੂੰ ਡੇਕਾਂ ਵਾਲੇ ਪਿੰਡ ਲੈ ਚੱਲੋ, ਇੱਥੇ ਮੇਰਾ ਦਿਲ ਨਹੀਂ ਲੱਗਦਾ ਤਾਂ ਆਪ ਜੀ ਪਿੰਡ ਬੱਲਾਂ ਚਲੇ ਗਏ।ਜਿੱਥੇ ਉਸ ਸਮੇਂ ਪਿੰਡ ਵਿੱਚ ਇੱਕ ਪਿੱਪਲ ਦਾ ਦਰਖਤ ਸੀ ਜੋ ਸੁੱਕ ਚੁੱਕਿਆ ਸੀ। ਪਿੰਡ ਦੇ ਲੋਕੀ ਉਸ ਪਿੱਪਲ ਦੇ ਦਰਖਤ ਹੇਠਾਂ ਗਰਮੀ ਦੀ ਰੁੱਤ 'ਚ ਬੈਠਦੇ ਸਨ ਅਤੇ ਛਾਂ ਦਾ ਅਨੰਦ ਮਾਣਦੇ ਸਨ। ਪਰ ਇਸ ਦਰਖਤ ਦੇ ਸੁੱਕ ਜਾਣ ਕਾਰਨ ਲੋਕਾਂ ਨੂੰ ਗਰਮੀ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਦੋਂ ਬਾਬਾ ਹਰਨਾਮ ਦਾਸ ਜੀ ਇਸ ਪਿੱਪਲ ਦੇ ਦਰਖਤ ਕੋਲ ਬੈਠੇ ਅਤੇ ਦਰਖਤ ਨੂੰ ਪਾਣੀ ਪਾਇਆ। ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਸੰਤਾਂ ਨੇ ਬਚਨ ਕੀਤੇ ਕਿ ਠੰਡੀਆਂ ਛਾਵਾਂ ਰਹਿਣ, ਉਪਰੰਤ ਪਿੱਪਲ ਦਾ ਦਰਖਤ ਹਰਾ ਹੋਣਾ ਸ਼ੁਰੂ ਹੋ ਗਿਆ, ਲੋਕਾਂ ਨੇ ਬਾਬਾ ਹਰਨਾਮ ਦਾਸ ਜੀ ਨੂੰ ਬਾਬਾ ਪਿੱਪਲ ਦਾਸ ਜੀ ਦੇ ਨਾਮ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ।

ਜਿਸ ਸਮੇਂ ਬਾਬੂ ਮੰਗੂ ਰਾਮ ਮੂੰਗੋਵਾਲ ਜੀ ਅਛੂਤ ਮਹਾਂਪੁਰਸ਼ਾਂ, ਸਤਿਗੁਰਾਂ ਦਾ ਇਤਿਹਾਸ ਇਕੱਤਰ ਕਰ ਰਹੇ ਸਨ ਤਾਂ ਸੰਤ ਬਾਬਾ ਪਿੱਪਲ ਦਾਸ ਜੀ ਪਾਸ ਆਏ, ਜਿੱਥੋਂ ਉਹਨਾਂ ਨੂੰ ਮਹਾਂਰਿਸ਼ੀ ਵਾਲਮੀਕ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਮ ਦੇਵ ਜੀ, ਸਤਿਗੁਰੂ ਕਬੀਰ ਜੀ, ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਕੇ ਸਮਾਜ ਦੀ ਝੋਲੀ ਪਾਈ। ਆਪ ਜੀ ਨੇ ਆਪਣੀ ਜ਼ਿੰਦਗੀ ਵਿੱਚ ਸਮਾਜ ਦੇ ਕਾਰਜ ਰਾਸ ਕੀਤੇ। ਸਮਾਜ 'ਚ ਜਾਗ੍ਰਿਤੀ ਪੈਦਾ ਕਰਨ ਦੀ ਚੇਤਨਾ ਪੈਦਾ ਕੀਤੀ। ਆਪ ਜੀ ਆਪਣੀ ਜੀਵਨ ਯਾਤਰ੍ਹਾ ਪੂਰੀ ਕਰਦਿਆਂ ਪਹਿਲੇ ਨਵਰਾਤੇ 1928 ਈ: ਵਾਲੇ ਦਿਨ ਆਪਣਾ ਸਰੀਰ ਤਿਆਗ ਦਿੱਤਾ ਅਤੇ ਪ੍ਰਭੂ ਦੇ ਚਰਨਾਂ 'ਚ ਜਾ ਵਿਰਾਜੇ।

## 2. ਸਤਿਗੁਰੂ ਸਰਵਣ ਦਾਸ ਜੀ

**"ਆਏ ਕਾਂਸ਼ੀ ਵਿੱਚ ਤਾਰਿਆ ਨਾਗਰ ਮੱਲ ਜਿਸ,**
**ਇਕ ਦਮ ਮਾਇਆ ਵਾਲੀ ਫਾਂਸੀ ਕਿਸ ਤੋੜੀ ਆ।**
**ਫਿਰ ਫਿਰ ਸਾਰੇ ਜੱਗ ਏਕਤਾ ਫੈਲਾਈ ਕਿਸ,**
**ਡੁੱਬੇ ਜਾਂਦੇ ਭਾਰਤ ਦੀ ਜਿੰਦ ਕਿਸ ਮੋੜੀ ਆ।**
**ਊਚ-ਨੀਚ ਰਾਓ ਰੰਕ ਭਾਈ ਹੈ ਨਾ ਭੇਦ ਕੋਈ,**
**ਜਾਤ-ਪਾਤ ਹਿੰਦ ਵਿੱਚ ਆਇ ਕਿਸ ਤੋੜੀ ਆ।**
**ਦੱਸੋ ਸਤਿਗੁਰੂ ਰਵਿਦਾਸ ਤੋਂ ਬਿਨਾਂ ਚਹੁੰ ਜੁਗਾਂ ਤੋਂ,**
**ਫਟੀ ਹੋਈ ਸ਼੍ਰਿਸ਼ਟੀ ਮਿਲਾਇ ਕਿਨ ਜੋੜੀ ਆ"**

ਜਗਤਗੁਰੂ ਰਵਿਦਾਸ ਜੀ ਦਾ ਜੀਵਨ, ਮਿਸ਼ਨ, ਸੰਦੇਸ਼ ਉਪਦੇਸ਼ ਨੂੰ ਇੱਕ ਸਾਹ ਸਰਲਤਾ ਨਾਲ ਸੰਸਾਰ ਨੂੰ ਸਮਝਾਉਣ ਵਾਲੇ ਮਹਾਨ ਪੂਰਨ ਸੰਤ ਮਹਾਂਪੁਰਸ਼, ਫਕੀਰ, ਜੋਗੀ, ਸੰਨਿਆਸੀ ਸੰਤ ਸਰਵਣ ਦਾਸ ਜੀ ਹਨ ਜਿਹਨਾਂ ਨੇ ਆਪਣੇ ਪਿਤਾ ਸੰਤ ਬਾਬਾ ਪਿੱਪਲ ਦਾਸ ਜੀ ਦੀ ਅਗਵਾਈ ਅਤੇ ਮਿਹਰ ਸਦਕਾ ਤਪ ਤਪੱਸਿਆ ਚਿੰਤਨ ਦੀ ਸਮਾਧੀ ਵਿੱਚੋਂ ਗਿਆਨ ਦੀ ਊਰਜਾ ਪੈਦਾ ਕੀਤੀ। ਜਿਸ ਊਰਜਾ ਨੇ ਵਿਸ਼ਵ ਨੂੰ ਸਤਿਗੁਰੂ ਰਵਿਦਾਸ ਜੀ ਦੀ ਮਾਨਵਤਾਵਾਦੀ ਬੇਗਮਪੁਰੇ ਦੀ ਮੂਲ ਵਿਚਾਰਧਾਰਾ ਨਾਲ ਜੋੜਿਆ। ਇਹ ਕਹਿਣਾ ਇਹ ਸਮਝਣਾ ਕੋਈ ਅਤਿ ਕਥਨੀ ਨਹੀਂ ਹੋਵੇਗਾ ਕਿ ਅਜਿਹੇ ਪੂਰਨ ਸੰਤ ਯੁੱਗਾਂ ਯੁੱਗਾਂ ਪਿੱਛੋਂ ਹੀ ਆਉਂਦੇ ਹਨ ਜੋ ਸਦੀਆਂ ਦੇ ਇਤਿਹਾਸ ਦੀ ਦਿਸ਼ਾ ਨੂੰ ਬਦਲ ਜਾਂਦੇ ਹਨ।

ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਚਾਰ ਚੰਨ ਲਗਾਉਣ ਵਾਲੇ ਵਿਸ਼ਵ ਦੇ ਵਿੱਚ ਸਤਿਗੁਰੂ ਦੀ ਸੋਚ, ਪਹੁੰਚ ਫੈਲਾਉਣ ਵਾਲੇ ਸੰਤ ਸਤਿਗੁਰੂ ਸਰਵਣ ਦਾਸ ਜੀ ਜਿਹਨਾਂ ਦਾ ਜਨਮ 2 ਫਰਵਰੀ 1895 ਈ: ਨੂੰ ਪਿੰਡ ਗਿੱਲ ਪੱਟੀ (ਬਠਿੰਡਾ) ਵਿਖੇ ਹੋਇਆ। ਆਪ ਜੀ ਦੇ ਮਾਤਾ ਸ਼ੋਭਾ ਵੰਤੀ ਜੀ ਆਪ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਵਿਛੋੜਾ ਦੇ ਗਏ। ਆਪ ਜੀ ਨੂੰ ਆਪ ਜੀ ਦੇ ਪਿਤਾ ਮਹਾਨ ਪਰਉਪਕਾਰੀ ਸੁਭਾਅ ਦੇ ਮਾਲਿਕ ਸੰਤ ਬਾਬਾ ਪਿੱਪਲ ਦਾਸ ਜੀ ਨੇ ਆਪ ਜੀ ਨੂੰ ਪਾਲਿਆ ਪੋਸਿਆ ਅਤੇ ਮਾਨਵਤਾ ਦਾ ਮਾਰਗ ਦਰਸ਼ਨ ਕਰਨ ਦੇ ਕਾਬਿਲ ਹੀ ਨਹੀਂ ਬਣਾਇਆ ਸਗੋਂ ਗਿਆਨ ਦਾ ਅਜਿਹਾ ਸਾਗਰ ਬਣਾਇਆ ਜਿਸ ਵਿੱਚ ਸਾਰਾ ਸੰਸਾਰ ਡੁਬਕੀਆਂ ਮਾਰ ਕੇ ਤਰਦਾ ਰਹੇਗਾ। ਸੰਤ ਸਰਵਣ ਦਾਸ ਜੀ ਨੂੰ ਗਰੀਬਾਂ ਦੇ ਮਸੀਹਾ ਵੀ ਕਿਹਾ ਜਾਂਦਾ ਹੈ ਕਿਉਂਕਿ ਆਪ ਜੀ ਨੇ ਗਰੀਬਾਂ ਦੇ ਭਲੇ ਹਿੱਤ ਇੱਕ ਨਹੀਂ ਅਨੇਕਾਂ ਕੰਮ ਅਰੰਭ ਕੀਤੇ ਅਤੇ ਸਿਰੇ ਚੜ੍ਹਾਏ। ਆਪ ਜੀ ਨੇ ਇਤਿਹਾਸਿਕ ਕਾਰਜ ਕੀਤਾ ਜਿਸ ਦੇ ਕਰਕੇ ਸਾਰਾ ਸੰਸਾਰ ਆਪ ਜੀ ਨੂੰ ਹਮੇਸ਼ਾ ਯਾਦ ਕਰਦਾ ਰਹੇਗਾ ਆਪ ਜੀ ਨੇ ਸਮੂਹ ਜਗਤਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਲਈ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਜਨਮ ਭੂਮੀ ਸੀਰ ਗੋਵਰਧਨ ਪੁਰ ਦੀ ਖੋਜ ਕਰਵਾ ਕੇ ਉੱਥੇ ਇੱਕ ਮਹਾਨ ਤੀਰਥ ਅਸਥਾਨ ਬਣਵਾਇਆ।

ਆਪ ਜੀ ਨੇ ਸੀਰ ਗੋਵਰਧਨ ਪੁਰ ਦੀ ਖੋਜ ਕਰਵਾ ਕੇ ਉਸ ਅਸਥਾਨ ਦਾ ਨੀਂਹ ਪੱਥਰ 14 ਜੂਨ 1965 ਨੂੰ ਸੰਤ ਹਰੀ ਦਾਸ ਜੀ ਪਾਸੋਂ ਰਖਵਾਇਆ। ਇਸ ਮਹਾਨ ਕਾਰਜ ਦੀ ਦੇਣ ਸੰਗਤਾਂ ਹਮੇਸ਼ਾ ਆਪ ਜੀ ਨੂੰ ਯਾਦ ਕਰਦੀਆਂ ਹਨ। ਕੌਮੀ ਤੀਰਥ ਜੋ ਆਪ ਜੀ ਨੇ ਸੰਗਤਾਂ ਨੂੰ ਭੇਂਟ ਕੀਤਾ। ਆਪ ਜੀ ਗਰੀਬ ਬੱਚਿਆਂ ਨੂੰ ਸਿੱਖਿਅਤ ਬਣਾਉਣ ਲਈ ਆਪ ਬੱਚਿਆਂ ਨੂੰ

ਪੜ੍ਹਾਉਂਦੇ ਸਨ। ਆਪ ਡੇਰਾ ਬੱਲਾਂ ਵਿਖੇ ਸੰਗਤਾਂ ਨੂੰ ਬਾਣੀ ਦਾ ਸਤਸੰਗ ਸੁਣਾਇਆ ਕਰਦੇ ਸਨ। ਆਪ ਜੀ ਸੰਗਤਾਂ ਨੂੰ ਆਯੁਰਵੈਦਿਕ ਦਵਾਈਆਂ ਬਣਾ ਕੇ ਉਹਨਾਂ ਦੇ ਦੁੱਖਾਂ ਦਾ ਨਿਵਾਰਨ ਕਰਦੇ ਸਨ। ਆਪ ਜੀ ਸਮਾਜ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਹਮੇਸ਼ਾ ਯਤਨ ਕਰਦੇ ਰਹਿੰਦੇ ਸਨ।

**ਮਾਤਾ ਸ਼ਤਰੂ ਪਿਤਾ ਬੈਰੀ ਜੇ ਨਾ ਬਾਲੋ ਨ ਪਾਠਿਤਾ,**
**ਨ ਸੋਭਤੇ ਸਭਾ ਮੱਧ ਏ ਹੰਸ ਮਧਏ ਬਲੋ ਜਥਾ ॥**

ਆਪ ਜੀ ਅਕਸਰ ਫ਼ਰਮਾਇਆ ਕਰਦੇ ਸਨ ਕਿ ਜੋ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾਉਂਦੇ ਉਹ ਆਪਣੇ ਬੱਚਿਆਂ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਵਿੱਦਿਆ ਜ਼ਿੰਦਗੀ ਵਿੱਚ ਬੇਹੱਦ ਜਰੂਰੀ ਹੈ ਜੋ ਸਮੱਸਿਆ ਵਿਦਿਆ ਪ੍ਰਾਪਤੀ ਨਾਲ ਹੱਲ ਹੋ ਸਕਦੀ ਹੈ ਉਹ ਸਮੱਸਿਆ ਕਿਸੇ ਹੋਰ ਤਰੀਕੇ ਨਾਲ ਹੱਲ ਨਹੀਂ ਹੋ ਸਕਦੀ। ਵਿੱਦਿਆ ਦੀ ਪ੍ਰਾਪਤੀ ਇਨਸਾਨ ਲਈ ਇਨਸਾਨੀ ਜ਼ਿੰਦਗੀ ਜਿਊਣ ਦੇ ਕਾਬਿਲ ਬਣਾਉਣ ਲਈ ਬਹੁਤ ਜਰੂਰੀ ਹੈ।ਆਪ ਜੀ ਸਮਾਜ ਦਾ ਸਰਵ ਪੱਖੀ ਵਿਕਾਸ ਚਾਹੁੰਦੇ ਸਨ। ਸਮਾਜ ਜੋ ਹਜ਼ਾਰਾਂ ਸਦੀਆਂ ਤੋਂ ਦਬਾਇਆ ਗਿਆ ਸੀ। ਉਸ ਨੂੰ ਧਾਰਮਿਕ ਸੁਤੰਤਰਤਾ ਪ੍ਰਾਪਤ ਕਰਕੇ ਪ੍ਰਭੂ ਸਿਮਰਨ ਕਰਨਾ ਜਰੂਰੀ ਹੈ ਅਤੇ ਨਾਲ ਹੀ ਆਰਥਿਕ ਪੱਖੋਂ ਕਮਜੋਰ ਅਤੇ ਸਮਾਜਿਕ ਪੱਖੋਂ ਲਤਾੜਿਆ ਗਿਆ ਸਮਾਜ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੂਝਣ ਦੀ ਲੋੜ ਹੈ। ਜਿਸ ਸਮੇਂ ਮਾਨਵਤਾ ਦੇ ਮਸੀਹਾ ਬਾਬਾ ਸਾਹਿਬ ਡਾ: ਅੰਬੇਡਕਰ ਜੀ ਅਛੂਤ ਲੋਕਾਈ ਨੂੰ ਉਹਨਾਂ ਦੇ ਮਾਨਵੀ ਅਧਿਕਾਰ ਲਿਖਤੀ ਸੰਵਿਧਾਨ ਦੇ ਰੂਪ 'ਚ ਦਿਵਾਉਣ ਲਈ ਸੰਘਰਸ਼ਸ਼ੀਲ ਸਨ। ਉਸ ਸਮੇਂ ਪੰਜਾਬ ਵਿੱਚ ਸਮਾਜ ਨੂੰ ਅਗਵਾਈ ਅਤੇ ਸੇਧ ਸੰਤ ਸਰਵਣ ਦਾਸ ਜੀ ਦੇ ਰਹੇ ਸਨ।

ਖਾਸ ਕਰਕੇ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੇ ਮਾਨਵਤਾਮਈ ਅੰਦੋਲਨ ਵਿੱਚ ਸੰਤ ਸਰਵਣ ਦਾਸ ਜੀ ਦੇ ਯੋਗਦਾਨ ਦਾ ਖਾਸ ਜਿਕਰ ਮਿਲਦਾ ਹੈ। ਇਤਿਹਾਸ ਅੰਦਰ ਜਦੋਂ ਬਾਬਾ ਸਾਹਿਬ ਡਾ: ਅੰਬੇਡਕਰ ਜੀ ਅਛੂਤ ਲੋਕ (ਭਾਰਤੀ ਮੂਲ ਨਿਵਾਸੀ ਲੋਕ) ਨੂੰ ਮਾਨਵਤਾ ਦੇ ਅਧਿਕਾਰ ਦਿਵਾਉਣ ਲਈ ਸੰਘਰਸ਼ ਕਰ ਰਹੇ ਸਨ ਤਾਂ ਬਾਬਾ ਸਾਹਿਬ ਜੀ ਦੀ ਸੋਚ ਦਾ ਵਿਰੋਧ ਕਰਦਿਆਂ ਮਹਾਤਮਾ ਗਾਂਧੀ ਨੇ ਉਹਨਾਂ ਦੇ ਖਿਲਾਫ ਮਰਨ ਵਰਤ ਰੱਖ ਲਿਆ ਸੀ। ਪਰ ਦੂਸਰੇ ਪਾਸੇ ਮੰਗੂ ਰਾਮ ਮੂੰਗੋਵਾਲੀਆ ਜੀ ਜੋ ਉਸ ਸਮੇਂ ਸਮਾਜ ਨੂੰ ਰਾਜਨੀਤਿਕ ਅਗਵਾਈ ਦੇਣ ਦਾ ਯਤਨ ਕਰ ਰਹੇ ਸਨ। ਉਹਨਾਂ ਨੇ ਮਹਾਤਮਾ ਗਾਂਧੀ ਦੀ ਮੰਗ ਵਿਰੁੱਧ ਮਰਨ ਵਰਤ ਰੱਖਿਆ। ਜਦੋਂ ਮੰਗੂ ਰਾਮ ਜੀ ਦਾ ਮਰਨ ਵਰਤ ਖੁਲਣਾ ਸੀ ਤਾਂ ਉਸ ਸਮੇਂ ਮੰਗੂ ਰਾਮ ਜੀ ਨੂੰ ਸੰਤ ਸਰਵਣ ਦਾਸ ਜੀ ਨੇ ਜੂਸ ਪਿਲਾ ਕੇ ਉਹਨਾਂ ਦਾ ਮਰਨ ਵਰਤ ਖੁਲਵਾਇਆ। ਉਸ ਸਮੇਂ ਡਾ: ਅੰਬੇਡਕਰ ਜੀ ਅਤੇ ਗਾਂਧੀ ਵਿਚਕਾਰ ਪੂਨਾ ਪੈਕਟ ਦਾ ਸਮਝੋਤਾ ਹੋਇਆ। ਗਿਆਨੀ ਬਿਸ਼ਨਾ ਰਾਮ ਜੀ ਵਿਰਦੀ, ਸ਼੍ਰੀ ਫਕੀਰ ਸਿੰਘ ਬੱਲ, ਸ਼੍ਰੀ ਪੂਰਨ ਚੰਦ ਬਿਆਸ ਪਿੰਡ, ਸ਼੍ਰੀ ਭਗਤ ਸਿੰਘ ਮੱਲ, ਸ਼੍ਰੀ ਨਾਮਾ ਰਾਮ ਜੀ ਟਿਹਾਣਾ, ਸ਼੍ਰੀ ਨਿਰੰਜਣ ਸਿੰਘ ਹੋਠੀ ਬੱਲ, ਇਹ ਸਾਰੇ ਦਿੱਲੀ ਵਿਖੇ ਸਰਕਾਰੀ ਨੌਕਰੀਆਂ ਕਰਦੇ ਸਨ। ਉਹ ਤਕਰੀਬਨ ਬਾਬਾ ਸਾਹਿਬ ਜੀ ਦੇ ਸੰਘਰਸ਼ 'ਚ ਰਹਿੰਦੇ ਸਨ। ਗਿਆਨੀ ਬਿਸ਼ਨਾ ਰਾਮ ਜੀ ਬਾਬਾ ਸਾਹਿਬ ਜੀ ਦੇ ਸੰਪਰਕ 'ਚ 1942 ਤੋਂ 1956 ਤੱਕ ਰਹੇ। ਗਿਆਨੀ ਬਿਸ਼ਨਾ ਰਾਮ ਜੀ ਬਾਬਾ ਸਾਹਿਬ ਜੀ ਨੂੰ ਮਾਨਵਤਾ ਦੇ ਮਸੀਹਾ ਸੰਤ ਸਰਵਣ ਦਾਸ ਜੀ ਬਾਰੇ ਦੱਸਦੇ ਅਤੇ ਉਹਨਾਂ ਦੇ ਕੀਤੇ ਕੰਮਾਂ ਬਾਰੇ ਚਰਚਾ ਕਰਦੇ। ਸੰਤ ਸਰਵਣ ਦਾਸ ਜੀ ਬਾਰੇ ਜਾਨਣ ਉਪਰੰਤ ਬਾਬਾ ਸਾਹਿਬ ਜੀ ਨੇਕ ਰੂਹ ਮਹਾਂਪੁਰਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਮਿਲਣ ਦੀ ਦਿਲੀ ਇੱਛਾ ਵੀ ਸੀ।

ਸੰਤ ਸਰਵਣ ਦਾਸ ਜੀ 1949 ਵਿੱਚ ਅਪ੍ਰੈਲ ਮਈ ਦੌਰਾਨ 50 ਦਿਨਾਂ ਲਈ ਦਿੱਲੀ ਦੀ ਯਾਤਰਾ ਤੇ ਗਏ। ਇਸ ਸਮੇਂ ਦੌਰਾਨ ਸੰਤ ਸਰਵਣ ਦਾਸ ਜੀ ਦਲਿਤਾਂ ਦੇ ਮਸੀਹਾ ਬਾਬਾ

ਸਾਹਿਬ ਡਾ: ਅੰਬੇਡਕਰ ਜੀ ਨੂੰ ਮਿਲਣ ਆਏ। ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੇ ਗ੍ਰਹਿ ਜਨਪਥ ਰੋਡ ਈਸਟਨ ਕੋਰਟ ਵਿਖੇ ਗਏ , ਜਿੱਥੇ ਬਾਬਾ ਸਾਹਿਬ ਕੁਝ ਲੋਕਾਂ ਨਾਲ ਕੁਰਸੀਆਂ ਉੱਪਰ ਬੈਠੇ ਹੋਏ ਸਨ। ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਆਉਂਦੇ ਵੇਖ ਕੇ ਆਪਣੀ ਕੁਰਸੀ ਤੋਂ ਉਠ ਖਲੋਏ। ਇਸ ਸਮੇਂ ਤਕਰੀਬਨ ਇੱਕ ਘੰਟਾ ਆਪਸੀ ਮੁਲਾਕਾਤ ਹੋਈ। ਇਸ ਸਮੇਂ ਸੰਤ ਸਰਵਣ ਦਾਸ ਜੀ ਨੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੂੰ ਪੰਜਾਬ ਦਾ ਦੌਰਾ ਕਰਨ ਲਈ ਵੀ ਕਿਹਾ। ਫਿਰ ਜਦੋਂ 27 ਅਕਤੂਬਰ 1951 ਨੂੰ ਜਲੰਧਰ ਬੂਟਾ ਮੰਡੀ ਵਿਖੇ ਆਏ, ਇਸ ਸਮੇਂ ਸੰਤ ਸਰਵਣ ਦਾਸ ਜੀ ਉਹਨਾਂ ਕੋਲ ਨਹੀਂ ਜਾ ਸਕੇ ਤਾਂ ਉਹਨਾਂ ਨੇ ਇੱਕ ਪੱਤਰ ਭੇਜਿਆ ਜੋ ਉੱਥੇ ਸਟੇਜ ਤੇ ਪੜ੍ਹ ਕੇ ਸੁਣਾਇਆ ਗਿਆ। ਜਿਸ ਵਿੱਚ ਲਿਖਿਆ ਸੀ ਕਿ "ਮੇਰੇ ਸ਼ੇਰ ਪੁੱਤਰਾ ਕੌਮ ਦੀ ਭਲਾਈ ਲਈ ਏਸੇ ਤਰ੍ਹਾਂ ਡਟਿਆ ਰਹੀਂ, ਕਾਮਯਾਬੀ ਖੁਦ ਤੇਰੇ ਪੈਰ ਚੁੰਮੇਗੀ ਅਤੇ ਲੋਕ ਤੇਰੇ ਉੱਪਰ ਮਾਣ ਕਰਿਆ ਕਰਨਗੇ।" ਆਪ ਜੀ ਨੇ ਸਮਾਜ ਨੂੰ ਧਾਰਮਿਕ ਸੇਧ ਦਿੱਤੀ। ਅੰਤ ਆਪ ਜੀ 11 ਜੂਨ 1972 ਨੂੰ ਬ੍ਰਹਮਲੀਨ ਹੋ ਗਏ। ਆਪ ਜੀ ਦਾ ਜੀਵਨ ਸੰਦੇਸ਼ ਹਮੇਸ਼ਾ ਮਾਨਵਤਾ ਨੂੰ ਸੱਚ ਦੀ ਰਾਹ ਦਿਖਾਉਂਦਾ ਰਹੇਗਾ। ਮਾਨਵਤਾ ਦੇ ਭਲੇ ਹਿਤ ਕੀਤਾ ਗਿਆ ਪ੍ਰਚਾਰ ਹਮੇਸ਼ਾ ਸਮਾਜ ਦਾ ਮਾਰਗ ਦਰਸ਼ਨ ਕਰਦਾ ਰਹੇਗਾ।

## 3. ਸਤਿਗੁਰੂ ਹਰੀਦਾਸ ਜੀ

ਧੰਨ-ਧੰਨ ਬਾਬਾ ਪਿੱਪਲ ਦਾਸ ਜੀ, ਸੰਤ ਸਰਵਣ ਦਾਸ ਜੀ ਮਹਾਰਾਜ ਤੋਂ ਬਾਅਦ ਉਹਨਾਂ ਦੀ ਸੋਚ ਅਤੇ ਮਹਾਨ ਪਰਉਪਕਾਰੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੀ ਅਗਵਾਈ ਸੰਤ ਹਰੀ ਦਾਸ ਜੀ ਨੇ ਕੀਤੀ। ਆਪ ਡੇਰਾ ਸੱਚਖੰਡ ਬੱਲਾਂ ਦੇ ਸੰਤ ਸਰਵਣ ਦਾਸ ਮਹਾਰਾਜ ਤੋਂ ਬਾਅਦ ਗੱਦੀ ਨਸ਼ੀਨ ਬਣੇ। ਆਪ ਜੀ ਦਾ ਜਨਮ 1885 ਈ: ਵਿੱਚ ਸਤਿਕਾਰਯੋਗ ਪਿਤਾ ਸ਼੍ਰੀ ਹੁਕਮ ਚੰਦ ਜੀ ਦੇ ਘਰ ਸਤਿਕਾਰਯੋਗ ਮਾਤਾ ਤਾਬੀ ਜੀ ਦੀ ਕੁੱਖੋਂ ਪਿੰਡ ਗੜ੍ਹਾ, ਜ਼ਿਲ੍ਹਾ ਜਲੰਧਰ ਦੀ ਪਾਵਨ ਧਰਤੀ ਤੇ ਹੋਇਆ। ਆਪ ਜੀ ਦੀ ਵੱਡੀ ਭੈਣ ਦਾ ਨਾਮ ਪੁੰਨਾ ਦੇਵੀ ਸੀ। ਆਪ ਜੀ ਦਾ ਪਰਿਵਾਰ ਧਾਰਮਿਕ ਸੁਭਾਅ ਦਾ ਧਾਰਨੀ ਸੀ। ਆਪ ਜੀ ਛੋਟੇ ਹੀ ਸਨ ਕਿ ਮਾਤਾ ਪਿਤਾ ਜੀ ਪ੍ਰਭੂ ਨੂੰ ਪਿਆਰੇ ਹੋ ਗਏ। ਆਪ ਜੀ ਬਚਪਨ ਤੋਂ ਹੀ ਕੀਰਤਨ ਕਰਨ, ਕੀਰਤਨ ਸੁਣਨ ਅਤੇ ਸੰਤਾਂ ਦੀ ਸੰਗਤ ਵਿੱਚ ਰੁਚੀ ਰੱਖਦੇ ਸਨ। ਆਪ ਜੀ ਨੇ ਆਪਣੀ ਵੱਡੀ ਭੈਣ ਬੀਬੀ ਪੁੰਨਾ ਦੇਵੀ ਜੀ ਦੀ ਸ਼ਾਦੀ ਪਿੰਡ ਮਹੇੜੂ ਵਿਖੇ ਕਰਕੇ ਆਪਣੀ ਸੰਸਾਰਿਕ ਅਤੇ ਪਰਿਵਾਰਿਕ ਜ਼ਿੰਮੇਵਾਰੀ ਨਿਭਾਈ ਤੇ ਆਪ ਆਪਣੇ ਸੁਭਾਅ ਅਨੁਸਾਰ ਸੱਚੇ ਗੁਰੂ ਦੀ ਭਾਲ ਕਰਨੀ ਅਰੰਭ ਕਰ ਦਿੱਤੀ। ਆਪ ਜੀ ਨੇ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ ਸੇਵਕਾਂ ਤੋਂ ਉਹਨਾਂ ਦੀ ਮਹਿਮਾ ਸੁਣੀ ਹੋਈ ਸੀ ਤੇ ਉਹਨਾਂ ਦੇ ਦਰਸ਼ਨਾਂ ਨੂੰ ਡੇਰਾ ਸੱਚਖੰਡ ਬੱਲਾਂ ਵਿਖੇ ਉਹਨਾਂ ਦੀ ਕੁਟੀਆ ਵਿੱਚ ਆਏ। ਆਪ ਜੀ ਦੀ ਖਿੱਚ ਮਹਾਂਪੁਰਸ਼ਾਂ ਵੱਲ ਵਧਦੀ ਗਈ। ਆਪ ਜੀ ਦੀ ਸੇਵਾ ਭਾਵਨਾ ਨੂੰ ਵੇਖਦਿਆਂ ਬਾਬਾ ਪਿੱਪਲ ਦਾਸ ਜੀ ਨੇ ਆਪ ਜੀ ਨੂੰ ਨਾਮ ਦੀ ਦਾਤ ਬਖਸ਼ਿਸ਼ ਕੀਤੀ।

ਜਦੋਂ ਬਾਬਾ ਪਿੱਪਲ ਦਾਸ ਜੀ ਆਪਣਾ ਪੰਜ ਭੌਤਿਕ ਸਰੀਰ ਤਿਆਗ ਕੇ ਚਲੇ ਗਏ ਤਾਂ ਇਸ ਤੋਂ ਪਹਿਲਾਂ ਉਹਨਾਂ ਸੰਤ ਸਰਵਣ ਦਾਸ ਜੀ ਨੂੰ ਇਹ ਕਹਿ ਦਿੱਤਾ ਕਿ ਅਸੀਂ ਸੰਤ ਹਰੀ ਦਾਸ ਜੀ ਨੂੰ ਨਾਮ ਦਾਨ ਦੀ ਦਾਤ ਬਖਸ਼ਿਸ਼ ਕਰ ਦਿੱਤੀ ਹੈ ਅਤੇ ਆਪ ਜੀ ਨੇ ਸਮਾਂ ਵਿਚਾਰ ਕੇ ਉਹਨਾਂ ਨੂੰ ਭੇਖ ਦੇ ਕੇ ਡੇਰੇ ਲੈ ਆਉਣਾ। ਇਹ ਪੂਰਨ ਸੰਤ ਬਣਨਗੇ ਅਤੇ ਜੀਵਾਂ ਨੂੰ ਪ੍ਰਭੂ ਨਾਲ ਜੋੜਨਗੇ। ਆਪ ਜੀ ਸੰਤ ਬਾਬਾ ਪਿੱਪਲ ਦਾਸ ਜੀ ਦੇ ਬਚਨਾਂ ਉੱਪਰ ਚਲਦੇ ਅਤੇ ਸੰਤ ਸਰਵਣ ਦਾਸ ਜੀ ਦੀ ਸੇਵਾ ਵਿੱਚ ਰਹਿ ਕੇ ਆਪਣੇ ਕੰਮ ਕਰਦੇ। ਆਪ ਜੀ ਨੇ ਸੰਤ ਸਰਵਣ ਦਾਸ ਜੀ ਤੋਂ ਗੁਰਮੁਖੀ ਸਿੱਖੀ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਧਾਰਮਿਕ ਗ੍ਰੰਥਾਂ ਦੀ ਕਥਾ ਅਤੇ

ਕੀਰਤਨ ਕਰਨ ਦਾ ਵੀ ਸ਼ੌਂਕ ਸੀ । ਸੰਤ ਸਰਵਣ ਦਾਸ ਜੀ ਨੇ ਸੰਤ ਹਰੀ ਦਾਸ ਜੀ ਨੂੰ ਪਿੰਡ ਗੜ੍ਹੇ ਸੰਤ ਸੰਮੇਲਨ ਰੱਖਣ ਲਈ ਕਿਹਾ ਜਿਸ ਵਿੱਚ ਸੰਤ ਸਰਵਣ ਦਾਸ ਜੀ ਅਤੇ ਮੁਸਲਿਮ ਫਕੀਰ ਸੱਯਦ ਗੁਲਾਮ ਜੱਲਾਨੀ ਅਤੇ ਹੋਰ ਮਹਾਂਪੁਰਸ਼ ਪਹੁੰਚੇ । ਇਹ ਸੰਤ ਸੰਮੇਲਨ ਬਹੁਤ ਸਫਲ ਹੋਇਆ ।ਇਸ ਸੰਤ ਸੰਮੇਲਨ ਤੋਂ ਬਾਅਦ ਸੰਤ ਸਰਵਣ ਦਾਸ ਜੀ ਨੇ ਸੰਤ ਹਰੀ ਦਾਸ ਜੀ ਨੂੰ ਭੇਖ ਪਹਿਨਾ ਕੇ ਡੇਰੇ ਵਿੱਚ ਲੈ ਆਂਦਾ ।

ਆਪ ਧਾਰਮਿਕ ਵਿੱਦਿਆ ਵਿੱਚ ਬਹੁਤ ਨਿਪੁੰਨ ਹੋ ਗਏ । ਆਪ ਜੀ ਨੇ 14 ਜੂਨ 1965 ਨੂੰ ਸੀਰ ਗੋਵਰਧਨਪੁਰ ਦੀ ਧਰਤੀ ਉੱਪਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਜਨਮ ਅਸਥਾਨ ਦੀ ਇਮਾਰਤ ਦਾ ਨੀਂਹ ਪੱਥਰ ਸੰਤ ਸਰਵਣ ਦਾਸ ਜੀ ਦੇ ਹੁਕਮਾਂ ਅਨੁਸਾਰ ਰੱਖਿਆ । ਸੰਤ ਹਰੀ ਦਾਸ ਜੀ ਨੇ 11 ਜੂਨ 1973 ਨੂੰ ਡੇਰਾ ਬੱਲਾਂ ਵਿਖੇ ਸਤਿਗੁਰੂ ਸਰਵਣ ਦਾਸ ਜੀ ਦੀ ਯਾਦ ਵਿੱਚ ਇੱਕ ਮੰਦਰ ਦਾ ਉਦਘਾਟਨ ਕੀਤਾ ਅਤੇ ਸੰਤ ਸਰਵਣ ਦਾਸ ਜੀ ਦੀ ਮੂਰਤੀ ਦੀ ਸਥਾਪਨਾ ਕੀਤੀ । 31 ਅਕਤੂਬਰ 1976 ਨੂੰ ਸਤਸੰਗ ਭਵਨ ਬਣਾਇਆ । ਆਪ ਜੀ ਸੰਗਤਾਂ ਨੂੰ ਉਪਦੇਸ਼ ਦਿੰਦੇ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਓ, ਬਾਲ ਵਿਆਹ, ਨਸ਼ਾ ਵਿਰੋਧੀ, ਪਰਾਧੀਨਤਾ ਆਦਿ ਬੁਰਾਈਆਂ ਦੀ ਪਹਿਚਾਣ ਕਰਾਉਂਦੇ ਅਤੇ ਸਾਰੀ ਸੰਗਤ ਨੂੰ ਪਿਆਰ ਇਤਿਫਾਕ ਨਾਲ ਰਹਿਣ ਦੀ ਸਿੱਖਿਆ ਦਿੰਦੇ । ਆਪ ਜੀ ਦੇ ਪ੍ਰਵਚਨ ਹਮੇਸ਼ਾ ਹੀ ਰੂਹ ਨੂੰ ਢਾਲਦੇ । ਆਪ ਜੀ ਹਰਿ ਰੂਪੀ ਹੀਰੇ ਦੀ ਪਹਿਚਾਣ ਆਪਣੇ ਸਤਿਗੁਰਾਂ ਦੀ ਕ੍ਰਿਪਾ ਕਰਕੇ ਕੀਤੀ, ਸੰਗਤਾਂ ਨੂੰ ਹਰਿ ਦਾ ਸਿਮਰਨ ਸੁਣਾਉਂਦੇ ਅਤੇ ਹਰਿ ਦੀ ਬੰਦਗੀ ਦਾ ਪਾਵਨ ਸੰਦੇਸ਼ ਦਿੰਦੇ ।ਆਪ ਜੀ ਨੇ ਪੂਰੇ ਜਗਤ ਵਿੱਚ ਜਗਤ ਗੁਰੂ ਰਵਿਦਾਸ ਜੀ ਦਾ ਮਿਸ਼ਨ ਪ੍ਰਚਾਰਿਆ ਅਤੇ ਆਪਣਾ ਜੀਵਨ ਸਫਲ ਕੀਤਾ । ਆਪ ਜੀ ਲਗਭਗ 100 ਸਾਲ ਦੀ ਉਮਰ ਭੋਗਦੇ ਹੋਏ 6 ਫਰਵਰੀ 1982 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਹਰਿ ਦੇ ਚਰਨਾਂ 'ਚ ਜਾ ਵਿਰਾਜੇ ।

## 4. ਸਤਿਗੁਰੂ ਗਰੀਬ ਦਾਸ ਜੀ

**"ਜਗਤਗੁਰੂ ਰਵਿਦਾਸ ਜੀ ਆਪਣੀ ਪਾਵਨ ਅੰਮ੍ਰਿਤਬਾਣੀ ਵਿੱਚ ਉਚਾਰਨ ਕਰਦੇ ਹਨ ਕਿ ਸੰਸਾਰ ਵਿੱਚ ਜਿਸ ਜੀਵ ਪਾਸ ਪ੍ਰਭੂ ਭਗਤੀ ਅਤੇ ਮਿਹਨਤ ਰੂਪੀ ਸਾਧਨਾ ਹੈ ਉਸ ਦਾ ਜੀਵਨ ਸਫਲ ਹੋ ਜਾਂਦਾ ਹੈ।"** ਭਗਤੀ ਅਤੇ ਸਿਮਰਨ, ਸਮਾਜ ਸੇਵਾ ਅਤੇ ਤਿਆਗ ਦੀ ਮੂਰਤ ਹੁੰਦੇ ਹਨ ਉਹ ਮਹਾਂਪੁਰਸ਼ ਜੋ ਆਪਣਾ ਜਨਮ ਤਾਂ ਸੰਵਾਰਦੇ ਹਨ ਲੱਖਾਂ ਕਰੋੜਾਂ ਜੀਵਾਂ ਦਾ ਵੀ ਪਾਰ ਉਤਾਰਾ ਕਰ ਦਿੰਦੇ ਹਨ । ਡੇਰਾ ਸੱਚਖੰਡ ਬੱਲਾਂ ਦੇ ਚੌਥੇ ਗੱਦੀ ਨਸ਼ੀਨ ਸੰਤ ਗਰੀਬ ਦਾਸ ਜੀ ਹੋਏ । ਜਿਹਨਾਂ ਨੂੰ ਸਤਿਗੁਰੂ ਸਰਵਣ ਦਾਸ ਜੀ ਅਤੇ ਸੰਤ ਹਰੀ ਦਾਸ ਜੀ ਦੀ ਕਿਰਪਾ ਨਾਲ ਅਦਭੁੱਤ ਗਿਆਨ, ਬ੍ਰਹਮ ਦੀ ਸੋਝੀ ਅਤੇ ਜ਼ਿੰਦਗੀ ਦਾ ਮਨੋਰਥ ਸਮਝ ਆਇਆ । ਜਿਹਨਾਂ ਚੀਜਾਂ ਨੂੰ ਇਤਿਹਾਸ ਕਈ ਸਦੀਆਂ 'ਚ ਸਮਝ ਪਾਉਂਦਾ ਹੈ, ਉਹਨਾਂ ਚੀਜਾਂ ਦੀ ਸਮਝ ਪੂਰਨ ਮਹਾਂਪੁਰਸ਼ ਦੀ ਸੰਗਤ ਕਰਕੇ ਕੁਝ ਸਮੇਂ ਅੰਦਰ ਹੀ ਆ ਜਾਂਦੀ ਹੈ ।

ਆਪ ਜੀ ਦਾ ਜਨਮ 1925 ਈ: ਵਿੱਚ ਸਤਿਕਾਰਯੋਗ ਪਿਤਾ ਨਾਨਕ ਚੰਦ ਜੀ ਅਤੇ ਮਾਤਾ ਸਤਿਕਾਰਯੋਗ ਹਰ ਕੌਰ ਜੀ ਦੇ ਘਰ ਪਿੰਡ ਜਲਭੇਆ ਵਿੱਚ ਹੋਇਆ । ਪਿੰਡ ਜਲਭੇਆ ਦੀਆਂ ਸੰਗਤਾਂ ਅਕਸਰ ਡੇਰਾ ਸੱਚਖੰਡ ਬੱਲਾਂ ਵਿਖੇ ਆਉਂਦੀਆਂ ਅਤੇ ਨਾਲ ਸੰਤ ਗਰੀਬ ਦਾਸ ਜੀ ਵੀ ਆਉਂਦੇ । ਜਦੋਂ ਆਪ ਦੀ ਉਮਰ ਅਜੇ ਛੇ ਮਹੀਨੇ ਦੀ ਸੀ ਤਾਂ ਆਪ ਜੀ ਦੇ ਪਿਤਾ ਪਰਲੋਕ ਸਿਧਾਰ ਗਏ । ਇੱਕ ਵਾਰ ਪਿੰਡ ਜਲਭੇਆ ਤੋਂ ਸੰਗਤ ਡੇਰਾ ਸੱਚਖੰਡ ਬੱਲਾਂ ਵਿਖੇ ਸੰਤ ਸਰਵਣ ਦਾਸ ਜੀ ਦੇ ਦਰਸ਼ਨਾਂ ਨੂੰ ਆਈ ਤਾਂ ਗਰੀਬ ਦਾਸ ਵੀ ਨਾਲ ਆਏ ਤਾਂ ਸੰਤ ਸਰਵਣ ਦਾਸ ਜੀ ਨੇ ਬਾਲਕ (ਗਰੀਬ ਦਾਸ) ਨੂੰ ਆਪਣੀ ਗੋਦੀ ਵਿੱਚ ਬਿਠਾਇਆ ਅਤੇ ਜਦੋਂ ਆਪ ਦਾ ਨਾਮ ਪੁੱਛਿਆ ਕਿ "ਕਾਕਾ ਤੇਰਾ ਨਾਮ ਕੀ ਏ" ਤੇ ਅੱਗੋਂ ਬਾਲਕ ਨੇ ਜਵਾਬ ਦਿੱਤਾ ਮਹਾਰਾਜ ਗਰੀਬੂ

ਤੇ ਸਤਿਗੁਰੂ ਸਰਵਣ ਦਾਸ ਜੀ ਨੇ ਅੱਗੋਂ ਫੁਰਮਾਇਆ ਕਿ "ਤੂੰ ਗਰੀਬੂ ਨਹੀਂ ਤੂੰ ਤਾਂ ਗਰੀਬ ਨਿਵਾਜ ਏਂ" । ਹੌਲੀ-ਹੌਲੀ ਆਪ ਜੀ ਦੀ ਡੇਰਾ ਸੱਚਖੰਡ ਬੱਲਾਂ ਨਾਲ ਪ੍ਰੀਤੀ ਬਣ ਗਈ । ਆਪ ਜੀ ਡੇਰਾ ਸੱਚਖੰਡ ਬੱਲਾਂ ਵਿਖੇ ਵਿਸ਼ੇਸ਼ ਸੇਵਾ ਆਦਿ ਵਿੱਚ ਆਉਣ ਲੱਗੇ ।

ਸੰਤ ਗਰੀਬ ਦਾਸ ਜੀ ਨੂੰ ਸੰਤ ਸਰਵਣ ਦਾਸ ਜੀ ਨੇ ਸਾਧੂਆਂ ਦੀ ਸੰਗਤ ਵਿੱਚ ਸ਼ਾਮਿਲ ਕਰ ਲਿਆ ਅਤੇ ਸੰਗਤਾਂ ਦੀ ਦਵਾ ਦਾਰੂ ਕਰਨ ਦੀ ਡਿਊਟੀ ਲਗਾ ਦਿੱਤੀ ਜੋ ਆਪ ਜੀ ਨੇ ਪੂਰੀ ਤਨਦੇਹੀ ਨਾਲ ਨਿਭਾਈ ।ਆਪ ਜੋਤਿਸ਼ ਵਿੱਦਿਆ ਦੇ ਮਾਹਿਰ ਸਨ ।ਆਪ ਜੀ ਨੇ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਦੇ ਮੰਦਿਰ ਦੀ ਉਸਾਰੀ ਨੂੰ ਪੂਰੀ ਤਰ੍ਹਾਂ ਚਾਲੂ ਰੱਖਿਆ । ਆਪ ਜੀ ਨੇ ਉੱਥੇ ਸੰਤ ਸਰਵਣ ਦਾਸ ਜੀ ਦੀ ਸੰਗਮਰਮਰ ਦੀ ਮੂਰਤੀ ਲਗਵਾਈ । ਆਪ ਜੀ ਨੇ ਡੇਰਾ ਬੱਲਾਂ ਵਿਖੇ ਸੱਚਖੰਡ ਮੰਦਿਰ, ਸੰਤ ਹਰੀ ਦਾਸ ਸਤਸੰਗ ਹਾਲ, ਲੰਗਰ ਘਰ ਦੀ ਉਸਾਰੀ ਕਰਵਾਈ । ਆਪ ਜੀ ਨੇ ਇੱਕ ਵੱਡਾ ਹਾਲ ਸੰਤ ਸਰਵਣ ਦਾਸ ਜੀ ਦੀ ਯਾਦ ਵਿੱਚ ਬਣਵਾਇਆ । ਜਿਸ ਦਾ ਨੀਂਹ ਪੱਥਰ 22 ਅਕਤੂਬਰ 1982 ਨੂੰ ਰੱਖਿਆ ਅਤੇ ਜਿਸ ਦਾ ਉਦਘਾਟਨ 01 ਜਨਵਰੀ 1994 ਨੂੰ ਕੀਤਾ । ਆਪ ਜੀ ਨੇ 11 ਜੂਨ 1994 ਨੂੰ ਡੇਰਾ ਬੱਲਾਂ ਸੜਕ ਤੇ ਮੁੱਖ ਗੇਟ ਦੀ ਉਸਾਰੀ ਕਰਵਾਈ । ਆਪ ਜੀ ਨੇ ਸੀਰ ਗੋਵਰਧਨਪੁਰ ਵਿਖੇ ਸੱਤ ਫੁੱਟ ਉੱਚੇ ਸੋਨੇ ਦੇ ਕਲਸ਼ ਚੜ੍ਹਾਏ ਜਿਸ ਦਾ ਉਦਘਾਟਨ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਕੀਤਾ । ਆਪ ਜੀ ਦਾ ਕ੍ਰਾਂਤੀਕਾਰੀ ਆਗੂ ਸਾਹਿਬ ਕਾਂਸ਼ੀ ਰਾਮ ਨਾਲ ਬਹੁਤ ਪਿਆਰ ਸੀ ।

ਆਪ ਜੀ ਨੇ 15 ਅਗਸਤ 1991 ਨੂੰ ਬੇਗਮਪੁਰਾ ਸ਼ਹਿਰ ਪੱਤਰਕਾ ਦਾ ਪਹਿਲਾਂ ਅੰਕ ਪ੍ਰਕਾਸ਼ਿਤ ਕੀਤਾ ਅਤੇ ਆਪ ਜੀ ਨੇ ਬੇਗਮਪੁਰਾ ਦਫਤਰ ਦਾ ਨੀਂਹ ਪੱਥਰ 23 ਜਨਵਰੀ 1991 ਨੂੰ ਮੁਹੱਲਾ ਸੁੰਦਰ ਨਗਰ ਵਿਖੇ ਰੱਖਿਆ ਸੀ । ਆਪ ਜੀ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਅਨੇਕਾਂ ਗੁਰੂ ਘਰਾਂ ਦੇ ਨੀਂਹ ਪੱਥਰ ਰੱਖੇ । ਇਕ ਵਾਰ ਆਪ ਜੀ ਨੇ ਪ੍ਰਵਚਨ ਕਰਦਿਆਂ ਸੰਗਤਾਂ ਨੂੰ ਕਿਹਾ ਸੀ ਕਿ "ਸੰਗਤਾਂ ਕਹਿੰਦੀਆਂ ਹਨ ਕਿ ਗਰੀਬ ਦਾਸ ਸਟੇਜ ਤੇ ਨਹੀਂ ਬੋਲਦਾ ਮੈਂ ਇਸ ਕਰਕੇ ਨਹੀਂ ਬੋਲਦਾ ਗੁਰੂ ਜੀ ਨੇ ਮੇਰੇ ਦੋ ਕੰਮ ਲਗਾਏ ਸਨ ਸਮਾਜ ਦੀ ਸੇਵਾ ਕਰਨੀ ਅਤੇ ਸਿਮਰਨ ਕਰਨਾ, ਇਹਨਾਂ ਦੋਨਾਂ ਕੰਮਾਂ ਵਿੱਚ ਬੋਲਣ ਦੀ ਲੋੜ ਨਹੀਂ ਪੈਂਦੀਂ ।" ਆਪ ਜੀ ਨੇ 9 ਅਕਤੂਬਰ 1993 ਤੋਂ ਵਿਦੇਸ਼ੀ ਪ੍ਰਚਾਰ ਦੌਰਾਨ ਸੰਗਤਾਂ ਨੂੰ ਕਹਿ ਦਿੱਤਾ ਸੀ ਕਿ ਅਸੀਂ ਮੁੜ ਕੇ ਇੰਗਲੈਂਡ ਨਹੀਂ ਆਉਣਾ । ਆਪ ਜੀ ਨੇ ਜੂਨ 1994 ਨੂੰ ਬਨਾਰਸ ਵਿਖੇ ਇੱਕ ਵੱਡਾ ਸਮਾਗਮ ਰੱਖਿਆ ਅਤੇ ਬਨਾਰਸ ਵਿਖੇ ਆਪ ਸੰਗਤਾਂ ਨੂੰ ਕਹਿ ਆਏ ਕਿ ਅਸੀਂ ਹੁਣ ਮੁੜ ਕੇ ਇੱਥੇ ਨਹੀਂ ਆਉਣਾ । ਆਪ ਜੀ ਨੇ ਆਪਣੇ ਕਾਰਜ ਪੂਰੇ ਕੀਤੇ ਅਤੇ ਆਪਣੇ ਫਰਜ ਨਿਭਾਏ ਜੋ ਸਤਿਗੁਰਾਂ ਨੇ ਲਗਾਏ ਸਨ । ਉਹਨਾਂ ਨੂੰ ਨਿਭਾਉਂਦਿਆਂ ਆਪ ਜੀ ਨੇ ਮਿਤੀ 23 ਜੁਲਾਈ 1994 ਨੂੰ ਆਪਣਾ ਸਰੀਰ ਤਿਆਗ ਦਿੱਤਾ। ਆਪ ਜੀ ਦਾ ਸੰਸਕਾਰ 25 ਜੁਲਾਈ 1994 ਨੂੰ ਕੀਤਾ ਗਿਆ ।

## 5. ਸਤਿਗੁਰੂ ਨਿਰੰਜਣ ਦਾਸ ਜੀ

ਆਪ ਜੀ ਸੰਤ ਗਰੀਬ ਦਾਸ ਜੀ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਬਣੇ। ਆਪ ਜੀ ਦਾ ਜਨਮ 6 ਜਨਵਰੀ 1942 ਨੂੰ ਸਤਿਕਾਰਯੋਗ ਪਿਤਾ ਸ਼੍ਰੀ ਸਾਧੂ ਰਾਮ ਜੀ ਅਤੇ ਸਤਿਕਾਰਯੋਗ ਮਾਤਾ ਰੁਕਮਣੀ ਜੀ ਦੇ ਗ੍ਰਹਿ ਪਿੰਡ ਰਾਮਦਾਸ ਪੁਰਾ, ਨੇੜੇ ਅਲਾਵਲਪੁਰ ਵਿਖੇ ਹੋਇਆ। ਆਪ ਜੀ ਦੇ ਮਾਤਾ ਪਿਤਾ ਜੀ ਸੰਤ ਬਾਬਾ ਪਿੱਪਲ ਦਾਸ ਜੀ ਅਤੇ ਸੰਤ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਆਪ ਜੀ ਨੂੰ ਜਦੋਂ ਵੀ ਘਰ ਤੋਂ ਵਿਹਲ ਮਿਲਦੀ, ਆਪ ਸੰਤਾਂ ਦੀ ਸੇਵਾ ਵਿੱਚ ਆ ਜਾਂਦੇ। ਆਪ ਬਚਪਨ ਤੋਂ ਹੀ ਸੰਤਾਂ ਦੀ ਸੇਵਾ ਵਿੱਚ ਲੱਗੇ ਰਹਿੰਦੇ ਸਨ। ਇੱਕ ਦਿਨ ਸੰਤ ਸਰਵਣ ਦਾਸ ਜੀ ਨੇ ਆਪ ਜੀ ਦੇ ਪਿਤਾ ਨੂੰ ਪੁੱਛਿਆ ਕਿ ਕਾਕੇ ਦਾ ਕੀ ਨਾਂ ਏ ਤਾਂ ਆਪ ਜੀ ਦੇ ਪਿਤਾ ਜੀ ਨੇ ਦੱਸਿਆ ਨਿਰੰਜਣ ਪਰ ਕੰਮ ਢਿੱਲਾ ਹੀ ਕਰਦਾ ਹੈ ਪਰ ਸੰਤਾਂ ਨੇ ਬਚਨ ਕਰਦਿਆਂ

ਆਪ ਜੀ ਦਾ ਨਾਮ ਹਵਾਈਗਰ ਰੱਖ ਦਿੱਤਾ। ਸਾਨੂੰ ਲੱਗਦਾ ਹੈ ਕਿ ਇਹ ਬਾਲਕ ਢਿੱਲਾ ਨਹੀਂ ਹੈ, ਇਹ ਤਾਂ ਹਵਾ ਤੋਂ ਵੀ ਤੇਜ ਹੈ।

ਆਪ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੀ ਸੇਵਾ ਵਿੱਚ ਲੀਨ ਰਹਿੰਦੇ ਸਨ। ਆਪ ਜੀ ਨੂੰ ਸੰਤ ਗਰੀਬ ਦਾਸ ਜੀ ਤੋਂ ਬਾਅਦ ਡੇਰੇ ਦਾ ਗੱਦੀ ਨਸ਼ੀਨ ਥਾਪਿਆ ਗਿਆ। ਅੱਜ ਵੀ ਆਪ ਡੇਰੇ ਦੁਆਰਾ ਚਲਾਏ ਜਾ ਰਹੇ ਅਨੇਕਾਂ ਪ੍ਰੋਜੈਕਟਾਂ ਦੀ ਅਗਵਾਈ ਕਰ ਰਹੇ ਹਨ।ਆਪ ਜੀ ਦੇਸ਼ ਵਿਦੇਸ਼ ਵਿੱਚ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਦਿਨ ਰਾਤ ਨਿਰੰਤਰ ਕਰ ਰਹੇ ਹਨ। ਆਪ ਜੀ ਵਿਆਨਾ ਵਿਖੇ ਜਦੋਂ ਸਤਿਗੁਰੂ ਰਵਿਦਾਸ ਜੀ ਮਿਸ਼ਨ ਦਾ ਪ੍ਰਚਾਰ ਕਰ ਰਹੇ ਸਨ ਉਸ ਸਮੇਂ ਕੁਝ ਮਾਨਵ ਵਿਰੋਧੀਆਂ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਦੋਖੀਆਂ ਨੇ ਆਪ ਜੀ ਉਪਰ ਅਤੇ ਰਵਿਦਾਸੀਆ ਸਮਾਜ ਦੇ ਮਹਾਨ ਵਿਦਵਾਨ ਸੰਤ ਰਾਮਾਨੰਦ ਜੀ ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਜਿਸ ਵਿੱਚ ਆਪ ਜੀ ਗਭੀਰ ਰੂਪ ਵਿੱਚ ਜਖ਼ਮੀ ਹੋ ਗਏ ਅਤੇ ਸੰਤ ਰਾਮਾਨੰਦ ਜੀ ਸ਼ਹੀਦੀ ਪ੍ਰਾਪਤ ਕਰ ਗਏ। ਆਪ ਜੀ ਰਵਿਦਾਸੀਆਂ ਸਮਾਜ ਨੂੰ ਇੱਕ ਨਵੀਂ ਸੇਧ ਦੇਣ ਲਈ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਲੈ ਕੇ ਅਤੇ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਤੋਂ ਬਾਆਦ ਰਵਿਦਾਸੀਆ ਕੌਮ ਦੁਆਰਾ 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਜਨਮ ਭੂਮੀ ਸੀਰ ਗੋਵਰਧਨਪੁਰ ਵਾਰਾਨਸੀ ਕਾਸ਼ੀ ਵਿਖੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਆਗਮਨ ਪੁਰਵ ਮੌਕੇ ਵਿਸ਼ਾਲ ਲੱਖਾਂ ਦੇ ਇਕੱਠ ਦੀ ਹਾਜ਼ਰੀ ਵਿੱਚ ਚੇਆਰਮੈਨ ਸੰਤ ਨਿਰੰਜਣ ਦਾਸ ਜੀ (ਗੱਦੀ ਨਸ਼ੀਨ ਡੇਰਾ ਸੱਚ ਖੰਡ ਬੱਲਾਂ) ਅਤੇ ਸੰਤ ਸਮਾਜ ਤੇ ਵਾਇਸ ਚੇਅਰਮੈਨ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਸੰਤ ਸਮਾਜ ਨੂੰ ਨਾਲ ਲੈ ਕੇ ਵਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦਾ ਇਤਿਹਾਸਕ ਐਲਾਨ ਕੀਤਾ ਗਿਆ। ਰਵਿਦਾਸੀਆ ਧਰਮ ਦਾ ਪ੍ਰਚਾਰ ਕਰ ਰਹੇ ਹਨ।

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ( ਜਲੰਧਰ)

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਤੋਂ ਪਠਾਨਕੋਟ ਰੋਡ ਉੱਪਰ ਸਥਿਤ ਹੈ। ਇਸ ਧਰਮ ਪ੍ਰਚਾਰ ਅਸਥਾਨ ਤੋਂ ਦੇਸ਼-ਵਿਦੇਸ਼ ਵਿਚ ਰਵਿਦਾਸੀਆ ਧਰਮ ਪ੍ਰਚਾਰ ਪ੍ਰਸਾਰ ਨੂੰ ਨਵੀਂ ਸੇਧ ਅਤੇ ਨਿਰੋਈ ਅਤੇ ਨਿੱਘਰ ਅਗਵਾਈ ਸਮੁੱਚੀ ਰਵਿਦਾਸੀਆ ਕੌਮ ਨੂੰ ਪ੍ਰਾਪਤ ਹੁੰਦੀ ਹੈ। ਨਵੀਂ ਊਰਜਾ ਮਿਲਦੀ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਬਾਬਾ ਪਿੱਪਲ ਦਾਸ ਜੀ ਅਤੇ ਸਤਿਗੁਰੂ ਸਰਵਣ ਦਾਸ ਜੀ ਦੀ ਚਰਨ ਛੂਹ ਅਤੇ ਆਸ਼ੀਰਵਾਦ ਪ੍ਰਾਪਤ ਮਹਾਨ ਇਤਿਹਾਸਿਕ ਧਰਤੀ ਹੈ। ਜਿਥੋਂ ਦਾ ਇਤਿਹਾਸ ਵਿਚ ਖਾਸ ਜ਼ਿਕਰ ਮਿਲਦਾ ਹੈ। ਮਹਾਂਪੁਰਸ਼ਾਂ ਦੇ ਅੱਜ ਅਟੱਲ ਬਚਨ ਪੂਰੇ ਹੋਏ ਨਜ਼ਰ ਆਉਂਦੇ ਹਨ ਜਦੋਂ ਇੱਥੇ ਅਸੀਂ ਇਕ ਵਿਸ਼ਾਲ ਇਮਾਰਤ ਅਤੇ ਸਪੱਸ਼ਟਤਾ ਪ੍ਰਦਾਨ ਕਰਦੀ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਦਾ ਫਲ ਸੰਤ ਸੁਰਿੰਦਰ ਦਾਸ ਬਾਵਾ ਜੀ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ। ਇੱਥੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਬਾਬਾ ਪਿੱਪਲ ਦਾਸ ਜੀ, ਸਤਿਗੁਰੂ ਸਰਵਣ ਦਾਸ ਜੀ, ਸਤਿਗੁਰੂ ਹਰੀ ਦਾਸ ਜੀ, ਸਤਿਗੁਰੂ ਗਰੀਬ ਦਾਸ ਜੀ, ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੇ ਮਿਸ਼ਨ ਨੂੰ ਸਕਾਰ ਕਰ ਰਹੇ ਹਨ। ਇੱਥੋਂ ਵਿਸ਼ਵ ਦੇ ਮਾਰਗ ਦਾਤਾ ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮ ਦੇਵ ਜੀ, ਸਤਿਗੁਰੂ ਜੈਦੇਵ ਜੀ, ਮਹਾਰਿਸ਼ੀ ਬਾਲਮੀਕ ਜੀ ਮਹਾਰਾਜ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਦਿਨ ਰਾਤ ਹੋ ਰਿਹਾ ਹੈ। ਇਸ ਪਾਵਨ ਅਸਥਾਨ ਦਾ ਨੀਂਹ ਪੱਥਰ ਰਵਿਦਾਸੀਆ ਧਰਮ ਦੇ ਮਹਾਨ ਪ੍ਰਚਾਰਕ ਅਤੇ ਮਹਾਨ ਸੰਤ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਨੇ 27 ਮਾਰਚ 2014 ਨੂੰ ਆਪਣੇ ਕਰ ਕਮਲਾਂ ਨਾਲ ਰੱਖਿਆ ਇਸ ਮਹਾਨ ਪ੍ਰਚਾਰ ਅਸਥਾਨ ਦੀ ਜਮੀਨ ਸ਼੍ਰੀ ਐਮ. ਡੀ. ਮੰਗਾ ਜੀ ਕਾਹਨਪੁਰ ਸਰਪੰਚ ਜੀ ਦੇ ਪਰਿਵਾਰ ਨੇ ਮਹਾਰਾਜ ਨੂੰ ਭੇਂਟ ਕੀਤੀ। ਇੱਥੇ ਥੋੜ੍ਹੇ ਸਮੇਂ ਅੰਦਰ ਹੀ ਸੰਗਤਾਂ ਦਾ ਹੜ੍ਹ ਜਿਹਾ ਆ ਗਿਆ।

ਸੰਗਤਾਂ 'ਚ ਉਤਸ਼ਾਹ ਭਰ ਗਿਆ ਰਵਿਦਾਸੀਆ ਧਰਮ ਪ੍ਰਚਾਰ ਲਈ ਸੰਤ ਸੰਮੇਲਨਾ ਦੀ ਤਦਾਦ ਵੱਧਣ ਲੱਗੀ। ਦੇਸ਼ ਵਿਦੇਸ਼ ਦੀਆਂ ਸੰਗਤਾਂ ਸੰਤ ਸੁਰਿੰਦਰ ਦਾਸ ਬਾਵਾ ਜੀ ਸੰਚਾਲਕ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਅੱਗੇ ਆਪਣੇ ਦੁੱਖਾਂ ਤਕਲੀਫਾ ਨੂੰ ਲੈ ਕੇ ਜਾਂਦੀਆਂ ਹਨ ਅਤੇ ਉਹਨਾਂ ਦਾ ਨਿਵਾਰਨ ਪ੍ਰਾਪਤ ਕਰਕੇ ਘਰਾਂ ਨੂੰ ਆਉਂਦੀਆਂ ਹਨ ਯਾਦ ਰਹੇ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਵੀ ਮਹਾਂਪੁਰਸ਼ ਸਤਿਗੁਰ ਸਰਵਣ ਦਾਸ ਜੀ ਦੇ ਆਸ਼ੀਰਵਾਦ ਨਾਲ ਹੋਇਆ ਹੈ ਅਤੇ ਸਤਿਗੁਰੂ ਹਰੀਦਾਸ ਜੀ ਮਹਾਰਾਜ ਜੀ ਤੇ ਸਤਿਗੁਰੂ ਗਰੀਬ ਦਾਸ ਜੀ ਦੀ ਅਪਾਰ ਕ੍ਰਿਪਾ ਨਾਲ ਆਪ ਪੂਰਨ ਸੰਤ ਹੋਏ।ਅੱਜ ਜੋ ਵੀ ਸਮਾਜ ਵਿਚ ਰਵਿਦਾਸੀਆ ਧਰਮ ਦਾ ਪ੍ਰਚਾਰ ਹੋ ਰਿਹਾ ਹੈ ਉਹ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਣ ਹੈ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇੱਕ ਵਿਸ਼ਾਲ ਲਾਇਬ੍ਰੇਰੀ, ਅੰਮ੍ਰਿਤਬਾਣੀ ਭਵਨ, ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਮ ਉੱਪਰ ਸੰਗੀਤਿਕ ਅਕੈਡਮੀ ਵੀ ਬਣਾਈ ਹੈ। ਜਿਥੋਂ ਨਵੇਂ ਸਿੱਖਿਆਰਥੀਆ ਨੂੰ ਨਵੀਂ ਸੇਧ ਮਿਲਦੀ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਤੇ ਦੁਖਿਆਂ ਰੋਗੀਆਂ ਦਾ ਦਵਾਈਆ ਨਾਲ ਇਲਾਜ ਵੀ ਕੀਤਾ ਜਾਂਦਾ ਹੈ। ਵੱਖ-ਵੱਖ ਕੋਰਸਾਂ ਅਤੇ ਕਿੱਤਾ ਮੁੱਖੀ ਕੋਰਸਾਂ ਨਾਲ ਜੋੜਿਆਂ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।ਜਗਤਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਸਾਹਿਤ ਸਿਰਜਣਾ ਵੀ ਕੀਤੀ ਜਾ ਰਹੀ ਹੈ।

ਆਪ ਜੀ ਨੂੰ ਸਾਹਿਤ ਸਿਰਜਣ ਦਾ ਬਹੁਤ ਸ਼ੌਂਕ ਹੈ। ਆਪ ਜੀ ਦਾ ਮੰਨਣਾ ਹੈ ਕਿ ਇਤਿਹਾਸ ਬਿਨਾਂ ਕੌਮ ਤਰੱਕੀ ਨਹੀਂ ਕਰ ਸਕਦੀ ਆਪ ਜੀ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਹੈ। ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ ਜੀਵਨ) ,ਨਿਤਨੇਮ ਅੰਮ੍ਰਿਤ ਬਾਣੀ ਜਗਤ ਗੁਰੂ ਰਵਿਦਾਸ ਸਟੀਕ, ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਸਟੀਕ, ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਸੰਖੇਪ ਜੀਵਨ, ਗੁਰੂ ਰਵਿਦਾਸ ਮਿਲੇ ਮੋਹਿ ਪੂਰੇ,ਸੁੱਖ ਸਾਗਰ ਸਟੀਕ, ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ਸਾਖੀਆਂ ਆਦਿ ਅਨੇਕਾਂ ਪੁਸਤਕਾਂ ਲਿਖ ਕੇ ਰਵਿਦਾਸੀਆ ਸਮਾਜ ਵਿੱਚ ਨਵੀਂ ਚੇਤਨਾ ਪੈਦਾ ਕਰ ਰਹੇ ਹਨ।

## ਸੰਤ ਸੁਰਿੰਦਰ ਦਾਸ ਬਾਵਾ ਜੀ

ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਤੋਂ ਬਾਅਦ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਦੁਨੀਆਂ 'ਚ ਪ੍ਰਚਾਰ ਅਤੇ ਕ੍ਰਾਂਤੀਕਾਰੀ ਲਹਿਰ ਪੈਦਾ ਕਰਨ ਦੀ ਜ਼ਿੰਮੇਵਾਰੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਸੰਭਾਲ ਲਈ । ਆਪ ਜੀ ਨੇ ਕਿਸੇ ਤਰ੍ਹਾਂ ਵੀ ਸਮਾਜ ਦੀ ਜ਼ਿੰਮੇਵਾਰੀ ਤੋਂ ਮੂੰਹ ਨਹੀਂ ਫੇਰਿਆ । ਆਪ ਜੀ ਕਹਿੰਦੇ ਹਨ ਕਿ ਰਹਿਬਰਾਂ ਦਾ ਮਿਸ਼ਨ ਤਾਂ ਭਾਗਾਂ ਨਾਲ ਮਿਲਦਾ ਹੈ । ਇਸ ਮਿਸ਼ਨ ਤੇ ਚਲਣਾ, ਇਸ ਮਿਸ਼ਨ ਨੂੰ ਸੰਭਾਲਣਾ ਗੁਰੂਆਂ ਦੀ ਮਿਹਰ ਹੀ ਹੁੰਦੀ ਹੈ ।ਸਤਿਗੁਰਾਂ ਦੀ ਬਖਸ਼ਿਸ਼ ਤੋਂ ਬਿਨਾਂ ਇਹ ਕੰਮ ਸੰਭਵ ਹੀ ਨਹੀਂ ਹੈ । ਆਪ ਜੀ ਦਾ ਜਨਮ 14 ਮਾਰਚ 1973 ਨੂੰ ਸਤਿਕਾਰਯੋਗ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਦੇ ਗ੍ਰਹਿ ਵਿਖੇ ਸਤਿਕਾਰਯੋਗ ਮਾਤਾ ਸ਼੍ਰੀਮਤੀ ਗੁਰਬਚਨ ਕੌਰ ਜੀ ਦੀ ਕੁੱਖੋਂ ਹੋਇਆ । ਆਪ ਜੀ ਦਾ ਪਰਿਵਾਰ ਸੁੱਚੀ ਪਿੰਡ ਰਹਿੰਦਾ ਸੀ । ਆਪ ਜੀ ਦਾ ਪਰਿਵਾਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਜੀ ਦਾ ਬਹੁਤ ਸ਼ਰਧਾਲੂ ਹੈ ।ਆਪ ਜੀ ਦਾ ਪਰਿਵਾਰ ਸੰਤਾਂ ਦੀ ਸੰਗਤ ਕਰਨ ਵਾਲਾ ਅਤੇ ਧਾਰਮਿਕ ਖਿਆਲਾਂ ਵਾਲਾ ਪਰਿਵਾਰ ਹੈ । ਆਪ ਜੀ ਦੀ ਮਾਤਾ ਜੀ ਦਾ ਸਤਿਗੁਰੂ ਸਰਵਣ ਦਾਸ ਜੀ ਉੱਪਰ ਬੇਅੰਤ ਵਿਸ਼ਵਾਸ਼ ਹੈ ।

1972 ਦੀ ਗੱਲ ਹੈ ਜਦੋਂ ਬੀਬੀ ਗੁਰਬਚਨ ਕੌਰ ਜੀ ਬਿਮਾਰ ਹੋਏ ਤਾਂ ਸਤਿਗੁਰੂ ਸਰਵਣ ਦਾਸ ਜੀ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਮਾਤਾ ਜੀ ਦੀ ਖ਼ਬਰ ਨੂੰ ਪਹੁੰਚੇ । ਜਦੋਂ ਬੀਬੀ ਗੁਰਬਚਨ ਕੌਰ ਜੀ ਦੇ ਸਿਰ ਉੱਪਰ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਹੱਥ ਫੇਰਿਆ ਅਤੇ ਕਿਹਾ ਕਿ ਬੀਬੀ ਤੂੰ ਤਾਂ ਬਚ ਜਾਵੇਂਗੀ ਪਰ ਤੇਰਾ ਇਹ ਬੱਚਾ ਨਹੀਂ ਬਚਣਾ ਪਰ ਅੱਗੋਂ ਜਲਦੀ ਤੇਰੇ ਦੋ ਪੁੱਤਰ ਹੋਣਗੇ । ਇਹ ਬਚਨ ਸੁਣਦਿਆਂ ਬੀਬੀ ਗੁਰਬਚਨ ਕੌਰ ਨੇ ਕਿਹਾ ਕਿ ਮਹਾਰਾਜ ਜੀ ਵੱਡਾ ਪੁੱਤਰ ਤੁਹਾਡਾ । ਅਜਿਹਾ ਹੀ ਹੋਇਆ ਸੰਤਾਂ ਦੇ ਬਚਨ ਪੂਰੇ ਹੋਏ । ਜਦੋਂ ਆਪ ਜੀ ਦੀ ਉਮਰ ਪੰਜ ਸਾਲ ਦੀ ਹੋਈ ਤਾਂ ਸੰਤ ਹਰੀ ਦਾਸ ਜੀ ਆਪ ਜੀ ਨੂੰ ਭਗਵੇਂ ਕੱਪੜੇ ਪਾ ਕੇ ਡੇਰਾ ਸੱਚਖੰਡ ਬੱਲਾਂ ਲੈ ਆਏ । ਆਪ ਜੀ ਦੀ ਦੇਖ ਰੇਖ ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਦੀ ਨਿਗਰਾਨੀ ਹੇਠ ਹੋਈ । ਆਪ ਜੀ ਦੀ ਪੜ੍ਹਾਈ ਸੰਤ ਹਰੀ ਦਾਸ ਜੀ ਦੇ

ਹੁਕਮਾਂ ਅਨੁਸਾਰ ਘਰ ਵਿੱਚ ਹੀ ਹੋਈ । ਸੰਤ ਗਰੀਬ ਦਾਸ ਜੀ ਦੀ ਪ੍ਰੇਰਨਾ ਸਦਕਾ ਆਪ ਜੀ ਨੇ ਬੀ.ਏ. ਤੱਕ ਦੀ ਪੜ੍ਹਾਈ ਪੂਰੀ ਕੀਤੀ । ਆਪ ਜੀ ਦੀ ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਉੱਪਰ ਗਹਿਰੀ ਪਕੜ ਸੀ । ਆਪ ਜੀ ਦਾ ਪਰਿਵਾਰ ਗੁਰੂ ਰਵਿਦਾਸ ਜੀ ਅਤੇ ਡਾ: ਅੰਬੇਡਕਰ ਜੀ ਦਾ ਪੈਰੋਕਾਰ ਹੈ ।

ਆਪ ਜੀ ਨੇ ਗੁਰੂ ਰਵਿਦਾਸ ਬਾਣੀ ਉੱਪਰ ਆਪਣੀ ਪੜ੍ਹਾਈ ਸੰਤ ਗਰੀਬ ਦਾਸ ਜੀ ਅਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਤੋਂ ਸਿੱਖਿਆ ਪ੍ਰਾਪਤ ਕੀਤੀ । ਆਪ ਜੀ ਉੱਪਰ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਗਹਿਰੀ ਸਖਸ਼ੀਅਤ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ । ਆਪ ਜੀ ਨੇ ਰਵਿਦਾਸੀਆ ਧਰਮ ਦੇ ਪ੍ਰਚਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਜਗਤਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਗ੍ਰੰਥ ਰਵਿਦਾਸੀਆ ਸਮਾਜ ਦੀ ਝੋਲੀ ਪਾ ਕੇ ਕੌਮੀ ਵਿਰਸਾ ਅਤੇ ਵਿਰਾਸਤ ਨੂੰ ਅਮੀਰ ਕਰ ਦਿੱਤਾ । ਆਪ ਜੀ ਅੱਜ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਕਰ ਰਹੇ ਹਨ । ਆਪ ਦੇਸ਼ ਅਤੇ ਵਿਦੇਸ਼ ਵਿੱਚ ਸੰਗਤਾਂ ਨੂੰ ਸੇਧ ਦੇ ਰਹੇ ਹਨ । ਆਪ ਜੀ ਨੇ ਜਗਤਗੁਰੂ ਰਵਿਦਾਸ ਮਿਸ਼ਨ ਉੱਪਰ ਅਣਗਿਣਤ ਕਿਤਾਬਾਂ ਦੀ ਰਚਨਾ ਕੀਤੀ ਜਿਸ ਦੁਆਰਾ ਕੌਮ ਅੰਦਰ ਜਾਗ੍ਰਿਤੀ ਆ ਰਹੀ ਹੈ । ਆਪ ਜੀ ਦੁਆਰਾ ਜੋ ਸਾਹਿਤ ਸਿਰਜਿਆ ਗਿਆ ਉਸ ਵਿੱਚ ਹੇਠ ਲਿਖੀਆਂ ਪੁਸਤਕਾਂ:-

(1) ਜਗਤਗੁਰੂ ਰਵਿਦਾਸ ਅੰਮ੍ਰਿਤਬਾਣੀ ਸਟੀਕ,
(2)ਜਗਤਗੁਰੂ ਰਵਿਦਾਸ ਜੀ ਸੰਖੇਪ ਜੀਵਨ-ਪੰਜਾਬੀ ਹਿੰਦੀ ਇੰਗਲਿਸ਼,
(3)ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ
(ਪੰਜਾਬੀ,ਹਿੰਦੀ,ਇੰਗਲਿਸ਼,ਮਰਾਠੀ, ਡੱਚ, ਇਟਾਲੀਅਨ)
(4)ਜਗਤਗੁਰੂ ਰਵਿਦਾਸ ਜੀ ਦੀਆਂ ਜੀਵਨ ਕਥਾਵਾਂ,
(5)ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਸਟੀਕ,
(6)ਸੁਖਸਾਗਰ ਸਟੀਕ (ਇਟਾਲੀਅਨ ਅਤੇ ਡੱਚ)
(7)ਧਰਤੀ ਉੱਤੇ ਰੱਬ ਸੰਤ ਸਰਵਣ ਦਾਸ ਜੀ ਮਹਾਰਾਜ,
(8)ਗੁਰੂ ਰਵਿਦਾਸ ਮਿਲੇ ਮੋਹਿ ਪੂਰੇ ਆਦਿ।

ਆਪ ਜੀ ਨੇ ਰਵਿਦਾਸੀਆ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਆਪਣਾ ਪੂਰਾ ਜੀਵਨ ਸਮਰਪਿਤ ਕੀਤਾ ਹੋਇਆ ਹੈ । ਦੇਸ਼-ਵਿਦੇਸ਼ ਵਿੱਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਮਿਸ਼ਨ ਫੈਲਾ ਰਹੇ ਹਨ । ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਆਪ ਜੀ ਤੋਂ ਬਹੁਤ ਜਿਆਦਾ ਉਮੀਦਾਂ ਹਨ ।

## ਰਵਿਦਾਸੀਆ ਧਰਮ ਦਾ ਪ੍ਰਚਾਰਕ ਡੇਰਾ ਸ਼੍ਰੀ 108 ਸੰਤ ਬਾਬਾ ਫੂਲ ਨਾਥ ਜੀ

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ, ਰਵਿਦਾਸੀਆ ਧਰਮ ਪ੍ਰਚਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਮਹਾਨ ਮਹਾਂਪੁਰਸ਼ਾ ਦਾ ਤੱਪ ਅਸਥਾਨ ਡੇਰਾ ਸ਼੍ਰੀ 108 ਸੰਤ ਬਾਬਾ ਫੂਲ ਨਾਥ ਜੀ ਨਾਨਕ ਨਗਰੀ ਚਿਹੇੜੂ (ਕਪੂਰਥਲਾ) ਫਗਵਾੜੇ ਤੋਂ ਜਲੰਧਰ ਹਾਈਵੇ ਉੱਪਰ ਸਥਿਤ ਹੈ। ਜਿੱਥੋਂ ਜਗਤ ਗੁਰੂ ਰਵਿਦਾਸ ਜੀ ਦੇ ਮਾਨਵਵਾਦੀ ਵਿਚਾਰਾ ਦਾ ਪ੍ਰਚਾਰ ਹੋ ਰਿਹਾ ਹੈ। ਵਿਸ਼ਵ ਵਿੱਚ ਰਵਿਦਾਸੀਆ ਧਰਮ ਨੂੰ ਹੁਲਾਰਾ ਮਿਲ ਰਿਹਾ ਹੈ।

ਸਤਿਗੁਰੂ ਫੂਲ ਨਾਥ ਜੀ ਦਾ ਜਨਮ 1886 ਵਿੱਚ ਪਿੰਡ ਉੱਪਲ ਜਗੀਰ (ਨੂਰ-

ਮਹਿਲ) ਵਿਖੇ ਹੋਇਆ ਆਪ ਜੀ ਦੇ ਪਿਤਾ ਸਤਿਕਾਰ ਯੋਗ ਸ਼੍ਰੀ ਮੰਗੂ ਰਾਮ ਜੀ ਸਨ ਅਤੇ ਮਾਤਾ ਜੀ ਸਤਿਕਾਰਯੋਗ ਜੁਆਲੀ ਜੀ ਸੀ। ਆਪ ਜੀ ਅਉਗੜ ਪਰੰਪਰਾ ਨਾਲ ਸੰਬੰਧਤ ਸਨ। ਆਪ ਨੇ ਬਹੁਤ ਤੱਪ ਕੀਤਾ ਅਤੇ ਵਿਕਾਰਾਂ ਉੱਪਰ ਜਿੱਤ ਪ੍ਰਾਪਤ ਕੀਤੀ ਆਪ ਜੀ ਨੇ ਤਪੱਸਿਆ ਗੁਰੂ ਧੂਣੀ ਨਾਥ ਜੀ ਦੀ ਅਗਵਾਈ ਵਿੱਚ 12 ਸਾਲ ਕੀਤੀ ਬਾਬਾ ਧੂਣੀ ਨਾਥ ਜੀ ਗ੍ਰਿਹਸਥੀ ਹੋਣ ਕਾਰਣ ਆਪ ਜੀ ਦਾ ਥਾਪੜਾ ਨਾ ਲਵਾ ਸਕੇ ਤੇ ਆਪ ਜੀ ਨੂੰ ਬਾਬਾ ਜੋਗਾ ਨਾਥ ਜੀ ਕੋਲ 12 ਸਾਲ ਤਪ ਕਰਨ ਲਈ ਭੇਜ ਦਿੱਤਾ ਇਸ ਤਰ੍ਹਾ 24 ਸਾਲ ਤਪੱਸਿਆ ਕੀਤੀ।ਆਪ ਜੀ ਨੂੰ ਆਪ ਜੀ ਦੀ ਭਗਤੀ ਭਾਵਨਾ ਅਤੇ ਤਪੱਸਿਆ ਨੂੰ ਦੇਖਦਿਆ ਆਪ ਜੀ ਨੂੰ ਤੇਜਸਵੀ ਸਵੀਕਾਰ ਕਰ ਲਿਆ ਗਿਆ। ਆਪ ਜੀ ਨੇ ਜੀਵਨ ਵਿਚ ਅਨੇਕਾਂ ਸੰਤਾਂ ਦੀ ਸੰਗਤ ਕੀਤੀ ਤੇ ਆਪ ਜੀ ਨੇ ਪਹਿਲਾਂ ਜੈਤੇਵਾਲੀ ( ਜਿੱਥੇ ਸਤਿਗੁਰੂ ਫੂਲ ਨਾਥ ਜੀ ਤੱਪਸਿਆ ਕਰਦੇ ਸਨ) ਉੱਥੇ ਉਹਨਾਂ ਇਕ ਕੁੱਟੀਆ ਬਣਾਈ ਜਿਥੇ ਸੰਤ ਪੇੜਾ ਦਾਸ ਜੀ ਨਾਲ ਟੱਕਰ ਹੋਣ ਉਪਰੰਤ ਆਪ ਜੀ ਨੇ ਪਿੰਡ ਚਿਹੇੜੂ ਵਿਖੇ ਆਪਣੇ ਵਾਸ ਲਈ ਜਮੀਨ ਖਰੀਦ ਲਈ। ਆਪ ਜੀ ਨੇ ਆਪਣਾ ਜੀਵਨ ਪ੍ਰਭੂ ਭਗਤੀ ਅਤੇ ਸਮਾਜ ਦੇ ਹਿਤ ਵਿਚ ਗੁਜਾਰਿਆ ਆਪ ਜੀ ਨੇ 12-8-1957 ਨੂੰ 7:30 ਵਜੇ ਸ਼ਾਮ ਨੂੰ ਆਪਣਾ ਸਰੀਰ ਤਿਆਗ ਦਿੱਤਾ ਅਤੇ ਆਪਣੀ ਗੱਦੀ ਬਾਬਾ ਬ੍ਰਹਮ ਨਾਥ ਜੀ ਨੂੰ ਦੇ ਗਏ। ਬਾਬਾ ਬ੍ਰਹਮਨਾਥ ਜੀ ਇਕ ਪੂਰਨ ਸੰਤ ਸਨ। ਬਾਬਾ ਬ੍ਰਹਮਦਾਸ ਜੀ ਦਾ ਜਨਮ ਪਿੰਡ ਜੈਤੇਵਾਲੀ 1895 ਨੂੰ ਪਿਤਾ ਲੱਭੂ ਰਾਮ ਜੀ ਅਤੇ ਮਾਤਾ ਜੀਤੋ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਸੰਤ ਕ੍ਰਿਸ਼ਨ ਨਾਥ ਜੀ ਨੂੰ ਆਪਣਾ ਸ਼ਿਸ ਬਣਾ ਲਿਆ। ਸੰਤ ਕ੍ਰਿਸ਼ਨ ਨਾਥ ਜੀ ਨੇ 1978 ਤੋਂ ਚਿਹੇੜੂ ਵਿਚ ਡੇਰਾ ਜਮਾ ਲਿਆ ਤੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸੰਤ ਕ੍ਰਿਸ਼ਨ ਨਾਥ ਜੀ ਦਾ ਜਨਮ 16-10-1963 ਨੂੰ ਪਿੰਡ ਜੈਤੇਵਾਲੀ ਪਿਤਾ ਪ੍ਰਤਾਪ ਚੰਦ ਮਾਤਾ ਕਰਤਾਰ ਕੌਰ ਜੀ ਦੇ ਘਰ ਹੋਇਆ ਸੀ।

ਆਪ ਜੀ ਡੇਰੇ ਦੇ ਵਿਕਾਸ ਅਤੇ ਸਮਾਜ ਦੇ ਭਲੇ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਆਪ ਜੀ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਜੀਵਨ ਸਮਰਪਿਤ ਕੀਤਾ ਹੋਇਆ ਹੈ। ਆਪ ਜੀ ਦੀਆਂ ਧਰਮਿਕ ਗਤੀ ਵਿਧੀਆਂ ਹੋਣ ਕਰਕੇ ਆਪ ਨੂੰ ਕ੍ਰਾਂਤੀਕਾਰੀ ਸੰਤ ਵੀ ਕਿਹਾ ਜਾਂਦਾ ਹੈ। ਆਪ ਜੀ ਮੌਜੂਦਾ ਸਮੇਂ ਵਿੱਚ ਦੇਸ਼-ਵਿਦੇਸ਼ ਵਿਚ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦਾ ਪ੍ਰਚਾਰ ਕਰ ਰਹੇ ਹਨ। ਬਾਬਾ ਬ੍ਰਹਮ ਨਾਥ ਜੀ 26 ਮਈ 2003 ਨੂੰ ਸਵੇਰੇ 5 ਵੱਜ ਕੇ 20 ਮਿੰਟ ਤੇ 108 ਸਾਲ ਦੀ ਉਮਰ ਭੋਗ ਕੇ ਸਰੀਰ ਤਿਆਗ ਗਏ ਸੰਗਤਾਂ ਨੂੰ ਸੰਤ ਕ੍ਰਿਸ਼ਨ ਨਾਥ ਜੀ ਨਾਲ ਜੋੜ ਗਏ।ਸੰਤ ਕ੍ਰਿਸ਼ਨ ਨਾਥ ਜੀ ਹਮੇਸ਼ਾ ਆਪ ਜੀ ਸਰਬਤ ਦੇ ਭਲੇ ਲਈ ਯਤਨਸ਼ੀਲ਼ ਹਨ ਅਤੇ ਰਵਿਦਾਸੀਆ ਧਰਮ ਦੇ ਪ੍ਰਚਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ ।

## ਸੰਤ ਕ੍ਰਿਸ਼ਨ ਨਾਥ ਜੀ

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਨੂੰ ਦਿਨ ਰਾਤ ਪ੍ਰਚਾਰ ਕਰਨ ਵਾਲੇ ਮਹਾਨ ਤਪੱਸਵੀ,ਕੌਮ ਦੀ ਅਵਾਜ ਸੰਤ ਕ੍ਰਿਸ਼ਨ ਨਾਥ ਜੀ ਦਾ ਜਨਮ 16 ਅਕਤੂਬਰ 1963 ਨੂੰ ਪਿੰਡ ਜੈਤੇਵਾਲੀ ਵਿਖੇ ਪਿਤਾ ਸ਼੍ਰੀ ਪ੍ਰਤਾਪ ਚੰਦ ਜੀ ਮਾਤਾ ਸਤਿਕਾਰ ਯੌਗ ਕਰਤਾਰ ਕੌਰ ਜੀ ਦੇ ਘਰ ਹੋਇਆ। ਆਪ ਜੀ ਨੂੰ ਸਤਿਗੁਰੂ ਜੀ ਦੇ ਮਿਸ਼ਨ ਨਾਲ ਬਹੁਤ ਪ੍ਰੇਮ ਸੀ।ਆਪ ਜੀ ਬਚਪਨ ਤੋਂ ਹੀ ਭਗਤੀ ਵਿੱਚ ਰੰਗੇ ਹੋਏ ਸਨ।ਆਪ ਜੀ ਨੂੰ ਮਹਾਂਪੁਰਸ਼ਾ ਦੀ ਸੰਗਤ ਕਰਨ ਦਾ

ਬਚਪਨ ਤੋਂ ਹੀ ਸ਼ੌਕੀ ਸਨ। ਆਪ ਜੀ ਨੂੰ ਕੋਮ ਪ੍ਰਤੀ ਹਮੇਸ਼ਾ ਚਿੰਤਤ ਰਹਿੰਦੇ।

ਆਪ ਜੀ ਨੂੰ ਮਹਾਨ ਬ੍ਰਹਮਗਿਆਨੀ ਸੰਤ ਬ੍ਰਹਮ ਨਾਥ ਜੀ ਦੀ ਸੰਗਤ ਕਰਨ ਉਪਰੰਤ ਬ੍ਰਹਮ ਗਿਆਨ ਪ੍ਰਾਪਤ ਹੋਇਆ।ਆਪ ਜੀ ਡੇਰੇ ਵਿਖੇ ਰਹਿ ਕੇ ਹੀ ਮਹਾਂਪੁਰਸ਼ਾ ਦੀ ਸੇਵਾ ਵਿੱਚ ਲੀਨ ਰਹਿ ਕੇ ਭਗਤੀ ਭਾਵਨਾ ਨਾਲ ਪ੍ਰਮਾਤਮਾ ਦੇ ਨਾਮ ਦਾ ਖਜਾਨਾ ਪ੍ਰਾਪਤ ਕੀਤਾ।। ਆਪ ਜੀ ਨੂੰ ਮਹਨ ਸੰਤ ਬ੍ਰਹਮ ਨਾਥ ਜੀ ਤੋਂ ਨਾਮ ਦਾਨ ਦੀ ਦਾਤ ਪ੍ਰਾਪਤ ਹੋਈ ਹੈ। ਅਤੇ ਅਨੇਕਾਂ ਸੰਗਤਾ ਨੂੰ ਪ੍ਰਭੂ ਚਰਨਾ ਦੇ ਨਾਲ ਜੋੜਨ ਅਤੇ ਆਪਣੇ ਸਤਿਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਤੋਂ ਜਾਣੂ ਕਰਵਾਇਆ।

ਦਲਿਤ ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਧਾਰਮਿਕ ਪੱਧਰ ਤੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਲੜ ਲਾ ਕੇ ਇੱਕ ਕ੍ਰਾਂਤੀ ਪੈਦਾ ਕਰਨ ਲਈ ਮੋਹਰੀ ਭੂਮਿਕਾਂ ਨਿਭਾ ਰਹੇ ਹਨ। ਆਪ ਜੀ ਨੂੰ ਜਿਥੇ ਆਪਣੇ ਸਮਾਜ ਦੀ ਚਿੰਤਾ ਰਹਿੰਦੀ ਹੈ ਉਥੇ ਆਪ ਜੀ ਸਮਾਜ ਨੂੰਸਤਾਰਥਕ ਇੱਕ ਚਿੰਤਨ ਦਾ ਬਲ ਵੀ ਦਿੰਦੇ ਹਨ। ਆਪ ਜੀ ਆਪਣੇ ਸਮਾਜ ਲਈ ਇੱਕ ਵਿਚਾਰਧਾਰਕ ਲਹਿਰ ਖੜੀ ਕਰਨਾ ਲਈ ਮਾਨਵਾਦੀ ਮਹਾਂਪੁਰਸ਼ਾ ਦੀ ਸੋਚ ਨੂੰ ਸਮਰਪਿਤ ਅਨੇਕਾਂ ਕਾਰਜ ਵੱਧ ਚੜ ਕੇ ਕਰਦੇ ਹਨ।

ਡੇਰਾ ਬਾਬਾ ਫੂਲ ਨਾਥ ਜੀ ਦੇ ਗੱਦੀ ਨਸ਼ੀਨ ਵਜੋਂ ਆਪ ਜੀ ਰਵਿਦਾਸੀਆਂ ਧਰਮ ਦੇ ਪ੍ਰਚਾਰ ਨੂੰ ਅਤੇ ਅਮਿਰਤਬਾਣੀ ਸਤਿਗੁਰੂ ਰਵਿਦਾਸ ਸੀ ਮਹਾਰਾਜ ਦੇ ਵਿਸ਼ਵ ਪੱਧਰ ਤੇ ਪ੍ਰਚਾਰ ਪ੍ਰਸਾਰ ਲਈ ਮੋਹਰੀ ਭੂਮਿਕਾ ਨਿਭਾ ਰਹੇ ਹਨ।ਸਮਾਜ ਉੱਪਰ ਹੁੰਦੇ ਜਬਰ ਜੁਲਮ ਵਿਰੁੱਧ ਆਪ ਜੀ ਅਵਾਜ ਹੀ ਨਹੀਂ ਉਠਾਉਂਦੇ ਸਗੋ ਸੰਘਰਸ਼ ਨੂੰ ਅਗਵਾਈ ਵੀ ਦਿੰਦੇ ਹਨ ਹਰ ਪ੍ਰਕਾਰ ਦਾ ਸ਼ੰਘਰਸ਼ ਸ਼ਾਂਤਮਈ ਢੰਗ ਨਾਲ ਹੀ ਕਰਦੇ ਹਨ ਸੰਥ ਮਤ ਦੀ ਮਰਿਅਦਾ ਵਿੱਚ ਰਹਿ ਕੇ ਮੁਕਤੀ ਦਾ ਰਾਹ ਖੋਜਦੇ ਹਨ।

ਆਪ ਜੀ ਨੇ ਸਤਿਗੁਰੂ ਰਵਿਦਾਸ ਜੀ ਮਹਾਂਰਾਜ ਦਾ ਅਪਮਾਨ ਕਰਨ ਉਪਰੰਤ ਇੱਕ ਜੋਰਦਾਰ ਰੋਸ ਪ੍ਰਗਟ ਅੰਦੋਲਨ ਕੀਤਾਅਤੇ ਹਿੰਦੀ ਚੈਨਲ ਦੇ ਮਾਲਕ ਤੋ ਸਤਿਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਬਲਵਾ ਮਾਫ਼ੀ ਮਗਵਾਈ ਆਪ ਜੀ ਨੇ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਲਈ ਵਿੱਦਿਅਕ ਖੇਤਰ ਵਿੱਚ ਸਤਿਗੁਰੂ ਰਵਿਦਾਸ ਪਬਲਿਕ ਸਕੂਲ (ਜੈਤੇਵਾਲੀ) ਵਿਖੇ ਸਕੂਲ ਚਲਾ ਰਹੇ ਹਨ ਜਿਸ ਦਾ ਉਦੇਸ਼ ਸਮਾਜ ਵਿੱਚੋ ਐਗਿਅਨਤਾ ਦੂਰ ਕਰਨਾ ਹੈ। ਆਪ ਜੀ ਦੀ ਅਗਵਾਈ ਵਿੱਚ ਸਤਿਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਪੁਰਬ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਜ ਜੀ ਦੇ 637 ਜਾਪ ਕਰਵਾਏ ਗਏ ਅਤੇ ਪੂਰੇ ਇਲਾਕੇ ਵਿੱਚ ਅੰਮ੍ਰਿਤਬਾਣੀ ਸ਼ੋਭਾ ਯਾਤਰਾ ਵੀ ਕੱਢੀ ਗਈ ਆਪ ਜੀ ਨੇ ਆਪਣੀ ਸਾਰੀ ਜਿੰਦਗੀ ਰਵਿਦਾਸੀਆਂ ਸਮਾਜ ਨੂੰ ਸਮਰਪਿਤ ਕੀਤੀ ਹੋਈ ਹੈ।ਹਰ ਪਲ ਰਵਿਦਾਸੀਆ ਧਰਮ ਦਾ ਪ੍ਰਚਾਰ ਅਤੇ ਅੰਮਿਰਤਬਾਣੀ ਨੂੰ ਵਿਸ਼ਵ ਵਿੱਚ ਫੈਲਾ ਰਹੇ ਹਨ।

# ਡੇਰਾ 108 ਸੰਤ ਹਰੀਦਾਸ ਜੀ ਮਹਾਰਾਜ ਬੋਪਾਰਾਏ ਕਲਾਂ ਜਲੰਧਰ

ਡੇਰਾ 108 ਸੰਤ ਹਰੀਦਾਸ ਜੀ ਮਹਾਰਾਜ ਬੋਪਾਰਾਏ ਕਲਾਂ ਜਗਤ ਗੁਰੂ ਰਵਿਦਾਸ ਮਹਾਰਜ ਜੀ ਦੀਆਂ ਮਾਨਵ ਵਾਦੀ ਸਿਖਿਆਵਾਂ ਅਤੇ ਰਵਿਦਾਸੀਆ ਧਰਮ ਦੇ ਮਹਾਨ ਪਾਵਨ ਗ੍ਰੰਥ ਦੀ ਵਿਚਾਰਧਾਰਾ ਨੂੰ ਸਮਾਜ ਵਿੱਚ ਪ੍ਰਚਾਰ ਕਰਨ ਦੀ ਸੇਵਾ ਨਿਭਾ ਰਿਹਾ ਹੈ। ਜੋ ਬੇਗਮਪੁਰ ਦਾ ਸੰਕਲਪ ਅੱਜ ਤੋਂ 640 ਸਾਲ ਪਹਿਲਾਂ ਜਗਤਗੁਰੂ ਰਵਿਦਾਸ ਜੀ ਨੇ ਸਮੁੱਚੀ ਮਾਨਵਤਾ ਨੂੰ ਦਿੱਤਾ ਸੀ। ਉਸ ਦਾ ਪ੍ਰਚਾਰ ਪ੍ਰਸਾਰ ਅੱਜ ਸਮਾਜ ਵਿਚ ਦਿਨ-ਰਾਤ ਪੰਜਾਬ ਦੀ ਧਰਤੀ ਤੋਂ ਹੋ ਰਿਹਾ ਹੈ। ਰਵਿਦਾਸੀਆ ਧਰਮ ਦਾ ਪ੍ਰਚਾਰ ਡੇਰਾ 108 ਸੰਤ ਹਰੀਦਾਸ ਜੀ ਮਹਾਰਾਜ ਬੋਪਾਰਾਏ ਦੀ ਧਰਤੀ ਤੋਂ ਹੋ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਸੰਤ ਸਮਾਜ ਮਾਨਵਤਾ ਦੇ ਭਲੇ ਲਈ ਕਾਰਜਸ਼ੀਲ ਹੋ ਜਾਣਗੇ ਤਾਂ ਸਮਾਜ ਦਾ ਸਰਵ ਪੱਖੀ ਵਿਕਾਸ ਹੋਣ ਤੋਂ ਕੋਈ ਨਹੀਂ ਰੋਕ ਸਕਦਾ।

ਡੇਰਾ 108 ਸੰਤ ਹਰੀਦਾਸ ਜੀ ਮਹਾਰਾਜ ਬੋਪਾਰਾਏ ਕਲਾਂ ਨਕੋਦਰ ਜਲੰਧਰ ਜੀ.ਟੀ. ਰੋਡ ਤੋਂ ਸਿਰਫ ਇੱਕ ਕਿਲੋਮੀਟਰ ਦੀ ਦੂਰੀ ਉੱਪਰ ਸਥਿਤ ਹੈ। ਇਹ ਡੇਰਾ ਸਮਾਜ ਸੇਵਾ ਅਤੇ ਧਰਮ ਪ੍ਰਚਾਰ ਦਾ ਮੁੱਖ ਕੇਂਦਰ ਹੈ। ਇਹਨਾਂ ਮਹਾਂਪੁਰਸ਼ਾਂ ਨੇ ਇਸ ਸਥਾਨ ਉੱਪਰ ਘੋਰ ਤਪੱਸਿਆ ਕੀਤੀ ਸੀ ਅਤੇ ਭਗਵਾਨ ਦਾ ਰੂਪ ਹੀ ਹੋ ਗਏ। ਆਪ ਜੀ ਦੇ ਸੱਚਖੰਡ ਜਾਣ ਉਪਰੰਤ ਸਾਂਈ ਗੁਲਾਬ ਸ਼ਾਹ ਜੀ ਦੀ ਗੱਦੀ ਉੱਪਰ ਸਾਂਈ ਜੀਵੇ ਸ਼ਾਹ ਜੀ ਬਿਰਾਜਮਾਨ ਹੋਏ। ਉਸ ਤੋਂ ਬਾਅਦ ਸਾਂਈ ਜੀਵੇ ਸ਼ਾਹ ਜੀ ਦੀ ਗੱਦੀ ਉੱਪਰ ਸੰਤ ਹਰੀ ਦਾਸ ਜੀ ਬਿਰਾਜਮਾਨ ਹੋਏ ।ਸੰਤ ਹਰੀ ਦਾਸ ਜੀ ਦੇ ਪਿਤਾ ਜੀ ਦਾ ਨਾਮ ਰਾਮ ਦਿਆਲ ਅਤੇ ਮਾਤਾ ਜੀ ਦਾ ਨਾ ਗੁਲਾਬ ਦੇਵੀ ਸੀ। ਆਪ ਜੀ ਕੁੱਲ ਲੁਕਾਈ ਨੂੰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਜੋੜਦੇ ਹੋਏ 1966 ਵਿਚ ਸੱਚਖੰਡ ਜਾ ਵਿਰਾਜੇ।

ਆਪ ਜੀ ਦੇ ਪਰਮ ਸ਼ਿਸ਼ ਬੀਬੀ ਕਰਮੀ ਮਹਾਰਾਜ ਜੀ ਗੱਦੀ ਨਸ਼ੀਨ ਹੋਏ ਜਿਨ੍ਹਾਂ ਨੇ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦੇ ਪ੍ਰਚਾਰ ਕਰਨ ਲਈ ਆਪਣਾ ਜਨਮ ਸੰਗਤਾਂ ਦੀ ਸੇਵਾ ਵਿਚ ਗੁਜਾਰਿਆ। ਆਪ ਜੀ ਨੇ ਡੇਰੇ ਦੇ ਵਿਕਾਸ ਅਤੇ ਸਮਾਜ ਦੇ ਉਥਾਨ ਲਈ ਵਿਸ਼ੇਸ਼ ਯੋਗਦਾਨ ਪਾਇਆ। ਆਪ ਜੀ ਤੋਂ ਬਾਅਦ ਗੱਦੀ ਨਸ਼ੀਨ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਮੌਜੂਦਾ ਗੱਦੀ ਨਸ਼ੀਨ ਹਨ। ਆਪ ਜੀ ਅਜੋਕੇ ਸਮੇਂ ਵਿਚ ਦੇਸ਼-ਵਿਦੇਸ਼ ਵਿਚ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦੇ ਪ੍ਰਚਾਰ ਲਈ ਇਤਿਹਾਸਿਕ ਯੋਗਦਾਨ ਪਾ ਰਹੇ ਹਨ। ਮਹਾਂਪੁਰਸ਼ਾਂ ਦਾ ਜੀਵਨ ਸਮਾਜ ਲਈ ਸੇਧ ਚਿੰਨ੍ਹ ਸਥਾਪਿਤ ਹੈ। 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਵੀ ਆਪਣਾ ਜੀਵਨ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਚਾਰ-ਪ੍ਰਸਾਰ ਕਰਨ ਵਿਚ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਲਈ ਕਰ ਰਹੇ ਜਨ।

## ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ

ਰਵਿਦਾਸੀਆਂ ਧ੍ਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਿੱਚ ਮੋਹਰੀ ਭੂਮਿਕਾਂ ਨਿਭਾ ਰਾਹੇ ਮਹਾਨ ਸੰਤ ਬੀਬੀ ਕ੍ਰਿਸ਼ਨਾ ਜੀ ਸੇਵਾ ਸਿਮਰਨ ਅਤੇ ਤਿਆਗ ਦੇ ਮੂਰਤ ਹਨ।ਉਹਨਾਂ ਉੱਪਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਪੂਰਾ ਆਸ਼ੀਰਵਾਦ ਹੈ। ਸਮਾਜ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਦਿਨ ਰਾਤ ਸਮਾਜ ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੇ ਹਨ।ਅਸੀਂ ਉਹਨਾਂ ਨੂੰ ਰਵਿਦਾਸੀਆ ਧਰਮ ਪ੍ਰਚਾਰ ਵਿੱਚ ਮੋਹਰੀ ਭੂਮਿਕਾਂ ਵਿੱਚ ਵੇਖ ਸਕਦੇ ਹਾਂ। ਅੱਜ ਜਦੋਂ ਸਮਾਜ ਵਿੱਚ ਪ੍ਰਚਾਰਕਾਂ ਦੀ ਘਾਟ ਨਜਰ ਆਉਦੀਂ ਹੈ ਤਾਂ ਸਾਨੂੰ ਸੰਤ ਬੀਬੀ ਕ੍ਰਿਸਨਾਂ ਦੇਵੀ ਜੀ ਪ੍ਰਚਾਰ ਪ੍ਰਸਾਰ ਦੇ ਢੰਗ ਤਰੀਕੇ ਸਿਖਣੇ ਚਾਹੀਦੇ ਹਨ। ਜੋ ਪ੍ਰਚਾਰ ਪ੍ਰਸਾਰ ਦੇ ਸੀਮਤ ਸਾਧਨਾ ਦੇ ਹੁੰਦਿਆ ਹੋਇਆ ਵੀ ਸਤਿਗੁਰੂ ਰਵਿਦਾਸ ਮਿਸ਼ਨ ਨੂੰ ਘਰ ਘਰ ਪ੍ਰਚਾਰ ਰਹੇ ਹਨ।ਅਸੀਂ ਉਹਨਾਂ ਦੀ ਮਹਾਨ ਸ਼ਖਸੀਅਤ ਨੂੰ ਪ੍ਰਨਾਮ ਕਰਦੇ ਹਾਂ।

## ਸੰਤ ਸੁਖਦੇਵ ਬਾਘਮਾਰੇ ਜੀ

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਸਿਖਿਆਂ ਉੱਪਰ ਪਹਿਰਾ ਦੇ ਉਹਨਾਂ ਨੂੰ ਸਮਾਜ ਵਿਚ ਪ੍ਰਚਾਰਨ, ਉਹਨਾਂ ਨੂੰ ਜਨ-ਜਨ ਵਿਚ ਕ੍ਰਾਂਤੀ ਦੇ ਸੁਨੇਹੇ ਪੇਸ਼ ਕਰਨਾ ਅਤੇ ਧਰਮਿਕ ਕ੍ਰਾਂਤੀ, ਸਮਾਜਿਕ ਕ੍ਰਾਂਤੀ ਅਤੇ ਰਾਜਨੀਤਿਕ ਦੇ ਭਾਵ ਨਾਲ ਬੇਗਮਪੁਰੇ ਦਾ ਸੰਕਲਪ ਆਪਣੇ ਜੀਵਨ ਦਾ ਮਕਸਦ ਅਤੇ ਮਿਸ਼ਨ ਬਣਾ ਕੇ ਚੱਲਣ ਵਾਲੇ ਅਤੇ ਜਗਤ ਗੁਰੂ ਰਵਿਦਾਸ ਜੀ ਨੂੰ ਹਰ ਸਮੇਂ ਚੇਤਿਆਂ 'ਚ ਵਸਾ ਕੇ ਦੇਸ਼ ਦੀਆਂ ਯਾਤਰਾਵਾਂ ਕਰਨ ਵਾਲੇ ਮਹਾਨ ਸੰਤ ਸੁਖਦੇਵ ਬਾਘਮਾਰੇ ਜੀ ਦਾ ਜਨਮ 5-9-1959 ਨੂੰ ਮਾਤਾ ਸੁੰਦਰਬਾਈ ਜੀ ਅਤੇ ਪਿਤਾ ਰੰਗਨ ਨਾਥ ਦੇ ਘਰ ਪਿੰਡ ਤਾਕੜ ਤਹਿ. ਰੁਨਾਪੁਰ ਜ਼ਿਲ੍ਹਾ ਲਾਤੂਰ ( ਮਹਾਰਾਸ਼ਟਰ ) ਵਿਚ ਹੋਇਆ।

ਆਪ ਜੀ ਦੀਆਂ 3 ਭੈਣ ਅਤੇ ਇਕ ਭਰਾ ਸੀ। ਆਪ ਜੀ ਦਾ ਪਰਿਵਾਰ ਬਹੁਤ ਜਿਆਦਾ ਗਰੀਬ ਪਰਿਵਾਰ ਸੀ। ਆਪ ਜੀ ਗਰੀਬੀ ਵਿਚ ਜੀਵਨ ਦਾ ਗੁਜਾਰਾ ਕਰਦੇ ਸਨ। ਸੱਤ ਸਾਲ ਦੀ ਉਮਰ ਵਿਚ ਸਟੇਸ਼ਨ ਤੋਂ ਭੀਖ ਮੰਗ ਕੇ ਵੀ ਰੋਟੀ ਖਾ ਕੇ ਆਪਣਾ ਪੇਟ ਭਰਿਆ। ਗਰੀਬੀ ਦਾ ਬਹੁਤ ਭਿਆਨਕ ਸਮਾਂ ਵੇਖਿਆਂ ਅਤੇ ਪਸ਼ੂ ਪਾਲਣ ਦਾ ਕੰਮ ਵੀ ਕੀਤਾ ਆਪ ਜੀ ਆਪਣੇ ਪਿੰਡ ਤਾਕਡ ਤੋਂ ਪੂਨਾ ਆਏ ਰੋਜ਼ਗਾਰ ਦੀ ਤਲਾਸ਼ ਵਿਚ ਇੱਥੇ ਆ ਕੇ ਆਪ ਜੀ ਨੇ ਕੰਮ ਵੀ ਕਰਿਆ। ਇੱਥੇ ਬਿਲਡਿੰਗ ਬਨਾਉਣ ਵਾਲੀਆ ਨਾਲ ਮਜਦੂਰੀ ਕਰਿਆਂ ਕਰਦੇ ਸਨ। ਆਪ ਜੀ ਨੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਲਈ ਲਗਾਤਾਰ ਸੰਘਰਸ਼ ਕੀਤਾ ਆਪ ਜੀ 2 ਸਾਲ ਇਰਾਕ ਵਿਚ ਵੀ ਗਏ ਅਤੇ ਉੱਥੇ ਮਿਹਨਤ-ਮਜਦੂਰੀ ਕਰਦੇ ਆਪਣੀ ਕਮਾਈ ਇਕੱਠੀ ਕਰਕੇ ਵਾਪਿਸ ਭਾਰਤ ਆ ਗਏ। ਇੱਥੇ ਆ ਕੇ ਆਪ ਜੀ ਨੇ ਬਿਲਡਿੰਗ ਲਾਇਨ ਦਾ ਕੰਮ ਸ਼ੁਰੂ ਕਰ ਲਿਆ। ਆਪ ਜੀ ਦੀ ਸ਼ਾਦੀ ਰੇਖਾ ਜੀ ਨਾਲ ਹੋਈ ਆਪ ਜੀ ਦਾ ਜੀਵਨ ਮਹੌਲ ਬਹੁਤ ਖੁਸ਼ ਗਵਾਹ ਸੀ। ਪਰਿਵਾਰ ਵਿਚ ਸੰਤੁਸ਼ਟੀ, ਸਬਰ, ਸੰਤੋਖ ਸੀ।

1988 ਵਿਚ ਆਪ ਦਾ ਸੰਪਰਕ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਜੀ ਨਾਲ ਹੋਇਆ। ਉਹਨਾਂ ਦਾ ਆਪ ਜੀ ਨਾਲ ਗੂੜ੍ਹਾ ਪਿਆਰ ਸੀ। ਇਕ ਵਾਰ ਪੂਨੇ

ਵਿਚ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਨੇ ਸੁਖਦੇਵ ਬਾਘਮਾਰੇ ਨੂੰ ਪੁੱਛਿਆ ਤੂੰ ਮੇਰੇ ਲਈ ਲੱਖਾਂ ਰੁਪਏ ਖਰਚ ਕਰਦਾ ਹੈ ਦੱਸ ਤੈਨੂੰ ਮੇਰੇ ਕੋਲੋ ਕੀ ਚਾਹੀਦਾ ਹੈ ਤਾਂ ਬਾਘਮਾਰੇ ਜੀ ਨੇ ਕਿਹਾ ਸਹਿਬ ਜੀ ਮੈਂ ਕਦੀ ਸਟੇਸ਼ਨ ਤੇ ਭੀਖ ਮੰਗਦਾ ਸੀ। ਪਰ ਆਪਣੀ ਮਿਹਨਤ ਅਤੇ ਗੁਰੂ ਰਵਿਦਾਸ ਜੀ ਦੀ ਕਿਰਪਾ ਨਾਲ ਅੱਜ ਮੈਂ ਬਿਲਡਰ ਬਣ ਗਿਆ ਹਾਂ, ਮੈਂ ਗੁਰੂ ਰਵਿਦਾਸ ਜੀ ਉੱਪਰ ਉਹਨਾਂ ਦੇ ਮਿਸ਼ਨ ਦੇ ਅਨੁਕੂਲ ਇਕ ਫਿਲਮ ਬਣਾਉਣੀ ਹੈ ਮੈਨੂੰ ਗੁਰੂ ਜੀ ਮਹਾਰਾਜ ਦੀ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਉ ਤਾਂ ਸਾਹਿਬ ਕਾਸ਼ੀ ਰਾਮ ਜੀ ਨੇ ਸੁਖਦੇਵ ਬਾਘਮਾਰੇ ਨੂੰ ਡੇਰਾ ਬੱਲਾਂ ਵਿਖੇ ਜਾਣ ਲਈ ਕਿਹਾ ਕਿ ਉੱਥੇ ਚਲਾ ਜਾ ਤੈਨੂੰ ਗੁਰੂ ਰਵਿਦਾਸ ਜੀ ਉੱਪਰ ਜੋ ਜਾਣਕਾਰੀ ਚਾਹੀਦੀ ਹੈ ਮਿਲ ਜਾਵੇਗੀ। ਸੁਖਦੇਵ ਬਾਘਮਾਰੇ ਜੀ ਫਿਰ ਗੁਰੂ ਰਵਿਦਾਸ ਮਿਸ਼ਨ ਉੱਪਰ ਫਿਲਮ ਬਣਾਉਣ ਲਈ ਡੇਰਾ ਬੱਲਾਂ ਗਏ। ਡੇਰਾ ਬੱਲਾਂ ਦੇ ਮਹਾਂਪੁਰਸ਼ਾ ਨਾਲ ਪ੍ਰੇਮ-ਪਿਆਰ ਵੱਧਦਾ ਗਿਆ ਆਪ ਜੀ ਸਾਹਿਬ ਕਾਸ਼ੀ ਰਾਮ ਜੀ ਤੋਂ ਬਹੁਤ ਪ੍ਰੇਰਿਤ ਸਨ ਅਤੇ ਉਹਨਾਂ ਦੀਆਂ ਅਨੇਕਾਂ ਯਾਦਗਾਰਾਂ ਜੋ ਪੂਨਾ ਮਹਾਂਰਾਸ਼ਟਰ ਵਿਖੇ ਸਨ ਉਹਨਾਂ ਨੂੰ ਅੱਜ ਵੀ ਸੰਭਾਲ ਕੇ ਰੱਖੀਆ ਹੋਈਆ ਹਨ।

ਸੁਖਦੇਵ ਬਾਘਮਾਰੇ ਜੀ ਨੇ ਸੰਤ ਸਿਰੋਮਣੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਮੰਦਿਰ ਤੀਸਰੇ ਧਰਮ ਅਸਥਾਨ ਕਾਤਰਜ ਪੂਨਾ ਵਿਖੇ ਇਕ ਖੂਬਸੂਰਤ ਮੰਦਰ ਦਾ ਨਿਰਮਾਣ ਕਰਕੇ ਇਹ ਡੇਰਾ ਸੱਚ ਖੰਡ ਬੱਲਾਂ ਨੂੰ ਭੇਂਟ ਕਰ ਦਿੱਤਾ ਸੁਖਦੇਵ ਬਾਘਮਾਰੇ ਜੀ ਨੇ ਆਪਣੇ ਜੀਵਨ ਦਾ ਹਰ ਪਲ ਸਤਿਗੁਰੂ ਰਵਿਦਾਸ ਮਿਸ਼ਨ ਅਤੇ ਸਮਾਜ ਦੇ ਵਿਕਾਸ ਲਈ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਪੂਰੇ ਦੇਸ਼ ਵਿਦੇਸ਼ ਵਿਚ ਘੁੰਮ ਕੇ ਸਮਾਜ ਨੂੰ ਚੇਤਨ ਕਰਨ ਦਾ ਕਾਰਜ ਆਪਣਾ ਜੀਵਨ ਦਾ ਮੁੱਖ ਉਦੇਸ਼ ਮੰਨਿਆ ਹੋਇਆ ਹੈ।

ਅੱਜ ਵੀ ਸਾਰੇ ਭਾਰਤ ਵਿਚ ਆਪ ਜੀ ਦੇ ਮਿਹਨਤ ਅਤੇ ਸੰਘਰਸ਼ ਸਦਕਾ ਲੋਕਾਂ ਵਿਚ ਨਵੀਂ ਚੇਤਨਾ ਅਤੇ ਨਵੀਂ ਊਰਜਾ ਮਿਲਦੀ ਹੈ। ਆਪ ਜੀ ਦੀ ਬਦੌਲਤ ਅੱਜ ਦੇਸ਼ ਵਿਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਵਿਚ ਹਰਿਆਣਾ, ਮਹਾਰਾਸ਼ਟਰ ਵਿਚ ਅਨੇਕਾਂ ਸੰਤ ਸੰਮੇਲਨ ਹੁੰਦੇ ਹਨ। ਜਿਹਨਾਂ ਦਾ ਮੁੱਖ ਉਦੇਸ਼ ਰਵਿਦਾਸੀਆ ਧਰਮ ਦਾ ਪ੍ਰਚਾਰ ਕਰਨਾ ਹੁੰਦਾ ਹੈ। ਆਪ ਜੀ ਨੇ ਆਪਣੇ ਜੀਵਨ ਦਾ ਮਕਸਦ ਜਾਣਿਆ ਅਤੇ ਸਮਾਜ ਨੂੰ ਜਗਾਉਣ ਦਾ ਨਿਤਨੇਮ ਬਣਾ ਲਿਆ ਹੈ। ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਉੱਪਰ ਅਟੁੱਟ ਵਿਸਵਾਸ਼ ਭਰੋਸਾ ਹੈ। ਜ਼ਿੰਦਗੀ ਦੇ ਇਕ ਲੰਬੇ ਪੜਾਅ ਨੂੰ ਗੁਜ਼ਾਰ ਕੇ ਵੀ ਨਿਰੰਤਰ ਕਾਰਜਸ਼ੀਲ ਹਨ। ਬੇਗਮਪੁਰਾ ਸਹਿਰ ਦੀ ਅਨਮੋਲ ਵਿਚਾਰਧਾਰਾ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਸ਼ੰਘਰਸ਼ੀਲ ਹਨ।

## ਮਹਾਨ ਤਪੱਸਵੀ ਸੰਤ ਬਾਬਾ ਸਾਹਿਬ ਸ੍ਰੀ ਸਾਹਬੂ ਜੀ ਮਹਾਰਾਜ

ਮਹਾਨ ਤਪੱਸਵੀ ਰਵਿਦਾਸੀਆ ਧਰਮ ਦੇ ਮਹਾਨ ਸੰਤ ਸਾਹਿਬ ਸ਼੍ਰੀ ਬਾਬਾ ਸਾਹਬੂ ਜੀ ਬਚਪਨ ਤੋਂ ਹੀ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਇਹਨਾਂ ਮਹਾਨ ਮਹਾਂਪੁਰਸ਼ਾਂ ਨੇ ਆਪਣੀ ਸਾਰੀ ਜ਼ਿੰਦਗੀ ਵਿੱਚ ਜਗਤਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਮ ਦੀ ਹੀ ਮਹਿਮਾਂ ਗਾਈ ਅਤੇ ਅਰਾਧਨਾ ਪੂਜਾ ਕੀਤੀ। ਸਾਰੀਆਂ ਸੰਗਤਾਂ ਨੂੰ ਵੀ ਪ੍ਰਭੂ ਦਾ ਨਾਮ ਜੱਪਣ ਅਤੇ ਭਜਨ ਕਰਨ ਦੀ ਪ੍ਰੇਰਣਾ ਦਿੱਤੀ।

ਅੰਤ 1892 ਨੂੰ ਆਪ ਜੀ ਸੰਸਾਰੀ ਜੀਵਾਂ ਦਾ ਭਲਾ ਕਰਦੇ ਹੋਏ ਇਸ ਸੰਸਾਰ ਤੋਂ ਸਦਾ ਲਈ ਆਪਣਾ ਸਰੀਰ ਤਿਆਗ ਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ।ਉਹਨਾ ਦਾ ਤੱਪ ਅਸਥਾਨ ਪਿੰਡ ਖੋਜੇਵਾਲ ਵਿਖੇ ਹਾੜ੍ਹ ਦੀ ਮੱਸਿਆ ਵਾਲੇ ਦਿਨ ਧਾਰਮਿਕ ਸਮਾਗਮ ਕਰਵਾਇਆ ਜਾਂਦਾ ਹ

## ਧੰਨ ਧੰਨ ਸੁਆਮੀ ਖਜ਼ਾਨ ਦਾਸ ਜੀ

ਕਦਰ ਕਰੋ ਇਸ ਜਨਮ ਦੀ ਬੇਕਦਰਾਂ ਨਾ ਰੋਲ,ਇੱਕ ਦਿਨ ਐਸਾ ਆਵਣਾ ਜਾਣਾ ਮਾਲਕ ਕੋਲ,

ਕਿੰਨਾ ਦਾਨ ਪੁੰਨ ਤੂੰ ਕੀਤਾ ਮਾਲਕ ਲੈਣਾ ਫੋਲ,ਦਾਸ ਖਜਾਨ ਭਜਨ ਬਿਨ ਕੀ ਹੈ ਤੇਰੇ ਕੋਲ ।

ਸਤਿਕਾਰਯੋਗ ਧੰਨ ਧੰਨ ਸੁਆਮੀ ਖਜਾਨ ਦਾਸ ਜੀ ਮਹਾਰਾਜ ਜੀ ਦਾ ਜਨਮ 7 ਜਨਵਰੀ 1925 ਨੂੰ ਮਾਤਾ ਸ਼੍ਰੀਮਤੀ ਮਾਣੀ ਦੇਵੀ ਜੀ ਦੀ ਕੁੱਖੋਂ ਪਿਤਾ ਸ਼੍ਰੀ ਸੰਤ ਰਾਮ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦਾ ਪਿੰਡ ਰਾਜਾਦਾ ਉੱਠੀਆ, ਡਾਕ. ਬੂਬਕ ਮੁਰਾਲੀ ,ਤਹਿ. ਨਾਰੋਵਾਲ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ)। 1947 ਵਿੱਚ ਭਾਰਤ ਪਾਕਿ ਵੰਡ ਸਮੇਂ ਤੋਂ ਬਾਅਦ ਆਪ ਪਠਾਨਕੋਟ ਆ ਕੇ ਰਹਿਣ ਲੱਗੇ।

ਬਚਪਨ ਤੋਂ ਹੀ ਭਗਤੀ ਵਿੱਚ ਲੀਨ ਰਹਿੰਦੇ ਸਨ। ਪੰਦਰਾਂ ਸਾਲ ਦੀ ਉਮਰ ਵਿੱਚ ਸ਼ਬਦ ਗੁਰਗੱਦੀ ਪਲੌਂਟਾ ਸਾਹਿਬ ਜੰਮੂ ਦੇ ਮੌਜੂਦਾ ਸੰਚਾਲਕ ਜੈ ਗੋਪਾਲ ਗਿਰੀ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ। ਆਪ ਜੀ ਨੇ ਸਾਰੀ ਉਮਰ ਸੱਚੇ ਨਾਮ ਦੀ ਕਮਾਈ ਕੀਤੀ। ਆਪ ਜੀ ਨੇ ਆਸ ਪਾਸ ਦੇ ਇਲਾਕੇ ਵਿੱਚ ਸਤਿਗੁਰੂ ਰਵਿਦਾਸ ਜੀ ਦਾ ਰੂਹਾਨੀ ਪ੍ਰਚਾਰ ਕੀਤਾ।

ਆਪ ਜੀ ਨੇ ਬਹੁਤ ਸਾਰੀਆ ਰੂਹਾਨੀ ਅਤੇ ਭਜਨ ਪ੍ਰਸੰਗ ਆਦਿ ਬਹੁਤ ਸਾਰੀਆ ਰਚਨਾਵਾਂ ਲਿਖੀਆਂ। ਆਪ ਜੀ ਸਾਰੀ ਉਮਰ ਪ੍ਰਭੂ ਭਗਤੀ ਅਤੇ ਬਾਣੀ ਦਾ ਪ੍ਰਚਾਰ ਕਰਦੇ ਹੋਏ 10 ਜਨਵਰੀ 2013 ਵਿੱਚ ਜੋਤੀ ਜੋਤ ਸਮਾ ਗਏ।ਧੰਨ ਧੰਨ ਸੁਆਮੀ ਖਜਾਨ ਦਾਸ ਜੀ ਰਵਿਦਾਸੀਆ ਧਰਮ ਦੇ ਪੈਰੋਕਾਰਾ ਨੂੰ ਸਤਿਗੁਰੂ ਰਵਿਦਾਸ ਜੀ ਵਲੋਂ ਉਚਾਰਣ ਕੀਤੀਆਂ ਲਾਂਵਾ, ਬਾਰਾ ਮਾਹ ਦੇ ਗੁਟਕੇ ਛਾਪ ਕੇ ਸੰਗਤਾਂ ਵਿੱਚ ਵੰਡਦੇ ਸਨ।

## ਸੰਤ ਸਤਿਆਪਾਲ ਜੀ ਚੰਡੀਗੜ੍ਹ ਵਾਲੇ

ਆਪ ਜੀ ਨੇ ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਦਿਨ ਰਾਤ ਇਕ ਕੀਤਾ ਹੋਇਆ ਹੈ। ਦੇਸ਼ ਵਿਚ ਹਰ ਜਗ੍ਹਾ ਰਵਿਦਾਸੀਆ ਧਰਮ ਦਾ ਝੰਡਾ ਲਹਿਰਾਉਣ ਦੇ ਇਛੁਕ ਅਤੇ ਸਤਿਗੁਰੂ ਰਵਿਦਾਸ ਜੀ ਦੇ ਮਹਾਨ ਬੇਗਮਪੁਰ ਦੇ ਸੰਕਲਪ ਨੂੰ  ਸੰਤ ਸੱਤਿਆਪਾਲ ਜੀ ਚੰਡੀਗੜ੍ਹ ਵਾਲਿਆਂ ਦਾ ਜਨਮ 26 ਸਤੰਬਰ 1951 ਨੂੰ ਪਿੰਡ ਰਣਸ਼ਰਾ ਸਹਾਰਨਪੁਰ ਉੱਤਰ ਪ੍ਰਦੇਸ਼ ਵਿਚ ਪਿਤਾ ਸ਼੍ਰੀ ਹਰਮਨ ਸਿੰਘ ਦੇ ਘਰ ਮਾਤਾ ਰਾਮਕਲੀ ਦੇਵੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦੀਆਂ ਤਿੰਨ ਭੈਣਾ ਤੇ ਇਕ ਭਰਾ ਹੈ। ਆਪ ਜੀ ਦਾ ਪਰਿਵਾਰ ਬਹੁਤ ਗਰੀਬ ਸੀ ਅਤੇ ਮਿਹਨਤ ਮਜਦੂਰੀ ਕਰਨ ਵਾਲਾ ਪਰਿਵਾਰ ਸੀ।

ਆਪ ਜੀ ਬਚਪਨ ਵਿਚ ਮਿਹਨਤ ਮਜਦੂਰੀ ਕਰਿਆ ਕਰਦੇ ਸਨ ਅਤੇ ਬਚਪਨ ਵਿੱਚ ਪੜ੍ਹਾਈ ਲਿਖਾਈ ਛੁੱਟ ਗਈ ਸੀ। ਆਪ ਜੀ ਅੱਜ ਤੋਂ 40 ਸਾਲ ਪਹਿਲਾਂ ਚੰਡੀਗੜ੍ਹ ਵਿਖੇ ਆ ਗਏ। ਆਪ ਜੀ ਦਾ ਸਾਧੂ ਸੁਭਾਅ ਹੋਣ ਕਰਕੇ ਆਪ ਜੀ ਦਾ ਗੁਰੂ ਰਵਿਦਾਸ ਅੰਮ੍ਰਿਤਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਜ਼ਿੰਦਗੀ ਦਾ ਇਕ ਮਾਤਰ ਉਦੇਸ਼ ਬਣ ਗਿਆ। ਆਪ ਜੀ ਦਾ ਪ੍ਰਚਾਰ ਅਸਥਾਨ ਡੇਰਾ ਸੱਤਿਆਪਾਲ ਜੀ ਪਿੰਡ ਡੀਂਗ ਜ਼ਿਲਾ ਕੈਂਥਲ ਹਰਿਆਣਾ ਵਿਖੇ ਸਥਿਤ ਹੈ। ਜਿਥੇ ਆਪ ਜੀ ਆਪਣਾ ਪ੍ਰਚਾਰ ਕਰਦੇ ਹਨ, ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੋੜਦੇ ਹਨ। ਆਪ ਜੀ ਦੀ ਸ਼ਾਦੀ 1972 ਵਿਚ ਬੀਬੀ ਅਨੀਤਾ ਦੇਵੀ ਨਾਲ ਹੋਈ। ਆਪ ਜੀ ਦੇ 2 ਬੇਟੇ ਅਤੇ ਤਿੰਨ ਬੇਟੀਆਂ ਹਨ। ਆਪ ਜੀ ਨੇ 14 ਅਪ੍ਰੈਲ 1984 ਵਿਚ ਭੇਖ ਦੀ ਦਾਤ ਸੰਤ ਪ੍ਰੀਤਮ ਸਾਹਿਬ ਜੀ ਬਗਰਪੁਰ ਕਬੀਰ ਨਿਰਣਾ ਸੁੰਦਰ ਜੀ ਪਾਸੋਂ ਲਈ ਆਪ ਜੀ ਨੇ ਸੈਕਟਰ 20 ਚੰਡੀਗੜ੍ਹ ਵਿਚ ਬਹੁਤ ਮਿਹਨਤ ਨਾਲ ਮੰਦਿਰ ਬਣਾਇਆ ਜਿਸ ਨੂੰ ਸਮੇਂ ਦੇ ਹੰਕਾਰੀ ਲੋਕ ਢਾਹ ਦਿੰਦੇ ਸਨ। ਪਰ ਆਪ ਜੀ ਨੇ ਆਪਣਾ ਧਰਮ ਨਹੀਂ ਛੱਡਿਆ। ਆਪ ਜੀ ਮੰਦਿਰ ਦੀ ਉਸਾਰੀ ਕਰਦੇ ਰਹੇ ਅੰਤ ਵਿਚ ਮਾਨਵ ਵਿਰੋਧੀ ਲੋਕ ਮੰਦਿਰ ਢਾਉਣ ਤੋਂ ਹਾਰ ਗਏ ਅਤੇ ਅੱਜ ਉੱਥੇ ਖੂਬਸੂਰਤ ਮੰਦਰ ਦੀ ਉਸਾਰੀ ਹੋਈ ਹੈ। ਜਿੱਥੋਂ ਸੰਗਤ ਨੂੰ ਪ੍ਰੇਮ ਪਿਆਰ ਦਾ ਸੁਨੇਹਾ ਮਿਲਦਾ ਹੈ।

ਆਪ ਜੀ ਨੇ 2007 ਵਿਚ ਚੰਡੀਗੜ੍ਹ ਵਿਖੇ ਸੰਤ ਸੰਮੇਲਨ ਕਰਵਾਇਆ ਅਮਰ ਸ਼ਹੀਦ ਸੰਤ ਰਾਮਨੰਦ ਜੀ ਅਤੇ ਹੋਰ ਸੰਤ ਸਮਾਜ ਇਕੱਤਰ ਹੋਏ। ਆਪ ਜੀ ਮੌਜੂਦਾ ਸਮੇਂ ਵਿਚ ਰਵਿਦਾਸੀਆ ਧਰਮ ਦਾ ਪ੍ਰਚਾਰ ਦਿਨ ਰਾਤ ਕਰ ਰਹੇ ਹਨ।

## ਸੰਤ ਹਰਵਿੰਦਰ ਦਾਸ ਆਦਮਪੁਰ ਵਾਲੇ

ਸੰਤ ਹਰਵਿੰਦਰ ਦਾਸ ਜੀ ਦਾ ਜਨਮ 24 ਫਰਵਰੀ 1969 ਨੂੰ ਪਿੰਡ ਆਦਮਪੁਰ ਵਿਖੇ ਪਿਤਾ ਸ਼੍ਰੀ ਪ੍ਰਕਾਸ਼ ਚੰਦ ਜੀ ਮਾਤਾ ਸ਼੍ਰੀਮਤੀ ਗੁਰਮੀਤ ਕੌਰ ਜੀ ਦੇ ਘਰ ਹੋਇਆ ਆਪ ਜੀ ਨੇ ਬਚਪਨ ਤੋਂ ਹੀ ਆਪਣੇ ਮਾਤਾ ਪਿਤਾ ਜੀ ਦੇ ਹਰ ਹੁਕਮਾ ਦੀ ਪਾਲਣਾ ਕਰਦਿਆ ਤਨ, ਮਨ

ਨਾਲ ਮਿਹਨਤ ਅਤੇ ਚੰਗੀ ਪੜ੍ਹਾਈ ਕੀਤੀ। ਸੰਤ ਹਰਵਿੰਦਰ ਦਾਸ ਜੀ ਜਦੋਂ ਛੇਵੀਂ ਕਲਾਸ ਵਿੱਚ ਪੜ੍ਹਦੇ ਸਨ ਤਾਂ ਬਹੁਤ ਜਿਆਦਾ ਬਿਮਾਰ ਹੋ ਗਏ ਉਸ ਸਮੇ ਡਾਕਟਰਾਂ ਨੇ ਉਹਨਾਂ ਨੂੰ ਬਿਲਕੁੱਲ ਜਵਾਬ ਦੇ ਦਿੱਤਾ ਸੀ। ਉਸ ਸਮੇਂ ਆਪ ਜੀ ਨੂੰ ਬਾਬੂ ਓਮ ਪ੍ਰਕਾਸ ਤੇ ਬੀਬੀ ਪ੍ਰੀਤਮ ਕੌਰ ਜੀ ਉਹਨਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਆਦਮਪੁਰ ਤੋਂ ਮੁਹੱਲਾ ਰਾਮ ਨਗਰ ਲੈ ਗਏ।

ਜਿਥੇ ਸਤਿਗੁਰੂ ਹਰੀਦਾਸ ਅਤੇ ਸੰਤ ਰਾਮਾ ਨੰਦ ਜੀ ਜਗਤਗੁਰੂ ਰਵਿਦਾਸ ਮਿਸ਼ਨ ਦਾ ਪ੍ਰਚਾਰ ਕਰਦਿਆ ਆਏ ਤਾਂ ਸਤਿਗੁਰੂ ਹਰੀ ਦਾਸ ਜੀ ਨੇ ਅਤੇ ਸੰਤ ਰਾਮਾ ਨੰਦ ਜੀ ਨੇ ਹਰਵਿੰਦਰ ਦਾਸ ਜੀ ਨੂੰ ਬਾਹੋਂ ਫੜ ਕੇ ਖੜਾ ਕਰ ਦਿੱਤਾ ਅਤੇ ਬਚਨ ਕੀਤੇ ਕਿ ਅੱਜ ਤੋਂ ਬਾਅਦ ਬਿਲਕੁੱਲ ਠੀਕ ਰਹੇਗਾ ਇਸ ਤਰ੍ਹਾ ਮਹਾਰਾਜ ਜੀ ਦੇ ਬਚਨ ਪੂਰੇ ਹੋਏ ਆਪ ਬਿਲਕੁੱਲ ਤੰਦਰੁਸਤ ਹਨ। ਆਪ ਜੀ ਨੇ ਸਤਿਗੁਰੂ ਹਰੀਦਾਸ ਜੀ ਤੋਂ ਨਾਮਦਾਨ ਦੀ ਦਾਤ ਬਖਸ਼ਿਸ ਪ੍ਰਪਤ ਕੀਤੀ। ਆਪ ਜੀ ਅੱਜ ਕੱਲ ਰਵਿਦਾਸੀਆ ਧਰਮ ਦਾ ਪ੍ਰਚਾਰ ਦਿਨ ਰਾਤ ਕਰ ਰਹੇ ਹਨ।

# 25. ਚਮਾਰ ਜਾਤੀ ਦੇ ਸ਼ਹੀਦ

## ਸ਼ਹੀਦ ਸੈਨਾਪਤੀ ਭੱਜੂ ਸਿੰਘ ਚਮਾਰ[1]

ਸੈਨਾਪਤੀ ਭੱਜੂ ਸਿੰਘ ਰਾਜਸਥਾਨ ਦੇ ਰਾਜਾ ਗੁੱਗਾ ਜਾਹਰ ਵੀਰ ਦਾ ਸੈਨਾਪਤੀ ਸੀ।ਭੱਜੂ ਸਿੰਘ ਦੀ ਬਹਾਦਰੀ ਦਾ ਨਤੀਜਾ ਸੀ ਕਿ ਰਾਜਾ ਗੁੱਗਾ ਜਾਹਰ ਵੀਰ ਨੇ ਕਈ ਯੁੱਧਾਂ ਵਿਚ ਜਿੱਤ ਸਥਾਪਿਤ ਕੀਤੀ ਸੀ। ਭੱਜੂ ਸਿੰਘ ਦੀ ਬਹਾਦਰੀ ਵੀਰਤਾ ਦੀ ਚਰਚਾ ਹੋਣ ਲੱਗ ਪਈ ਸੀ। ਉਸ ਦੀ ਵੀਰਤਾ ਦੀ ਇਹ ਮਿਸਾਲ ਨਹੀਂ ਮਿਲਦੀ। ਇਕ ਵਾਰ ਯੁੱਧ ਵਿਚ ਸੈਨਾ ਪਤੀ ਭੱਜੂ ਸਿੰਘ ਸੂਰਮਤਾਈ ਨਾਲ ਲੜ ਰਹੇ ਸਨ। ਦੁਸ਼ਮਣ ਦੀਆਂ ਧੱਜੀਆਂ ਉਡਾ ਰਿਹਾ ਸੀ। ਪਰ ਨਰਸਿੰਘ ਨਾਂ ਦੇ ਵਿਸ਼ਵਾਸ ਘਾਤੀ ਨੇ ਉਸ ਦੀ ਪਿੱਠ ਉੱਪਰ ਵਾਰ ਕਰ ਦਿੱਤਾ ਅਤੇ ਧੋਣ ਧੜ ਤੋਂ ਅਲੱਗ ਕਰ ਦਿੱਤੀ। ਭੱਜੂ ਸਿੰਘ ਏਨਾ ਤਕੜਾ ਸੀ ਕੇ ਸਿਰ ਵਿਹੁਣੇ ਧੜ ਨਾਲ ਹੀ ਯੁੱਧ ਵਿਚ ਮਾਰੋ ਮਾਰ ਮਚਾ ਰਿਹਾ ਸੀ ਉਸ ਹਾਰ ਨਾ ਮੰਨੀ।

ਉਸ ਵਿਸ਼ਵਾਸ ਘਾਤੀ ਨੂੰ ਵੀ ਮਾਰ ਦਿੱਤਾ। ਯੁੱਧ ਵਿਚ ਜਿੱਤ ਰਾਜਾ ਗੁੱਗਾ ਜਾਹਰ ਵੀਰ ਦੀ ਹੋਈ ਪਰ ਉਸ ਨੂੰ ਆਪਣਾ ਸੈਨਾਪਤੀ ਗੁਆਉਣ ਦਾ ਦੁੱਖ ਗਹਿਰਾ ਹੋਇਆ। ਰਾਜਾ ਨੇ ਯੁੱਧ ਦੇ ਮੈਦਾਨ ਉੱਪਰ ਹੀ ਸੈਨਾਪਤੀ ਦੀ ਸਮਾਧੀ ਬਣਾ ਦਿੱਤੀ ਅਤੇ ਰਾਜਾ ਨੇ ਆਪਣੀ ਸਮਾਧੀ ਵੀ ਉਸ ਦੀ ਸਮਾਧੀ ਕੋਲ ਬਣਾਉਣ ਦਾ ਹੁਕਮ ਦਿੱਤਾ। ਇਥੇ ਹੀ ਰਾਜਾ ਨੇ ਵੀ ਆਪਣੇ ਪ੍ਰਾਣ ਤਿਆਗ ਦਿੱਤੇ। ਲੋਕਾਂ ਵਿਚ ਅੱਜ ਵੀ ਅਨਮੋਲ ਕਹਾਣੀ ਦੇ ਰੂਪ ਵਿਚ ਜਿਉਂਦੇ ਹਨ। ਸ਼ਹੀਦ ਸੈਨਾਪਤੀ ਭੱਜੂ ਸਿੰਘ ਚਮਾਰ ਸੀ।

## ਸ਼ਹੀਦ ਬਾਬਾ ਜੈ ਸਿੰਘ ਖਲਕਾਟ[2]

ਸ਼ਹੀਦ ਬਾਬਾ ਜੈ ਸਿੰਘ ਖਲਕਾਟ ਜਿਨ੍ਹਾਂ ਨੂੰ ਸਮੇਂ ਦੇ ਮੁਸਲਮਾਨ ਹੁਕਮਰਾਨ ਵਲੋ ਪੁੱਠੀ ਖੱਲ੍ਹ ਲਾ ਕੇ ਸ਼ਹੀਦ ਕਰ ਦਿੱਤਾ। ਕਿਉਂਕਿ ਅਬਦੁਲ ਸਮੁੰਦ ਖਾਂ ਨੇ ਉਹਨਾਂ ਨੂੰ ਹੁੱਕਾ ਚੁੱਕਣ ਲਈ ਹੁਕਮ ਲਗਾਇਆ ਸੀ। ਪਰ ਬਾਬਾ ਜੀ ਨੇ ਉਸ ਦੀ ਵਗਾਰ ਕਰਨ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ। ਉਸ ਸਮੇਂ ਹਾਕਮ ਬੜੀ ਧੌਂਸ ਨਾਲ ਗਰੀਬ ਲੋਕਾਂ ਤੋਂ ਜਬਰਦਸਤੀ ਕੰਮ ਲੈਂਦੇ ਸਨ।

ਬਾਬਾ ਜੀ ਨੇ ਉਹਨਾਂ ਦੀ ਗੁਲਾਮੀ ਕਰਨ ਤੋਂ ਇਨਕਾਰ ਕਰ ਦਿੱਤਾ ਬਾਬਾ ਜੀ ਸਮਾਜ  ਗਰੀਬ ਪੱਛੜੇ ਲੋਕਾਂ ਨੂੰ ਜਗਾਉਣ ਦਾ ਭਰਪੂਰ ਯਤਨ ਕਰਦੇ ਸਨ।ਬਾਬਾ ਜੀ ਭਾਰਤ ਦੇ ਮੂਲ ਨਿਵਾਸੀ ਚਮਾਰ ਕੌਮ ਦੇ ਮਹਾਂਨਾਇਕ ਸਨ। ਜਿਨ੍ਹਾਂ ਨੂੰ ਜ਼ਾਲਿਮ ਹਕੂਮਤ ਵਿਰੁੱਧ ਬਗਾਵਤ ਕਰਨ ਦੇ ਦੋਸ਼ ਵਿਚ ਬਾਬਾ ਜੀ ਨੂੰ ਪਿੱਪਲ ਨਾਲ ਪੁੱਠਾ ਲਟਕਾ ਕੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੇ ਵਾਲਾ ਤੱਕ ਦੀ ਖੱਲ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ।

## ਹਰੀਆ ਮੋਚੀ[3]

ਅੱਜ ਜਿਸ ਮੰਗਲ ਪਾਂਡੇ ਨੂੰ 1857 ਦੀ ਕ੍ਰਾਂਤੀ ਦਾ ਮਹਾਂਨਾਇਕ ਕਿਹਾ ਜਾਂਦਾ ਹੈ ਉਸ ਦਾ ਆਦਰਸ਼ ਹਰੀਆ ਮੋਚੀ ਚਮਾਰ ਸੀ। ਜੋ ਅੰਗਰੇਜ਼ਾਂ ਦੀਆਂ ਜੁੱਤੀਆਂ ਨੂੰ ਪਾਲਿਸ਼ ਕਰਿਆ ਕਰਦਾ ਸੀ। ਇਕ ਵਾਰ ਹਰੀਆ ਮੋਚੀ ਨੂੰ ਮੰਗਲ ਪਾਂਡੇ ਨੇ ਕਿਹਾ ਕਿ 'ਸਾਲੇ ਚਮਾਰ ਜੁਤੀਆਂ ਨੂੰ ਪਾਲਿਸ਼ ਕਿਉਂ ਨਹੀਂ ਕੀਤਾ ਤਾਂ ਹਰੀਆ ਮੋਚੀ ਨੇ ਕਿਹਾ ਕਿ ਪਾਂਡੇ ਤੁਸੀਂ ਕਿਸੇ ਦੇ ਗੁਲਾਮ ਹੋ ਪਰ ਮੈ ਨਹੀਂ, ਮੈ ਕੰਮ ਆਪਣੀ ਮਰਜੀ ਨਾਲ ਹੀ ਕਰਦਾ ਹਾਂ ਨਾਲੇ ਵੱਡੇ ਬ੍ਰਾਹਮਣ ਬਣੇ ਫਿਰਦੇ ਹੋ ਕੁਝ ਪਤਾ ਹੈ ਕਿ ਜਿਸ ਕਾਰਤੂਸ ਨੂੰ ਤੂੰ ਚਲਾਉਂਦੇ ਹੋ ਉਹਨਾਂ ਉੱਪਰ ਗਾਂ ਅਤੇ ਸੂਰ ਦੀ ਚਰਬੀ ਲੱਗੀ ਹੁੰਦੀ ਏ। ਹੁਣ ਦਸ ਗੁਲਾਮ ਕੌਣ ਹੈ ਮੈਂ ਚਮਾਰ ਜਾਂ ਤੂੰ ਬ੍ਰਾਹਮਣ। ਹਰੀਆ ਮੋਚੀ ਦੇ ਸ਼ਬਦ ਮਿਰਚਾ ਵਾਂਗਰ ਲੱਗੇ ਤੇ ਮੰਗਲ ਪਾਂਡੇ ਨੇ ਅਗਲੇ ਦਿਨ ਹੀ ਕ੍ਰਾਂਤੀ ਦਾ ਬਿਗਲ ਵਜਾ ਦਿੱਤਾ ਸੂਹ ਲੱਗਣ ਉੱਪਰੰਤ ਹਰੀਆ ਮੋਚੀ ਨੂੰ ਅੰਗਰਜ਼ਾਂ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਕਿਉਂਕਿ ਬਾਕੀ ਲੋਕਾਂ ਅੰਦਰ ਆਜ਼ਾਦੀ ਦੀ ਤੜਫ ਪੈਦਾ ਕਰ ਰਿਹਾ ਸੀ। ਮੰਗਲ ਪਾਂਡੇ ਦਾ ਆਦਰਸ਼ ਬਨਣ ਵਾਲਾ ਅੱਜ ਪੂਰੇ ਦੇਸ਼ ਦਾ ਅਦਰਸ਼ ਹੋ ਕੇ ਇਤਿਹਾਸ ਬਣ ਚਮਕ ਰਿਹਾ ਹੈ।

## ਸ਼ਹੀਦ ਬਾਂਕੇ ਚਮਾਰ[4]

ਉੱਤਰ ਪ੍ਰਦੇਸ਼ ਦੇ ਜੈਨਪੁਰ ਜ਼ਿਲ੍ਹੇ ਦੀ ਤਹਿਸੀਲ ਮਫਲੀ ਸ਼ਹਿਰ ਦੇ ਪਿੰਡ ਕੁੰਵਰਪੁਰ ਵਿਚ ਸ਼ਹੀਦ ਬਾਂਕੇ ਦਾ ਜਨਮ ਚਮਾਰ ਜਾਤੀ ਵਿਚ ਹੋਇਆ। ਆਪ ਜੀ ਦਾ ਅੰਗਰੇਜ਼ਾਂ ਦੀ ਰੇਡ ਲਿਸਟ ਵਿਚ ਪਹਿਲੇ ਨੰਬਰ ਤੇ ਨਾਮ ਸੀ। ਆਪ ਜੀ ਨੂੰ ਜਿੰਦਾਂ ਜਾਂ ਮੁਰਦਾ ਫੜਨ ਵਾਲੇ ਨੂੰ 50000 ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਕਿਉਂਕਿ ਦੇਸ਼ ਦੀ ਆਜ਼ਾਦੀ ਲਈ ਬਾਂਕੇ ਚਮਾਰ ਦਾ 1857 ਵਿਚ ਕ੍ਰਾਂਤੀਕਾਰੀ ਸਮੂਹ ਸੀ ਜੋ ਦੇਸ਼ ਦੀ ਆਜ਼ਾਦੀ ਲਈ ਜੂਝ ਰਿਹਾ ਸੀ। ਭਾਰਤ ਵਿੱਚ ਕ੍ਰਾਂਤੀ ਲਈ ਲੋਕਾਂ ਨੂੰ ਜਗਾਉਣ ਦਾ ਕੰਮ ਕਰ ਰਿਹਾ ਸੀ। 1857 ਦੀ ਕ੍ਰਾਂਤੀਕਾਰੀ ਲਹਿਰ ਵਿਚ ਜੋ ਗਿਣੇ-ਚੁਣੇ ਨਾਮ ਸੀ ਉਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਚਮਾਰ ਜਾਤੀ ਦਾ ਸੂਰਵੀਰ ਬਾਂਕੇ ਚਮਾਰ ਦਾ ਨਾਮ ਸੀ। ਜਿਸ ਨੂੰ ਅੰਗਰੇਜ਼ ਸਰਕਾਰ ਨੇ ਫੜੇ ਜਾਣ ਉਪਰੰਤ ਫਾਂਸੀ ਦੀ ਸਜਾ ਦੇ ਕੇ ਸ਼ਹੀਦ ਕਰ ਦਿੱਤਾ। ਭਾਰਤ ਦੀ ਆਜ਼ਾਦੀ ਵਿਚ ਆਪਣਾ ਅਦਭੁੱਤ ਯੋਗਦਾਨ ਦੇ ਕੇ ਮਹਾਨ ਸਪੂਤ ਨੇ ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਲਈ ਜ਼ਮੀਨ ਤਿਆਰ ਕਰਕੇ ਭਾਰਤ ਦੀ ਆਜਾਦੀ ਵਾਲਾ ਇਤਿਹਾਸ ਦਾ ਮੁੱਢਲਾ ਪੰਨਾ ਲਿਖਿਆ ਸਾਡਾ ਇਸ ਮਹਾਂਵੀਰ ਨੂੰ ਸੌ ਸੌ ਵਾਰ ਪ੍ਰਣਾਮ ਹੈ।

## ਉਪੱਦੀਆ ਚਮਾਰ[5]

1804 ਈ: ਵਿਚ ਅਲੀਗੜ੍ਹ ਦੇ ਆਸ ਪਾਸ ਛਤਰੀ ਰਿਆਸਤ ਦੇ ਵਿਚ ਅੰਗਰੇਜ਼ ਹਕੂਮਤ ਵਿਰੁੱਧ ਲੋਹਾ ਲਿਆ ਸੀ, ਵਿਦਰੋਹ ਬਗਾਵਤ ਕੀਤੀ। ਅਲੀਗੜ੍ਹ ਖੇਤਰ ਵਿਚ ਉਸਦੀ ਮਹਿਮਾ ਦਾ ਗੁਣਗਾਨ ਅੱਜ ਵੀ ਲੋਕਾਂ ਦੀ ਜੁਬਾਨ ਤੇ ਹੈ। ਜਿਸ ਦੀਆਂ ਦੇਸ਼

ਭਗਤੀ ਦੀਆਂ ਕਹਾਣੀਆਂ ਘਰ-ਘਰ ਸੁਣਨ ਨੂੰ ਮਿਲਦੀਆਂ ਹਨ। ਉਸ ਵਰਗਾ ਆਪਣੇ ਪੁੱਤਰਾਂ ਨੂੰ ਮਾਵਾਂ ਬਣਾਉਣੀਆ ਚਾਹੁੰਦੀਆਂ ਹਨ। ਉਹ ਬਹੁਤ ਮਹਾਨ ਤੇ ਬਹਾਦਰ ਸੀ। 1804 ਵਿਚ ਛਤਰੀ ਰਿਆਸਤ ਅੰਗਰੇਜ਼ਾਂ ਦੀਆਂ ਨੀਤੀਆਂ ਵਿਰੁੱਧ ਸੀ। ਨਵਾਬ ਅਤੇ ਲੋਕ ਅੰਗਰੇਜ਼ ਦੇ ਵਿਰੁੱਧ ਸੀ। ਨਵਾਬ ਰਨਮਸਤ ਖਾਂ ਅਤੇ ਰੌਸ਼ਨ ਖਾਂ ਨੇ 1804 ਵਿਚ ਅੰਗਰੇਜ਼ਾਂ ਵਿਰੁੱਧ ਸੰਘਰਸ਼ ਆਰੰਭ ਕੀਤਾ। ਇਹਨਾਂ ਦਾ ਆਪਸੀ ਪਿਆਰ ਅਤੇ ਵਿਸ਼ਵਾਸ ਉਪੱਈਆ ਨਾਲ ਸੀ। ਉਪੱਈਆ ਚਮਾਰ ਅੰਗਰੇਜ਼ਾਂ ਵਿਰੁੱਧ ਬਹਾਦਰੀ ਨਾਲ ਲੜਿਆ ਹੀ ਨਹੀਂ ਸਗੋ ਉਹਨਾਂ ਦੇ ਪਸੀਨੇ ਕੱਢ ਦਿੱਤੇ। ਉਪੱਈਆ ਚਮਾਰ ਨੇ ਗਨੌਰੀਏ ਖਾਲੀ ਪਏ ਕਿਲਿਆਂ ਨੂੰ ਵਾਰੂਦ ਨਾਲ ਉਠਾ ਦਿੱਤਾ। ਬੇਹਿਸਾਬੀ ਗਿਣਤੀ ਨਾਲ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰਿਆ। ਉਪੱਈਆ ਚਮਾਰ ਇੰਨਾ ਬਹਾਦਰ ਸੀ ਕਿ ਅੰਗਰੇਜ਼ ਉਸ ਦੇ ਨਾਮ ਤੋਂ ਡਰਦੇ ਸਨ। ਆਖ਼ਿਰ ਉਸ ਨੂੰ ਗਹਿਰੀ ਸਾਜਿਸ਼ ਤਹਿਤ ਅੰਗਰੇਜ਼ ਹਕੂਮਤ ਨੇ ਫੜ ਲਿਆ ਉਸ ਉੱਪਰ ਮੁਕੱਦਮਾ ਚਲਾ ਕਿ ਫਾਂਸੀ ਦੇ ਤਖਤੇ ਉੱਪਰ ਲਟਕਾ ਦਿੱਤਾ। ਉੱਪਈਆ ਚਮਾਰ ਨੇ ਅੰਗਰੇਜ਼ਾਂ ਵਿਰੁੱਧ 1804 ਵਿਚ ਬਗ਼ਾਵਤ ਦਾ ਬਿਗਲ ਵਜਾਇਆ ਸੀ। 50 ਸਾਲ ਪਹਿਲਾਂ 1857 ਵਿਚ ਆਪਣੀ ਸ਼ਹਾਦਤ ਦੇ ਕੇ ਮਿਸਾਲ ਕਾਇਮ ਕੀਤੀ ਅਤੇ ਭਾਰਤ ਦੀ ਆਜ਼ਾਦੀ ਲਈ ਨੀਂਹ ਪੱਥਰ ਬਣਿਆ ਜਿਸ ਉੱਪਰ ਆਜਾਦ ਭਾਰਤ ਦਾ ਨਿਰਮਾਣ ਹੋਇਆ ਜਿਸ ਦੀ ਆਜ਼ਾਦ ਫਿਜਾਵਾਂ ਵਿਚ ਅੱਜ ਤਿਰੰਗਾ ਲਹਿਰਾ ਰਿਹਾ ਹੈ।

## ਸ਼ਹੀਦ ਊਧਮ ਸਿੰਘ ਜੀ[6]

ਭਬਿਆਣੇ ਵਾਲਿਆ ਸ਼ੇਰ ਨੇ ਹਕੂਮਤ ਹਿਲਾਈ,
ਸੀਨੇ ਦੇ ਵਿੱਚ ਮਾਰ ਕੇ ਗੋਲੀ ਕਸਮ ਨਿਭਾਈ,
ਨਾਲ ਅਣਖ ਦੇ ਜੀਣਾ ਦੱਸਿਆਂ ਜੀਣਾ ਦਿਨ ਚਾਰ ,
ਦੁਸ਼ਮਣ ਦੇ ਘਰੇ ਜਾ ਗੱਜਿਆ ਊਧਮ ਸਿੰਘ ਚਮਾਰ।

ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਪਿੰਡ ਸੁਨਾਮ ਜ਼ਿਲ੍ਹਾ ਸੰਗਰੂਰ ਵਿਚ ਹੋਇਆ ਆਪ ਜੀ ਦੇ ਮਾਤਾ ਦਾ ਨਾਮ ਨਰਾਇਣੀ ਦੇਵੀ ਅਤੇ ਪਿਤਾ ਚੂਹੜ ਰਾਮ ਚਮਾਰ ਸੀ। ਆਪ ਜੀ ਦਾ ਪਰਿਵਾਰ ਕਾਨਪੁਰ ਦਾ ਵਸਨੀਕ ਸੀ ਅਤੇ ਰੋਜਗਾਰ ਦੀ ਤਲਾਸ਼ ਵਿਚ ਪੰਜਾਬ ਦੇ ਪਟਿਆਲਾ ਵਿਚ ਜਾ ਵਸਿਆ ਊਧਮ ਸਿੰਘ ਦੇ ਬਚਪਨ ਵਿਚ ਮਾਤਾ ਪਿਤਾ ਦੋਵੇ ਅਕਾਲ ਚਲਾਣਾ ਕਰ ਗਏ ਆਪ ਜੀ ਬਚਪਨ ਵਿੱਚ ਅਨਾਥ ਹੋ ਗਏ।

ਆਪ ਜੀ ਨੂੰ ਅਨਾਥ ਆਸ਼ਰਮ ਵਿਚੋ ਕੰਬੋਜ ਜਾਤੀ ਦੇ ਸ੍ਰੀ ਤੇਹਲ ਸਿੰਘ ਅਤੇ ਹਰਨਾਮ ਕੌਰ ਨੇ ਉਹਨਾਂ ਨੂੰ ਆਪਣਾ ਪੁੱਤਰ ਬਣਾ ਲਿਆ। ਊਧਮ ਸਿੰਘ ਦਾ ਨਾਮ ਉਸ ਦੇ ਮਾਤਾ ਪਿਤਾ ਨੇ ਰੱਖਿਆ ਸੀ। ਆਖ਼ਿਰ ਨੂੰ ਸਕੂਲ ਵਿਚ ਇਸੇ ਨਾਮ ਨਾਲ ਭਰਤੀ ਕਰਵਾਇਆ। ਆਪ ਜੀ ਨੇ ਜਿਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਅੱਖੀਂ ਵੇਖਿਆ ਸੀ, ਹਜ਼ਾਰਾਂ ਨਿਰਦੋਸ਼ ਲੋਕਾਂ ਦਾ ਕਤਲੇਆਮ ਕਰ ਦਿੱਤਾ ਗਿਆ ਸੀ। ਕਿਉਂਕਿ ਇਥੇ ਅਛੂਤ ਲੋਕ ਵਿਸਾਖੀ ਦੇ ਪਾਵਨ ਦਿਹਾੜੇ ਉੱਤੇ ਆਪਣੀ ਕਾਨਫੰਰਸ ਦਾ ਆਯੋਜਨ ਕਰ ਰਹੇ ਸਨ। ਇਸ ਆਯੋਜਨ ਵਿਚ ਉੱਚ ਜਾਤੀ ਦੇ ਲੋਕਾਂ ਨੇ ਨੀਵੀਂ ਜਾਤੀ ਦੇ ਲੋਕਾਂ ਦੇ ਵਿਰੁੱਧ

ਮਾਈਕਲ ਉਡਵਾਇਰ ਨੂੰ ਭੜਕਾਇਆ ਜਿਸ ਦਾ ਨਤੀਜਾ ਮਾਈਕਲ ਉਡਵਾਇਰ ਨੇ 13 ਅਪ੍ਰੈਲ 1919 ਨੂੰ ਨਿਹੱਥੇ ਅਤੇ ਬੇਕਸੂਰ ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ। ਇੱਥੇ ਊਧਮ ਸਿੰਘ ਨੇ ਕਸਮ ਖਾਧੀ ਕਿ ਮੈਂ ਪਾਪੀ ਉਡਵਾਇਰ ਨੂੰ ਖਤਮ ਕਰਾਂਗਾ। ਉਸ ਦੀ ਤਲਾਸ਼ ਵਿਚ ਆਪ ਨੇ ਕਈ ਦੇਸ਼ਾ ਦਾ ਦੋਰਾ ਵੀ ਕੀਤਾ।

**ਇਸ ਦੌਰਾਨ 1920 ਵਿਚ ਲੰਦਨ ਵਿਚ ਇੰਡੀਆ ਆਫ਼ਿਸ ਲਾਇਬਰੇਰੀ ਵਿਚ ਊਧਮ ਸਿੰਘ ਦੀ ਮੁਲਾਕਾਤ ਡਾ: ਅੰਬੇਡਕਰ ਨਾਲ ਹੋਈ ਜਿਸ ਵਿਚ ਲੰਬੀ ਗੱਲਬਾਤ ਉਪਰੰਤ ਬਾਬਾ ਸਾਹਿਬ ਨੇ ਕਿਹਾ ਸੀ ਕਿ ਤੁਸੀਂ ਇਥੇ ਇੰਜੀਨੀਅਰ ਦੀ ਵਿੱਦਿਆਂ ਪ੍ਰਾਪਤ ਕਰ ਕੇ ਆਪਣਾ ਜੀਵਨ ਅਤੇ ਆਪਣੇ ਸਮਾਜ ਦਾ ਭਲਾ ਕਰਨ ਲਈ ਪੜ੍ਹਾਈ ਵਿੱਚ ਧਿਆਨ ਲਗਾਉ। ਆਪ ਜੀ ਦੀ ਦੂਸਰੀ ਮੁਲਾਕਾਤ 1921 ਵਿਚ ਲੰਡਨ ਵਿਸ਼ਵ ਵਿਦਿਆਲਿਆ ਵਿਚ ਹੋਈ। ਜਿਸ ਵਿਚ ਬਾਬਾ ਸਹਿਬ ਨੇ ਕਿਹਾ ਸੀ ਕਿ ਸੁਣੋ ਊਧਮ ਸਿੰਘ ਤੁਸੀਂ ਜਿਨੇ ਵੀ ਦਿਨ ਇਥੇ ਰਹੋ ਮਿਹਨਤ ਨਾਲ ਪੜ੍ਹਾਈ ਕਰੋ। ਆਪ ਨੂੰ ਸਿੱਖਿਅਤ ਹੋ ਕੇ ਆਪਣੇ ਦਲਿਤ ਸਮਾਜ ਲਈ ਆਪਣਾ ਜੀਵਨ ਸੁਰੱਖਿਅਤ ਕਰਨਾ ਹੈ ਆਪ ਜਿਸ ਸਮਾਜ ਵਿੱਚੋ ਆਏ ਹੋ ਉਸ ਪ੍ਰਤੀ ਆਪ ਜੀ ਦਾ ਫਰਜ ਬਣਦਾ ਹੈ। ਪਰ ਊਧਮ ਸਿੰਘ ਨੇ ਕਿਹਾ ਸੀ ਕਿ ਮੈ ਆਪਣੇ ਆਪ ਨਾਲ ਕਸਮ ਪਾਈ ਹੋਈ ਹੈ ਇਹ ਮੇਰੀ ਜ਼ਿੰਦਗੀ ਦਾ ਮਕਸਦ ਹੈ ਇਸ ਨੂੰ ਪਹਿਲ ਦਿਆਗਾਂ ਜ਼ਿੰਦਗੀ ਰਹੀ ਤਾਂ ਸਮਾਜ ਲਈ ਵੀ ਕੁਝ ਕਰਾਗਾਂ।**

ਆਪ ਜੀ ਨੂੰ ਭਗਤ ਸਿੰਘ ਜੀ 'ਗੁਰੂ' ਕਹਿ ਕੇ ਪੁਕਾਰਦੇ ਸਨ। ਮਿਸ਼ਨਰੀ ਇਨਕਲਾਬੀ ਹੋਣ ਕਰਕੇ ਭਗਤ ਸਿੰਘ ਊਧਮ ਸਿੰਘ ਦਾ ਪੂਰਾ ਸਤਿਕਾਰ ਕਰਦੇ ਸਨ। ਆਖ਼ਿਰ ਊਧਮ ਸਿੰਘ ਨੇ 13 ਮਾਰਚ 1940 ਨੂੰ ਉਡਵਾਇਰ ਨੂੰ ਉਸ ਦੀ ਧਰਤੀ ਤੇ ਜਾ ਕੇ ਮਾਰ ਦਿੱਤਾ ਅਤੇ ਆਪਣਾ ਬਦਲਾ ਪੂਰਾ ਕਰ ਲਿਆ। ਅੰਗਰੇਜ਼ ਹਕੂਮਤ ਨੇ 31 ਜੁਲਾਈ 1940 ਨੂੰ ਫਾਂਸੀ ਦੀ ਸਜਾ ਦਿੱਤੀ।

## ਸ਼ਹੀਦ ਚੇਤ ਰਾਮ[7]

ਅੰਗਰੇਜ਼ ਹਕੂਮਤ ਵਿਰੁੱਧ 24 ਮਈ 1857 ਨੂੰ ਬੈਰਕਪੁਰ ਛਾਉਣੀ ਵਿਚ ਕ੍ਰਾਂਤੀ ਦੀ ਜਵਾਲਾਮੁਖੀ ਫੁਟੀ ਜਿਸ ਵਿਚ ਅੰਗਰੇਜ਼ ਹਕੂਮਤ ਵਿਰੁੱਧ ਲੜਦਿਆਂ ਚੇਤ ਰਾਮ ਸ਼ਹੀਦੀ ਪਾ ਗਏ। ਅੰਗਰੇਜ਼ ਸੈਨਾ ਨੂੰ ਲਤਾੜਨ ਵਾਲੇ ਮਹਾਨ ਚਮਾਰ ਜਾਤੀ ਦੇ ਸਨ, ਜਿਹਨਾਂ ਨੂੰ ਅੰਗਰੇਜ਼ ਹਕੂਮਤ ਵੱਲੋਂ ਜਿੰਦਾ ਫੜੇ ਜਾਣ ਉਪਰੰਤ ਲਟਕਾ ਕੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਗਿਆ।

## ਸਤਿਆ ਬੰਡ ਖੋਰ[8]

ਮਹਾਂਰਾਸ਼ਟਰ ਦੇ ਪੂਨਾ ਜ਼ਿਲ੍ਹੇ ਵਿਚ ਅੰਗਰੇਜ਼ਾਂ ਨੂੰ ਵਾਰ-ਵਾਰ ਹਰਾਉਣ ਵਾਲੇ ਸੱਤਿਆ ਬੰਡ ਖੋਰ ਚਮਾਰ ਨੂੰ ਅੰਗਰੇਜ਼ ਹਕੂਮਤ ਵਿਰੁੱਧ ਸੰਘਰਸ਼ ਦੇ ਲਈ ਅਨੇਕਾਂ ਪ੍ਰਕਾਰ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

# ਚੋਰੀ ਚੋਰਾ ਕਾਂਡ ਦੇ ਸ਼ਹੀਦ ਰਾਮਪੱਤ ਚਮਾਰ[1]

ਚੋਰੀ ਚੋਰਾ ਕਾਂਡ ਗੋਰਖਪੁਰ ਦੇ ਪਿੰਡ ਚੋਰਾ ਚੋਰੀ ਵਿੱਚ ਹੋਏ ਹੱਤਿਆ ਕਾਂਡ ਦਾ ਮਹਾਨ ਸ਼ਹੀਦ ਰਾਮਪੱਤ ਚਮਾਰ ਸੀ ਇਹ ਕਾਂਡ 2 ਫਰਵਰੀ 1922 ਨੂੰ ਪੁਲਿਸ ਦੇ ਅੱਤਿਆਚਾਰ ਵਿਰੁੱਧ ਥਾਣੇ ਵਿਚ ਵਾਪਰਿਆ ਅੰਗਰੇਜ਼ ਪੁਲਿਸ ਨੇ ਭਗਵਾਨ ਦਾਸ ਨੂੰ ਗਾਲੀ ਗਲੋਚ ਕਰ ਕੇ ਲਾਠੀਆਂ ਨਾਲ ਕੁਟਿਆ ਗਿਆ ਸੀ। ਜਿਸ ਦੇ ਵਿਰੁੱਧ ਰਾਮਪੱਤ ਚਮਾਰ ਨੇ ਇਕ ਹਫਤੇ ਹੜਤਾਲ ਕਰਵਾ ਕੇ ਬਜਾਰ ਬੰਦ ਦੀ ਘੋਸ਼ਣਾ 5 ਫਰਵਰੀ 1922 ਨੂੰ ਕਰ ਦਿੱਤੀ। ਇਥੇ ਰਾਮਪੱਤ ਦੀ ਅਗਵਾਈ ਵਿਚ 5000 ਚਮਾਰ ਭਾਈਚਾਰਾ ਦੇ ਲੋਕ ਥਾਣੇ ਵਿਚ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਚੋਰੀ ਚੋਰਾ ਥਾਣੇ ਵਿੱਚ ਗਏ ਪੁਲਿਸ ਨੇ ਇਹਨਾਂ ਦੀ ਭੀੜ ਉੱਪਰ ਗੋਲੀ ਚਲਾ ਦਿੱਤੀ। ਅੰਦੋਲਨਕਾਰੀਆਂ ਨੇ ਗੁੱਸੇ ਵਿਚ ਆ ਕੇ ਥਾਣੇ ਨੂੰ ਅੱਗ ਲਗਾ ਦਿੱਤੀ।

23 ਅੰਗਰੇਜ਼ ਅਫ਼ਸਰਾਂ ਨੂੰ ਅੱਗ ਵਿੱਚ ਝੁਲਸਣਾ ਪਿਆ। ਇਸ ਘਟਨਾ ਦੀ ਖ਼ਬਰ ਮਿਲਦਿਆਂ ਹੀ ਮਹਾਤਮਾ ਗਾਂਧੀ ਨੇ ਆਪਣਾ ਅ-ਸਹਿਯੋਗ ਅੰਦੋਲਨ ਵਾਪਿਸ ਲੈ ਲਿਆ। ਉਹਨਾਂ ਨੇ ਅੰਗਰੇਜ਼ ਹਕੂਮਤ ਦਾ ਸਾਥ ਦਿੱਤਾ। ਕਿਉਂਕਿ ਇਸ ਅੰਦੋਲਨ ਦੀ ਅਗਵਾਈ ਰਾਮਪੱਤ ਚਮਾਰ ਕਰ ਰਿਹਾ ਸੀ।ਇਹ ਚੋਰੀ ਚੋਰਾ ਕਾਂਡ ਨੇ ਅੰਗਰੇਜ਼ਾਂ ਦੀ ਨੀਂਹ ਹਿਲਾ ਦਿੱਤੀ।ਇਸ ਕਾਂਡ ਵਿਚ 232 ਵਿਅਕਤੀਆਂ ਦੇ ਚਲਾਨ ਹੋਏ। 172 ਨੂੰ ਫਾਂਸੀ ਦੀ ਸਜਾ ਹੋਈ। ਅਪੀਲ ਕਰਨ ਉਪਰੰਤ 19 ਨੂੰ ਫਾਂਸੀ ਅਤੇ 14 ਨੂੰ ਉਮਰ ਕੈਦ ਬਾਕੀਆਂ ਨੂੰ 8-8, 5-5, 3 ਅਤੇ 2 ਸਾਲ ਦੀ ਸਜਾ ਹੋਈ। 2 ਜੁਲਾਈ ਨੂੰ ਫਾਂਸੀ ਦੇ ਦਿੱਤੀ ਗਈ।

**ਅਮਰ ਸ਼ਹੀਦ ਰਾਮਪੱਤ ਚਮਾਰ:-** ਪਿੰਡ ਚੋਰਾ ਵਿਚ ਹੋਏ ਹੱਤਿਆਂ ਕਾਂਡ ਦਾ ਮਹਾਨ ਸ਼ਹੀਦ ਰਾਮਪੱਤ ਚਮਾਰ ਸੀ ਇਹ ਕਾਂਡ 2 ਫਰਵਰੀ 1922 ਨੂੰ ਪੁਲਿਸ ਦੇ ਅੱਤਿਆਚਾਰ ਵਿਰੁਧ ਥਾਣੇ ਵਿਚ ਵਾਪਰਿਆ ਅੰਗਰੇਜ਼ ਪੁਲਿਸ ਨੇ ਭਗਵਾਨ ਦਾਸ ਨੂੰ ਗਾਲੀ ਗਲੋਚ ਕਰ ਕੇ ਲਾਠੀਆਂ ਨਾਲ ਕੁਟਿਆ ਗਿਆ ਸੀ।

ਜਿਸ ਦੇ ਵਿਰੁਧ ਰਾਮਪੱਤ ਚਮਾਰ ਨੇ ਇਕ ਹਫਤੇ ਹੜਤਾਲ ਕਰਵਾ ਕੇ ਬਾਜਾਰ ਬੰਦ ਦੀ ਘੋਸ਼ਣਾ 5 ਫਰਵਰੀ 1922 ਨੂੰ ਕਰ ਦਿੱਤੀ। ਇਥੇ ਰਾਮਪੱਤ ਦੀ ਅਗਵਾਈ ਵਿਚ 5000 ਚਮਾਰ ਭਾਈਚਾਰਾ ਦੇ ਲੋਕ ਥਾਣੇ ਵਿਚ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਚੋਰੀ ਚੋਰਾ ਥਾਣੇ ਵਿੱਚ ਗਏ ਪੁਲਿਸ ਨੇ ਇਹਨਾਂ ਦੀ ਭੀੜ ਉੱਪਰ ਗੋਲੀ ਚਲਾ ਦਿੱਤੀ। ਅੰਦੋਲਨ ਕਾਰੀਆ ਨੇ ਗੁਸੇ ਵਿਚ ਥਾਣੇ ਨੂੰ ਅੱਗ ਲਗਾ ਦਿੱਤੀ

**ਅਮਰ ਸ਼ਹੀਦ ਸਮਪੱਤ ਚਮਾਰ:-** ਪਿੰਡ ਥਾਣਾ ਚੋਰਾ ਗੋਰਖਪੁਰ, ਚੋਰੀ ਚੋਰਾ ਕਾਂਡ ਵਿਚ ਧਾਰਾ 302 ਦੇ ਤਹਿਤ 1923 ਨੂੰ ਫਾਂਸੀ ਦੀ ਸਜਾ।ਕ੍ਰਾਂਤੀਵੀਰ ਅਯੋਧਿਆ ਚਮਾਰ:- ਸਪੁੱਤਰ ਮਹੰਗੀ ਚਮਾਰ, ਪਿੰਡ ਮੋਤੀ ਪਾਕੜ, ਥਾਣਾ ਚੋਰਾ ਜ਼ਿਲ੍ਹਾ ਗੋਰਖਪੁਰ, ਚੋਰੀ ਚੋਰਾ ਕਾਂਡ ਵਿਚ ਧਾਰਾ 302 ਦੇ ਤਹਿਤ 1924 ਨੂੰ 5 ਸਾਲ ਦੀ ਸਖਤ ਸਜਾ।

**ਕ੍ਰਾਂਤੀਕਾਰੀ ਕਲੂ ਚਮਾਰ:-** ਸਪੁੱਤਰ ਸ੍ਰੀ ਸੁਮਨ ਚਮਾਰ, ਪਿੰਡ ਗੋਰਖ, ਥਾਣਾ ਝਗਹਾ, ਜ਼ਿਲ੍ਹਾ ਗੋਰਖਪੁਰ ਵਿਚ ਚੋਰੀ ਚੋਰਾ ਕਾਂਡ ਵਿਚ 302 ਦੇ ਤਹਿਤ 1924 ਨੂੰ 5 ਸਾਲ ਦੀ ਸਖਤ ਸਜਾ ਹੋਈ।

**ਕ੍ਰਾਂਤੀਕਾਰੀ ਗਰੀਬ ਚਮਾਰ:-** ਸਪੁੱਤਰ ਮਹੰਗੀ ਚਮਾਰ, ਪਿੰਡ ਰੇਵਤੀ ਬਾਜਾਰ, ਥਾਣਾ ਚੋਰੀ ਚੋਰਾ ਜ਼ਿਲ੍ਹਾ ਗੋਰਖਪੁਰ ਵਿਚ ਧਾਰਾ 302 ਦੇ ਤਹਿਤ 1924 ਨੂੰ 5 ਸਾਲ ਦੀ ਸਖਤ ਸਜਾ ਕੀਤੀ।

**ਕ੍ਰਾਂਤੀਕਾਰੀ ਨੋਹਰ ਚਮਾਰ :-** ਸਪੁੱਤਰ ਦੇਵੀਦੀਨ ਚਮਾਰ, ਗੋਰਖਪੁਰ। ਚੋਰੀ ਚੋਰਾ ਕਾਂਡ ਦੇ ਤਹਿਤ 302 ਧਾਰਾ 1923 ਵਿਚ 6 ਸਾਲ ਦੀ ਸਜਾ ਹੋਈ।

**ਕ੍ਰਾਂਤੀਕਾਰੀ ਫਲਈ ਚਮਾਰ:-** ਸਪੁੱਤਰ ਸੁਮਨ ਚਮਾਰ, ਪਿੰਡ ਤੇ ਥਾਣਾ ਚੋਰੀ, ਚੋਰੀ ਚੋਰਾ ਕਾਂਡ ਦੇ ਵਿਚ ਧਾਰਾ 302 ਦੇ ਤਹਿਤ 1923 ਵਿਚ 5 ਸਾਲ ਦੀ ਸਜਾ।ਕ੍ਰਾਂਤੀਕਾਰੀ ਫਲਈ ਚਮਾਰ ਨੂੰ ਪਹਿਲਾ ਫਾਸੀ ਦੀ ਸਜਾ ਹੋਈ ਸੀ ਜੋ ਬਾਅਦ ਵਿੱਚ ਬਦਲ ਦਿੱਤੀ ਗਈ ਸੀ ।

**ਕ੍ਰਾਂਤੀਕਾਰੀ ਬਿਰਜਾ ਚਮਾਰ:-** ਸਪੁੱਤਰ ਧਵਲ ਚਮਾਰ ਪਿੰਡ ਡੁਮਰੀ, ਥਾਣਾ-ਚੋਰਾ, ਚੋਰੀ ਚੋਰਾ ਕਾਂਡ ਵਿਚ ਧਾਰਾ 302 ਦੇ ਤਹਿਤ 1923 ਵਿਚ 5 ਸਾਲ ਦੀ ਸਜਾ।

**ਕ੍ਰਾਂਤੀਕਾਰੀ ਮੰਡੀ ਚਮਾਰ:-**ਸਪੁੱਤਰ ਮੁਰਲੀ ਚਮਾਰ, ਪਿੰਡ ਮਦਨਪੁਰ, ਗੋਰਖਪੁਰ, ਚੋਰੀ ਚੋਰਾ ਕਾਂਡ ਵਿਚ ਧਾਰਾ 302 ਦੇ ਤਹਿਤ 1922 ਨੂੰ 5 ਸਾਲ ਦੀ ਸਜਾ।

**ਕ੍ਰਾਂਤੀਕਾਰੀ ਮੇਢਾਈ ਚਮਾਰ :-** ਸਪੁੱਤਰ ਬੁੱਧਈ ਚਮਾਰ, ਗੋਰਖਪੁਰ, ਚੋਰੀ ਚੋਰਾ ਕਾਂਡ ਵਿਚ ਧਾਰਾ 302 ਦੇ ਤਹਿਤ 1923 ਵਿਚ 5 ਸਾਲ ਦੀ ਸਜਾ।

## ਭਾਰਤ ਛੱਡੋ ਅੰਦੋਲਨ ਦੇ ਕ੍ਰਾਂਤੀਕਾਰੀ[10]

**ਮੈਕੂਲਾਲ ਚਮਾਰ:-** ਸਪੁੱਤਰ ਪੰਨ ਚਮਾਰ, ਹਾਜੀਪੁਰ, ਸੀਤਾਪੁਰ। ਭਾਰਤ ਛੱਡੋ ਅੰਦੋਲਨ ਸੰਨ 1932 ਨੂੰ ਮੋਤੀਲਾਲ ਬਾਗ ਕਾਂਡ ਵਿੱਚ ਆਪਣੀ ਮਾਂ ਭੂਮੀ ਨੂੰ ਆਜ਼ਾਦ ਕਰਾਉਣ ਲਈ ਸ਼ਹੀਦ ਹੋਏ।

**ਸ਼ਿਵਧਨ ਚਮਾਰ:-**ਪਿੰਡ ਪਹਾੜੀਪੁਰ, ਮਧੁਬਨ, ਆਜਮਗੁੜ। ਭਾਰਤ ਛੱਡੋ ਅੰਦੋਲਨ ਸੰਨ 1942, 15 ਅਗਸਤ ਨੂੰ ਥਾਣਾ ਵਿੱਚ ਸਵੇਰੇ 10 ਵਜੇ ਹੋਏ ਗੋਲੀ ਕਾਂਡ 'ਚ ਮਾਤ ਭੂਮੀ ਲਈ ਸ਼ਹੀਦ ਹੋਏ।

**ਝਾਊ ਲਾਲ ਜਾਟਵ:-**ਉਮਰ 40 ਸਾਲ, ਸਪੁੱਤਰ ਤੋਤਾ ਰਾਮ ਜਾਟਵ, ਸਾਗਰ ਸਰਾਏ, ਮੁਰਾਦਾਵਾਦ ਭਾਰਤ ਛੱਡੋ ਅੰਦੋਲਨ 1942 'ਚ ਅੰਗਰੇਜ਼ਾਂ ਦੁਆਰਾ ਚਲਾਈ ਗੋਲੀ 'ਚ ਸ਼ਹੀਦ ਹੋਏ।

**ਰਾਮ ਸੁਭਗ:-** ਸਪੁੱਤਰ ਸ਼੍ਰੀ ਖੁਦੀ ਚਮਾਰ, ਪਿੰਡ ਨੇਵਰੀ ਬਲਿਆ, ਉੱਤਰ ਪ੍ਰਦੇਸ਼। ਭਾਰਤ ਛੱਡੋ ਅੰਦੋਲਨ 1942 ਚ ਸਿਆਰ 'ਚ ਪੁਲਿਸ ਦੀ ਗੋਲੀ ਨਾਲ ਸ਼ਹੀਦ

ਹੋਏ।

**ਹਰੀ ਚਮਾਰ:**-ਸਪੁੱਤਰ ਸ਼੍ਰੀ ਦੁਖਿਤ ਚਮਾਰ, ਪਿੰਡ ਸੁਲਤਾਨਪੁਰ ਬਲਿਆ ਭਾਰਤ ਛੱਡੋ ਅੰਦੋਲਨ ਸੰਨ 1942 ਵਿਚ ਰਸੜਾ ਗੋਲੀ ਕਾਂਡ ਵਿਚ ਪੁਲਿਸ ਦੀ ਗੋਲੀ ਕਾਂਡ 'ਚ ਸ਼ਹੀਦ ਹੋਏ।

**ਕਾਲੂ ਚਮਾਰ:**-ਸਪੁੱਤਰ ਸੁਮੇਰ ਪਿੰਡ, ਲੱਲੇਪੁਰ ਸਰਾਏ ਖਵਾਜਾ ਜੋਨਪੁਰ। ਭਾਰਤ ਛੱਡੋ ਅੰਦੋਲਨ ਸੰਨ 1942 ਨੂੰ 18 ਮਹੀਨੇ ਦੀ ਸਜਾ ਅਤੇ 30 ਰੁਪਏ ਜੁਰਮਾਨਾ।

**ਸਮੰਤਾ ਰਾਵ ਜਾਟਵ:**-ਮੋਜਾ ਬਰਾਰਾ, ਤਹਿਸੀਲ ਸਦਰ ਆਗਰਾ। ਭਾਰਤ ਛੱਡੋ ਅੰਦੋਲਨ ਸੰਨ 1942 ਨੂੰ 1 ਸਾਲ ਦੀ ਸਜਾ ਹੋਈ।

**ਸ਼ਿਵਨੂੰ ਚਮਾਰ:**–ਬਿਰਲਾ ਵਾਰਾਨਸੀ ਭਾਰਤ ਛੱਡੋ ਅੰਦੋਲਨ ਚ 1942 ਵਿਚ 18 ਮਹੀਨੇ ਦੀ ਸਜਾ ਹੋਈ।ਸੁਮੇਰ ਰਾਮ ਚਮਾਰ:- ਥਾਣਾ ਥਾਣਾਪੁਰ, ਵਾਰਾਨਸੀ। ਭਾਰਤ ਛੱਡੋ ਅੰਦੋਲਨ 1942 ਵਿਚ ਹਿੱਸਾ ਲੈਣ ਦੀ 10 ਸਾਲ ਦੀ ਸਜਾ।

**ਸੁਖਵੇਦ :**– ਸਪੁੱਤਰ ਹਰਖੂ ਚਮਾਰ, ਪਿੰਡ ਬਿਲਦਾਸ, ਵਾਰਾਨਸੀ। ਭਾਰਤ ਛੱਡੋ ਅੰਦੋਲਨ 'ਚ ਸਰਗਰਮੀਆਂ ਕਰਨ ਦੇ ਲਈ 1942 ਨੂੰ 4 ਸਾਲ ਦੀ ਸਜਾ। ਸੱਤਿਆ **ਨਰਾਇਣ:**- ਸਪੁੱਤਰ ਚਾਮਰੂ, ਪਿੰਡ ਸੇਵਈ, ਮਹਮੂਦਪੁਰ, ਗਾਜੀਪੁਰ। ਭਾਰਤ ਛੱਡੋ ਅੰਦੋਲਨ 'ਚ ਯੋਗਦਾਨ ਦੇਣ ਦੇ ਦੋਸ਼ ਵਿੱਚ 1942 ਨੂੰ 2 ਸਾਲ ਦੀ ਸਜਾ 15/- ਰੁਪਏ ਜੁਰਮਾਨਾ।

**ਸਵਰੂਪ :**- ਸਪੁੱਤਰ ਚਮਾਰਨ, ਪਿੰਡ ਸਦਿਆਬਾਦ, ਗਾਜੀਪੁਰ। ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਦੇਣ ਦੇ ਜੁਰਮ 'ਚ 1942 ਨੂੰ ਪੰਜ ਸਾਲ ਦੀ ਸਜਾ ਹੋਈ।

**ਮੁੰਨਾ ਰਵਿਦਾਸ** :- ਸਪੁੱਤਰ ਛੇਦੀ ਲਾਲ ਰਵਿਦਾਸ ਧੁਰਵ ਬਿਲਹੋਰ, ਕਾਨਪੁਰ। ਭਾਰਤ ਛੱਡੋ ਅੰਦੋਲਨ 'ਚ ਯੋਗਦਾਨ ਲਈ 1942 ਨੂੰ ਇੱਕ ਸਾਲ ਦੀ ਸਜਾ ਮਿਲੀ।

**ਰਾਮਦੀਨ ਰਵਿਦਾਸ :**– ਸਪੁੱਤਰ ਸ਼੍ਰੀ ਕਲਿਆਣ ਰਵਿਦਾਸ, ਢੁਲਮਊ ਬਿਲਹੋਰ, ਕਾਨਪੁਰ। ਭਾਰਤ ਛੱਡੋ ਅੰਦੋਲਨ ਲਈ 1942 ਨੂੰ ਇੱਕ ਸਾਲ ਦੀ ਸਜਾ ਮਿਲੀ।

**ਲੱਲੂ ਰਵਿਦਾਸ :**– ਸਪੁੱਤਰ ਸ਼੍ਰੀ ਭੀਖਮ, ਧੁਲਮਊ ਬਿਲਹੋਰ, ਕਾਨਪੁਰ। ਭਾਰਤ ਛੱਡੋ ਅੰਦੋਲਨ 'ਚ 1942 ਵਿੱਚ 6 ਮਹੀਨੇ ਦੀ ਸਜਾ।

**ਧੱਜੂ ਚਮਾਰ :**- ਸਪੁੱਤਰ ਸਹਾਦੂ ਚਮਾਰ, ਬਸਰਵਾਰੀ, ਫੈਜਾਬਾਦ। ਭਾਰਤ ਛੱਡੋ ਅੰਦੋਲਨ 18 ਸਤੰਬਰ 1942 ਤੋਂ 13 ਨਵੰਬਰ 1945 ਤੱਕ ਸਜਾ।

**ਰਾਮ ਖਿਲਖ ਚਮਾਰ :**– ਸਪੁੱਤਰ ਗੁਰਦੀਨ ਚਮਾਰ, ਥਾਣਾ ਬਸਰਵਾਰੀ, ਫੈਜ਼ਾਬਾਦ। ਭਾਰਤ ਛੱਡੋ ਅੰਦੋਲਨ 'ਚ 13 ਅਗਸਤ 1942 ਤੋਂ 3 ਅਕਤੂਬਰ 1943 ਤੱਕ ਕੈਦ ਦੀ ਸਜਾ।

**ਜਿਅਉ ਚਮਾਰ** :- ਸਪੁੱਤਰ ਪਲਟੂ, ਪਿੰਡ ਦੇਹਿਰਿਆ, ਥਾਣਾ ਸਹਜਨਵਾ, ਗੋਰਖਪੁਰ। ਦੋਹਰੀਆ ਕਾਂਡ ਸਿਲਸਿਲੇ 'ਚ 1942 'ਚ 2 ਸਾਲ ਦੀ ਸਜਾ।

**ਪੂਰਨ ਲਾਲ :-** ਸਪੁੱਤਰ ਬਲਦੇਵ ਦਾਸ ਰੈਦਾਸ, ਪਸਿਆਪੁਰ, ਡਾਕ. ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ 1942 'ਚ 5 ਸਾਲ ਦੀ ਸਜਾ।

**ਪਿਆਰੇ ਲਾਲ :-** ਸਪੁੱਤਰ ਭੁਵਨ ਰੈਦਾਸ, ਪਿੰਡ ਪਸਿਆਪੁਰ, ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ 1942 'ਚ 4 ਸਾਲ ਦੀ ਸਜਾ 12 ਬੈਂਤ ਦੀ ਸਜਾ।

**ਭੁਵਨ :-** ਸਪੁੱਤਰ ਹੁਲਾਸੀ ਰੈਦਾਸ, ਪਿੰਡ ਪਾਸਿਆਪੁਰ, ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ ਵਿੱਚ 1942 'ਚ 10 ਸਾਲ ਦੀ ਸਜਾ।

**ਘਾਸੀਰਾਮ :-** ਸਪੁੱਤਰ ਬਿਹਾਰੀ ਚਮਾਰ, ਹਰਿਪਵਰਤ, ਆਗਰਾ। ਭਾਰਤ ਛੱਡੋ ਅੰਦੋਲਨ 1942 ਨੂੰ ਫੜੇ ਗਏ ਤੇ 6 ਮਹੀਨੇ ਦੀ ਸਜਾ।

**ਸਾਲਿਗ ਰਾਮ :-** ਸਪੁੱਤਰ ਸ਼ੋਭਾ ਰੈਦਾਸ, ਪਾਸਿਆਪੁਰ ਪੋਸਟ ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ 1942 ਵਿੱਚ 10 ਸਾਲ ਦੀ ਸਜਾ ਅਤੇ 12 ਕੋੜ੍ਹੇ।

**ਇਤਵਾਰੀ :-** ਸਪੁੱਤਰ ਬੁੱਧਾ ਰੈਦਾਸ, ਪਿੰਡ ਨੰਦਾਪੁਰ, ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ ਹਿੱਸਾ ਲੈਣ ਲਈ 9 ਮਹੀਨੇ ਦੀ ਸਜਾ।

**ਗੋਕੁਲ ਰਾਮ** :- ਸਪੁੱਤਰ ਪੂਰਨ ਲਾਲ ਰੈਦਾਸ, ਪਿੰਡ ਨੰਦਾਪੁਰ, ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ 1942 ਵਿੱਚ 9 ਮਹੀਨੇ ਦੀ ਸਜਾ।

**ਡੋਰੇ ਲਾਲ :-** ਸਪੁੱਤਰ ਦੇਵੀ ਰੈਦਾਸ, ਪਿੰਡ ਨੰਦਾਪੁਰ, ਬਾਂਕੇਂਗੰਜ, ਖੀਰੀ। ਭਾਰਤ ਛੱਡੋ ਅੰਦੋਲਨ 1942 'ਚ 9 ਮਹੀਨੇ ਦੀ ਸਜਾ

**ਭਗਵਤ** :- ਸਪੁੱਤਰ ਡੱਲ ਰੈਦਾਸ, ਪਿੰਡ ਨੰਦਾਪੁਰ, ਬਾਂਕੇਗੰਜ, ਖੀਰੀ। ਭਾਰਤ ਛੱਡੋ ਅੰਦੋਲਨ 1942 'ਚ 9 ਮਹੀਨੇ ਦੀ ਸਜਾ

**ਰਘੁਵਰ ਦਿਆਲ ਘਰਕਾਰ :-** ਸਪੁੱਤਰ ਗੋਬਿੰਦ ਦਾਸ, ਪਿੰਡ ਸਮਥਰ, ਝਾਂਸੀ। ਭਾਰਤ ਛੱਡੋ ਅੰਦੋਲਨ 1942 ਵਿਚ 7 ਮਹੀਨੇ ਸਜਾ

**ਗਾਜੀਰਾਮ ਚਮਾਰ :-** ਸਪੁੱਤਰ ਸੀਤਾ ਰਾਮ, ਛਿਤਵਾਪੁਰ ਪਜਾਵਾ, ਲਾਲ ਕੁਆਂ ਭੁਇਆਰਿਨ ਬਹੀਆ ਲਖਨਾਊ। ਭਾਰਤ ਛੱਡੋ ਅੰਦੋਲਨ ਤਹਿਤ 12 ਅਗਸਤ 1942 ਨੂੰ ਗ੍ਰਿਫ਼ਤਾਰ ਕੀਤਾ ਗਿਆ 1 ਮਹੀਨੇ ਦੀ ਸਜਾ 75 ਰੁਪਏ ਜੁਰਮਾਨਾ

**ਜਵਾਹਿਰ ਚਮਾਰ :-** ਸਪੁੱਤਰ ਨਰਾਇਣ ਸੰਡੀਲਾ, ਹਰਦੋਈ, ਵਿਅਕਤੀਗਤ ਅੰਦੋਲਨ 1941 'ਚ ਇਕ ਸਾਲ ਦੀ ਸਜਾ

**ਰਾਮ ਸ਼ੰਕਰ ਰਵਿਦਾਸੀ :-** ਸਪੁੱਤਰ ਡੋਰੀ ਲਾਲ, ਆਲਮ ਨਗਰ, ਲਖਨਊ । 1941 ਵਿਚ 18 ਮਹੀਨਾ ਦੀ ਸਜਾ ਹੋਈ

**ਹਰੀ ਸਿੰਘ ਜਾਟਵ :-** ਸਪੁੱਤਰ ਸ਼ਾਹਰਾਮ ਜਾਟਵ, ਪੰਚਾਲੀ ਖੁਰਦ, ਜ਼ਿਲ੍ਹਾ ਮੇਰਠ 669/ 2 ਸੋਤੀਗੰਜ ਮੇਰਠ, ਭਾਰਤ ਛੱਡੋ ਅੰਦੋਲਨ 'ਚ 1942 ਵਿਚ 10 ਮਹੀਨੇ ਦੀ ਸਜ਼ਾ ਹੋਈ।

**ਮੰਗਲ ਲਾਲ ਚਰਮਕਾਰ :-** ਗਰੌਥਾ, ਝਾਂਸੀ। 1941 ਦੇ ਵਿਅਕਤੀਗਤ ਸਤਿਆਗ੍ਰਹਿ ਅੰਦੋਲਨ ਵਿੱਚ ਸ਼ਾਮਿਲ ਹੋਣ ਦੇ ਕਾਰਨ ਇੱਕ ਸਾਲ ਦੀ ਸਜ਼ਾ ਹੋਈ।

# ਸਵਿਨਿਆ ਅਵੱਗਿਆ ਅੰਦੋਲਨ ਦੇ ਕ੍ਰਾਂਤੀਕਾਰੀ[11]

**ਅਮਰ ਸ਼ਹੀਦ ਬਲਦੇਵ ਪ੍ਰਸਾਦ ਕੁਰੀਲ** : ਬਲਈ ਡੇਰਾਪੁਰ, ਕਾਨਪੁਰ ਕਾਂਗਰਸ ਦੇ ਸਰਗਰਮ ਵਰਕਰ ਸਨ। 1932 ਵਿੱਚ ਪੁਲਿਸ ਸਟੇਸ਼ਨ ਉੱਪਰ ਧਰਨਾ ਦੇਣ ਲਈ ਗੋਲੀ ਨਾਲ ਸ਼ਹੀਦ ਕਰ ਦਿੱਤਾ ਗਿਆ।

**ਅਮਰ ਸ਼ਹੀਦ ਸੁਚਿਤ ਰਾਮ ਜੈਸਵਾਰਾ**:- ਨਿਵਾਸੀ ਲਾਲ ਖੂਹ, ਲਖਨਾਊ ਨਰਾਇਣ ਹੋਟਲ ਕਰਮਚਾਰੀ, 26 ਮਈ 1930 ਨੂੰ ਅਮੀਨਾਬਾਦ ਪੁਲਿਸ ਚੌਂਕੀ ਫੂਕਣ ਦੇ ਦੋਸ਼ ਵਿੱਚ ਗੋਲੀ ਨਾਲ ਸ਼ਹੀਦੀ ਪ੍ਰਾਪਤ ਕੀਤੀ।

**ਕ੍ਰਾਂਤੀਕਾਰੀ ਰਮੱਈ ਕੁਰੀਲ :**- ਟਯਲਾ ਬਰੋਲਾ, ਡਾਕਖਾਨਾ ਰਾਜਾਮਾਉ, ਰਾਏ ਬਰੇਲੀ 1932 ਵਿੱਚ 6 ਮਹੀਨੇ ਸਜ਼ਾ।

**ਕ੍ਰਾਂਤੀਕਾਰੀ ਰਘੁਬਰ ਚਮਾਰ** :- ਸਪੁੱਤਰ ਸ੍ਰੀ ਹੀਰਾ ਲਾਲ ਚਮਾਰ, ਗੋਰਖਪੁਰ 1932 ਚ 4 ਮਹੀਨੇ ਦੀ ਸਜਾ ਹੋਈ।

**ਕਾਂਤੀਕਾਰੀ ਰਾਮਦੁਲਾਰੇ ਚਮਾਰ :**- ਸਪੁੱਤਰ ਸ੍ਰੀ ਮਨਰਾਲ ਚਮਾਰ, ਪਿੰਡ ਨਓਆ ਡੁਮਰੀ, ਥਾਣਾ ਸਰਜਨਵਾਂ, ਗੋਰਖਪੁਰ। 1932 ਚ ਇਕ ਮਹੀਨੇ ਦੀ ਸਜਾ 20 -ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਉਮਰਾਓ:**- ਸਪੁੱਤਰ ਨਾਇਕ ਚਮਾਰ, ਗੋਰਖਪੁਰ 1932 ਵਿੱਚ 16 ਮਹੀਨੇ ਦੀ ਸਜ਼ਾ 50 ਰੁਪਏ ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਪੂਰਨ ਮਾਸੀ :**- ਸਪੁੱਤਰ ਸ੍ਰੀ ਮਦਨ ਚਮਾਰ ਦੇਵਰਿਆ, 1932 ਵਿਚ ਇਕ ਸਾਲ ਦੀ ਸਜਾ 50 -ਰੁਪਏ ਜੁਰਮਾਨਾ ਨਾ ਦੇਣ ਦੀ ਕਰਕੇ 6 ਮਹੀਨੇ ਦੀ ਸਜਾ

**ਕ੍ਰਾਂਤੀਕਾਰੀ ਪੂਰਨ ਮੱਲ ਜਾਟਵ :**- ਸਪੁੱਤਰ ਸ੍ਰੀ ਕੱਲੂ ਜਾਟਵ, ਫਤਹਿਪੁਰ ਸੀਕਰੀ, ਪਿੰਡ ਆਗਰਾ 1932 ਵਿਚ 6 ਮਹੀਨੇ ਦੀ ਸਜਾ 20-ਰੁਪਏ ਜੁਰਮਾਨਾ ਹੋਇਆ ਜਰਮਾਨਾ ਨਾ ਦੇਣ ਦੀ ਸੁਰਤ ਵਿੱਚ 1 ਮਹੀਨੇ ਦੀ ਹੋਰ ਸਜਾ ਕੱਟਣੀ ਪਈ।

**ਕ੍ਰਾਂਤੀਕਾਰੀ ਭਜਨ ਲਾਲ :**- ਸੁਪੱਤਰ ਸ੍ਰੀ ਕਰਨ ਸਿੰਘ ਜਾਟਵ, ਫਤਿਹਪੁਰ ਸੀਕਰੀ, ਪਿੰਡ ਆਗਰਾ, 1932 ਵਿਚ 6 ਮਹੀਨੇ ਦੀ ਸਜਾ 20- ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਚਿੱਲੂ ਚਮਾਰ:**- ਸਪੁੱਤਰ ਸ੍ਰੀ ਸ਼ਿਵਰਾਮ ਚਮਾਰ, ਪਿੰਡ ਖੁਰਭਰ ਸ਼ੁੱਕਲ, ਥਾਣਾ ਦੇਵਰਿਆ ਅੰਦੋਲਨ 1932 ਨੂੰ 3 ਮਹੀਨੇ ਦੀ ਸਜਾ 50 ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਝੱਬਲ ਰੈਦਾਸ:**- ਪਿੰਡ ਨਵਰੰਗਾਵਾਦ, ਪੋਸਟ ਬਿਜਵਾ, ਖੀਰੀ। ਨਮਕ ਸੱਤਿਅਗ੍ਰਹਿ 1930 ਵਿਚ 1 ਸਾਲ ਦੀ ਸਜਾ

**ਕ੍ਰਾਂਤੀਕਾਰੀ ਭਭੂਤੀ ਚਮਾਰ :**- ਸਪੁੱਤਰ ਸ੍ਰੀ ਬੁਝਾਵਨ ਚਮਾਰ, ਜ਼ਿਲ੍ਹਾ ਗੋਰਖਪੁਰ, 1932 ਵਿਚ 6 ਮਹੀਨੇ ਦੀ ਸਜਾ 50 ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਅਯੋਧਿਆ ਚਮਾਰ :**- ਸਪੁੱਤਰ ਸ੍ਰੀ ਹੁਲਸੀ ਚਮਾਰ, ਪਿੰਡ

ਨਗਲਾ ਪਤੀਵਾਂ ਬਕੇਵਰ, ਇਟਾਵਾ 1932 ਵਿਚ 6 ਮਹੀਨੇ ਦੀ ਸਜਾ 50 ਰੁਪਏ-ਜੁਰਮਾਨਾ ਅਤੇ 1941 ਚ ਵਿਅਕਤੀਗਤ 'ਚ 9 ਮਹੀਨੇ ਦੀ ਸਜਾ 50 ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਕਮਲੇ ਚਮਾਰ :-** ਸਪੁੱਤਰ ਸ੍ਰੀ ਘਿਸੂ ਚਮਾਰ, ਪਿੰਡ ਬਰੋਲਿ, ਇਟਾਵਾ 1931 'ਚ 8 ਮਹੀਨੇ ਦੀ ਸਜਾ

**ਕ੍ਰਾਂਤੀਕਾਰੀ ਧੁੰਮਣ ਚਮਾਰ:-** ਸਪੁੱਤਰ ਡੁਮਨ ਚਮਾਰ, ਪਿੰਡ ਰਾਏਪੁਰ, ਇਟਾਵਾ 1931 ਚ 6 ਮਹੀਨੇ ਦੀ ਸਜਾ 5 ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਧਨਪਤ ਚਮਾਰ:-** ਸਪੁੱਤਰ ਸ੍ਰੀ ਜਵਾਹਰ ਚਮਾਰ, ਨੌਕਾਪੁਰ ਅਛਲਦਾ, ਇਟਾਵਾ 1931 ਵਿਚ 1 ਸਾਲ ਦੀ ਸਜਾ ਤੇ 50ਰੁਪਏ ਜੁਰਮਾਨਾ ਨਾ ਦੇਣ ਕਰਕੇ ਤਿੰਨ ਮਹੀਨੇ ਦੀ ਹੋਰ ਸਜਾ ਹੋਈ।

**ਕ੍ਰਾਂਤੀਕਾਰੀ ਬਨਵਾਰੀ ਚਮਾਰ** :- ਸਪੁੱਤਰ ਸ੍ਰੀ ਹਰੀ ਚਮਾਰ, ਪਿੰਡ ਮੀਕੁਪੁਰ ਅਜੀਤਮਲ, ਇਟਾਵਾ 1932 ਚ 6 ਮਹੀਨੇ ਦੀ ਸਜਾ 10-ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਹਰਦਿਆਲ ਚਮਾਰ:**- ਸਪੁੱਤਰ ਸ੍ਰੀ ਚੁੰਨੀ ਚਮਾਰ, ਨਾਮਕ ਅਛਲਦਾ, ਇਟਾਵਾ। 1932 ਵਿਚ 6 ਮਹੀਨੇ ਦੀ ਸਜਾ 35 ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਰਾਮਲਾਲ ਚਮਾਰ :-** ਸਪੁੱਤਰ ਸ੍ਰੀ ਕਿਸ਼ੋਰ ਚਣਡੂਲਾ ਵਿਲਹੋਰ ਕਾਨਪੁਰ 1930 ਵਿਚ 6 ਮਹੀਨੇ ਦੀ ਸਜਾ 35 ਰੁਪਏ ਜੁਰਮਾਨਾ

**ਕ੍ਰਾਂਤੀਕਾਰੀ ਸ਼ਿਵਰਤਨ ਚਮਾਰ** :- ਸਪੁੱਤਰ ਸ੍ਰੀ ਝਾਊਲਾਲ ਚਮਾਰ, ਬਿਛਲਪੁਰ। ਫਤਹਿਪੁਰ 1932 ਵਿਚ ਇਕ ਸਾਲ ਦੀ ਸਜਾ ਹੋਈ।

**ਕ੍ਰਾਂਤੀਕਾਰੀ ਕੇਸਰੀ :-** ਸਪੁੱਤਰ ਸ੍ਰੀ ਉਮਰਾਵ ਚਮਾਰ, ਪਿੰਡ ਮੁਹੱਲਾ ਤਲੈਆ ਫਤਹਿਗੜ ਫਾਰੂਖਾਵਾਦ 1930 ਵਿਚ 6 ਮਹੀਨੇ ਦੀ ਸਜਾ

**ਕ੍ਰਾਂਤੀਕਾਰੀ ਘਾਸੀ ਚਮਾਰ**:- ਨਾਜੀ ਟੋਲਾ, ਕਨੋਜ, ਫਰਾਖੂਵਾਦ। 1930 ਵਿਚ 6 ਮਹੀਨੇ ਦੀ ਸਜਾ

**ਕ੍ਰਾਂਤੀਕਾਰੀ ਦਰਸ਼ਣ ਚਮਾਰ** :- ਸਪੁੱਤਰ ਸ੍ਰੀ ਲੋਚਨ ਚਮਾਰ, ਤਿਲਕਾਪੁਰ, ਕਨੋਜ, ਫਾਰੁਖਾਰਬਾਦ। 1930 'ਚ 6 ਮਹੀਨੇ ਸਜਾ 10- ਰੁਪਏ ਦਾ ਜੁਰਮਾਨਾ

**ਕ੍ਰਾਂਤੀਕਾਰੀ ਕੂਲਾ :-** ਸਪੁੱਤਰ ਸ੍ਰੀ ਉਮਰਾਵ ਚਮਾਰ, ਭਲਕਾਪੁਰ ਕਾਨੌਜ, 1930 ਵਿਚ 6 ਮਹੀਨੇ ਸਜਾ 50 ਜੁਰਮਾਨਾ

**ਕ੍ਰਾਂਤੀਕਾਰੀ ਬੁਲਾਕੀ :-** ਸਪੁੱਤਰ ਸ੍ਰੀ ਬੈਜਨਾਥ ਚਮਾਰ, ਜਲਾਲਬਾਦ, ਫਾਰੁਖਾਬਾਦ। 1930 ਵਿਚ 8 ਮਹੀਨੇ ਦੀ ਸਜਾ

**ਕ੍ਰਾਂਤੀਕਾਰੀ ਭੀਮਸੇਨ:-** ਸਪੁੱਤਰ ਸ੍ਰੀ ਝਿੰਗੁਰੀ ਧੋਬੀ, ਅਕਮੇਲਪੁਰ ਕਮਾਲਗੰਜ, ਫਾਰੁਖਾਵਾਦ। 1930 ਵਿਚ 6 ਮਹੀਨੇ ਦੀ ਸਜਾ

**ਕ੍ਰਾਂਤੀਕਾਰੀ ਨਨਕੂ ਕੁਰੀਲ :-** ਸਪੁੱਤਰ ਸ੍ਰੀ ਨੋਖੇ ਮਿਲਹੋਰ, ਕਾਨਪੁਰ। 1932 ਵਿਚ 6 ਮਹੀਨੇ ਦੀ ਸਜ਼ਾ

**ਕ੍ਰਾਂਤੀਕਾਰੀ ਸੀਤਾਰਾਮ ਉਰਫ ਕਾਲੀਚਰਨ** :- ਸਪੁੱਤਰ ਸ੍ਰੀ ਗਿਰਧਰੀ ਚਮਾਰ, ਫਿਰੋਜਪੁਰ ਇੰਦਰਗੜ੍ਹ, ਫਾਰੁਖਾਬਾਦ। 1930 ਵਿਚ 6 ਮਹੀਨੇ ਦੀ ਸਜਾ 25 ਜੁਰਮਾਨਾ

ਫਾਰੁਖਾਵਾਦ 1 ਸਾਲ ਦੀ ਸਜਾ

**ਕ੍ਰਾਂਤੀਕਾਰੀ ਹੁਕਮਚੰਦ :–** ਸਪੁੱਤਰ ਸ੍ਰੀ ਰਾਮਚੰਦਰ ਚਮਾਰ, ਫਾਰੁਖਾਵਾਦ 1932 ਵਿਚ 6 ਮਹੀਨੇ ਦੀ ਸਜਾ 10 ਜੁਰਮਾਨਾ

**ਕ੍ਰਾਂਤੀਕਾਰੀ ਰਾਜਾਰਾਮ ਪਿੱਪਲ :–** ਪਿੰਡ ਬਾਗਾਰੋਲ, ਤਹਿਸੀਲ ਖੈਰਾਗੜ ਆਗਰਾ 1930 ਵਿਚ 6 ਮਹੀਨੇ ਦੀ ਸਜਾ 1932 ਵਿਚ 1 ਸਾਲ ਦੀ ਸਜਾ ।

## ਅ-ਸਹਿਯੋਗ ਅੰਦੋਲਨ ਵਿਚ ਚਮਾਰ ਜਾਤੀ ਦੇ ਕ੍ਰਾਂਤੀਕਾਰੀ[12]

**ਮਿਠਾਈ ਚਮਾਰ :–** ਪਿੰਡ ਤੇ ਥਾਨਾ ਪੁਰੰਦਰਪੁਰ, ਗੋਰਖਪੁਰ, ਮਿਠਾਈ ਚਮਾਰ ਨੂੰ ਆ–ਸਹਿਯੋਗ ਅੰਦੋਲਨ 1921 ਵਿਚ 3 ਸਾਲ ਦੀ ਕਠੋਰ ਸਜਾ

**ਮੁਕਖੂ ਚਮਾਰ:–** ਪਿੰਡ ਤੇ ਥਾਨਾ ਪੁਰੰਦਰਪੁਰ, ਗੋਰਖਪੁਰ, ਮੁਕਖੂ ਚਮਾਰ ਨੂੰ ਆ–ਸਹਿਯੋਗ ਅੰਦੋਲਣ 1923 'ਚ 3 ਸਾਲ ਦੀ ਸਖਤ ਸਜਾ

**ਠੇਲੂ ਚਮਾਰ:–** ਪਿੰਡ ਤੇ ਥਾਨਾ ਪੁਰੰਦਰਪੁਰ, ਗੋਰਖਪੁਰ, ਠੇਲੂ ਚਮਾਰ ਨੂੰ ਆ–ਸਹਿਯੋਗ ਅੰਦੋਲਨ 1922 ਵਿਚ 3 ਸਾਲ ਦੀ ਸਖਤ ਸਜਾ

**ਦੁਰਜਨ ਚਮਾਰ:–** ਸਪੁੱਤਰ ਸ੍ਰੀ ਕੁੰਦਨ ਚਮਾਰ, ਰਹਿਮਾਬਾਦ, ਸੀਮਾਪੁਰ, ਦੁਰਜਨ ਚਮਾਰ ਨੂੰ ਅਤ–ਸਹਿਯੋਗ 1922 ਵਿਚ 6 ਮਹੀਨੇ ਦੀ ਕਠੋਰ ਸਜਾ

**ਰਾਮ ਪ੍ਰਸਾਦ ਚਮਾਰ:–** ਪਿੰਡ ਬਸਤੀ, ਡਾਕ ਰਾਮਪੁਰ, ਆਜਮਗੜ੍ਹ, ਆ–ਸਹਿਯੋਗ ਅੰਦੋਲਨ ਵਿੱਚ 1921 'ਚ 2 ਮਹੀਨੇ ਦੀ ਕਠੋਰ ਸਜਾ

**ਸੂਰਜ ਨਰਾਇਣ ਚਮਾਰ:–** ਸਪੁੱਤਰ ਜਗਬੋਧ ਚਮਾਰ ਦਾ ਪਿੰਡ ਰਾਮਗੜ, ਥਾਣਾ ਲੰਮੁਆ, ਸੁਲਤਾਨਪਰ। ਨੂੰ ਆ–ਸਹਿਯੋਗ ਅੰਦੋਲਨ 1921 ਵਿਚ 1 ਸਾਲ ਦੀ ਸਜਾ ਅਤੇ 100 ਰੁਪਏ ਜੁਰਮਾਨਾ

**ਸੀਤਾ ਰਾਮ ਚਮਾਰ:–** ਸਪੁੱਤਰ ਡੱਲਾ, ਭੁਇਆਰਿਨ, ਬਗਿਆ ਲਾਲ ਖੂਹ ਲਖਨਾਊ ਆ–ਸਹਿਯੋਗ ਅੰਦੋਲਨ 1921 ਵਿਚ 9 ਮਹੀਨੇ ਦੀ ਸਜਾ ਅਤੇ 150 ਰੁਪਏ ਜੁਰਮਾਨਾ

**ਜੋਧਾ ਚਮਾਰ:–** ਸਪੁੱਤਰ ਬਿੰਦਾ ਚਮਾਰ, ਪਿੰਡ ਖੜਉਆਂ ਮਹਿਲਾਬਾਦ ਲਖਨਾਊ ਆ–ਸਹਿਯੋਗ ਅੰਦੋਲਣ 30 ਜਨਵਰੀ 1922 ਨੂੰ 3 ਮਹੀਨੇ ਦੀ ਸਖਤ ਸਜਾ।

## ਨੂਰਮਹਿਲ ਕਾਂਡ

## 16 ਫਰਵਰੀ 1992 ਦੇ ਸ਼ਹੀਦ[13]

ਬਹੁਜਨ ਸਮਾਜ ਦੀ ਮਾਨਵਤਾ ਵਾਦੀ ਲਹਿਰ ਦਾ ਪ੍ਰਚਾਰ ਕਰਦੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਦੇ ਬਹਾਦਰ ਸੂਰਵੀਰ ਯੋਧਿਆ ਨੂੰ ਸਮੇਂ ਦੇ ਹਾਕਿਮ ਲੋਕਾਂ ਵਲੋਂ ਨਿਹੱਥਿਆਂ ਪ੍ਰਚਾਰਕਾਂ ਤੇ ਗੋਲੀ ਚਲਾਈ ਜਿਸ ਵਿੱਚ 26 ਸ਼ਹੀਦ ਹੋਏ। ਰਾਜ ਕੁਮਾਰ, ਡਾ. ਸੁਲੱਖਣ,ਹਰੀਦੇਵ, ਸਤਵੰਤ ਰਾਏ,ਨਰੇਸ਼ ਕੁਮਾਰ ,ਚੂਹੜ ਰਾਮ ,ਭਜਨ ਲਾਲ,ਕਸ਼ਮੀਰੀ ਲਾਲ, ਸੁਖਰਾਮ, ਜਜਵੰਤ ਸਿੰਘ,ਸ਼ਾਮ ਲਾਲ, ਲੀਲੂ ਰਾਮ, ਭੀਮ ਸੇਨ, ਮੂਲ ਚੰਦ, ਨਚੱਤਰ ਸਿੰਘ, ਸਵਰਨਜੀਤ ਸਿੰਘ, ਅਮਰ ਸਿੰਘ, ਹਰਜਿੰਦਰ ਸਿੰਘ, ਨਾਜਰਸਿੰਘ, ਰਾਮੋ ਦੇਵੀ, ਵੇਦ ਪ੍ਰਕਾਸ਼, ਜਗਮੇਲ ਸਿੰਘ, ਜਗਵੀਰ ਸਿੰਘ, ਮਾਨ ਸਿੰਘ, ਚੰਬਾ ਸਿੰਘ, ਹਰਜਿੰਦਰ  ਆਦਿ ਸੂਰਮਿਆਂ ਨੇ ਬਹੁਜਨ ਸਮਾਜ ਲਈ ਆਪਣੀਆਂ ਸ਼ਹਾਦਤਾਂ ਦੇ ਕੇ ਮਾਨਵਤਾ ਵਾਦੀ ਲਹਿਰ ਨੂੰ ਚਲਦੀ ਰੱਖਿਆਂ। ਮੂਰ ਮਹਿਲ ਕਾਂਢ ਵਿੱਚ ਚਮਾਰ ਜਾਤੀ ਦੇ ਲੋਕਾਂ ਨੇ ਆਪਣਾ ਯੋਗਦਾਨ ਪਾਇਆ

**(1) ਰਾਜ ਕੁਮਾਰ ਸਪੁੱਤਰ ਸ਼੍ਰੀ ਓਮ ਪ੍ਰਕਾਸ਼ ,ਪਿੰਡ ਸਿੱਧਮ, ਨੂਰ ਮਹਿਲ, ਜਲੰਧਰ।**
**(2) ਡ. ਸੁਲੱਖਣ ਸਪੁੱਤਰ ਸ਼੍ਰੀ ਹਜਾਰਾ ਰਾਮ ,ਪਿੰਡ ਤਲਵਣ ,ਜਲੰਧਰ।**
**(3) ਹਰੀਦੇਵ ਸਪੁੱਤਰ ਸ਼੍ਰੀ ਬਾਬੂ ਰਾਮ, ਪਿੰਡ ਸਿੱਧਮ,ਜਲੰਧਰ।**
**(4) ਸਤਵੰਤ ਰਾਏ ਸਪੁੱਤਰ ਸ਼੍ਰੀ ਭਗਵਾਨ ਦਾਸ ਪਿੰਡ ਮੁਆਈ ਜਲੰਧਰ।**
**(5) ਨਰੇਸ਼ ਕੁਮਾਰ ਸਪੁੱਤਰ ਸ਼੍ਰੀ ਰੌਣਕੀ ਰਾਮ ਪਿੰਡ ਲੱਧੇਵਾਲੀ ਜਲੰਧਰ।**
**(6) ਚੂਹੜ ਰਾਮ ਸਪੁੱਤਰ ਸ਼੍ਰੀ ਰਾਮ ਲੋਕ ਪਿੰਡ ਸਿੱਧਮ ਜਲੰਧਰ।**
**(7) ਭਜਨ ਲਾਲ ਸਪੁੱਤਰ ਸ਼੍ਰੀ ਧਰਮਾ ਰਾਮ ਪਿੰਡ ਚੀਮਾ ਕਲਾਂ ਜਲੰਧਰ।**
**(8) ਕਸ਼ਮੀਰੀ ਲਾਲ ਸਪੁੱਤਰ ਸ਼੍ਰੀ ਦਰਸ਼ਨ ਰਾਮ ਪਿੰਡ ਚੂਹੇਕੀ ਜਲੰਧਰ।**
**(9) ਸੁੱਖ ਰਾਮ ਸਪੁੱਤਰ ਸ਼੍ਰੀ ਫੁੱਮਣ ਰਾਮ ਪਿੰਡ ਭੰਡਾਲ ਕਲਾਂ ਜਲੰਧਰ।**

## ਸ਼ਹੀਦ ਗਿੰਦੋ ਰਾਮ ਬਿਲਗਾ[14]

ਸ਼ਹੀਦ  ਗਿੰਦੋ ਰਾਮ ਬਿਲਗਾ ਜੀ ਦਾ ਜਨਮ ਪਿੰਡ ਬਿਲਗਾ , ਤਹਿ ਫਿਲੌਰ, ਜ਼ਿਲ੍ਹਾ ਜਲੰਧਰ ਵਿਖੇ ਪਿਤਾ ਸ਼੍ਰੀ ਬੰਕਾ ਰਾਮ ਜੀ ਦੇ ਘਰ ਹੋਇਆ ਸੀ।ਆਪ ਜੀ ਦਾ ਪਰਿਵਾਰ ਇੱਕ ਗਰੀਬ ਪਰਿਵਾਰ ਸੀ । ਆਪ ਜੀ ਨੂੰ ਬਚਪਨ ਵਿੱਚ ਬਾਲ ਮਜਦੂਰੀ ਕਰਨੀ ਪਈ। ਪਿੰਡ ਦੇ ਜ਼ਿਮੀਦਾਰਾਂ ਨੇ ਪਿੰਡ ਵਿੱਚ ਦਲਿਤਾਂ ਦਾ ਬਾਈਕਾਟ ਕਰ ਦਿੱਤਾ ਕਿਉਂਕਿ ਉਹ ਵੱਧ ਮਜਦੂਰੀ ਦੀ ਮੰਗ ਕਰ ਰਹੇ ਸਨ।ਉਸ ਦੋਰਾਣ 1979 ਨੂੰ ਪਿੰਡ ਵਿੱਚ ਦਲਿਤਾਂ ਦੇ ਮੁਕਤੀ ਦਾਤਾ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਜਨਮ ਦਿਨ ਮਨਾਉਣ ਤੋਂ ਰੋਕਣ ਲਈ ਪ੍ਰੋਗਰਾਮ ਦਾ ਅਯੋਜਨ ਕਰ ਰਹੇ ਸਾਥੀਆ ਵਿੱਚੋਂ  ਹੁਸਨ ਲਾਲ ਤੇ ਹਮਲਾ ਕਰ ਦਿੱਤਾ ਜਦੋਂ ਉਹ ਘਰ ਜਾ ਰਿਹਾ ਸੀ।ਕਿਉਕਿ ਜਿਮੀਦਾਰ ਜਨਮ ਦਿਨ ਮਨਾਉਂਣ ਦਾ ਪ੍ਰੋਗਰਾਮ ਬੰਦ ਨਾ ਕਰਵਾ ਸਕੇ ਇਸ ਲਈ ਅਜਿਹੀਆਂ ਹਰਕਤਾਂ ਤੇ ਉੱਤਰ ਆਏ ਸਨ। ਹੁਸਨ ਲਾਲ ਨੂੰ ਗੰਭੀਰ ਰੂਪ ਵਿੱਚ ਜਖਮੀ ਕੀਤਾ ਉਸ ਨੂੰ ਹਸਪਤਾਲ ਵਿੱਚ ਭਰਤੀ ਕਰਵਾ ਕੇ ਜਦੋਂ ਵਾਪਸ ਘਰੇ ਆ ਰਹੇ ਸਨ ਤਾਂ ਜਿਮੀਦਾਰਾਂ ਨੇ ਜਾਤੀ ਵਾਦੀ ਮਾਨਸਿਕਤਾ ਕਰਕੇ ਗਿੰਦੋ ਰਾਮ ਦੇ ਪੇਟ ਵਿੱਚ ਛੂਰਾ ਮਾਰ ਕੇ ਸ਼ਹੀਦ ਕਰ ਦਿੱਤਾ ।

# ਅਮਰ ਸ਼ਹੀਦ ਸੰਤ ਰਾਮਾ ਨੰਦ ਜੀ[15]

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਬੇਗਮਪੁਰਾ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਨੂੰ ਆਪਣੇ ਜੀਵਨ ਦਾ ਮਕਸਦ ਅਤੇ ਸਮਾਜ ਦੇ ਵਿਕਾਸ ਨੂੰ ਆਪਣਾ ਮਿਸ਼ਨ ਬਣਾ ਲੈਣ ਵਾਲੇ ਮਹਾਨ ਸੰਤ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦਾ ਜਨਮ 2 ਫਰਵਰੀ 1952 ਨੂੰ ਮਾਤਾ ਜੀਤ ਕੌਰ ਦੀ ਕੁੱਖੋਂ ਪਿਤਾ ਸ੍ਰੀ ਮਹਿੰਗਾ ਰਾਮ ਜੀ ਦੇ ਘਰ ਪਿੰਡ ਅਲਾਵਲਪੁਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਆਪ ਜੀ ਚਾਰ ਭਰਾ ਅਤੇ ਇਕ ਭੈਣ ਸੀ। ਆਪ ਜੀ ਪਰਿਵਾਰ ਵਿੱਚ ਸਭ ਤੋਂ ਵੱਡੇ ਸਨ। ਪਰਿਵਾਰ ਵਾਲਿਆਂ ਲਈ ਬਹੁਤ ਲਾਡਲੇ ਅਤੇ ਪਿਆਰੇ ਸਨ।

ਆਪ ਜੀ ਬਚਪਨ ਤੋਂ ਹੀ ਸਾਧੂ  ਸੁਭਾਅ ਦੇ ਹੋਣ ਕਰਕੇ ਸੰਤਾਂ ਮਹਾਪੁਰਸ਼ਾਂ ਦੀ ਸੰਗਤ ਕਰਨ ਦੇ ਦੀਵਾਨੇ ਹੁੰਦੇ ਸਨ। ਆਪ ਜੀ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ। ਦੁਆਬਾ ਕਾਲਜ ਜਲੰਧਰ ਤੋਂ ਆਪ ਜੀ ਨੇ ਬੀ.ਏ ਦੀ ਪੜ੍ਹਾਈ ਕੀਤੀ। ਆਪ ਜੀ ਪੜ੍ਹਾਈ ਵਿਚ ਹੁਸ਼ਿਆਰ ਸਨ। ਆਪ ਜੀ ਨੇ ਦਿਲ ਲਗਾ ਕੇ ਪੜ੍ਹਾਈ ਕੀਤੀ ਪਰ ਏਕਾਂਤ ਵਿੱਚ ਗੁੰਮ ਸੁੰਮ ਰਿਹਾ ਕਰਦੇ ਸਨ। ਸੰਤ ਸਰਵਣ ਦਾਸ ਜੀ ਡੇਰਾ ਸੱਚ ਖੰਡ ਬੱਲਾ ਵਿੱਖੇ ਸੰਗਤਾਂ ਦਾ ਕਲਿਆਣ  ਕਰਦੇ ਸਨ। ਉੱਥੇ ਆਪ ਜੀ ਦਾ ਪਰਿਵਾਰ ਸ਼ਰਧਾਲੂ ਸੀ। ਆਪ ਜੀ ਉੱਪਰ ਪੂਰਾ ਧਾਰਮਿਕ ਰੰਗ ਚੜ੍ਹ ਗਿਆ ਸੀ। ਆਪ ਜੀ ਦਾ ਸੰਤਾਂ ਨਾਲ ਪ੍ਰੇਮ ਪਿਆਰ ਅਤੇ ਮੋਹ ਵੇਖਦਿਆਂ ਆਪ ਜੀ ਦੇ ਪਿਤਾ ਆਪ ਜੀ ਨੂੰ ਸੰਤ ਦੇ ਚਰਨਾਂ ਵਿੱਚ ਸੇਵਾ ਲਈ ਲੈ ਗਏ।ਸ੍ਰੀ 108 ਸੰਤ ਹਰੀ ਦਾਸ ਜੀ ਦੇ ਚਰਨਾਂ 'ਚ ਰਹਿ ਕੇ ਆਪ ਜੀ ਮਹਾਨ ਸੰਤ ਬਣੇ। ਆਪ ਜੀ ਨੂੰ ਨਾਮ ਦੀ ਦਾਤ ਸੰਤ ਹਰੀ ਦਾਸ ਜੀ ਅਤੇ ਭੇਖ ਦੀ ਦਾਤ ਸੰਤ ਗਰੀਬ ਦਾਸ ਜੀ ਨੇ ਦਿੱਤੀ। ਆਪ ਜੀ ਹਰ ਵੇਲੇ ਪ੍ਰਭੂ ਸਿਮਰਨ ਅਤੇ ਸਮਾਜ ਦੇ ਦੁੱਖਾਂ ਦਰਦਾ ਦਾ ਚਿੰਤਨ ਕਰਦੇ ਸਨ। ਆਪ ਜੀ ਦੁਖੀਆਂ ਦੇ ਦੁਖ ਦੂਰ ਕਰਦੇ।

ਆਪ ਜੀ ਮਹਾਂਰਿਸ਼ੀ ਬਾਲਮੀਕ ਜੀ, ਜਗਤਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਸਧਨਾ ਜੀ ਅਦਿ ਮਹਾਪੁਰਸ਼ਾਂ ਦੇ ਸ਼ਬਦਾਂ ਦਾ ਕੀਰਤਨ ਕਰਦੇ ਤਾਂ ਸੰਗਤਾਂ ਅਨੰਦ ਮਹਿਸੂਸ ਕਰਦੀਆਂ ਆਪ ਜੀ ਦੇ ਕੀਰਤਨ ਵਿਚ ਦਲਿਤ ਕੌਮ ਦਾ ਇਤਿਹਾਸ ਵੀ ਹੁੰਦਾ। ਕ੍ਰਾਂਤੀਕਾਰੀ ਜ਼ਜ਼ਬਾ ਵੀ ਹੁੰਦਾ ਜਿਸ ਨੂੰ ਸੰਗਤਾਂ ਸ਼ਰਧਾ ਨਾਲ ਸੁਣ ਕੇ ਚੇਤਨਾ ਦੀ ਸਿਖਰ ਤੇ ਪੁੱਜ ਕੇ ਘਰਾਂ ਨੂੰ ਪਰਤ ਦੀਆਂ ਸਨ। ਆਪ ਸ਼ਬਦਾਂ ਦੀ ਵਿਆਖਿਆ ਭਾਰਤੀ ਮੂਲ ਨਿਵਾਸੀਆ ਦੇ ਇਤਿਹਾਸ ਨਾਲ ਵੇਰਵਿਆਂ ਸਹਿਤ ਦਾ ਪੇਸ਼ ਕਰਦੇ ਆਪ ਜੀ ਨੂੰ ਆਪਣੇ ਮਹਾਪੁਰਸ਼ਾਂ ਦਾ ਸਾਹਿਤ ਪੜ੍ਹਨ ਦੀ ਰੁੱਚੀ ਬਹੁਤ ਜ਼ਿਆਦਾ ਸੀ। ਆਪ ਜੀ ਮਹਾਨ ਲਿਖਾਰੀ ਸਨ। ਆਪ ਜੀ ਨੇ ਸਾਹਿਤ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।

ਸ੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ(ਹਿੰਦੀ)

ਸ੍ਰੀ ਗੁਰੂ ਰਵਿਦਾਸ ਦਰਸ਼ਣ ਅਤੇ ਮੀਰਾ ਪਦਾਵਲੀ

ਬੇਗਮਪੁਰਾ ਸ਼ਹਿਰ ਪੱਤ੍ਰਿਕਾ ਅਖ਼ਬਾਰ ਦੇ ਸੰਪਾਦਕ ਰਹੇ। ਅਖ਼ਬਾਰ ਲਈ ਨਿਰੰਤਰ ਲਿਖਣ ਦੀ ਪ੍ਰਕਿਰਿਆ ਜਾਰੀ ਰੱਖੀ ਸੀ

ਆਪ ਜੀ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ 2004 ਵਿੱਚ 'ਸ੍ਰੀ ਗੁਰੂ ਰਵਿਦਾਸ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਕੀਤਾ ਗਿਆ।

ਆਪ ਜੀ ਦੀ ਮਿੱਠੀ ਪਿਆਰੀ ਅਵਾਜ਼ ਵਿੱਚ ਜਲੰਧਰ ਦੂਰਦਰਸ਼ਨ ਤੋਂ 'ਅੰਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ ਜੀ' ਅਤੇ 'ਬੇਗਮਪੁਰਾ ਸ਼ਹਿਰ ਕੋ ਨਾਉ' ਨਾਂ ਦੇ ਪ੍ਰੋਗਰਾਮ ਵੀ ਸੰਗਤਾ ਨੂੰ

ਸੁਣਨ ਨੂੰ ਮਿਲੇ ਹਨ।

ਆਪ ਜੀ ਦੀ ਰਸਭਿੰਨੀ ਅਵਾਜ ਵਿੱਚ ਅਨੇਕਾਂ ਕੈਸਿਟਾਂ, ਸੀ.ਡੀ ਅਤੇ ਡੀ.ਵੀ.ਡੀ ਰਿਕਾਰਡ ਹੋਈਆਂ।

ਯੂ.ਕੇ ਦੀ ਪਾਰਲੀਮੈਂਟ ਸਦਨ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਜ ਬਾਰੇ ਸਪੀਚ ਪੜ੍ਹ ਕੇ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ। ਆਪ ਜੀ ਨੇ ਅਨੇਕਾਂ ਧਾਰਮਿਕ ਸ਼ਬਦਾ ਦੀ ਰਚਨਾ ਵੀ ਕੀਤੀ। ਸਤਿਗੁਰ ਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਦੀ ਵਿਚਾਰਾਧਾਰਾ ਦੇ ਪ੍ਰਚਾਰ ਹਿੱਤ ਪਿੰਡ-ਪਿੰਡ ਸ਼ਹਿਰ-ਸ਼ਹਿਰ ਸੰਤ ਸੰਮੇਲਨ ਕਰਾਏ। ਗੁਰੂ ਘਰਾਂ ਦੇ ਨੀਂਹ ਪੱਥਰ ਰੱਖੇ ਅਤੇ ਦੇਸ਼ਾਂ ਵਿਦੇਸ਼ਾਂ ਦੀਆਂ ਯਾਤਰਾਵਾਂ ਕਰਦੇ ਸੰਗਤਾਂ ਨੂੰ ਮਿਸ਼ਨ ਨਾਲ ਜੋੜਦੇ। ਆਪ ਜੀ ਦੇ ਪ੍ਰਚਾਰ ਕਰਨ ਨਾਲ ਸਮਾਜ ਵਿਚ ਜਾਗ੍ਰਿਤੀ ਆ ਰਹੀ ਸੀ।

23 ਫਰਵਰੀ 2008 ਨੂੰ ਯੂਰਪ ਦੀਆਂ ਸੰਗਤਾਂ ਵਲੋਂ ਗੁਰੂ ਰਵਿਦਾਸ ਜਨਮ ਅਸਥਾਨ ਵਿਖੇ ਸਵਰਨ ਪਾਲਕੀ ਭੇਂਟ ਕੀਤੀ ਗਈ। ਜਿਸ ਦਾ ਉਦਘਾਟਨ ਰਵਿਦਾਸੀਆਂ ਸਮਾਜ ਦੀ ਰਾਜਨੀਤਕ ਆਗੂ ਭੈਣ ਕੁਮਾਰੀ ਮਾਇਆਵਤੀ ਜੀ ਤੋਂ ਕਰਵਾਇਆ ਅਤੇ ਉਸ ਇਤਿਹਾਸਕ ਪੁਰਬ ਦੇ ਮੌਕੇ ਉਪਰ ਸੰਗਤਾਂ ਨੂੰ ਇੱਕ ਯਾਦਗਾਰੀ ਸਪੀਚ ਦੇ ਕੇ ਨਿਹਾਲ ਕੀਤਾ। ਸਮਾਜ ਇਕ ਜੁੱਟ ਹੋ ਰਿਹਾ ਸੀ। ਪਰ ਕੁੱਝ ਕੱਟੜ ਪੰਥੀਆਂ ਨੇ 24 ਮਈ 2009 ਨੂੰ ਆਸਟਰੀਆ ਦੀ ਰਾਜਧਾਨੀ ਵਿਆਨਾ ਦੇ ਸ਼੍ਰੀ ਗੁਰੂ ਰਵਿਦਾਸ ਮੰਦਰ ਵਿਚ ਕਾਤਿਲਾਨਾ ਹਮਲਾ ਕਰਕੇ ਆਪ ਜੀ ਨੂੰ ਸ਼ਹੀਦ ਕਰ ਦਿੱਤਾ। ਇੱਥੇ 108 ਸੰਤ ਨਿਰੰਜਣ ਦਾਸ ਜੀ ਅਤੇ 30 ਹੋਰ ਸ਼ਰਧਾਲੂ ਜਖਮੀ ਹੋਏ ਆਪ ਜੀ ਦਾ ਅਪ੍ਰੇਸ਼ਨ ਕਾਫ਼ੀ ਲੰਬਾ ਸਮਾਂ ਚੱਲਿਆ। ਪਰ ਸੰਤ ਰਾਮਾ ਨੰਦ ਜੀ ਰਵਿਦਾਸੀਆ ਸਮਾਜ ਲਈ ਆਪਣੀ ਸ਼ਹਾਦਤ ਦੇ ਗਏ ਅਤੇ ਕੌਮ ਨੂੰ ਇੱਕ ਜੁਟ ਅਤੇ ਸੰਘਰਸ਼ ਕਰਕੇ ਸਮਾਜ ਦੀ ਸਥਿਤੀ ਨੂੰ ਸੁਧਾਰਨ ਦਾ ਉਦੇਸ਼ ਦੇ ਗਏ।

## ਸ਼੍ਰੀ ਵਿਜੈ ਕੁਮਾਰ ਸ਼ਹੀਦ[16]

ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਨੇ ਰਵਿਦਾਸੀਆ ਸਮਾਜ ਨੂੰ ਹਿਲਾ ਕੇ ਰੱਖ ਦਿੱਤਾ। ਉਹ ਸਾਡੀ ਕੌਮ ਦੇ ਮਹਾਨ ਸੰਤ ਸਨ। ਜੋ ਸਮਾਜ ਨੂੰ ਸਹੀਂ ਸੇਧ ਦੇ ਰਹੇ ਸਨ ਅਤੇ ਮਹਾਪੁਰਸ਼ਾਂ ਦੀ ਵਿਚਾਰਧਾਰਾ ਦਾ ਪਾਠ ਪੜ੍ਹਾ ਰਹੇ ਸਨ ਪਰ ਕੁਝ ਕੱਟੜਪੰਥੀ ਲੋਕਾਂ ਨੂੰ ਰਾਸ ਨਾ ਆਇਆ। ਉਹਨਾਂ ਦੀ ਸ਼ਹਾਦਤ ਉੱਪਰ ਸ਼ਾਤ-ਮਈ ਰੋਸ ਕਰਦੇ ਰਵਿਦਾਸੀਆ ਬੱਬਰ ਸ਼ੇਰਾਂ ਨੂੰ ਸਮੇਂ ਦੀ ਧੱਕੇ ਸ਼ਾਹੀ ਦਾ ਸ਼ਿਕਾਰ ਹੋਣਾ ਪਿਆ। ਆਪਣੀਆਂ ਸ਼ਹੀਦੀਆਂ ਦੇਣੀਆਂ ਪਈਆ ਜ਼ਿਨ੍ਹਾਂ ਵਿਚ ਇਕ ਸ਼ਹੀਦ ਵਿਜੈ ਕੁਮਾਰ ਜੀ ਸਨ।

ਜਿਹਨਾਂ ਦਾ ਜਨਮ 13 ਦਸੰਬਰ 1993 ਨੂੰ ਮਹੱਲਾ ਖੁਹਵਾਲਾ, ਪਿੰਡ ਢਿਲਵਾ, ਡਾਕ. ਦਕੋਹਾ, ਜ਼ਿਲ੍ਹਾ ਜਲੰਧਰ ਵਿਖੇ ਮਾਤਾ ਅਲਕਾ ਜੀ ਦੀ ਕੁੱਖੋਂ ਪਿਤਾ ਸ਼੍ਰੀ ਜਸਪਾਲ ਦੇ ਘਰ ਹੋਇਆ। ਵਿਜੈ ਕੁਮਾਰ ਜੀ ਤਿੰਨ ਭੈਣਾ ਦਾ ਇੱਕਲਾ ਵੀਰ ਸੀ। ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂ.ਲ ਵਿਚ ਮੁਢਲੀ ਪੜਾਈ ਕੀਤੀ ਅਤੇ ਨੇੜੇ ਦੇ ਪਿੰਡ ਪੂਰਨਪੁਰ ਦੇ ਸਰਕਾਰੀ ਹਾਈ ਸਕੂਲ ਵਿਚ ਛੇਵੀਂ ਜਮਾਤ ਵਿਚ ਦਾਖਲਾ ਲੈ ਲਿਆ। ਉਸ ਨੇ ਨੋਵੀਂ ਪਾਸ ਕਰ ਕੇ ਦਸਵੀਂ ਵਿਚ ਦਾਖਲਾ ਲੈ ਲਿਆ ਲਿਆ ਸੀ। ਉਹ ਡੇਰਾ ਸੱਚ ਖੰਡ ਬੱਲਾਂ ਦਾ ਸ਼ਰਧਾਲੂ ਸੀ। ਮਹਾਂਪੁਰਸ਼ਾਂ ਨੂੰ ਪਿਆਰ ਕਰਦਾ ਸੀ।

ਪਿੰਡ ਵਿਚ ਜ਼ਬਰਦਸਤ ਪ੍ਰਦਰਸ਼ਨ ਹੋ ਰਿਹਾ ਸੀ ਜਿਸ ਦੌਰਾਣ ਇਕ ਸਿੱਧੀ

ਗੋਲੀ ਵਿਜੈ ਕੁਮਾਰ ਦੇ ਗੋਡੇ ਵਿਚ ਲੱਗੀ। 3-4 ਹਸਪਤਾਲਾ ਨੇ ਮੁੱਢਲੀ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ ਫਿਰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਪਰ ਉਹ 25 ਮਈ ਨੂੰ ਸ਼ਹੀਦ ਹੋ ਗਏ ਅਤੇ 26 ਮਈ 2009 ਨੂੰ ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

## ਸ਼ਹੀਦ ਸ਼੍ਰੀ ਤੇਲੂ ਰਾਮ ਜੀ[17]

7 ਫਰਵਰੀ 1940 ਨੂੰ ਮਾਤਾ ਬੰਤੀ ਦੀ ਕੁੱਖੋਂ ਅਤੇ ਪਿਤਾ ਢੇਰੂ ਦੇ ਘਰ ਪਿੰਡ ਹੁਸੈਨਪੁਰ ਡਾਕ ਕਲਿਆਣਪੁਰ ਜਿਲ੍ਹਾ ਜਲੰਧਰ ਵਿਖੇ ਹੋਇਆ। ਡੇਰਾ ਬੱਲਾ ਦੇ ਸ਼ਰਧਾਲੂ ਸੀ ਉਸਦੇ ਘਰ ਜਦੋਂ ਹਮਲੇ ਦੀ ਖ਼ਬਰ ਆਈ ਤਾਂ ਉਸਦੇ ਪੈਰਾਂ ਹੇਠੋ ਜ਼ਮੀਨ ਨਿਕਲ ਗਈ । 25 ਮਈ 2009 ਨੂੰ ਲਾਂਬੜੇ ਚੌਂਕ ਵਿਚ ਹਜ਼ਾਰਾਂ ਲੋਕ ਇਕੱਠੇ ਹੋਏ ਤੇ ਦਰੀਆਂ ਵਿਛਾ ਕੇ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰਨ ਲੱਗੇ ਪੁਲਿਸ ਵਲੋਂ ਲੋਕਾਂ ਉੱਪਰ ਹਵਾਈ ਫਾਈਰਿੰਗ ਕੀਤੀ ਗਈ ਜਿਸ ਵਿਚ ਮੌਕੇ ਤੇ ਸ਼੍ਰੀ ਤੇਲੂ ਰਾਮ ਦੀ ਛਾਤੀ ਵਿੱਚੋ ਗੋਲੀ ਨਿਕਲ ਗਈ। 25 ਮਈ 2009 ਨੂੰ ਉਹ ਸ਼ਹੀਦ ਹੋ ਗਏ। ਉਹਨਾਂ ਦਾ ਅੰਤਿਮ ਸੰਸਕਾਰ 26 ਮਈ 2009 ਨੂੰ ਕਰ ਦਿੱਤਾ ਗਿਆ।

## ਸ਼ਹੀਦ ਸ਼੍ਰੀ ਬਲਕਾਰ ਸਿਘ ਜੀ[18]

ਸ਼ਹੀਦ ਸ਼੍ਰੀ ਬਲਕਾਰ ਦਾ ਜਨਮ 13 ਜਨਵਰੀ 1980 ਪਿੰਡ ਖੋਖੜ ਦਵਾਖੜੀ ਡਾਕ ਖੁੱਡਾ ਤਹਿ. ਦਸੂਹਾ ਜਿਲ੍ਹਾ ਹੁਸ਼ਿਆਰਪੁਰ ਵਿਚ ਮਾਤਾ ਮਨਜੀਤ ਕੌਰ ਪਿਤਾ ਗੁਰਦਾਸ ਰਾਮ ਜੀ ਦੇ ਘਰ ਹੋਇਆ। ਬਲਕਾਰ ਸਿੰਘ ਜੀ ਚਾਰ ਭਰਾ ਅਤੇ ਦੋ ਭੈਣਾਂ ਸਨ। ਬਲਕਾਰ ਸਭ ਤੋਂ ਛੋਟਾ ਸੀ। ਉਸ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ 6ਵੀਂ ਕਲਾਸ ਸਰਕਾਰੀ ਹਾਈ ਸਕੂਲ ਖੁਣਕਲਾ 'ਚ ਦਾਖਲਾ ਲੈ ਲਿਆ। ਉਸ ਦਾ ਮਨ ਪੜ੍ਹਾਈ ਵਿਚ ਨਾ ਲੱਗਾ। ਸਕੂਲ ਤੋਂ ਹੱਟ ਗਿਆ ਤੇ ਉਸ ਨੇ ਡੀਜਲ ਮਕੈਨਿਕ ਦਾ ਕੰਮ ਸਿਖ ਲਿਆ। ਉਹ ਚੰਗੀ ਕਮਾਈ ਕਰਨ ਲੱਗਾ ਅਤੇ ਪਰਿਵਾਰ ਵਾਲਿਆਂ ਨੇ 11 ਅਪ੍ਰੈਲ 2008 ਵਿਚ ਉਸਦਾ ਵਿਆਹ ਸਤਵਿੰਦਰ ਕੌਰ ਨਾਲ ਕਰ

ਦਿੱਤਾ। ਬਲਕਾਰ ਸਿੰਘ ਸਤਿਸੰਗੀ ਬੰਦਾ ਸੀ। ਹਰ ਛੁੱਟੀ ਵਾਲੇ ਦਿਨ ਉਹ ਸਤਿਸੰਗ ਸੁਣਦਾ ਅਤੇ ਸੇਵਾ ਕਰਦਾ ਉਹ ਜਦੋ 25 ਮਈ ਨੂੰ ਸਵੇਰੇ ਕੰਮ ਲਈ ਜਲੰਧਰ ਆਇਆ ਤਾਂ ਰਸਤੇ ਵਿਚ ਗੱਡੀ ਰੁਕ ਗਈ। ਬਲਕਾਰ ਸਿੰਘ ਨੂੰ ਪਿਆਸ ਲੱਗੀ ਸੀ ਉਹ ਪਾਣੀ ਪੀਣ ਲਈ ਟੂੱਟੀ ਵਲ ਗਿਆ ਤਾਂ ਪਾਣੀ ਪੀਂਦੇ ਦੇ ਲੱਕ ਵਿਚ ਗੋਲੀ ਲੱਗ ਗਈ। ਉੱਥੇ ਸ਼ੋਰ ਸ਼ਰਾਬਾ ਫੈਲ ਗਿਆ। ਜਦੋਂ ਖ਼ਬਰ ਪਰਿਵਾਰ ਨੂੰ ਮਿਲੀ ਤਾਂ ਪੂਰੇ ਪਿੰਡ ਵਿੱਚ ਸਨਾਟਾ ਛਾ ਗਿਆ ਬਲਕਾਰ ਸਿਘ 9 ਦਿਨ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦਾ ਹੋਇਆ 2 ਜੂਨ 2009 ਨੂੰ ਸ਼ਹੀਦ ਹੋ ਗਿਆ। ਉਸ ਦਾ ਸੰਸਕਾਰ ਸੁਰੱਖਿਆ ਪ੍ਰਬੰਧ ਵਿੱਚ ਕੀਤਾ ਗਿਆ ਸੀ।

# ਸ਼ਹੀਦ ਸ਼੍ਰੀ ਰਜਿੰਦਰ ਕੁਮਾਰ[19]

ਸ਼ਹੀਦ ਰਜਿੰਦਰ ਕੁਮਾਰ ਜੀ ਦਾ ਜਨਮ 29 ਅਗਸਤ 1984 ਨੂੰ ਪਿੰਡ ਰਾਮਗੜ੍ਹ, ਡਾਕਖਾਨਾ ਫਿਲੌਰ, ਤਹਿ: ਫਿਲੌਰ, ਜਲੰਧਰ ਵਿਚ ਹੋਇਆ ਆਪ ਜੀ ਦੀਆ ਤਿੰਨ ਭਰਾ ਅਤੇ ਇਕ ਭੈਣ ਸੀ। ਆਪ ਜੀ ਦੇ ਪਿਤਾ ਖੇਤੀਬਾੜੀ ਦਾ ਕੰਮ ਕਰਦੇ ਸੀ। ਸ਼੍ਰੀ ਰਜਿੰਦਰ ਕੁਮਾਰ ਨੇ 8 ਤੱਕ ਪੜ੍ਹਾਈ ਕੀਤੀ ਸੀ। ਤੇ ਪੜ੍ਹਾਈ ਛੱਡ ਕੇ ਜਨਰੇਟਰ ਦਾ ਕੰਮ ਸਿੱਖ ਲਿਆ ਉਹ ਹੱਥੀ ਮਿਹਨਤ ਉੱਪਰ ਨਿਰਭਰ ਸੀ। ਉਸ ਨੇ ਵਿਦੇਸ਼ ਵਾਸਤੇ ਇਟਲੀ ਦੇ ਪੇਪਰ ਭਰੇ ਹੋਏ ਸੀ ਜੋ ਨਿਕਲ ਆਏ ਸਨ।

ਉਸ ਦਾ ਵਿਆਹ 19-1-05 ਨੂੰ ਕਾਂਤਾ ਰਾਣੀ ਨਾਲ ਹੋਇਆ ਰਜਿੰਦਰ ਕੁਮਾਰ ਆਪਣੇ ਮੁੰਡੇ ਦੇ ਲੱਡੂ ਵੰਡਦਾ ਫਿਰਦਾ ਸੀ। ਉਹ 24 ਮਈ ਨੂੰ ਆਪਣੇ ਸੁਹਰਿਆ ਦੇ ਪਿੰਡ ਸੰਸਲੀ ਪਿੰਡ ਗਿਆ ਸੀ। 24 ਮਈ ਨੂੰ ਉਸ ਨੂੰ ਖ਼ਬਰ ਮਿਲੀ ਸੀ ਕਿ ਬੱਲਾਂ ਵਾਲੇ ਸੰਤਾਂ ਤੇ ਹਮਲਾ ਹੋ ਗਿਆ ਤਾਂ ਉਹ ਧੁਰ ਅੰਦਰ ਹਿਲ ਗਿਆ ਕਿਉਂਕਿ ਉਹ ਬੱਲਾ ਵਾਲੇ ਸੰਤਾਂ ਦਾ ਸ਼ਰਧਾਲੂ ਸੀ। 25 ਮਈ ਨੂੰ ਉਹ ਰਾਮਗੜ੍ਹ ਬਾਈਪਾਸ ਤੇ ਧਰਨਾ ਦੇ ਰਿਹਾ ਸੀ। ਪੁਲਿਸ ਨੇ ਉਹਨਾਂ ਉੱਪਰ ਅੰਨੇ ਵਾਹ ਲਾਠੀ ਚਾਰਜ ਕੀਤਾ ਤੇ ਹਵਾਈ ਫਾਈਰਿੰਗ ਵੀ ਕੀਤੀ। ਇਸ ਦੌਰਾਨ ਇਕ ਗੋਲੀ ਰਜਿੰਦਰ ਦੇ ਮੋਢੇ ਤੇ ਲੱਗੀ ਉਹ ਗੁਰੂ ਰਵਿਦਾਸ ਦੇ ਜੈਕਾਰੇ ਲਾਉਂਦਾ ਰਿਹਾ..........। ਕਾਫੀ ਜੱਦੋ ਜਹਿਦ ਮਗਰੋਂ ਉਸ ਦੀ ਜਾਨ ਨਹੀਂ ਬਚੀ। 25 ਮਈ 2009 ਨੂੰ ਸਮਾਜ

ਲਈ ਆਪਣੇ ਗੁਰੂ ਲਈ ਸ਼ਹੀਦੀ ਪਾ ਗਿਆ। ਉਸ ਦਾ 26 ਮਈ ਨੂੰ ਸੰਸਕਾਰ ਕੀਤਾ ਗਿਆ।

# 26. ਚਮਾਰ ਰੈਜੀਮੈਂਟ ਦਾ ਗਠਨ

ਸਾਡੀ ਸੁਰਮਤਾਈ ਦਾ ਪ੍ਰਮਾਣ ਚਮਾਰ ਰੈਜੀਮੈਂਟ ,
ਇਤਿਹਾਸਿਕ ਗਾਥਾ ਦਾ ਬਿਆਨ ਚਮਾਰ ਰੈਜੀਮੈਂਟ।

ਗੁਰੂ ਰਵਿਦਾਸ ਜੀ ਨੇ ਬੜੇ ਮਾਣ ਨਾਲ ਆਖਿਆ ,
ਮੁੜ ਉਜਾਗਰ ਕਰ ਦਿੱਤਾ ਸਵੈਮਾਣ ਗੁਆਚਿਆ,
ਬਹਾਦਰੀ ਦਾ ਵਰਦਾਨ ,ਚਮਾਰ ਰੈਜੀਮੈਂਟ ,
ਸਾਡੀ ਸੁਰਮਤਾਈ ਦਾ ਪ੍ਰਮਾਣ ਚਮਾਰ ਰੈਜੀਮੈਂਟ।

ਦੂਸਰਾ ਵਿਸ਼ਵ ਯੁੱਧ ਸਮਾਂ ਉਨੀ ਸੌ ਬਿਆਲੀ ਦਾ,
ਅੰਗ੍ਰੇਜ਼ਾਂ ਨੂੰ ਵੀ ਮਾਣ ਸਾਡੀ ਘਾਲਣਾ ਘਾਲੀ ਦਾ,
ਸਭ ਨੂੰ ਕਰ ਗਈ ਹੈਰਾਨ ਚਮਾਰ ਰੈਜੀਮੈਂਟ ,
ਸਾਡੀ ਸੁਰਮਤਾਈ ਦਾ ਪ੍ਰਮਾਣ ਚਮਾਰ ਰੈਜੀਮੈਂਟ।

ਰੰਗੂਨ,ਕੋਹਿਮਾਂ ,ਇੰਫਾਲ,ਕਰਾਚੀ ਨੇ ਸਮਾਧੀਆਂ ,
ਨਾਮ ਅਮਰ ਸ਼ਹੀਦਾਂ ਦੇ ਮਿਲੀਆਂ ਨੇ ਉਪਾਧੀਆਂ ,
ਯੋਧਿਆਂ ਦਾ ਮਾਣ-ਸਨਮਾਨ ਚਮਾਰ ਰੈਜੀਮੈਂਟ ,
ਸਾਡੀ ਸੁਰਮਤਾਈ ਦਾ ਪ੍ਰਮਾਣ ਚਮਾਰ ਰੈਜੀਮੈਂਟ ।

ਦੇਸ਼ ਦੀ ਆਜ਼ਾਦੀ ਲਈ ਖ਼ੂਨ ਅਸੀਂ ਡੋਲਿਆਂ ,
ਲੱਭਾ ਏ ਕੈਂਥ ਨੂੰ ਜਦ ਇਤਿਹਾਸ ਫਰੋਲਿਆ ,
ਕ੍ਰਾਂਤੀ ਦਾ ਨਿਸ਼ਾਨ ਏ ਚਮਾਰ ਰੈਜੀਮੈਂਟ ,
ਸਾਡੀ ਸੁਰਮਤਾਈ ਦਾ ਪ੍ਰਮਾਣ ਚਮਾਰ ਰੈਜੀਮੈਂਟ

ਦੂਸਰੇ ਵਿਸ਼ਵ ਯੁੱਧ ਸਮੇਂ ਅੰਗਰੇਜ਼ ਸਰਕਾਰ ਦੁਆਰਾ ਯੁੱਧ ਸਮੇਂ (1939 ਤੋਂ 1945)ਤਕ ਦੇ ਸਮੇਂ ਵਿਚ ਬਹਾਦਰ ਕੌਮਾਂ ਦੇ ਸੈਨਿਕਾ ਦੀ ਕਮੀ ਸੀ।ਇਸ ਸਮੇਂ ਅੰਗਰੇਜ਼ ਸਰਕਾਰ ਦੇ ਖਿਆਲ ਵਿਚ ਭਾਰਤ ਸਮਾਜ ਦੀ ਬਹੁਗਿਣਤੀ ਚਮਾਰ ਕੌਮ ਦੇ ਲੋਕਾਂ ਦੀ ਭਰਤੀ ਸੈਨਾ ਵਿਚ ਕਰਨ ਦੀ ਸੋਚ ਬਣੀ।ਚਮਾਰ ਸਮਾਜ ਭਾਰਤ ਦੀ ਗਿਣਤੀ ਦਾ ਪੰਜਵਾਂ ਵਿਅਕਤੀ ਹੈ। ਇਸ ਅਬਾਦੀ ਦੇ ਹਿਸਾਬ ਨਾਲ ਇਕ ਵੱਡੀ ਤਾਕਤ ਨੂੰ ਇਕ ਮੁੱਖਧਾਰਾ ਵਿਚ ਲਿਆਉਣਾ ਸੀ।ਦੂਸਰਾ ਪੰਜਾਬ ਰੈਜੀਮੈਂਟ ਦੀ 27ਵੀਂ ਬਟਾਲੀਅਨ ਨੂੰ 1 ਮਾਰਚ 1943 ਨੂੰ ਫਾਸਟ ਚਮਾਰ

ਰੈਜੀਮੈਂਟ ਵਿਚ ਬਦਲਣ ਦਾ ਨਿਰਣਾ ਲਿਆ ਗਿਆ ਅਜੇ ਇਸ ਦਾ ਕੰਮ ਮੁਕੰਮਲ ਵੀ ਨਹੀਂ ਹੋ ਪਾਇਆ ਸੀ ਕਿ ਬਿਲਕੁਲ ਨਵੀਂ ਚਮਾਰ ਰੈਜੀਮੈਂਟ ਨੂੰ ਦੂਸਰੇ ਵਿਸ਼ਵ ਯੁੱਧ ਵਿਚ ਭੇਜ ਦਿੱਤਾ ਗਿਆ। ਚਮਾਰ ਰੈਜੀਮੈਂਟ ਜੋ ਬਿਲਕੁਲ ਨਵੀਂ ਅਤੇ ਨਰੋਈ ਸੀ ਬਹਾਦਰ ਸੀ।

ਉਸ ਥੋੜੇ ਸਮੇਂ ਵਿੱਚ ਹੀ ਸਪੈਸ਼ਲ ਕੰਮ ਕਰਨ ਦਾ ਇਤਿਹਾਸਿਕ ਮੌਕਾ ਮਿਲ ਗਿਆ।ਇੰਡੀਆ ਇੰਫੈਂਟਰੀ ਬ੍ਰਿਗੇਡ (ਜੋ ਭਾਰਤ ਵਿਚ 1942 ਵਿਚ ਸਥਾਪਿਤ ਕੀਤਾ ਗਿਆ) ਉਸ ਨੂੰ ਨਵ-ਸਥਾਪਿਤ 43ਵੇਂ ਇੰਡੀਅਨ ਆਰਮਡ ਡਿਵੀਜ਼ਨ 'ਚ ਉਸ ਦੇ ਇਕ ਬ੍ਰਿਗੇਡ ਦੀ ਹੈਸੀਅਤ ਨਾਲ ਸ਼ਾਮਿਲ ਕੀਤਾ ਗਿਆ।ਅਪ੍ਰੈਲ 1943 ਵਿਚ ਇਹ 44ਵੇਂ ਇੰਡੀਅਨ ਬ੍ਰਗੇਡ ਵਿਚ ਮਿਲਾ ਦਿੱਤਾ ਗਿਆ ਜੋ ਰਾਂਚੀ ਵਿਚ ਸੀ। ਇਸ ਤੋਂ ਬਾਅਦ ਜੀ.ਐਸ.ਕਿਉ.ਰਿਜਰਵ ਵਿੱਚ 1944 'ਚ ਮਿਲਾ ਦਿੱਤਾ ਗਿਆ। 18 ਅਪ੍ਰੈਲ 1944 ਨੂੰ ਜਾਪਾਨ ਦੇ ਹਮਲੇ ਦੇ ਬਾਅਦ ਇਹ ਬ੍ਰਿਗੇਡ ਕੋਹਿਮਾ ਅਤੇ ਇੰਫਾਲ ਤੋਂ ਹੁੰਦਾ ਹੋਇਆ ਦੀਮਾਪੁਰ 'ਚ ਲਗਾਇਆ ਗਿਆ।

1944 ਨੂੰ ਸਥਾਪਿਤ 21 ਇੰਡੀਅਨ ਡਿਵੀਜਨ ਦੀ ਕਮਾਨ 'ਚ ਆਇਆ ਜੋ ਕਿ 33ਵੇ ਇੰਡੀਅਨ ਕੌਮ ਦੀ ਕਮਾਨ ਸੀ ਹੁਣ ਤੱਕ ਇਹ ਡਿਵੀਜ਼ਨ ਦੀ ਕਮਾਨ 'ਚ ਇੱਕ ਮਾਤਰ ਬ੍ਰਿਗੇਡ ਸੀ। ਇਸ ਦੇ ਨਾਲ 45ਵੀਂ ਕੈਵੇਲ ਵੀ ਸੀ। ਇਸ ਡਿਵੀਜ਼ਨ ਨੂੰ ਦੀਮਾਪੁਰ ਅਤੇ ਕੋਹਿਮਾ ਦੇ ਵਿਚਕਾਰ ਦੀ ਸੰਚਾਰ ਵਿਭਾਗ ਦੀ ਵਿਵਸਥਾ ਦੇਣ ਦੀ ਜਿੰਮੇਵਾਰੀ ਦਿੱਤੀ ਗਈ।ਇਸ ਬ੍ਰਿਗੇਡ ਦਾ ਮੁੱਖ ਹਿੱਸਾ ਚਮਾਰ ਰੈਜੀਮੈਂਟ ਸੀ। ਜਿਸ ਨੂੰ ਕੋਹਿਮਾ ਦੀ ਸੁਰੱਖਿਆ ਦੀ ਜਿੰਮੇਵਾਰੀ ਦਿੱਤੀ ਗਈ। ਅੰਗਰੇਜ਼ ਸੈਨਾ ਵਿਚ ਚਮਾਰ ਰੈਜੀਮੈਂਟ ਦੀ ਭੂਮਿਕਾ ਬਹੁਤ ਅਹਿਮ ਸੀ। ਬ੍ਰਿਟਿਸ਼ ਸੈਨਾ ਦੇ ਆਰਡਰ ਆਫ ਬੈਲਟ ਵਿਚ ਚਮਾਰ ਰੈਜੀਮੈਂਟ ਦਾ ਸਥਾਨ ਬਹੁਤ ਜਿਆਦਾ ਖਾਸ ਸੀ।ਚਮਾਰ ਰੈਜੀਮੈਂਟ 33ਵੇਂ ਬ੍ਰਿਟਿਸ਼ ਕੋਰ ਇੰਡੀਅਨ ਵਿੱਚ ਵੀ ਖਾਸ ਭੂਮਿਕਾ ਨਿਭਾਈ। ਦੂਸਰੇ ਵਿਸ਼ਵ ਯੁੱਧ ਵਿਚ ਇਸ ਦਾ ਸਥਾਨ ਮਹੱਤਵਪੂਰਨ ਸੀ। ਚਮਾਰ ਰੈਜੀਮੈਂਟ ਦਾ ਗਠਨ ਅਤੇ ਬਲੀਦਾਨ ਇਸ ਦੀ ਬਹਾਦਰੀ ਦਾ ਇਤਿਹਾਸਿਕ ਕਿੱਸਾ ਹੈ।

## ਚਮਾਰ ਰੈਜੀਮੈਂਟ ਦੁਆਰਾ ਲੜੀਆਂ ਗਈਆਂ ਲੜਾਈਆਂ[20]

ਚਮਾਰ ਰੈਜੀਮੈਂਟ ਦਾ ਸਮਾਂ ਦੂਸਰਾ ਵਿਸ਼ਵ ਯੁੱਧ ਦਾ ਸੀ। ਨਵੀ ਬਣੀ ਰੈਜੀਮੈਂਟ ਨੂੰ ਸਿੱਧਾ ਯੁੱਧ ਦੇ ਮੈਦਾਨ ਵਿਚ ਭੇਜ ਦੇਣਾ ਅਤੇ ਜਾਪਾਨੀ ਸੈਨਾ ਦਾ ਜਬਰਦਸਤ ਮੁਕਾਬਲਾ ਕਰਨਾ ਅਤੇ ਇਤਿਹਾਸਕ ਜਿੱਤ ਹਾਸਲ ਕਰਨਾ ਇਕ ਬਹਾਦਰੀ ਭਰਿਆ ਕਾਰਨਾਮਾ ਸੀ।ਕਿਉਂਕੀ ਪਹਾੜਾਂ ਦੇ ਉਜਾੜਿਆ ਵਿਚ ਭੁੱਖਾਂ ਬਰਦਾਸ਼ਤ ਕਰਦਿਆ ਦੁਸ਼ਮਣ ਦਾ ਸਾਹਮਣਾ ਕਰਨਾ ਸੂਰਮਿਆਂ ਦਾ ਕੰਮ ਹੁੰਦਾ ਹੈ। ਮੁਸ਼ਕਿਲ ਅਤੇ ਔਕੜਾਂ ਵਿਚ ਆਪਣੇ ਆਪ ਨੂੰ ਉਦੇਸ਼ ਲਈ ਖੜੇ ਰੱਖਣਾ ਕੋਈ ਆਸਾਨ ਕੰਮ ਨਹੀਂ।ਅਜਿਹੇ ਬਹਾਦਰੀ ਭਰੇ ਸਾਹਸ ਸੂਰਮਿਆਂ ਨੇ ਕੋਹਿਮਾ, ਮਾਣਡਲਾ, ਕਾਮੂ ਇੰਫਾਲ ਅਤੇ ਰੰਗੂਨ ਦੀ ਭਿਆਨਕ ਲੜਾਈ ਲੜੀ।

**ਕੋਹਿਮਾ ਦੀ ਲੜਾਈ:-** ਇਥੇ ਦੂਸਰੇ ਵਿਸ਼ਵ ਯੁੱਧ ਸਮੇ ਅਪ੍ਰੈਲ 1944 ਤੋਂ ਜੂਨ 1944 ਤੱਕ ਦਾ ਭਿਆਨਕ ਯੁੱਧ ਹੋਇਆ। ਚਮਾਰ ਰੈਜਿਮੈਂਟ ਜਿਸ ਦੀ ਸਥਾਪਨਾ 1944 ਵਿਚ ਹੋਈ ਸੀ। ਉਹ 1944 ਵਿਚ ਜਾਪਾਨੀ ਸੈਨਾ ਦਾ ਬੁਰਾ ਹਾਲ ਕਰੇਗੀ ਇਸ ਦਾ ਅੰਦਾਜ਼ਾ ਕਿਸੇ ਨੂੰ ਨਹੀਂ ਸੀ। ਚਮਾਰ ਰੈਜੀਮੈਂਟ ਦੇ ਬਹਾਦਰ ਸਿਪਾਹੀਆਂ ਨੇ ਜਾਪਾਨ ਦੁਆਰਾ ਸਥਾਪਿਤ ਕੋਹਿਮਾ ਦੇ ਆਸ ਪਾਸ ਚੌਂਕੀਆ ਤੋਂ 1944 ਵਿਚ ਉਖਾੜ ਦਿੱਤਾ। ਅੰਤ ਚਮਾਰ ਰੇਜੀਮੈਂਟ ਦੀ ਬਹਾਦਰ

ਸੈਨਾ ਨੇ ਬਹਾਦਰੀ ਅਤੇ ਸੂਰਮਤਾਈ ਨਾਲ ਲੜੇ ਗਏ ਯੁੱਧ ਦੇ ਕਾਰਨ 1944 ਵਿਚ ਜਾਪਾਨ ਦੀ 31ਵੇਂ ਡਿਵੀਜ਼ਨ ਦੇ ਕਮਾਂਡਰ ਨੇ ਆਪਣੀ ਯੁਨਿਟ ਨੂੰ ਪਿੱਛੇ ਹੱਟਣ ਦੇ ਆਰਡਰ ਦੇ ਦਿੱਤੇ ਸਨ।

**ਮਾਣਡਲਾ ਦੀ ਲੜਾਈ :–** ਮਾਰਚ 1945 ਵਿਚ ਲੜੀ ਗਈ ਮਾਣਡਲਾ ਦੀ ਲੜਾਈ ਮਾਰਚ 1945 ਵਿਚ ਲੜੀ ਗਈ ਲੜਾਈ ਵੀ ਚਮਾਰ ਰੈਜੀਮੈਂਟ ਦੀ ਬਹਾਦਰੀ ਦਾ ਸਬੂਤ ਹੈ। ਮਾਣਡਲਾ ਦਾ ਕਿਲ੍ਹਾ ਇਕ ਵਿਸ਼ਾਲ ਪਹਾੜੀ ਉੱਪਰ ਸੀ। ਚਾਰੇ ਪਾਸੇ ਜੰਗਲ ਨਦੀਆਂ–ਨਾਲੇ ਡੂੰਘੀਆ ਘਾਟੀਆ ਵਿਚਕਾਰ ਸੀ। ਇਸ ਕਿਲ੍ਹੇ ਨੂੰ ਜਾਪਾਨੀ ਸੈਨਾ ਨੇ ਆਪਣੀ ਪਕੜ ਵਿਚ ਲੈ ਲਿਆ ਸੀ।ਇਥੋਂ ਜਾਪਾਨੀ ਸੈਨਾ ਨੂੰ ਖਦੇੜਨ ਦਾ ਜਿੰਮਾ ਚਮਾਰ ਰੈਜੀਮੈਂਟ ਦਾ ਸੀ। ਚਮਾਰ ਰੈਜੀਮੈਂਟ ਦੇ ਬਹਾਦਰ ਸੈਨਿਕਾਂ ਨੇ ਇਸ ਕਿਲ੍ਹੇ ਉੱਪਰੋ ਜਾਪਾਨੀ ਸੈਨਾ ਦਾ ਕਬਜਾ ਛੁਡਾ ਲਿਆ ਸੀ ਇਸ ਯੁੱਧ ਵਿੱਚ ਚਮਾਰ ਰੈਜੀਮੈਂਟ ਦੇ ਕਾਫੀ ਸੈਨਿਕ ਜਖ਼ਮੀ ਹੋਏ ਸਨ।

**ਕਾਮੂ ਦੀ ਲੜਾਈ:–**ਚਮਾਰ ਰੈਜੀਮੈਂਟ ਦੀ ਫਸਟ ਬਟਾਲੀਅਨ ਦੁਆਰਾ ਲੜੀ ਗਈ ਕਾਮੂ ਸ਼ਹਿਰ ਦੀ ਲੜਾਈ ਇਤਿਹਾਸਿਕ ਯਾਦਗਾਰ ਲੜਾਈ ਹੈ।ਕਾਮੂ ਸ਼ਹਿਰ ਉੱਪਰ ਜਾਪਾਨੀ ਸੈਨਾ ਦਾ ਪੂਰਾ ਕਬਜਾ ਸੀ।ਸ਼ਹਿਰ ਅੰਦਰ ਆਉਣ ਦੇ ਸਾਰੇ ਰਸਤੇ ਲਗਭਗ ਬੰਦ ਸਨ। ਕਾਮੂ ਸ਼ਹਿਰ ਨੂੰ ਜਿੱਤਣ ਦਾ ਹੁਕਮ ਚਮਾਰ ਰੈਜੀਮੈਂਟ ਨੂੰ ਮਿਲਿਆ ਸੀ।ਚਮਾਰ ਰੈਜੀਮੈਂਟ ਦੇ ਬਹਾਦਰ ਸੈਨਿਕਾਂ ਨੇ ਸ਼ਹਿਰ ਦੀਆਂ ਚੌਂਕੀਆ ਉੱਪਰ ਧਾਵਾ ਬੋਲ ਦਿੱਤਾ ਅਤੇ ਬਹਾਦਰੀ ਨਾਲ ਜਿੱਤ ਪ੍ਰਾਪਤ ਕੀਤੀ। ਚਮਾਰ ਰੈਜੀਮੈਂਟ ਦੇ ਵੀ ਕੁਝ ਸੈਨਿਕ ਸ਼ਹੀਦ ਹੋਏ।

**ਇੰਫਾਲ ਦੀ ਲੜਾਈ:–** ਇੰਫਾਲ ਦੀ ਲੜਾਈ ਕੋਹਿਮਾ ਦੀ ਲੜਾਈ ਵਾਂਗ ਸੀ ।ਇਹ ਕੋਹਿਮਾ ਤੋਂ 80 ਮੀਲ ਦੂਰ ਹੈ। ਇੰਫਾਲ ਵਿਚ ਵੀ ਜਾਪਾਨੀ ਸੈਨਾ ਨੇ ਘੇਰਾ ਬੰਦੀ ਕੀਤੀ ਹੋਈ ਸੀ,1944 ਦੇ ਅੰਤ ਵਿਚ ਲੜਾਈ ਸ਼ੁਰੂ ਹੋ ਗਈ 1945 ਦੇ ਸ਼ੁਰੂ ਤੱਕ ਚਲੀ।ਕੋਹਿਮਾ ਤੇ ਇੰਫਾਲ ਦੀ ਲੜਾਈ ਵਿਚ ਜਾਪਾਨ ਦੇ 13500 ਸੈਂਨਿਕ ਮਾਰੇ ਗਏ ਸੀ। ਇਥੇ ਵੀ ਚਮਾਰ ਰੈਜੀਮੈਂਟ ਨੇ ਜਬਰਦਸਤ ਟੱਕਰ ਦਿੱਤੀ।

**ਟੋਕਯਾਨ ਦੀ ਲੜਾਈ :–** ਬਰਮਾ ਦੇ ਯੂਗਨ ਸ਼ਹਿਰ ਦੇ ਉੱਤਰ ਵਿਚ ਲਗਪਗ 25 ਕਿਲੋਮੀਟਰ ਟੋਕਾਯਾਨ ਨਾਮ ਦਾ ਸਥਾਨ ਹੈ। ਇਥੇ ਚਮਾਰ ਰੈਜੀਮੈਂਟ ਦੇ ਬਹਾਦਰ ਸੈਨਿਕਾ ਨੇ ਜਪਾਨ ਦੀ ਸੈਨਾ ਨੂੰ ਜਬਰਦਸਤ ਟੱਕਰ ਦਿੱਤੀ ਇਥੇ 6,344 ਸਮਾਧੀ ਸਥਾਨ ਹੈ। ਜਿਸ ਵਿਚ ਇਕੱਲੇ ਭਾਰਤੀਆਂ ਦੇ 1819 ਸਮਾਧੀ ਸਥਾਨ ਹੈ। ਇਹਨਾਂ ਸਮਾਧੀਆਂ ਵਿਚ ਚਮਾਰ ਰੈਜੀਮੈਂਟ ਦਾ ਨਾਮ ਸੁਨਹਿਰੀ ਅੱਖਰਾ 'ਚ ਦਰਜ ਹੈ। ਇਹ ਯੁੱਧ ਭਿਆਣਕ ਹੋਇਆ ਸੀ।

**ਪੈਗੋੜਾ (ਰੰਗੂਨ ਸ਼ਹਿਰ) ਦੀ ਲੜਾਈ :–** ਪੈਗੋੜਾ ਸ਼ਬਦ ਜਪਾਨੀ ਜੁਬਾਨ ਵਿਚ ਬੁੱਧ ਬਿਹਾਰ ਨੂੰ ਕਹਿੰਦੇ ਹਨ। ਪੈਗੋੜਾ ਜਿੱਥੇ ਭਾਰੀ ਗਿਣਤੀ ਵਿਚ ਵਿਸਫੋਕ ਸਮਗਰੀ ਅਤੇ ਹਥਿਆਰ ਰੱਖੇ ਗਏ ਸੀ। ਜਪਾਨੀ ਸੈਨਾ ਦੇ ਕਬਜੇ ਵਿੱਚ ਇਸ ਨੂੰ ਮੁਕਤ ਕਰਵਾਉਣ ਦਾ ਕੰਮ ਵੀ ਚਮਾਰ ਰੈਜੀਮੈਂਟ ਦੇ ਬਹਾਦਰ ਸੈਨਿਕ ਨੂੰ ਪ੍ਰਾਪਤ ਹੋਇਆ। ਇਥੇ ਜਪਾਨੀ ਸੈਨਾ ਨੇ ਜਬਰਦਸਤ ਘੇਰਾ ਬੰਦੀ ਕੀਤੀ ਹੋਈ ਸੀ। ਚਮਾਰ ਰੈਜੀਮੈਂਟ ਨੇ ਉਨ੍ਹਾਂ ਨੂੰ ਖਾਲੀ ਕਰਵਾ ਲਿਆ। ਇੱਥੇ ਜਪਾਨੀ ਸੈਨਾ ਦਾ ਭਾਰੀ ਨੁਕਸਾਨ ਹੋਇਆ ਅਤੇ ਚਮਾਰ ਰੈਜੀਮੈਂਟ ਦੇ ਸੈਨਿਕ ਵੀ ਸ਼ਹੀਦ ਹੋਏ।

**ਰੰਗੂਨ ਦੀ ਲੜਾਈ :–**ਚਮਾਰ ਰੈਜੀਮੈਂਟ ਦੀ ਬਹਾਦਰ ਸੈਨਾ ਰੰਗੂਨ ਦੀ ਲੜਾਈ ਵਿਚ ਬਹੁਤ ਬਹਾਦਰੀ ਨਾਲ ਲੜੀ ਜਪਾਨੀ ਸੈਨਾ ਨੇ ਰੇਲ ਮਾਰਗ, ਸੜਕ ਮਾਰਗ ਉੱਪਰ ਪੂਰਾ ਕਬਜਾ ਕਰ ਲਿਆ ਸੀ। ਜਿਸ ਕਾਰਣ ਕੋਈ ਵੀ ਸਮੱਗਰੀ ਰੈਜੀਮੈਂਟ ਤੱਕ ਨਹੀਂ ਸੀ ਪਹੁੰਚ ਰਹੀ ।ਇੱਥੇ ਵੀ ਭੁੱਖੇ ਪਿਆਸੇ ਚਮਾਰ ਰੈਜੀਮੈਂਟ ਨੇ ਬਹੁਤ ਬਹਾਦਰੀ ਨਾਲ ਲੜਾਈ ਲੜੀ। ਇਸ ਲੜਾਈ ਵਿਚ

ਚਮਾਰ ਰੈਜੀਮੈਂਟ ਦੇ ਬਹਾਦਰ ਸੈਨਿਕਾਂ ਨੇ ਜਪਾਨੀ ਸੈਨਾ ਦਾ ਹੌਸਲਾ ਤੋੜਿਆ ਬੇਸ਼ਕ ਇਸ ਲੜਾਈ ਵਿਚ ਜਪਾਨੀ ਸੈਨਾ ਦੇ ਬਹੁਤ ਗੋਲਾਵਾਰੀ ਕੀਤੀ ਇਥੇ ਚਮਾਰ ਰੈਜੀਮੈਂਟ ਅਨੇਕ ਸੂਰਬੀਰ ਯੋਧੇ ਸ਼ਹੀਦ ਹੋਏ। ਪਰ ਜਿਉਂਦੇ ਸੈਨਿਕਾਂ ਨੇ ਹਾਰ ਨਹੀਂ ਮੰਨੀ ਦੁਸ਼ਮਣ ਦਾ ਮੁਕਾਬਲਾ ਕੀਤਾ। ਇਥੇ ਸਥਾਪਿਤ ਮੈਮੋਰੀਅਲ ਉੱਪਰ ਦਰਜ ਚਮਾਰ ਰੈਜੀਮੈਂਟ ਦੇ ਨਾਲ ਇਤਿਹਾਸ ਵਿਚ ਅੱਜ ਵੀ ਚਮਕ ਰਹੇ ਹਨ।

## ਚਮਾਰ ਰੈਜੀਮੈਂਟ ਦੇ ਅਮਰ ਸ਼ਹੀਦਾਂ ਦਾ ਵੇਰਵਾ[21]

### ਟੋਕਯਾਨ ਕਰਿਮੇਸ਼ਨ ਮੈਮੋਰੀਅਲ ਉੱਪਰ ਦਰਜ ਨਾਮ

ਅਮਰ ਸ਼ਹੀਦ ਪੂਰਨ
ਅਮਰ ਸ਼ਹੀਦ ਊਧਮ ਸਿੰਘ
ਅਮਰ ਸ਼ਹੀਦ ਪਿਰਥੀ
ਅਮਰ ਸ਼ਹੀਦ ਰਾਖਾ ਰਾਮ
ਅਮਰ ਸ਼ਹੀਦ ਚੇਤੂ
ਅਮਰ ਸ਼ਹੀਦ ਮਾਇਆ ਰਾਮ
ਅਮਰ ਸ਼ਹੀਦ ਕਰਨੈਣ ਸਿੰਘ
ਅਮਰ ਸ਼ਹੀਦ ਨਨਹਰ
ਅਮਰ ਸ਼ਹੀਦ ਹਰਬੰਸ ਸਿੰਘ
ਅਮਰ ਸ਼ਹੀਦ ਪੈਨੂ
ਅਮਰ ਸ਼ਹੀਦ ਘਾਸੀ
ਅਮਰ ਸ਼ਹੀਦ ਰੇਲੂ
ਅਮਰ ਸ਼ਹੀਦ ਰਾਮ ਸਵਰੂਪ

### ਕੋਹਿਮਾ ਯੁੱਧਾ ਚ ਸ਼ਹੀਦ:-

ਅਮਰ ਸ਼ਹੀਦ ਸ਼ੇਰ ਸਿੰਘ
ਅਮਰ ਸ਼ਹੀਦ ਦਲੀਪ ਸਿੰਘ

### ਇੰਫਾਲ ਕਰਿਮੇਸ਼ਨ ਮੈਮੋਰੀਅਲ ਉੱਪਰ ਦਰਜ ਨਾਮ:-

ਅਮਰ ਸ਼ਹੀਦ ਲਖੀ ਰਾਮ

ਅਮਰ ਸ਼ਹੀਦ ਮੌਂਜੀ ਰਾਮ

## ਦਿੱਲੀ ਕ੍ਰਾਚੀ 1939–1945 ਵਾਰ ਮੈਮੋਰੀਅਲ ਚ ਦਰਜ :-

ਅਮਰ ਸ਼ਹੀਦ ਚੋਹਲ ਸਿੰਘ
ਅਮਰ ਸ਼ਹੀਦ ਸੂਰਜ

## ਰੰਗੂਨ ਮੈਮੋਰੀਅਲ ਉੱਪਰ ਦਰਜ ਚਮਾਰ ਰੈਜੀਮੈਂਟ ਸ਼ਹੀਦ

ਅਮਰ ਸ਼ਹੀਦ ਦੂਲਾ
ਅਮਰ ਸ਼ਹੀਦ ਬਖਤਾਵਰ
ਅਮਰ ਸ਼ਹੀਦ ਬਾਲੀ
ਅਮਰ ਸ਼ਹੀਦ ਭੂਰਾ
ਅਮਰ ਸ਼ਹੀਦ ਬਲਜੀਤ
ਅਮਰ ਸ਼ਹੀਦ ਬੁੱਧਨ
ਅਮਰ ਸ਼ਹੀਦ ਛੋਟੂ
ਅਮਰ ਸ਼ਹੀਦ ਭਗਵਾਨਾ
ਅਮਰ ਸ਼ਹੀਦ ਛੋਟੇ
ਅਮਰ ਸ਼ਹੀਦ ਦੀਨਾ
ਅਮਰ ਸ਼ਹੀਦ ਘੋਣੀ ਰਾਮ
ਅਮਰ ਸ਼ਹੀਦ ਬਾਲਕ ਰਾਮ
ਅਮਰ ਸ਼ਹੀਦ ਮੁਹੰਮਦ ਖਾਨ
ਅਮਰ ਸ਼ਹੀਦ ਨੰਦ ਲਾਲ
ਅਮਰ ਸ਼ਹੀਦ ਪ੍ਰੀਤਮ
ਅਮਰ ਸ਼ਹੀਦ ਨਥੂ
ਅਮਰ ਸ਼ਹੀਦ ਸਰਜੀਤ
ਅਮਰ ਸ਼ਹੀਦ ਰਘਨਾਥ
ਅਮਰ ਸ਼ਹੀਦ ਸ਼ਿਵਚਰਣ
ਅਮਰ ਸ਼ਹੀਦ ਟੀਕਮ
ਅਮਰ ਸ਼ਹੀਦ ਤਿਰਖਾ
ਅਮਰ ਸ਼ਹੀਦ ਸੂਦਨ
ਅਮਰ ਸ਼ਹੀਦ ਮੁਹੰਮਦ ਬਖਸ਼

## ਹਵਾਲੇ:

1. ਆਦਮ ਜਾਤ ਚਮਾਰ: ਸੋਹਨ ਲਾਲ ਸੁਮਨਾਕਸ਼ਰ
2.3. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ: ਰਾਜੇਸ਼ ਕੈਂਥ
4. ਆਦਮ ਜਾਤ ਚਮਾਰ
5. ਸੁਤੰਤਰਤਾ ਸੰਗਰਾਮ ਵਿੱਚ ਅਛੂਤਾ ਦਾ ਯੋਗਦਾਨ: ਡੀ.ਸੀ. ਡੀਨਕਰ
6. ਇੱਕ ਲੇਖ : ਰਾਜੇਸ਼ ਕੈਂਥ
7,8,9,10,11,12:
ਸੁਤੰਤਰਤਾ ਸੰਗਰਾਮ ਵਿੱਚ ਅਛੂਤਾ ਦਾ ਯੋਗਦਾਨ: ਡੀ.ਸੀ. ਡੀਨਕਰ
13. ਨੂਰ ਮਹਿਲ ਦੇ ਸ਼ਹੀਦ ਬਾਸਪਾ ਵਲੋਂ ਜਾਰੀ ਕੀਤਾ ਇੱਕ ਕੰਲੈਡਰ
14 . ਪੰਜਾਬ ਦਾ ਦਲਿਤ ਇਤਿਹਾਸ: ਡਾ. ਐਸ ਐਲ ਵਿਰਦੀ
15. ਸੰਖੇਪ ਜੀਵਨ : ਬੇਗਮਪੁਰਾਂ ਸ਼ਹਿਰ
16,17,18,19:
ਵਿਆਨਾ ਕਾਂਡ ਤੇ ਇੱਕ ਪ੍ਰਕਿਰਿਆ: ਨਿਰਮਲ ਅੰਬੇਡਕਰੀ
20,21:ਚਮਾਰ ਰੈਜੀਮੈਂਟ ਅਤੇ ਅਨੁਸੂਚਿੱਤ ਜਾਤੀਆਂ ਦੀ ਸੈਨਾ ਵਿੱਚ ਭਾਗੀਦਾਰੀ:ਹਵਲਦਾਰ ਸੁਲਤਾਨ ਸਿੰਘ

# 27. ਚਮਾਰ ਜਾਤ ਦੀਆਂ ਧਾਰਮਿਕ ਸ਼ਖਸੀਅਤਾਂ

## ਗੁਰੂ ਗੋਰਖ ਨਾਥ ਜੀ

ਗੁਰੂ ਗੋਰਖ ਨਾਥ ਜੀ ਭਾਰਤੀ ਮੂਲ ਨਿਵਾਸੀ ਚਮਾਰ ਜਾਤ ਦੇ ਮਾਨਵਤਾਵਾਦੀ ਮਹਾਂਪੁਰਸ਼ ਸਨ। ਜਿਹਨਾਂ ਨੂੰ ਭਾਰਤ ਦੇ ਧਰਮ, ਸਮਾਜ ਦਾ ਗਹਿਰਾ ਗਿਆਨ ਸੀ। **ਉਹਨਾਂ ਦਾ ਸਮਾਂ ਨੌਵੀਂ ਸਦੀ ਦਾ ਮੰਨਿਆਂ ਜਾਂਦਾ ਹੈ**। ਗੁਰੂ ਗੋਰਖ ਨਾਥ ਜੀ ਨਾਲ ਜੁੜੀਆਂ ਅਣਗਿਣਤ ਸਾਖੀਆਂ ਸੁਣਨ ਨੂੰ ਮਿਲਦੀਆਂ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਉਹ ਗਹਿਰੀ ਤੇ ਪਹੁੰਚੀ ਹੋਈ ਅਵਸਥਾ ਦੇ ਮਾਲਿਕ ਸਨ। ਜਦੋਂ ਕੋਈ ਬਹੁਤ ਉੱਚੀ ਪ੍ਰਸਿੱਧੀ ਤੇ ਪਹੁੰਚ ਜਾਂਦਾ ਹੈ ਤਾਂ ਲੋਕ ਕਹਾਣੀਆਂ, ਲੋਕ ਕਥਾਵਾਂ ਦੇ ਰੂਪ ਵੱਜੋਂ ਪਹਿਚਾਣ ਬਣਾ ਲੈਂਦਾ ਹੈ। ਗੁਰੂ ਗੋਰਖ ਨਾਥ ਜੀ ਆਪਣੇ ਸਮੇਂ ਦੇ ਮਹਾਨ ਧਾਰਮਿਕ ਆਗੂ ਵਜੋਂ ਸਥਾਪਿਤ ਹੋਏ ਅਤੇ ਉਹਨਾਂ ਨੇ ਇੱਕ ਮਾਨਵਤਾਵਾਦੀ ਲਹਿਰ ਚਲਾਈ ਜਿਸ ਦਾ ਮੁੱਖ ਉਦੇਸ਼ ਭਾਰਤੀ ਮੂਲ ਨਿਵਾਸੀ ਸਮਾਜ ਵਿੱਚ ਚੇਤਨਾ ਪੈਦਾ ਕਰਨਾ ਸੀ। ਗੁਰੂ ਗੋਰਖ ਨਾਥ ਜੀ ਦੀ ਵਿਚਾਰਧਾਰਾ ਬ੍ਰਾਹਮਣ ਵਿਰੋਧੀ, ਯੱਗ ਵਿਰੋਧੀ ਸੀ ਜੋ ਮੂਲ ਰੂਪ 'ਚ ਭਾਰਤ ਦੀ ਆਦਿ ਸਿੰਧੂ ਘਾਟੀ ਦੀ ਸੱਭਿਅਤਾ ਅਤੇ ਬੁੱਧ ਧਰਮ ਦੇ ਵਿਚਾਰ ਦਾ ਬਦਲਵਾਂ ਰੂਪ ਸੀ। ਗੁਰੂ ਗੋਰਖ ਨਾਥ ਜੀ[1] ਦੀ ਅੱਜ ਜੋ ਵੀ ਬਾਣੀ ਮਿਲਦੀ ਹੈ ਉਸ ਵਿੱਚੋਂ ਮਾਨਵਤਾਵਾਦੀ ਮੂਲ ਨਿਵਾਸੀ ਵਿਚਾਰਧਾਰਾ ਦੀ ਝਲਕ ਪੈਂਦੀ ਹੈ ਜਿਵੇਂ:-

:- ਜੋਗੀ ਸੋ ਜੋ ਰਾਖੈ ਜੋਗ, ਜੀਅਭਾ ਚੰਦਰੀ ਨਾ ਕਹੈ ਭੋਗ,
ਅੰਜਨ ਛੋੜ ਨਿਰੰਜਣ ਰਹੈ ਤਾਂ ਕੋ ਗੋਰਖ ਜੋਗੀ ਕਹੇ।
:- ਏਕ ਮੇ ਅਨੰਤ ਅਨੰਤ ਮੇ ਏਕੇ ਅਨੰਤ ਪਾਇਆ,
ਅੰਤਹਿ ਏਕ ਸੋ ਪਹੁਚਾ ਹੁਆ ਤਬ ਅਨੰਤ ਏਕ ਸੇ ਸਮਝਿਆ।
:- ਸਹਜ ਸ਼ੀਲ ਕਾ ਧਰੈ ਸਰੀਰ,
ਸੋ ਬਿਰਤੀ ਗੰਗਾ ਕਾ ਨੀਰ।
:- ਗੁਰੂ ਕੀ ਜੈ ਗਹਿਲਾ ਨਿਗੁਰਾ ਕਾ ਰਹਿਲਾ,
ਗੁਰੂ ਬਿਨ ਗਿਆਨ ਨਾ ਪਾਈ ਲਾ ਰੇ ਭਾਈਲਾ।
:- ਪੜ੍ਹ ਵੇਖ ਪੰਡਿਤਾਂ ਰਹੀ ਦੇਖ ਸਾਰੰ,
ਆਪਣੀ ਕਰਨੀ ਉਤਰਿਤਾਂ ਪਾਰੰ,
ਬਟੰਤ ਗੋਰਖ ਨਾਥ ਕਹਿ ਧੂ ਸਾਖੀ,
ਘਟੀ ਘਟੀ ਦੀ ਪਕ ਬਲੇ ਖਾਣਿ ਪਸ਼ੂ ਨਾ ਆਖੀ।
:- ਨੌ ਲੱਖ ਪਾਤਰ ਆਸੇ ਕਾਰੇ
ਪੀਡੇ ਸਹਜ ਅਖਾੜਾ,
ਐਸੇ ਮਨ ਤੇ ਜੋਗੀ ਖੇਲੇ,
ਤਬ ਅੰਤਰਿ ਬਸੇ ਭੰਡਾਰਾ।

ਆਪ ਜੀ ਦੀ ਬਾਣੀ ਮਾਨਵ ਦੇ ਭਲੇ ਦਾ ਰਾਹ ਦਿਖਾਉਂਦੀ ਹੈ। ਇੰਦਰੀਆਂ ਨੂੰ ਭੋਗ ਤੋਂ ਦੂਰ

ਰਹਿਣ ਦਾ ਰਾਹ ਦਿਖਾਉਂਦੀ ਹੈ। ਆਪ ਜੀ ਨੇ ਅਲੱਖ ਨਿਰੰਜਣ ਸ਼ਬਦ ਦਿੱਤਾ। ਆਪ ਜੀ ਨਾਲ ਬ੍ਰਾਹਮਣਾਂ ਨੇ ਅਨੇਕਾਂ ਚਮਤਕਾਰ ਜੋੜ ਦਿੱਤੇ ਅਤੇ ਕਈ ਕਥਾਵਾਂ ਕਹਾਣੀਆਂ ਇਸ ਨਾਲ ਜੋੜਨ ਦਾ ਕੇਵਲ ਇਹੀ ਉਦੇਸ਼ ਸੀ ਕਿ ਗੁਰੂ ਗੋਰਖ ਨਾਥ ਨਾਲ ਜੁੜੀਆਂ ਸੱਚਾਈਆਂ ਦੀ ਸਮਝ ਕਿਤੇ ਮੂਲ ਨਿਵਾਸੀਆਂ ਨੂੰ ਨਾ ਆ ਜਾਵੇ। ਆਪ ਜੀ ਦੀ ਅਸਲ ਪਹਿਚਾਣ ਮਿਟਾਉਣ ਦਾ ਯਤਨ ਕੀਤਾ ਗਿਆ ਕਿਉਂਕਿ ਆਪ ਜੀ ਵਰਣਵਾਦੀ ਵਿਵਸਥਾ ਦੇ ਕੱਟੜ ਵਿਰੋਧੀ ਸਨ। ਕਿਉਂਕਿ ਕਿਹਾ ਜਾਂਦਾ ਹੈ ਕਿ ਗੁਰੂ ਗੋਰਖ ਨਾਥ ਮਛੰਦਰ ਨਾਥ ਦੇ ਚੇਲੇ ਸਨ। ਇਹਨਾਂ ਦਾ ਆਦਿ ਨਾਮ ਸ਼ਿਵ ਸੀ (**ਸ਼ਿਵ ਭਾਰਤੀ ਮੂਲ ਨਿਵਾਸੀ ਇਤਿਹਾਸ ਵਿੱਚ ਮਹਾਨ ਪ੍ਰਲਾਦ ਦਾ ਪੁੱਤਰ ਅਤੇ ਹਿਰਨਾ ਕਸ਼ਯਪ ਦਾ ਪੋਤਰਾ ਸੀ**)।[2]

# ਵਿਸ਼ਵ ਦੇ ਚਾਨਣ ਮੁਨਾਰੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ[3]

ਸਮੁੱਚੀ ਮਾਨਵਤਾ ਦੇ ਮਸੀਹਾ ਬੇਗਮਪੁਰੇ ਦੇ ਸਿਰਜਕ, ਮਹਾਨ ਕ੍ਰਾਂਤੀਕਾਰੀ, ਸਮਾਜਵਾਦੀ, ਸਮਾਜ ਸੁਧਾਰ, ਇਸਤਰੀ ਜਾਤੀ ਦੇ ਮਸੀਹਾ, ਜਗਤਗੁਰੂ ਰਵਿਦਾਸ ਮਹਾਰਾਜ ਦਾ ਨਾਮ ਮੱਧਕਾਲ ਵਿਚ ਨਾ ਸਿਰਫ ਭਾਰਤ ਵਿਚ ਸਗੋਂ ਸਮੁੱਚੇ ਵਿਸ਼ਵ ਵਿਚ ਪ੍ਰਸਿੱਧ ਹੈ। ਉਹਨਾਂ ਨੇ ਆਪਣਾ ਸਮੁੱਚਾ ਜੀਵਨ ਵਿਸ਼ਵ ਵਿੱਚੋਂ ਦਾਸ ਪ੍ਰਥਾ, ਗੁਲਾਮੀ ਪ੍ਰਥਾ, ਜਾਤ ਪਾਤ, ਊਚ ਨੀਚ, ਛੂਆ ਛੂਤ ਨੂੰ ਖਤਮ ਕਰਨ ਲਈ ਅਤੇ ਏਕਤਾ, ਸਮਾਨਤਾ, ਭਾਈਚਾਰਾ ਅਤੇ ਵਿਸ਼ਵ ਵਿਚ ਬੇਗਮਪੁਰਾ ਸਥਾਪਤ ਕਰਨ ਲਈ ਲਗਾ ਦਿੱਤਾ। ਆਪ ਜੀ ਦੇ ਪ੍ਰਮਾਰਥੀ ਅਤੇ ਮਾਨਵਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਰਾਜਿਆਂ ਸਮੇਤ ਅਣ-ਗਿਣਤ ਜੀਵ ਆਪ ਜੀ ਦੀ ਸ਼ਰਨ ਲੈ ਕੇ ਇਸ ਸੰਸਾਰ ਦੇ ਭਵਸਾਗਰ ਤੋਂ ਪਾਰ ਹੋਏ।

ਅੱਜ ਤੋਂ 640 ਸਾਲ ਪਹਿਲਾਂ ਜਦੋਂ ਕਿ ਭਾਰਤ ਵਿਚ ਜਾਤ ਪਾਤ ਊਚ ਨੀਚ ਦੇ ਸ਼ਿਕਾਰ ਦਲਿਤਾਂ, ਜਿਨ੍ਹਾਂ ਨਾਲ ਉਨ੍ਹਾਂ ਦੇ ਅਪਣੇ ਦੇਸ਼ ਵਿਚ ਹੀ ਸ਼ਾਸਕਾਂ ਤੇ ਉਸ ਸਮੇਂ ਦੇ ਮਨੂੰਵਾਦੀਆਂ ਵੱਲੋਂ ਉਨ੍ਹਾਂ ਉੱਪਰ ਇਨੇ ਜ਼ੁਲਮ ਕੀਤੇ ਜਾਂਦੇ ਸਨ ਕਿ ਉਹਨਾਂ ਨੂੰ ਮਾਨਵੀ ਅਧਿਕਾਰ ਦੇਣੇ ਤਾਂ ਇਕ ਪਾਸੇ ਉਹਨਾਂ ਦੇ ਪਰਛਾਵੇਂ ਨੂੰ ਵੀ ਮਾੜਾ ਸਮਝਿਆ ਜਾਂਦਾ ਸੀ। ਦੁੱਖੀ ਮਨੁੱਖਤਾ ਦੀ ਪੁਕਾਰ ਸੁਣ ਕੇ ਗੁਲਾਮੀ ਦੀਆਂ ਜ਼ੰਜ਼ੀਰਾਂ ਕੱਟਣ ਲਈ ਤੇ ਇਕ ਲੜੀ ਵਿਚ ਪਰੋ ਕੇ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਨਾਲ ਜੋੜ ਕੇ ਭਵਸਾਗਰ ਤੋਂ ਪਾਰ ਕਰਨ ਲਈ ਦੁਨਿਆਂ ਦੇ ਰਹਿਬਰ ਬਣ ਕੇ 1377 ਈ: (ਮਾਘ ਪੂਰਨਮਾ 1433 ਸੰਮਤ) ਪਿਤਾ ਸੰਤੋਖ ਦਾਸ ਜੀ ਅਤੇ ਮਾਤਾ ਕਲਸਾ ਜੀ ਦੇ ਘਰ ਪਿੰਡ ਸੀਰ ਗੋਵਰਧਨਪੁਰ ਕਾਸ਼ੀ ਬਨਾਰਸ ਵਿਖੇ ਪ੍ਰਗਟ ਹੋਏ। ਆਪ ਜੀ ਦੇ ਜਨਮ ਸਮੇਂ ਆਪ ਜੀ ਦੇ ਰੂਹਾਨੀ ਚਿਹਰੇ ਦੇ ਦਰਸ਼ਨ ਕਰਨ ਲਈ ਦਾਈ ਦੀਆਂ ਅੱਖਾਂ ਦੀ ਰੌਸ਼ਨੀ ਪੂਰੀ ਹੋ ਗਈ। ਆਪ ਜੀ ਨੇ ਹੋਸ਼ ਸੰਭਾਲਦੇ ਹੀ ਉੱਚੀਆ ਜਾਤੀਆਂ ਵਾਲੇ ਕਰਤੱਵ ਸੰਖ ਵਜਾਉਣਾ, ਜਨੇਉ ਪਹਿਨਣਾ, ਤਿਲਕ ਲਗਾਉਣਾ, ਠਾਕੁਰ ਪੂਜਾ ਕਰਨੀ, ਗੰਗਾ ਇਸ਼ਨਾਨ ਕਰਨਾ, ਆਦਿ ਕਰਕੇ ਉਸ ਸਮੇਂ ਦੇ ਮਰਯਾਦਾ ਵਿਰੁੱਧ ਕ੍ਰਾਂਤੀ ਦਾ ਬਿਗਲ ਵਜਾ ਦਿੱਤਾ। ਭਾਵੇਂ ਸ੍ਰੀ ਗੁਰੂ ਰਵਿਦਾਸ ਜੀ ਬਾਹਰੀ ਕਰਮ ਕਾਂਡਾ, ਵਹਿਮਾਂ ਭਰਮਾਂ ਦੇ ਵਿਰੋਧੀ ਸਨ, ਪਰ ਇਹ ਦਸਣ ਲਈ ਕੇ ਸਭ ਜੀਵ ਇਕ ਸਮਾਨ ਹਨ, ਆਪ ਜੀ ਨੇ ਉਸ ਸਮੇਂ ਦੇ ਉੱਚੀਆ ਜਾਤੀਆਂ

ਵਾਲੇ ਕਰਤੱਵ ਕੀਤੇ।

ਉਸ ਸਮੇਂ ਕਿਸੇ ਸ਼ੂਦਰ ਦਾ ਅਜਿਹਾ ਸਾਹਸ ਕਰਨਾ ਆਪਣੀ ਜਾਨ ਨੂੰ ਹੀ ਖਤਰੇ ਚ ਪਾਉਣਾ ਹੀ ਨਹੀਂ, ਬਲਕਿ ਇਕ ਕ੍ਰਾਂਤੀਕਾਰੀ ਕਦਮ ਵੀ ਸੀ। ਮਾਨਵ ਵਿਰੋਧੀ ਲੋਕ ਇਕੱਠੇ ਹੋ ਕੇ ਆਪ ਜੀ ਦੇ ਅਜਿਹੇ ਕਰੱਤਵਾ ਨੂੰ ਨਾ ਸਹਾਰਦੇ ਹੋਏ ਆਪ ਨੂੰ ਜਾਨੋ ਮਾਰਨ ਲਈ ਆਏ। ਪ੍ਰੰਤੂ ਆਪ ਜੀ ਦੇ ਰੂਹਾਨੀ ਨੂਰ ਸਾਹਮਣੇ ਉਹਨਾਂ ਦੀ ਮਤ ਤੇ ਅਜਿਹਾ ਪਰਦਾ ਪਿਆ ਕਿ ਉਹਨਾਂ ਨੇ ਆਪਣੇ ਹੀ ਸਾਥੀ ਮਾਰ ਦਿੱਤੇ । ਅਖੀਰ ਸਭ ਨੇ ਇਕੱਠੇ ਹੋ ਕੇ ਰਾਜੇ ਨਾਗਰ ਮੱਲ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਇਕ ਸ਼ੂਦਰ ਦਾ ਲੜਕਾ ਗੁਰੂ ਰਵਿਦਾਸ ਉੱਚ ਜਾਤੀਆਂ ਵਾਲੇ ਕੰਮ ਕਰਦਾ ਹੈ। ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਮਾਘੀ ਦੇ ਇਤਿਹਾਸਕ ਪੁਰਵ ਤੇ ਆਪਣਾ ਕੰਧਾ ਚੀਰ ਕੇ ਰਾਜੇ ਨਾਗਰ ਮੱਲ ਦੇ ਦਰਬਾਰ ਵਿਖੇ ਚੋਹਾਂ ਯੁਗਾ ਦੇ ਜੰਜੂ ਦਿਖਾਉਣੇ, ਵਿਸਾਖੀ ਦੇ ਇਤਿਹਾਸਕ ਪੁਰਬ ਤੇ ਗੰਗਾ ਵਿਚ ਪੱਥਰ ਤਰਾਉਣਾ ਤੇ ਪੰਡਤਾਂ ਦੇ ਰੂੰ ਦੇ ਗੋੜ੍ਹਿਆਂ ਦਾ ਡੁੱਬਣਾ,ਗੰਗਾ ਉਲਟ ਵਗਣਾ ਅਜਿਹੇ ਕਰਤੱਵ ਦਿਖਾ ਕੇ ਇਹ ਸਿੱਧ ਕਰ ਦਿੱਤਾ ਕਿ ਸੰਸਾਰ ਵਿਚ ਸਾਰੇ ਜੀਵ ਇਕ ਬਰਾਬਰ ਹਨ ਤੇ ਰਾਣੀ ਝਾਲਾਂ ਬਾਈ ਤੇ ਰਾਜਾ ਕੁੰਭ ਜੀ ਬ੍ਰਹਮ ਭੋਜ ਦੋ-ਦੋ ਬ੍ਰਾਹਮਣਾਂ ਵਿਚ ਅਨੇਕਾਂ ਰੂਪ ਧਾਰਨ ਕਰਨੇ, ਅਤੇ ਮੀਰਾਂ ਬਾਈ ਨੂੰ ਉਸ ਦੇ ਘਰਦਿਆਂ ਵਲੋਂ ਮਾਰਨ ਲਈ ਦਿੱਤੇ ਗਏ ਜ਼ਹਿਰ ਨੂੰ ਅੰਮ੍ਰਿਤ ਬਣਾਉਣਾ ਤੇ ਜ਼ਹਿਰੀਲੇ ਨਾਗ ਨੂੰ ਫੁੱਲਾਂ ਦਾ ਹਾਰ ਬਨਾਉਣਾ ਆਪ ਦੇ ਐਸੇ ਕਰਤੱਵਾਂ ਨੂੰ ਦੇਖ ਕੇ ਰਾਜੇ-ਮਹਾਰਾਜਿਆਂ ਸਮੇਤ ਅਣਗਿਣਤ ਜੀਵ ਆਪ ਜੀ ਦੇ ਚਰਨੀਂ ਪਏ। ਜਿੱਥੇ ਆਪ ਜੀ ਨੇ ਮਾਨਵਤਾ ਵਿਰੋਧੀਆਂ ਦੇ ਝੂਠੇ ਹੰਕਾਰ ਨੂੰ ਤੋੜ ਕੇ ਉਨ੍ਹਾਂ ਨੂੰ ਮਾਨਵਾਦੀ ਬਣਾਇਆ ਉੱਥੇ ਨਾਲ ਹੀ ਸਦੀਆਂ ਤੋਂ ਮਾਨਵੀ ਅਧਿਕਾਰਾਂ ਤੋਂ ਵੰਚਿਤ ਸਮਾਜ ਵਿਚ ਆਤਮ ਵਿਸ਼ਵਾਸ ਪੈਦਾ ਕਰਕੇ ਸਭ ਨੂੰ ਇੱਕ ਲੜੀ ਵਿਚ ਪਰੋਇਆ। ਆਪ ਦੇ ਪ੍ਰਮੁੱਖ ਸੇਵਕਾਂ ਵਿਚ ਰਾਜਾ ਨਾਗਰ ਮੱਲ, ਰਾਜਾ ਕੁੰਭਾ ਅਤੇ ਰਾਣੀ ਝਾਲਾਂ ਬਾਈ, ਸਿਕੰਦਰ ਲੋਧੀ, ਸੰਤ ਮੀਰਾਂ ਬਾਈ, ਕਰਮਾ ਬਾਈ, ਰਾਜਾ ਪੀਪਾ, ਮਹਾਰਾਣਾ ਸੰਗ੍ਰਾਮ ਸਿੰਘ, ਅਲਾਬਦੀ ਬਾਦਸ਼ਾਹ, ਰਾਜਾ ਚੰਦਰ ਪ੍ਰਤਾਪ ਪ੍ਰਸਿੱਧ ਹਨ ।

ਸ੍ਰੀ ਗੁਰੂ ਰਵਿਦਾਸ ਜੀ,ਸ੍ਰੀ ਗੁਰੂ ਕਬੀਰ ਜੀ,ਸ੍ਰੀ ਗੁਰੂ ਨਾਨਕ ਦੇਵ ਜੀ ਤਿੰਨੇ ਹੀ ਸਮਕਾਲੀ ਸਨ। ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਦੋਨੋਂ ਹੀ ਬਨਾਰਸ ਦੇ ਰਹਿਣ ਕਰਕੇ ਅਕਸਰ ਮਿਲਦੇ ਰਹਿੰਦੇ ਸਨ। ਸ੍ਰੀ ਗੁਰੂ ਰਵਿਦਾਸ ਜੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਿੰਨ ਵਾਰ ਚੂਹੜਕਾਣੇ, ਸੁਲਤਾਨਪੁਰ ਅਤੇ ਕਾਂਸ਼ੀ ਆਪਸ ਵਿਚ ਗੋਸਠੀਆਂ ਹੋਈਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਰਵਿਦਾਸ ਜੀ ਤੇ ਗੁਰੂ ਕਬੀਰ ਜੀ ਸਮੇਤ ਸਾਧੂਆਂ ਨੂੰ 20 ਰੁਪਿਆ ਦਾ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ।ਆਪ ਜੀ ਨੇ ਭਾਰਤ ਦੀ ਧਰਤੀ ਤੇ ਉਦਾਸੀਆ ਕਰਦੇ ਸਮੇਂ ਸੰਸਾਰੀ ਜੀਵਾਂ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਿਆ।ਆਪ ਜੀ ਨੇ ਸੰਸਾਰੀ ਜੀਵਾਂ ਨੇ ਅੰਮ੍ਰਿਤਬਾਣੀ ਵਿੱਚ ਹੇਠ ਲਿਖੇ ਉਪਦੇਸ਼ ਦਿੱਤੇ।[4]

**1. ਦੁਰਲਭ ਮਨੁੱਖ ਜਨਮ-**

ਮਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥
ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥

ਮਨੁੱਖ ਜਨਮ ਇਸ ਸੰਸਾਰ ਵਿਚ 84 ਲੱਖ ਜੂਨਾਂ ਵਿਚ ਸਭ ਤੋਂ ਸ਼੍ਰੇਸਟ ਹੈ। ਜਿਸ ਵਿਚ ਜੀਵ ਦਇਆ, ਖਿਮਾ, ਧਰਮ ਅਤੇ ਪ੍ਰਮਾਤਮਾ ਦਾ ਨਾਮ ਜਪ ਕੇ ਆਪਣੇ ਜੀਵਨ ਨੂੰ ਸਫਲ ਕਰ ਸਕਦਾ ਹੈ। ਪਰ ਇਸ ਨੂੰ ਇਹ ਜੀਵਨ ਅਵਤਾਰਾਂ ਵਾਂਗ ਹੀ ਮਿਲਿਆ ਹੈ। ਪਰ ਇਸ ਜੀਵ ਦੀ

ਵਿਕਾਰਾਂ ਕਾਰਨ ਸੰਗਤ ਨੀਚ ਹੈ।

**2 ਸੰਤਾਂ ਦੀ ਸੰਗਤ:-**

ਸੰਤ ਅਨੰਤਹਿ ਅੰਤਰ ਨਾਹੀ ॥ ੪ ॥ ੨ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥
ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥

ਸੰਤ ਅਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀ ਹੈ ਇਸ ਲਈ ਸਮੁਚੇ ਜੀਵਾਂ ਨੂੰ ਸੰਤਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੱਤਾਂ ਹੈ ਕਿ ਜਦੋ ਇਹ ਜੀਵ ਸੰਤਾਂ ਦੀ ਸ਼ਰਨ ਲੈਦਾ ਹੈ ਤਾਂ ਇਸ ਦੇ ਜਨਮਾਂ-ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜੀਵ ਸੰਤਾਂ ਕੋਲੋ ਨਾਮ ਲੈ ਕਿ ਉਸ ਦੀ ਕਮਾਈ ਸਦਕਾ ਇਸ ਸੰਸਾਰੀ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ।

**3 ਪ੍ਰਭੂ ਪ੍ਰੇਮ:-**

ਮੀਨੁ ਪਕਰਿ ਫਾਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨਾ ਬਿਸਰਿਓ ਪਾਨੀ।
ਸਾਧ ਸੰਗਤਿ ਬਿਨੁ ਭਾਉ ਨਹੀ ਉਪਜੈ ਭਾਵ ਬਿਨ ਭਗਤਿ ਨਹੀ ਹੋਇ ਤੇਰੀ॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥

ਸੰਸਾਰ ਵਿਚ ਪ੍ਰਮਾਤਮਾ ਲਈ ਪ੍ਰੇਮ ਸੰਤਾਂ ਦੀ ਸੰਗਤ ਕਰਕੇ ਪੈਦਾ ਹੰਦਾ ਹੈ। ਜੀਵ ਦਾ ਪ੍ਰਮਾਤਮਾ ਨਾਲ ਇਸ ਤਰ੍ਹਾ ਦਾ ਪ੍ਰੇਮ ਹੋਣਾ ਚਾਹੀਦਾ ਹੈ। ਜਿਵੇ ਮੱਛੀ ਦਾ ਪਾਣੀ ਨਾਲ ਪ੍ਰੇਮ ਹੈ। ਪ੍ਰਮਾਤਮਾ ਨੂੰ ਪ੍ਰੇਮ ਦੀ ਰੱਸੀ ਨਾਲ ਬੰਨਿਆ ਜਾ ਸਕਦਾ ਹੈ। ਪ੍ਰੇਮ ਨਾਲ ਹੀ ਭਗਤੀ ਕੀਤੀ ਜਾਦੀ ਹੈ।

**4 ਪ੍ਰਮਾਤਮਾ ਦੇ ਨਾਮ ਦਾ ਰੰਗ –**

ਜੈਸਾ ਰੰਗ ਕਸੁੰਭ ਕਾ ਤੈਸਾ ਇਹ ਸੰਸਾਰ।
ਮੇਰੇ ਰਮਈਏ ਰੰਗੁ ਮਜੀਠਾ ਕਾ ਕਹੁ ਰਵਿਦਾਸ ਚਮਾਰ।

ਸੰਸਾਰ ਦੀ ਪ੍ਰੀਤੀ ਝੂਠੀ ਹੈ। ਸੰਸਾਰ ਨਾਸ਼ਵਾਨ ਹੈ। ਇਸ ਲਈ ਸੰਸਾਰ ਦਾ ਰੰਗ ਕੁਸੁੰਭ ਦੇ ਰੰਗ ਵਾਂਗ ਕੱਚਾ ਹੈ। ਪਰ ਪ੍ਰਮਾਤਮਾ ਦਾ ਰੰਗ ਮਜੀਠ ਦੇ ਰੰਗ ਵਾਂਗ ਪੱਕਾ ਹੈ। ਜਿਸ ਜੀਵ ਨੂੰ ਪ੍ਰਮਾਤਮਾ ਦੇ ਨਾਮ ਦਾ ਰੰਗ ਚੜ੍ਹ ਜਾਂਦਾ ਹੈ। ਉਹ ਜੀਵਨ ਮੁਕਤ ਹੋ ਜਾਂਦਾ ਹੈ।

**(5) ਬ੍ਰਹਮ ਅਨੰਦ:-**

ਸੁਰਤਿ ਸਬਦ ਜਉ ਏਕ ਹੋਇ ਤੋਂ ਪਾਇਹਿੰ ਪਰਮ ਅਨੰਦ।
ਰਵਿਦਾਸ ਅੰਤਰ ਦੀਪਕ ਜਰਈ, ਘਟਿ ਉਪਜਈ ਬ੍ਰਹਮ ਅਨੰਦ।

ਸ਼ਬਦ ਅਤੇ ਸੁਰਤ ਦੇ ਮੇਲ ਨਾਲ ਜੀਵ ਨੂੰ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਜੀਵ ਦੇ ਅੰਦਰੋਂ ਹੀ ਬ੍ਰਹਮ ਅੰਨਦ ਦੀ ਪ੍ਰਾਪਤੀ ਹੋ ਜਾਂਦੀ ਹੈ।

**(6)ਲੋਕਤੰਤਰਿਕ ਸਮਾਜਵਾਦ:-**

ਬੇਗਮਪੁਰਾ ਸਹਿਰ ਕਾ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ।
..............................
ਐਸਾ ਚਾਹੂ ਰਾਜ ਮੈ, ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੇ ਸਭ ਸੁਮ ਬਸੈ ਰਵਿਦਾਸ ਰਹੇ ਪ੍ਰਸੰਨ॥

ਆਪ ਜੀ ਨੇ ਸਮੁਚੇ ਵਿਸ਼ਵ ਵਿਚ ਲੋਕਤੰਤਰਿਕ ਸਮਾਜਵਾਦ ਲਈ ਬੇਗਮਪੁਰੇ ਵਰਗੇ ਰਾਜ

ਦੀ ਸਥਾਪਨਾ 'ਤੇ ਜੋਰ ਦਿੱਤਾ ਤਾਂ ਜੋ ਜੀਵ ਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਹੋਣ ਸਭ ਜੀਵ ਬਰਾਬਰ ਹੋਣ ਦੁਖ, ਚਿੰਤਾ, ਗਮ ,ਘਬਰਾਹਟ ਨਾ ਹੋਵੇ। ਜੀਵ 'ਤੇ ਕੋਈ ਜਬਰੀ ਟੈਕਸ ਨਾ ਹੋਵੇ।ਆਪ ਜੀ ਦੇ ਬੇਗਮਪੁਰੇ ਵਤਨ ਦੇ ਸੰਕਲਪ ਨੂੰ ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ U.N.O ਤੇ ਆਪਣੇ ਅਜੰਡੇ ਵਿੱਚ ਲਿਆ ਅਤੇ ਦਲਿਤਾਂ ਦੇ ਮੁਕਤੀਦਾਤਾ ਡਾ.ਭੀਮ ਰਾਓ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਬਣਾ ਕੇ ਅਸਲੀ ਜਾਮਾ ਪਹਿਨਾਇਆ।

**(7)ਸਵੈਮਾਣ:-**

ਕਹੈ ਰਵਿਦਾਸ ਖਲਾਸ ਚਮਾਰਾ॥

ਨਾਗਰ ਜਨਾਂ ਮੇਰੀ ਜਾਤ ਬਿਖਿਆਤ ਚੁਮਾਰੰ॥

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਸਮਾਜ ਵਿੱਚ ਸਵੈਮਾਣ ਪੈਦਾ ਕਰਨ ਲਈ ਅਤੇ ਵਿਰੋਧੀਆਂ ਦਾ ਹੰਕਾਰ ਤੋੜਨ ਲਈ ਆਪਣੀ ਅੰਮ੍ਰਿਤਬਾਣੀ ਵਿੱਚ ਆਪਣੇ ਨਾਮ ਨਾਲ ਚਮਾਰ ਸ਼ਬਦ ਵਰਤਿਆ ਉਸੇ ਨਾਲ ਹੀ ਚਮਾਰ ਜਾਤੀ ਦੇ ਗੋਰਵਸ਼ਾਲੀ ਅਤੇ ਸੁਨਹਿਰੀ ਇਤਿਹਾਸ 'ਤੇ ਮੋਹਰ ਲਾਈ ਅਤੇ ਸਮਾਜ ਵਿੱਚ ਸਵੈਮਾਣ ਪੈਦਾ ਕੀਤਾ।

**(8)ਆਵਾਗਵਨ ਦਾ ਚੱਕਰ-**

ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮ ਤੁਮ੍ਹਾਰੇ ਲੇਖੇ।

...............................................

ਪਾਰ ਕੈਸੇ ਪਾਇਬੋ ਰੇ। ਮੋ ਸਉ ਕੋਊ ਨ ਕਹੈ ਸਮਝਾਇ॥

ਜਾ ਤੇ ਆਵਾਗਾਵਨੁ ਬਲਾਇ ॥ ਰਹਾਉ ॥

ਸੰਸਾਰ ਜੀਵ ਇਸ ਸੰਸਾਰ ਦੇ ਜਨਮ ਮਰਨ ਦੇ ਚੱਕਰ ਵਿੱਚ ਭਟਕ ਰਹੇ ਹਨ। ਕੇਵਲ ਪ੍ਰਮਾਤਮਾ ਦਾ ਨਾਮ ਜਪਕੇ ਇਹ ਜਨਮ ਪ੍ਰਮਾਤਮਾ ਦੇ ਲੇਖੇ ਜੀਵ ਇਸ ਸੰਸਾਰ ਤੋਂ ਪਾਰ ਹੁੰਦਾ ਹੈ।

**(9)ਏਕਤਾ, ਸਮਾਨਤਾ,ਅਤੇ ਭਾਈਚਾਰਾ:-**

ਸਤਿ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥

....................................

ਮੁਸਲਮਾਨ ਸੇ ਦੋਸਤੀ ਹਿੰਦੂਅਨ ਸੇ ਕਰ ਪ੍ਰੀਤ।

ਰਵਿਦਾਸ ਜੋਤਿ ਸਭ ਰਾਮ ਕੀ ਸਭ ਹੈ ਆਪਣੇ ਮੀਤ॥

ਸਭ ਜੀਵਾਂ ਨੂੰ ਆਪਸ ਵਿਚ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਅਤੇ ਇਸ ਸੰਸਾਰ ਦੇ ਭਵਸਾਗਰ ਤੋਂ ਪਾਰ ਹੋਣ ਲਈ ਇਸ ਤਰ੍ਹਾ ਰਹਿਣਾ ਚਾਹੀਦਾ ਹੈ, ਜਿਵੇਂ ਮਧੂ ਦੀਆਂ ਮੱਖੀਆਂ ਛੱਤੇ ਨਾਲ ਆਪਸ ਵਿਚ ਏਕਤਾ ਅਤੇ ਦ੍ਰਿੜਤਾ ਨਾਲ ਰਹਿੰਦੀਆਂ ਹਨ। ਸਭ ਜੀਵ ਪ੍ਰਮਾਤਮਾ ਦੇ ਅੰਸ਼ ਹਨ। ਹਿੰਦੂਆਂ ਨਾਲ ਦੋਸਤੀ ਅਤੇ ਮੁਸਲਮਾਨਾ ਨਾਲ ਪ੍ਰੀਤੀ ਕਰਨੀ ਚਾਹੀਦੀ ਹੈ। ਕਿਉਂਕੀ ਸਾਰਿਆ ਵਿਚ ਪ੍ਰਮਾਤਮਾ ਦੀ ਜੋਤ ਦੇ ਅੰਸ਼ ਹਨ। ਸੰਸਾਰ ਦੇ ਸਾਰੇ ਜੀਵ ਮਿੱਤਰ ਹਨ।

**(10)ਮਹਾਂਰਿਸ਼ੀ ਵਾਲਮੀਕਿ ਜੀ, ਸਤਿਗੁਰੂ ਨਾਮਦੇਵ, ਸਤਿਗੁਰੂ ਕਬਿਰ ਜੀ, ਸਤਿਗੁਰੂ ਤਰਲੋਚਨ ਜੀ ਅਤੇ ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਣ ਜੀ ਦੀ ਮਹਿਮਾ:-**

.................................................

ਰੇ ਚਿਤ ਚੇਤਿ ਚੇਤ ਅਚੇਤ॥

ਕਾਹੇ ਨਾ ਬਾਲਮੀਕਹਿ ਦੇਖ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥1॥ ਰਹਾਉ॥

..............................................
ਨਾਮਦੇਵ ਕਬੀਰੁ ਤਿਲੋਚਨ ਸਧਨਾ ਸੈਨੁ ਤਰੈ॥

ਆਪ ਜੀ ਨੇ ਅੰਮ੍ਰਿਤਬਾਣੀ ਵਿਚ ਮਹਾਂਰਿਸ਼ੀ ਬਾਲਮੀਕ ਜੀ, ਸਤਿਗੁਰੂ ਨਾਮ ਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਣ ਜੀ ਮਹਾਂਪੁਰਸ਼ਾਂ ਦਾ ਸਤਿਕਾਰਯੋਗ ਜ਼ਿਕਰ ਕੀਤਾ ਹੈ। ਪ੍ਰਮਾਤਮਾ ਦਾ ਨਾਮ ਜਪ ਕੇ ਇਸ ਸੰਸਾਰ ਵਿੱਚੋਂ ਆਪ ਵੀ ਤਰੇ ਤੇ ਅਣਗਿਣਤ ਜੀਵਾਂ ਨੂੰ ਨਾਮ ਜਪਾ ਕੇ ਇਸ ਸੰਸਾਰ ਦੇ ਭਵ ਸਾਗਰ ਚੋਂ ਪਾਰ ਕੀਤਾ। ਆਪ ਜੀ ਨੇ ਸੰਸਾਰੀ ਜੀਵਾਂ ਨੂੰ ਉਪਦੇਸ਼ ਦਿੱਤਾ ਕਿ ਆਪ ਮਹਾਰਿਸ਼ੀ ਬਾਲਮੀਕ ਜੀ ਦੇ ਮਹਾਨ ਜੀਵਨ ਤੋਂ ਪ੍ਰੇਰਣਾ ਲਉ ਕਿ ਉਹ ਸ਼ੂਦਰ ਜਾਤੀ ਵਿਚ ਆਏ ਅਤੇ ਪ੍ਰਮਾਤਮਾ ਦਾ ਨਾਮ ਜੱਪ ਕੇ ਬ੍ਰਹਮਰਿਸ਼ੀ, ਬ੍ਰਹਮਗਿਆਨੀ ਹੋਏ ।ਅੱਜ ਉਹਨਾਂ ਦੀ ਮਹਿਮਾ ਦੀ ਤਿੰਨਾ ਲੋਕਾਂ ਵਿਚ ਪ੍ਰਸਿੱਧੀ ਹੋਈ ਹੈ।

**(11)ਅਗਿਆਨਤਾ ਦਾ ਤਿਆਗ:-**

ਮਾਧੋ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ।੧॥ਰਹਾਉ॥

....................................
ਸਤਿ ਵਿਦਿਆ ਕੇ ਪੜ੍ਹੈ ਪ੍ਰਾਪਤ ਕਰੇ ਸਦਾ ਗਿਆਨੁ।
ਰਵਿਦਾਸ ਕਹੇ ਬਿਨੁ ਵਿਦਿਆ ਨਰ ਕੋ ਜਾਨੁ ਅਜਾਨੁ॥

......................................
ਗੁਰੂ ਜੀ ਨੇ ਸਮੁਚੀ ਮਾਨਵਤਾ ਨੂੰ ਅਗਿਆਨਤਾ ਤੇ ਅਵਿੱਦਿਆ ਨੂੰ ਤਿਆਗਣ ਦਾ ਉਪਦੇਸ਼ ਦਿੱਤਾ। ਜੀਵ ਸੰਸਾਰ ਵਿਚ ਅਗਿਆਨਤਾ ਵਿਚ ਆਪਣਾ ਹਿੱਤ ਕਰਦੇ ਹਨ। ਜਿਸ ਨਾਲ ਇਹਨਾ ਦੇ ਸੋਚਣ ਸਮਝਣ ਦੀ ਸ਼ਕਤੀ ਮੈਲੀ ਹੋ ਜਾਂਦੀ ਹੈ। ਵਿੱਦਿਆ ਨਾਲ ਹੀ ਇਹਜੀਵ ਅਗਿਆਨਤਾ ਤੋਂ ਮੁਕਤ ਹੋ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

**(12)ਪ੍ਰਾਧੀਨਤਾ ਦਾ ਤਿਆਗ:-**

ਪਰਾਧੀਨਤਾ ਪਾਪ ਹੈ, ਜਾਨ ਲੇਹੁ ਰੇ ਮੀਤ॥
ਰਵਿਦਾਸ ਦਾਸ ਪਰਾਧੀਨ ਸੇ ਕੌਣ ਕਰੇ ਹੈ ਪ੍ਰੀਤ॥

ਆਪ ਜੀ ਨੇ ਸਮੁਚੇ ਵਿਸ਼ਵ ਦੇ ਲੋਕਾਂ, ਪਰਾਧੀਨਤਾ ਨੂੰ ਪਾਪ ਸਮਝਣ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਸੰਸਾਰੀ ਜੀਵਾਂ ਜਾਤ-ਪਾਤ, ਦਾਸ ਪ੍ਰਥਾ, ਉਚ-ਨੀਚ, ਅਤੇ ਅਗਿਆਨਤਾ ਦੇ ਬੰਧਨਾ ਤੋਂ ਮੁਕਤ ਹੋ ਕੇ ਪ੍ਰਮਾਤਮਾ ਦਾ ਨਾਮ ਜੱਪਣ ਦਾ ਉਪਦੇਸ਼ ਦਿੱਤਾ।

**(13)ਜਾਤਪਾਤ ਦਾ ਖੰਡਨ:-**

ਜਨਮ ਜਾਤ ਮਤ ਪੂਛੀਏ,
ਕਾ ਜਾਤ ਅਰੁ ਪਾਤ।
ਰਵਿਦਾਸ ਪੂਤ ਸਭ ਪ੍ਰਭੂ ਕੇ,
ਕੋਊ ਨਹੀਂ ਜਾਤ ਕੁਜਾਤ॥

....................................
ਕਹਿ ਰਵਿਦਾਸ ਜੋ ਜਪੈ ਨਾਮ ।
ਤਿਸੁ ਜਾਤਿ ਨ ਜਨਮ ਨ ਜੋਨਿ ਕਾਮੁ॥

....................................
ਏਕੈ ਮਾਟੀ ਕੇ ਸਭ ਭਾਂਡੇ,
ਸਭ ਕਾ ਏਕੋ ਸਿਰਜਨਹਾਰਾ।

ਰਵਿਦਾਸ ਵਿਆਪੈ ਏਕੋ ਘਟ ਭੀਤਰ,
ਸਭ ਕੋ ਏਕੈ ਘੜੈ ਕੁਮਹਾਰਾ॥

ਸਤਿਗੁਰੂ ਰਵਿਦਾਸ ਜੀ ਸਮੁਚੀ ਮਾਨਵਤਾ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਵਿਸ਼ਵ ਦੇ ਸਾਰੇ ਪ੍ਰਾਣੀ ਬਰਾਬਰ ਹਨ। ਸਾਰੇ ਜੀਵ ਪੰਜਾਂ ਤੱਤਾਂ ਦੇ ਬਣੇ ਹਨ। ਸਭਨਾਂ ਜੀਵਾਂ ਨੂੰ ਪ੍ਰਮਾਤਮਾ ਦਾ ਨਾਮ ਜਪਣ ਦਾ ਬਰਾਬਰ ਹੱਕ ਹੈ।

**(14)ਵਰਨ-ਵਿਵਸਥਾ ਦਾ ਵਿਰੋਧ-**

ਜਿਹ ਕੁਲ ਸਾਧੁ ਬੈਸਨੌ ਹੋਇ॥
ਬਰਨ ਅਬਰਨ ਰੰਕ ਨਹੀ ਈਸਰ
ਬਿਮਲ ਬਾਸੁ ਜਾਨੀਐ ਜਗ ਸੋਇ ॥1॥ਰਹਾਉ॥
ਰਵਿਦਾਸ ਉਪਜੈ ਸਭ ਇਕ ਬੂੰਦ ਤੇ ਕਾ ਬ੍ਰਾਹਮਣ ਕਾ ਸੂਦ।
ਮੂਰਖ ਜਨ ਨਾ ਜਾਨਈ ਸਭ ਮਹਿੰ ਰਾਮ ਮੌਜੂਦ॥

ਉਸ ਸਮੇ ਭਾਰਤੀ ਸਮਾਜ ਨੂੰ ਚਾਰ ਵਰਨਾ ਵਿਚ ਵੰਡ ਕੇ ਸ਼ੁਦਰਾਂ ਨੂੰ ਸਭ ਤੋਂ ਨੀਚ ਬਣਾ ਕੇ ਮਾਨਵ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ। ਆਪ ਜੀ ਨੇ ਫਰਮਾਇਆ ਕੇ ਜਿਸ ਕੁਲ ਵਿਚ ਪ੍ਰਮਾਤਮਾ ਦਾ ਨਾਮ ਜੱਪਣ ਵਾਲੇ ਸੰਤ ਆਉਂਦੇ ਹਨ। ਉਹ ਭਾਵੇਂ ਵਰਣਾ ਵਿਚੋ ਜਾਂ ਫਿਰ ਅਵਰਨ ਕੁੱਲ ਵਿਚ ਆਏ ਹੋਏ ਹੋਣ, ਉਹ ਨੀਚ ਨਹੀਂ ਸਗੋਂ ਪ੍ਰਮਾਤਮਾ ਦਾ ਸਵਰੂਪ ਹਨ। ਉਹਨਾਂ ਦੀ ਪਰਮਾਤਮਾ ਰੂਪੀ ਸੁਗੰਧੀ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ। ਸਭ ਜੀਵ ਬਬਰਾਬਰ ਹਨ। ਸਭ ਪ੍ਰਮਾਤਮਾ ਦੀ ਜੋਤ ਚੋਂ ਪੈਦਾ ਹੋਏ ਹਨ।

**(15)ਕਿਰਤ ਕਮਾਈ:-**

ਜਿਹਵਾ ਸੇ ਉਂਕਾਰ ਜਪ, ਹੱਥਨ ਸੋ ਕਰ ਕਰ।
ਰਾਮ ਮਿਲਹਿ ਘਰ ਆਇ ਕਰ ਕਹਿ ਰਵਿਦਾਸ ਵਿਚਾਰ॥

ਜਿਹੜਾ ਜੀਵ ਇਸ ਸੰਸਾਰ ਵਿਚ ਹੱਥਾਂ ਨਾਲ ਕਿਰਤ ਕਮਾਈ ਕਰਦਾ ਹੈ ਅਤੇ ਜਿਹਵਾ ਨਾਲ ਪ੍ਰਭੂ ਦੇ ਸਿਮਰਨ ਕਰਦਾ ਹੈ। ਪ੍ਰਮਾਤਮਾ ਉਸ ਨੂੰ ਘਰ ਰਹਿੰਦੇ ਹੀ ਮਿਲ ਜਾਂਦਾ ਹੈ।

**(16)ਕਰਮਾਂ ਦੀ ਸਰੇਸ਼ਟਤਾਂ-**

ਰਵਿਦਾਸ ਜਨਮ ਦੇ ਕਾਰਨੇ,ਹੋਤ ਨਾ ਕੋਉ ਨੀਚ।
ਨਰ ਕੂੰ ਨੀਚ ਕਹਿ ਡਾਰਿ ਹੈ,ਉਛੇ ਕਰਮ ਕੋ ਕੀਚ॥
ਰਵਿਦਾਸ ਬ੍ਰਾਹਮਣ ਮਤਿ ਪੂਜੀਏ, ਜਉ ਹੋਵੇ ਗੁਣਹੀਨ।
ਪੂਜਹਿ ਚਰਨ ਚੰਡਾਲ ਕੇ,ਜਉ ਹੋਵੇ ਗੁਣ ਪਰਵੀਣ॥

ਇਸ ਸੰਸਾਰ ਵਿੱਚ ਜੀਵ ਕਰਮਾਂ ਕਰਕੇ ਉੱਚਾ ਹੈ ਨਾ ਕਿ ਜਨਮ ਕਰਕੇ। ਜੇਕਰ ਕੋਈ ਚੰਡਾਲ ਸਮਝਿਆਂ ਜਾਂਦਾ ਜੀਵ ਵੀ ਪ੍ਰਮਾਤਮਾ ਦਾ ਨਾਮ ਜੱਪਦਾ ਹੈ ਉਹ ਵੀ ਪੂਜਣਯੋਗ ਹੈ ।

**(17)ਕਰਮ ਕਾਂਡਾ ਅਤੇ ਵਹਿਮਾ ਭਰਮਾ ਦੇ ਤਿਆਗ –**

ਚਾਰੋ ਵੇਦ ਕਿਆਂ ਖੰਡੋਤ॥

........................
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥2॥
ਕਰਮ ਅਕਰਮ ਬਿਚਾਰੀਆ ਸੰਕਾ ਸੁਨ ਬੇਦ ਪੁਰਾਨ॥
ਸੰਸਾ ਸਦ ਹਿਰਦੇ ਬਸੈ ਕਉਨ ਹਿਰੈ ਅਭਿਮਾਨ॥

ਵੇਦਾਂ ਸ਼ਾਸਤਰਾਂ ਵਿਚ ਅਨੇਕ ਪ੍ਰਕਾਰ ਦੇ ਕਰਮ ਕਾਂਡ ਦੱਸੇ ਗਏ ਹਨ ਪਰ ਇਹ ਨਹੀਂ

ਦੱਸਿਆ ਗਿਆ ਕਿ ਇਸ ਕਰਮ ਕਰਨ ਸਭ ਸਿੱਧੀਆ ਪ੍ਰਾਪਤ ਹੁੰਦੀਆਂ ਹਨ। ਉਲਟਾ ਇਹਨਾਂ ਨੂੰ ਪੜ ਕੇ ਮਨ ਵਿਚ ਸ਼ੰਕਾ ਪੈਦਾ ਹੁੰਦੀ ਹੈ ਕਿਹੜਾ ਕਰਮ ਕਰੀਏ ਕਿਹੜਾ ਨਾ। ਜਦੋ ਤਕ ਸੰਸਾ ਬਣਿਆ ਰਹੇ ਉੱਨਾ ਚਿਰ ਅਭਿਮਾਨ ਦਾ ਨਾਸ ਨਹੀਂ ਹੋ ਸਕਦਾ। ਇਸ ਲਈ ਜੀਵ ਨੂੰ ਕਰਮ ਕਾਂਡਾ ਅਤੇ ਵਹਿਮਾ ਭਰਮਾਂ ਤੋਂ ਉੱਪਰ ਉੱਠ ਕੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

**(18)ਨਿੰਦਿਆ ਤੇ ਨਿੰਦਕ–**

ਨਿੰਦਾ ਕਹਾ ਕਰੋ ਸੰਸਾਰਾ। ਨਿੰਦਕ ਨਾ ਪਰਗਟਿ ਪਾਹਰਾ॥
ਨਿੰਦਕ ਸੋਧਿ ਸਾਧਿ ਬੀਚਾਰਿਆ। ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।

ਆਪ ਜੀ ਨੇ ਸਭਨਾਂ ਜੀਵਾਂ ਨੂੰ ਨਿੰਦਾ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ। ਸੰਤਾਂ ਦੀ ਨਿੰਦਾ ਕਰਨ ਵਾਲਾ ਜੀਵ ਜਰੂਰ ਨਰਕ ਵਿਚ ਜਾਂਦਾ ਹੈ।ਇਸ ਲਈ ਜੀਵ ਨੂੰ ਕਿਸੇ ਦੀ ਨਿੰਦਾ ਨਹੀ ਕਰਨੀ ਚਾਹੀਦੀ।

**(19)ਸੂਰਵੀਰਤਾਂ–**

ਰਵਿਦਾਸ ਸੋਈ ਸੂਰਾ ਭਲਾ, ਜਓ ਲਰੈ ਧਰਮ ਕੇ ਹੇਤ॥
ਅੰਗ ਅੰਗ ਕਟ ਭੋਇ ਗਿਰੇ, ਤਉ ਨਾ ਛਾਡੈ ਖੇਤ।

ਇਸ ਸੰਸਾਰ ਵਿਚ ਸੁਰਵੀਰ ਉਹ ਜੀਵ ਹੈ ਜੋ ਧਰਮ , ਦੇਸ਼, ਸਮਾਜ ਅਤੇ ਮਾਨਵਤਾ ਲਈ ਲੜਦਾ ਰਣਭੂਮੀ ਵਿਚ ਆਪਣਾ ਅੰਗ ਅੰਗ ਕਟਾ ਕੇ ਮਰ ਜਾਂਦਾ ਹੈ ਪਰ ਮੈਦਾਨ ਨਹੀਂ ਛੱਡਦਾ।

**(20)ਸੰਸਾਰ ਦੁਖਾ ਦਾ ਘਰ ਹੈ ਅਤੇ ਦੁਖਾਂ ਦੀ ਨਵਿਰਤੀ:–**

ਜਤ ਦੇਖਉ ਤਤ ਦੁਖ ਕੀ ਰਾਸੀ। ਅਜੋ ਨਾ ਪੜਾਇ ਨਿਗਮ ਭਣੇ ਸਾਖੀ॥
ਕਹਿ ਰਵਿਦਾਸ ਕਹਾ ਕੈਸੇ ਕੀਜੈ॥ ਬਿਨ ਰਘੁ ਸਰਨਿ ਕਾ ਕੀ ਲੀਜੈ॥

ਸੰਸਾਰ ਦੁੱਖਾਂ ਦਾ ਘਰ ਹੈ।ਅਗਿਆਨਤਾ, ਕਾਮ, ਕਰੋਧ, ਲੋਭ, ,ਮੋਹ ਅੰਹਕਾਰ ਅਤੇ ਮਨੁੱਖਾਂ ਦੀਆਂ ਇਛਾਵਾਂ ਦੁੱਖਾਂ ਦਾ ਕਾਰਨ ਪਰ ਮਨ ਇਸ ਗਲ ਨੂੰ ਵਿਸ਼ਵਾਸ ਨਹੀਂ ਕਰਦਾ ਭਾਵੇਂ ਧਾਰਮਿਕ ਗ੍ਰੰਥ ਇਸ ਗੱਲ ਦੀ ਅਗਵਾਈ ਦਿੰਦੇ ਹਨ। ਦੁੱਖ ਤੋਂ ਬਚਣ ਦਾ ਇਕੋ ਉਪਾਅ ਹੈ ਪ੍ਰਮਾਤਮਾ ਦੀ ਸ਼ਰਨ।

**(21)ਲੰਗਰ ਪ੍ਰਥਾ :–**

ਜਿਸ ਸਮੇ ਚਤੋੜ ਦਾ ਰਾਜਾ ਕੁੰਭਾ ਜੀ ਅਤੇ ਰਾਣੀ ਝਾਲਾ ਦੇਵੀ ਆਪ ਜੀ ਦੇ ਹੁਕਮ ਅਨੁਸਾਰ ਭੰਡਾਰਾ ਕੀਤਾ, ਜਿਸ ਵਿਚ ਦੂਰ ਦੂਰ ਵਿਦਵਾਨ ਆਏ। ਜਿਸ ਸਮੇ ਲੰਗਰ ਵਰਤ ਚੁਕਾ ਉਸ ਸਮੇ ਪੰਡਤਾਂ ਨੇ ਰੋਲੀ ਪਾ ਦਿੱਤੀ ਕੇ ਜਦੋਂ ਤੱਕ ਗੁਰੂ ਰਵਿਦਾਸ ਜੀ ਚਮਾਰ ਪੰਗਤ ਵਿਚ ਬੈਠੇ ਹਨ, ਅਸੀਂ ਭਜਨ ਨਹੀਂ ਕਰਨਾ। ਗੁਰੂ ਰਵਿਦਾਸ ਜੀ ਇਕ ਪਾਸੇ ਜਾ ਪ੍ਰਮਾਤਮਾ ਦਾ ਭਜਨ ਕਰਨ ਲੱਗੇ। ਐਸਾ ਕੌਤਕ ਵਰਤਿਆ ਕਿ ਗੁਰੂ ਰਵਿਦਾਸ ਜੀ ਦੋ–ਦੋ ਪੰਡਤਾਂ ਵਿਚਕਾਰ ਅਨੇਕਾਂ ਰੂਪ ਧਾਰਨ ਕਰਕੇ ਬੈਠ ਗਏ। ਇਸ ਲੀਲਾ ਨੂੰ ਦੇਖ ਕੇ ਪੰਡਤਾਂ ਨੇ ਗੁਰੂ ਰਵਿਦਾਸ ਜੀ ਮਹਾਰਾਜ ਦੇ ਚਰਨਾ 'ਤੇ ਮੱਥਾਂ ਟੇਕ ਕੇ ਮੁਆਫੀ ਮੰਗੀ। ਗੁਰੂ ਜੀ ਨੇ ਸਭਨਾਂ ਨੂੰ ਉਪਦੇਸ਼ ਦਿੱਤਾ ਕਿ ਸੰਸਾਰੀ ਜੀਵ ਸਭ ਬਰਾਬਰ ਹਨ। ਗੁਰੂ ਜੀ ਦੇ ਹੁਕਮ ਅਨੁਸਾਰ ਬ੍ਰਾਹਮਣਾ ਪੰਡਿਤਾਂ ਕਸ਼ੱਤਰੀਆ ਤੇ ਵੈਸ਼ ਇਸਤਰੀਆਂ, ਸ਼ੂਦਰਾ ਸਭਨਾਂ ਨੂੰ ਇਕ ਪੰਗਤ ਵਿਚ ਬਿਠਾ ਕੇ ਭੋਜਨ ਛਕਾਇਆ ਗਿਆ।

*ਲੰਗਰ ਪ੍ਰਥਾ ਭਾਈ ਜੋਧ ਸਿੰਘ {ਪਬਲੀਕੇਸ਼ਨਬਿਉਰੋ ਪੰਜਾਬੀ ਯੂਨੀਵਰਸਿਟੀ,ਪਟਿਆਲਾ}ਵਲੋ ਰਚਿਤ ਭਗਤ ਰਵਿਦਾਸ ਜੀਵਨ ਰਚਨਾ ਚੌਥਾ ਐਡੀਸ਼ਨ ਸਾਲ 2000 ਦੇ ਪੰਨਾ 5 ਅਨੁਸਾਰ ਮੈਕਾਲੀਫ ਅਤੇ ਹੋਰਨਾ ਜੀਵਨੀਕਾਰਾਂ ਸਭ ਨੇ ਲਿਖਿਆ ਹੈ ਕਿ ਲੰਗਰ ਵਿਚ ਹੁਣ ਭੇਂਟਾ ਬਹੁਤ ਆਉਣ ਲੱਗ ਪਈ ਅਤੇ ਆਪ ਨੇ ਇਹ ਚੰਗਾ ਜੇਹਾ ਘਰ ਵੀ ਬਣਵਾ ਲਿਆ। ਸੰਗਤਾਂ ਜੋ ਦਰਸ਼ਨ ਕਰਨ ਆਉਂਦੀਆਂ ਉਹਨਾਂ ਦੇ ਠਹਿਰਨ ਲਈ ਇਕ ਸਰਾਂ

ਵੀ ਬਣਵਾਈ। ਲੰਗਰ ਸਭ ਇਕੋ ਪੰਗਤ ਵਿਚ ਬੈਠ ਕੇ ਭੋਜਨ ਖਾਂਦੇ ਸਨ।

**(22)ਇਸਤਰੀ ਜਾਤੀ ਦਾ ਸਨਮਾਨ–**

ਸ਼ੂਦਰਾਂ ਦੀ ਤਰ੍ਹਾ ਇਸਤਰੀਆਂ ਨੂੰ ਸਭ ਮਾਨਵੀ ਅਧਿਕਾਰਾ ਤੋਂ ਵੰਚਿਤ ਰੱਖਿਆ ਗਿਆ ਸੀ। ਸਤੀ ਪ੍ਰਥਾ, ਬਾਲ ਵਿਆਹ ਪ੍ਰਥਾਂ ਬੁਰਾਈਆ ਪ੍ਰਚੱਲਿਤ ਸਨ। ਇਸਤਰੀਆਂ ਨੂੰ ਮਰਦਾਂ ਦੇ ਮੁਕਾਬਲੇ ਬਹੁਤ ਘਟੀਆ ਸਮਝਿਆ ਜਾਦਾ ਸੀ। ਗੁਰੂ ਜੀ ਨੇ ਆਪਣੇ ਦਰਬਾਰ ਵਿਚ ਮੀਰਾ ਬਾਈ, ਝਾਲਾ ਬਈ, ਕਰਮਾ ਬਾਈ ਅਤੇ ਭਾਨਮਤੀ ਜੀ ਸਭ ਇਸਤਰੀਆਂ ਨੂੰ ਆਪਣੇ ਦਰਬਾਰ ਵਿਚ ਮਰਦਾ ਦੇ ਬਰਾਬਰ ਦਾ ਦਰਜਾ ਦਿੱਤਾ। ਗੁਰੂ ਰਵਿਦਾਸ ਜੀ ਤੋਂ ਉਪਦੇਸ਼ ਲੈ ਕੇ ਰਾਣੀ ਮੀਰਾ ਬਾਈ, ਰਾਣੀ ਝਾਲਾ ਬਾਈ, ਕਰਮਾ ਬਾਈ ਮਹਾਨ ਸੰਤ ਹੋਈਆ

**(23)ਸੰਸਾਰਿਕ ਨਸ਼ਿਆ ਦਾ ਤਿਆਰ ਅਤੇ ਨਾਮ ਖੁਮਾਰੀ:–**

ਰਵਿਦਾਸ ਮਧੁਰਾ ਕਾ ਪੀਜਿਯੈ ਜੋ ਚੜ੍ਹੈ ਚੜ੍ਹੈ ਉਤਰ੍ਹਾਇ॥
ਨਾਵ ਮਹਾਰਸ ਪੀਜਿਯੈ ਜੋ ਚੜ੍ਹੈ ਨਹਿ ਉਤਰਾਇ॥

.......................................

ਜਿਨ ਪੀਆ ਸਾਰ ਰਸ ਤਜੇ ਆਨ ਰਸ ਹੋਇ ਰਸ ਮਗਨ ਡਾਰ ਬਿਖੁ ਖੋਇ॥

.................................

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ॥

ਗੁਰੂ ਜੀ ਨੇ ਸਮੁਚੇ ਵਿਸ਼ਵ ਦੇ ਲੋਕਾਂ ਨੂੰ ਨਸ਼ੇ ਦਾ ਤਿਆਗਣ ਦਾ ਉਪਦੇਸ਼ ਦਿੱਤਾ ਕਿ ਸ਼ਰਾਬ ਆਦਿ ਚੀਜ਼ਾ ਦਾ ਨਸ਼ਾ ਸਵੇਰੇ ਉਤਰ ਜਾਦਾ ਹੈ। ਪਰ ਪ੍ਰਮਾਤਮਾ ਦੇ ਨਾਮ ਦਾ ਨਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ। ਜਿਹੜੇ ਜੀਵ ਪ੍ਰਮਾਤਮਾ ਦੇ ਨਾਮ ਦੇ ਰਸ ਨੂੰ ਪੀਂਦੇ ਹਨ ਉਹ ਸੰਸਾਰ ਦੇ ਝੂਠੇ ਜ਼ਹਿਰ ਰੂਪੀ ਨਸ਼ਿਆ ਦਾ ਤਿਆਗ ਕਰ ਦਿੰਦੇ ਹਨ।ਸੰਤ ਜਨ ਸ਼ਰਾਬ ਨੂੰ ਹੱਤ ਨਹੀਂ ਲਾਉਂਦੇ, ਭਾਵੇ ਇਹ ਗੰਗਾ ਦੇ ਪਵਿੱਤਰ ਜਲ ਤੋ ਤਿਆਰ ਕੀਤੀ ਗਈ ਹੋਵੇ।

**(24)ਕਰਮ ਦਾ ਸਿੰਧਾਤ–**

ਕਹੁ ਰਵਿਦਾਸ ਭਇਓ ਜਬ ਲੇਖੇ॥
ਜੋਈ ਜੋਈ ਕੀਨੇ ਸੋਈ ਸੋਈ ਦੇਖਿਓ॥

ਇਸ ਸੰਸਾਰ ਵਿਚ ਜੀਵ ਜਿਹੋ ਜਿਹੇ ਕਰਮ ਕਰਦਾ ਹੈ। ਉਸ ਤਰ੍ਹਾ ਦਾ ਉਸ ਨੂੰ ਫਲ ਭੋਗਣਾ ਪੈਦਾ ਹੈ। ਇਸ ਲਈ ਜੀਵਾਂ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ।

**(25)ਜੀਵਨ ਮੁਕਤੀ–**

ਜੀਵਤ ਮੁਕਤਿ ਸਦਾ ਨਿਰਬਾਨ॥
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ।
ਕਹਿ ਰਵਿਦਾਸ ਪ੍ਰਗਾਸੁ ਰਿਧੈ ਧਰਿ ਜਨਮ ਮਰਨ ਭੈ ਭਾਗੀ।

ਜੀਵ ਜਿਸ ਸਮੇ ਉਪਾਧੀਆਂ ਤੋਂ ਉੱਪਰ ਉਠ ਜਾਦਾ ਹੈ। ਫਿਰ ਇਸ ਜੀਵ ਦਾ ਧਿਆਨ ਸਹਿਜ ਸਮਾਧੀ ਵਿਚ ਲੱਗ ਜਾਂਦਾ ਹੈ। ਵੱਡੇ ਭਾਗਾਂ ਨਾਲ ਜੀਵ ਦੀ ਪ੍ਰਮਾਤਮਾ ਨਾਲ ਬਿਰਤੀ ਜੁੜਨ ਨਾਲ ਇਸ ਦੇ ਹਿਰਦੇ ਵਿਚ ਪ੍ਰਮਾਤਮਾ ਦੇ ਰਾਮ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਸ ਦੇ ਮਨ ਵਿਚੋ ਜਨਮ ਮਰਨ ਦਾ ਭੈ ਦੂਰ ਹੋ ਜਾਂਦਾ ਹੈ। ਇਹ ਜੀਵ ਇਸ ਜੀਵਨ ਵਿਚ ਹੀ ਮੁਕਤ ਹੋ ਕੇ ਸਦਾ ਸਦਾ ਰਹਿਣ ਵਾਲੇ ਨਿਰਵਾਣ ਪਦ 'ਤੇ ਪਹੁੰਚ ਜਾਂਦਾ ਹੈ।

**(26)ਵਿਕਾਰਾਂ ਦਾ ਤਿਆਗ–**

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।
ਪਲ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥

ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਪੰਜੇ ਜੀਵਾਂ ਤੇ ਪ੍ਰਮਾਤਮਾ ਵਿਚ ਸਭ ਤੋਂ ਵੱਡਿਆਂ ਰੁਕਾਵਟਾਂ ਹਨ, ਜੋ ਕਿ ਪਲ-ਪਲ ਜੀਵ ਨੂੰ ਪ੍ਰਮਾਤਮਾ ਤੋਂ ਦੂਰ ਲਿਜਾ ਰਹੀਆ ਹਨ

**(27)ਸਰਬ ਵਿਆਪੀ ਪ੍ਰਮਾਤਮਾ:-**

ਸਰਬੈ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੋ ਹੋਈ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰ ਸੋਊ॥ਰਹਾਉ॥

ਪ੍ਰਮਾਤਮਾ ਇਕ ਤੋਂ ਅਨੇਕ ਰੂਪ ਧਾਰਨ ਕਰ ਕੇ ਸੰਸਾਰ ਵਿਚ ਸਮਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਮ ਦਾ ਸਹਿਜੇ ਸਹਿਜੇ ਅਭਿਆਸ ਕਰਨ ਨਾਲ ਉਹ ਪ੍ਰਮਾਤਮਾ ਆਪਣੇ ਅੰਦਰ ਹੱਥਾਂ ਪੈਰਾਂ ਤੋਂ ਵੀ ਨੇੜੇ ਆਪਣੇ ਅੰਦਰ ਪ੍ਰਾਪਤ ਹੁੰਦਾ ਹੈ।

**(28)ਸੁੱਖਾ ਦਾ ਸਮੁੰਦਰ ਹਰਿ:-**

ਸੁਖ ਸਾਗਰ ਸੁਰਿਤਰੁ ਚਿੰਤਾਮਨਿ, ਕਾਮਧੇਨ ਬਸਿ ਜਾ ਕੇ ਰੇ।

.........................................

ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ॥
ਪੰਡਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰ ਅਉਰ ਨ ਕੋਈ॥

.........................................

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ॥

ਜਿਹੜਾ ਜੀਵ ਇਸ ਸੰਸਾਰ ਵਿਚ ਸੁੱਖਾਂ ਦੇ ਸੰਮੁਦਰ ਪ੍ਰਮਾਤਮਾ ਦਾ ਨਾਮ ਜਪਦਾ ਹੈ, ਉਸਦੇ ਹੱਥ ਦੀ ਤਲੀ ਤੇ ਸੁਰਤਰ ਕਲਪ ਬ੍ਰਿਛ, ਚਿੰਤਾਮਨੀ, ਕਾਮਧੇਨ ਗਉ, ਚਾਰ ਪਦਾਰਥ, ਅਠਾਰਾਂ ਸਿੱਧੀਆਂ, ਨੌ ਨਿਧੀਆਂ ਆ ਜਾਂਦੀਆਂ ਹਨ। ਪ੍ਰਮਾਤਮਾ ਦੇ ਨਾਮ ਜਪਣ ਵਾਲੇ ਦੀ ਬਰਾਬਰੀ ਮਹਾਂ ਵਿਦਵਾਨ ਪੰਡਤ, ਸੰਸਾਰ ਉੱਪਰ ਰਾਜ ਕਰਨ ਵਾਲੇ ਛੱਤਰਪਤੀ ਰਾਜਾ, ਸੂਰਵੀਰ ਅਤੇ ਵਿਸ਼ਨੂੰ ਬ੍ਰਹਮਾ ਮਹੇਸ਼ ਵੀ ਨਹੀਂ ਕਰ ਸਕਦੇ।

**(29)ਜੀਵ ਹੱਤਿਆ ਦਾ ਖੰਡਨ:-**

ਰਵਿਦਾਸ ਜੀਵ ਕੁ ਮਾਰਿ ਕਰ,ਕੈਸੇ ਮਿਲਹਿ ਖੁਦਾਇ॥
ਪੀਰ ਪੈਗੰਬਰ ਔਲੀਆ ,ਕੋਊ ਨ ਕਹਈ ਸਮਝਾਇ॥

ਜੀਵਾਂ ਨੂੰ ਮਾਰ ਕੇ ਮਨੁੱਖ ਕਦੀ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ ਕਰ ਸਕਦਾ ।ਪੀਰ-ਪੈਗੰਬਰ,ਔਲੀਆ ਕਿਸੇ ਨੇ ਵੀ ਇਹ ਗੱਲ ਨਹੀਂ ਸਮਝਾ ਕੇ ਕਹੀ ।

**(30) ਜੂਆ ਮਾਸ ਚੋਰੀ ਅਤੇ ਹਿੰਸਾ ਦਾ ਤਿਆਗ:-**

ਦਯਾ ਭਾਵ ਹਿਰਦੈ ਨਹੀ ਭਖਹਿੰ ਪਰਾਯਾ ਮਾਂਸ।
ਤੇ ਨਰ ਨਰਕ ਮੰਹ ਜਾਵਿਹਿ ਸਤਿ ਭਾਖੈ ਰਵਿਦਾਸ॥
ਜੂਆ ਮਾਸ ਮਧਰ ਬੇਸ਼ਿਆ ਹਿੰਸਾ ਚੋਰੀ ਕਾਰ॥
ਜਿਹ ਖੋਟੇ ਕਰਮ ਹੈ ਡੋਬਨ ਨਰਕ ਮਝਾਰ॥

ਜੂਆ ਖੇਡਣਾ,ਮਾਸ ਖਾਣਾ,ਸਰਾਬ ਪੀਣਾ,ਵੇਸਵਾ ਸੰਗ, ਹਿੰਸਾ ਓਤੇ ਚੋਰੀ ਇਹ ਸਭ ਖੋਟੇ ਕਰਮ ਜੀਵਾਂ ਨੂੰ ਨਰਕਾਂ ਵਿੱਚ ਡੋਬਣ ਵਾਲੇ ਹਨ।ਇਸ ਲਈ ਇਨ੍ਹਾਂ ਖੋਟੇ ਕਰਮਾਂ ਦਾ ਤਿਆਗ ਕਰਨਾ ਚਾਹੀਦਾ ਹੈ।

**(31)ਗੁਰੂ ਰਵਿਦਾਸ ਉਪਦੇਸ਼ ਦਾ ਪ੍ਰਭਾਵ:–**

ਗੁਰੂ ਜੀ ਦੇ ਸਮਾਜਿਕ, ਧਾਰਮਿਕ, ਅਤੇ ਪਰਮਾਰਥੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਚਾਰੇ ਵਰਣ ਉਹਨਾਂ ਦੇ ਚਰਨੀ ਪੈ ਕੇ ਇਸ ਸੰਸਾਰ ਤੋਂ ਮੁਕਤ ਹੋਏ ਜਿਵੇ ਕਿ ਗੁਰੂ ਰਾਮਦਾਸ ਜੀ ਫਰਮਾਇਆ ਹੈ–

ਰਵਿਦਾਸ ਚਮਾਰ ਉਸਤਤ ਕਰੇ।
ਹਰਿ ਕੀਰਤ ਨਿਮਖ ਇਕ ਗਾਇ।
ਪਤਿਤ ਜਾਤ ਉਤਮ ਭਇਆ,
ਚਾਰ ਵਰਣ ਪਏ ਪਗ ਆਇ।

*ਰਾਧਾ ਸੁਆਮੀ ਸਤਿਸੰਗ ਬਿਆਸ ਵਲੋ ਪ੍ਰਕਾਸ਼ਿਤ ਪੁਸਤਕ ਮੀਰਾਂ ਪ੍ਰੇਮ ਦੀਵਾਨੀ ਸਾਲ 1999 ਦੇ ਪੰਨਾ 26 ਤੇ ਲਿਖਿਆ ਹੈ ਕਿ "ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਿਸ਼ ਸੰਤ ਮੀਰਾਂ ਬਾਈ ਜੀ ਦੀ ਸ਼ਖਸੀਅਤ ਦਾ ਅਕਬਰ 'ਤੇ ਡੂੰਘਾ ਪ੍ਰਭਾਵ ਪਿਆ, ਜਿਸ ਨਾਲ ਉਸ 'ਚ ਸਹਿਣਸ਼ੀਲਤਾ ਦੀਆਂ ਭਾਵਨਾਵਾਂ ਪੈਦਾ ਹੋਣੀਆ ਸ਼ੁਰੂ ਹੋ ਗਈਆ। ਇਹਨਾਂ ਭਾਵਨਾਵਾਂ ਕਾਰਨ ਹੀ ਅਕਬਰ ਨੇ ਇਕ ਸਰਬ ਸਾਂਝਾ ਧਰਮ ਚਲਾਉਣ ਦਾ ਯਤਨ ਕੀਤਾ"।

ਆਖੀਰ ਆਪ ਲਗਭਗ 151 ਸਾਲ ਦੀ ਉਮਰ ਬਤੀਤ ਕਰਦੇ ਹੋਏ ਇਸ ਸੰਸਾਰੀ ਜੀਵਾਂ ਨੂੰ ਏਕਤਾ ,ਸਾਂਝੀਵਾਲਤਾ ਅਤੇ ਪ੍ਰਭੂ ਪ੍ਰੇਮ ਦਾ ਉਪਦੇਸ਼ ਦਿੰਦੇ ਹੋਏ ਪ੍ਰਮਾਤਮਾ ਵਿੱਚ ਹਾੜ ਦੀ ਸੰਗਰਾਂਦ 1528ਈ.(1584 ਬਿਕਰਮੀ ਸੰਮਤ ਨੂੰ ਬਨਾਰਸ ਵਿਖੇ ਸਵਦੇਹੀ ਜੋਤੀ ਜੋਤ ਸਮਾਏ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪੈਰੋਕਾਰ 25 ਕਰੋੜ ਪੂਰੇ ਵਿਸ਼ਵ ਵਿੱਚ ਫੈਲੇ ਹੋਏ ਹਨ ਇਸ ਸਮਾਜ ਵਲੋਂ ਭਾਰਤ ਦੇ ਅਲੱਗ ਅਲੱਗ ਪ੍ਰਾਂਤਾ ਵਿੱਚ ਅਨੇਕਾਂ ਅੰਦੋਲਨ ਚਲਾਏ । ਉੱਤਰ ਪ੍ਰਦੇਸ਼ ਵਿੱਚ ਜਾਟਵ ਅੰਦੋਲਨ,ਛਤੀਸ਼ਗੜ੍ਹ ਵਿੱਚ ਸਤਨਾਮੀ ਅੰਦੋਲਨ,ਪੰਜਾਬ ਵਿੱਚ ਆਦਿ ਧਰਮ ਅੰਦੋਲਨ,ਮੱਧ ਪ੍ਰਦੇਸ਼ ਵਿੱਚ ਅਹਿਰਵਾਲ ਅੰਦੋਲਨ,ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਮਾਦੀਗਾ ਅੰਦੋਲਨ ਅਤੇ ਭਾਰਤ ਦੇ ਹੋਰ ਪ੍ਰਾਂਤਾ ਵਿੱਚ ਅਨੇਕਾਂ ਅੰਦੋਲਨ ਚੱਲੇ ਜਿਨ੍ਹਾਂ ਨੇ ਚਮਾਰ ਸਮਾਜ ਵਿੱਚ ਵੱਡੀ ਪੱਧਰ ਉੱਪਰ ਜਾਗ੍ਰਿਤੀ ਪੈਦਾ ਕੀਤੀ ।

ਲਗਭਗ ਛੇ ਸਦੀਆਂ ਬੀਤਣ ਤੋਂ ਬਾਅਦ ਭਾਰਤ ਵਿੱਚ ਕੋਈ ਅਜਿਹਾ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਉੱਪਰ ਅਸਥਾਨ ਨਹੀਂ ਸੀ ਜਿੱਥੇ ਅਸੀਂ ਵਿਸ਼ਵ ਪੱਧਰ ਤੇ ਇਕੱਠੇ ਹੋ ਸਕੀਏ।ਮਨੁੱਖਤਾ ਦੇ ਮਸੀਹਾ ਬ੍ਰਹਮਗਿਆਨੀ ਸਤਿਗੁਰ ਸਰਵਣ ਦਾਸ ਜੀ ਮਹਾਰਾਜ ਜੀ ਨੇ 2 ਫਰਵਰੀ 1964 ਨੂੰ ਪਿੰਡ ਬੱਲਾਂ ਡੇਰੇ ਵਿਖੇ 'ਡੇਰਾ ਰਵਿਦਾਸੀਆ ਦਾ' ਲਿਖ ਕੇ ਕੌਮ ਦੀ ਪਹਿਚਾਣ ਨੂੰ ਅੱਗੇ ਵਧਾਇਆਂ ਅਤੇ ਉਚਾਰਨ ਕੀਤਾ ਕਿ ਕੌਮ ਦਾ ਆਪਣਾ ਧਰਮ ਅਤੇ ਗ੍ਰੰਥ ਬਣੇਗਾ।ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਆਪਣੀ ਦਿਵ ਦ੍ਰਿਸ਼ਟੀ ਰਾਹੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ੍ਹ ਦੀ ਸੰਗਰਾਂਦ 1965 ਨੂੰ ਸਤਿਗੁਰ ਹਰੀਦਾਸ ਜੀ ਮਹਾਰਾਜ ਜੀ ਦੇ ਕਰ ਕਮਲਾਂ ਦੁਆਰਾ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਦਾ ਨੀਂਹ ਪੱਥਰ ਰੱਖਵਾਇਆ ਅਤੇ ਉਸਾਰੀ ਦੇ ਕਾਰਜ ਸਤਿਗੁਰੂ ਗਰੀਬ ਦਾਸ ਮਹਾਰਾਜ ਜੀ ਨੇ ਆਪਣੀ ਦੇਖ ਰੇਖ ਵਿਚ ਕੀਤਾ ਅਤੇ ਮੰਦਿਰ ਤੇ ਸਵਰਨ ਕਲਸ਼ ਸਜਾਏ।

24 ਮਈ 2009 ਈ ਨੂੰ ਮਾਨਵ ਵਿਰੋਧੀਆਂ ਨੇ ਗੁਰੂ ਰਵਿਦਾਸ ਮਿਸ਼ਨ ਦਾ ਵੱਧਦਾ ਹੋਇਆ ਪ੍ਰਚਾਰ ਦੇਖ ਕੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਵਿਆਨਾ ਵਿਖੇ ਹਮਲਾ ਕੀਤਾ ਜਿਸ ਵਿਚ ਸੰਤ ਰਾਮਾ ਨੰਦ ਜੀ ਸ਼ਹਾਦਤ ਦਾ ਜਾਮ ਪੀ ਗਏ।ਉਹਨਾਂ ਦੀ ਸਹਾਦਤ ਨੇ ਪੂਰੇ ਰਵਿਦਾਸੀਆ

ਸਮਾਜ ਨੂੰ ਪੂਰੇ ਵਿਸ਼ਵ ਵਿੱਚ ਇੱਕ ਪਲੇਟਫਾਰਮ ਤੇ ਇਕੱਠਾ ਕਰ ਦਿੱਤਾ। ਰਵਿਦਾਸੀਆ ਕੌਮ ਨੇ ਪੂਰੇ ਵਿਸ਼ਵ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਜ਼ਬਦਸਤ ਤਾਕਤ ਦਾ ਅਹਿਸਾਸ ਕਰਵਾਇਆ।ਇਸ ਰੋਸ ਪ੍ਰਦਰਸ਼ਨ ਵਿਚ ਰਵਿਦਾਸੀਆ ਕੌਮ ਦੇ ਮਹਾਨ ਚਾਰ ਸ਼ਹੀਦ , ਸ਼ਹੀਦ ਵਿਜੇ ਕੁਮਾਰ ਜੀ, ਸ਼ਹੀਦ ਰਜਿੰਦਰ ਕੁਮਾਰ ਜੀ ,ਸ਼ਹੀਦ ਤੇਲੂ ਰਾਮ ਜੀ ,ਸ਼ਹੀਦ ਬਲਕਾਰ ਸਿੰਘ ਜੀ ਨੇ ਸ਼ਹੀਦੀਆ ਪਾਈਆ।

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 633 ਆਗਮਨ ਪੁਰਬ ਤੇ ਰਵਿਦਾਸੀਆ ਧਰਮ ਦਾ ਐਲਾਨ ਹੋਇਆ ਜਿਸ ਵਿਚ ਪੂਰੇ ਰਵਿਦਾਸੀਆ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਪਹੁੰਚੀ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਹਿੰਦੀ ਅਤੇ ਪੰਜਾਬੀ ਵਿਚ ਰਿਲੀਜ਼ ਕੀਤੀ ਗਈ ਅਤੇ ਰਵਿਦਾਸੀਆ ਧਰਮ ਦੇ ਨਿਯਮ ਪੜ੍ਹੇ ਗਏ।ਸਾਰਾ ਅਸਮਾਨ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ ਇਸ ਸਮੇਂ ਸੰਗਤਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਇਸ ਦਿਨ ਤੇ ਇਸ ਸਦੀ ਦਾ ਸਭ ਤੋਂ ਵੱਡਾ ਚੰਦਰਮਾ ਧਰਤੀ ਦੇ 50 ਹਜ਼ਾਰ ਮੀਲ ਤੋਂ ਵੱਧ ਨੇੜੇ ਦੇਖਿਆ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਚੰਦਰਮਾ ਵਿੱਚ ਦਰਸ਼ਨ ਦੇ ਕੇ ਸੰਗਤਾਂ ਨੂੰ ਅਸ਼ੀਰਵਾਦ ਦਿੱਤਾ।ਅੱਜ ਰਵਿਦਾਸੀਆ ਧਰਮ ਦੇ ਪੈਰੋਕਾਰ ਪੂਰੇ ਵਿਸ਼ਵ ਵਿਚ ਧਾਰਮਿਕ ਆਜ਼ਾਦੀ ਦਾ ਅਨੰਦ ਮਾਣ ਰਹੇ ਹਨ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਲੱਖਾਂ ਦੀ ਗਿਣਤੀ ਵਿਚ ਪ੍ਰਕਾਸ਼ ਹੋ ਚੁੱਕੇ ਹਨ ਅਤੇ ਅਨੁਵਾਦ ਪੰਜਾਬੀ,ਹਿੰਦੀ, ਮਰਾਠੀ,ਇੰਗਲਿਸ਼,ਇਟਾਲੀਅਨ,ਡੱਚ ਅਤੇ ਅਨੇਕਾਂ ਹੋਰ ਭਾਸ਼ਾਵਾਂ ਵਿਚ ਅਨੁਵਾਦ ਵੀ ਹੋ ਚੁੱਕੇ ਹਨ ਦੇਸ਼ ਵਿਦੇਸ਼ ਵਿਚ 'ਰਵਿਦਾਸੀਆ ਧਰਮ' ਤੇ ਵਿਦਵਾਨ ਪੀ.ਐੱਚ.ਡੀ ਕਰ ਰਹੇ ਹਨ।ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਸੰਤ ਸਮਾਜ,ਬੁੱਧੀਜੀਵੀ,ਗੀਤਕਾਰ,ਲੇਖਕ,ਕਵੀ, ਵਿਦਵਾਨ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਰਵਿਦਾਸੀਆਂ ਧਰਮ ਦੇ ਲੋਕ ਧਾਰਮਿਕ ਆਜ਼ਾਦੀ ਦਾ ਅਨੰਦ ਮਾਣ ਰਹੇ ਹਨ।ਆਓ ਸਾਰੇ ਧਰਮਾਂ ਦਾ ਸਤਿਕਾਰ ਕਰੀਏ ਮਾਨਵਤਾ ਨਾਲ ਪਿਆਰ ਕਰੀਏ,ਅਤੇ ਸਦਾਚਾਰੀ ਜੀਵਨ ਬਤੀਤ ਕਰਦਿਆਂ ਰਵਿਦਾਸੀਆ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰੀਏ।

(ਧੰਨਵਾਦ ਸਹਿਤ : 108 ਸੰਤ ਸੁਰਿੰਦਰ ਦਾਸ ਬਾਵਾ ਜੀ)

# ਗੁਰੂ ਘਾਸੀ ਦਾਸ ਜੀ ਮਹਾਰਾਜ

ਆਪ ਜੀ ਦਾ ਜਨਮ 18 ਦਸੰਬਰ 1756 ਈ: ਨੂੰ ਗਿਗਦਪੁਰੀ ਪਿੰਡ ਵਿੱਚ ਛੱਤੀਸਗੜ੍ਹ ਜ਼ਿਲ੍ਹਾ ਰਾਏ ਪੁਰ ਵਿੱਚ ਹੋਇਆ । ਆਪ ਜੀ ਦਾ ਪਰਿਵਾਰ ਸਮਾਜ ਵਿੱਚ ਬ੍ਰਾਹਮਣਵਾਦੀ ਵਿਵਸਥਾ ਦਾ ਸ਼ਿਕਾਰ ਸੀ । ਗਰੀਬ ਪਰਿਵਾਰ ਵਿੱਚ ਜਨਮ ਹੋਇਆ । ਆਪ ਜੀ ਪ੍ਰਭੂ ਪ੍ਰੇਮ, ਭਾਈਚਾਰਾ ਮਾਨਵਵਾਦੀ ਮਹਾਂਪੁਰਸ਼ਾਂ ਦੇ ਜੀਵਨ ਦਾ ਪ੍ਰਚਾਰ ਪ੍ਰਸਾਰ ਕਰਿਆ ਕਰਦੇ ਸਨ । ਆਪ ਜੀ ਦੇ ਜਨਮ ਸਮੇਂ ਸਮਾਜ ਵਿੱਚ ਜਾਤੀ ਵਿਤਕਰਾ ਬਹੁਤ ਜਿਆਦਾ ਸੀ ।

ਸਮਾਜ ਵਿੱਚ ਵਿੱਦਿਆ ਦਾ ਪ੍ਰਬੰਧ ਨਾ ਹੋਣ ਕਾਰਨ ਲੋਕਾਂ ਦੀ ਮਾਨਸਿਕਤਾ ਵਿੱਚ ਗੁਲਾਮੀ ਸੀ । ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮਝ ਨਾ ਹੋਣ ਕਾਰਨ ਲੋਕਾਂ ਦੀ ਜੀਵਨ ਸ਼ੈਲੀ ਅਗਿਆਨਤਾ ਦੇ ਹਨੇਰੇ 'ਚ ਦੱਬੀ ਪਈ ਸੀ । ਜਿਸ ਸਮਾਜ ਨੂੰ ਸਤਿਗੁਰੂ ਰਵਿਦਾਸ ਜੀ ਨੇ ਕ੍ਰਾਂਤੀਕਾਰੀ ਅਤੇ ਵਿਗਿਆਨਕ ਵਿਚਾਰਧਾਰਾ ਨਾਲ ਲੈਸ ਕੀਤਾ ਉਸ ਸਮਾਜ ਵਿੱਚ ਬਹੁਤ ਇਲਾਕਿਆਂ ਵਿੱਚ ਪ੍ਰਚਾਰ ਨਾ ਹੋਣ ਕਾਰਨ ਲੋਕਾਂ ਵਿੱਚ ਸਵੈਮਾਨ ਦੀ ਭਾਵਨਾ ਦੀ

ਘਾਟ ਸੀ । ਇਸ ਕਰਕੇ ਗੁਰੂ ਘਾਸੀ ਦਾਸ ਜੀ ਗਰੀਬ ਲੋਕਾਂ ਦੀਆਂ ਝੌਂਪੜੀਆਂ ਵਿੱਚ ਅਨਪੜ੍ਹ ਸਮਾਜ ਵਿੱਚ ਆਪਣਾ ਪ੍ਰਚਾਰ ਕਰਿਆ ਕਰਦੇ ਸਨ । ਗੁਰੂ ਘਾਸੀ ਦਾਸ ਜੀ ਦੀ "ਪੱਥੀ ਪੱਸ" ਨਾਮ ਦੀ ਪ੍ਰਸਿੱਧ ਧਾਰਮਿਕ ਰਚਨਾ ਅੱਜ ਵੀ ਛੱਤੀਸਗੜ੍ਹ ਵਿੱਚ ਪੜ੍ਹੀ ਜਾਂਦੀ ਹੈ । ਚਮਾਰ ਜਾਤ ਵਿੱਚ ਉਹਨਾਂ ਦਾ ਪੂਰਾ ਆਦਰ ਸਨਮਾਨ ਹੁੰਦਾ ਹੈ ।

ਆਪ ਜੀ ਦਾ ਪੂਰਾ ਜੀਵਨ ਸਮਾਜ ਵਿੱਚ ਫੈਲੀ ਅਗਿਆਨਤਾ ਨੂੰ ਚੇਤਨਾ ਦੇ ਪ੍ਰਕਾਸ਼ ਨਾਲ ਰੌਸ਼ਨ ਕਰਨ ਵਿੱਚ ਗੁਜਰਿਆ । ਆਪ ਜੀ ਨੇ 80 ਸਾਲ ਦੀ ਜ਼ਿੰਦਗੀ ਸਮਾਜ ਦਾ ਵਿਕਾਸ ਕਰਨ ਵਿੱਚ ਬਿਤਾਈ । ਆਪ ਜੀ 1860 ਵਿੱਚ ਆਪਣੀ ਜੀਵਨ ਯਾਤਰਾ ਸੰਪੂਰਨ ਕਰਦਿਆਂ ਆਪਣਾ ਸਰੀਰ ਤਿਆਗ ਦਿੱਤਾ। ਆਪ ਜੀ ਨੇ ਆਪਣੇ ਪ੍ਰਚਾਰ ਨਾਲ ਸਮਾਜ ਵਿੱਚ ਚੇਤਨਾ ਪੈਦਾ ਕੀਤੀ । ਸਤਨਾਮੀ ਲਹਿਰ ਚਲਾ ਕੇ ਆਪਣਾ ਇਤਿਹਾਸ ਵਿੱਚ ਪ੍ਰਭਾਵ ਛੱਡਿਆ । ਮਾਨਵਤਾ ਵਿਰੋਧੀਆਂ ਨੇ ਆਪ ਜੀ ਨੂੰ ਮਾਨਵਤਾਵਾਦੀ ਪ੍ਰਚਾਰ ਕਾਰਨ ਕਤਲ ਕਰ ਦਿੱਤਾ। ਆਪ ਅੱਜ ਵੀ ਸਮਾਜ ਵਿੱਚ ਆਪਣੇ ਕੀਤੇ ਕਾਰਜਾਂ ਕਰਕੇ ਯਾਦ ਕੀਤੇ ਜਾਂਦੇ ਹਨ ।[5]

## ਸੁਆਮੀ ਅਛੂਤਾ ਨੰਦ ਜੀ

ਸਮੇਂ-ਸਮੇਂ ਤੇ ਚਮਾਰ ਜਾਤੀ ਵਿੱਚ ਅਨੇਕ ਮਹਾਂਪੁਰਸ਼ਾਂ ਨੇ ਜਨਮ ਲਿਆ ਤੇ ਆਪਣਾ ਪੂਰਾ ਜੀਵਨ ਸਮਾਜ ਦਾ ਮਾਰਗ ਦਰਸ਼ਨ ਕਰਨ ਵਿੱਚ ਲਗਾਇਆ । ਭਾਰਤ ਵਿੱਚ ਮੂਲ ਨਿਵਾਸੀ ਸਮਾਜ ਵਿੱਚ ਚੇਤਨਾ ਪੈਦਾ ਕਰਨਾ ਕ੍ਰਾਂਤੀਕਾਰੀ ਕਦਮ ਹੈ । ਜਿਸ ਚੀਜ ਤੋਂ ਲੋਕ ਅਪਮਾਨ ਸਮਝਦੇ ਹਨ ਅੱਜ ਬਹੁਤੇ ਲੋਕਾਂ ਨੂੰ ਵੇਖ ਸਕਦੇ ਹਾਂ ਕਿ ਉਹ ਆਪਣੀ ਪਹਿਚਾਣ ਛੁਪਾ ਕੇ ਜ਼ਿੰਦਗੀ ਗੁਜਾਰਦੇ ਹਨ । ਪਰ ਸੁਆਮੀ ਅਛੂਤਾ ਨੰਦ ਜੀ ਮਹਾਨ ਕ੍ਰਾਂਤੀਕਾਰੀ ਮਹਾਂਪੁਰਸ਼ ਹੋਏ ਜਿਨ੍ਹਾਂ ਨੇ ਅਪਮਾਨਿਤ ਸਮਾਜ ਵਿੱਚ ਸਨਮਾਨ ਦੀ ਭਾਵਨਾ ਪੈਦਾ ਕਰਨ ਲਈ ਆਪਣੀ ਜ਼ਿੰਦਗੀ ਬਤੀਤ ਕੀਤੀ ।

ਆਪ ਜੀ ਦਾ ਜਨਮ 1879 ਈ: ਵਿੱਚ ਵਿਸਾਖ ਪੂਰਨਿਮਾ ਵਾਲੇ ਦਿਨ ਉੱਤਰ ਪ੍ਰਦੇਸ਼ ਦੇ ਫਰੁਖਾਬਾਦ ਜ਼ਿਲ੍ਹੇ ਵਿੱਚ ਵਿਸ਼ਰਾਮਪੁਰ ਵਿੱਚ ਹੋਇਆ । ਆਪ ਜੀ ਦਾ ਪਰਿਵਾਰ ਉੱਚ ਜਾਤੀ ਲੋਕਾਂ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਆਪਣਾ ਪਿੰਡ ਛੱਡ ਕੇ ਆਪ ਜੀ ਦੀ ਮਾਤਾ ਦੇ ਪਿੰਡ ਉਮਰੀ ਸਿਰਸਾਹਾਲ ਜ਼ਿਲ੍ਹਾ ਮੈਨਪੁਰੀ ਵਿੱਚ ਆ ਕੇ ਰਹਿਣ ਲੱਗ ਪਿਆ । ਆਪ ਜੀ ਦਾ ਪਰਿਵਾਰ ਗਰੀਬ ਸੀ । ਵਿਤਕਰਾ ਛੂਆ-ਛਾਤ ਬਹੁਤ ਜਿਆਦਾ ਹੁੰਦਾ ਸੀ । ਪਰਿਵਾਰ ਗਰੀਬ ਹੋਣ ਕਰਕੇ ਆਪ ਜੀ ਨੂੰ ਸਿੱਖਿਆ ਤੋਂ ਵਾਂਝੇ ਰਹਿਣਾ ਪਿਆ । ਆਪ ਜੀ ਨੇ ਅਨੇਕਾਂ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਆਪਣੀ ਮਿਹਨਤ ਦੇ ਦਮ ਤੇ ਚੰਗੀ ਸਿੱਖਿਆ ਪ੍ਰਾਪਤ ਕੀਤੀ । ਆਪ ਜੀ 19 ਸਾਲ ਦੀ ਉਮਰ ਵਿੱਚ 7 ਸਾਲ ਤੱਕ ਆਰੀਆ ਸਮਾਜੀ ਵਜੋਂ ਕੰਮ ਕੀਤਾ ਜੋ ਅਛੂਤ ਇਸਾਈ ਬਣ ਕੇ ਮੁਕਤੀ ਦੀ ਤਲਾਸ਼ ਕਰ ਰਹੇ ਸਨ । ਉਹਨਾਂ ਨੂੰ ਸਮਝਾਇਆ ਕਿ ਮੁਕਤੀ ਲਈ ਸਵੈਮਾਨ ਨਾਲ ਜਿਊਣਾ ਸਿੱਖੋ । ਆਪ ਜੀ ਨੇ ਇਸ ਜਗ੍ਹਾ ਉੱਪਰ ਹਰਿ-ਹਰਿ ਸੁਆਮੀ ਦੇ ਨਾਮ ਨਾਲ ਕੰਮ ਕੀਤਾ । ਆਪ ਜੀ ਨੇ ਸਮਾਜ ਵਿੱਚ ਵਿੱਦਿਆ ਦਾ ਅਧਿਕਾਰ ਨਾ ਹੋਣ ਦੇ ਬਾਵਜੂਦ ਵੀ ਇੱਕ ਨਹੀਂ ਅਨੇਕਾਂ ਭਾਸ਼ਾਵਾਂ ਨੂੰ ਸਿੱਖਿਆ ਜਿਹਨਾਂ ਵਿੱਚ ਹਿੰਦੀ, ਸੰਸਕ੍ਰਿਤ, ਉਰਦੂ, ਅੰਗਰੇਜ਼ੀ, ਮਰਾਠੀ, ਬੰਗਾਲੀ, ਗੁਰਮੁਖੀ ਭਾਸ਼ਾਵਾਂ ਸ਼ਾਮਿਲ ਹਨ ।

ਆਪ ਜੀ ਅੰਗਰੇਜਾਂ ਅਤੇ ਵਿਵਸਥਾ ਦੇ ਮਾਲਿਕ ਬ੍ਰਾਹਮਣ ਉੱਚ ਜਾਤੀਆਂ ਨੂੰ ਕਹਿੰਦੇ ਕਿ ਸਾਨੂੰ ਆਪ ਜੀ ਦੀ ਦਇਆ ਕ੍ਰਿਪਾ ਦੀ ਲੋੜ ਨਹੀਂ ਹੈ । ਸਾਨੂੰ ਸਾਡੇ ਅਧਿਕਾਰ ਚਾਹੀਦੇ ਹਨ।

ਆਪ ਜੀ ਕੇਂਦਰ ਅਤੇ ਰਾਜਾਂ ਵਿੱਚ ਉਤਰਦਾਇ ਸਰਕਾਰਾਂ ਦੀ ਸਥਾਪਨਾ ਕਰਨੀ ਚਾਹੁੰਦੇ ਸਨ। ਵਿਵਸਥਾ ਇਸ ਤਰ੍ਹਾਂ ਦੀ ਚਾਹੁੰਦੇ ਸਨ ਕਿ ਪਛੜੇ ਵਰਗਾਂ ਦੇ ਲੋਕ ਆਪਣਾ ਜੀਵਨ ਪ੍ਰਤਿਸ਼ਠਾ ਅਤੇ ਸਨਮਾਨ ਨਾਲ ਜੀ ਸਕਣ। ਜਗੀਰਦਾਰੀ ਵਿਵਸਥਾ ਖਤਮ ਕਰਨ ਲਈ ਕਾਨੂੰਨ ਬਣਾਉਣਾ ਚਾਹੁੰਦੇ ਸਨ। ਆਪ ਜੀ ਦੇ ਨਾਲ ਇੱਕ ਇਤਿਹਾਸਿਕ ਘਟਨਾ ਵਾਪਰੀ ਆਪ ਜੀ ਨੇ ਸਿਰਸਾਗੰਜ ਵਿੱਚ ਅਛੂਤ ਲੋਕਾਂ ਤੋਂ ਚੰਦਾ ਇਕੱਠਾ ਕਰਕੇ ਇੱਕ ਆਰੀਆ ਸਮਾਜ ਦਾ ਸਕੂਲ ਖੋਲ੍ਹਿਆ। ਜਦੋਂ ਉਸ ਦੇ ਉਦਘਾਟਨ ਦਾ ਮੌਕਾ ਆਇਆ ਤਾਂ ਉੱਚ ਜਾਤੀ ਦੇ ਲੋਕ ਕੁਰਸੀਆਂ ਉੱਪਰ ਬੈਠੇ ਅਤੇ ਅਛੂਤਾਂ ਨੂੰ ਹੇਠਾਂ ਜਮੀਨ ਉੱਪਰ ਬਿਠਾਇਆ ਗਿਆ। ਉਸ ਦਿਨ ਆਰੀਆ ਸਮਾਜ ਦਾ ਅਸਲੀ ਚਿਹਰਾ ਆਪ ਸਾਹਮਣੇ ਖੁਲ੍ਹਿਆ ਆਪ ਨੇ ਜਾਣ ਲਿਆ ਕਿ ਆਰੀਆ ਸਮਾਜ ਵਿੱਚ ਭੇਦ-ਭਾਵ ਕਾਇਮ ਹੈ। ਇੱਥੇ ਰਹਿ ਕਿ ਕੋਈ ਸੁਧਾਰ ਨਹੀਂ ਹੋ ਸਕਦਾ। ਆਪ ਨੇ ਉਸ ਮੰਚ ਉੱਪਰ ਹੀ ਆਪਣਾ ਆਰੀਆ ਸਮਾਜ ਤੋਂ ਤਿਆਗ ਪੱਤਰ ਦੇ ਦਿੱਤਾ। ਫਿਰ ਉਹਨਾਂ ਨੇ ਅਛੂਤ ਮਹਾਂ ਸਭਾ ਦਾ ਗਠਨ ਕੀਤਾ। ਪੂਰੇ ਭਾਰਤ ਵਿੱਚ ਇਸ ਦੀਆਂ ਸ਼ਾਖਾਵਾਂ ਕਾਇਮ ਕੀਤੀਆਂ ਗਈਆਂ।

ਆਪ ਜੀ ਨੇ ਇੱਕ ਅਛੂਤ ਸਮਾਚਾਰ ਪੱਤਰ ਦਿੱਲੀ ਤੋਂ 1923 ਵਿੱਚ ਸ਼ੁਰੂ ਕੀਤਾ। ਜਦੋਂ ਆਪ ਜੀ ਨੇ ਸਾਈਮਨ ਕਮਿਸ਼ਨ ਨੂੰ ਕਿਹਾ ਕਿ ਅਛੂਤਾਂ ਨੂੰ ਹਮਦਰਦੀ ਨਹੀਂ ਅਧਿਕਾਰ ਚਾਹੀਦੇ ਹਨ। ਅਸੀਂ ਹਜ਼ਾਰਾਂ ਸਾਲਾਂ ਤੋਂ ਅਪਮਾਨਿਤ ਲੋਕ ਸਨਮਾਨ ਨਾਲ ਕਿਉਂ ਨਹੀਂ ਜੀ ਸਕਦੇ। ਸਾਡੇ ਲਈ ਵੀ ਅਜਿਹੀ ਵਿਵਸਥਾ ਕਾਇਮ ਕਰੋ। ਆਪ ਜੀ 1928 ਈ: ਵਿੱਚ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਨੂੰ ਮਿਲੇ। ਇਸ ਸਮੇਂ ਆਪ ਜੀ ਨੇ ਬਾਬਾ ਸਾਹਿਬ ਜੀ ਨਾਲ ਅਛੂਤ ਸਮਾਜ ਦੇ ਵਿਕਾਸ ਲਈ ਅਤੇ ਮਾਨਵਤਾਵਾਦੀ ਸੰਘਰਸ਼ ਉੱਪਰ ਵਿਚਾਰਾਂ ਕੀਤੀਆਂ। ਅੰਤ ਆਪ ਜੀ 20 ਜੁਲਾਈ 1933 ਨੂੰ 54 ਸਾਲ ਦੀ ਉਮਰ ਗੁਜਾਰ ਕੇ ਪ੍ਰੀ- ਨਿਰਵਾਣ ਨੂੰ ਪ੍ਰਾਪਤ ਹੋਏ। ਆਪ ਜੀ ਦੀ ਅੰਤਿਮ ਯਾਤਰਾ ਕਾਹਨਪੁਰ ਵਿੱਚ ਹੋਈ ਜਿਸ ਵਿੱਚ ਬੇ-ਹਿਸਾਬ ਲੋਕ ਸ਼ਾਮਿਲ ਹੋਏ।

:- ਆਪ ਜੀ ਹਿੰਦੂ ਧਰਮ ਦੇ ਸਵਰਗ ਨਰਕ ਪਾਪ ਪੁੰਨ ਨੂੰ ਹੀ ਸ਼ਾਸ਼ਕ ਅਤੇ ਸੋਧਕ ਦਾ ਜਨਮ ਦਾਤਾ ਮੰਨਦੇ ਸੀ।

:- ਆਪ ਜੀ ਇੱਕ ਕਵੀ ਵੀ ਸਨ। ਆਪ ਜੀ ਨੇ ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਅਨੇਕਾਂ ਕਵਿਤਾਵਾਂ ਦੀ ਰਚਨਾ ਕੀਤੀ।

:- ਧਰਮ, ਅਰਥ, ਕਰਮ ਜਾਤੀ ਦੇ ਆਧਾਰ ਤੇ ਵੰਡ ਉਹਨਾਂ ਨੂੰ ਸਵੀਕਾਰ ਨਹੀਂ ਸੀ

:- ਆਪ ਜੀ ਦਾ ਭਾਸ਼ਣ ਦਿਲ ਖਿੱਚਵਾਂ ਹੁੰਦਾ ਸੀ ਜਿਸ ਨੂੰ ਸੁਨਣ ਲਈ ਲੋਕ ਦੂਰੋਂ-ਦੂਰੋਂ ਆਉਂਦੇ ਸਨ।

:- 1927 ਵਿੱਚ ਕਾਹਨਪੁਰ ਵਿੱਚ ਘੋਸ਼ਣਾ ਕੀਤੀ ਕਿ ਆਜ਼ਾਦੀ ਹਮਾਰਾ ਜਨਮ ਸਿੱਧ ਅਧਿਕਾਰ ਹੈ।

:- ਆਜ਼ਾਦੀ ਸਿਰਫ ਹਿੰਦੂ-ਮੁਸਲਮਾਨਾਂ ਨੂੰ ਨਹੀਂ ਅਛੂਤਾਂ ਨੂੰ ਵੀ ਮਿਲਣੀ ਚਾਹੀਦੀ ਹੈ।

:- ਆਪ ਸਾਇਮਨ ਕਮਿਸ਼ਨ ਨੂੰ ਵੀ ਮਿਲੇ ਸਨ।

:- ਆਪ ਮੰਨਦੇ ਸੀ ਕਿ ਆਰੀਆ ਸਮਾਜ ਵਿੱਚ ਰਹਿ ਕਿ ਸਮਾਜ ਦਾ ਭਲਾ ਮੁਸ਼ਕਲ ਹੀ ਨਹੀਂ ਨਾ-ਮੁਮਕਿਨ ਕੰਮ ਹੈ।

:- ਸੁਆਮੀ ਅਛੂਤਾ ਨੰਦ ਜੀ ਦਾ ਸੰਘਰਸ਼ ਰਾਜਨੀਤਿਕ ਸੀ ਨਾ ਕਿ ਧਾਰਮਿਕ।

:- ਆਪ ਚਲਦੀ ਰਾਜਨੀਤੀ ਉੱਪਰ ਗਹਿਰੀ ਨਜ਼ਰ ਰੱਖਦੇ ਸਨ ।

:- ਆਪ ਵਿੱਦਿਆ ਨੂੰ ਅਜੋਕੇ ਸਮੇਂ 'ਚ ਸਭ ਤੋਂ ਕਾਰਗਰ ਹਥਿਆਰ ਸਮਝਦੇ ਸਨ ਜਿਸ ਨਾਲ ਵਿਵਸਥਾ ਬਦਲੀ ਜਾ ਸਕਦੀ ਹੈ ।

:- ਆਪ ਜੀ ਨੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਨਾਲ ਮੁਲਾਕਾਤ ਦੌਰਾਨ ਅਛੂਤਾਂ ਦੀ ਸਮੱਸਿਆ ਉੱਪਰ ਗਹਿਰੀ ਚਿੰਤਾ ਪ੍ਰਗਟਾਈ ।

:- ਆਪ ਜੀ ਸਾਰੀ ਜ਼ਿੰਦਗੀ ਸੰਘਰਸ਼ ਦੀ ਰਾਹ ਉੱਪਰ ਚਲਦੇ ਰਹੇ ।[6]

## ਸੰਤ ਨੰਦਾ ਨਰ ਜੀ

ਸੰਤ ਨੰਦਾ ਨਰ ਜੀ ਦਾ ਜਨਮ 425 ਈ: ਵਿੱਚ ਦੱਖਣ ਭਾਰਤ ਵਿੱਚ ਜ਼ਿਲ੍ਹਾ ਥਾਨਾ ਜਾਮੂਰ ਦੇ ਪਿੰਡ ਨਾਲੋਰ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਆਪਣਾ ਚਮੜੇ ਦਾ ਵਿਉਪਾਰ ਕਰਦੇ ਸਨ। ਆਪ ਜੀ ਦਾ ਜੀਵਨ ਕਾਫੀ ਸੰਘਰਸ਼ਮਈ ਸੀ। ਆਪ ਜੀ ਦਾ ਸਮਾਜ ਵਿੱਚ ਬਹੁਤ ਰੁਤਬਾ ਸੀ। ਸਮਾਜ ਵਿੱਚ ਆਪ ਜੀ ਦੇ ਸ਼ਰਧਾਲੂ ਭਾਰੀ ਗਿਣਤੀ ਵਿੱਚ ਪਾਏ ਜਾਂਦੇ ਹਨ। ਆਪ ਜੀ ਨੂੰ ਆਪ ਜੀ ਦੀਆਂ ਸਿਖਿਆਵਾਂ ਕਰਕੇ, ਆਪ ਜੀ ਦੇ ਕਾਰਜਾਂ ਕਰਕੇ, ਸਮਾਜ ਦੇ ਵਿਕਾਸ ਵਿੱਚ ਪਾਏ ਗਏ ਯੋਗਦਾਨ ਕਰਕੇ ਆਪ ਜੀ ਦਾ ਨਾਮ ਇਤਿਹਾਸ ਦੇ ਪੰਨਿਆਂ ਉੱਪਰ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ।

ਭਾਰਤ ਰਤਨ ਡਾ. ਅੰਬੇਡਕਰ ਜੀ ਨੇ ਆਪਣੀ ਪੁਸਤਕ "The Untouchable" ਵਰਗੀ ਮਹਾਨ ਖੋਜ ਭਰਪੂਰ ਦਸਤਾਵੇਜ਼ ਜਿਨ੍ਹਾਂ ਤਿੰਨ ਮਹਾਨ ਮਹਾਂਪੁਰਸ਼ਾਂ ਨੂੰ ਸਮਰਪਿਤ ਕੀਤਾ ਹੈ। ਉਹ ਤਿੰਨ ਮਹਾਂਪੁਰਸ਼ (1) ਸਤਿਗੁਰੂ ਰਵਿਦਾਸ ਜੀ (2) ਸੰਤ ਚੋਖਾ ਮੇਲਾ ਜੀ (3) ਸੰਤ ਨੰਦਾ ਨਰ ਜੀ ਨੂੰ ਸਮਰਪਿਤ ਕਰਕੇ ਇਸ ਗੱਲ ਉੱਪਰ ਆਪਣੀ ਮੋਹਰ ਲਾਈ ਕਿ ਸਮੇਂ ਸਮੇਂ ਉੱਪਰ ਇਹਨਾਂ ਮਹਾਂਪੁਰਸ਼ਾਂ ਨੇ ਸਮਾਜ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਹੀ ਨਹੀਂ ਦਿੱਤਾ ਸਗੋਂ ਭਾਰਤ ਵਿੱਚ ਇਤਿਹਾਸ ਨੂੰ ਆਪਣੇ ਸੰਘਰਸ਼ ਨਾਲ ਨਵੀਂ ਸੇਧ ਦਿੱਤੀ।

ਸੰਤ ਨੰਦਾ ਨਰ ਜੀ ਸਮੇਂ ਸਮਾਜ ਵਿੱਚ ਬਹੁਤ ਜਿਆਦਾ ਊਚ-ਨੀਚ, ਭੇਦ-ਭਾਵ ਪਾਇਆ ਜਾਂਦਾ ਸੀ । ਆਪ ਜੀ ਨੇ ਸਮਾਜ ਵਿੱਚ ਵਿੱਦਿਆ ਨੂੰ ਸਮਾਜ ਦੇ ਕਲਿਆਣ ਦਾ ਮਾਰਗ ਦੱਸਿਆ ।

ਡਾ: ਏ. ਪਦਮਾਨਬਾਨ ਸਾਬਕਾ ਮੁੱਖ ਸਕੱਤਰ ਤਾਮਿਲਨਾਡੂ ਨੇ ਮਹਾਨ ਸੰਤ ਨੰਦਾ ਨਰ ਜੀ ਉੱਪਰ ਇੱਕ ਲੰਬੀ ਕਵਿਤਾ "The Untouchable Journey" ਲਿਖੀ ਜੋ ਇੱਕ ਇਤਿਹਾਸ ਦਾ ਦਸਤਾਵੇਜ ਮੰਨਿਆ ਜਾਂਦਾ ਹੈ । ਚੌਰਜਾ ਰਾਜ ਦੇ ਮੁੱਖ ਮੰਤਰੀ ਅਤੇ ਮਹਾਨ ਵਿਦਵਾਨ ਸੇਕੀਯਰ, ਵਿਦਵਾਨ ਗੋਪਾਲਾ ਕ੍ਰਿਸ਼ਨ ਭਾਰਥੀਅਰ ਨੇ ਆਪ ਜੀ ਬਾਰੇ ਦਿਲ ਖੋਲ੍ਹ ਕੇ ਲਿਖਿਆ । ਆਪ ਜੀ ਦਾ ਜੀਵਨ ਸਮਾਜ ਵਿੱਚ ਵਿਚਰਦੇ ਆਮ ਲੋਕਾਂ ਅਤੇ ਸੰਤ ਮਹਾਂਪੁਰਸ਼ਾਂ ਲਈ ਸੇਧ ਚਿੰਨ੍ਹ ਹੈ । ਅੱਜ ਆਪ ਜੀ ਦੀਆਂ ਸਿਖਿਆਵਾਂ ਦਾ ਮਹੱਤਵ ਵੱਧ ਜਾਂਦਾ ਹੈ ।

ਜਦੋਂ ਅਸੀਂ ਸਮਾਜ ਵਿੱਚ ਅਸਮਾਨਤਾ, ਛੂਆ-ਛਾਤ ਦੀ ਭਾਵਨਾ ਕੰਮ ਕਰਦੀ ਵੇਖਦੇ ਹਾਂ, ਜਦੋਂ ਸਮਾਜ ਦੇ ਲੋਕ ਆਪਣੀ ਪਹਿਚਾਣ ਛੁਪਾ ਕੇ ਆਪਣਾ ਜੀਵਨ ਗੁਜਾਰਦੇ ਹਨ । ਉਸ ਸਮੇਂ ਮਹਾਨ ਸੰਤ ਨੰਦਾ ਨਰ ਜੀ ਜੋ ਚਮਾਰ ਜਾਤ ਵਿੱਚ ਜਨਮੇ ਯਾਦ ਆਉਂਦੇ ਹਨ । ਅਜਿਹੇ ਵਿਅਕਤੀਆਂ ਲਈ ਆਪਣੀ ਪਹਿਚਾਣ ਉਭਾਰਨ ਲਈ ਪ੍ਰੇਰਣਾ ਦਾ ਕੰਮ ਕਰਦੇ ਹਨ । [7]

## ਬਾਬਾ ਸੰਗਤ ਸਿੰਘ ਜੀ

ਬਾਬਾ ਸੰਗਤ ਸਿੰਘ ਜੀ ਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਦਾ ਸਰੂਪ ਸ਼੍ਰੀ ਗੁਰੂ

ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ। ਆਪ ਜੀ ਦੇ ਪਿਤਾ ਦਾ ਨਾਮ ਰਈਆ ਜੀ ਅਤੇ ਗੋਤਰ ਅਹੀਰ ਸੀ।ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਲੜਾਈ ਦੇ ਮੈਦਾਨ 'ਚੋਂ ਸੁਰੱਖਿਅਤ ਬਾਹਰ ਭੇਜਣ ਵਾਲਾ ਇਹ ਗੁਰੂ ਦਾ ਸਿੱਖ ਸੀ। ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਲਗੀ ਲਗਾ ਕੇ ਜੰਗ ਦੇ ਵਿੱਚ ਦੁਸ਼ਮਣਾ ਨੂੰ ਖਦੇੜਦਾ ਹੋਇਆ ਆਖਰੀ ਸਾਹਾਂ ਤੱਕ ਜੂਝਦਾ ਰਿਹਾ। ਜਦੋਂ ਤੱਕ ਗੁਰੂ ਜੀ ਬਿਲਕੁੱਲ ਸੁਰੱਖਿਅਤ ਪਟਨਾ ਨਹੀਂ ਪਹੁੰਚ ਗਏ ਉਦੋਂ ਤੱਕ ਦੁਸ਼ਮਣ ਦੀਆਂ ਤਲਵਾਰਾਂ ਹੇਠ ਨੱਚਦਾ ਰਿਹਾ। ਬਹਾਦਰ ਚਮਾਰ ਕੌਮ ਦਾ ਮਹਾਨ ਸਪੂਤ ਜੰਗ ਦੇ ਮੈਦਾਨ ਵਿੱਚ ਗੁਰੂ ਦੇ ਪਿਆਰ ਲਈ ਸ਼ਹਾਦਤ ਨੂੰ ਪ੍ਰਾਪਤ ਹੋ ਗਿਆ।[8]

## ਭਾਈ ਧਰਮ ਦਾਸ ਜੀ

1736 ਨੂੰ ਅਨੰਦਪੁਰ ਦੀ ਪਾਵਨ ਧਰਤੀ ਤੇ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਥਾਪਨਾ ਲਈ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਸਭ ਤੋਂ ਪਹਿਲਾ ਸੀਸ ਭਾਈ ਧਰਮ ਦਾਸ ਜੀ ਨੇ ਗੁਰੂ ਦੇ ਚਰਨਾਂ ਵਿੱਚ ਭੇਂਟ ਕਰਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ ਸੀ ਅਤੇ ਤਲੀ ਤੇ ਧਰ ਕੇ ਸੀਸ ਗੁਰੂ ਨੂੰ ਭੇਂਟ ਕੀਤਾ ਸੀ।[9]

## ਸ਼ਹੀਦ ਬਾਬਾ ਜੈ ਸਿੰਘ ਜੀ

ਸ਼ਹੀਦ ਬਾਬਾ ਜੈ ਸਿੰਘ ਖਲਕਾਟ ਜੀ ਨੂੰ ਮੌਕੇ ਦੇ ਮੁਸਲਮਾਨ ਹਾਕਿਮ ਵਲੋਂ ਬਹੁਤ ਤਸੀਹੇ ਦਿੱਤੇ ਗਏ। ਉਹਨਾਂ ਦੀ ਪੁੱਠੀ ਖੱਲ ਲਾਹ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ, ਕਿਉਂਕਿ ਉਹਨਾਂ ਨੇ ਜ਼ਾਲਿਮ ਦੇ ਅੱਗੇ ਸੀਸ ਨਹੀਂ ਝੁਕਾਇਆ ਸੀ। ਵਿਦਰੋਹ ਕਰਦੇ ਸਨ, ਸਦਾ ਬਾਗੀ ਸਨ ਜ਼ਾਲਿਮ ਹਕੂਮਤ ਦੇ ਮਜਲੂਮਾਂ ਦੇ ਹੱਕ ਲਈ ਸੰਘਰਸ਼ ਕਰਦੇ ਸਨ। ਇਸ ਲਈ ਬਾਬਾ ਜੀ ਨੂੰ ਪਿੱਪਲ ਨਾਲ ਪੁੱਠਾ ਟੰਗ ਕੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੇ ਵਾਲ ਤੱਕ ਦੀ ਖੱਲ ਉਤਾਰ ਕੇ ਸ਼ਹੀਦ ਕਰ ਦਿੱਤਾ ਸੀ।[10]

## ਭਾਈ ਮਹਿਤਾਬ ਸਿੰਘ ਜੀ

ਇੱਕ ਧਾਰਮਿਕ ਪਾਵਨ ਅਸਥਾਨ ਉੱਪਰ ਲੱਖਾਂ ਕਰੋੜਾਂ ਲੋਕ ਸੀਸ ਝੁਕਾਉਂਦੇ ਹਨ ਦੁਆਵਾਂ ਮੰਗਦੇ ਹਨ ਪਰ ਅਜਿਹੇ ਪਾਵਨ ਅਸਥਾਨ ਉੱਪਰ ਕੋਈ ਗੰਦੀ ਮਾਨਸਿਕਤਾ ਨਾਲ ਨਜ਼ਰ ਰੱਖਦਾ ਹੋਵੇ ਤਾਂ ਉਸ ਦਾ ਹਸ਼ਰ ਬਹੁਤ ਮਾੜਾ ਹੁੰਦਾ ਹੈ। ਮੱਸਾ ਰੰਗੜ ਜਦੋਂ ਸ਼੍ਰੀ ਦਰਬਾਰ ਸਾਹਿਬ ਤੇ ਹੁੱਕਾ ਪੀਂਦਾ ਸੀ, ਕੰਜਰੀਆਂ ਨਚਾਉਂਦਾ ਸੀ ਅਤੇ ਦਰਬਾਰ ਸਾਹਿਬ ਦੀ ਬੇਅਦਬੀ ਕਰਦਾ ਸੀ। ਇਸ ਨੀਚ ਹਰਕਤ ਨੂੰ ਮਹਿਤਾਬ ਸਿੰਘ ਮੀਰ ਕੋਟੀਆ ਸਹਾਰ ਨਾ ਸਕਿਆ। ਉਹਨਾਂ ਨੇ ਭਾਈ ਸੁੱਖਾ ਸਿੰਘ ਨੂੰ ਨਾਲ ਲੈ ਕੇ ਖੱਚਰਾਂ ਦੀਆਂ ਖੁਰਜੀਆਂ ਠੀਕਰੀਆਂ ਨਾਲ ਭਰ ਲਈਆਂ ਅਤੇ ਉੱਪਰ ਚਾਂਦੀ ਦੇ ਸਿੱਕੇ ਪਾ ਲਏ। ਕਰ ਦੇਣ ਦੇ ਬਹਾਨੇ ਸ਼੍ਰੀ ਦਰਬਾਰ ਸਾਹਿਬ ਵਿੱਚ ਮੱਸਾ ਰੰਗੜ ਦੇ ਕੋਲ ਪਹੁੰਚ ਗਏ। 6 ਮਈ 1740 ਨੂੰ ਭਾਈ ਮਹਿਤਾਬ ਸਿੰਘ ਜੀ ਨੇ ਮੱਸਾ ਰੰਗੜ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਅਤੇ ਬੀਕਾਨੇਰ ਲਿਜਾ ਕੇ ਸਮਾਜ ਅੱਗੇ ਮੱਸੇ ਰੰਗੜ ਦਾ ਸਿਰ ਪੇਸ਼ ਕੀਤਾ। ਅੰਤ ਵਿੱਚ ਜਦੋਂ ਹਕੂਮਤ ਨੇ ਉਸ ਨੂੰ ਫੜ੍ਹ ਲਿਆ ਤਾਂ ਉਸ ਨੂੰ ਅਤੇ ਉਸ ਦੇ ਛੋਟੇ ਬੱਚਿਆਂ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।[11]

# ਮਹਾਨ ਸੰਤ ਬ੍ਰਹਮ ਦਾਸ ਜੀ

"ਸਾਧੂ ਸੰਤ ਸਾਡੀ ਜਾਤ ਲਈ ਭਾਰ ਸਾਬਤ ਹੋਏ ਹਨ । ਇਹ ਹਰ ਯਾਤਰੀ ਦੇ ਆਖਰੀ ਮੰਜਿਲ ਤੱਕ ਪਹੁੰਚਣ ਦੇ ਰਾਹ ਵਿੱਚ ਰੁਕਾਵਟ ਬਣਦੇ ਹਨ । ਇਹ ਸਾਧੂ ਸੰਤ ਭੋਲੀ ਭਾਲੀ ਜਨਤਾਂ ਨੂੰ ਗੁੰਮਰਾਹ ਕਰਦੇ ਹਨ, ਉਹਨਾਂ ਨੂੰ ਵਹਿਮਾਂ ਭਰਮਾਂ ਦੇ ਜਾਲ ਵਿੱਚ ਫਸਾਉਂਦੇ ਹਨ, ਉਹਨਾਂ ਨੂੰ ਝੂਠੇ ਯਕੀਨ ਦਵਾਉਂਦੇ ਹਨ ਅਤੇ ਆਪਣੀ ਪੇਟ ਪੂਜਾ ਕਰਦੇ ਹਨ। ਪਰ ਮੈਂ ਤੁਹਾਡੀ ਬਹੁਤ ਤਰੀਫ਼ ਸੁਣੀ ਹੈ । ਤੁਸਾਂ ਇਹਨਾਂ ਲੋਕਾਂ ਨੂੰ ਵਹਿਮਾਂ ਭਰਮਾਂ ਚੋਂ ਕੱਢਣ ਲਈ ਤਾਰੀਫ਼ਯੋਗ ਕੰਮ ਕੀਤਾ ਹੈ। ਤੁਸਾਂ ਜਿਹੜੀ ਦਲੇਰੀ ਨਾਲ ਇਹਨਾਂ ਗਰੀਬ ਅਤੇ ਅਨਪੜ੍ਹ ਭਰਾਵਾਂ ਵਿੱਚ ਕੰਮ ਕੀਤਾ ਉਹ ਜਾਣ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ। ਪੰਜਾਬ ਦੇ ਅਛੂਤਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਵਿੱਚ ਆਪ ਜੀ ਦਾ ਚੋਖਾ ਹੱਥ ਹੈ। ਮੇਰੀ ਦਿਲੀ ਇੱਛਾ ਹੈ ਕਿ ਮੇਰੀ ਜਾਤ ਵਿੱਚ ਤੁਸਾਂ ਜਿਹੇ ਸੰਤ ਜਨਮ ਲੈਣ, ਜਿਹਨਾਂ ਦੇ ਜੀਵਨ ਦਾ ਉਦੇਸ਼ ਸਿਰਫ ਦੀਨ-ਦੁਖੀਆਂ ਤੇ ਅਛੂਤਾਂ ਦੀ ਭਲਾਈ ਕਰਨਾ ਹੋਵੇ। ਜੇਕਰ ਤੁਸਾਂ ਵਾਂਗ ਸਾਡੇ ਸਾਧ ਸੰਤ ਵੀ ਲੋਕਾਂ ਦੀ ਦੇਰ ਤੋਂ ਸੁੱਤੀ ਹੋਈ ਚੇਤਨਾ ਜਗਾਣ ਵਿੱਚ ਜੁੱਟ ਜਾਣ ਤਾਂ ਅਛੂਤਾਂ ਦਾ ਬਹੁਤ ਭਲਾ ਹੋ ਸਕਦਾ ਹੈ।" ਇਹ ਸ਼ਬਦ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੇ ਹਨ ਜੋ ਉਹਨਾਂ ਦਲਿਤ ਸਮਾਜ ਦੇ ਮਹਾਨ ਸੰਤ ਬ੍ਰਹਮ ਦਾਸ ਜੀ ਲਈ ਕਹੇ ਸਨ। ਪੰਜਾਬ ਦੇ ਇਤਿਹਾਸ ਵਿੱਚ ਦੋ ਸੰਤਾਂ ਦਾ ਜ਼ਿਕਰ ਮਿਲਦਾ ਹੈ ਜਿਹਨਾਂ ਦੇ ਸੰਪਰਕ 'ਚ ਬਾਬਾ ਸਾਹਿਬ ਰਹੇ ਜਿਹਨਾਂ ਤੋਂ ਪ੍ਰਭਾਵਿਤ ਰਹੇ। ਜਿਨ੍ਹਾਂ ਵਿੱਚ ਇੱਕ ਸੰਤ ਸਰਵਣ ਦਾਸ ਜੀ ਅਤੇ ਦੂਜੇ ਸੰਤ ਬ੍ਰਹਮ ਦਾਸ ਜੀ (ਫਿਲੌਰ)। ਇੱਕ ਸੰਤ ਮਹਾਂਪੁਰਸ਼ ਬਾਬਾ ਸਾਹਿਬ ਜੀ ਨੂੰ ਅਸ਼ੀਰਵਾਦ ਦਿੰਦੇ ਹੋਏ ਕਹਿੰਦੇ ਹਨ "ਮੇਰੇ ਸ਼ੇਰ ਪੁੱਤਰਾ ਤੂੰ ਕੌਮ ਦੀ ਭਲਾਈ ਲਈ ਏਸੇ ਤਰ੍ਹਾਂ ਡਟਿਆ ਰਹੀਂ, ਕਾਮਯਾਬੀ ਤੇਰੇ ਪੈਰ ਚੁੰਮੇਗੀ, ਲੋਕ ਤੇਰੇ ਉੱਪਰ ਮਾਣ ਕਰਿਆ ਕਰਨਗੇ ।" ਅਤੇ ਦੂਜੇ ਸੰਤ ਬ੍ਰਹਮ ਦਾਸ ਜੀ "ਬਾਬਾ ਸਾਹਿਬ ! ਜੇਕਰ ਆਪ ਇਸ ਜਨਮ ਵਿੱਚ ਅਛੂਤਾਂ ਦੀਆਂ ਗੁਲਾਮੀ ਦੀਆਂ ਜ਼ੰਜ਼ੀਰਾਂ ਨਾ ਤੋੜ ਸਕੇ ਤਾਂ ਦੁਬਾਰਾ ਇਹਨਾਂ ਲੋਕਾਂ ਵਿੱਚ ਹੀ ਜਨਮ ਲੈਣਾ ।"

ਮਹਾਨ ਪਰਉਪਕਾਰੀ, ਮਾਨਵਤਾਵਾਦੀ, ਤਰਕਸ਼ੀਲ, ਅਗਾਂਹਵਧੂ ਸੋਚ ਦੇ ਮਾਲਿਕ ਮਾਨਵਤਾ ਦੇ ਪੁੰਜ ਸੰਤ ਬਾਬਾ ਬ੍ਰਹਮ ਦਾਸ ਜੀ ਦਾ ਜਨਮ ਪਿਤਾ ਸਤਿਕਾਰਯੋਗ ਰੁਲੀਆ ਰਾਮ ਜੀ ਦੇ ਘਰ ਮਾਤਾ ਸਤਿਕਾਰਯੋਗ ਜੀਓ ਜੀ ਦੀ ਕੁੱਖੋਂ ਹੋਇਆ।ਪਿੰਡ ਟਿੰਬਾ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਆਪ ਜੀ 20 ਸਾਲ ਦੇ ਲਗਭਗ ਖੇਤੀਬਾੜੀ ਕਰਦੇ ਰਹੇ । ਆਪ ਜੀ ਦੀ ਸ਼ਾਦੀ ਪਿੰਡ ਪਹੀੜ ਨੇੜੇ ਮੰਡੀ ਗੋਬਿੰਦਗੜ੍ਹ (ਮਲੇਰਕੋਟਲਾ) ਵਿਖੇ ਮਾਤਾ ਘੁਨੀ ਜੀ ਨਾਲ ਹੋਈ। ਆਪ ਜੀ ਮਾਨਵਤਾ ਦੇ ਭਲੇ ਹਿੱਤ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਸਮਾਜ ਸਿਰਜਣ ਦੀ ਕਾਮਨਾ ਨਾਲ ਤਰਕਸ਼ੀਲ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਹਿਤ ਕਈ ਦੇਸ਼ਾਂ ਦੀ ਯਾਤਰਾ ਵੀ ਕੀਤੀ। ਆਪ ਜੀ ਨੂੰ ਨਾਮ ਅਤੇ ਭੇਖ ਦੀ ਦਾਤ ਸਈਅਦ ਮੁਸਲਮਪੀਰ ਮੌਲੇ ਸ਼ਾਹ ਜੀ ਨੇ ਦਿੱਤੀ ਸੀ। ਜੋ ਫਕੀਰ ਸਮਾਨਤਾ, ਭਾਈਚਾਰੇ ਦੀ ਸੋਚ ਦੇ ਮਾਲਿਕ ਜਾਤ-ਪਾਤ ਅਤੇ ਛੂਆ-ਛਾਤ ਦੇ ਪੱਕੇ ਵਿਰੋਧੀ ਸਨ। ਆਪ ਜੀ ਵਹਿਮਾਂ-ਭਰਮਾਂ ਦੇ ਅਤੇ ਵਿਖਾਵਿਆਂ ਦੇ ਸਖਤ ਵਿਰੋਧੀ ਸਨ। ਆਪ ਸੰਗਤਾਂ ਨੂੰ ਆਪਣੀ ਹਾਲਤ ਬਦਲਣ ਲਈ ਪ੍ਰੇਰਿਤ ਕਰਦੇ। ਆਪ ਜੀ ਦੇ ਸੰਤਾਂ, ਸਮਾਨਤਾ ਦੇ ਵਿਚਾਰਾਂ ਕਰਕੇ ਆਪ ਜੀ ਦੇ ਕਾਰਜਾਂ ਕਰਕੇ ਆਪ ਜੀ ਦੇ ਬਾਬਾ ਸਾਹਿਬ ਵੀ ਅਨੁਯਾਈ ਸਨ।

ਆਪ ਜੀ ਧਾਰਮਿਕ ਖਿਆਲਾਂ ਦੇ ਹੋਣ ਦੇ ਨਾਲ ਨਾਲ ਸਮਾਜਿਕ, ਰਾਜਨੀਤਿਕ ਆਰਥਿਕ ਪਹੁੰਚ ਨੂੰ ਵੀ ਵੇਖਦੇ ਸਨ। ਆਪ ਜੀ ਨੇ ਬਾਬਾ ਸਹਿਬ ਨੂੰ ਕੌਮ ਦੇ ਭਲੇ ਲਈ ਪੰਜਾਬ ਦੀ ਧਰਤੀ ਉੱਪਰ ਲਿਆਂਦਾ। ਆਪ ਜੀ ਨੇ ਬਾਬਾ ਸਾਹਿਬ ਜੀ ਨਾਲ ਵਿਚਾਰ ਗੋਸ਼ਟੀ ਕੀਤੀ।

ਆਪ ਜੀ ਨੇ ਸੰਗਤਾਂ ਦੇ ਸਾਹਮਣੇ ਪ੍ਰਵਚਨ ਕਰਦਿਆਂ ਕਿਹਾ ਕਿ "ਬਾਬਾ ਸਾਹਿਬ ਜੀ, ਤੁਹਾਡੀ ਕਲਮ ਅੱਗੇ ਦਲਿਤ ਸਮਾਜ ਦੀ ਤਕਦੀਰ ਹੈ ਤੇ ਆਪ ਇਹਨਾਂ ਦੀ ਤਕਦੀਰ ਬਦਲ ਦਿਉ, ਸੰਤਾਂ ਨੇ ਅੱਗੇ ਕਿਹਾ ਬਾਬਾ ਸਾਹਿਬ ਬਹੁਤ ਕਠਿਨ ਮਿਹਨਤ ਨਾਲ ਪੜ੍ਹੇ ਹਨ ਇਹਨਾਂ ਨਾਲ ਗੈਰ ਮਨੁੱਖੀ ਵਰਤਾਰਾ ਕੀਤਾ ਜਾਂਦਾ ਰਿਹਾ। ਪਰ ਆਪ ਜੀ ਦੀ ਕਠਿਨ ਮਿਹਨਤ ਦ੍ਰਿੜ ਸੰਕਲਪ, ਉੱਚ ਚਰਿੱਤਰ ਸ਼ੁਭ ਇਛਾਵਾਂ ਤੇ ਉਦੇਸ਼ ਦੇ ਕਾਰਨ ਹੀ ਪ੍ਰਸਿੱਧੀ ਦੀ ਅੰਤਿਮ ਪੌੜੀ ਤੇ ਚੜ੍ਹੇ ਹੋ। ਬਾਬਾ ਸਾਹਿਬ ਦਾ ਮਿਸ਼ਨ ਸਾਨੂੰ ਸੰਘਰਸ਼ ਲਈ ਪੁਕਾਰ ਰਿਹਾ ਹੈ, ਸਾਨੂੰ ਆਪਣੀ ਆਜ਼ਾਦੀ ਦਾ ਅੰਦੋਲਨ ਸ਼ੁਰੂ ਕਰਨਾ ਚਾਹੀਦਾ ਹੈ। ਅੱਜ ਬਾਬਾ ਸਾਹਿਬ ਜੀ ਦਾ ਜਨਮ ਦਿਨ ਹੈ ਤੇ ਮੈਂ ਆਪਣੇ ਲੋਕਾਂ ਨੂੰ ਇਹੀ ਕਹਿਣਾ ਹੈ ਕਿ ਮਨੁੱਖ ਉਹੀ ਹੈ ਜੋ ਮਾਨ-ਸਨਮਾਨ ਨਾਲ ਜੀਵੇ। ਗੁਲਾਮੀ ਦੇ ਜੀਵਨ ਨਾਲੋਂ ਮਰ ਜਾਣਾ ਹੀ ਚੰਗਾ ਹੈ। ਆਪਣੇ ਅੰਦਰ ਪਰਿਵਰਤਨ ਲਿਆਉ, ਬੱਚਿਆਂ ਨੂੰ ਸਿੱਖਿਅਤ ਬਣਾਉ ਅਤੇ ਵਿਆਹ ਤੇ ਮੌਤ ਸੰਬੰਧੀ ਰੀਤੀ ਰਿਵਾਜਾਂ ਉੱਪਰ ਜਿਆਦਾ ਪੈਸਾ ਖਰਚ ਨਾ ਕਰੋ। ਅਡੰਬਰ ਤੇ ਪਖੰਡਬਾਜੀ ਕਰਨ ਵਾਲੇ ਖੁਦਾ ਦੇ ਠੇਕੇਦਾਰਾਂ ਨੂੰ ਮੂੰਹ ਨਾ ਲਗਾਉ ਜੋ ਨਰਕ-ਸੁਰਗ ਦੀਆਂ ਗੱਲਾਂ ਕਰਦੇ ਹਨ। ਉਹਨਾਂ ਤੇ ਭਰੋਸਾ ਕਰਨੇ ਨਾਲੋਂ ਚੰਗਾ ਹੈ ਆਪਣੇ ਪੈਰਾਂ ਉੱਪਰ ਖੜ੍ਹੇ ਹੋ ਜਾਉ। ਜਿਸ ਦਿਨ ਸਾਡੇ ਵਿੱਚ ਏਕਤਾ ਹੋ ਗਈ ਤਾਂ ਅਸੀਂ ਦੇਸ਼ ਦੇ ਸ਼ਾਸ਼ਕ ਹੋਵਾਂਗੇ।"

ਸੰਤ ਬਾਬਾ ਬ੍ਰਹਮ ਦਾਸ ਜੀ ਨੇ ਇਹ ਭਾਸ਼ਣ 14 ਅਪ੍ਰੈਲ 1948 ਨੂੰ ਬਾਬਾ ਸਾਹਿਬ ਜੀ ਦੀ ਮੌਜੂਦਗੀ ਵਿੱਚ ਸੰਗਤਾਂ ਨੂੰ ਆਪਣੇ ਡੇਰੇ ਵਿਖੇ ਦਿੱਤਾ ਸੀ। ਆਪ ਜੀ ਦਾ ਬਾਬਾ ਸਾਹਿਬ ਜੀ ਨਾਲ ਬਹੁਤ ਗੂੜ੍ਹਾ ਪ੍ਰੇਮ ਪਿਆਰ ਸੀ। ਆਪ ਜੀ ਇੱਕ ਵਾਰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਮਿਲਣ ਦਿੱਲੀ ਗਏ, ਬਾਬਾ ਸਾਹਿਬ ਜੀ ਨਾਲ ਮੁਲਾਕਾਤ ਕੀਤੀ। ਬਾਬਾ ਸਾਹਿਬ ਜੀ ਨੇ ਸੰਤ ਬਾਬਾ ਬ੍ਰਹਮ ਦਾਸ ਜੀ ਨੂੰ ਪੁੱਛਿਆ ਕਿ ਨਾਥ ਜੀ ਤੁਸੀਂ ਕਿਸ ਨੂੰ ਮੰਨਦੇ ਹੋ ? ਤਾਂ ਬਾਬਾ ਬ੍ਰਹਮ ਦਾਸ ਜੀ ਕੁਝ ਸਮਾਂ ਚੁੱਪ ਰਹੇ ਤੇ ਬੋਲੇ, "ਅਸੀਂ ਜੋ ਸਹਾਰਾ ਦੇਵੇ ਉਸ ਨੂੰ ਮੰਨਦੇ ਹਾਂ"। ਅਜਿਹਾ ਸੁਣਨ ਤੇ ਬਾਬਾ ਸਾਹਿਬ ਜੀ ਖੂਬ ਹੱਸੇ ਤੇ ਤਾੜੀ ਵਜਾਈ ਤੇ ਕਿਹਾ ਨਾਥ ਜੀ ਆਪ ਜੀ ਨੇ ਬਹੁਤ ਅੱਛੀ ਬਾਤ ਕਹੀ ਹੈ। ਆਪ ਜੀ ਤੋਂ ਪੂਰਨ ਸੰਤ ਹੋ ਹਮਕੋ ਆਪ ਜੈਸੇ ਮਹਾਂਪੁਰਸ਼ਾਂ ਸੇ ਬਹੁਤ ਜਿਆਦਾ ਆਸ਼ਾ ਹੈ, ਆਪ ਹੀ ਹਮਾਰੀ ਕੌਮ ਕੀ ਭਲਾਈ ਕਰੋਗੇ। ਫਿਰ ਜਦੋਂ 28 ਅਕਤੂਬਰ 1951 ਨੂੰ ਸ਼ਾਮ ਨੂੰ ਮਾਈ ਚੰਦੋ ਜੀ ਦੀ ਸਮਾਧ ਤੇ ਖਾਣਾ ਖਾਣ ਗਏ ਤਾਂ ਬਾਬਾ ਬ੍ਰਹਮ ਦਾਸ ਜੀ ਨੇ ਸਾਰੇ ਖਾਣੇ ਦਾ ਪ੍ਰਬੰਧ ਕੀਤਾ। ਬਾਬਾ ਸਾਹਿਬ ਜੀ ਨੇ ਬਾਬਾ ਬ੍ਰਹਮ ਦਾਸ ਜੀ ਤੋਂ ਪੁੱਛਿਆ ਕਿ

ਨਾਥ ਜੀ ਤੁਸੀਂ ਇਤਨਾ ਖਰਚਾ ਕਿਉਂ ਕੀਤਾ ਇਸ ਦੀ ਕੀ ਜਰੂਰਤ ਸੀ ਤਾਂ ਸੰਤ ਬ੍ਰਹਮ ਦਾਸ ਜੀ ਉਠ ਖੜੋਏ ਅਤੇ ਹੱਥ ਜੋੜ ਕੇ ਬੋਲੇ "ਤੁਸੀਂ ਸਾਡੀ ਕੌਮ ਦੇ ਬੇਤਾਜ ਬਾਦਸ਼ਾਹ ਹੋ ਅਸੀਂ ਪੰਜਾਬ ਦੇ ਲੋਕ ਤੁਹਾਡੀ ਲੀਡਰਸ਼ਿਪ ਤੇ ਪੂਰਾ ਯਕੀਨ ਰੱਖਦੇ ਹਾਂ। ਤੁਹਾਡੇ ਹਰ ਇਸ਼ਾਰੇ ਤੇ ਮਰ ਮਿਟਣ ਲਈ ਤਿਆਰ ਹਾਂ। ਤੁਸੀਂ ਜਦ ਵੀ ਅਵਾਜ਼ ਦਿਉਗੇ ਪੰਜਾਬ ਦੇ ਲੋਕਾਂ ਨੂੰ ਅੱਗੇ ਪਾਉਗੇ।

ਤੁਸੀਂ ਗਰੀਬ ਜਨਤਾਂ ਦੀਆਂ ਗੁਲਾਮੀ ਦੀਆਂ ਬੇੜੀਆਂ ਕੱਟ ਦਿਉ। ਬਾਬਾ ਸਾਹਿਬ ਤੁਸੀਂ ਹਿੰਦੂਆਂ ਦੇ ਗਾਂਧੀ ਕੋਲੋਂ ਕੀ ਲੈਣਾ ਸੀ ? ਇਹ ਲੋਕ ਜਾਣਦੇ ਨਹੀਂ ਕਿ ਮਨੁੱਖਤਾ ਕਿਸ ਨੂੰ ਕਹਿੰਦੇ ਹਨ ? ਆਪ ਮੁਸਲਮਾਨ ਜਾਂ ਈਸਾਈ ਬਣ ਜਾਂਦੇ। ਮੌਜੂਦ ਇਸਤਰੀ ਵੱਲ ਇਸ਼ਾਰਾ ਕਰਦੇ ਹੋਏ ਸੰਤ ਜੀ ਨੇ ਕਿਹਾ "ਇਹਨਾਂ ਵਿਚਾਰੀਆਂ ਨੂੰ ਇੱਜ਼ਤ ਦਾ ਜੀਵਨ ਦਿਉ ਮੈਂ ਇਹਨਾਂ ਦੀ ਭੈੜੀ ਹਾਲਤ ਹੋਰ ਨਹੀਂ ਵੇਖ ਸਕਦਾ। ਬਾਬਾ ਸਾਹਿਬ ਇਸ ਗਰੀਬ ਜਨਤਾਂ ਦੇ ਦੁੱਖ ਦਰਦ ਦੂਰ ਕਦੋਂ ਹੋਣਗੇ। ਇਹ ਸਭ ਕਹਿਣ ਤੇ ਬਾਬਾ ਬ੍ਰਹਮ ਦਾਸ ਜੀ ਦਾ ਗਲਾ ਭਰ ਆਇਆ, ਉਹਨਾਂ ਦੀਆਂ ਅੱਖਾਂ ਭਰ ਆਈਆਂ ਪਰ ਆਪਣੀ ਗੱਲ ਜਾਰੀ ਰੱਖੀ ਕਿਹਾ "ਬਾਬਾ ਸਾਹਿਬ ! ਜੇਕਰ ਆਪ ਇਸ ਜਨਮ ਵਿੱਚ ਅਛੂਤ ਲੋਕਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਨਾ ਸਕੇ ਤਾਂ

ਦੁਬਾਰਾ ਇਹਨਾਂ ਲੋਕਾਂ ਵਿੱਚ ਹੀ ਜਨਮ ਲੈਣਾ ।" ਇੱਕ ਦਰਦ ਭਰੀ ਅਵਾਜ਼ ਨੇ ਬਾਬਾ ਸਾਹਿਬ ਜੀ ਦਾ ਦਿਲ ਪਸੀਜ ਦਿੱਤਾ ਅਤੇ ਆਪਣੇ ਭਾਸ਼ਣ ਦੌਰਾਨ ਬਾਬਾ ਸਾਹਿਬ ਜੀ ਨੇ ਕਿਹਾ "ਮੇਰੀ ਦਿਲੀ ਇੱਛਾ ਹੈ ਕਿ ਮੇਰੀ ਜਾਤ ਵਿੱਚ ਤੁਸਾਂ ਜਿਹੇ ਸੰਤ ਜਨਮ ਲੈਣ ਜਿਹਨਾਂ ਦਾ ਜੀਵਨ ਉਦੇਸ਼ ਸਿਰਫ ਦੀਨ-ਦੁਖੀਆਂ ਤੇ ਅਛੂਤਾਂ ਦੀ ਭਲਾਈ ਕਰਨਾ ਹੋਵੇ । ਜੇਕਰ ਤੁਸਾਂ ਵਾਂਗ ਸਾਧ ਸੰਤ ਵੀ ਲੋਕਾਂ ਦੀ ਦੇਰ ਤੋਂ ਸੁੱਤੀ ਹੋਈ ਚੇਤਨਾ ਜਗਾਉਣ ਵਿੱਚ ਜੁੱਟ ਜਾਣ ਤਾਂ ਉਹ ਅਛੂਤਾਂ ਦਾ ਬਹੁਤ ਭਲਾ ਕਰ ਸਕਦੇ ਹਨ।"

ਆਪ ਜੀ ਦਾ ਜੀਵਨ ਸੰਘਰਸ਼ ਅਤੇ ਪ੍ਰੇਰਨਾ ਨਾਲ ਗੁਜਰਿਆ। ਆਪ ਕਿਹਾ ਕਰਦੇ ਸਨ ਕਿ ਆਪ ਹਿੰਮਤੀ ਬਣੋ, ਬੱਚਿਆਂ ਨੂੰ ਪੜ੍ਹਾਓ, ਊਟ ਪਟਾਂਗ ਜਿਹੀਆਂ ਘਟੀਆ ਕਿਤਾਬਾਂ ਸਾੜ ਦਿਉ, ਗ੍ਰੰਥਾਂ ਦਾ ਪਾਠ ਕਰਨਾ ਬੰਦ ਕਰੋ। ਇਹ ਕਿਤਾਬਾਂ ਇਨਸਾਨੀਅਤ ਦੇ ਦੁਸ਼ਮਣਾਂ ਨੇ ਲਿਖੀਆਂ ਹਨ। ਆਪਣੇ ਅੰਦਰ ਤਬਦੀਲੀ ਲਿਆਓ ਦੱਬੀ ਹੋਈ ਕੌਮ ਨੂੰ ਉੱਪਰ ਉਠਾਓ । ਮੰਦਿਰ ਗੁਰਦਵਾਰਿਆਂ 'ਚ ਢੋਲਕੀਆਂ ਛੈਣੇ ਨਾ ਖੜਕਾਓ। ਇਸ ਗੱਲ ਨਾਲ ਤੁਹਾਡਾ ਜਾਂ ਤੁਹਾਡੀ ਕੌਮ ਦਾ ਭਲਾ ਨਹੀਂ ਹੋਵੇਗਾ। ਪਾਠ, ਪੂਜਾ, ਕੀਰਤਨ, ਰੋਜੇ ਵਰਤ ਨਵਾਜ ਆਦਿ ਸਭ ਮਜ੍ਹਬੀ ਬਖੇੜੇ ਹਨ। ਉਹਨਾਂ ਕਾਰਨਾਂ ਦੀ ਵਿਚਾਰ ਕਰੋ ਜਿਹਨਾਂ ਕਰਕੇ ਤੁਸੀਂ ਗੁਲਾਮੀ ਦਾ ਜੀਵਨ ਗੁਜਾਰਿਆ ਹੈ, ਮਿਸ਼ਨ ਹਮੇਸ਼ਾ ਚੱਲਦਾ ਰੱਖੋ। ਗੁਰੂ ਰਵਿਦਾਸ ਜੀ ਦਾ ਸਿਰਫ ਜਨਮ ਦਿਨ ਹੀ ਨਹੀਂ ਉਹਨਾਂ ਦੀ ਵਿਚਾਰਧਾਰਾ ਅਪਣਾਓ। ਬਾਬਾ ਸਾਹਿਬ ਦੀ ਅਗਵਾਈ 'ਚ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਦਿਉ। ਸੰਤ ਬਾਬਾ ਬ੍ਰਹਮ ਦਾਸ ਜੀ ਇੱਕ ਧਾਰਮਿਕ, ਰਾਜਨੀਤਿਕ, ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਪੂਰਨ ਸੰਤ ਸਨ। ਉਹਨਾਂ ਦਾ ਜੋ ਸਮਾਜ ਨੂੰ ਉੱਪਰ ਚੁੱਕਣ ਦੀ

ਚਿੰਤਾਂ ਅਤੇ ਚਿੰਤਨ ਕੰਮ ਕਰਦਾ ਸੀ ਉਸ ਲਈ ਉਹ ਹਮੇਸ਼ਾ ਸਾਡੇ ਦਿਲਾਂ ਵਿੱਚ ਵੱਸਦੇ ਰਹਿਣਗੇ । ਆਉ ਵਿਚਾਰ ਕਰੀਏ ਅਤੇ ਉਹਨਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣਾ ਅਤੇ ਆਪਣੀ ਕੌਮ ਦਾ ਭਲਾ ਕਰੀਏ ।[12]

## ਸ਼ਿਵ ਨਰਾਇਣ ਪੰਥ

ਸ਼ਿਵ ਨਰਾਇਣ ਗੁਰੂ ਰਵਿਦਾਸ ਜੀ ਦੀਆਂ ਸਿਖਿਆਵਾਂ ਉੱਪਰ ਅਧਾਰਤ ਉੱਤਰ ਪ੍ਰਦੇਸ਼ ਵਿੱਚ 18ਵੀਂ ਸਦੀ ਦੇ ਅਖੀਰ ਵਿੱਚ ਚੱਲਿਆ ਸੀ। 1901 ਵਿੱਚ ਇਸ ਪੰਧ ਦੇ ਪੈਰੋਕਾਰਾਂ ਦੀ ਗਿਣਤੀ 46727 ਸੀ। ਇਸ ਪੰਥ ਨੂੰ ਚਲਾਉਣ ਵਾਲੇ ਰਾਜਪੂਤ ਸੀ। ਰਾਜਪੂਤ ਘਰਾਣਿਆਂ ਉੱਪਰ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦਾ ਗਹਿਰਾ ਪ੍ਰਭਾਵ ਹੈ। ਇਹ ਪੰਥ ਸਰਵ ਸਾਂਝਾ ਸੀ ਪਰ ਚਮਾਰ ਜਾਤ ਦੀ ਪਹਿਚਾਣ ਹੋ ਕੇ ਰਹਿ ਗਿਆ। ਗੁਰੂ ਰਵਿਦਾਸ ਬਾਣੀ ਦਾ ਇਸ ਤੋਂ ਪ੍ਰਚਾਰ ਕੀਤਾ ਜਾਂਦਾ ਹੈ । ਇਸ ਪੰਥ ਦੀ ਖਾਸੀਅਤ ਇਹ ਹੈ ਕਿ ਇਸ ਦੀ ਗੱਦੀ ਉੱਪਰ ਚਮਾਰ ਜਾਤ ਦਾ ਵਿਅਕਤੀ ਹੀ ਬੈਠਦਾ ਹੈ, ਜੋ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਕਰਦਾ ਹੈ ।[13]

## ਸਤਨਾਮੀ ਲਹਿਰ

ਸਤਨਾਮੀ ਪੰਥ ਸਭ ਤੋਂ ਪਹਿਲਾਂ 17ਵੀਂ ਸਦੀ ਵਿੱਚ ਦਿੱਲੀ ਤੋਂ 75 ਮੀਲ ਦੱਖਣ ਪੱਛਮ ਵਿੱਚ ਨਾਰਨੋਲ ਉਭਾਰ 'ਚ ਆਇਆ । ਇਸ ਦੇ ਸਿਧਾਂਤ ਬਹੁਤ ਹੀ ਰਹੱਸਪੂਰਨ ਸੀ ਅਤੇ ਆਪਣੇ ਖਾਣ ਪੀਣ 'ਚ ਸ਼ੁੱਧਤਾ, ਸਾਫ-ਸਫਾਈ ਲਈ ਪ੍ਰਸਿੱਧ ਸੀ। ਇਸ ਦੇ ਪੈਰੋਕਾਰਾਂ ਦਾ ਔਰੰਗਜੇਬ ਨਾਲ ਸੰਘਰਸ਼ ਹੋਇਆ ਸੀ ਤੇ ਔਰੰਗਜੇਬ ਦੀ ਕੱਟੜਤਾ ਅੱਗੇ ਵਿਖਰ ਗਿਆ ਸੀ। ਇਹ ਗੁਰੂ ਕਬੀਰ, ਗੁਰੂ ਰਵਿਦਾਸ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਸੀ। 1911 'ਚ ਕੇਂਦਰੀ ਪ੍ਰਾਂਤ ਵਿੱਚ 460280 ਸਤਨਾਮੀ ਸੀ, 1901 ਦੀ ਜਨਗਣਨਾ ਤੋਂ ਬਾਅਦ ਇਸ ਦੀ ਅਬਾਦੀ ਵਿੱਚ

15% ਇਜਾਫਾ ਹੋਇਆ।[14]

## ਸੰਤ ਜਗਜੀਵਨ ਦਾਸ ਜੀ

ਜੋ ਸਤਨਾਮੀ ਲਹਿਰ, ਔਰੰਗਜੇਬ ਦੀ ਕੱਟੜਤਾ ਨੇ ਵਿਖੇਰ ਕੇ ਰੱਖ ਦਿੱਤੀ ਸੀ । ਉਸ ਵਿਚਾਰਾਧਾਰਾ ਦਾ ਪ੍ਰਚਾਰ ਫਿਰ ਤੋਂ ਸੰਤ ਜਗਜੀਵਨ ਦਾਸ ਜੀ ਨੇ ਸ਼ੁਰੂ ਕੀਤਾ। ਸੰਤ ਜਗਜੀਵਨ ਦਾਸ ਜੀ ਲਖਨਊ ਤੋਂ ਥੋੜ੍ਹੀ ਦੂਰ ਪਿੰਡ ਵਿੱਚ ਜਨਮੇ ਸਨ । ਆਪ ਜੀ ਦੇ ਪਿਤਾ ਜੀ ਕਿਸਾਨੀ ਦਾ ਕੰਮ ਕਰਦੇ ਸਨ। ਆਪ ਜੀ ਬਚਪਨ ਤੋਂ ਧਾਰਮਿਕ ਖਿਆਲਾਂ ਦੇ ਸਨ, ਸਾਧੂ-ਸੰਤਾਂ 'ਚ ਰੁਚੀ ਲੈਂਦੇ ਸਨ । ਸੰਤ ਜਗਜੀਵਨ ਦਾਸ ਜੀ ਗ੍ਰਹਿਸਥੀ ਸਨ। ਇਸ ਖੰਡ ਦੇ ਉੱਚ ਕੋਟੀ ਦੇ ਮਹੰਤ ਸਨ। ਇਹਨਾਂ ਦੇ ਪ੍ਰਚਾਰ ਕਾਰਨ ਚਮਾਰ ਜਾਤੀ (ਤੇ ਹੋਰ ਛੋਟੀਆਂ ਜਾਤੀਆਂ) ਇਸ ਅੰਦੋਲਨ ਨਾਲ ਜੁੜ ਗਈਆਂ। ਇਸ ਦੇ ਪ੍ਰਮੁੱਖ ਗ੍ਰੰਥ ਆਸ ਬਿਨਾਸ, ਗਿਆਨ ਪ੍ਰਕਾਸ਼, ਮਹਾਂਪ੍ਰਲਯ ਅਤੇ ਪ੍ਰਥਮ ਗ੍ਰੰਥ ਹਨ।[15]

## ਬਾਬਾ ਗੱਜਣ ਸ਼ਾਹ ਜੀ

ਆਪ ਜੀ ਦਿੱਲੀ ਦੇ ਨਿਵਾਸੀ ਸਨ । ਸੰਤ ਬਾਬਾ ਗੱਜਣ ਸ਼ਾਹ ਜੀ ਦਾ ਜਨਮ ਚਮਾਰ ਜਾਤ ਵਿੱਚ ਹੋਇਆ । ਆਪ ਜੀ ਦੇ ਪਿਤਾ ਜੀ ਦਾ ਨਾਮ ਬਸਵਾ ਦਾਸ ਜੀ ਸੀ । ਆਪ ਜੀ ਦੇ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ । ਆਪ ਜੀ ਵਿੱਚ ਵੀ ਪਿਤਾ ਦੇ ਸੰਸਕਾਰ ਮੌਜੂਦ ਸਨ । ਆਪ ਜੀ ਵਿੱਚ ਅਨੰਦਮਈ ਵਿਚਾਰਾਂ ਦੀ ਤੇ ਮਾਨਵਵਾਦੀ ਪ੍ਰਚਾਰ ਹੋਣ ਕਾਰਨ ਆਪ ਜੀ ਦੀ ਪ੍ਰਸਿੱਧੀ ਵਿਸ਼ਵ ਵਿੱਚ ਫੈਲ ਗਈ । ਆਪ ਜੀ ਨੂੰ ਆਪ ਜੀ ਦੇ ਸ਼ਰਧਾਲੂ ਸੰਤ ਜੀ ਦੇ ਕਰਕੇ ਜਾਨਣ ਲੱਗੇ ਸਨ । 'ਸੰਤ' ਜੀ ਦੀ ਮਹਿਮਾ ਹਿੰਦੂ' ਸਿੱਖ ਵਿੱਚ ਫੈਲਣ ਲੱਗੀ ਸੀ । ਆਪ ਜੀ ਪ੍ਰਭੂ ਪ੍ਰੇਮ, ਪਿਆਰ ਅਤੇ ਦੀਵਾਨਗੀ ਕਾਰਨ ਆਪ ਜੀ ਦਾ ਨਾਮ ਗੋਤਰੀ ਦੀਵਾਨਾ ਪੈ ਗਿਆ । ਦੀਵਾਨਾ ਗੋਤ ਦੇ ਲੋਕ ਚਮਾਰ ਜਾਤੀ ਵਿੱਚ ਹੀ ਨਹੀਂ ਸਗੋਂ ਦੂਸਰੀਆਂ ਜਾਤਾਂ ਵਿੱਚ ਵੀ ਪਾਏ ਜਾਂਦੇ ਹਨ ।ਕਹਿਣ ਦਾ ਭਾਵ ਕਿ ਆਪ ਜੀ ਦੇ ਅਨੁਯਾਈ ਆਪਣੇ ਨਾਮ ਨਾਲ ਦੀਵਾਨਾ ਸ਼ਬਦ ਲਗਾਉਣ ਲੱਗੇ ਸਨ । ਆਪ ਜੀ ਦੀ ਭਗਤੀ ਭਾਵਨਾ ਅਤੇ ਸਾਫ ਸੁਥਰੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਜਿਲ੍ਹਾ ਸੰਗਰੂਰ ਦੇ ਪਿੰਡ ਪੰਡੋਰੀ ਵਿੱਚ ਆਪ ਜੀ ਨੂੰ 2200 ਵਿੱਘੇ ਜਮੀਨ ਭੇਂਟ ਕੀਤੀ ਸੀ । ਆਪ ਜੀ ਦੀ ਸਾਫ ਸੁਥਰੀ ਸ਼ਖ਼ਸੀਅਤ ਦਾ ਸਮਾਜ ਤੇ ਗਹਿਰਾ ਪ੍ਰਭਾਵ ਹੈ । ਆਪ ਜੀ ਦੇ ਚਾਰ ਪੁੱਤਰ ਗੁਲਾਬ ਦਾਸ, ਰਾਮ ਦਾਸ, ਸਾਹਿਬ ਦਾਸ ਅਤੇ ਮੰਗ ਦਾਸ ਸਨ।[16]

## ਸੰਤ ਹੀਰਾ ਦਾਸ ਜੀ

ਸੰਤ ਹੀਰਾ ਦਾਸ ਜੀ ਦਾ ਜਨਮ 1840 ਦੇ ਕਰੀਬ ਪਿੰਡ ਭਾਰਸਿੰਗਪੁਰਾ ਜ਼ਿਲ੍ਹਾਂ ਜਲੰਧਰ ਵਿੱਚ ਪਿਤਾ ਸ਼੍ਰੀ ਸੁਲਤਾਨ ਸਿੰਘ ਜੀ ਦੇ ਘਰ ਮਾਤਾ ਸ਼੍ਰੀਮਤੀ ਭੋਲੀ ਜੀ ਦੀ ਕੁੱਖੋਂ ਹੋਇਆ ।ਆਪ ਜੀ ਬਚਪਨ ਤੋ ਹੀ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਦੀ ਲਗਨ ਸੀ ਆਪ ਜੀ ਨੂੰ ਸੰਤ ਗੁਰਮੁੱਖ ਸਿੰਘ ਜੀ ਨੇ ਭੇਖ ਦੀ ਦਾਤ ਦਿੱਤੀ ਸੀ ਆਪ ਜੀ ਪੰਜਾਬੀ ,ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾ ਦੇ ਗਿਆਤਾ ਸਨ। ਆਪ ਜੀ ਨੇ ਸਾਰੇ ਭਾਰਤ ਦੀ ਯਾਤਰਾ ਕੀਤੀ ਸੀ ਆਪ ਜੀ ਨੇ ਰਵਿਦਾਸ ਦੀਪ ਛਾਪ ਕੇ ਸੰਗਤਾਂ ਵਿੱਚ ਵੰਡਿਆ ਆਪ ਜੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ 1935 ਵਿੱਚ ਆਪਣੀ ਜੀਵਨ ਯਾਤਰਾ ਸੰਪੂਰਨ ਕਰਦੇ ਹੋਏ ਪ੍ਰਭੂ ਚਰਨਾਂ ਵਿੱਚ ਜਾ ਵਿਰਾਜੇ।[17]

## ਬਾਬਾ ਲਾਲ ਗੀਰ ਜੀ

19ਵੀਂ ਸਦੀ ਦੇ ਸ਼ੁਰੂ ਵਿੱਚ ਲਾਲਗੀਰ ਨਾਮ ਦੇ ਇੱਕ ਚਮਾਰ ਨੇ ਇੱਕ ਪੰਥ ਦੀ ਸਥਾਪਨਾ ਕੀਤੀ ਜੋ ਲਾਲਗੀਰ ਪੰਥ ਦੇ ਜਾਂ ਅਲੱਖ ਗੀਰ ਨਾਮ ਦੇ ਪੰਥ ਨਾਲ ਜਾਣਿਆ ਗਿਆ ਉਸ ਦਾ ਘਰ ਬੀਕਾਨੇਰ ਵਿੱਚ ਸੀ। ਲਾਲ ਗੀਰ ਜੀ ਦੀਆਂ ਸਿਖਿਆਵਾਂ ਇਸ ਪ੍ਰਕਾਰ ਹਨ :-

ਆਦਮੀ ਨੂੰ ਮੂਰਤੀ ਪੂਜਾ ਨਹੀਂ ਕਰਨੀ ਚਾਹੀਦੀ ਹੈ।
ਸਾਫ ਸੁਥਰਾ ਕਿਰਦਾਰ ਰੱਖਣਾ ਚਾਹੀਦਾ ਹੈ।
ਹਿੰਸਾ ਨਹੀਂ ਕਰਨੀ ਚਾਹੀਦੀ।
ਆਦਮੀ ਦਾ ਪੁਨਰ ਜਨਮ ਨਹੀਂ ਹੁੰਦਾ।
ਸਰੀਰ ਦੇ ਨਾਲ ਹੀ ਸਭ ਕੁਝ ਖਤਮ ਹੋ ਜਾਂਦਾ ਹੈ।
ਨਰਕ ਸਵਰਗ ਇਸੇ ਧਰਤੀ ਉੱਪਰ ਹੈ।
ਆਦਮੀ ਮਰਦਾ ਹੈ। ਵਿਚਾਰ ਜੀਵਿਤ ਰਹਿੰਦੇ ਹਨ।

ਲਾਲਗੀਰ ਪੰਥ ਦੀ ਇੱਕ ਮਾਤਰ ਪੂਜਾ ਨਿਰੰਕਾਰ-ਭਗਵਾਨ ਨੂੰ ਅਲੱਖ ਅਲੱਖ ਦੇ ਨਾਮ ਨਾਲ ਯਾਦ ਕੀਤਾ ਗਿਆ। ਇਹੀ ਕਾਰਨ ਨਾਲ ਇਸ ਪੰਥ ਦਾ ਨਾਮ ਅਲੱਖ ਗੀਰ ਪੈ ਗਿਆ। [18]

## ਕਾਲੂ ਬਾਬਾ ਜੀ

ਕਾਲੂ ਬਾਬਾ ਜਾਂ ਕਾਲੂ ਕਹਾਰ ਜਾਂ ਕਾਲੂ ਵੀਰ ਇੱਕ ਹੀ ਵਿਅਕਤੀ ਦਾ ਨਾਮ ਹੈ। ਜਿਹੜੇ ਇੱਕ ਪੰਥ ਦੇ ਸੰਸਥਾਪਕ ਸਨ। ਜਿਸ ਦੇ ਮੈਂਬਰਾਂ ਵਿੱਚ ਜਿਆਦਾ ਗਿਣਤੀ ਚਮਾਰਾਂ ਦੀ ਸੀ। ਇਸ ਦੇ ਸੰਪਰਕ 'ਚ ਆਉਣ ਨਾਲ ਚਮਾਰ ਜਾਤੀ ਦੇ ਲੋਕਾਂ ਨੂੰ ਲੱਗਣ ਲੱਗਿਆ ਸੀ ਕਿ ਇੱਥੇ ਸਾਧੂ ਬਣ ਕੇ ਸਮਾਜ ਵਿੱਚ ਸਨਮਾਨ ਜਨਕ ਸਥਾਨ ਪ੍ਰਾਪਤ ਕਰ ਸਕਦੇ ਹਨ। ਇਸ ਪੰਥ ਨੇ ਚਮਾਰ ਜਾਤ ਵਿੱਚ ਇੱਕ ਵਿਚਾਰਧਾਰਕ ਹਲਚਲ ਪੈਦਾ ਕੀਤੀ। ਇਸ ਪੰਥ ਦੇ ਅਨੁਯਾਈ ਗੁਰੂਬਾਣੀ ਦਾ ਸਤਿਕਾਰ ਕਰਦੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਵਿਸ਼ਵਾਸ ਰੱਖਦੇ ਅਤੇ ਸ਼ਿਵ ਦੇ ਵੀ ਭਗਤ ਸਨ। ਚਮਾਰ ਜਾਤ ਦੁਆਰਾ ਪੂਜੇ ਜਾਣ ਵਾਲੇ "ਕਾਲੂ ਕਹਾਰ" ਨੀਚ ਜਾਤੀ ਦੇਵਤਾ ਅਖਵਾਉਂਦਾ ਹੈ। ਮਨੂੰਵਾਦੀ ਮਾਨਸਿਕਤਾ ਦੇ ਲੋਕ ਉਸ ਨੂੰ ਨੀਚ ਸ਼੍ਰੇਣੀ ਦਾ ਹੀ ਮੰਨਦੇ ਹਨ।[19]

## ਰਾਮ ਰਾਮੀ ਚਮਾਰ

ਰਾਮ ਰਾਮੀ ਚਮਾਰ ਜਾਤ ਦਾ ਇੱਕ ਛੋਟਾ ਸਮੂਹ ਹੈ ਜੋ ਲਗਭਗ 1890 ਦੇ ਆਸ-ਪਾਸ ਸੰਗਠਿਤ ਹੋਇਆ। ਰਾਮ ਰਾਮੀ ਚਮਾਰ ਸਮੁਦਾਇ ਦੇ ਪੈਰੋਕਾਰ ਮੁੱਖ ਰੂਪ 'ਚ ਮਹਾਂਨਦੀ ਦੇ ਦੱਖਣ ਦੇ ਪਾਸੇ ਕੇਂਦਰੀ ਪ੍ਰਾਂਤਾਂ 'ਚ ਪਾਏ ਜਾਂਦੇ ਸਨ। ਉਹ ਆਪਣੇ ਨਾਲ ਇੱਕ ਬੰਸਰੀ ਰੱਖਦੇ ਸਨ। ਆਪਣੀ ਟੋਪੀ ਦੇ ਚਾਰੇ ਪਾਸੇ ਮੋਰ ਦੇ ਖੰਭ ਲਗਾਉਂਦੇ ਸਨ ਅਤੇ ਰਾਮ-ਰਾਮ ਜਪਦੇ ਸਨ। ਇਹਨਾਂ ਪੈਰੋਕਾਰਾਂ ਦੀ ਪਹਿਚਾਣ ਇਹ ਪਾਈ ਜਾਂਦੀ ਸੀ ਕਿ ਇਸ ਦੇ ਲੋਕ ਆਪਣੇ ਸਰੀਰ ਉੱਪਰ ਰਾਮ-ਰਾਮ ਖੁਦਵਾ ਕੇ ਰੱਖਦੇ ਸਨ।[20]

## ਹਰੀ ਦਾਸ ਜੀ

ਹਰੀ ਦਾਸ ਜੀ ਦਾ ਜਨਮ ਪਿੰਡ ਕੁਰਵਾ ਜਿਲ੍ਹਾ ਮੁਜਫ਼ਰ ਨਗਰ ਉੱਤਰ ਪ੍ਰਦੇਸ਼ ਵਿੱਚ ਚਮਾਰ ਜਾਤ ਵਿੱਚ ਹੋਇਆ । ਅੱਜ ਵੀ ਸ਼ੁੱਕਰ ਤਾਲ ਵਿੱਚ ਆਪ ਜੀ ਦੀ ਸਮਾਧੀ ਮੌਜੂਦ ਹੈ । ਜਿੱਥੇ ਹਰ ਸਾਲ ਇੱਕ ਵਿਸ਼ਾਲ ਮੇਲਾ ਲੱਗਦਾ ਹੈ । ਆਪ ਜੀ ਦਾ ਸਮਾਜ ਵਿੱਚ ਚੰਗਾ ਰੁਤਬਾ ਸੀ । ਕਾਫੀ ਗਿਣਤੀ ਵਿੱਚ ਲੋਕ ਆਪ ਜੀ ਦੇ ਪ੍ਰਭਾਵ 'ਚ ਪਾਏ ਜਾਂਦੇ ਹਨ । ਆਪ ਜੀ ਦੀ ਸੋਚ ਮਾਨਵਤਾਵਾਦੀ ਸੀ । ਆਪ ਜੀ ਦਾ ਸੰਦੇਸ਼ ਤੇ ਉਪਦੇਸ਼ ਜਨ ਕਲਿਆਣਕਾਰੀ ਸੀ । ਜਿਸ ਕਰਕੇ ਆਪ ਜੀ ਨੂੰ ਪ੍ਰਸਿੱਧੀ ਪ੍ਰਾਪਤ ਹੋਈ ।[21]

## ਸੰਤ ਸੰਮਨ ਦਾਸ ਜੀ

ਸੰਤ ਸੰਮਨ ਦਾਸ ਜੀ ਦਾ ਜਨਮ ਲਾਂਕ ਜਿਲ੍ਹਾ ਮੁਜੱਫਰ ਨਗਰ ਉੱਤਰ ਪ੍ਰਦੇਸ਼ ਵਿੱਚ ਚਮਾਰ ਜਾਤੀ ਵਿੱਚ ਹੋਇਆ । ਅੱਜ ਵੀ ਆਪ ਜੀ ਦੀ ਗੱਦੀ ਉੱਥੇ ਮੌਜੂਦ ਹੈ ਜਿੱਥੇ (ਮੁਜੱਫ਼ਰ ਨਗਰ) ਦੇ ਆਪ ਰਹਿਣ ਵਾਲੇ ਸਨ । ਆਪ ਜੀ ਨੇ ਪੰਜ ਸਾਲ ਦੀ ਉਮਰ ਵਿੱਚ ਹੀ ਯੋਗ ਲੈ ਲਿਆ ਸੀ । ਆਪ ਜੀ ਦੀਆਂ ਮਾਨਵਤਾਵਾਦੀ ਸਿੱਖਿਆਵਾਂ ਮਾਸ ਨਾ ਖਾਣਾ, ਸ਼ਰਾਬ ਨਾ ਪੀਣਾ, ਸਿੱਖਿਆ ਪ੍ਰਾਪਤ ਕਰਨੀ, ਪ੍ਰਭੂ ਭਗਤੀ ਸਮਾਜ ਵਿੱਚ ਬਰਾਬਰੀ ਦਾ ਸਿਧਾਂਤ ਪੈਦਾ ਕਰਨਾ ਮਾਨਵਤਾ ਦੀ ਸੇਵਾ ਕਰਨਾ ਆਦਿ । ਆਪ ਜੀ ਦੇ ਸੇਵਕ ਸਾਰੀਆਂ ਜਾਤੀਆਂ ਵਿੱਚ ਮਿਲਦੇ ਹਨ । ਆਪ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਿਰ ਅਤੇ ਵਿੱਦਿਆ ਪ੍ਰਾਪਤ ਕਰਨ ਲਈ ਸਿੱਖਿਆ ਕੇਂਦਰ ਨੂੰ ਖੋਲ੍ਹਿਆ ਅਤੇ ਸਮਾਜ ਵਿੱਚ ਵਿੱਦਿਆ ਦਾ ਪ੍ਰਚਾਰ ਕੀਤਾ । ਆਪ ਗੁਰੂ ਰਵਿਦਾਸ ਜੀ ਦੇ ਬਹੁਤ ਵੱਡੇ ਪੈਰੋਕਾਰ ਸਨ।[22]

## ਬਾਬਾ ਹੈਦਰ ਦਾਸ ਜੀ

ਬਾਬਾ ਹੈਦਰ ਦਾਸ ਜੀ ਦਾ ਚਮਾਰ ਜਾਤ ਵਿੱਚ ਜਨਮ ਹੋਇਆ । ਬਾਬਾ ਹੈਦਰ ਜੀ ਸੂਫੀ ਸੰਤਾਂ ਦੀ ਸੰਗਤ ਕਰਨ ਤੇ ਸਾਧਨਾ ਵਿੱਚ ਲੀਨ ਹੋਏ ਇੱਕ ਪੂਰਨ ਫਕੀਰ ਸਨ । ਜਿਸ ਕਰਕੇ ਆਪ ਜੀ ਦਾ ਨਾਮ ਹੈਦਰ ਸ਼ਾਹ ਮਸ਼ਹੂਰ ਹੋਇਆ । ਆਪ ਜੀ ਨੇ ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਦੇ ਮਿਸ਼ਨ ਦਾ ਪ੍ਰਚਾਰ ਕੀਤਾ । ਆਪ ਜੀ ਨੇ ਭਜਨ ਗੀਤ ਨੂੰ ਪ੍ਰਚਾਰ ਦਾ ਸਾਧਨ ਬਣਾਇਆ । ਆਪ ਜੀ ਬਾਰੇ ਇੱਕ ਗੱਲ ਪ੍ਰਸਿੱਧ ਹੈ ਕਿ ਆਪ ਨੇ ਆਪਣੇ ਪੈਰੋਕਾਰਾਂ ਨੂੰ ਪੁੱਛਿਆ ਕਿ ਮੇਰੇ ਨਾਲ ਚੱਲੋਗੇ । ਪੈਰੋਕਾਰਾਂ ਨੇ ਕਿਹਾ ਹਾਂ ਬਾਬਾ ਤਾਂ ਆਪ ਜੀ ਨੇ ਫਿਰ ਕਿਹਾ ਦੇਖ ਲਉ ਬੜੇ ਸਾਹਸ ਦਾ ਕੰਮ ਹੈ, ਤਾਂ ਪੈਰੋਕਾਰਾਂ ਨੇ ਕਿਹਾ ਅਸੀਂ ਦੂਸਰੀ ਜਾਂ ਤੀਸਰੀ ਹਾਮੀ ਵੀ ਇਹੋ ਭਰਦੇ ਹਾਂ ਕਿ ਅਸੀਂ ਆਪ ਜੀ ਦੀ ਰਾਹ ਉੱਪਰ ਚੱਲਾਂਗੇ । ਆਪ ਜੀ ਦੀ ਯਾਦ ਵਿੱਚ ਆਪ ਜੀ ਦਾ ਸਮਾਧੀ ਸਥਾਨ ਬਣਿਆ ਹੈ ਜੋ ਕਿ ਵਿਰਕ ਹਸਪਤਾਲ ਦਿੱਲੀ ਗੇਟ ਜਵਾਹਰ ਲਾਲ ਨਹਿਰੂ ਮਾਰਗ ਨਵੀਂ ਦਿੱਲੀ ਵਿੱਚ ਸਥਿਤ ਹੈ ।[23]

## ਸੁਆਮੀ ਦਾਤਾ ਰਾਮ ਜੀ

ਸੁਆਮੀ ਦਾਤਾ ਰਾਮ ਜੀ ਦਿੱਲੀ ਦੇ ਦਲਿਤ ਸੰਤ ਸਨ । ਸੰਨ 1911 ਵਿੱਚ ਦਿੱਲੀ ਦੇ ਦਲਿਤ ਅੰਦੋਲਨ ਨਾਲ ਜੁੜੇ ਸਨ । 1921 ਵਿੱਚ ਸੁਆਮੀ ਅਛੂਤਾ ਨੰਦ ਜੀ ਦੁਆਰਾ ਆਰੀਆ ਸਮਾਜੀ

ਆਖਿਲਾ ਨੰਦ ਨੂੰ ਸ਼ਾਸ਼ਤਰ 'ਚ ਹਰਾਉਣ ਤੇ ਉਹਨਾਂ ਵਿਜੈ ਪੰਚਾਂਗ ਪੱਤਰ ਨਿਕਾਲ ਕੇ ਦਲਿਤਾਂ ਨੂੰ ਜਾਗ੍ਰਿਤ ਕੀਤਾ। ਖਾਸ ਕਰਕੇ ਆਰੀਆ ਸਮਾਜੀ ਸੋਚ ਤੋਂ ਦਲਿਤ ਸਮਾਜ ਨੂੰ ਮੁਕਤ ਕਰਾਇਆ। ਦਿੱਲੀ ਵਿੱਚ ਬਾਬਾ ਸਾਹਿਬ ਜੀ ਦੇ ਨਾਮ ਉੱਪਰ ਹਾਈ ਸਕੂਲ ਬਣਾਉਣ ਲਈ ਜਮਾਂ ਪੂੰਜੀ ਭੇਂਟ ਕਰ ਦਿੱਤੀ। ਬਾਬਾ ਸਾਹਿਬ ਜੀ ਦੇ ਪ੍ਰੀਨਿਰਵਾਣ ਸਮੇਂ ਉਹਨਾਂ ਨੇ ਆਪਣੇ ਆਸ਼ਰਮ ਵਿੱਚ ਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ। ਉਹਨਾਂ ਦੇ ਆਸ਼ਰਮ ਦਾ ਨਾਮ "ਨਬੀ ਕਰੀਮ" ਸੀ।[24]

## ਸਿੱਧ ਚਾਨੋ

ਭਾਰਤ ਵਿੱਚ ਸਿੱਧ ਚਾਨੋ ਦਾ ਨਾਮ ਆਮ ਸੁਣਨ ਵਿੱਚ ਆ ਜਾਂਦਾ ਹੈ। ਹਿਮਾਚਲ ਵਿੱਚ ਸਿੱਧ ਚਾਨੋ ਦੀ ਵਿਸ਼ੇਸ਼ ਮਾਨਤਾ ਪਾਈ ਜਾਂਦੀ ਹੈ। ਹਿਮਾਚਲ ਅਤੇ ਪੰਜਾਬ ਵਿੱਚ ਵੀ ਇਸ ਦੀ ਕੁੱਝ ਹਿੱਸਿਆਂ 'ਚ ਮਾਨਤਾ ਪਾਈ ਜਾਂਦੀ ਹੈ। ਜਿਸ ਦੇ ਹਰ ਪਿੰਡ ਵਿੱਚ ਸਿੱਧ ਸਥੱਲ ਹੁੰਦਾ ਹੈ ਅਤੇ ਜਿਸ ਦਾ ਪੁਜਾਰੀ ਚਮਾਰ ਹੀ ਹੁੰਦਾ ਹੈ। ਸਿੱਧ ਚਾਨੋ ਦਾ ਮੁੱਖ ਸਥੱਲ ਹਿਮਾਚਲ ਦੇ ਹਮੀਰਪੁਰਾ ਜ਼ਿਲ੍ਹਾ ਦੇ ਪਿੰਡ ਝਾਂਗੜਾ ਵਿੱਚ ਹੈ। ਸਿੱਧ ਚਾਨੋ ਇੱਕ ਚਮਾਰ ਕਿਰਦਾਰ ਹੈ। ਉਹ ਧਾਰਮਿਕ ਪਹਿਚਾਣ ਅਤੇ ਬਹਾਦਰੀ ਦਾ ਪ੍ਰਤੀਕ ਹੈ। ਜਿਸ ਦੀ ਮਾਨਤਾ ਬ੍ਰਾਹਮਣਵਾਦੀ ਵਿਵਸਥਾ ਦੇ ਬ੍ਰਾਹਮਣ ਵੀ ਕਰਦੇ ਹਨ। ਚਮਾਰ ਵੀ ਆਪਣਾ ਪੂਰਵਜ ਮੰਨਦੇ ਹਨ। ਕਿਹਾ ਜਾਂਦਾ ਹੈ ਕਿ ਸਿੱਧ ਚਾਨੋ ਹੁਕਮਰਾਨ ਰਹੇ। ਉਹਨਾਂ ਨੇ ਹਿਮਾਚਲ ਅਤੇ ਉੱਤਰੀ ਪੰਜਾਬ 'ਚ ਹਕੂਮਤ ਕੀਤੀ। ਸਿੱਧ ਚਾਨੋ ਦਾ ਇਤਿਹਾਸ ਸਿੰਧੂ ਘਾਟੀ ਦੀ ਸੱਭਿਅਤਾ 'ਚ ਜੁੜਦਾ ਹੈ। ਜੋ ਚਮਾਰਾਂ ਦੀ ਮੂਲ ਸੱਭਿਅਤਾ ਸੀ। ਸਿੱਧ ਚਾਨੋ ਕੋਈ ਮਿਥਿਹਾਸ ਪਾਤਰ ਨਹੀਂ ਹੈ। ਇਹ ਇੱਕ ਇਤਿਹਾਸ ਪਾਤਰ ਹੈ।

ਅੱਜ ਲੋੜ ਹੈ ਸਿੱਧ ਚਾਨੋ ਦੇ ਇਤਿਹਾਸ ਨੂੰ ਜਾਨਣ ਦੀ ਅਤੇ ਸਮਝਣ ਦੀ ਉਸ ਨਾਲ ਜੁੜੀਆਂ ਅੰਧ ਵਿਸ਼ਵਾਸੀ ਧਾਰਨਾਵਾਂ ਨੂੰ ਰੱਦ ਕਰਕੇ ਮੂਲ ਨਿਵਾਸੀ ਸੂਰਵੀਰ ਯੋਧੇ ਦੀ ਕਹਾਣੀ ਸਮਾਜ ਅੱਗੇ ਰੱਖਣ ਦੀ ਕਿ ਸਿੱਧ ਚਾਨੋ ਵਿਸ਼ਾਲ ਤਾਕਤ ਦਾ ਪ੍ਰਤੀਕ ਹੈ।[25]

## ਚੇਤਾ ਚਮਾਰ

ਮਹਾਂਭਾਰਤ ਕਾਲ ਸਮੇਂ ਦੌਰਾਨ ਚੇਤਾ ਭਗਤ ਚਮਾਰ ਦੀ ਭਗਤੀ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਭਗਤ ਚੇਤਾ ਚਮਾਰ ਨੂੰ ਆਪਣੇ ਸਮੇਂ ਕਾਲ ਦੌਰਾਨ ਅਨੇਕਾਂ ਤਰ੍ਹਾਂ ਦੇ ਅਪਮਾਨਾਂ ਨੂੰ ਸਹਿਨ ਕਰਨਾ ਪਿਆ ਜਿਵੇਂ ਮਹਾਂਭਾਰਤ ਵਿੱਚ ਵੀਰ ਏਕਲਵ ਦੀ ਬਹਾਦਰੀ ਭਰਿਆ ਵਰਨਣ ਹੈ।ਉਸ ਨੂੰ ਸਿਰਫ ਸ਼ੂਦਰ ਹੋਣ ਕਰਕੇ ਭਾਰਤ ਦਾ ਮੂਲ ਨਿਵਾਸੀ ਹੋਣ ਕਰਕੇ ਸਨਮਾਨ ਜਨਕ ਸਥਾਨ ਨਹੀਂ ਮਿਲਿਆ ਇਸੇ ਤਰ੍ਹਾ ਉਸ ਸਮੇਂ ਅੰਦਰ ਭਗਤ ਚੇਤਾ ਚਮਾਰ ਨੂੰ ਆਪਣੀ ਮੂਲ ਪਹਿਚਾਣ ਸਥਾਪਿਤ ਕਰਨ ਲਈ ਕਠਿਨ ਸੰਘਰਸ਼ ਕਰਨਾ ਪਿਆ ਸੀ ਚੇਤਾ ਭਗਤ ਦੀ ਸੋਚ ਅਤੇ ਵਿਚਾਰਧਾਰਾ ਮੂਲ ਨਿਵਾਸੀ ਵਿਚਾਰਧਾਰਾ ਸੀ। ਉਸ ਦੇ ਵਿਚਾਰ ਸਨ ਕਿ ਸਾਰੇ ਮਾਨਵ ਇਕ ਬਰਾਬਰ ਹਨ ਇਸ ਸਿਧਾਂਤ ਨੂੰ ਮੰਨਦਾ ਸੀ ਪਰ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਮਾਲਕ ਦਰੋਣਾਚਾਰੀਆਂ ਨੂੰ ਕਾਫੀ ਪ੍ਰੇਸ਼ਾਨ ਕੀਤਾ ਸੀ ਕਈ ਵਾਰੀ ਦਰੋਣਾਚਾਰੀਆਂ ਦੀ ਸ਼ਿਕਾਇਤ ਉੱਪਰ ਦੁਰਯੋਧਨ ਨੇ ਭਗਤ ਚੇਤਾ ਚਮਾਰ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ ਸੀ। ਭਗਤ ਚੇਤਾ ਚਮਾਰ ਜੀ ਦੀਆਂ ਗਿਆਨ ਭਰਪੂਰ ਗੱਲਾਂ ਸੁਣ ਕੇ ਉਸ ਨੂੰ ਦਰਬਾਰ ਵਿੱਚ ਮਾਣ ਬਖਸ਼ਿਆ ਗਿਆ। ਭਗਤ ਚੇਤਾ ਚਮਾਰ ਜੀ ਦਾ ਇਤਿਹਾਸ ਵਿੱਚ ਪ੍ਰਮੁੱਖ ਸਥਾਨ ਹੈ।[26]

# ਲੂਣਾ ਚਮਾਰੀ

ਲੂਣਾ ਚਮਾਰੀ ਇਤਿਹਾਸ ਦੀ ਇੱਕ ਬਹੁਤ ਪ੍ਰਸਿੱਧ ਮਹਿਲਾ ਹੈ। ਉੱਤਰ-ਮੱਧ ਭਾਰਤ ਵਿੱਚ ਕਾਫੀ ਪ੍ਰਸਿੱਧੀ ਹਾਸਿਲ ਹੈ ਅਤੇ ਉੱਥੇ ਉਚਾਰੇ ਜਾਂਦੇ ਕਈ ਮੰਤਰਾ ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ। [27]

# ਚਮਰੀਪਾ

ਚਮਰੀਪਾ ਸਿੱਧ :- ਚਰਾਸੀ ਸਿੱਧਾ ਵਿੱਚ ਚਮਰੀਪਾ ਸਿੱਧ ਪ੍ਰਸਿੱਧ ਹੈ। ਚਮਰੀਪਾ ਜੋ ਵਿਸ਼ਨੂੰ ਨਗਰ ਦੇ ਦੱਸੇ ਗਏ ਹਨ। ਇਸ ਸਿੱਧ ਦਾ ਸੰਬੰਧ ਚਮਰਵੰਸ਼ ਵਿੱਚੋਂ ਹੈ । ਆਪ ਜੀ ਦਾ ਇੱਕ ਗ੍ਰੰਥ 'ਪਰੋਗੋਪਾ ਵਿਨਿਸ਼ਯ ਸਮੁਦਾਇ' ਲਿਖਿਆ ਮਿਲਦਾ ਹੈ ।[28]

# ਪਨਹੱਪਾ ਚਮਾਰ

ਪਨਹੱਪਾ ਸਿੱਧ :- ਪਨਹੱਪਾ ਸਿੱਧ ਚਰਾਸੀ ਸਿੱਧਾ ਵਿੱਚ ਦੂਸਰੇ ਸਿੱਧ ਹਨ । ਜੋ ਮਾਧੋ ਨਗਰ ਦੇ ਦੱਸੇ ਗਏ ਹਨ । ਆਪ ਜੀ ਦਾ ਇੱਕ ਗ੍ਰੰਥ 'ਚਾਰੀਯਦੁਸ਼ਟ ਅਨੁਪਾਤਵ' ਭਾਵਨਾ ਨਾਮ ਦਾ ਲਿਖਿਆ ਮਿਲਦਾ ਹੈ ।[29]

# ਸੁਆਮੀ ਰਾਮਾ ਨੰਦ ਸ਼ਾਸ਼ਤਰੀ

ਸ਼੍ਰੀ ਸੁਆਮੀ ਰਾਮਾ ਨੰਦ ਸ਼ਾਸ਼ਤਰੀ ਜੀ ਸ਼੍ਰੀ 108 ਸਤਿਆਨੰਦ ਮਹਾਰਾਜ ਜੀ ਦੇ ਸ਼ਿਸ਼ ਸਨ । 1955 ਵਿੱਚ ਸੰਸਦ ਦੇ ਮੈਂਬਰ ਵੀ ਨਿਯੁਕਤ ਹੋਏ । ਸੁਆਮੀ ਰਾਮਾ ਨੰਦ ਸ਼ਾਸ਼ਤਰੀ ਜੀ ਭਾਰਤੀ ਰਵਿਦਾਸ ਸੇਵਾ ਸੰਘ, ਰਵਿਦਾਸ ਆਸ਼ਰਮ ਜਵਾਲਾਪੁਰ (ਹਰਿਦੁਆਰ) ਦੇ ਪ੍ਰਧਾਨ ਵੀ ਸਨ। ਆਪ ਜੀ ਨੇ ਆਸ਼ਰਮ ਵਿੱਚ ਸਕੂਲ ਅਤੇ ਲਾਇਬ੍ਰੇਰੀ ਵੀ ਖੋਲੇ । ਸਮਾਜ ਵਿੱਚ ਸਿੱਖਿਆ ਪੈਦਾ ਕਰਨਾ ਅਤੇ ਅੰਧ-ਵਿਸ਼ਵਾਸ਼ ਤੋਂ ਰਹਿਤ ਸਮਾਜ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਰਹੇ । ਆਪ ਜੀ ਨੇ 'ਰਵਿਦਾਸ ਅਤੇ ਉਹਨਾਂ ਦਾ ਕਾਵਿ' ਨਾਮ ਦੀ ਪ੍ਰਸਿੱਧ ਗ੍ਰੰਥ ਦੀ ਰਚਨਾ ਵੀ ਕੀਤੀ ।[30]

ਹਵਾਲੇ


1. ਨਾਥ ਸੰਪ੍ਰਦਾਇ ਅਤੇ ਉਸਦਾ ਸਮਾਜ ਤੇ ਪ੍ਰਭਾਵ
2. ਨਾਥ ਜੋਗੀ ਲਹਿਰ: ਪ੍ਰੋ.ਗੁਰਨਾਮ ਸਿੰਘ ਜੀ
3.ਲੇਖ: ਸੰਤ ਸੁਰਿੰਦਰ ਦਾਸ ਜੀ ਬਾਵਾ

4. ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ

5. ਬਹੁਜਨ ਸੰਗਠਕ: ਸੰਪਾਦਕ ਕਾਸ਼ੀ ਰਾਮ
6.ਬਹੁਜਨ ਸੰਗਠਕ: ਸੰਪਾਦਕ ਕਾਸ਼ੀ ਰਾਮ
7. ਬਹੁਜਨ ਸੰਗਠਕ: ਸੰਪਾਦਕ ਕਾਸ਼ੀ ਰਾਮ
8. ਇਨਹੀ ਕੋ ਸਰਦਾਰ ਬਨਾਊ: ਪ੍ਰੋ.ਗੁਰਨਾਮ ਸਿੰਘ ਮੁਕਤਸਰ
9. ਬੇਗਮ ਸ਼ਹਿਰ : ਸੰਪਾਦਕ : ਪ੍ਰੋ.ਗੁਰਨਾਮ ਸਿੰਘ
10.ਬੇਗਮ ਸ਼ਹਿਰ : ਸੰਪਾਦਕ : ਪ੍ਰੋ.ਗੁਰਨਾਮ ਸਿੰਘ
11. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ
12. ਜਗਤਗੁਰੂ ਰਵਿਦਾਸ ਸੰਪ੍ਰਦਾਇ ਸੰਤ ਤੇ ਸਾਧਨਾ ਸਥੱਲ: ਸੋਮਨਾਥ ਭਾਰਤੀ
13. ਦੀ ਚਮਾਰ
14. ਦੀ ਚਮਾਰ
15. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ
16. ਆਦਿਮ ਜਾਤੀ ਚਮਾਰ
17. ਜਗਤਗੁਰੂ ਰਵਿਦਾਸ ਸੰਪ੍ਰਦਾਇ ਸੰਤ ਤੇ ਸਾਧਨਾ ਸਥੱਲ: ਸੋਮਨਾਥ ਭਾਰਤੀ
18. ਦੀ ਚਮਾਰ
19. ਦੀ ਚਮਾਰ
20. ਦੀ ਚਮਾਰ
21. ਦੀ ਚਮਾਰ
22. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ
23. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ
24. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ
25. ਲੋਕ ਕਥਾਵਾਂ
26. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ
27. ਲੋਕ ਕਥਾਵਾਂ
28,29. ਭਾਰਤੀ ਲੋਕ ਨੀਚ ਕਿਵੇਂ ਬਣੇ?
30. ਬੁਹਜਨ ਸੰਦੇਸ਼:ਪੰਜਾਬੀ ਪੇਪਰ

# 28. ਚਮਾਰ ਜਾਤੀ ਦੇ ਰਾਜਨੀਤਿਕ ਆਗੂ

## ਬਾਬੂ ਮੰਗੂ ਰਾਮ ਮੂੰਗੋਵਾਲੀਆ

ਬਾਬੂ ਮੰਗੂ ਰਾਮ ਜੀ ਦਾ ਜਨਮ 14 ਜਨਵਰੀ 1886 ਵਿੱਚ ਪਿਤਾ ਸ਼੍ਰੀ ਹਰਨਾਮ ਦਾਸ ਜੀ ਅਤੇ ਮਾਤਾ ਅੱਤਰੀ ਜੀ ਦੇ ਘਰ ਹੋਇਆ । ਪੰਜਾਬ ਦੀ ਧਰਤੀ ਉੱਪਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਪਿੰਡ ਮੂੰਗੋਵਾਲ ਵਿੱਚ ਹੋਇਆ । ਉਹ ਤਿੰਨ ਭਰਾ ਗੰਗਾ ਰਾਮ, ਪੋਹਲੋ ਰਾਮ ਅਤੇ ਮੰਗੂ ਰਾਮ ਸਨ । ਮੰਗੂ ਰਾਮ ਤਿੰਨ ਵਰ੍ਹਿਆਂ ਦੇ ਹੀ ਸਨ ਕਿ ਉਹਨਾਂ ਦੀ ਮਾਤਾ ਜੀ ਦਾ ਦਿਹਾਂਤ ਹੋ ਗਿਆ ਅਤੇ ਆਪ ਜੀ ਦੇ ਪਿਤਾ ਨੇ ਆਪ ਜੀ ਨੂੰ ਮਾਂ ਦਾ ਪਿਆਰ ਵੀ ਦਿੱਤਾ। ਆਪ ਜੀ ਦੇ ਪਿਤਾ ਚਮੜੇ ਦੇ ਵਪਾਰੀ ਸਨ । ਮੰਗੂ ਰਾਮ ਨੂੰ ਦੇਹਰਾਦੂਨ ਦੇ ਨੇੜੇ 22 ਮੀਲ ਦੇ ਫਾਸਲੇ ਉੱਪਰ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਨ ਵਾਸਤੇ ਪਾ ਦਿੱਤਾ ਗਿਆ । ਛੂਆ-ਛਾਤ ਦਾ ਸ਼ਿਕਾਰ ਹੋਏ ਪਰ ਫਿਰ ਵੀ ਆਪਣੀ ਪੜ੍ਹਾਈ ਨੂੰ ਜਾਰੀ ਰੱਖਿਆ । ਆਪ ਜੀ ਦੀ ਪੜ੍ਹਾਈ ਚੰਗੀ ਸੀ ਕਲਾਸ ਵਿੱਚ 27 ਵਿਦਿਆਰਥੀਆਂ ਵਿੱਚੋਂ ਤੀਜੇ ਨੰਬਰ ਉੱਪਰ ਪਾਸ ਹੋਏ ਤੇ ਪ੍ਰਾਇਮਰੀ ਪਾਸ ਕਰ ਗਏ, ਪਰ ਆਪ ਜੀ ਦੀ ਪੜ੍ਹਾਈ ਛੁੱਟ ਗਈ । ਆਪ ਜੀ ਨੇ 1909 ਵਿੱਚ ਅਖੀਰ ਅਮਰੀਕਾ ਪਹੁੰਚੇ ਜਿੱਥੇ ਆਪ ਨੇ ਫਲ ਤੋੜਨ ਦਾ ਕੰਮ ਕੀਤਾ । ਉੱਥੇ ਆਪ ਜੀ ਨੇ ਚਾਰ ਸਾਲ ਕੰਮ ਕੀਤਾ ਜਿੱਥੇ ਆਪ ਦੇ ਸੰਪਰਕ ਵਿੱਚ ਲੱਖਾਂ ਲੋਕ ਆਏ ।

ਉੱਥੇ ਇਹ ਮਹਿਸੂਸ ਹੋਇਆ ਕਿ ਇੱਥੇ ਛੂਆ-ਛਾਤ ਨਹੀਂ ਹੈ । ਅਮਰੀਕਾ ਵਿੱਚੋਂ 1912 ਵਿੱਚ ਆਪ ਨੂੰ ਛੇ ਸਾਲ ਲਈ ਫੜ੍ਹ ਲਿਆ ਉੱਥੇ ਆਪ ਦੀ 1911 ਵਿੱਚ ਲਾਲਾ ਹਰਦਿਆਲ ਜੋ ਅਮਰੀਕਾ ਦੇ ਸ਼ਹਿਰ ਬਰਕਲੇ ਗਿਆ ਤਾਂ ਸਟੈਨਫੋਰਡ ਯੂਨੀਵਰਸਿਟੀ 'ਚ ਲੈਕਚਰਾਰ ਲੱਗਾ ਸੀ ਤਾਂ ਮੰਗੂ ਰਾਮ ਇਹਨਾਂ ਦੇ ਪ੍ਰਭਾਵ 'ਚ ਆਏ ਅਤੇ ਸਭ ਕੁਝ ਛੱਡ ਕੇ ਸਿਆਸੀ ਸਰਗਰਮੀਆਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਗਦਰ ਪਾਰਟੀ ਦੀ ਸਥਾਪਨਾ ਤੋਂ ਪਹਿਲਾਂ ਹੀ ਲਾਲਾ ਹਰਦਿਆਲ ਦੇ ਸੰਪਰਕ 'ਚ ਆ ਗਏ । ਮੰਗੂ ਰਾਮ ਜੀ ਦੁਬਾਰਾ ਆਪਣੇ ਚਚੇਰੇ ਭਰਾ ਨਾਲ ਅਮਰੀਕਾ ਲਈ ਰਵਾਨਾ ਹੋ ਗਏ । ਇਸ ਦੌਰਾਨ ਅਮਰੀਕਾ ਜਾਣ ਦੀ ਇਜ਼ਾਜਤ ਨਾ ਮਿਲਣ ਤੇ ਉਹਨਾਂ ਨੂੰ ਸਿੰਘਾਪੁਰ ਤੋਂ ਹੀ ਵਾਪਿਸ ਆਉਣਾ ਪਿਆ । ਮੰਗੂ ਰਾਮ ਇਸ ਸਮੇਂ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਗਏ ਸਨ । ਆਪ ਜੀ ਨੇ ਗਦਰ ਪਾਰਟੀ ਵਿੱਚ ਜੀ ਤੋੜ ਮਿਹਨਤ ਕੀਤੀ ਪਰ ਇੱਥੇ ਆਪ ਨੂੰ ਛੂਆ-ਛਾਤ ਨਜਰ ਆਈ । ਗਦਰ ਪਾਰਟੀ ਵਿੱਚ ਆਪ ਜੀ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਸੀ ।

ਆਪ ਜੀ ਨੂੰ ਖਤਰਿਆਂ ਵਾਲੇ ਕੰਮ ਦਿੱਤੇ ਜਾਂਦੇ ਜਿਵੇਂ ਕੈਲੀਫੋਰਨੀਆਂ ਤੋਂ ਪੰਜਾਬ ਨੂੰ ਹਥਿਆਰ ਲਿਜਾਉਣੇ । ਇਸ ਦੌਰਾਨ ਜਪਾਨੀਆਂ ਨੇ ਬਰਤਾਨੀਆ ਹਕੂਮਤ ਦੀ ਤਰਫੋਂ ਉਹਨਾਂ ਨੂੰ ਇੱਕ ਸਾਲ ਲਈ ਕੈਦ ਕਰ ਲਿਆ । ਮਾਰਕ ਜੁਰਗ ਨਸਮੇਅਰ ਨੂੰ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਸਮੁੰਦਰ ਵਿੱਚ ਤੁਫਾਨ ਆ ਗਿਆ ਤੇ ਜਹਾਜ਼ ਸਿੰਘਾਪੁਰ ਲਿਜਾਣਾ ਪਿਆ । ਜਿੱਥੇ ਬਰਤਾਨੀਆ ਦੇ ਜਸੂਸਾਂ ਬੇਲਾ ਸਿੰਘ ਅਤੇ ਭਾਗ ਸਿੰਘ ਨੇ ਆਪ ਜੀ ਨੂੰ ਫੜ ਲਿਆ ਅਤੇ ਬਰਤਾਨੀਆ ਹਕੂਮਤ ਹਵਾਲੇ ਕਰ ਦਿੱਤਾ। ਸਰਕਾਰ ਨੇ ਤੋਪ ਨਾਲ ਉਹਨਾਂ ਨੂੰ ਉਡਾਉਣ ਦਾ ਹੁਕਮ ਸੁਣਾਇਆ । ਪਰ ਫਿਰ ਉਹਨਾਂ ਨੂੰ ਬਚਾ ਕੇ ਲੈ ਗਏ ਅਤੇ ਮਨੀਲਾ ਜਾਣ ਵਾਲੇ ਜਹਾਜ

'ਚ ਬਿਠਾ ਦਿੱਤਾ। ਮੰਗੂ ਰਾਮ ਫਿਲਪੀਂਜ ਪਹੁੰਚ ਗਏ ਤਾਂ ਉਹਨਾਂ ਨੇ ਮਨੀਲਾ ਟਾਈਮਜ਼ 'ਚ ਵੇਖਿਆ ਕਿ ਉਹਨਾਂ ਨੂੰ ਬਰਤਾਨੀਆ ਸਰਕਾਰ ਨੇ ਸਿੰਘਾਪੁਰ ਵਿੱਚ ਫਾਂਸੀ ਲਗਾ ਦਿੱਤੀ । ਅਜਿਹਾ ਹੋਣ ਉਪਰੰਤ ਮੰਗੂ ਰਾਮ ਨੇ ਆਪਣਾ ਨਾਮ ਬਦਲ ਕੇ ਨਿਜਾਮੂਦੀਨ ਰੱਖ ਲਿਆ । ਫਿਲਪੀਂਜ ਵਿੱਚ ਗਦਰ ਪਾਰਟੀ ਦੇ ਮੈਂਬਰ ਉਸ ਦਾ ਸਹਾਰਾ ਬਣੇ ਸਨ । ਇੱਥੇ ਆਪ ਨੂੰ ਬਹੁਤੀਆਂ ਸਮੱਸਿਆਵਾਂ ਦਾ ਸ਼ਿਕਾਰ ਹੋਣਾ ਪਿਆ । 1922 ਵਿੱਚ ਮਨੀਲਾ ਵਿਖੇ ਗਦਰ ਪਾਰਟੀ ਦਾ ਖਤਰਨਾਕ ਕਾਰਕੁੰਨ ਸਮਝ ਕੇ ਗ੍ਰਿਫਤਾਰ ਕਰ ਲਿਆ ਗਿਆ । ਆਪ ਜੀ ਨੇ ਅਨੇਕਾਂ ਮੁਸ਼ਕਿਲਾਂ ਦੌਰਾਨ ਗਦਰ ਪਾਰਟੀ ਅਤੇ ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ ਪਾਇਆ । ਫਿਲਪੀਂਜ ਦੇ ਟਾਪੂਆਂ ਵਿੱਚ 6 ਸਾਲ ਬਿਤਾਉਣ ਉਪਰੰਤ ਘਰ ਵਾਪਿਸ ਪਰਤਣ ਦਾ ਵਿਚਾਰ ਬਣਾਇਆ । ਆਪ ਜੀ ਦੀ ਪਹਿਲੀ ਪਤਨੀ ਆਪ ਜੀ ਦੀ ਫਾਂਸੀ ਦੀ ਸਜਾ ਨੂੰ ਸੁਣ ਕੇ ਕਾਫੀ ਉਦਾਸ ਅਤੇ ਬਿਮਾਰ ਰਹਿਣ ਲੱਗ ਪਈ ।

ਇਸ ਦੌਰਾਨ ਉਹਨਾਂ ਦੇ ਪਰਿਵਾਰ ਵਾਲਿਆਂ ਨੇ ਉਸ ਦੀ ਜਾਨ ਬਚਾਉਣ ਲਈ ਪ੍ਰੇਮੀ ਦਾ ਵਿਆਹ (ਮੰਗੂ ਰਾਮ ਦੀ ਪਤਨੀ) ਰੰਡੇ ਹੋਏ ਵੱਡੇ ਭਰਾ ਨਾਲ ਕਰ ਦਿੱਤਾ। ਜਦੋਂ ਮੰਗੂ ਰਾਮ ਦੀ ਉਮਰ 40 ਦੇ ਕਰੀਬ ਸੀ ਤਾਂ ਉਹਨਾਂ ਵਿਆਹ ਕਰਾਉਣ ਦਾ ਫੈਸਲਾ ਕੀਤਾ । ਉਹਨਾਂ ਦਾ ਦੂਸਰਾ ਵਿਆਹ 1926 ਵਿੱਚ ਬੀਬੀ ਬਿਸ਼ਨ ਕੌਰ ਪਿੰਡ ਵਾਂਦਰ ਜਟਾਣਾ ਜਿਲ੍ਹਾ ਫਰੀਦਕੋਟ ਵਿਖੇ ਹੋਇਆ । ਬਾਬੂ ਮੰਗੂ ਰਾਮ ਜੀ ਨੂੰ ਅਛੂਤ ਸਮਾਜ ਦੀ ਚਿੰਤਾ ਵਧੇਰੇ ਸਤਾਉਂਦੀ ਸੀ ਆਪ ਨੇ ਛੂਆ-ਛਾਤ ਦਾ ਦਰਦ ਪਿੰਡੇ ਉੱਪਰ ਹੰਡਾਇਆ ਸੀ । ਇਸ ਲਈ ਅਛੂਤਾਂ ਦੀ ਗੁਲਾਮੀ ਦਾ ਕਾਰਣ ਉਹਨਾਂ ਦਾ ਅਗਿਆਨ, ਉਹਨਾਂ ਦਾ ਅੰਧ-ਵਿਸ਼ਵਾਸ਼ ਅਤੇ ਹੋਰ ਅਛੂਤ ਸਮਾਜ ਨੂੰ ਆਜ਼ਾਦੀ ਦਿਵਾਉਣ ਲਈ ਬਾਬੂ ਮੰਗੂ ਰਾਮ ਜੀ ਨੇ ਅਛੂਤ ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਇੱਕ ਅੰਦੋਲਨ ਚਲਾਉਣ ਦੀ ਯੋਜਨਾ ਬਣਾਈ । ਉਹਨਾਂ ਨੇ 11, 12 ਜੂਨ 1926 ਨੂੰ ਪਿੰਡ ਮੰਗੋਵਾਲ ਵਿਖੇ ਦੋ ਰੋਜਾ ਕਾਨਫਰੰਸ ਦਾ ਆਯੋਜਨ ਕੀਤਾ । ਕਾਨਫਰੰਸ ਵਿੱਚ ਪੰਜਾਬ ਭਰ ਦੇ ਅਛੂਤ ਲੋਕ ਇਕੱਠੇ ਹੋਏ । ਇਸ ਵਿੱਚ ਦੂਸਰੇ ਲੋਕ ਈਸਾਈ, ਸਿੱਖ, ਮੁਸਲਮਾਨ, ਸਨਾਤਨੀ ਅਤੇ ਆਰੀਆ ਲੋਕ ਵੀ ਸ਼ਾਮਿਲ ਹੋਏ।ਇਸ ਕਾਨਫਰੰਸ ਵਿੱਚ 25 ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ ।ਇਸ ਕਾਨਫਰੰਸ ਵਿੱਚ ਆਪ ਜੀ ਨੇ ਅਛੂਤ ਸਮਾਜ ਨੂੰ ਇੱਕ ਗੱਲ ਸਪੱਸ਼ਟ ਤੋਰ ਤੇ ਸਮਝਾ ਦਿੱਤੀ ਕਿ ਅਸੀਂ ਦੋਹਰੇ ਗੁਲਾਮ ਹਾਂ ।

ਅਸੀਂ ਆਪਣੀ ਅਸਲ ਲੜਾਈ ਲਈ ਸੰਘਰਸ਼ ਲਈ ਤਿਆਰ ਹੋਣਾ ਹੈ । ਆਪ ਜੀ ਨੇ ਵਗਾਰ ਵਿਰੁੱਧ ਸੰਘਰਸ਼ ਕੀਤਾ ਆਦਿ ਧਰਮ ਨੇ ਮੰਗੂ ਰਾਮ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮੋਹਰੇ ਮੋਰਚਾ ਲਾਇਆ ਤੇ ਵਗਾਰ ਬੰਦ ਕਰਵਾ ਕੇ ਮਜਦੂਰੀ 2 ਆਨੇ ਤੋਂ 1½ ਰੁਪਏ ਕਰਵਾ ਦਿੱਤੀ । ਬਾਬੂ ਮੰਗੂ ਰਾਮ ਜੀ ਨੂੰ ਸਾਇਮਨ ਕਮਿਸ਼ਨ ਦੇ ਆਉਣ ਦੀ ਖਬਰ ਮਿਲੀ ਤਾਂ ਆਪਨੇ ਹਜ਼ਾਰਾਂ ਵਰਕਰਾਂ ਨੂੰ ਇੱਕਠੇ ਕੀਤਾ ਅਤੇ 1928 ਵਿੱਚ 150 ਮੰਨੇ ਪ੍ਰਮੰਨੇ ਆਦਮੀਆਂ ਨੇ ਸਾਇਮਨ ਕਮਿਸ਼ਨ ਦੇ ਆਗੂਆਂ ਨੂੰ ਇੱਕ ਮੰਗ ਪੱਤਰ ਪੇਸ਼ ਕੀਤਾ । ਸਾਇਮਨ ਕਮਿਸ਼ਨ ਜਿਸ ਦਾ ਭਾਰਤ ਵਿੱਚ ਕਾਫੀ ਵਿਰੋਧ ਹੋਇਆ ਸੀ ।

ਜੋ ਬਾਬਾ ਸਾਹਿਬ ਜੀ ਦੀਆਂ ਜਬਰਦਸਤ ਦਲੀਲਾਂ ਅਤੇ ਸਿਫਾਰਸ਼ਾਂ ਉੱਪਰ ਭਾਰਤ ਵਿੱਚ ਆਇਆ ਸੀ ।ਜਾਤੀ ਸਮਾਜ ਦੀ ਬਣਤਰ ਵੇਖਣ ਲਈ ਆਪ ਨੇ ਸਾਇਮਨ ਕਮਿਸ਼ਨ ਤੋਂ ਮੰਗ ਕੀਤੀ ਕਿ ਅਛੂਤ ਲੋਕਾਂ ਨੂੰ ਮਾਨਵੀ ਅਧਿਕਾਰ ਦਿੱਤੇ ਜਾਣ ਇਹ ਸਰਕਾਰ ਦੀ ਜਿੰਮੇਵਾਰੀ ਹੈ । 1931 ਵਿੱਚ ਮਰਦਮ ਸ਼ੁਮਾਰੀ ਸਮੇਂ ਅਛੂਤਾਂ ਦੀ ਗਿਣਤੀ 6 ਕਰੋੜ ਸੀ ਉਹਨਾਂ ਨੂੰ ਕਾਂਗਰਸੀ ਨੇਤਾਵਾਂ ਨੇ ਹਿੰਦੂ ਅਤੇ ਮੁਸਲਮਾਨਾਂ 'ਚ ਵੰਡ ਪਾਉਣ ਦੀ ਸਾਜਿਸ਼ ਰਚੀ ਤਾਂ ਬਾਬੂ ਜੀ ਨੇ ਡੱਟ ਕੇ ਵਿਰੋਧ ਕੀਤਾ । ਫਰੈਂਚਾਈਜ ਕਮੇਟੀ ਦੀ ਰਿਪੋਰਟ ਤੇ ਵਿਚਾਰ ਕਰਨ ਲਈ ਲੰਡਨ ਵਿੱਚ ਗੋਲਮੇਜ ਕਾਨਫਰੰਸਾਂ ਹੋਈਆਂ ਜਿਸ ਵਿੱਚ ਦਲਿਤਾਂ ਦੀ ਅਗਵਾਈ ਕਰਨ ਲਈ ਬਾਬਾ

ਸਾਹਿਬ ਡਾ: ਅੰਬੇਡਕਰ ਦੇ ਹੱਕ ਵਿੱਚ 37 ਟੈਲੀਗ੍ਰਾਮ ਭੇਜੀਆਂ। ਜਿਸ ਕਾਰਨ ਬਾਬਾ ਸਾਹਿਬ ਅਛੂਤ ਲੋਕਾਂ ਦੇ ਆਗੂ ਵਜੋਂ ਸਥਾਪਿਤ ਹੋਏ।

ਜਿਸ ਸਮੇਂ ਮਹਾਤਮਾ ਗਾਂਧੀ ਨੇ ਦਲਿਤ ਅਛੂਤਾਂ ਦੇ ਮਾਨਵੀ ਅਧਿਕਾਰਾਂ ਵਿਰੁੱਧ ਮਰਨ ਵਰਤ ਰੱਖਿਆ ਸੀ ਉਸ ਸਮੇਂ ਅਛੂਤਾਂ ਨੂੰ ਹੱਕ ਪ੍ਰਾਪਤੀ ਲਈ ਗਾਂਧੀ ਵਿਰੁੱਧ ਬਾਬੂ ਮੰਗੂ ਰਾਮ ਜੀ ਅਤੇ ਚੁੰਨੀ ਲਾਲ ਆਦਿ ਧਰਮ ਵਲੋਂ ਮਰਨ ਵਰਤ ਰੱਖੇ ਗਏ ਸਨ। ਇੱਥੇ ਬਾਬੂ ਜੀ ਦਾ ਇਹ ਮਰਨ ਵਰਤ ਸੰਤ ਸਰਵਣ ਦਾਸ ਡੇਰਾ ਸੱਚਖੰਡ ਬੱਲਾਂ ਵਾਲਿਆਂ ਨੇ ਖੁਲਵਾਇਆ ਸੀ। ਪੂਨਾ ਪੈਕਟ ਸਮਝੌਤੇ ਦੌਰਾਨ 1937 ਵਿੱਚ ਪੰਜਾਬ ਅਸੈਂਬਲੀ ਲਈ ਵੋਟਾਂ ਪਈਆਂ ਤਾਂ ਆਦਿ ਧਰਮ ਮੰਡਲ ਨੇ ਆਜ਼ਾਦ ਉਮੀਦਵਾਰ ਵਜੋਂ ਚੋਣਾਂ ਲੜੀਆਂ। 8 ਸੀਟਾਂ ਵਿੱਚੋਂ 7 ਸੀਟਾਂ ਉੱਪਰ ਆਦਿ ਧਰਮ ਦੇ ਮੈਂਬਰ ਜਿੱਤ ਗਏ ਸਨ। ਆਦਿ ਧਰਮ ਜਿਸ ਦੀ ਅਗਵਾਈ ਬਾਬੂ ਮੰਗੂ ਰਾਮ ਜੀ ਕਰ ਰਹੇ ਸਨ ਉਹਨਾਂ ਦਾ ਮੁੱਖ ਮਕਸਦ ਦਲਿਤਾਂ ਵਿੱਚ ਸਵੈਮਾਨ ਦੀ ਭਾਵਨਾ ਪੈਦਾ ਕਰਨੀ ਸੀ । ਆਪ ਜੀ ਲੰਬੀ ਬਿਮਾਰੀ ਤੋਂ ਬਾਅਦ ਅੰਤ 22 ਅਪ੍ਰੈਲ 1980 ਨੂੰ ਸਦਾ ਸਦਾ ਲਈ ਸੰਸਾਰ ਨੂੰ ਅਲਵਿਦਾ ਕਹਿ ਗਏ। ਆਪ ਜੀ ਦੀ ਦੇਣ ਸਮਾਜ ਹਮੇਸ਼ਾ ਯਾਦ ਰੱਖੇਗਾ।[1]

## ਬਾਬੂ ਜਗਜੀਵਨ ਰਾਮ ਜੀ

ਬਾਬੂ ਜਗਜੀਵਨ ਰਾਮ ਜੀ ਦਾ ਨਾਮ ਕਿਸੇ ਜਾਨ ਪਹਿਚਾਣ ਦਾ ਮੁਥਾਜ ਨਹੀਂ ਹੈ। ਉਹਨਾਂ ਦਾ ਜਨਮ 5 ਅਪ੍ਰੈਲ 1908 ਨੂੰ ਵਿਹਾਰ ਦੇ ਆਰਾ ਜ਼ਿਲ੍ਹੇ ਦੇ ਚੰਨਦਵਾ ਪਿੰਡ ਵਿੱਚ ਚਮਾਰ ਜਾਤ ਵਿੱਚ ਹੋਇਆ। ਆਪ ਜੀ ਦੇ ਪਿਤਾ ਸ਼੍ਰੀ ਸੰਤ ਸ਼ੋਭੀ ਰਾਮ ਜੀ ਸਨ ਅਤੇ ਮਾਤਾ ਜੀ ਦਾ ਨਾਮ ਸ਼੍ਰੀਮਤੀ ਬਸੰਤੀ ਦੇਵੀ ਸੀ। ਆਪ ਜੀ ਦੇ ਮਾਤਾ ਪਿਤਾ ਜੀ ਦਾ ਗੁਰੂ ਰਵਿਦਾਸ ਜੀ ਵਿੱਚ ਬਹੁਤ ਵਿਸ਼ਵਾਸ਼ ਅਤੇ ਸ਼ਰਧਾ ਸੀ। ਧਾਰਮਿਕ ਖਿਆਲਾਂ ਦੇ ਸਨ। ਬਚਪਨ ਵਿੱਚ ਪਰਿਵਾਰ ਦੇ ਲੋਕ ਆਪ ਜੀ ਨੂੰ ਬੱਬੂਆ ਕਹਿ ਕੇ ਪੁਕਾਰਦੇ ਸਨ ਅਜੇ ਆਪ ਜੀ ਨੇ ਪ੍ਰਾਇਮਰੀ ਸਕੂਲ ਵਿੱਚ ਪ੍ਰਵੇਸ਼ ਹੀ ਕੀਤਾ ਸੀ ਕਿ ਆਪ ਜੀ ਦੇ ਪਿਤਾ ਦਾ ਦਿਹਾਂਤ ਹੋ ਗਿਆ। ਆਪ ਜੀ ਦੇ ਪਿਤਾ ਮਰਦੇ ਸਮੇਂ ਆਪ ਜੀ ਦੀ ਮਾਤਾ ਜੀ ਨੂੰ ਖਾਸ ਕਰਕੇ ਕਹਿ ਗਏ ਕਿ ਬੱਬੂਆ ਦਾ ਖਿਆਲ ਰੱਖਣਾ ਅਤੇ ਇਸ ਦੀ ਪੜ੍ਹਾਈ ਲਿਖਾਈ ਨਿਰੰਤਰ ਜਾਰੀ ਰੱਖਣੀ।

ਕਿਸੇ ਕਮੀ ਕਰਕੇ ਪੜ੍ਹਾਈ ਵਿੱਚ ਰੁਕਾਵਟ ਨਾ ਆਵੇ। ਆਪ ਜੀ ਦੀ ਮਾਤਾ ਜੀ ਨੇ ਅਨੇਕਾਂ ਕਸ਼ਟ ਸਹਾਰਦਿਆਂ,ਦੁੱਖ ਤਕਲੀਫਾਂ ਦੇ ਬਾਵਜੂਦ ਸਖਤ ਮਿਹਨਤ ਕਰਕੇ ਪੜ੍ਹਾਇਆ ਬਹੁਤ ਮੁਸ਼ਕਿਲਾਂ ਦੇ ਬਾਵਜੂਦ ਆਪ ਜੀ ਨੇ ਪ੍ਰਾਇਮਰੀ ਸਿੱਖਿਆ ਪਾਸ ਕਰ ਲਈ। ਹਾਇਰ ਸੈਕੰਡਰੀ ਸਕੂਲ ਤੋਂ 1926 ਵਿੱਚ ਪਹਿਲੀ ਸ਼੍ਰੇਣੀ 'ਚ ਦਸਵੀਂ ਅਤੇ ਫਿਰ 1928 ਵਿੱਚ ਵਾਰਾਨਸੀ ਹਿੰਦੂ ਵਿਸ਼ਵ ਵਿੱਦਿਆਲਿਆ ਤੋਂ ਸਾਇੰਸ ਪਾਸ ਕੀਤੀ। ਇਸ ਤੋਂ ਬਾਅਦ 1931 ਵਿੱਚ ਕਲਕੱਤਾ ਯੂਨੀਵਰਸਿਟੀ ਤੋਂ ਬੀ.ਐਸ.ਸੀ. ਦੀ ਡਿਗਰੀ ਪਹਿਲੇ ਨੰਬਰ ਤੇ ਪ੍ਰਾਪਤ ਕੀਤੀ। **ਚਮਾਰ ਜਾਤ ਦੇ ਹੋਣ ਕਾਰਨ ਆਪ ਜੀ ਨੂੰ ਨਫ਼ਰਤ ਦੀ ਭਾਵਨਾ ਨਾਲ ਵੇਖਿਆ ਗਿਆ। ਪ੍ਰਾਇਮਰੀ ਸਕੂਲ ਵਿੱਚ ਸਰਵਜਨ ਘੜੇ ਦਾ ਪਾਣੀ ਨਹੀਂ ਸੀ ਪੀਣ ਦਿੱਤਾ ਜਾਂਦਾ।**

ਜਦੋਂ ਵਾਰਾਨਸੀ ਹਿੰਦੂ ਵਿਸ਼ਵ ਵਿਦਿਆਲਿਆ 'ਚ ਪੜ੍ਹ ਰਹੇ ਸਨ ਤੇ ਉਸ ਸਮੇਂ ਹੋਸਟਲ 'ਚ ਰਸੋਈਏ ਨੇ ਖਾਣਾ ਪਰੋਸਣ ਤੋਂ ਇਨਕਾਰ ਕਰ ਦਿੱਤਾ ਸੀ। ਉਹਨਾਂ ਨੇ ਉਸ ਦਾ ਬਿਲਕੁਲ ਬਾਇਕਾਟ ਕਰ ਦਿੱਤਾ ਸੀ। ਚਮਾਰ ਜਾਤੀ ਦਾ ਹੋਣ ਕਾਰਨ ਖਾਸ ਭੇਦ-ਭਾਵ ਦਾ ਸ਼ਿਕਾਰ ਹੋਣਾ ਪਿਆ, ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋਣਾ ਪਿਆ ਅਤੇ ਪ੍ਰਣ ਕੀਤਾ ਕਿ ਸਮਾਜ ਵਿੱਚੋਂ ਅਪਮਾਨ ਜਨਕ ਵਿਵਹਾਰ ਦਾ ਬਦਲਾਵ ਪੈਦਾ ਕਰਨ ਦੀ ਕੋਸ਼ਿਸ਼ ਵਿੱਚ ਹੀ ਜਿਉਣਾ ਹੈ।

1934 ਵਿੱਚ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਖਿਲਾਫ ਅ-ਸਹਿਯੋਗ ਅੰਦੋਲਨ ਚਲਾਇਆ ਤਾਂ ਆਪ ਨੇ ਆਪਣੀ ਪੜ੍ਹਾਈ ਵਿੱਚ ਹੀ ਛੱਡ ਦਿੱਤੀ ਅਤੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋ ਗਏ । ਅਜ਼ਾਦੀ ਦੀ ਲੜਾਈ ਵਿੱਚ ਬਾਬੂ ਜਗਜੀਵਨ ਰਾਮ ਜੀ ਮਹਾਤਮਾ ਗਾਂਧੀ ਤੋਂ ਪ੍ਰਭਾਵਿਤ ਹੋਏ ਅਤੇ ਦੇਸ਼ ਦਾ ਦੌਰਾ ਕੀਤਾ ਅਤੇ ਸਮਾਜ ਨੂੰ ਦੇਸ਼ ਦੀ ਆਜ਼ਾਦੀ ਵਿੱਚ ਹਿੱਸਾ ਪਾਉਣ ਲਈ ਪ੍ਰੇਰਿਤ ਕੀਤਾ । **ਬਾਬੂ ਜਗਜੀਵਨ ਰਾਮ ਭਾਰਤ ਰਤਨ ਡਾ.ਅੰਬੇਡਕਰ ਜੀ ਨਾਲ ਵਿਚਾਰਧਾਰਕ ਤੌਰ ਤੇ ਵਿਰੋਧ ਵਿੱਚ ਹੀ ਰਹੇ ਸਨ।**

1942 ਵਿੱਚ ਗਾਂਧੀ ਜੀ ਨੇ 'ਕਰੋ ਜਾਂ ਮਰੋ ਦਾ ਨਾਅਰਾ' ਦਿੱਤਾ। ਉਸ ਸਮੇਂ ਜਗਜੀਵਨ ਰਾਮ ਹੋਰ ਰਾਸ਼ਟਰੀ ਨੇਤਾਵਾਂ ਦੀ ਪਹਿਲੀ ਕਤਾਰ ਵਿੱਚ ਖੜ੍ਹੇ ਸਨ । ਇਸ ਸਮੇਂ ਅੰਗ੍ਰੇਜ਼ਾਂ ਨੇ ਆਪ ਜੀ ਨੂੰ ਜੇਲ ਵਿੱਚ ਸੁੱਟ ਦਿੱਤਾ। ਹੌਲੀ-ਹੌਲੀ ਆਪ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ ਸੀ ਕਿਉਂਕਿ ਢਾਈ ਸਾਲ ਜੇਲ ਵਿੱਚ ਰਹਿਣ ਮਗਰੋਂ ਰਿਹਾਈ ਹੋਈ ਸੀ । ਦੇਸ਼ ਦੇ ਲੋਕ ਆਪ ਜੀ ਦਾ ਨਾਮ ਆਦਰ ਸਤਿਕਾਰ ਨਾਲ ਲੈਣ ਲੱਗੇ ਸੀ । ਬਾਬੂ ਜਗਜੀਵਨ ਰਾਮ ਜੀ ਦਾ ਰਾਜਨੀਤੀ ਵਿੱਚ ਆਉਣ ਦਾ ਕਾਰਨ ਸਮਾਜ ਨੂੰ ਸੁਧਾਰਨਾ ਸੀ । ਆਪ ਜੀ ਦਾ ਵਿਆਹ 8 ਸਾਲ ਦੀ ਉਮਰ 'ਚ ਹੋ ਗਿਆ ਸੀ ਪਰ ਆਪ ਦੀ ਪਤਨੀ ਦੀ ਮੌਤ ਹੋ ਗਈ ਸੀ ਫਿਰ ਦੂਸਰਾ ਵਿਆਹ 1935 ਵਿੱਚ ਕਾਨਪੁਰ ਦੇ ਸਮਾਜ ਸੇਵੀ ਪਰਿਵਾਰ ਦੀ ਲੜਕੀ ਇੰਦਰਾਣੀ ਦੇ ਨਾਲ ਹੋਇਆ ਸੀ । ਬਾਬੂ ਜਗਜੀਵਨ ਰਾਮ 1932 ਵਿੱਚ ਆਰਾ ਨਗਰ ਪਾਲਿਕਾ ਦੇ ਮੈਂਬਰ ਨਿਯੁਕਤ ਹੋਏ ਤੇ ਰਾਜਨੀਤੀ ਦੀ ਪਹਿਲੀ ਪੌੜੀ ਤੇ ਪੈਰ ਧਰਿਆ । 1936 ਵਿੱਚ ਅੰਗਰੇਜ਼ਾਂ ਦੁਆਰਾ ਬਿਹਾਰ ਐਨੀਟ੍ਰਮ ਗਵਰਨਮੈਂਟ 'ਚ ਮੈਂਬਰ ਚੁਣ ਲਿਆ ਗਿਆ ।

ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਅਜ਼ਾਦ ਭਾਰਤ ਵਿੱਚ ਜਵਾਹਰ ਲਾਲ ਨਹਿਰੂ ਨੇ ਜਗਜੀਵਨ ਰਾਮ ਨੂੰ ਕੇਂਦਰੀ ਮੰਤਰੀ ਬਣਾਇਆ, ਜਿਸ ਦੌਰਾਨ ਆਪ ਨੇ ਨਵਾਂ ਮਜਦੂਰੀ ਐਕਟ ਬਣਾਇਆ । ਕਰਮਚਾਰੀਆਂ ਲਈ ਪ੍ਰੋਵੀਡੈਂਟ ਫੰਡ ਚਾਲੂ ਕਰਵਾਇਆ, ਔਰਤਾਂ ਲਈ ਮੈਟਰਨਿਟੀ ਲੀਵ ਦਾ ਪ੍ਰਾਵਧਾਨ ਕਰਵਾਇਆ । ਜਗਜੀਵਨ ਰਾਮ ਜੀ 1952 ਵਿੱਚ ਭਾਰਤ ਸਰਕਾਰ ਵਿੱਚ ਸੰਚਾਰ ਮੰਤਰੀ ਬਣੇ । 1956 ਵਿੱਚ ਆਪ ਜੀ ਨੂੰ ਰੇਲ ਮੰਤਰੀ ਦਾ ਵਿਭਾਗ ਦਿੱਤਾ ਗਿਆ । ਜਿਸ ਦੌਰਾਨ ਆਪ ਨੇ ਕਾਫੀ ਸੁਧਾਰ ਦੀ ਕੋਸ਼ਿਸ਼ ਕੀਤੀ । 1967 ਵਿੱਚ ਦੇਸ਼ ਦਾ ਖਾਦ ਅਤੇ ਖੇਤੀ ਮੰਤਰੀ ਬਣਾਇਆ ਗਿਆ । 1935 ਵਿੱਚ ਉਹਨਾਂ ਨੇ ਭਾਰਤੀ ਦਲਿਤ ਵਰਗ ਸੰਘ ਦੀ ਸਥਾਪਨਾ ਕੀਤੀ ।

6 ਅਪ੍ਰੈਲ 1984 ਨੂੰ ਜਗਜੀਵਨ ਰਾਮ ਨੇ ਭਾਰਤੀ ਦਲਿਤ ਸਾਹਿਤ ਅਕਾਦਮੀ ਦੀ ਸਥਾਪਨਾ ਕੀਤੀ । ਇਸ ਦੀ ਵਾਗਡੋਰ ਡਾ: ਸੋਹਨ ਲਾਲ ਸੁਮਨਾਕਸਰ ਨੂੰ ਸੌਂਪੀ, ਜਿਸ ਦਾ ਮਕਸਦ ਇਤਿਹਾਸ ਦੀ ਖੋਜ, ਸਾਹਿਤ ਸਿਰਜਣਾ ਕਰਨੀ ਸੀ । ਜਗਜੀਵਨ ਰਾਮ ਜੀ ਨੂੰ ਸਾਹਿਤ ਪੜ੍ਹਨ ਦਾ ਕਾਫੀ ਸੌਂਕ ਸੀ । ਹਿੰਦੀ ਅਤੇ ਅੰਗਰੇਜ਼ੀ ਵਿੱਚ ਮਜਬੂਤ ਪਕੜ ਸੀ ।

**ਵੇਦ, ਸ਼ਾਸ਼ਤਰ, ਉਪਨਿਸ਼ਦ ਅਤੇ ਹਿੰਦੂ ਧਰਮ ਦੇ ਗ੍ਰੰਥਾਂ ਦਾ ਅਧਿਐਨ ਹੀ ਨਹੀਂ ਸੀ ਉਹ ਜੁਬਾਨੀ ਯਾਦ ਸਨ । ਸਿੱਖ ਧਰਮ ਦਾ ਪਵਿੱਤਰ ਗ੍ਰੰਥ ਸਾਹਿਬ, ਮੁਸਲਿਮ ਧਰਮ ਦੀ ਪਵਿੱਤਰ ਕੁਰਾਨ, ਈਸਾਈ ਧਰਮ ਦੀ ਪਵਿੱਤਰ ਬਾਈਬਲ ਅਤੇ ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਖਾਸ ਪ੍ਰਭਾਵਿਤ ਸਨ ।**

**ਆਪ ਜੀ ਨੇ "ਕਾਸਟ ਥਿਊਰੀ ਇੰਨ ਰੂਲ ਇੰਡੀਆ" ਤੇ "ਕਾਸਟ ਚੇਂਜ ਇੰਨ ਇੰਡੀਆ" ਪੁਸਤਕਾਂ ਲਿਖ ਕੇ ਆਪਣੀ ਵਿਦਵਤਾ ਦੀ ਨਿਸ਼ਾਨੀ ਦਿੱਤੀ ।** 1965 ਦੀ ਲੜਾਈ ਜੋ ਪਾਕਿਸਤਾਨ ਨਾਲ ਹੋਈ ਉਸ ਸਮੇਂ ਆਪ ਰੱਖਿਆ ਮੰਤਰੀ ਸਨ । 1971 ਵਿੱਚ ਵੀ ਹਮਲਾ ਹੋਇਆ ਉਸ ਸਮੇਂ ਵੀ ਆਪ ਰੱਖਿਆ ਮੰਤਰੀ ਸਨ । ਆਪ ਨੇ ਦ੍ਰਿੜ ਨਿਸ਼ਚੈ ਨਾਲ ਦੇਸ਼ ਦੀ ਜਨਤਾ ਦਾ ਹੌਸਲਾ ਅਫ਼ਜਾਈ ਕੀਤੀ । 1969-70 'ਚ ਕਾਂਗਰਸ

ਪਾਰਟੀ ਵੀ. ਵੀ. ਗਿਰੀ ਅਤੇ ਸ਼੍ਰੀ ਨੀਲਮ ਸੰਜੀਵ ਰੈਡੀ ਦੇ ਰਾਸ਼ਟਰਪਤੀ ਚੋਣਾਂ ਸਮੇਂ ਦੋ ਗੁੱਟਾਂ ਵਿੱਚ ਵੰਡੀ ਗਈ। ਉਸ ਸਮੇਂ ਬਾਬੂ ਜਗਜੀਵਨ ਰਾਮ ਇੰਦਰਾ ਗਾਂਧੀ ਦੇ ਸਮਰਥਨ 'ਚ ਖੜ੍ਹੇ ਸਨ। ਉਸ ਸਮੇਂ ਜਗਜੀਵਨ ਰਾਮ ਦੀ ਅਗਵਾਈ ਵਿੱਚ ਇੰਦਰਾ ਗਾਂਧੀ ਨੂੰ 2/3 ਤੋਂ ਵੱਧ ਬਹੁਮਤ ਮਿਲ ਗਿਆ।

ਇਸ ਸਮੇਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰੱਖਿਆ ਮੰਤਰੀ ਜਗਜੀਵਨ ਰਾਮ ਨੂੰ ਬਣਾਇਆ ਗਿਆ। 1977 ਵਿੱਚ ਜਗਜੀਵਨ ਰਾਮ ਕਾਂਗਰਸ ਪਾਰਟੀ ਤੋਂ ਅਲੱਗ ਹੋ ਗਏ। ਕਾਂਗਰਸ ਛੱਡ ਕੇ 'ਸੀ.ਐਸ.ਡੀ.' ਨਾਮ ਦੀ ਪਾਰਟੀ ਬਣਾਈ। ਨਵੀਂ ਬਣੀ ਜਨਤਾ ਪਾਰਟੀ ਵਿੱਚ ਆਪਣੀ ਪਾਰਟੀ 'ਸੀ.ਐਸ.ਡੀ.' ਨੂੰ ਸ਼ਾਮਿਲ ਕਰ ਦਿੱਤਾ। ਜਨਤਾ ਪਾਰਟੀ ਨੂੰ ਪੂਰਨ ਬਹੁਮਤ ਪ੍ਰਾਪਤ ਹੋਇਆ। ਇਸ ਦਾ ਕਾਰਨ ਜਗਜੀਵਨ ਰਾਮ ਸੀ। ਪ੍ਰਧਾਨ ਮੰਤਰੀ ਦੇ ਦਾਅਵੇਦਾਰ ਜਗਜੀਵਨ ਰਾਮ ਜੀ ਸਨ ਪਰ ਮੌਕੇ ਤੇ ਸਿਆਸਤ ਫਿਰ ਗਈ, ਪ੍ਰਧਾਨ ਮੰਤਰੀ ਦੀ ਜਗ੍ਹਾ ਰੱਖਿਆ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਦਾ ਅਹੁਦਾ ਦਿੱਤਾ ਗਿਆ। ਬਾਅਦ ਵਿੱਚ ਇੱਕ ਹੋਰ ਪਾਰਟੀ ਕਾਂਗਰਸ (ਜੇ) ਨਾਮ ਦੀ ਪਾਰਟੀ ਬਣਾਈ। 1980 ਵਿੱਚ ਕਾਂਗਰਸ (ਜੇ) ਤੋਂ ਹੀ ਜਿੱਤ ਕੇ ਲੋਕ ਸਭਾ 'ਚ ਗਏ। **ਆਪ ਪੰਜਾਹ ਸਾਲ ਲਗਾਤਾਰ ਰਾਜਨੀਤੀ 'ਚ ਸਰਗਰਮ ਰਹੇ।** ਅੰਤ 6 ਜੁਲਾਈ 1986 ਵਿੱਚ ਦਿੱਲੀ 'ਚ ਲੰਬੀ ਬਿਮਾਰੀ ਤੋਂ ਬਾਅਦ ਆਪ ਜੀ ਦੀ ਮੌਤ ਹੋ ਗਈ[2]

## ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ

**ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰਾ ਸੰਕਲਪ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਮਿਸ਼ਨ ਨੂੰ ਸਮਰਪਿਤ 15 ਮਾਰਚ 1934 ਨੂੰ ਜਨਮਿਆਂ ਕਾਂਸ਼ੀ ਰਾਮ 'ਬਹੁਜਨ ਹਿਤਾਏ ਬਹੁਜਨ ਸੁਖਾਏ' ਦੀ ਮਾਨਵਵਾਦੀ ਵਿਚਾਰਧਾਰਾ ਦਾ ਅਸਲ ਵਾਰਿਸ ਹੋ ਨਿਬੜਿਆ। ਇਹ ਅੰਦਾਜ਼ਾ ਸ਼ਾਇਦ ਕਿਸੇ ਨੇ ਵੀ ਨਹੀਂ ਸੀ ਲਗਾਇਆ ਜੋ ਭਾਰਤ ਵਿੱਚ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਬ੍ਰਾਹਮਣਵਾਦੀ ਵਿਵਸਥਾ ਦਾ ਵਿਨਾਸ਼ ਕਰਨ ਲਈ ਸਮਰਾਟ ਅਸ਼ੋਕ ਦੇ ਸੁਪਨਿਆਂ ਦਾ ਭਾਰਤ ਵਸਾਉਣ ਲਈ ਆਪਣੀ ਜ਼ਿੰਦਗੀ ਦਾ ਹਰ ਪਲ ਸਮਰਪਿਤ ਕਰ ਦੇਵੇਗਾ। ਆਪ ਜੀ ਦਾ ਜਨਮ ਭਾਰਤ ਦੀ ਮੂਲ ਨਿਵਾਸੀ ਪਹਿਚਾਣ ਨੂੰ ਸਮੇਟੀ ਬੈਠੀ ਚਮਾਰ ਜਾਤ ਵਿੱਚ ਮਾਤਾ ਬਿਸ਼ਨ ਕੌਰ ਜੀ ਦੀ ਕੁੱਖੋਂ ਪਿਤਾ ਸ਼੍ਰੀ ਹਰੀ ਸਿੰਘ ਜੀ ਦੇ ਘਰ ਪਿੰਡ ਖੁਆਸ ਪੁਰ ਜ਼ਿਲ੍ਹਾ ਰੋਪੜ ਦੀ ਧਰਤੀ ਉੱਪਰ ਹੋਇਆ।**

ਆਪ ਜੀ ਆਪਣੇ ਭੈਣਾਂ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਅਤੇ ਲਾਡਲੇ ਪੁੱਤਰ ਸਨ। ਆਪ ਜੀ ਦੇ ਮਾਤਾ ਪਿਤਾ ਆਪ ਜੀ ਨੂੰ ਬਹੁਤ ਪਿਆਰ ਕਰਦੇ ਸਨ। ਪਰਿਵਾਰ ਵਿੱਚ ਆਪ ਜੀ ਨੂੰ ਕਾਂਸ਼ੀ ਨਾਮ ਨਾਲ ਹੀ ਪੁਕਾਰਦੇ ਸਨ। ਆਪ ਜੀ ਪੰਜਾਬ 'ਚ ਪੈਦਾ ਹੋਣ ਕਾਰਨ ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਸਨ। ਆਪ ਜੀ ਮਿਹਨਤ ਅਤੇ ਪੜ੍ਹਾਈ ਕਰਨ ਵਿੱਚ ਬਹੁਤ ਲਾਇਕ ਸਨ। ਆਪ ਜੀ ਨੇ ਪੜ੍ਹਾਈ, ਕੁਸ਼ਤੀ ਵਿੱਚ ਮੱਲਾਂ ਮਾਰੀਆਂ ਸਨ। ਘਰ ਦੇ ਕੰਮਾਂ ਵਿੱਚ ਪਿਤਾ ਜੀ ਦਾ ਹੱਥ ਵੀ ਵਟਾਉਂਦੇ ਸਨ। 1956 'ਚ ਉਹਨਾਂ ਬੀ.ਐਸ.ਸੀ. ਕਰਨ ਤੋਂ ਬਾਅਦ 1957 ਵਿੱਚ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕਰ ਲਈ ਸੀ।

ਆਪ ਜੀ ਨੂੰ ਦੇਹਰਾਦੂਨ ਬੁਲਾਇਆ ਗਿਆ। ਇਸ ਵਿੱਚ ਇੱਕ ਨਿਸਚਿਤ ਸਮੇਂ ਲਈ ਸਰਵੇ ਆਫ ਇੰਡੀਆ 'ਚ ਨੌਕਰੀ ਕਰਨੀ ਸੀ ਪਰ ਆਪ ਜੀ ਨੇ ਇੱਥੇ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਬੰਧੂਆ ਮਜਦੂਰ ਦੀ ਬਜਾਏ ਆਜ਼ਾਦ ਰਹਿਣਾ ਚਾਹੁੰਦੇ ਸਨ।

ਫਿਰ ਛੇਤੀ ਪੂਨਾ ਵਿਖੇ ਆਪ ਜੀ ਨੂੰ ਆਰ.ਡੀ. ਐਲ. ਵਿੱਚ ਅਨੁਯੋਜਕ ਦੇ ਸਹਾਇਕ ਦੇ ਅਹੁਦੇ ਉੱਪਰ ਨਿਯੁਕਤ ਕਰ ਲਿਆ ਗਿਆ। ਇਹ ਅਹੁਦਾ ਪ੍ਰਾਪਤ ਕਰਨ ਲਈ ਆਪ ਜੀ ਨੇ ਫੌਜ ਦੇ ਡਿਫੈਂਸ ਸਾਇੰਸ ਐਂਡ ਰਿਸਰਚ ਡਿਵੈਲਪਮੈਂਟ ਆਰਮੀ ਦੀ ਪ੍ਰੀਖਿਆ ਪਾਸ ਕੀਤੀ। ਇਸ ਤੋਂ ਬਾਅਦ ਉਹਨਾਂ ਦੀ ਇੱਛਾ ਵਿਗਿਆਨੀ ਬਣਨ ਦੀ ਸੀ। ਆਪ ਜੀ ਪਾਸ ਏਨੀ ਕੁ ਸਿੱਖਿਆ ਸੀ ਕਿ ਆਪ ਜੀ ਦਾ ਪਰਿਵਾਰ ਪੂਰੇ ਅਰਾਮ ਨਾਲ ਰੋਜੀ ਰੋਟੀ ਖਾ ਸਕਦਾ ਸੀ।

ਨੌਕਰੀ ਦੌਰਾਨ ਆਪ ਜੀ ਦੇ ਜੀਵਨ ਵਿੱਚ ਇੱਕ ਘਟਨਾ ਵਾਪਰੀ ਜਿਸ ਵਿੱਚ ਡਾ: ਅੰਬੇਡਕਰ ਜੀ ਅਤੇ ਭਗਵਾਨ ਬੁੱਧ ਜਯੰਤੀ ਦੀਆਂ ਛੁੱਟੀਆਂ ਦੀ ਜਗ੍ਹਾਂ ਦੀਵਾਲੀ ਅਤੇ ਬਾਲ ਗੰਗਾਧਰ ਜੀ ਦੀਆਂ ਛੁੱਟੀਆਂ ਪਾਸ ਕੀਤੀਆਂ ਗਈਆਂ। ਇਸ ਦਾ ਵਿਰੋਧ ਦੀਨਾ ਭਾਨਾ ਜੀ ਨੇ ਕੀਤਾ। ਦੀਨਾ ਭਾਨਾ ਜੀ ਰਾਜਸਥਾਨ ਦੇ ਜੈਸਲਮੇਰ ਦੇ ਪਿੰਡ ਬਾਸਾਵਾਸ ਦਾ ਨਿਵਾਸੀ ਬਾਲਮੀਕਿ ਭਾਈਚਾਰੇ ਦਾ ਕ੍ਰਾਂਤੀਕਾਰੀ ਪੁਰਸ਼ ਸੀ ਅਤੇ ਮਿਸ਼ਨ ਦੀ ਜਾਣਕਾਰੀ ਰੱਖਦੇ ਸਨ। ਇੱਥੇ ਉਹ ਚੌਥੇ ਦਰਜੇ ਦੇ ਕਰਮਚਾਰੀ ਵਜੋਂ ਨੌਕਰੀ 10 ਆਨੇ ਉੱਪਰ ਕਰਦਾ ਸੀ। ਉਸ ਨੇ ਇੱਥੇ ਦਸਤਖਤ ਨਹੀਂ ਕੀਤੇ ਅਤੇ ਵਿਰੋਧ ਵਿੱਚ ਖੜ੍ਹ ਗਿਆ। ਬਾਕੀ ਕਰਮਚਾਰੀਆਂ ਦੇ ਨਾਲ ਨਾਲ ਕਾਂਸ਼ੀ ਰਾਮ ਜੀ ਨੂੰ ਵੀ ਦੀਨਾ ਜੀ ਨੇ ਗੱਲ ਸਮਝਾਈ ਤਾਂ ਕਾਂਸ਼ੀ ਰਾਮ ਜੀ ਸਮਝ 'ਚ ਆ ਗਈ।ਸ਼੍ਰੀ ਕਾਂਸ਼ੀ ਰਾਮ ਜੀ ਨੇ ਦੀਨਾ ਭਾਨਾ ਜੀ ਦੇ ਹੱਕ 'ਚ ਕੇਸ ਵੀ ਲੜਿਆ।

ਆਪ ਜੀ ਨੇ ਬਾਬਾ ਸਾਹਿਬ ਜੀ ਦੀ ਕਿਤਾਬ ਜਾਤ-ਪਾਤ ਦਾ ਬੀਜ ਨਾਸ਼ ਪੜ੍ਹੀ ਤਾਂ ਦਿਮਾਗ ਦੇ ਕਪਾਟ ਖੁੱਲ੍ਹ ਗਏ। ਕਾਫੀ ਸੋਚ ਵਿਚਾਰ ਉਪਰੰਤ ਆਪ ਜੀ ਨੇ ਆਪਣੀ ਨੌਕਰੀ ਤੋਂ 1964 ਵਿੱਚ ਅਸਤੀਫਾ ਦੇ ਦਿੱਤਾ ਅਤੇ ਘਰ 24 ਪੰਨਿਆਂ ਦਾ ਪੱਤਰ ਲਿਖ ਕੇ ਘਰ ਨਾ ਆਉਣ ਦੀ ਜਾਣਕਾਰੀ ਦਿੱਤੀ। ਉਦੋਂ ਤੱਕ ਜਦੋਂ ਤੱਕ ਭਾਰਤ ਉੱਪਰ ਬਹੁਜਨ ਰਾਜ ਨਹੀਂ ਆ ਜਾਂਦਾ। ਆਪ ਜੀ ਨੇ ਆਪਣੀ ਮਿਹਨਤ ਸ਼ੁਰੂ ਕਰ ਦਿੱਤੀ। ਸਮਾਜ ਨੂੰ ਜਗਾਉਣਾ, ਸਮਝਾਉਣਾ, ਰਹਿਬਰਾਂ ਦਾ ਮਿਸ਼ਨ ਸੋਚ 'ਚ ਬਿਠਾਉਣ ਲਈ ਬਹੁਤ ਮਿਹਨਤ ਕਰਦੇ। ਆਪ ਜੀ ਨੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੀ ਬਣਾਈ ਰਾਜਨੀਤਿਕ ਪਾਰਟੀ ਆਰ.ਪੀ.ਆਈ ਵਿੱਚ ਸ਼ਾਮਿਲ ਹੋ ਕੇ ਕੰਮ ਕਰਨਾ ਅਰੰਭ ਕਰ ਦਿੱਤਾ। ਆਪ ਜੀ ਨੇ ਇੱਥੇ ਵੇਖਿਆ ਕਿ ਆਰ.ਪੀ.ਆਈ. ਅੰਬੇਡਕਰ ਮਿਸ਼ਨ ਤੋਂ ਭਟਕ ਗਈ ਹੈ। ਡਾ: ਅੰਬੇਡਕਰ ਜੀ ਦਾ ਮਿਸ਼ਨ ਪੂਰਾ ਨਹੀਂ ਕਰ ਸਕਦੀ। ਆਪ ਜੀ ਦੀ ਬੇਹੱਦ ਕੋਸ਼ਿਸ਼ ਤੋਂ ਬਾਅਦ ਇਸ ਦੇ ਨੇਤਾਵਾਂ ਨੇ ਨਹੀਂ ਮੰਨੀ ਤਾਂ ਕਾਂਸ਼ੀ ਰਾਮ ਜੀ ਨੇ ਆਪਣੇ ਤਰੀਕੇ ਨਾਲ ਅਪਣੀ ਮਿਹਨਤ ਨਾਲ ਡਾ: ਅੰਬੇਡਕਰ ਜੀ ਦਾ ਮਿਸ਼ਨ ਪ੍ਰਚਾਰਿਆ। ਆਪ ਜੀ ਨੇ ਪੜ੍ਹੇ ਲਿਖੇ ਲੋਕਾਂ ਨੂੰ ਸਮਝਾਉਣਾ ਅਰੰਭ ਕੀਤਾ।

**6 ਦਸੰਬਰ 1978 ਨੂੰ ਗੈਰ ਰਾਜਨੀਤਿਕ ਸੰਗਠਨ ਬਾਮਸੇਫ ਬਣਾ ਕੇ ਮੁਲਾਜਮਾਂ ਬੁੱਧੀਜੀਵੀ ਲੋਕਾਂ ਨੂੰ ਇੱਕਠੇ ਕੀਤਾ। 6 ਦਸੰਬਰ 1981 ਨੂੰ ਡੀ.ਐਸ.ਫੋਰ. ਬਣਾਈ ਤੇ ਆਖਿਰ 'ਚ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕਰਕੇ ਦਲਿਤ ਪੱਛੜੇ ਸਮਾਜ ਨੂੰ ਇੱਕ ਰਾਜਨੀਤਿਕ ਪਲੇਟਫਾਰਮ ਦਿੱਤਾ ਕਿਉਂਕਿ ਬਾਬਾ ਸਾਹਿਬ ਜੀ ਨੇ ਕਿਹਾ ਸੀ ਕਿ ਰਾਜਨੀਤਿਕ ਸੱਤਾ ਇੱਕ ਮਾਸਟਰ ਚਾਬੀ ਹੈ ਜਿਸ ਨਾਲ ਤਰੱਕੀ ਦੇ ਦਰਵਾਜੇ ਖੁਲ੍ਹ ਸਕਦੇ ਹਨ। ਸਾਹਿਬ ਕਾਂਸ਼ੀ ਰਾਮ ਜੀ ਨੇ ਰਾਜਨੀਤਿਕ ਪਾਰਟੀ ਮਜਬੂਤ ਕਰਨ ਲਈ ਬਹੁਤ ਮਿਹਨਤ ਕੀਤੀ ਕਿਉਂਕਿ ਪੈਸਾ ਅਤੇ ਪਾਵਰ ਨਹੀਂ ਸੀ।**

ਆਪ ਜੀ ਪ੍ਰਚਾਰ ਦੌਰਾਨ ਇੱਕ ਵੋਟ ਅਤੇ ਇੱਕ ਨੋਟ ਦਾ ਫਾਰਮੂਲਾ ਅਪਨਾਉਂਦੇ ਸਨ। ਅਮੀਰਾਂ ਤੋਂ ਪੈਸੇ ਨਹੀਂ ਸਨ ਲੈਂਦੇ ਕਿਉਂਕਿ ਬਸਪਾ ਇੱਕ ਅੰਦੋਲਨਸੀ। ਰਾਜਨੀਤਿਕ ਪਾਰਟੀ ਵਿੱਚ ਬਾਅਦ ਵਿੱਚ ਆਪ ਜੀ ਨੇ ਆਪਣਾ ਉਤਰ੍ਹਾਅਧਿਕਾਰੀ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਐਲਾਨ ਕੀਤਾ ਸੀ। ਉਹਨਾਂ ਨੇ ਆਪਣੇ ਚਲਦੇ ਸਮੇਂ ਦੀ ਚਾਲ ਵਿੱਚ ਬਹੁਤ ਸਾਰੇ ਨੇਤਾਵਾਂ ਨੂੰ

ਪਰਖਿਆ, ਕਈਆਂ ਨੂੰ ਬਾਹਰ ਦਾ ਰਸਤਾ ਵੀ ਵਿਖਾਇਆ। **ਆਪ ਜੀ ਦੀ ਮਿਹਨਤ ਦਾ ਕਰਿਸ਼ਮਾ ਹੀ ਹੈ ਕਿ ਉੱਤਰ ਪ੍ਰਦੇਸ਼ ਵਰਗੇ ਰਾਜ ਅੰਦਰ ਚਾਰ ਵਾਰ ਭੈਣ ਕੁਮਾਰੀ ਮਾਇਆਵਤੀ ਜੀ ਬਸਪਾ ਦੀ ਮੁੱਖ ਮੰਤਰੀ ਬਣ ਚੁੱਕੀ ਹੈ।**

ਆਪ ਜੀ ਨੇ **ਚਮਚਾ ਯੁੱਗ ਅਤੇ ਬਾਮਸੇਫ ਨਾਮ** ਦੀਆਂ ਦੋ ਮੱਤਵਪੂਰਨ ਕਿਤਾਬਾਂ ਵੀ ਲਿਖੀਆਂ। ਉਹਨਾਂ ਦਾ ਜੀਵਨ ਇੱਕ ਖੁੱਲੀ ਕਿਤਾਬ ਵਾਂਗ ਸੀ। ਕੋਈ ਪਰਦਾ ਜਾਂ ਉਹਲਾ ਨਹੀਂ ਸੀ। ਈਮਾਨਦਾਰੀ ਦੀ ਮਿਸਾਲ ਉਹਨਾਂ ਵਰਗੀ ਕਿਤੇ ਵੀ ਹੋਰ ਨਹੀਂ ਮਿਲਦੀ। ਉਹ ਮਿਸ਼ਨਰੀ, ਜਿੱਦੀ, ਮਿਹਨਤੀ, ਜਜ਼ਬਾਤੀ ਅਤੇ ਆਤਮ ਵਿਸ਼ਵਾਸ਼ ਨਾਲ ਭਰਪੂਰ ਸਨ। ਉਹਨਾਂ ਨੇ ਲਗਾਤਾਰ ਸੰਘਰਸ਼ ਕੀਤਾ। ਜ਼ਿੰਦਗੀ ਦਾ ਹਰ ਪਲ ਹਰ ਘੜੀ ਇਸ ਤਰ੍ਹਾਂ ਗੁਜਾਰੀ ਕਿ ਹਰ ਪਲ ਇੱਕ ਇਤਿਹਾਸ ਬਣ ਗਿਆ। ਉਹਨਾਂ ਦੀ ਜ਼ਿੰਦਗੀ ਦਾ ਮਕਸਦ ਆਪਣੇ ਗੁਰੂਆਂ, ਰਹਿਬਰਾਂ ਦਾ ਮਿਸ਼ਨ ਪੂਰਾ ਕਰਕੇ ਬਹੁਜਨ ਸਮਾਜ ਦਾ ਰਾਜ ਲਿਆਉਣਾ ਸੀ।

**ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਸਮਾਜ ਨੂੰ ਜਾਗ੍ਰਿਤ ਕਰਨ ਲਈ ਬਹੁਜਨ ਸੰਗਠਕ ਅਖ਼ਬਾਰ ਦੀ ਨਿਰੰਤਰ ਸੰਪਾਦਕੀ ਕਰਦੇ ਰਹੇ**

ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਇਤਿਹਾਸ 'ਚ ਅਜਿਹੇ ਦੂਸਰੇ ਵਿਅਕਤੀ ਹੋਏ ਹਨ ਜਿਹਨਾਂ ਨੇ ਗੁਰੂ ਰਵਿਦਾਸ ਜੀ ਵਾਂਗ ਪ੍ਰਚਾਰ ਵਿੱਚ ਆਪਣੇ ਆਪ ਨੂੰ ਚਮਾਰ ਕਿਹਾ ਤੇ ਪ੍ਰਚਾਰਿਆ। ਉਹ ਕਿਹਾ ਕਰਦੇ ਸਨ ਕਿ **"ਜੰਮੂ ਤੋਂ ਲੈ ਕੇ ਨਾਗਪੁਰ, ਜੰਮੂ ਤੋਂ ਲੈ ਕੇ ਅਹਿਮਦਾਬਾਦ, ਜੰਮੂ ਤੋਂ ਲੈ ਕੇ ਕਲਕੱਤਾ ਇਹ ਜੋ ਰੀਜਨ ਹੈ ਇਸ ਨੂੰ ਚਮਾਰ ਬੈਲਟ ਦੇ ਨਾਮ ਨਾਲ ਪੁਕਾਰਦੇ ਸਨ। ਇਹਨਾਂ ਰੀਜਨ 'ਚ ਸਭ ਤੋਂ ਜਿਆਦਾ ਗਿਣਤੀ ਚਮਾਰਾਂ ਦੀ ਹੈ। ਸਿਰਫ ਸਡੂਲਕਾਸਟ ਹੀ ਨਹੀਂ ਬਲਕਿ ਕਿਸੇ ਵੀ ਜਾਤ ਦੀ ਅਬਾਦੀ ਇਤਨੀ ਨਹੀਂ ਜਿੰਨੀ ਚਮਾਰਾਂ ਦੀ ਹੈ।"**

ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੀ ਜ਼ਿੰਦਗੀ ਦਾ ਹਰ ਪਲ ਸਮਾਜ ਦੇ ਲੇਖੇ ਲਾਇਆ। ਉਹ ਚਾਹੁੰਦੇ ਸਨ ਅਸ਼ੋਕ ਦੇ ਸੁਪਨਿਆਂ ਦਾ ਭਾਰਤ, ਇਸ ਧਰਤੀ ਉੱਪਰ ਪੂਰਨ ਅੰਬੇਡਕਰਵਾਦ ਦਾ ਪ੍ਰਚਾਰ ਹੀ ਬੇਗਮਪੁਰਾ ਸ਼ਹਿਰ ਹੋਵੇਗਾ।[3]

## ਭੈਣ ਕੁਮਾਰੀ ਮਾਇਆਵਤੀ ਜੀ

ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ 15 ਜਨਵਰੀ 1956 ਨੂੰ ਪਿਤਾ ਸ਼੍ਰੀ ਪ੍ਰਭੂਦਿਆਲ ਅਤੇ ਮਾਤਾ ਸ਼੍ਰੀਮਤੀ ਵਿਦਿਆਵਤੀ ਜੀ ਦੀ ਕੁੱਖੋਂ ਦਿੱਲੀ ਵਿੱਚ ਹੋਇਆ। ਆਪ ਜੀ ਦੇ ਪਿਤਾ ਉੱਤਰ ਪ੍ਰਦੇਸ਼ ਦੇ ਜਿਲ੍ਹਾ ਬੁਲੰਦਪੁਰ ਦੇ ਪਿੰਡ ਬਾਦਲਪੁਰ ਦੇ ਵਿੱਚ ਰਹਿਣ ਵਾਲੇ ਭਾਰਤ ਦੀ ਮੂਲ ਨਿਵਾਸੀ ਚਮਾਰ ਜਾਤ ਦੇ ਹਨ। ਆਪ ਜੀ ਦੇ ਪਿਤਾ ਭਾਰਤ ਸਰਕਾਰ ਦੇ ਡਾਕ ਵਿਭਾਗ ਵਿੱਚ ਨੌਕਰੀ ਕਰਦੇ ਸਨ। ਸਰਕਾਰੀ ਨੌਕਰੀ ਦੌਰਾਨ ਆਪ ਦਿੱਲੀ ਵਿਖੇ ਆ ਗਏ। ਕੁਮਾਰੀ ਮਾਇਆਵਤੀ ਜੀ ਨੂੰ ਆਪਣੇ ਬਚਪਨ ਵਿੱਚ ਛੂਆ-ਛਾਤ ਤੇ ਰੂੜੀਵਾਦੀ ਵਿਚਾਰਾਂ ਦਾ ਸਾਹਮਣਾ ਕਰਨਾ ਪਿਆ। ਆਪ ਨੇ ਸਰਕਾਰੀ ਸਕੂਲ ਤੋਂ ਵਿੱਦਿਆ ਪ੍ਰਾਪਤ ਕੀਤੀ।

**1972 ਵਿੱਚ ਆਪ ਨੇ ਨੌਵੀਂ, ਦਸਵੀਂ ਗਿਆਰਵੀ ਇੱਕ ਸਾਲ ਦੌਰਾਨ ਤਿੰਨ ਜਮਾਤਾਂ** ਪਾਸ ਕਰਕੇ ਆਪਣੀ ਯੋਗਤਾ ਅਤੇ ਕਾਬਲੀਅਤ ਦੀ ਪਹਿਚਾਣ ਦਰਜ ਕਰਾਈ। 1975 ਵਿੱਚ ਵਿਸ਼ਵ ਵਿਦਿਆਲਿਆ ਦਿੱਲੀ ਤੋਂ ਬੀ.ਏ. ਪਾਸ ਕਰਕੇ 1976 ਵਿੱਚ ਬੀ.ਐਡ. ਦੀ ਡਿਗਰੀ ਪ੍ਰਾਪਤ ਕੀਤੀ। ਬਾਅਦ 'ਚ ਐਲ.ਐਲ.ਬੀ. ਕਰਕੇ ਵਕਾਲਤ ਦੀ ਡਿਗਰੀ ਪ੍ਰਾਪਤ

ਕੀਤੀ। ਆਪ ਜੀ ਆਈ.ਏ.ਐਸ. ਦੀ ਤਿਆਰੀ ਕਰ ਰਹੇ ਸਨ। 1977 ਤੋਂ 1984 ਤੱਕ ਆਪ ਜੀ ਨੇ ਸਰਕਾਰੀ ਸਿੱਖਿਆ ਵਿਭਾਗ ਵਿੱਚ ਸਰਕਾਰੀ ਨੌਕਰੀ ਵੀ ਕੀਤੀ। ਇੱਕ ਪ੍ਰੋਗਰਾਮ ਦੌਰਾਨ **ਗੈਰ ਸੰਵਿਧਾਨਿਕ ਹਰੀਜਨ ਸ਼ਬਦ ਦੀ ਵਰਤੋਂ ਤੇ ਆਪ ਦੀ ਤਿੱਖੀ ਪ੍ਰਤੀਕਿਰਿਆ ਕਰਕੇ ਆਪ ਚਰਚਾ ਵਿੱਚ ਆ ਗਏ।**

ਇਸ ਚਰਚਾ ਦੌਰਾਨ ਆਪ ਦਾ ਸੰਪਰਕ ਬਹੁਜਨ ਮਸੀਹਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨਾਲ ਹੋਇਆ। ਆਪ ਸ਼੍ਰੀ ਕਾਂਸ਼ੀ ਰਾਮ ਜੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ **ਕਾਂਸ਼ੀ ਰਾਮ ਜੀ ਦੀ ਅਗਵਾਈ ਵਿੱਚ ਬਹੁਜਨ ਸਮਾਜ ਲਈ ਸੰਘਰਸ਼ ਕਰਨ ਦੀ ਸੋਚ ਅਪਨਾ ਕੇ ਆਪਣੇ ਪਰਿਵਾਰਿਕ ਰਿਸ਼ਤੇਦਾਰਾਂ ਦਾ ਮੋਹ ਤਿਆਗ ਕੇ ਘਰ ਵਾਰ ਛੱਡ ਕੇ ਬਹੁਜਨ ਸਮਾਜ 'ਚ ਜਾਗ੍ਰਿਤੀ ਪੈਦਾ ਕਰਨ ਲਈ ਚੱਲ ਪਏ।** ਆਪ ਜੀ ਨੇ ਬਾਮਸੇਫ, ਡੀ.ਐਸ.ਫੋਰ. ਅਤੇ ਬਹੁਜਨ ਸਮਾਜ ਪਾਰਟੀ ਵਿੱਚ ਲਗਾਤਾਰ ਕੰਮ ਕੀਤਾ ਅਤੇ ਆਪ ਨੇ 1982-83 ਵਿੱਚ ਬਹੁਜਨ ਸਮਾਜ ਲਈ ਸੰਘਰਸ਼ ਕਰਕੇ ਆਪਣੀ ਪਹਿਚਾਣ ਤੇ ਹੁਨਰ ਪ੍ਰਤਿਭਾ ਸਥਾਪਿਤ ਕੀਤੀ।

ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ **ਆਪ ਜੀ ਨੇ ਰਾਜਨੀਤਿਕ ਗੁਰੂ ਬਣਾ ਕੇ ਰਾਜਨੀਤੀ ਦਾ ਸਫਲ ਤਜ਼ਰਬਾ ਹਾਸਿਲ ਕੀਤਾ। ਆਪ ਜੀ ਚਾਰ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੇ।** ਇਤਿਹਾਸ ਵਿੱਚ ਆਪਣਾ ਨਾਮ ਦਰਜ ਕੀਤਾ ਅਤੇ ਨਵਾਂ ਇਤਿਹਾਸ ਸਿਰਜਿਆ। **ਆਪ ਜੀ ਦੀ ਕੰਮ ਕਰਨ ਦੀ ਜੋ ਸ਼ੈਲੀ ਸੀ ਉਸ ਅਨੁਸਾਰ ਦੁਸ਼ਮਣ ਵਿਰੋਧੀ ਧਿਰਾਂ ਨੇ ਆਪ ਨੂੰ ਆਇਰਨ ਲੇਡੀ ਦਾ ਖਿਤਾਬ ਦਿੱਤਾ। ਆਪ ਦੇ ਰਾਜ ਦੌਰਾਨ 70% ਸਮਾਜ ਉੱਪਰ ਜ਼ੁਲਮ 'ਚ ਕਮੀ ਆਈ ਅਤੇ 1.87 ਲੱਖ ਲੋਕਾਂ ਨੂੰ ਸ਼ਾਮਲਾਟ ਅਤੇ 89000 ਬੇਘਰਿਆਂ ਨੂੰ ਘਰ ਮਿਲੇ।**

ਉੱਤਰ ਪ੍ਰਦੇਸ਼ ਵਿੱਚ ਬਾਬਾ ਸਾਹਿਬ ਡਾ: ਅੰਬੇਡਕਰ ਪਾਰਕ ਅਤੇ ਗੁਰੂ ਰਵਿਦਾਸ ਪਾਰਕ ਆਪ ਦੇ ਰਾਜ ਦੀਆਂ ਪ੍ਰਾਪਤੀਆਂ ਦਾ ਵਿਖਿਆਨ ਕਰਦੇ ਹਨ। ਆਪ ਜੀ ਦੀਆਂ ਨੀਤੀਆਂ ਗੁਰੂ ਰਵਿਦਾਸ ਜੀ ਦੇ ਸਲੋਕ ਅਨੁਸਾਰ ਚਲਦੀਆਂ ਹਨ :-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੇ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ ॥

ਆਪ ਜੀ ਨੇ ਸਾਹਿਤ ਸਿਰਜਣਾ ਦਾ ਕੰਮ ਵੀ ਜਾਰੀ ਰੱਖਿਆ। **ਬਹੁਜਨ ਸਮਾਜ ਤੇ ਉਸਦੀ ਰਾਜਨੀਤੀ, ਆਪਣੇ ਜੀਵਨ ਇਤਿਹਾਸ, ਮੇਰਾ ਸੰਘਰਸ਼ਮਈ ਜੀਵਨ, ਬਹੁਜਨ ਮੂਵਮੈਂਟ ਭਾਗ 1,2,3,4,5,6,7,8,9,10,11,12 ਤੱਕ ਛੱਪ ਚੁੱਕੇ ਹਨ। ਆਪ ਜੀ ਮੌਜੂਦਾ ਸਮੇਂ ਵਿੱਚ ਸੰਘਰਸ਼ਸ਼ੀਲ ਹਨ,** ਬਹੁਜਨ ਸਮਾਜ ਦਾ ਰਾਜ ਲਿਆਉਣ ਲਈ।[4]

## ਸੇਠ ਕਿਸ਼ਨ ਦਾਸ

ਸੇਠ ਕਿਸ਼ਨ ਦਾਸ ਜੀ ਪ੍ਰਸਿੱਧ ਚਮਾਰ ਜਾਤ ਦੇ ਮਹਾਂਨਾਇਕ ਸਨ ਜਿਹਨਾਂ ਨੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਪ੍ਰਭਾਵ ਵਿੱਚ ਆਪਣੀ ਜ਼ਿੰਦਗੀ ਦਾ ਸੰਘਰਸ਼ ਕੀਤਾ। ਉਹਨਾਂ ਦਾ ਜਨਮ ਜਲੰਧਰ ਤੋਂ 7 ਮੀਲ ਦੂਰ ਨੰਗਲ ਖੁਰਦ ਪਿੰਡ ਵਿਖੇ ਹੋਇਆ। ਆਪ ਜੀ ਦਾ ਪਰਿਵਾਰ ਗੁਰੂ ਰਵਿਦਾਸ ਮਹਾਰਾਜ ਜੀ ਦਾ ਪੈਰੋਕਾਰ ਸੀ। ਸੇਠ ਕਿਸ਼ਨ ਦਾਸ ਜੀ ਆਪਣੇ ਕੰਮ

ਕਾਰ ਵਿੱਚ ਆਪਣੀ ਮਿਹਨਤ ਦੇ ਦਮ ਉੱਪਰ ਚਮੜੇ ਦੇ ਇੱਕ ਸਫਲ ਵਿਉਪਾਰੀ ਬਣ ਗਏ ਸਨ ।ਬੂਟਾ ਮੰਡੀ (ਜਲੰਧਰ) ਵਿੱਚ ਉਹਨਾਂ ਦਾ ਨਾਮ ਬੋਲਦਾ ਹੈ । ਉਹਨਾਂ ਨੇ ਆਪਣੇ ਵਿਉਪਾਰ ਦੀ ਪਹਿਚਾਣ ਕਲਕੱਤਾ ਵਿੱਚ ਵੀ ਸਥਾਪਿਤ ਕੀਤੀ ।

**1940 ਵਿੱਚ ਆਦਿ ਧਰਮ ਮੰਡਲ ਦਾ ਦਫਤਰ ਉਹਨਾਂ ਦੇ ਦਾਨ ਨਾਲ ਬਣਿਆ ਸੀ । ਉਹਨਾਂ ਨੇ ਕਲਕੱਤਾ ਵਿੱਚ ਵੀ ਆਦਿ ਧਰਮ ਮੰਡਲ ਦੀ ਸ਼ਾਖਾ ਸਥਾਪਿਤ ਕਰਵਾਈ ਸੀ । ਆਪ ਸਡੂਲਕਾਸਟ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਵੀ ਸਨ । ਆਪ ਜੀ ਬਾਬਾ ਸਾਹਿਬ ਜੀ ਦੇ ਮਿਸ਼ਨ ਦੇ ਪੈਰੋਕਾਰ ਸਨ । ਉਹਨਾਂ ਨੇ ਬਾਬਾ ਸਾਹਿਬ ਜੀ ਨੂੰ ਪ੍ਰਚਾਰ ਵਾਸਤੇ ਇੱਕ ਕਾਰ ਵੀ ਭੇਂਟ ਕੀਤੀ ਸੀ । 1937 ਵਿੱਚ ਐਮ.ਐਲ.ਏ. ਦੀਆਂ ਚੋਣਾਂ ਦੌਰਾਨ ਮਾਸਟਰ ਗੁਰਬੰਤਾ ਸਿੰਘ ਨੂੰ ਜਿਆਦਾ ਵੋਟਾਂ ਦੇ ਫਰਕ ਨਾਲ ਹਰਾਇਆ ਸੀ । 1938 ਵਿੱਚ ਆਪ ਜੀ ਨੇ ਪੰਜਾਬ ਅਛੂਤ ਫੈਡਰੇਸ਼ਨ ਦੀ ਨੀਂਹ ਰੱਖੀ ਸੀ ।**

ਆਪ ਜੀ ਦੇ ਬਾਬੂਮੰਗੂ ਰਾਮ ਜੀ ਨਾਲ ਵਿਚਾਰਧਾਰਕ ਮਤਭੇਦ ਹੋ ਗਏ ਸਨ ਅਤੇ ਉਹਨਾਂ ਤੋਂ ਦੂਰੀ ਪੈਦਾ ਹੋਈ। ਆਪ ਜੀ 1946-47 ਵਿੱਚ ਪੰਜਾਬ ਅਸੈਂਬਲੀ ਦੀ ਚੋਣ ਹਾਰ ਗਏ । ਅੰਤ ਸੇਠ ਕਿਸ਼ਨ ਦਾਸ ਜੀ ਦੀ ਪਾਰਟੀ ਨੂੰ ਸਡੂਲਕਾਸਟ ਫੈਡਰੇਸ਼ਨ ਵਿੱਚ ਮਿਲਾ ਦਿੱਤਾ। ਆਪ ਜੀ ਨੇ ਸਮਾਜ ਵਿੱਚ ਏਕਤਾ ਪੈਦਾ ਕਰਨ ਲਈ ਬਹੁਤ ਯਤਨ ਕੀਤੇ ।[5]

## ਗੋਪਾਲ ਦਾਸ

ਚਮਾਰ ਜਾਤ ਦੇ ਗੋਪਾਲ ਦਾਸ ਸਮਤਾ ਸੈਨਿਕ ਦਲ ਦੇ ਪਹਿਲੇ ਰਾਸ਼ਟਰੀ ਸੰਮੇਲਨ ਦੇ ਪ੍ਰਧਾਨ ਸਨ । ਉਹ ਲੁਧਿਆਣਾ ਤੋਂ ਐਮ.ਐਲ.ਏ. ਚੁਣੇ ਗਏ ਸਨ । ਬਾਬੂ ਮੰਗੂ ਰਾਮ ਦੇ ਆਦਿ ਧਰਮ ਵਿੱਚ ਉਹਨਾਂ ਦਾ ਖਾਸ ਯੋਗਦਾਨ ਸੀ । ਉਹ ਜੁਝਾਰੂ ਅਤੇ ਮਿਸ਼ਨਰੀ ਵਰਕਰ ਵੀ ਰਹੇ । 1938 ਵਿੱਚ ਆਪ ਨੇ ਸੇਠ ਕਿਸ਼ਨ ਦਾਸ ਜੀ ਨਾਲ ਮਿਲ ਕੇ ਪੰਜਾਬ ਅਛੂਤ ਫੈਡਰੇਸ਼ਨ ਪਾਰਟੀ ਦਾ ਨਿਰਮਾਣ ਕੀਤਾ । ਜਿਸ ਦੇ ਉਪ ਪ੍ਰਧਾਨ ਗੋਪਾਲ ਦਾਸ ਜੀ ਸਨ । ਆਪ ਜੀ ਸਵੈਮਾਨ ਅਤੇ ਅਣਖ ਦੀ ਖਾਤਿਰ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਸਨ । ਸਮਤਾ ਸੈਨਿਕ ਦਲ ਦੇ ਪੁਰਾਣੇ ਦਸਤਾਵੇਜ਼ 'ਚ ਇਹਨਾਂ ਦਾ ਖਾਸ ਜ਼ਿਕਰ ਮਿਲਦਾ ਹੈ ।[6]

## ਬੀ.ਪੀ.ਮੌਰੀਆ

ਬੀ. ਪੀ. ਮੌਰੀਆ ਜੀ ਦਾ ਪੂਰਾ ਨਾਮ ਬੁਧ ਪ੍ਰਿਆ ਮੌਰੀਆ ਸੀ। ਆਪ ਨੇ ਬੀ.ਐਸ.ਸੀ., ਐਲ.ਐਲ.ਐਮ. ਦੀ ਡਿਗਰੀ ਹਾਸਿਲ ਕਰਨ ਤੋਂ ਬਾਅਦ ਵਕਾਲਤ ਸ਼ੁਰੂ ਕੀਤੀ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਵਿੱਦਿਆ ਵਿਭਾਗ 'ਚ ਕਨੂੰਨ ਅਧਿਐਨ ਕੀਤਾ ਸੀ। ਝਾਂਸੀ ਵਿਸ਼ਵਵਿਦਿਆਲਿਆ ਦੇ ਚਾਂਸਲਰ ਨੇ ਆਪ ਨੂੰ ਐਲ.ਐਸ.ਡੀ. ਦੀ ਡਿਗਰੀ ਨਾਲ ਸਨਮਾਨਿਤ ਕੀਤਾ। ਆਪ ਜੀ ਉੱਪਰ ਬਾਬਾ ਸਾਹਿਬ ਜੀ ਦਾ ਕਾਫੀ ਪ੍ਰਭਾਵ ਸੀ। **ਆਪ ਆਰ.ਪੀ.ਆਈ. ਦੇ ਟਿਕਟ ਉੱਪਰ ਅਲੀਗੜ੍ਹ 'ਚ ਮੁਸਲਮਾਨਾਂ ਦੀ ਜਿਆਦਾ ਗਿਣਤੀ ਵਾਲੇ ਇਲਾਕੇ 'ਚ ਜਿੱਤ ਪ੍ਰਾਪਤ ਕਰਕੇ ਸੰਸਦ ਚੁਣ ਕੇ ਆਏ । ਆਪ ਜੀ ਚਮਾਰ ਜਾਤ ਦੇ ਸਨ।** ਆਪ ਜੀ ਦੀ ਖਾਸੀਅਤ ਸੀ ਆਪ ਜਨਰਲ ਸੀਟਾਂ ਉੱਪਰ ਚੋਣਾਂ ਲੜਦੇ ਅਤੇ ਜਿੱਤਦੇ ਆਏ। ਆਰ.ਪੀ.ਆਈ. ਨੂੰ ਛੱਡਕੇ ਬਾਅਦ 'ਚ ਕਾਂਗਰਸ 'ਚ ਚਲੇ ਗਏ ।

ਬੀ.ਪੀ.ਮੌਰੀਆ ਦੀ ਰਾਜਨੀਤਿਕ ਪਹਿਚਾਣ ਕਾਫੀ ਚੰਗੀ ਸੀ । ਕਾਂਗਰਸ 'ਚ ਮੱਤਭੇਦ ਉਪਰੰਤ ਬੀ.ਜੇ.ਪੀ. 'ਚ ਚਲੇ ਗਏ । ਅੰਤ 2004 ਨੂੰ ਆਪ ਜੀ ਪ੍ਰੀਨਿਰਵਾਣ ਨੂੰ ਪ੍ਰਾਪਤ ਹੋਏ ।[7]

## ਆਈ. ਸੀ. ਐਸ. ਕਰਤਾਰ ਸਿੰਘ

ਕਰਤਾਰ ਸਿੰਘ ਪਹਿਲੇ ਚਮਾਰ ਆਈ. ਸੀ. ਐਸ. ਅਫਸਰ ਹਨ । ਜੋ ਰੇਲਵੇ ਬੋਰਡ ਵਿੱਚ ਸਰਵਉੱਚ ਅਹੁਦੇ ਤੇ ਬੈਠੇ । ਬਾਬਾ ਸਾਹਿਬ ਜੀ ਨੇ ਦਿੱਲੀ ਸਡੂਲਕਾਸਟ ਵੈਲਫੇਅਰ ਐਸੋਸੀਏਸ਼ਨ ਦਾ ਉਪ ਪ੍ਰਧਾਨ ਬਣਾਇਆ । ਇੰਡੀਆ ਪਾਕਿ ਵੰਡ ਸਮੇਂ ਆਪ ਨੇ ਸਡੂਲਕਾਸਟ ਵੈਲਫੇਅਰ ਐਸੋਸੀਏਸ਼ਨ ਵਲੋਂ ਸਡੂਲਕਾਸਟ ਸਰਟੀਫਿਕੇਟ ਦੇਣ ਦੀ ਵਿਵਸਥਾ ਕਾਇਮ ਕੀਤੀ ਤਾਂ ਜੋ ਦਲਿਤ ਕਾਮਯਾਬ ਹੋ ਸਕਣ ਨੌਕਰੀ ਪ੍ਰਾਪਤ ਕਰਨ ਵਿੱਚ ਅਸਾਨੀ ਹੋ ਸਕੇ । ਆਪ ਬਾਬਾ ਸਾਹਿਬ ਜੀ ਦੇ ਪੱਕੇ ਪੈਰੋਕਾਰ ਸਨ ।[8]

## ਸੋਹਣ ਲਾਲ ਸ਼ਾਸ਼ਤਰੀ

ਸ਼ੋਹਨ ਲਾਲ ਸ਼ਾਸ਼ਤਰੀ ਜੀ ਦਾ ਜਨਮ 1911 ਵਿੱਚ ਪੰਜਾਬ ਵਿੱਚ ਹੋਇਆ । ਆਪ ਜੀ 13 ਸਾਲ ਮੁੱਖ ਅਧਿਆਪਕ ਰਹੇ। ਆਪ ਜੀ 1947 ਤੋਂ ਲੈ ਕੇ 1970 ਤੱਕ ਭਾਰਤ ਸਰਕਾਰ ਦੇ ਵਿੱਦਿਆ ਵਿਭਾਗ 'ਚ ਕਨੂੰਨ ਅਨੁਵਾਦਕ, ਸ਼ੋਧ ਅਧਿਕਾਰੀ ਅਤੇ ਹਿੰਦੀ 'ਚ ਕਨੂੰਨ ਡਰਾਫਟ ਮੈਨ ਜਿਹੇ ਉੱਚ ਅਹੁਦੇ ਤੇ ਰਹੇ । ਆਪ ਜੀ ਬਾਬਾ ਸਾਹਿਬ ਜੀ ਦੇ ਸੰਪਰਕ ਵਿੱਚ 25 ਸਾਲ ਰਹੇ । **ਆਪ ਜੀ ਪੰਜਾਬੀ, ਉਰਦੂ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਜੁਬਾਨ ਦੇ ਗਿਆਤਾ ਸਨ** । ਆਪ ਜੀ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਜਿਵੇਂ :-

1. ਬਾਬਾ ਸਾਹਿਬ ਕੇ ਸੰਪਰਕ ਮੇਂ 25 ਵਰਸ਼
2. ਅਛੂਤੋਂ ਕੇ ਕਲਿਆਣ ਕਾ ਸਹੀ ਰਾਸਤਾ
3. ਭਾਰਤ 'ਚ ਬੋਧੀ ਬ੍ਰਿਖ ਕੈਸੇ ਸੂਖਾ
4. ਮਨੂੰ ਸਿਮਰਤੀ ਕੀ ਛਵ ਪ੍ਰੀਖਿਆ
5. ਦੇਸ਼ ਆਗੇ ਕੈਸੇ ਬੜੇ
6. ਦਲਿਤੋਂ ਕੇ ਮੁਕਤੀਦਾਤਾ ਬਾਬਾ ਸਾਹਬ ਡਾ.ਅੰਬੇਡਕਰ
7. ਹਿੰਦੂ ਕੋਡ ਬਿੱਲ ਔਰ ਬਾਬਾ ਸਾਹਬ ਡਾ. ਅੰਬੇਡਕਰ
8. ਹਿੰਦੂ ਸਮਾਜ ਰਚਨਾ ਦਲੀਲ ਕੀ ਕਸੌਟੀ ਪਰ [9]

## ਪੀ. ਬਾਲੂ ਚਮਾਰ ਕ੍ਰਿਕਟਰ

**ਪੀ. ਬਾਲੂ. (ਪਾਲਬਲਕਾਰ ਬਾਲੂ) ਦਾ ਜਨਮ 1875 ਵਿੱਚ ਧਰਵਾੜ (ਕਰਨਾਟਕਾ) ਦੇ ਭਾਰਤੀ ਮੂਲ ਨਿਵਾਸੀ ਚਮਾਰ ਜਾਤੀ ਵਿੱਚ ਹੋਇਆ** । ਬਾਅਦ ਵਿੱਚ ਆਪ ਦਾ ਪਰਿਵਾਰ ਪੂਨੇ ਚਲਾ ਗਿਆ । ਜਿੱਥੇ ਆਪ ਜੀ ਦੇ ਪਿਤਾ ਨੂੰ ਬੰਦੂਕਾਂ ਅਤੇ ਕਾਰਤੂਸਾਂ ਦੀ ਸਫਾਈ ਕਰਨ ਦੀ ਨੌਕਰੀ ਮਿਲ ਗਈ । ਛੋਟੀ ਉਮਰ ਵਿੱਚ ਹੀ ਪੀ. ਬਾਲੂ. ਨੂੰ ਉਸ ਦੇ ਪਿਤਾ ਨੇ ਪੂਨਾ ਖੇਡ ਕਲੱਬ ਵਿੱਚ ਇੱਕ ਅੰਗ੍ਰੇਜ ਅਫ਼ਸਰ ਕੋਲ ਨੌਕਰੀ ਦਿਵਾ ਦਿੱਤੀ। ਜਿੱਥੇ ਆਪ ਨੇ ਮਾਲੀ ਦਾ ਕੰਮ ਕੀਤਾ ਅਤੇ ਅੰਗ੍ਰੇਜ਼ ਅਫ਼ਸਰਾਂ ਦੇ ਲਈ ਕ੍ਰਿਕਟ ਪਿੱਚ ਨੂੰ ਰੋਲ ਕਰਦੇ ਸੀ। ਨੈੱਟ ਵੀ ਲਗਾਉਂਦੇ ਸੀ ।

ਉਸ ਸਮੇਂ ਭਾਰਤ ਵਿੱਚ ਸਭ ਤੋਂ ਵੱਡੇ ਅੰਗ੍ਰੇਜ਼ ਕ੍ਰਿਕਟਰ ਸਨ ਜੀ. ਜੀ. ਗ੍ਰੇਕ। ਇੱਕ ਦਿਨ ਗ੍ਰੇਕ ਨੇ ਬਾਲੂ ਨੂੰ ਗੇਂਦ ਸੁੱਟਣ ਲਈ ਕਿਹਾ ਤਾਂ ਬਾਲੂ ਨੇ ਗੇਂਦ ਸੁੱਟੀ ਤਾਂ ਬਾਲੂ ਦੀ ਸਪੀਡ ਵੇਖ ਕੇ ਉਹ ਹੈਰਾਨ ਰਹਿ ਗਏ। ਗ੍ਰੇਕ ਉਸ ਤੋਂ ਬਾਅਦ ਆਪਣੀ ਖੇਡ ਦੀ ਪ੍ਰੈਕਟਿਸ ਲਈ ਬਾਕੀ ਸਾਰੀ ਟੀਮ ਤੋਂ ਇੱਕ ਘੰਟਾ ਪਹਿਲਾਂ ਆਉਣ ਲੱਗਿਆ ਅਤੇ ਬਾਲੂ ਦੀ ਗੇਂਦ ਉੱਪਰ ਪ੍ਰੈਕਟਿਸ ਕਰਨ ਲੱਗਿਆ। **ਬਾਲੂ ਨੂੰ ਅੱਠ (8) ਆਨੇ ਮਿਲਦੇ ਜਦੋਂ ਉਹ ਗ੍ਰੇਕ ਨੂੰ ਆਊਟ ਕਰ ਦਿੰਦਾ ਸੀ**। ਇਸ ਤਰ੍ਹਾਂ ਗ੍ਰੇਕ ਨੇ ਆਪਣੀ ਬੈਟਿੰਗ ਚੰਗੀ ਬਣਾਈ ਨਾਲ ਹੀ ਬਾਲੂ ਦੀ ਗੇਂਦਬਾਜੀ ਵਿੱਚ ਬਹੁਤ ਸੁਧਾਰ ਆਇਆ। ਹੌਲੀ-ਹੌਲੀ ਸਾਰੀ ਟੀਮ ਨੂੰ ਬਾਲੂ ਦੀ ਗੇਂਦਬਾਜੀ ਦਾ ਪਤਾ ਲੱਗ ਗਿਆ। ਬਾਲੂ ਦੀ ਇੱਕ ਉਭਰਦੇ ਖਿਡਾਰੀ ਦੇ ਰੂਪ 'ਚ ਪਹਿਚਾਣ ਸਥਾਪਿਤ ਹੋਈ।

ਪੂਨੇ ਦੇ ਹਿੰਦੂਆਂ ਦੀ ਟੀਮ ਯੂਰਪੀਅਨ ਕ੍ਰਿਕਟ ਟੀਮ ਨੂੰ ਚੈਲਿੰਜ ਕਰਨਾ ਚਾਹੁੰਦੀ ਸੀ ਕਿਉਂਕਿ ਬਾਲੂ ਵਰਗੇ ਗੇਂਦਬਾਜ ਕਰਕੇ ਟੀਮ ਜਿੱਤ ਦਰਜ ਕਰ ਸਕਦੀ ਸੀ, ਪਰ ਟੀਮ ਦੇ ਬ੍ਰਾਹਮਣ ਖਿਡਾਰੀਆਂ ਨੂੰ ਬਾਲੂ ਚਮਾਰ ਨਾਲ ਖੇਡਣ ਦਾ ਸਖਤ ਇਤਰਾਜ ਸੀ। ਪਰ ਜਿੱਤਣ ਦੇ ਚੱਕਰ 'ਚ ਹਿੰਦੂਆਂ ਨੇ ਚਮਾਰ ਜਾਤੀ ਦੇ ਮਾਲੀ ਦੇ ਲੜਕੇ ਬਾਲੂ ਨੂੰ ਟੀਮ 'ਚ ਸ਼ਾਮਿਲ ਕਰ ਲਿਆ, ਪਰ ਇੱਥੇ ਭੇਦ-ਭਾਵ ਦੀ ਪਰਛਾਈ ਮੈਦਾਨ ਵਿੱਚ ਵੀ ਦਿਖਾਈ ਦਿੱਤੀ। ਬੇਸ਼ੱਕ ਟੀਮ ਬਾਲੂ ਦੀ ਗੇਂਦਬਾਜੀ ਕਰਕੇ ਜਿੱਤਦੀ ਪਰ ਮੈਚ ਤੋਂ ਬਾਅਦ ਟੀਮ ਦੇ ਖਿਡਾਰੀ ਭੇਦ-ਭਾਵ ਕਰਦੇ। ਬਾਲੂ ਨੂੰ ਛੂਆ-ਛਾਤ ਦਾ ਸ਼ਿਕਾਰ ਹੋਣਾ ਪੈਂਦਾ ਸੀ, ਉਸ ਦੇ ਬਰਤਨ ਅਲੱਗ ਹੁੰਦੇ ਸਨ। ਜੂਠੇ ਬਰਤਨ ਆਪ ਹੀ ਸਾਫ ਕਰਨੇ ਪੈਂਦੇ ਸੀ।ਬਾਲੂ ਦੀ ਹੁਨਰ ਦੀ ਤਾਕਤ ਅੱਗੇ ਸਭ ਕੁੱਝ ਛੋਟਾ ਪੈ ਗਿਆ ਕਿਉਂਕਿ ਉਸ ਦੀ ਕਾਬਲੀਅਤ ਦੀ ਰਾਜੇ ਮਹਾਂਰਾਜਿਆਂ ਨੇ ਬਹੁਤ ਪ੍ਰਸ਼ੰਸਾ ਕੀਤੀ ਅਤੇ ਆਪਣੀ ਟੀਮ ਵਿੱਚ ਬਾਲੂ ਨੂੰ ਸ਼ਾਮਿਲ ਕੀਤਾ। 1901 ਵਿੱਚ ਮਹਾਰਾਜਾ ਦੀ ਟੀਮ ਨੇ ਬਾਲੂ ਨੂੰ ਬੈਂਗਲੌਰ ਵਿੱਚ ਖਿਡਾਇਆ।

**1911 ਵਿੱਚ ਮਹਾਰਾਜਾ ਪਟਿਆਲਾ ਕ੍ਰਿਕਟ ਦੇ ਖਿਡਾਰੀਆਂ ਨੂੰ ਇੰਗਲੈਂਡ ਦੇ ਦੌਰੇ ਤੇ ਲੈ ਗਏ, ਜਿੱਥੇ ਬਾਲੂ ਨੇ 23 ਮੈਚ ਖੇਲੇ ਅਤੇ ਜਿਨ੍ਹਾਂ ਵਿੱਚ 14 ਮੈਚਾਂ ਨੂੰ ਫਸਟ ਕਲਾਸ ਦਾ ਦਰਜਾ ਮਿਲਿਆ ਅਤੇ ਬਾਲੂ ਨੂੰ ਟੀਮ ਦਾ ਸਰਵਉੱਚ ਖਿਡਾਰੀ ਅਤੇ ਗੇਂਦਬਾਜ ਐਲਾਨਿਆ ਗਿਆ**। ਟੀਮ ਵਿੱਚ ਯੋਗ ਹੋਣ ਦੇ ਬਾਵਜੂਦ ਵੀ ਉਸ ਨੂੰ ਕਪਤਾਨ ਨਹੀਂ ਬਣਾਇਆ ਗਿਆ। ਪਰ ਆਖਿਰ ਜਦੋਂ ਉਸ ਦੇ ਦੋ ਹੋਰ ਭਰਾ ਭਾਰਤੀ ਕ੍ਰਿਕਟ ਟੀਮ ਲਈ ਖੇਲੇ ਤਾਂ ਉਸ ਦੇ ਛੋਟੇ ਭਰਾ ਪਾਲਬਲਕਾਰ ਬਿੱਠਲ ਨੂੰ ਟੀਮ ਦਾ ਕਪਤਾਨ ਬਣਾਇਆ ਗਿਆ। ਇੱਕ ਸਮਾਜ ਸ਼ਾਸ਼ਤਰੀ ਲਿਖਦਾ ਹੈ ਕਿ **"ਪੀ. ਬਾਲੂ. ਨੂੰ ਡਬਲਿਯੂ ਜੀ. ਗ੍ਰੇਟ ਦੇ ਬਰਾਬਰ ਦੱਸਿਆ ਕਿ ਜਿਸ ਨੇ ਭਾਰਤੀ ਕ੍ਰਿਕਟ ਟੀਮ ਦਾ ਵਿਕਾਸ ਕੀਤਾ ਉਸ ਨੂੰ ਭੁਲਾਉਣਾ ਅਸੰਭਵ ਹੈ।"** ਖਾਸ ਜ਼ਿਕਰਯੋਗ ਹੈ ਬਾਲੂ ਸਿਰਫ ਕ੍ਰਿਕਟਰ ਨਹੀਂ ਸੀ ਉਸ ਨੇ ਬਾਬਾ ਸਾਹਿਬ ਜੀ ਨਾਲ ਵੀ ਸਾਂਝ ਪਾਈ ਸੀ।

**ਜਦੋਂ 1932 ਵਿੱਚ ਗਾਂਧੀ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਵਿਚਕਾਰ ਲੜਾਈ ਚੱਲ ਰਹੀ ਸੀ ਤਾਂ ਬਾਬਾ ਸਾਹਿਬ ਦੇ ਹੱਕ ਵਿੱਚ ਨਿੱਤਰੇ ਅਤੇ ਉਹਨਾਂ ਦਾ ਸਮਰਥਨ ਕੀਤਾ। ਪੂਨਾ ਪੈਕਟ ਸਮਝੌਤੇ ਉੱਪਰ ਪੀ. ਬਾਲੂ. ਦੇ ਦਸਤਖਤ ਵੀ ਹਨ।** 1920 ਵਿੱਚ ਪਿੰਡੋ ਸਿਡਨਹਸ ਕਾਲਜ ਦੇ ਇੱਕ ਫੰਕਸ਼ਨ ਵਿੱਚ ਬਾਬਾ ਸਾਹਿਬ ਜੀ ਨੇ ਪੀ. ਬਾਲੂ. ਨੂੰ ਸਨਮਾਨਿਤ ਕਰਦਿਆਂ ਕਿਹਾ ਸੀ ਕਿ **"ਦਲਿਤ ਇਤਿਹਾਸਿਕ ਰਿਕਾਰਡ ਤੋਂ ਇਹ ਗੱਲ ਕਦੀ ਵੀ ਭੁਲਾਈ ਨਹੀਂ ਜਾ ਸਕਦੀ ਕਿ ਦਲਿਤ (ਚਮਾਰ) ਖਿਡਾਰੀਆਂ ਨੇ ਹਿੰਦੂਆਂ ਨੂੰ ਪਾਰਸੀ ਅਤੇ ਯੂਰਪੀਅਨ ਦੇ ਖਿਲਾਫ ਕਈ ਵਾਰ ਇਤਿਹਾਸਿਕ ਜਿੱਤਾਂ ਦਿਵਾਈਆਂ।"** ਪੀ. ਬਾਲੂ. 1956 ਵਿੱਚ ਆਪਣਾ ਅਤੇ ਆਪਣੇ ਸਮਾਜ ਦਾ ਨਾਮ ਰੌਸ਼ਨ

ਕਰਕੇ ਸਦਾ ਲਈ ਵਿਛੜ ਗਏ ।[10]

## ਅਨੰਤ ਰਾਮ ਬੱਧਣ

ਆਪ ਜੀ ਦਾ ਜਨਮ 1900 ਦੇ ਕਰੀਬ ਪਿਤਾ ਸ੍ਰੀ ਆਤਮਾ ਰਾਮ ਜੀ ਦੇ ਘਰ ਮਾਤਾ ਸ੍ਰੀਮਤੀ ਬਾਵੀ ਦੇਵੀ ਜੀ ਦੀ ਕੁੱਖੋਂ ਸੁੱਚੀ ਪਿੰਡ ਵਿਖੇ ਹੋਇਆ ਆਪ ਜੀ ਆਰ.ਪੀ.ਆਈ ਦੇ ਮੈਂਬਰ ਅਤੇ ਸਡੂਲਕਾਸਟ ਫੈਡਰੈਸ਼ਨ ਦੇ ਸਰਗਰਮ ਮੈਂਬਰ ਸਨ ਆਪ ਜੀ ਨੇ ਸਾਰੀ ਉਮਰ ਸੁਤਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਪ੍ਰਚਾਰ ਕੀਤਾ ।ਆਪ ਜੀ ਆਪਣੇ ਸਮੇਂ ਦੇ ਰਾਜਨੀਤਕ ਲੀਡਰ ਸਨ[11]

ਹਵਾਲੇ


1. ਬੇਗਮ ਸ਼ਹਿਰ ਮੈਗਜੀਨ ਸੰਪਾ: ਪ੍ਰੋ.ਗੁਰਨਾਮ ਸਿੰਘ

2 ਬਾਬੂ ਜਗਜੀਵਨ ਰਾਮ: ਡਾ ਸੋਹਨਪਾਲ ਸੁਮਨਾਕਸਰ

3ਸਾਹਿ ਸ੍ਰੀ ਕਾਂਸ਼ੀ ਰਾਮ ਜੀਵਨ ਤੇ ਸੰਘਰਸ਼

4. ਮਾਇਆਯੁੱਗ ਮੈਗਜੀਨ ਸੰਪਾ: ਬੈਣ ਕੁਮਾਰੀ ਮਾਇਅਚਤੀ

5. ਪਜਾਬ ਦਾ ਦਲਿਤ ਇਤਿਹਾਸ:ਡਾ ਐਸ.ਐਲ ਵਿਰਦੀ

6. ਭੀਮ ਪੱਤਰਕਾ :ਸੰਪਾ: ਲਹੋਰੀ ਰਾਮ ਬਾਲੀ

7. ਦਲਿਤ ਰਾਜਨੀਤੀ

8. ਬੇਗਮ ਸ਼ਹਿਰ ਮੈਗਜੀਨ : ਪ੍ਰੋ.ਗੁਰਨਾਮ ਸਿੰਘ

9. ਬਾਬਾ ਸਾਹਿਬ ਕੇ ਸੰਪਰਕ ਮੇਂ 25 ਵਰਸ਼

10. ਇੰਨਟਰਨੈੱਟ ਜਰੀਏ,

11. ਰਿਪਬਲਿਕ ਪਾਰਟੀ ਦੀ ਜਾਣਕਾਰੀ

# 29. ਚਮਾਰ ਜਾਤੀ ਦੇ ਸਾਹਿਤਕਾਰ

## ਗਿਆਨੀ ਦਿੱਤ ਸਿੰਘ

ਆਪ ਜੀ ਦਾ ਜਨਮ 21 ਅਪ੍ਰੈਲ, 1850 ਈ: ਨੂੰ ਪਟਿਆਲਾ ਰਿਆਸਤ ਦੇ ਪਿੰਡ ਨੰਦਪੁਰ ਕਚੋੜ ਵਿਖੇ ਭਾਈ ਜੀਵਨ ਸਿੰਘ ਦੇ ਘਰ ਚਮਾਰ ਜਾਤੀ ਵਿਚ ਹੋਇਆ।[1] ਆਪ ਜੀ ਦੇ ਪਿਤਾ ਦੁਆਰਾ ਹੱਥ ਲਿਖਤ ਬੀੜ ਇਨ੍ਹਾਂ ਦੇ ਜਨਮ ਸਥਾਨ ਗੁਰਦੁਆਰਾ ਭੋਰਾ ਸਾਹਿਬ ਵਿਚ ਰੱਖੀ ਹੋਈ ਹੈ।ਗਿਆਨੀ ਦਿੱਤ ਸਿੰਘ ਜੀ ਇਕ ਵਿਦਵਾਨ ਲਿਖਾਰੀ ਗਹਿਰੇ ਗਿਆਨ ਦੇ ਮਾਲਕ ਸਨ। ਉਹਨਾਂ ਦੀ ਵਿਦਵਤਾ ਦੀ ਚਰਚਾ ਦੀ ਪ੍ਰਸਿੱਧੀ ਚਾਰੇ ਪਾਸੇ ਸੀ। **ਗਿਆਨੀ ਦਿੱਤ ਸਿੰਘ ਜੀ ਨੇ 52 ਸਾਲ ਦੀ ਉਮਰ ਵਿਚ 53 ਪੁਸਤਕਾਂ ਲਿਖ ਕੇ ਇਕ ਇਤਿਹਾਸ ਦੀ ਰਚਨਾ ਕੀਤੀ।** ਗਿਆਨੀ ਦਿੱਤ ਸਿੰਘ ਜੀ ਦੇ ਤਰਕ ਦਲੀਲ ਅੱਗੇ ਬਹੁਤ ਸਾਰੇ ਪ੍ਰਸਿੱਧੀ ਪ੍ਰਾਪਤ ਵਿਦਵਾਨਾਂ ਨੂੰ ਹਾਰ ਮੰਨਣੀ ਪਈ ।**ਵਿਸ਼ਵ ਪ੍ਰਸਿੱਧ ਚਰਚਾ 1889 ਵਿਚ ਗਿਆਨੀ ਦਿੱਤ ਸਿੰਘ ਜੀ ਦੀ ਆਰੀਆ ਸਮਾਜੀ ਦਯਾਨੰਦ ਨਾਲ ਪ੍ਰਭੂ ਦੇ ਕਰਤਾਂ, ਵੇਦਾਂ ਦੀ ਦੈਵੀ ਕ੍ਰਿਤ ਹੋਣ ਅਤੇ ਮੁਕਤੀ ਦੇ ਸਰੂਪ, ਉੱਪਰ ਬਹਿਸ ਕੀਤੀ ਅਤੇ ਵਿਚਾਰਧਾਰਕ ਹਥਿਆਰ ਨਾਲ ਹਰਾ ਦਿੱਤਾ।** ਗਿਆਨੀ ਦਿੱਤ ਸਿੰਘ ਆਪਣੀ ਪੁਸਤਕ 'ਨਕਲੀ ਸਿੱਖ ਪ੍ਰਬੋਧ' ਸਫ਼ਾ ਨੰਬਰ 85 ਉੱਪਰ ਇਸ ਤਰ੍ਹਾਂ ਲਿਖਦੇ ਹਨ:-

"ਕੌਣ ਸਿੱਖ ਹੁੰਦੇ ਹੋ ਭਾਈ? ਮੈ ਅਰੋੜਾ ਇਹ ਹੈ ਨਾਈ।
ਤੇਰੀ ਸਿੱਖਾ ਕੀ ਹੈ ਜਾਤ? ਨਾਮਾ ਬੰਤੀ ਬੀਬਾ ਭ੍ਰਾਤ।
ਤੇਰਾ ਦੁੱਧ ਕੌਣ ਹੈ ਪਯਾਰੇ? ਅਸੀਂ ਸਿੰਘ ਹਾਂ ਜੱਟ ਕਰਾਰੇ।
ਤੇਰਾ ਜਨਮ ਕਿੰਨਾ ਦੇ ਘਰ ਦਾ? ਮੈ ਹਾਂ ਮਹਿਰਾ ਪਾਣੀ ਭਰਦਾ।[2]

**ਗਿਆਨੀ ਦਿੱਤ ਸਿੰਘ ਜੀ ਦਾ ਜੀਵਨ ਕਾਲ 1850 ਤੋਂ 1901 ਤੱਕ ਦਾ ਸੀ ਜਦੋਂ ਮਹਾਂਰਾਸ਼ਟਰ ਦੀ ਧਰਤੀ ਉੱਪਰ 1848 ਤੋਂ 1891 ਤੱਕ ਅਤੇ ਛਤਰਪਤੀ ਸ਼ਾਹੂ ਜੀ ਮਹਾਰਾਜ 1887 ਤੋਂ 1922 ਤੱਕ ਦਾ ਸਮਾਂ ਸੀ। ਜੋ ਬ੍ਰਾਹਮਣਵਾਦ ਵਿਵਸਥਾ ਵਿਰੁੱਧ ਸੰਘਰਸ਼ ਕਰ ਰਹੇ ਸਨ। ਗਿਆਨੀ ਦਿੱਤ ਸਿੰਘ ਨੇ ਭਾਰਤ ਵਿਚ ਸਿੱਖ ਦਾ ਅਸਲ ਮਿਸ਼ਨ ਪੇਸ਼ ਕਰਨਾ ਚਾਹੁੰਦੇ ਸਨ।** ਉਹ ਆਪਣੇ ਰਹਿਬਰਾਂ ਦੀ ਮਹਾਨ ਸੋਚ ਨੂੰ ਸਮਰਪਿਤ ਸੀ, ਜਿਸ ਨੇ ਗੈਰ-ਬਰਾਬਰੀ ਅਧਾਰਾਤ ਬ੍ਰਾਹਮਣਵਾਦੀ ਵਿਵਸਥਾ ਨੂੰ ਮਿਟਾਉਣ ਲਈ ਆਪਣਾ ਸੰਘਰਸ਼ ਕੀਤਾ। **ਗਿਆਨੀ ਜੀ ਦਾ ਸੰਪਰਕ ਪ੍ਰੋ: ਗੁੱਰਮੁਖ ਸਿੰਘ ਜੀ ਨਾਲ ਹੋਇਆ। ਉਹ ਦਿੱਤ ਰਾਮ ਤੋਂ ਦਿੱਤ ਸਿੰਘ ਹੋ ਗਏ। ਆਪ ਜੀ ਉਰੀਐਂਟਲ ਕਾਲਜ ਲਾਹੋਰ ਵਿਚ 1878 ਵਿਚ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਨਿਯੁਕਤ ਹੋਏ।** ਗਿਆਨੀ ਦਿੱਤ ਸਿੰਘ ਜੀ ਨੇ ਸਾਰੀ ਜ਼ਿੰਦਗੀ ਵਹਿਮਾ ਭਰਮਾ, ਸਮਾਜਿਕ ਬੁਰਾਈਆਂ ਵਿਰੁੱਧ ਸੰਘਰਸ਼ ਜਾਰੀ ਰੱਖਿਆ। ਉਹ ਗੁਰਬਾਣੀ ਅਤੇ ਭਾਰਤ ਦੇ ਅਸਲ ਇਤਿਹਾਸ ਦੇ ਚੰਗੇ ਜਾਣਕਾਰ ਹੀ ਨਹੀਂ ਸਗੋਂ ਉਹਨਾਂ ਦਾ ਮੁਕਾਬਲਾ ਕਰਨ ਦੀ ਕੋਈ ਜੁਰਅਤ ਨਹੀਂ ਸੀ ਕਰਦਾ। ਉਹ ਆਪਣੇ ਜੀਵਨ ਭਰ ਸੰਘਰਸ਼ ਕਰਦਿਆਂ 6 ਨਵੰਬਰ 1901 ਵਿਚ ਇਸ ਸੰਸਾਰ ਤੋਂ ਅਲਵਿਦਾ ਹੋ ਗਏ। ਆਪ ਜੀ ਦਾ ਜ਼ਿਕਰ ਇਤਿਹਾਸ ਦਿਆ ਪੰਨਿਆਂ ਵਿਚ ਅਮਿੱਟ ਹੈ।[1]

# ਚਰਨ ਦਾਸ ਨਿਧੜਕ

ਚਰਨ ਦਾਸ ਨਿਧੜਕ ਜੀ ਦਾ ਜਨਮ ਪੰਜਾਬ ਦੇ ਪਿੰਡ ਚੈੜਾ,ਜਿਲ੍ਹਾਂ ਕਪੂਰਥਲਾ ਵਿਖੇ ਹੋਇਆ ਉਹ ਆਪਣੇ ਜੱਦੀ ਪਿੰਡ ਨੂੰ ਛੱਡ ਕੇ ਫਗਵਾੜਾ ਦੇ ਮਹੱਲਾ ਸੰਤੋਖਪੁਰਾ ਵਿੱਚ ਆ ਕੇ ਵਸ ਗਏ। ਆਪਣੇ ਜੀਵਨ ਦਾ ਗੁਜ਼ਾਰਾ ਕਰਨ ਲਈ ਖੱਡੀ ਦਾ ਕੰਮ ਕੀਤਾ। ਘਰ ਦੀਆਂ ਲੱਖ ਮਜਬੂਰੀਆਂ ਦੇ ਚਲਦੇ ਆਪ ਜੀ ਉੱਚ ਕੋਟੀ ਦੀ ਪੜ੍ਹਾਈ ਨਹੀਂ ਕਰ ਸਕੇ ਪਰ ਉਹਨਾਂ ਦਾ ਗਿਆਨ,ਉਹਨਾਂ ਦੀ ਸੋਚਣ ਸਮਝਣ ਦੀ ਸ਼ਕਤੀ,ਰਾਜਨੀਤਿਕ ਸੂਝਬੂਝ ਬਹੁਤ ਤਿਖੀ ਸੀ ਜਿਸ ਦੇ ਅੱਗੇ ਕਈ ਪੜ੍ਹੇ ਲਿਖੇ ਚੁੱਪ ਹੋ ਜਾਂਦੇ ਸਨ। ਲੋਕਾਂ ਦਾ ਦਿਲ ਛੂਹਣ ਵਾਲਾ ਭਾਸ਼ਣ ਦੇ ਹਜ਼ਾਰਾ ਦੀ ਭੀੜ੍ਹ ਨੂੰ ਕੀਲ ਲੈਂਦੇ ਸਨ। ਉਹਨਾਂ ਦਾ ਨਾਮ ਚਰਨ ਦਾਸ ਸੀ ਤੇ ਉਹਨਾਂ ਦਾ ਨਿਧੜਕ ਤਖੱਲਸ ਪੈ ਗਿਆ ਸੀ।

1939 ਵਿੱਚ ਜਦੋਂ ਫਗਵਾੜਾ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ (ਚਰਨ ਛੂਹ ਪ੍ਰਾਪਤ ਧਰਤੀ) ਵਿਖੇ ਸਲਾਨਾ ਮੇਲੇ ਦੌਰਾਨ ਕੁਝ ਗੁੰਡਿਆਂ ਦੀ ਖੂਬ ਪਿਟਾਈ ਕੀਤੀ ਸੀ। ਜਿਨ੍ਹਾਂ ਗੁੰਡਿਆਂ ਨੇ ਮੇਲੇ ਵਿੱਚ ਔਰਤਾਂ ਦੇ ਨਾਲ ਬਦਸਲੂਕੀ ਕੀਤੀ ਸੀ।ਜਿਸ ਕਰਕੇ ਚਰਨ ਦਾਸ ਜੀ ਤੇ ਉਹਨਾਂ ਦੇ ਭਰਾ ਨੇ ਉਹਨਾਂ ਦੀ ਖੂਬ ਪਿਟਾਈ ਕੀਤੀ ਸੀ। ਇਸ ਕਰਕੇ ਹਾਜ਼ਰ ਲੋਕਾਂ ਨੇ ਉਹਨਾਂ ਦੇ ਨਾਮ ਨਾਲ ਨਿਧੜਕ ਲਾ ਦਿੱਤਾ ਸੀ। ਜੋ ਆਪ ਜੀ ਦੀ ਪਹਿਚਾਨ ਬਣ ਗਿਆ।

ਚਰਨ ਦਾਸ ਨਿਧੜਕ ਨੂੰ ਬਾਬਾ ਸਾਹਬ ਜੀ ਨੇ 1942 ਨੂੰ ਹੋਈ ਨਾਗਪੁਰ ਵਿਖੇ ਬੁਲਾਈ ਗਈ ਮੀਟਿੰਗ ਵਿੱਚ ਸੱਦਿਆ ਸੀ। 15 ਜੂਨ 1942 ਨੂੰ ਰਿਪਬਲਿਕ ਪਾਰਟੀ ਦੇ 101 ਵੰਲਟੀਆਰ ਦੇ ਇੱਕ ਜੱਥੇ ਦੇ ਰੂਪ ਵਿੱਚ ਨਵੀ ਦਿੱਲੀ ਵੱਲ ਸਾਇਕਲ ਸਵਾਰਾ ਦੀ ਅਗਵਾਈ ਕੀਤੀ ਸੀ।

1958 ਵਿੱਚ ਚੱਕ ਹਕੀਮ ਫਗਵਾੜਾ ਵਿਖੇ ਬੁੱਧ ਧਰਮ ਦੀ ਦੀਕਸ਼ਾ ਸਮਰੋਹ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਸੀ।ਇਸ ਘਟਨਾ ਦਾ ਜ਼ਿਕਰ ਪ੍ਰਸਿੱਧ ਲੇਖਕ ਸ਼੍ਰੀ ਬੀ.ਆਰ.ਸਾਪਲਾਂ ਜੀ ਨੇ ਆਪਣੀ ਪੁਸਤਕ ਧਮਪਦ (ਹਿੰਦੀ) ਵਿੱਚ ਕੀਤਾ ਹੈ। ਚਰਨ ਦਾਸ ਨਿਧੜਕ ਜੀ ਨੇ ਜੇਲ ਭਰੋ ਅੰਦੋਲਨ ਵਿੱਚ ਜੇਲ ਯਾਤਰਾ ਵੀ ਕੀਤੀ ਸੀ। ਬਾਬਾ ਸਾਹਬ ਜੀ ਦੇ ਪ੍ਰੀਨਿਰਵਾਣ ਤੋਂ ਬਾਅਦ ਆਪ ਜੀ ਨੇ ਉਹਨਾਂ ਦੇ ਮਿਸ਼ਨ ਤੇ ਪਕੜ ਬਣਾਈ ਰੱਖੀ ਉਹਨਾਂ ਦਾ ਮਿਸ਼ਨ ਫੈਲਾਉਣ ਵਿੱਚ ਖਾਸ ਭੂਮਿਕਾ ਨਿਭਾਈ। ਉਹਨਾਂ ਨੂੰ ਕਵਿਤਾ ਲਿਖਣ ਦਾ ਸ਼ੋਕ ਸੀ ਉਹਨਾਂ ਦੀਆਂ ਕਵਿਤਾਵਾਂ ਬਹੁਤ ਜ਼ੋਸ਼ੀਲੀਆਂ ਜੋ ਸਰੋਤਿਆਂ ਵਿੱਚ ਜੋਸ਼ ਭਰਦੀਆਂ ਸਨ, ਸੰਘਰਸ਼ ਦੀ ਪ੍ਰੇਰਨਾ ਦਿੰਦੀਆਂ ਹੱਕਾਂ ਦੀ ਪ੍ਰਾਪਤੀ ਦਾ ਸੱਦਾ ਦਿੰਦੀਆਂ ਹੰਦੀਆਂ ਸਨ :-

ਝੰਡਾ ਚੁੱਕ ਬਗਾਵਤ ਦਾ ਉਹ ਬਾਗੀ ਹੋਣਾ ਦੱਸ ਗਿਆ,
ਜੱਥੇਵੰਦ ਹੋ ਪੈਰਾਂ ਉੱਤੇ ਆਪ ਖਲੋਣਾ ਦੱਸ ਗਿਆ।

# ਹਕੀਮ ਮੰਗੂ ਰਾਮ ਬਾਹੜੋਵਾਲੀਆ

ਆਦਿ ਧਰਮ ਅੰਦੋਲਨ ਦੇ ਆਗੂ ਕਵਿ ਮੰਗੂ ਰਾਮ ਜੀ ਦਾ ਜਨਮ ਸੰਨ 1872 ਨੂੰ ਦੁਆਬੇ ਦੇ ਪਿੰਡ ਬਾਹੜੋਵਾਲ ਤਹਿਸੀਲ ਤੇ ਜ਼ਿਲ੍ਹਾਂ ਨਵਾਂ ਸ਼ਹਿਰ ਵਿਖੇ ਇਕ ਦਲਿਤ ਪਰਿਵਾਰ ਵਿਚ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਚੌਧਰੀ ਬਲੂ ਰਾਮ ਅਤੇ ਮਾਤਾ ਜੀ ਦਾ ਨਾਮ ਹਰੋ ਜੀ ਸੀ। ਦੁਆਬੇ ਦੇ ਲੋਕ ਬਾਰ ਵਿਚ ਜੋ ਕਿ ਹੁਣ ਪਾਕਿਸਤਾਨ ਵਿਚ ਹੈ, ਮਜ਼ਦੂਰੀ ਕਰਨ ਜਾਇਆ ਕਰਦੇ ਸੀ। ਕਵੀ ਜੀ ਨੂੰ ਵੀ ਛੋਟੀ ਉਮਰ ਵਿਚ ਹੀ ਆਪਣੇ ਪਿਤਾ ਨਾਲ ਪਾਕਿਸਤਾਨ ਜਾਣਾ ਪਿਆ। ਉਹਨਾਂ 109 ਚੱਕ ਰੋਡ ਵਾਲਾ ਵਿਖੇ ਪੰਜਾਬੀ ਦੀ ਸੰਗਤ ਤੋਂ ਪ੍ਰਾਪਤ ਕੀਤੀ। ਅਚਾਨਕ ਦੇਸ਼ ਅੰਦਰ ਪਲੇਗ ਦੀ ਬਿਮਾਰੀ ਦਾ ਹਮਲਾ ਹੋ ਗਿਆ। ਮੰਗੂ ਰਾਮ ਜੀ ਉਸ ਵੇਲੇ ਜਾਵਾਨੀ ਵਿਚ ਸਨ। ਉਹਨਾਂ ਨੇ ਥਾਂ-ਥਾਂ ਜਾ ਕੇ ਰੋਗੀਆਂ ਦੀ ਸੇਵਾ ਕੀਤੀ।

ਫਿਰ ਉਹਨਾਂ ਨੇ ਹਕੀਮਤ ਪਾਸ ਕਰ ਲਈ ਤੇ ਫੈਸਲਾ ਕਰ ਲਿਆ ਕਿ ਉਹ ਆਪਣਾ ਜੀਵਨ ਦੁਖੀ ਲੋਕਾਂ ਦੇ ਦੁੱਖ ਦੂਰ ਕਰਨ ਲਈ ਲਗਾਉਣਗੇ। ਉਹਨਾਂ ਮਹਿਸੂਸ ਕੀਤਾ ਕਿ ਜਦ ਤੱਕ ਉਹਨਾਂ ਦੇ ਬੱਚੇ ਨਹੀਂ ਪੜ੍ਹਦੇ, ਤੱਦ ਤੱਕ ਪੁਰਾਣੇ ਰੀਤੀ ਰਿਵਾਜਾਂ ਤੇ ਅੰਧ ਵਿਸ਼ਵਾਸਾ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਉਸ ਵੇਲੇ ਦੇਸ਼ ਗੁਲਾਮ ਸੀ ਅਤੇ ਆਜ਼ਾਦੀ ਦੀ ਲਹਿਰ ਚੱਲ ਰਹੀ ਸੀ। **ਦਲਿਤਾਂ ਦੀ ਆਜ਼ਾਦੀ ਦੇ ਵੱਲ ਕੋਈ ਧਿਆਨ ਨਹੀਂ ਸੀ ਦੇ ਰਿਹਾ। ਛੂਆ-ਛਾਤ ਤੇ ਜਾਤ-ਪਾਤ ਦਾ ਬੋਲ-ਬਾਲਾ ਸੀ। ਮੰਗੂ ਰਾਮ ਜੀ ਨੂੰ ਦਲਿਤ ਕੌਮ ਦੇ ਦੁੱਖਾਂ ਦੀ ਦਾਸਤਾਨ ਨੇ ਝੰਜੋੜ ਕੇ ਰੱਖ ਦਿੱਤਾ। ਇਸੇ ਦਰਮਿਆਨ ਪੰਜਾਬ ਵਿਚ ਆਦਿ ਧਰਮ ਮੰਡਲ ਕਾਇਮ ਹੋਇਆ। ਕਵੀ ਜੀ ਨੇ ਆਦਿ ਧਰਮ ਲਹਿਰ ਦਾ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ। ਉਹਨਾਂ ਨੇ ਦਲਿਤ ਕੌਮ ਨੂੰ ਨਵੀਂ ਸੇਧ ਦੇਣ ਲਈ ਜਾਤੀ ਸੁਧਾਰ ਕਿੱਸਾ ਲਿਖ ਕੇ ਕੌਮ ਵਿਚ ਨਵੀਂ ਰੂਹ ਪਾ ਦਿੱਤੀ।**

ਉਹਨਾਂ ਆਦਿ ਲੋਕਾਂ ਨੂੰ ਵਹਿਮਾਂ ਭਰਮਾਂ 'ਚੋ ਕੱਢਣ ਲਈ ਜ਼ੋਰਦਾਰ ਉਪਰਾਲੇ ਕੀਤੇ। ਦਸ-ਦਸ ਮੀਲ ਸਫ਼ਰ ਕਰਕੇ ਲੋਕ ਉਹਨਾਂ ਦੇ ਕੋਰੜੇ ਛੰਦ ਸੁਣਨ ਆਇਆ ਕਰਦੇ ਸੀ। ਉਹਨਾਂ ਦੀਆਂ ਰਚਨਾਵਾਂ ਉਸ ਵਕਤ ਛਪਦੇ ਅਖਬਾਰ 'ਆਦਿ ਡੰਕਾ' ਵਿਚ ਛਪਦੀਆਂ ਸਨ। 19ਵੀ ਸਦੀਂ ਦੇ ਤੀਸਰੇ ਦਹਾਕੇ ਵਿਚ ਡਾ.ਅੰਬੇਡਕਰ ਦਲਿਤ ਲੋਕਾਂ ਦੇ ਨੇਤਾ ਬਣ ਕੇ ਉਬਰੇ। **ਜਦੋ ਡਾ. ਅੰਬੇਡਕਰ ਜੀ ਗੋਲਮੇਜ਼ ਕਾਨਫਰੰਸ ਲੰਡਨ ਵਿੱਚ ਦਲਿਤਾਂ ਦੇ ਹੱਕ ਲਈ ਲੜ ਰਹੇ ਸਨ, ਤੱਦ ਕਵੀ ਜੀ ਵੀ ਉਹਨਾਂ ਦੀ ਹਮਾਇਤ ਵਿੱਚ ਨਿਤਰੇ ਅਤੇ ਤਾਰ ਭੇਜ ਕੇ ਡਾ. ਅੰਬੇਡਕਰ ਨੂੰ ਆਪਣਾ ਲੀਡਰ ਅੰਗਰੇਜ਼ ਸਰਕਾਰ ਨੂੰ ਦੱਸਿਆ।** ਪੂਨਾ ਪੈਕਟ ਤੋਂ ਬਾਅਦ ਜਦੋ ਦਲਿਤਾਂ ਨੂੰ ਰਾਂਖਵੇ ਹੱਕ ਮਿਲੇ ਤਾਂ ਪਹਿਲੀ ਵਾਰ ਦਲਿਤਾਂ ਦੇ ਐਮ.ਐੱਲ.ਏ ਬਣੇ। ਕਵੀ ਜੀ ਤੇ ਮੰਗੂ ਰਾਮ ਮੁੰਗੋਵਾਲੀਆ ਜੀ ਦੇ ਉੱਪਰਾਲਿਆਂ ਸਦਕੇ ਪਿੰਡ ਮੁੰਗੋਵਾਲ ਵਿਖੇ ਦਲਿਤਾਂ ਦੀ ਤਿੰਨ ਦਿਨਾਂ ਦੀ ਵੱਡੀ ਕਾਨਫ਼ਰੰਸ ਰੱਖੀ, ਜਿਸ ਵਿਚ ਸਾਡੇ ਨੋਂ ਐਮ. ਐਲ. ਏ. ਤਮਾਮ ਦਲਿਤ ਲੀਡਰ ਸ਼ਾਮਿਲ ਸਨ।

ਕਵੀ ਜੀ ਨੇ ਕੌਮ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਇਕ ਜਾਗ੍ਰਿਤੀ ਜੱਥਾ ਸਥਾਪਿਤ ਕੀਤਾ ਅਤੇ ਆਪਣੇ ਲੋਕਾਂ ਨੂੰ ਪਿੰਡ-ਪਿੰਡ ਜਾ ਕੇ ਹਾਲਾਤ ਤੋਂ ਜਾਣੂ ਕਰਵਾਇਆ। ਗੁਰੂ ਰਵਿਦਾਸ ਮਿਸ਼ਨ ਲਿਖ ਕੇ ਉਹਨਾਂ ਨੇ ਸਾਡੇ ਲੋਕਾਂ ਨੂੰ ਗੁਰੂ ਜੀ ਦੇ ਸੰਘਰਸ਼ ਭਰੇ ਜੀਵਨ ਤੋਂ ਜਾਣੂ

ਕਰਵਾਇਆ। ਕਵੀ ਜੀ ਆਪਣੇ ਯੁੱਗ ਦੇ ਵੱਡੇ ਕਿੱਸਾਕਾਰਾਂ ਵਿੱਚੋ ਇਕ ਸਨ। ਉਹਨਾਂ ਨੇ ਪੰਜਾਬ ਦੀਆਂ ਲੋਕ ਗਾਥਾਵਾਂ ਰਾਜਾ ਜੱਗਦੇਵ, ਹੀਰ ਰਾਂਝੇ ਦਾ ਯੋਗ, ਮਸਤਾਨਾ ਯੋਗੀ, ਪੁੱਤਰ ਵਿਛੋੜਾ ਆਦਿ ਕਿੱਸੇ ਲਿੱਖ ਕੇ ਪੰਜਾਬੀਆਂ ਦੇ ਮਨ ਜਿੱਤ ਲਏ।ਦੇਸ਼ ਆਜ਼ਾਦ ਹੋਇਆ ਕਵੀ ਜੀ ਨੂੰ ਚੱਕ ਰੋਡ ਵਾਲਾ ਛੱਡ ਕੇ ਆਪਣੇ ਪਿੰਡ ਆਉਣਾ ਪਿਆ। ਉਹ ਇਕ ਬਜ਼ੁਰਗ ਹੁੰਦੇ ਹੋਏ ਵੀ ਨੌਜਵਾਨਾਂ ਵਾਂਗ ਸਟੇਜ ਤੇ ਗੱਜਦੇ ਸਨ। **ਆਪਣੇ ਜੀਵਨ ਦੇ ਦੌਰਾਨ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ। ਉਹ ਕੌਮ ਦੇ ਇੱਕ ਨਿਧੜਕ ਜਨਰੈਲ ਸਨ।** ਆਖਰ 107 ਸਾਲ ਦੀ ਉਮਰ ਭੋਗਣ ਤੋਂ ਬਾਅਦ 7 ਅਕਤੂਬਰ 1979 ਨੂੰ ਸਾਡੇ ਪਾਸੋਂ ਸਦਾ ਲਈ ਵਿਛੜ ਗਏ। ਉਹਨਾਂ ਦਾ ਪੋਤਰਾਂ ਧਰਮਪਾਲ ਮਾਸਟਰ ਉਹਨਾਂ ਦੇ ਪਦ ਚਿੰਨ੍ਹਾਂ ਤੇ ਚੱਲ ਰਿਹਾ ਹੈ।[3]

## ਸ਼੍ਰੀ ਸੋਹਨ ਲਾਲ ਸ਼ਾਸਤਰੀ:-

ਸੋਹਨ ਲਾਲ ਸ਼ਾਸਤਰੀ ਜੀ ਬਾਬਾ ਸਾਹਿਬ ਜੀ ਦੇ ਸੰਪਰਕ ਵਿਚ 25 ਸਾਲ ਰਹੇ। **ਆਪ ਜੀ ਦਾ ਜਨਮ 2 ਜੂਨ 1911 ਨੂੰ ਪੰਜਾਬ ਵਿਚ ਹੋਇਆ। ਆਪ ਜੀ ਆਪਣੇ ਸਮੇਂ ਦੇ ਹਿੰਦੀ ਅਤੇ ਸੰਸਕ੍ਰਿਤ ਤੋਂ ਇਲਾਵਾ ਉਰਦੂ, ਫਾਰਸੀ, ਦੇ ਪ੍ਰਸਿੱਧ ਵਿਦਵਾਨ ਸਨ।** 1947 ਨੂੰ ਦੇਸ਼ ਦੀ ਵੰਡ ਤੋਂ ਬਾਅਦ ਆਪ ਗੁਰਦਾਸਪੁਰ ਵਿਖੇ ਆ ਕੇ ਵਸ ਗਏ। ਹਿੰਦੀ ਅਤੇ ਸੰਸਕ੍ਰਿਤ ਦੇ ਅਧਿਆਪਕ ਸਨ। ਸੋਹਨ ਲਾਲ ਸ਼ਾਸਤਰੀ ਜੀ ਉੱਚ ਕੋਟੀ ਦੀ ਵਿਦਵਤਾ ਦੀ ਚਰਚਾ, ਬਾਬਾ ਸਾਹਿਬ ਤੱਕ ਪਹੁੰਚ ਗਈ ਸੀ। ਬਾਬਾ ਸਾਹਿਬ ਜੀ ਨੇ ਉਹਨਾਂ ਨੂੰ ਆਪਣੇ ਪਾਸ ਦਿੱਲੀ ਵਿਖੇ ਬੁਲਵਾ ਲਿਆ। ਆਪਣੇ ਮੰਤਰ੍ਹਾਲੇ ਵਿਖੇ ਅਨੁਵਾਦਕ ਵੱਜੋਂ ਹੀ ਨੌਕਰੀ ਉੱਪਰ ਰੱਖ ਲਿਆ ਸੀ। ਉਹਨਾਂ ਨੇ ਬਾਬਾ ਸਾਹਿਬ ਜੀ ਦਾ ਸੰਵਿਧਾਨਕ ਅਤੇ ਸੰਸਦੀ ਰੁਝਿਵੇਆ 'ਚ ਬਹੁਤ ਸਹਿਯੋਗ ਕੀਤਾ। ਸੋਹਨ ਲਾਲ ਸ਼ਾਸਤਰੀ ਜੀ 1947 ਤੋਂ 1970 ਤੱਕ ਸਰਕਾਰੀ ਨੌਕਰੀ ਉੱਪਰ ਰਹੇ।

ਆਪ ਜੀ ਨੇ ਸਤਿਗੁਰੂ ਵੈਲਫੇਅਰ ਐਸ਼ੋਸੀਏਸ਼ਨ ਅਤੇ ਅੰਬੇਡਕਰ ਭਵਨ ਦੀ ਪ੍ਰਧਾਨਗੀ ਵੀ ਕੀਤੀ। ਉਹਨਾਂ ਨੇ ਬਾਬਾ ਸਾਹਿਬ ਜੀ ਦੇ ਮਿਸ਼ਨ ਤੇ ਤਨਦੇਹੀ ਨਾਲ ਸੇਵਾ ਕੀਤੀ। ਸਾਹਿਤ ਦੀ ਸਿਰਜਣਾ ਕੀਤੀ। ਜਿਨ੍ਹਾਂ ਵਿਚ '**ਬਾਬਾ ਸਾਹਿਬ ਦੇ ਸੰਪਰਕ ਮੇ 25 ਵਰਸ**' ਮੇਰੀ ਇੰਗਲੈਂਡ ਯਾਤਰਾ, ਦਲੀਤੋਂ ਕੇ ਮੁਕਤੀ ਦਾਤਾ, ਮਨੂੰ ਸਮਿਰਤੀ ਕੀ ਸਵਪ੍ਰਿਕਸ਼ਾ, ਸੱਚਾ ਤੇ ਸੁੱਚਾ ਕੀਤਾ, ਬੋਧੀ ਸੰਤ ਬਾਬਾ ਸਾਹਿਬ ਤੁਮੇ ਤੋਂ ਸੋ ਵਾਰ ਪ੍ਰਣਾਮ, ਆ ਗਿਆ ਬਾਬਾ ਵੇਦ ਰੋਗੀਆਂ ਦਾ, ਭਾਰਤ ਵਿਚ ਬੋਧੀ ਬ੍ਰਿਖ ਕੈਸੇ ਸੁਖਾ, ਦੇਸ਼ ਆਗੇ ਕੈਸੇ ਬੜੇ, ਹਿੰਦੂ ਕੋਡ ਬਿਲ ਔਰ ਬਾਬਾ ਸਾਹਿਬ ਹਿੰਦੂ ਸਮਾਜ ਦਲੀਲ ਦੀ ਕਸੋਟੀ ਤੇ ਅਛੂਤਾਂ ਦੇ ਕਲਿਆਣ ਦਾ ਸਹੀ ਰਾਸਤਾ, ਆਦਿ ਵਿਚ ਉਹਨਾਂ ਦੇ ਸਮਾਜ ਵਿਚ ਜਗ੍ਰਿਤੀ ਦਾ ਕੰਮ ਕੀਤਾ। ਸੋਹਨ ਲਾਲ ਸ਼ਾਸਤਰੀ ਬੁੱਧ ਧਰਮ ਦੇ ਪ੍ਰਚਾਰਕ ਬਣ ਕੇ ਰਹੇ। ਆਪ ਜੀ 27 ਸਤੰਬਰ 1995 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹਨਾਂ ਦੀਆਂ ਸੇਵਾ ਜੋ ਉਹਨਾਂ ਨੂੰ ਅੰਬੇਡਕਰ ਮਿਸ਼ਨ ਲਈ ਮਿਲੀਆਂ ਉਹ ਸਦਾ ਅਭੁੱਲ ਹਨ। ਜਿਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।[4]

## ਸ਼੍ਰੀ ਚਰਨ ਸਿੰਘ ਸਫਰੀ

ਚਰਨ ਸਿੰਘ ਸਫਰੀ ਦਾ ਜਨਮ ਪਿੰਡ ਬੋਦਲਾਂ ਵਿਖੇ 1919 ਨੂੰ ਪਿਤਾ ਸ਼੍ਰੀ ਲਾਭ ਸਿੰਘ ਜੀ ਤੇ ਮਾਤਾ ਸ਼੍ਰੀ ਮਤੀ ਇੰਦੀ ਜੀ ਦੇ ਗ੍ਰਹਿ ਵਿਖੇ ਹੋਇਆ ਸੀ। ਬਚਪਨ ਤੋਂ ਹੀ ਚਰਨ ਸਿੰਘ ਸਫਰੀ ਜੀ ਨੂੰ ਪੜ੍ਹਨ-ਲਿਖਣ ਦਾ ਖੂਬ ਸ਼ੌਂਕ ਸੀ ਇਸੇ ਸ਼ੌਂਕ ਕਰਕੇ ਸਫਰੀ ਨੂੰ ਲੋਕ ਕਵੀ ਵਜੋਂ ਪ੍ਰਸਿੱਧੀ

ਹਾਸਿਲ ਹੋਈ। ਚਰਨ ਸਿੰਘ ਸਫਰੀ ਜੀ ਨੇ ਆਪਣੀ ਕਲਮ ਤੋਂ ਲਿਖਦੇ ਹਨ ਕਿ **"ਕਵੀ ਕਿਵੇਂ ਬਣਦਾ ਹੈ ਜਦੋਂ ਕਿਸੇ ਮਾਸੂਮ ਤੇ ਨਿਰਦੋਸ਼ ਹਿਰਦੇ ਨੂੰ ਕੋਈ ਕਰੜੀ ਬਜਰ ਵਰਗੀ ਚੋਟ ਵੱਜਦੀ ਹੈ। ਚੋਟ ਵਿਛੜੇ ਦੀ, ਅਨਿਆਂ ਦੀ, ਪਿਆਰ ਦੀ, ਉਹ ਚੋਟ ਹੀ ਹੋਕਿਆ, ਹਾਵਿਆ, ਅਥਰੂਆਂ ਤੇ ਚੀਜਾ ਦਾ ਰੂਪ ਧਾਰਨ ਕਰ ਜਾਂਦੀ ਹੈ। ਗਮਾਂ ਤੇ ਦਰਦਾਂ ਦੀ ਭੜਾਸ ਅੱਖੀਆਂ ਦੇ ਸੱਤ ਪਰਦੇ ਚੀਰ ਕੇ ਹੰਝੂਆਂ ਦੇ ਰੂਪ ਵਿਚ ਅੱਖਾਂ ਥਾਂਵੀ ਬਾਹਰ ਆਉਣ ਦਾ ਯਤਨ ਕਰਦੀ ਹੈ, ਕੁਝ ਕੁ ਨਿਕਲ ਵੀ ਜਾਂਦੀ ਹੈ ਤੇ ਕੁਝ ਕੁ ਇਹ ਧੁਖਦਾ ਕਦੇ ਅੱਗ ਦਾ ਰੂਪ ਵੀ ਧਾਰਨ ਕਰ ਜਾਂਦੀ ਹੈ। ਇਸ ਦੇ ਕੋਈ ਵੀ ਲਬ੍ਹ ਜ਼ਜਬਿਆ ਦੇ ਰੂਪ ਵਿਚ ਜਦੋਂ ਵੀ ਬਾਹਰ ਨਿਕਲਦੀ ਹੈ। ਉਸ ਨੂੰ ਦਰਦਿਲੀ ਤੇ ਮੌਲਿਕ ਕਵਿਤਾ ਆਖਿਆ ਜਾਂਦਾ ਹੈ।ਜਿਸ ਕਵੀ ਨੇ ਕਦੇ ਕਿਸੇ ਦੂਸਰੇ ਦੇ ਦੁਖਾਂਤ ਵੱਲ ਝਾਕਿਆ ਤੱਕ ਨਹੀਂ ਦੂਸਰੇ ਦੀ ਭੀੜ ਨੂੰ ਅਨੁਭਵ ਨਹੀਂ ਕੀਤਾ, ਦੂਸਰੇ ਦੇ ਘਰ ਨੂੰ ਲੱਗੀ ਅੱਗ ਨੂੰ ਬਸੰਤਰ ਸਮਝਿਆ, ਉਸ ਕਵੀ ਦੀ ਕਵਿਤਾ ਵਿਚ ਸ਼ੋਜ ਕਿੱਥੇ, ਦਰਦ ਕਿੱਥੇ, ਜਿਸ ਕਵੀ ਦੀ ਕਵਿਤਾ ਵਿਚ ਜਾਨ ਹੋਵੇ ਤਾਂ ਲੱਖਾਂ ਸਰੋਤੇ ਇਕ ਹੀ ਚੁਮੀਸਰਾ ਸੁਣ ਕੇ ਬੰਗਲੇ ਦੀ ਬੀਨ ਤੇ ਸੱਪ ਵਾਂਗੂ ਝੂਮ ਉੱਠਦੇ ਹਨ।"**

ਉਸ ਦੀ ਕਵਿਤਾ ਆਮ ਲੋਕਾਂ ਦੀ ਕਵਿਤਾ ਹੈ। ਉਸ ਦੀ ਕਵਿਤਾ ਬੇਸਾਗਰ ਲੋਕਾਂ ਦੇ ਹੱਕ 'ਚ ਆਵਾਜ਼ ਹੈ। ਉਸ ਦੀ ਕਵਿਤਾ ਹੱਕਾਂ ਲਈ ਸੰਘਰਸ਼ ਦੀ ਕਵਿਤਾ ਹੈ। ਉਸ ਦੀ ਕਵਿਤਾ ਰੱਬ ਦਾ ਸ਼ੁਕਰਾਨਾ ਹੈ। ਉਸ ਦੀ ਕਵਿਤਾ ਸੱਚ ਦੀ ਗੁਵਾਹ ਹੈ। ਉਸ ਦੀਆਂ ਪੁਸਤਕਾਂ 1) ਗੁਰੂ ਰਵਿਦਾਸ ਚਮਤਕਾਰ 2) ਅੰਬਰਾਂ ਦੇ ਵੇ ਤਾਰਿਆ 3) ਤਕਲੇ ਦੇ ਵੱਟ ਕੱਢ ਲੈ 4) ਅੰਮ੍ਰਿਤ ਭਿਜੇ ਬੋਲ 5) ਖਾਲਸਿਉ ਤਨਖਾਹ ਮੰਗਦੇ ਹੋ 6) ਮਾਤਾ ਗੁਜਰੀ ਦੇ ਲਾਲ 7) ਲਹੂ ਦੀਆਂ ਲਾਟਾ 8) ਰੱਬ ਝੁਗੀਆ ਵਿੱਚ ਆਇਆ ਹੈ, ਆਦਿ ਪੁਸਤਕਾਂ ਵਿਚ ਉਸ ਪੰਜਾਬੀ ਸਹਿਤ ਦੀ ਵਿਰਾਸਤ ਨੂੰ ਅਮੀਰ ਕੀਤਾ ਹੈ।

ਚਰਨ ਸਿੰਘ ਸਫਰੀ ਜੀ ਦੇ ਗੀਤਾਂ ਨੂੰ ਨਰਿੰਦਰ ਬੀਬਾ , ਸਰੂਪ ਸਿੰਘ ਸਰੂਪ, ਊਸ਼ਾ ਰਾਣੀ, ਸੁਰਿੰਦਰ ਕੌਰ, ਹੰਸ ਰਾਜ ਹੰਸ, ਸੁਰਿੰਦਰ ਲਾਡੀ, ਅਸ਼ੋਕ ਸ਼ਰਮਾ, ਆਸਾ ਸਿੰਘ ਮਸਤਾਨਾ, ਸਾਹਿਬ ਸਿੰਘ, ਲਾਜ ਸਚਦੇਵਾ ਤੇ ਸੁਮਨ ਆਨੰਦ ਆਦਿ ਨੇ ਆਪਣੀ ਖੂਬਸੂਰਤ ਆਵਾਜ਼ ਦਿੱਤੀ। ਆਪ ਜੀ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਆਪ ਜੀ ਨੂੰ ਐਮ ਕੇ ਚੌਧਰੀ ਗਵਰਨਰ ਪੰਜਾਬ, ਸ਼੍ਰੋਮਣੀ ਕਮੇਟੀ ਅਮ੍ਰਿਤਸਰ ਖਾਲਸਾ ਐਸਟੋਰੀਓ ਦਰਬਾਰ ਕੈਨੇਡਾ, ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਸਾਊਥਹਾਲ, ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ, ਪ੍ਰੋ: ਮੋਹਨ ਸਿੰਘ ਯਾਦਗਾਰ, ਪੰਜਾਬੀ ਸਾਹਿਤ ਸਭਾ ਲਾਂਦੜਾ, ਸ਼ਹੀਦ ਭਗਤ ਸਿੰਘ ਰਾਸ਼ਟਰੀ ਏਕਤਾ ਐਵਾਰਡ ਪੰਜਾਬੀ ਸਾਹਿਤ ਸਭਾ ਜੀਸ, ਰਜਬ ਅਲੀ ਐਵਾਰਡ ਅਤੇ ਡੇਰਾ ਸੱਚਖੰਡ ਬੱਲਾ ਵੱਲੋਂ ਆਪ ਨੂੰ ਵਿਸ਼ੇਸ਼ ਰੂਪ ਨਾਲ ਸਨਮਾਨਿਤ ਕੀਤਾ ਗਿਆ। ਉਸ ਦੀ ਕਵਿਤਾ ਦੁਨਿਆਂ ਦੇ ਅੰਤ ਤੱਕ ਸੁਣਦੀ ਰਹੇਗੀ ਕਿਉਂਕਿ ਉਸ ਦੀ ਕਵਿਤਾ ਦੁਨਿਆਂ ਦੇ ਲੋਕਾਂ ਨੂੰ ਸੁਨੇਹਾ ਦਿੰਦੀ ਹੈ ਕਿ-

**ਦੁਨਿਆਂ ਦੇ ਲੋਕੋ ਨੇਕ ਬਣੋ ਫਰਮਾਇਆ ਪੱਥਰੀ ਵਾਲੇ ਨੇ,**
**ਸੰਸਾਰ ਦੇ ਭਟਕੇ ਬੰਦਿਆਂ ਨੂੰ ਰਾਹ ਪਾਇਆ ਪੱਥਰੀ ਵਾਲੇ ਨੇ।**[5]

# ਸ਼੍ਰੀ ਨਾਨਕ ਚੰਦ ਰੱਤੂ

**"ਮੇਰੇ ਸਮਾਜ ਦੇ ਲੋਕਾਂ ਨੂੰ ਦੱਸਣਾ ਕਿ ਮੈਂ ਜੋ ਕੁਝ ਉਹਨਾਂ ਲਈ ਕਰ ਸਕਿਆਂ ਉਹ ਬਹੁਤ ਮੁਸ਼ਕਿਲ, ਮਸਬੀਤਾ, ਕਹਿਰ ਝੱਲਦਿਆਂ ਆਪਣੇ ਸੁੱਖ ਆਰਾਮ ਨੂੰ ਸੂਲੀ ਉੱਪਰ ਟੰਗ ਕੇ ਕਰ ਸਕਿਆ ਜੋ ਮਿਸ਼ਨ ਕਾਰਵਾ ਅੱਜ ਇੱਥੇ ਤੱਕ ਲਿਆਂਦਾ ਹੈ ਉਸ ਲਈ ਮੈ ਬਹੁਤ ਔਕੜਾਂ ਝੱਲੀਆ ਹਨ। ਇਹ ਕਾਰਵਾ ਜੇ ਅੱਗੇ ਨਾ ਲੈ ਜਾ ਸਕੇ ਤਾਂ ਪਿੱਛੇ ਵੀ ਨਾ ਜਾਵੇ"**। ਇਹ ਦਰਦ ਭਰੀ ਆਵਾਜ਼ ਵਿਚ ਬਾਬਾ ਸਾਹਿਬ ਡਾ: ਅੰਬੇਡਕਰ ਜੀ ਹਜ਼ਾਰਾ ਵਾਰ ਚਿੰਤਤ ਹੁੰਦੇ ਤੇ ਕਈ ਵਾਰ ਰੋ ਪੈਂਦੇ ਇਹ ਸਭ ਸੁਣਨ ਵਾਲੇ ਉਹਨਾਂ ਦਾ ਨਿੱਜੀ ਸਕੱਤਰ ਨਾਨਕ ਚੰਦ ਰੱਤੂ ਸੀ। ਜਿਸ ਨੇ 18 ਜਨਵਰੀ 1940 ਤੋਂ ਲੈ ਕੇ 6 ਦੰਸਬਰ 1956 ਤੱਕ ਬਾਬਾ ਸਾਹਿਬ ਦੀ ਦਿਨ ਰਾਤ ਸੇਵਾ ਕੀਤੀ।

ਨਾਨਕ ਚੰਦ ਰੱਤੂ ਜੀ ਦਾ ਜਨਮ 6 ਫਰਵਰੀ 1922 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਅਤਿ ਸਾਧਾਰਨ ਗਰੀਬ, ਰਵਿਦਾਸੀਆ ਪਰਿਵਾਰ ਵਿਚ ਹੋਇਆ। ਉਹਨਾਂ ਦਾ ਬਚਪਨ ਅਤੇ ਸਕੂਲੀ ਵਿੱਦਿਆ ਦਾ ਸੰਘਰਸ਼ ਬਹੁਤ ਹੀ ਮੁਸ਼ਕਿਲ ਦੌਰ ਚੋਂ ਗੁਜਰਿਆ ਸੀ। ਉਹਨਾਂ ਨੇ ਆਪਣੀ ਦਸਵੀ ਤੱਕ ਦੀ ਪੜ੍ਹਾਈ ਚੀਥੜੇ ਪਹਿਨ ਕੇ ਅਤੇ ਨੰਗੇ ਪੈਰੀ ਚਲ ਕੇ ਹਾਸਿਲ ਕੀਤੀ। ਉਹਨਾਂ ਦੇ ਪਿਤਾ ਜੀ ਨੂੰ ਉਹਨਾਂ ਦੇ ਮਾਮਾ ਜੀ ਵੱਲੋਂ ਪ੍ਰਾਪਤ ਕੀਤੇ ਖ਼ਤ ਤੱਕ ਪੜਾਉਣ ਲਈ ਪਿੰਡ ਦੇ ਪਟਵਾਰੀ ਤੱਕ ਵੰਗਾਰ ਕਰਨੀ ਪੈਂਦੀ ਸੀ। ਖ਼ਤ ਪੜ੍ਹਨ ਦੇ ਮੁਆਵਜੇ ਲਈ ਉਨ੍ਹਾਂ ਨੂੰ ਪਟਵਾਰੀ ਦੇ ਪਸ਼ੂਆ ਲਈ ਪੱਠੇ, ਚੁਲ੍ਹੇ ਲਈ ਬਾਲਣ ਅਤੇ ਘਰ ਦੇ ਵਿਹੜੇ ਵਿਚ ਝਾੜੂ ਲਗਾਉਣਾ ਪੈਂਦਾ ਸੀ। ਖ਼ਤ ਜਿਸ ਨੂੰ ਪਟਵਾਰੀ ਹੱਥ ਨਹੀਂ ਸੀ ਲਗਾਉਂਦਾ ਦੂਰੋ ਕੰਧ ਦੇ ਚਿਪਕਾ ਕੇ ਪੜ੍ਹਾਉਂਦਾ ਸੀ। ਅਜਿਹੀ ਅਪਮਾਨ ਭਰੀ ਜ਼ਿੰਦਗੀ ਨੂੰ ਆਪ ਜੀ ਦੇ ਪਿਤਾ ਨੇ 1938 ਵਿਚ ਦਸਵੀਂ ਪਾਸ ਕਰਨ ਉਪਰੰਤ ਕਿਸੇ ਵੀ ਕਰਜ ਤੋਂ ਮੁਕਤ ਕਰਾਉਣ ਨੌਕਰੀ ਦੀ ਤਲਾਸ਼ 'ਚ ਦਿੱਲੀ ਭੇਜਿਆ। ਆਪ ਜੀ ਨੇ ਮਿਹਨਤ ਦਾ ਹੱਥ ਕਦੇ ਨਹੀਂ ਛੱਡਿਆ। ਖੇਤੀ ਦਾ ਕੰਮ ਵੀ ਕੀਤਾ।

ਬੇਹੱਦ ਮੁਸ਼ਕਿਲ ਸਮਾਂ ਵੇਖਿਆ ਅਤੇ ਅਪਮਾਨ ਵੀ ਝੱਲਿਆ ਅੰਤ 1941 ਵਿਚ ਸਰਕਾਰੀ ਨੌਕਰੀ ਪ੍ਰਾਪਤ ਕਰ ਲਈ ਅਤੇ ਨੌਕਰੀ ਦੌਰਾਨ ਉਹਨਾਂ ਬੀ. ਏ. ਪਾਸ ਕੀਤੀ। ਆਪ ਐਮ.ਏ ਦੀ ਤਿਆਰੀ ਕਰ ਰਹੇ ਸਨ ਤਾਂ ਬਾਬਾ ਸਾਹਿਬ ਨਾਲ ਮੁਲਾਕਾਤ ਹੋਈ। ਆਪ ਸਦਾ ਸਦਾ ਲਈ ਬਾਬਾ ਸਾਹਿਬ ਦੇ ਸ਼ਰਧਾਲੂ ਹੋ ਗਏ। **ਆਪ ਜੀ ਆਪਣੇ ਘਰ ਦੇਵ ਨਗਰ ਤੋਂ ਬਾਬਾ ਸਾਹਿਬ ਜੀ ਦੀ ਕੋਠੀ 26 ਅਲੀਪੁਰ ਰੋਡ ਤੱਕ ਰੋਜ਼ਾਨਾ 25 ਕਿਲੋਮੀਟਰ ਦਾ ਸਫਰ ਤੈਅ ਕਰਦੇ ਸਾਇਕਲ ਉੱਪਰ ਕਈ ਵਾਰੀ ਪੈਦਲ ਸਫਰ ਕਰਦੇ। ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੇ ਨਾਨਕ ਚੰਦ ਰੱਤੂ ਨੂੰ ਮੁੱਖ ਤੋਰ ਤੇ ਆਪਣੇ ਕਾਨੂੰਨ ਮੰਤਰੀ ਦੇ ਅਸਤੀਫੇ ਤੋਂ ਬਾਅਦ ਆਪਣੀਆਂ ਅਧੂਰੀ ਲਿਖਤਾਂ ਨੂੰ ਟਾਇਪ ਕਰਵਾਉਣ ਲਈ ਰੱਖਿਆ ਸੀ। ਆਪ ਟਾਇਪ ਵੀ ਕਰਦੇ ਅਤੇ ਬਾਬਾ ਸਾਹਿਬ ਜੀ ਦੀ ਸੇਵਾ ਵੀ ਕਰਦੇ ਆਪ ਜੀ ਨੇ ਬਾਬਾ ਸਾਹਿਬ ਦੀਆਂ ਖਾਸ ਕਿਤਾਬਾਂ ਟਾਇਪ ਕੀਤੀਆ। ਆਪ ਬਾਬਾ ਸਾਹਿਬ ਜੀ ਦੇ ਵਿਸ਼ਵਾਸ ਪਾਤਰ ਸਨ।**

ਉਹ ਬਾਬਾ ਜੀ ਦੀ ਦਿਲ ਲਗਾ ਕੇ ਸੇਵਾ ਕਰਦੇ ਸਨ। ਆਪ ਜੀ ਨੇ ਬਾਬਾ ਸਾਹਿਬ ਜੀ

ਦੀਆਂ ਪਿਆਰੀਆ ਅਤੇ ਨਿੱਘੀਆਂ ਯਾਦਾਂ ਨੂੰ ਕਲਮਬੱਧ ਕੀਤਾ। ਆਪ ਜੀ ਨੇ ਬਾਬਾ ਸਾਹਿਬ ਅੰਬੇਡਕਰ ਘਾਟਾ ਅਤੇ ਸਿਮਰੀਤੀਆ 2) ਬਾਬਾ ਸਾਹਿਬ ਦੇ ਅੰਤਿਮ ਕੁਝ ਸਾਲ 3) ਬਾਬਾ ਸਾਹਿਬ ਦੀ ਅਣਛੂਹੀ ਪ੍ਰਸੰਸਾ 4) ਬਾਬਾ ਸਾਹਿਬ ਜੀ ਦੇ ਮੱਹਤਵਪੂਰਨ ਸੰਦੇਸ਼ ਤੇ ਕਥਨ ਲਿਖ ਕੇ ਆਪਣਾ ਅੰਬੇਡਕਰੀ ਅੰਦੋਲਨ 'ਚ ਹਿੱਸਾ ਪਾਇਆ। ਮਿਸ਼ਨ ਨੂੰ ਸੇਧ ਵੀ ਦਿੱਤੀ। ਆਪ ਜੀ ਅੰਬੇਡਕਰ ਮਿਸ਼ਨ ਦੀ ਸੇਵਾ ਲਈ ਭੀਮ ਮੈਡਲ, ਭੀਮ ਰਤਨ ਐਵਾਰਡ, ਅੰਬੇਡਕਰ ਸੈਨਾ ਟੀਨਰੀ ਐਵਾਰਡ, ਭਨਤੇ ਅਨੰਤ ਐਵਾਰਡ, ਅੰਬੇਡਕਰ ਰਤਨ ਸੈਨਾਟਰੀ ਆਦਿ ਹੋਰ ਅਦਬ ਸਤਿਕਾਰ ਨਾਲ ਨਿਵਾਜਿਆ। **ਆਪ ਜੀ ਨੇ ਨਾਗਪੁਰ ਵਿਚ ਇਕ ਅੰਬੇਡਕਰ ਸੰਗ੍ਰਹਿ ਸਥਾਪਤ ਕੀਤਾ। ਜੋ ਇਕ ਸਮੇਂ ਵਿਚ ਇਕ ਵਿਸ਼ਾਲ ਸਮਾਰਕ ਦਾ ਰੂਪ ਲੈ ਚੁੱਕਾ ਸੀ।** ਆਪ ਜੀ 29 ਫਰਵਰੀ 1980 ਨੂੰ ਕੇਂਦਰ ਸਰਕਾਰ ਦੀ ਨੌਕਰੀ ਤੋਂ ਰਿਟਾਇਰ ਹੋ ਗਏ। ਇਸ ਤੋਂ ਬਾਅਦ ਆਪ ਜੀ ਨੇ ਅੰਬੇਡਕਰ ਮਿਸ਼ਨ ਲਈ ਖੁੱਲ ਕੇ ਕੰਮ ਕੀਤਾ। 15 ਸਤੰਬਰ 2002 ਨੂੰ ਆਪ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਆਪਜੀ ਦੀਆਂ ਸੇਵਾਵਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ।[6]

## ਸ੍ਰੀ ਕੇ .ਸੀ ਸੁਲੇਖ

ਸ੍ਰੀ ਕੇ.ਸੀ.ਸੁਲੇਖ ਦਾ ਨਾਮ ਕਰਤਾਰ ਚੰਦ ਸੁਲੇਖ ਹੈ। ਆਪ ਜੀ ਦਾ ਜਨਮ 20 ਜੁਲਾਈ 1927 ਨੂੰ ਬੰਗਾ ਵਿਖੇ ਮਾਤਾ ਸ੍ਰੀਮਤੀ ਦਾਨੀ ਜੀ ਅਤੇ ਪਿਤਾ ਸ੍ਰੀ ਬੀਰੂ ਰਾਮ ਜੀ ਦੇ ਘਰ ਹੋਇਆ। ਆਪ ਜੀ ਦਾ ਨਾਂ ਅੰਬੇਡਕਰੀ ਸਾਹਿਤ ਵਿੱਚ ਬਹੁਤ ਖਾਸ ਹੈ ਉਹਨਾਂ ਨੇ ਪੰਜਾਬ ਵਿੱਚ ਦਲਿਤ ਸਾਹਿਤ ਸਿਰਜਣਾ ਅਤੇ ਮਹਾਂਪੁਰਸ਼ਾਂ ਦੇ ਸੰਘਰਸ਼ ਨੂੰ ਪ੍ਰਚਾਰ ਲਈ ਆਪਣੀ ਜ਼ਿੰਦਗੀ ਦਾ ਹਰ ਪਲ ਸਮਾਜ ਨੂੰ ਸਮਰਪਿਤ ਕਰ ਦਿੱਤਾ। ਆਪ ਜੀ ਨੇ 1949 ਵਿੱਚ ਬੀ.ਏ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਡਾ. ਅੰਬੇਡਕਰ ਜੀ ਵਲੋਂ ਚਲਾਏ ਗਏ ਅੰਦੋਲਨ ਵਿੱਚ ਬਹੁਤ ਸਰਗਰਮੀ ਦਿਖਾਈ। **ਆਪ ਜੀ ਨੇ ਆਪਣੇ ਮਿਸ਼ਨਰੀ ਸਾਥੀਆਂ ਨਾਲ ਮਿਲ ਕੇ ਊਰਦੂ ਦਾ ਹਫਤਾਵਾਰ 'ਉਜਾਲਾ' ਅਖ਼ਬਾਰ 1948–1950 ਤੱਕ ਦੀ ਸੰਪਾਦਕ ਦੀ ਜ਼ਿੰਮੇਵਾਰੀ ਵੀ ਨਿਭਾਈ** ।ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਪੰਜਾਬ ਆਉਣ ਤੇ ਆਪ ਜੀ ਨੇ ਬਹੁਤ ਅਹਿਮ ਭੂਮਿਕਾ ਨਿਭਾਈ। ਆਪ ਜੀ ਦਾ ਨਾਂ ਮਿਸ਼ਨਰੀ ਅਤੇ ਸਾਹਿਤਕ ਖੇਤਰ ਵਿੱਚ ਬਹੁਤ ਸਤਿਕਾਰਯੋਗ ਲਿਆ ਜਾਂਦਾ ਹੈ। 1952 ਤੋਂ ਨੋਕਰੀ 1985 ਵਿੱਚ ਗੱਜਟਿਡ ਅਫ਼ਸਰ (ਐਕਸਾਈਜ਼ ਐਡ ਟੈਕਸ਼ੇਸ਼ਨ ਆਫ਼ਸਰ)ਦੇ ਰੂਪ ਵਿੱਚ ਰਿਟਾ.ਹੋਏ। ਆਪ ਜੀ ਨੇ ਅੰਬੇਡਕਰਵਾਦ ਅਤੇ ਭਗਵਾਨ ਬੁੱਧ, ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਮਿਸ਼ਨ ਉੱਪਰ ਬਹੁਤ ਲਿਖਿਆ ਹੈ। ਆਪ ਜੀ ਦੀਆਂ ਲਿਖਤਾਂ ਲਗਾਤਾਰ ਮਿਸ਼ਨਰੀ ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ । **ਆਪ ਜੀ ਨੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਜੀ ਵਲੋਂ ਲਿਖੀ ਪੁਸਤਕ 'ਮਹਾਤਮਾਂ ਗਾਂਧੀ ਤੇ ਅਛੂਤਾਂ ਦੀ ਆਜ਼ਾਦੀ' ਦਾ ਪੰਜਾਬੀ ਅਨੁਵਾਦ ਕੀਤਾ ਹੈ। ਆਪ ਜੀ ਦੀਆਂ ਸਾਰੀਆਂ ਪੁਸਤਕਾਂ ਨੂੰ ਪ੍ਰਸਿੱਧੀ ਪ੍ਰਾਪਤ ਹੋਈ ਹੈ। ਆਪ ਜੀ ਦੀਆਂ ਪੁਸਤਕਾਂ 'ਅੰਬੇਡਕਰਵਾਦ', 'ਸ਼ੋਰੀ ਬੇਨਕਾਬ' ਆਦਿ ਪੁਸਤਕਾਂ ਨੇ ਆਪਣੀ ਇੱਕ ਪਹਿਚਾਣ ਛੱਡੀ ਹੈ।** ਆਪ ਜੀ ਨਿਰੰਤਰ ਅੰਬੇਡਕਰਵਾਦ ਉੱਪਰ ਸੰਘਰਸ਼ਸ਼ੀਲ ਹਨ। ਆਪ ਜੀ ਡਾ. ਅੰਬੇਡਕਰ ਭਵਨ ਟਰੱਸਟ ਰਜਿ. ਜਲੰਧਰ ਦੇ ਫਾਉਂਡਰ ਟਰੱਸਟੀ ਵੀ ਹਨ। ਆਪ ਜੀ ਪਰਿਵਾਰ ਸਮੇਤ ਚੰਡੀਗੜ ਸੈਕਟਰ 15 /ਏ ਵਿੱਚ ਰਹਿ ਰਹੇ ਹਨ।[7]

## ਡਾ. ਗਿਆਨ ਚੰਦ ਕੌਲ

ਡਾ. ਗਿਆਨ ਚੰਦ ਕੌਲ ਜੀ ਜਿਲ੍ਹਾਂ ਜਲੰਧਰ ਦੇ ਪਿੰਡ ਜੰਡੂ ਸਿੰਘਾ ਦੇ ਵਸਨੀਕ ਹਨ। ਆਪ ਜੀ ਦਾ ਜਨਮ ਇੱਕ ਗਰੀਬ ਪਰਿਵਾਰ ਵਿੱਚ ਹੋਇਆ। ਆਪ ਜੀ ਨੇ ਐਮ.ਏ ਤੱਕ ਦੀ ਪੜਾਈ ਡੀ.ਏ.ਵੀ.ਕਾਲਜ਼ ਤੋਂ ਪ੍ਰਾਪਤ ਕੀਤੀ। ਇਸੇ ਕਾਲਜ਼ ਵਿੱਚ ਪੰਜਾਬੀ ਵਿਭਾਗ ਦੇ ਹੈੱਡ ਆਫ਼ ਡਿਪਾਰਟਮੈਂਟ ਰਿਟਾ. ਹੋਏ। ਆਪ ਅੰਬੇਡਕਰ ਮਿਸ਼ਨ ਸੁਸਾਇਟੀ ਰਜਿ. ਅਤੇ ਅੰਬੇਡਕਰ ਭਵਨ ਟਰੱਸਟ ਰਜਿ. ਵਿੱਚ ਵੱਡਮੁਲੀਆਂ ਸੇਵਾਵਾਂ ਨਿਭਾਈਆਂ। **ਬਾਅਦ ਵਿੱਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਉੱਪਰ ਪੀ.ਐਚ.ਡੀ ਕੀਤੀ।** ਆਪ ਜੀ ਦਾ ਜ਼ਿਕਰ ਜਗਤਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਉਪਰ ਕੰਮ ਕਰਨ ਵਾਲੇ ਵਿਅਕਤੀਆ ਵਿੱਚ ਵਿਸ਼ੇਸ਼ ਹੈ। ਆਪ ਜੀ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਹਨ।[8]

## ਸ੍ਰੀ ਲਾਹੌਰੀ ਰਾਮ ਬਾਲੀ[9]

ਲਹੌਰੀ ਰਾਮ ਬਾਲੀ ਜੀ ਦਾ ਜਨਮ 20 ਜੁਲਾਈ 1930 ਨੂੰ ਮਾਤਾ ਪ੍ਰੇਮੀ ਜੀ ਦੀ ਕੁੱਖੋਂ ਤੇ ਪਿਤਾ ਭਗਵਾਨ ਦਾਸ ਜੀ ਦੇ ਘਰ ਨਵਾਂ ਸ਼ਹਿਰ ਵਿਚ ਹੋਇਆ। ਲਹੌਰੀ ਰਾਮ ਬਾਲੀ ਜੀ, ਚੌਧਰੀ ਇੰਦਰ ਰਾਮ ਜੀ ਆਦਿ ਧਰਮ ਦੇ ਸਰਗਰਮ ਆਗੂ ਸਨ। ਆਪ ਜੀ ਦੇ ਪਿਤਾ ਬੂਟ ਬਨਾਉਣ ਦੇ ਮਸ਼ਹੂਰ ਕਾਰੀਗਰ ਸਨ। ਨਵਾਂ ਸ਼ਹਿਰ ਦੇ ਵਿਚ 1947 ਨੂੰ ਦੁਆਬਾ ਹਾਈ ਸਕੂਲ ਵਿਚ ਪਹਿਲੇ ਦਰਜੇ ਉੱਪਰ ਦਸਵੀਂ ਪਾਸ ਕੀਤੀ । 1947-48 ਵਿਚ ਨੌਕਰੀ ਦੀ ਤਲਾਸ਼ ਵਿਚ ਦਿੱਲੀ ਰਹਿੰਦੇ ਰਹੇ। 8 ਦਸੰਬਰ 1948 ਨੂੰ ਸਟੇਟ ਪ੍ਰੈਸ ਵਿਚ ਕਾਪੀ ਹੌਲਡਰ ਦੀ ਸਰਕਾਰੀ ਨੋਕਰੀ ਮਿਲ ਗਈ। ਸ਼ੁਰੂ ਵਿਚ ਉਹ ਆਰੀਆ ਸਮਾਜ ਦੇ ਸਲਾਨਾ ਪ੍ਰੋਗਰਾਮ 'ਚ ਹਿੱਸਾ ਲੈਂਦੇ ਸਨ। **ਆਪ ਜੀ ਨੇ ਬਾਬਾ ਸਾਹਿਬ ਜੀ ਨੂੰ ਕਾਫੀ ਨੇੜਿਉ ਵੇਖਿਆ ਸੀ।**

**ਉਹਨਾਂ ਬਾਬਾ ਸਾਹਿਬ ਦੇ ਭਾਸ਼ਨ ਸੁਣੇ ਸਨ ਅਤੇ ਅਨੇਕ ਵਾਰ ਦਰਸ਼ਨ ਵੀ ਕੀਤੇ ਸਨ। ਉਹਨਾਂ ਨੇ ਕਈ ਵਾਰਾ ਬਾਬਾ ਸਾਹਿਬ ਨਾਲ ਸਪੰਰਕ ਕੀਤਾ। ਪਰ 30 ਸਤੰਬਰ 1956 ਨੂੰ ਬਾਬਾ ਸਾਹਿਬ ਨਾਲ ਮੇਲ ਮਿਲਾਪ ਵਿਚ ਉਹ ਬਾਬਾ ਸਾਹਿਬ ਨੂੰ ਬਚਨ ਦਿੰਦੇ ਹਨ ਕਿ ਉਹ ਅੰਬੇਡਕਰ ਮਿਸ਼ਨ ਪ੍ਰਤੀ ਆਪਣਾ ਸਾਰਾ ਜੀਵਨ ਅਰਪਿਤ ਕਰਨਗੇ। ਲਹੌਰੀ ਰਾਮ ਬਾਲੀ ਜੀ ਨੇ 6 ਦਸੰਬਰ 1956 ਬਾਬਾ ਸਾਹਿਬ ਦੇ ਪਰੀਨਿਰਵਾਣ ਉਪਰੰਤ ਆਪਣਾ ਬਚਨ ਨਿਭਾਇਆ ਆਪਣੀ ਸਰਕਾਰੀ ਨੌਕਰੀ ਛੱਡ ਕੇ ਉਹਨਾਂ ਨੇ ਡਾ. ਅੰਬੇਡਕਰ ਜੀ ਦੇ ਪ੍ਰੀਨਿਰਵਾਣ ਉਪਰੰਤ ਅੰਬੇਡਕਰ ਮਿਸ਼ਨ ਦੀ ਮਜਬੂਤੀ ਲਈ ਕੰਮ ਕੀਤਾ।**

ਸਡਿਉਲਡ ਕਾਸ਼ਟ ਫੈਡਰੇਸ਼ਨ ਦਾ ਪੁਨਰ ਗਠਨ ਉਹਨਾਂ ਚਰਨ ਦਾਸ ਨਿਧੜਕ ਜੀ ਨਾਲ ਮਿਲ ਕੇ ਕੀਤਾ। 1957 ਦੀਆਂ ਵੋਟਾ ਵੇਲੇ ਬਾਲੀ ਜੀ ਨੇ ਬਾਬਾ ਸਾਹਿਬ ਦੇ ਸਪੁੱਤਰ ਨੂੰ ਨਾਲ ਲੈ ਕੇ ਪੂਰੇ ਪੰਜਾਬ ਦਾ ਦੌਰਾ ਕੀਤਾ। 1963 **ਵਿਚ ਲਹੌਰੀ ਰਾਮ ਬਾਲੀ ਨੇ ਬੁੱਧ ਧਰਮ ਅਪਨਾ ਲਿਆ ਸੀ।**

**ਲਹੌਰੀ ਰਾਮ ਬਾਲੀ ਜੀ ਨੇ 1958 ਵਿਚ ਭੀਮ ਪੱਤ੍ਰਿਕਾ ਸ਼ੁਰੂ ਕੀਤੀ ਜਿਸ ਦਾ ਪਹਿਲਾ ਅੰਕ ਮਈ 1959 ਨੂੰ ਪ੍ਰਕਾਸ਼ਿਤ ਹੋਇਆ ਸੀ।** ਭੀਮ ਪਤ੍ਰਿਕਾ ਪ੍ਰਕਾਸ਼ਨ ਦੁਆਰਾ ਲਾਹੌਰੀ ਰਾਮ ਬਾਲੀ ਜੀ ਨੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੀਆਂ ਅਨੇਕਾਂ

ਪੁਸਤਕਾਂ ਅਤੇ ਭਾਸ਼ਨਾਂ ਦੀਆਂ ਜਿਲਦਾਂ ਨੂੰ ਛਾਪਿਆ। ਲਾਹੌਰੀ ਰਾਮ ਬਾਲੀ ਜੀ ਨੇ ਡਾ. ਅੰਬੇਡਕਰ ਜੀ ਜੀਵਨ ਅਤੇ ਮਿਸ਼ਨ ਲਿਖ ਕੇ ਘਰ-ਘਰ ਸੋਚ ਪਹੁੰਚਾਈ। ਜਿਸ ਦੇ ਅਨੇਕਾਂ ਐਡੀਸ਼ਨ ਛਪ ਚੁੱਕੇ ਹਨ। ਬਾਬਾ ਸਾਹਿਬ ਦੇ ਮਿਸ਼ਨਰੀ ਸਾਹਿਤ ਨੂੰ ਪ੍ਰਕਾਸ਼ਿਤ ਕਰਾਉਣ ਅਤੇ ਲੋਕਾਂ ਤੱਕ ਲਿਜਾਣਾ ਉਹਨਾਂ ਦਾ ਮਕਸਦ ਸੀ।

**ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ ਅੰਬੇਡਕਰ ਕਲਮ ਦਾ ਕਮਾਲ ਭਾਗ 1, 2, ਬੁੱਧ ਧਰਮ, ਹਿੰਦੂ ਧਰਮ ਕਲੰਕ, ਅਤੇ ਰੰਗੀਲਾ ਗਾਂਧੀ ਪ੍ਰਸਿੱਧ ਪੁਸਤਕਾਂ ਦੀ ਗਿਣਤੀ ਹੈ। ਆਪ ਜੀ ਦੀ ਪ੍ਰਸਿੱਧ ਪੁਸਤਕ ਰੰਗੀਲਾ ਗਾਂਧੀ ਅਤੇ ਹਿੰਦੂ ਧਰਮ ਕਲੰਕ ਉੱਪਰ ਪੰਜਾਬ ਅਤੇ ਰਾਜਸਥਾਨ ਵਿਚ ਪਬੰਦੀ ਵੀ ਲੱਗੀ।** ਪਰ ਫਿਰ ਵੀ ਆਪ ਅਡੋਲ ਰਹੇ ਲਾਹੌਰੀ ਰਾਮ ਬਾਲੀ ਜੀ ਨੇ 1964 ਵਿਚ ਅੰਬੇਡਕਰ ਅੰਦੋਲਨ ਵਿੱਚ ਖਾਸ ਭੂਮਿਕਾ ਨਿਭਾਈ ਸੀ। ਰਿਪਬਲਿਕ ਪਾਰਟੀ ਆਫ ਇੰਡੀਆ ਵੱਲੋਂ ਉਹਨਾਂ ਨੇ 1957 ਨੂੰ ਉਸ ਵੇਲੇ ਦੇ ਕੇਂਦਰ ਮੰਤਰੀ ਸਰਦਾਰ ਸਵਰਨ ਸਿੰਘ ਦੇ ਵਿਰੁੱਧ ਚੋਣਾ ਲੜੀਆਂ ਅਤੇ ਜਿੱਤ ਦਰਜ ਕੀਤੀ।

ਉਹ ਅਜੋਕੇ ਸਮੇਂ ਅੰਦਰ 87 ਸਾਲ ਦੇ ਹੋਣ ਦੇ ਬਾਵਜੂਦ ਵੀ ਡਾ. ਅੰਬੇਡਕਰ ਮਿਸ਼ਨ ਨੂੰ ਪ੍ਰਚਾਰ ਰਹੇ ਹਨ। ਉਹਨਾਂ ਦਾ ਡਾ. ਅੰਬੇਡਕਰ ਮਿਸ਼ਨ ਪ੍ਰਤੀ ਅਟੁੱਟ ਵਿਸ਼ਵਾਸ ਅਤੇ ਇਮਾਨਦਾਰੀ ਉਹਨਾਂ ਨੂੰ ਡਾ: ਅੰਬੇਡਕਰ ਸਾਹਿਤ ਸਿਰਜਣਾ ਦਾ ਮਹਾਨ ਲਿਖਾਰੀ ਸਿੱਧ ਕਰਦੀ ਹੈ। ਜਿਨ੍ਹਾਂ ਨੇ ਆਪਣੀ ਕਲਮ ਦੇ ਨਾਲ ਜ਼ਿੰਦਗੀ ਭਰ ਅੰਬੇਡਕਰ ਮਿਸ਼ਨ ਦੀ ਸੇਵਾ ਕੀਤੀ।[9]

## ਸ਼੍ਰੀ ਅਜੀਤ ਕੁਮਾਰ ਕੰਵਲ

ਅਜੀਤ ਕੁਮਾਰ ਕੰਵਲ ਜੀ ਦਾ ਜੀਵਨ ਗੁਰੂ ਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਦੇ ਵਿਚਾਰਾਂ ਨੂੰ ਪ੍ਰਚਾਰਨ ਵਿੱਚ ਸਮਰਪਿਤ ਹੈ। ਆਪ ਜੀ ਦਾ ਜਨਮ 10 ਅਪ੍ਰੈਲ 1933 ਨੂੰ ਬ੍ਰਾਹਮਣੀ ਵਾਲਾ ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਖੇ ਹੋਇਆ ਸੀ 1947 ਵਿੱਚ ਭਾਰਤ-ਪਾਕਿਸਤਾਨ ਦੀ ਹੋਈ ਵੰਡ ਤੋਂ ਬਾਅਦ ਆਪ ਜੀ ਭਾਰਤ ਵਿੱਚ ਆ ਕੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਰਹਿਣ ਲੱਗੇ। ਅਜੀਤ ਕੁਮਾਰ ਕੰਵਲ ਜੀ ਨੇ ਚੰਗੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਜੀਵਨ ਦਾ ਰਾਹ ਲੱਭਿਆ। ਆਪ ਜੀ ਸ਼ੁਰੂ ਤੋਂ ਹੀ ਅੰਬੇਡਕਰੀ ਅੰਦੋਲਨ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਅਜੀਤ ਕੁਮਾਰ ਕੰਵਲ ਜੀ ਜ਼ਿੰਦਗੀ ਦੀ ਬੇਹਤਰੀ ਲਈ ਇੰਗਲੈਂਡ ਗਏ, ਜਿਥੇ ਆਪ ਜੀ ਨੇ ਸਖਤ ਮਿਹਨਤ ਕੀਤੀ, ਮਿਹਨਤ ਦੇ ਨਾਲ ਨਾਲ ਆਪ ਜੀ ਆਪਣੇ ਰਹਿਬਰਾਂ ਦੇ ਮਿਸ਼ਨ ਵਿੱਚ ਵੀ ਹਿੱਸਾ ਲੈਂਦੇ ਰਹੇ। ਅਜੀਤ ਕੁਮਾਰ ਕੰਵਲ ਜੀ ਇੱਕ ਚੰਗੇ ਕਵੀ ਵੀ ਹਨ। **ਆਪ ਜੀ ਨੇ 'ਸਹੁ ਕੀ ਸਾਰ ਸੁਹਾਗਣ ਜਾਣੇ ' ਵਿੱਚ ਬਹੁਤ ਦਿਲ ਖਿਚਵੀਂ ਕਵਿਤਾ ਪੇਸ ਕੀਤੀ ਹੈ ਅਤੇ ਆਪ ਜੀ ਨੇ ਡੇਰਾ ਸੱਚ ਖੰਡ ਬੱਲਾਂ ਦੇ ਗੱਦੀ ਨਸ਼ੀਨ 108 ਸੰਤ ਗਰੀਬ ਦਾਸ ਜੀ ਦੀ ਵਿਦੇਸ਼ ਯਾਤਰਾ ਲਿਖ ਕੇ ਸੰਗਤਾਂ ਦੀ ਝੋਲੀ ਪਾਈ ਉਹ ਪੁਸਤਕ ਨੂੰ ਦੋ-ਭਾਗਾਂ ਵਿੱਚ ਛਾਪਿਆ ਗਿਆ, ਜੋ ਡੇਰਾ ਬੱਲਾਂ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ।** ਸਾਹਿਤ ਸਿਰਜਣਾ ਦਾ ਕੰਮ ਆਪ ਜੀ ਲਗਾਤਾਰ ਕਰ ਰਹੇ ਹਨ।[10]

## ਡਾ. ਮਾਤਾ ਪ੍ਰਸ਼ਾਦ

ਡਾ. ਮਾਤਾ ਪ੍ਰਸ਼ਾਦ ਜੀ ਦਾ ਜਨਮ 11 ਅਕਤੂਬਰ 1925 ਨੂੰ ਪਿਤਾ ਸ਼੍ਰੀ ਜਗਰੂਪ ਰਾਮ ਜੀ ਦੇ ਘਰ ਮਾਤਾ ਰੱਜੀ ਦੇਵੀ ਦੀ ਕੁੱਖੋਂ ਉੱਤਰ ਪ੍ਰਦੇਸ਼ ਦੇ ਮਛਲੀ ਸ਼ਹਿਰ ਦੇ ਕਜਿਆਨਾ ਮੁਹੱਲੇ ਵਿੱਚ ਹੋਇਆ। ਅਗਸਤ 1942 ਨੂੰ ਕਰੋ ਜਾਂ ਮਰੋ ਦੇ ਅੰਦੋਲਨ ਵਿੱਚ ਸ਼ਾਮਿਲ ਹੋਏ ਤੇ ਕਾਂਗਰਸ ਵਿੱਚ ਸ਼ਾਮਿਲ ਹੋ ਗਏ। ਆਪ ਜੀ ਨੇ ਅਨੇਕਾਂ ਰਚਨਾਵਾਂ ਦੀ ਰਚਨਾ ਕੀਤੀ **ਜਿਨ੍ਹਾਂ ਵਿੱਚ 13 ਕਿਤਾਬਾਂ ਲਿਖੀਆਂ ਹਨ, 14 ਨਾਟਕ ਲਿਖੇ ਹਨ ਅਤੇ 5 ਪੁਸਤਕਾਂ ਦਾ ਸੰਪਾਦਨ ਕੀਤਾ ਹੈ।** ਡਾ. ਮਾਤਾ ਪ੍ਰਸ਼ਾਦ ਜੀ 1957-1977 ਤੱਕ ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਮੈਂਬਰ ਰਹੇ,1980-1992 ਤੱਕ ਵਿਧਾਨ ਪਰਿਸ਼ਦ ਉੱਤਰ ਪ੍ਰਦੇਸ਼ ਦੇ ਮੈਂਬਰ ਅਤੇ 21 ਅਕਤੂਬਰ 1993 ਤੋਂ 13 ਮਈ 1999 ਤੱਕ ਅਰੁਨਾਚਲ ਪ੍ਰਦੇਸ਼ ਦੇ ਰਾਜਪਾਲ ਰਹੇ। ਆਪ ਜੀ ਨੇ ਸਾਹਿਤ ਸਿਰਜਣਾ ਵਿੱਚ ਬਹੁਤ ਯੋਗਦਾਨ ਪਾਇਆ।[11]

## ਸ਼ਿਰੀ ਰਾਮ ਅਰਸ਼

ਸਿਰੀ ਰਾਮ ਅਰਸ਼ ਦਾ ਜਨਮ 15 ਦਸੰਬਰ 1934 ਨੂੰ ਲੁਧਿਆਣਾ ਵਿਖੇ ਇੱਕ ਗ਼ਰੀਬ ਪਰਿਵਾਰ ਵਿੱਚ ਪਿਤਾ ਠਾਕਰ ਦਾਸ ਅਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ ਸੀ। ਉਸ ਨੇ ਗੌਰਮਿੰਟ ਕਾਲਜ, ਲੁਧਿਆਣਾ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕਰਕੇ ਐਮ. ਏ. ਦੀ ਡਿਗਰੀ ਦਿੱਲੀ ਯੂਨੀਵਰਸਿਟੀ ਤੋਂ ਹਾਸਲ ਕੀਤੀ ਸੀ। ਕਵਿਤਾ ਦੀ ਚੇਟਕ ਉਸ ਨੂੰ ਕਾਲਜ ਵਿੱਚ ਪੜ੍ਹਦਿਆਂ ਲੱਗੀ ਸੀ ਜਿਹੜੀ ਹੁਣ ਤੀਕਣ ਉਸ ਦਾ ਸਾਥ ਨਿਭਾ ਰਹੀ ਹੈ। ਉਹ ਪਹਿਲਾਂ ਉਰਦੂ ਜ਼ਬਾਨ ਵਿੱਚ ਸੇਅਰਾਂ ਦੀ ਰਚਨਾ ਕਰਦਾ ਹੁੰਦਾ ਸੀ ਜਿਸ ਦੇ ਫਲ ਸਰੂਪ ਉਹ ਕਾਲਜ ਮੈਗਜ਼ੀਨ ‘ਦੀ ਸਤਲੁਜ’ ਦਾ ਜਾਇੰਟ ਐਡੀਟਰ ਥਾਪਿਆ ਗਿਆ ਸੀ। ਦਿੱਲੀ ਵਿਖੇ ਉਹ ਪੰਜਾਬੀ ਦੇ ਸਿਰਮੌਰ ਕਵੀ ਬਾਵਾ ਬਲਵੰਤ ਜੀ ਦੇ ਸੰਪਰਕ ਵਿੱਚ ਆਇਆ ਸੀ ਅਤੇ ਬਾਵਾ ਜੀ ਦੀ ਪ੍ਰੇਰਨਾ ਸਦਕਾ ਉਸ ਨੇ ਉਰਦੂ ਸਾਇਰੀ ਦਾ ਤਿਆਗ ਕਰਕੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਰਚਨਾ ਕਰਨੀ ਆਰੰਭ ਕਰ ਦਿੱਤੀ ਸੀ। ਅਰਸ਼ ਨੇ ਪੰਜਾਬ ਸਰਕਾਰ ਦੇ ਰਸਾਲਿਆਂ ਪਾਸਬਾਨ (ਉਰਦੂ) ਜਾਗ੍ਰਤੀ ( ਪੰਜਾਬੀ ) ਅਤੇ ਐਡਵਾਂਸ ( ਅੰਗਰੇਜ਼ੀ ) ਦੇ ਸੰਪਾਦਕ ਅਤੇ ਪ੍ਰਬੰਧਕੀ ਸੰਪਾਦਕ ਵਜੋਂ ਕੰਮ ਕੀਤਾ ਚੁੱਕਾ ਹੈ। ਮੁੱਖ ਮੰਤਰੀ ਦੇ ਸੂਚਨਾ ਅਫਸਰ ਦੀ ਸੇਵਾ ਨਿਭਾਉਣ ਉਪਰੰਤ ਉਹ ਜ਼ਿਲ੍ਹਾ ਲੋਕ ਸੰਪਰਕ ਅਫਸਰ ਦੇ ਤੌਰ ਤੇ ਕਈ ਜ਼ਿਲ੍ਹਿਆਂ ਵਿੱਚ ਸਫਲਤਾ ਨਾਲ ਡਿਊਟੀ ਨਿਭਾਉਂਦਾ ਰਿਹਾ। ਡਿਪਟੀ ਡਾਇਰੈਕਟਰ ਤੋਂ ਬਾਅਦ ਜਾਇੰਟ ਡਾਇਰੈਕਟਰ ਦੀ ਅਸਾਮੀ ਉੱਪਰ ਤਰੱਕੀ ਪਾਈ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਲੋਕ ਸੰਪਰਕ ਵਿਭਾਗ ਵਿੱਚ ਡਾਇਰੈਕਟਰ, ਲੋਕ ਸੰਪਰਕ ਵਿਭਾਗ ਵਜੋਂ ਡਿਊਟੀ ਨਿਭਾਈ ਸੀ। ਅਰਸ਼ ਨੇ ਹੁਣ ਤੱਕ ਹੇਠਾਂ ਦਰਜ ਪੁਸਤਕਾਂ ਦੀ ਰਚਨਾ ਕੀਤੀ ਹੈ। ਅਰਸ਼ ਦੀ ਪਹਿਲੀ ਪੁਸਤਕ ਅਗਨਾਰ 1975 ਵਿੱਚ ਛਪੀ ਸੀ ਉਸ ਤੋਂ ਬਾਆਦ ਉਹ ਨਿਰੰਤਰ ਲਿਖ ਰਹੇ ਹਨ ਰਬਾਬ,ਪੁਰਸਲਾਤ,ਸੰਖਤੇ ਸਿੱਪੀਆ,,ਸ਼ਪਰਸ਼,ਸਰਘੀਆਂ ਤੇ ਸਮੁੰਦਰ, ਗਜਲ ਸਮੁੰਦਰ, ਸੰਦਲੀ ਪੋਣ, ਕਿਰਨਾ ਦੀ ਬੁਕਲ, ਅਲੋਕਾਂਰੀ ਸ਼ਕਤੀ, ਗੁਰੂ ਰਵਿਦਾਸ ਜੀਵਨੀ, ਅੰਗਮੀ ਨੂਰ(ਮਹਾਕਾਵਿ) ਪੰਥ ਸਜਾਇਓ ਖਾਲਸਾ, ਸਮੁੰਦਰ ਸੰਜਮ, ਤੁਮ ਚੰਦਨ(ਮਹਾਕਾਵਿ), ਗੁਰੂ ਮਿਲਿਓ ਰਵਿਦਾਸ, ਸਗਲ ਭਵਨ ਦੇ ਨਾਇਕਾ, ਅਦੁੱਤੀ ਆਦਿ ਕਾਵਿ ਕਵੀ ਜੀਵਨੀ, ਤਨ ਤਪਨ ਤੰਦੂਰੀ, ਹਰਫਾਂ ਦੀ ਸੰਵੇਦਨਾ, ਅੰਮ੍ਰਿਤਬਾਣੀ ਅੰਗ੍ਰੇਜੀ ਅਨੁਵਾਦ, ਫਰਜ਼ ਗਜਲ ਸੰਗ੍ਰਹਿ, ਸ਼ਕਤੀ ਦਾ ਸੰਕਲਪ ਤੇ ਹੋਰ ਲੇਖ ਸੰਪਾਦਿੱਤ, ਮੈ

ਕਪਾਹਤੇ ਚਾਨਣੀ, ਆਦਿ ਹੋਰ ਪੁਸਤਕਾਂ ਸਮਾਜ ਦੀ ਝੋਲੀ ਪਾ ਚੁੱਕੇ ਨੇ।ਆਪ ਜੀ ਦਾ ਅਨੇਕਾ ਸੰਸਥਾਂਵਾ ਵਲੋ ਸਨਮਾਨ ਵੀ ਹੋਇਆ ਹੈ। ਤੁਮ ਚੰਦਨ ਲਿਖਣ ਉੱਪਰੰਤ ਸ਼੍ਰੀ ਗੁਰੂ ਰਵਿਦਾਸ ਜਨਮ ਭੁਮੀ ਉਤੇ ਉਨਾ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ । ਸ਼੍ਰੀ ਰਾਮ ਅਰਸ਼ ਜੀ ਦਾ ਅੱਜ ਵੀ ਨਿਰੰਤਰ ਲਿਖਣ ਦਾ ਸਫਰ ਜਾਰੀ ਹੈ ।[12]

## ਸ਼੍ਰੀ ਬੀ .ਆਰ .ਸਾਂਪਲਾ

**ਪੰਜ ਦਰਜਨ ਦੇ ਕਰੀਬ ਪੁਸਤਕਾਂ ਲਿਖ ਚੁੱਕੇ ਅੰਬੇਡਕਰੀ ਮਿਸ਼ਨ ਦੇ ਮਹਾਨ ਲਿਖਾਰੀ ਸ਼੍ਰੀ ਭਗਤ ਰਾਮ ਸਾਂਪਲਾ ਜੀ ਕਿਸੇ ਜਾਣ ਪਛਾਣ ਦੇ ਮੁਥਾਜ਼ ਨਹੀਂ ਹਨ।** ਉਹਨਾਂ ਦਾ ਜਨਮ 4 ਦਸੰਬਰ 1937 ਨੂੰ ਨਾਨਕੇ ਪਿੰਡ ਜਗਪਾਲਪੁਰ ਕਪੂਰਥਲਾ ਵਿੱਚ ਹੋਇਆ। ਆਪ ਜੀ ਦੇ ਮਾਤਾ ਜੀ ਦਾ ਨਾਮ ਬਿਸ਼ਨੀ ਜੀ ਅਤੇ ਪਿਤਾ ਜੀ ਦਾ ਨਾਮ ਸ਼੍ਰੀ ਚਾਨਣ ਰਾਮ ਸਾਂਪਲਾ ਸੀ ਆਪ ਜੀ ਦਾ ਪਰਿਵਾਰ ਜਲੰਧਰ ਸੋਫੀ ਪਿੰਡ ਹੈ।

ਆਪ ਜੀ ਦਾ ਪਰਿਵਾਰ ਇੱਕ ਅਤੀ ਸਧਾਰਨ ਪਰਿਵਾਰ ਸੀ ਅਤੇ ਅੰਬੇਡਕਰ ਮਿਸ਼ਨ ਦਾ ਪੈਰੋਕਾਰ ਸੀ ।ਸ਼੍ਰੀ ਭਗਤ ਰਾਮ ਸਾਂਪਲਾ ਜੀ ਨੂੰ ਅੰਬੇਡਕਰ ਮਿਸ਼ਨ ਦੀ ਚੇਟਕ ਬਚਪਨ ਤੋਂ ਹੀ ਲੱਗ ਗਈ ਸੀ ਪਰਿਵਾਰ ਮਹਾਨ ਪਰਉਪਕਾਰੀ ਸੰਤ ਬ੍ਰਹਮ ਦਾਸ ਜੀ ਦੇ ਸ਼ਰਧਾਲੂ ਸੀ ।ਆਪ ਜੀ ਨੇ ਅੰਬੇਡਕਰ ਮਿਸ਼ਨ ਵਿੱਚ ਖਾਸ ਭੂਮਿਕਾ ਨਿਭਾਈ ਅਤੇ ਅੱਜ ਵੀ ਨਿਭਾ ਰਹੇ ਹਨ। ਬਚਪਨ ਤੋਂ ਹੀ ਮਿਸ਼ਨਰੀ ਪਰਿਵਾਰ ਹੋਣ ਕਰਕੇ ਆਪ ਰਿਪਬਲਿਕ ਪਾਰਟੀ ਵਿੱਚ ਅਹਿਮ ਯੋਗਦਾਨ ਪਾਉਂਦੇ ਅਤੇ ਪ੍ਰਚਾਰ ਕਰਦੇ ਰਹੇ। ਆਪ ਜੀ ਨੇ ਬਾਬਾ ਸਾਹਿਬ ਜੀ ਦੇ ਪੰਜਾਬ ਆਉਣ ਉੱਪਰ ਆਪ ਜੀ ਨੇ ਉਹਨਾਂ ਦੇ ਦਰਸ਼ਨ ਕੀਤੇ।

ਜਦੋਂ 17 ਜੂਨ 1958 ਨੂੰ ਪਿੰਡ ਚੱਕ ਹਕੀਮ ਵਿਖੇ ਬੁੱਧ ਧਰਮ ਦੀ ਦੀਖਸ਼ਾ ਦਾ ਸਮਾਰੋਹ ਹੋਇਆ ਤਾਂ ਆਪ ਜੀ ਦੇ ਪਰਿਵਾਰ ਦਾ ਇਸ ਨੂੰ ਸਫਲ ਬਣਾਉਣ ਵਿੱਚ ਵੱਡਾ ਯੋਗਦਾਨ ਸੀ। ਆਪ ਜੀ ਨੇ ਅੰਬੇਡਕਰੀ ਮਿਸ਼ਨ ਉਪਰ ਬਹੁਤ ਸਾਰਾ ਸਾਹਿਤ ਲਿਖਿਆ ਹੀ ਨਹੀਂ ਸਗੋਂ ਛਾਪ ਕੇ ਸਮਾਜ ਵਿੱਚ ਵੰਡਿਆ ਵੀ ਹੈ ।[13]

## ਪ੍ਰੋ ਲਾਲ ਸਿੰਘ

ਪ੍ਰੋ ਲਾਲ ਸਿੰਘ ਜੀ ਦਾ ਸਮਾਜ ਵਿੱਚ ਬਹੁਤ ਹੀ ਵਿਸ਼ੇਸ਼ ਨਾਮ ਹੈ ਜਿਨ੍ਹਾਂ ਨੇ ਇੱਕ ਨਹੀਂ ਅਨੇਕਾਂ ਪੁਸਤਕਾਂ ਲਿਖ ਕੇ ਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਆਪ ਜੀ ਦਾ ਜਨਮ 5 ਜਨਵਰੀ 1940 ਨੂੰ ਮਾਤਾ ਸ਼੍ਰੀਮਤੀ ਹਰਨਾਮ ਕੌਰ ਜੀ ਦੀ ਕੁੱਖੋਂ ਪਿਤਾ ਸ਼੍ਰੀ ਸ਼ਾਮ ਸਿੰਘ ਜੀ ਦੇ ਘਰ ਪਿੰਡ ਸ਼ੇਰਵਾਨੀ ਕੋਟ ਤਹਿਸੀਲ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ ਵਿੱਚ ਹੋਇਆ। ਆਪ ਜੀ ਨੇ ਚੰਗੀ ਪੜ੍ਹਾਈ ਕੀਤੀ ਅਤੇ 1959 ਵਿੱਚ ਫੀਲਡਮੈਨ ਇੰਨਵੈਸਟੀਗੇਟਰ ਦੀ ਸਰਕਾਰੀ ਨੋਕਰੀ ਨਿਰਵਾਣਾ ਦੇ ਲਾਗੇ ਉਜਾਣਾ ਵਿਖੇ ਹਰਿਆਣਾ ਵਿਖੇ ਮਿਲ ਗਈ। ਲਾਲ ਸਿੰਘ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਸ਼ੰਘਰਸ ਕੀਤਾ। 1971 ਵਿੱਚ ਉਸ ਨੂੰ ਗੋਰਮਿੰਟ ਕਾਲਜ ਨਾਭਾ ਵਿਖੇ ਪੱਕੀ ਸਰਕਾਰੀ ਪ੍ਰੋਫੈਸਰ ਦੀ ਨੌਕਰੀ ਮਿਲ ਗਈ। 1998 ਵਿੱਚ ਉਨ੍ਹਾਂ ਨੂੰ ਰਿਟਾਇਰਮੈਂਟ ਮਿਲੀ। ਪ੍ਰੋ ਲਾਲ ਸਿੰਘ ਨੇ M.A, L.L.B ਕਰਨ ਉਪੰਰਤ ਗੁਰੂ ਰਵਿਦਾਸ ਜੀ ਦੀ ਬਾਣੀ ਉੱਪਰ ਪੀ.ਐਚ.ਡੀ ਕਰਨ ਦਾ ਮਨ ਬਣਾਇਆ ਅਤੇ **"ਗੁਰੂ ਰਵਿਦਾਸ ਜੀ ਬਾਣੀ ਵਿੱਚ ਮੂਲਤੰਤਰ" ਵਿਸ਼ੇ ਉੱਪਰ ਪੀ.ਐਚ.ਡੀ ਦਾ ਨਿਬੰਧ ਲਿਖਿਆ। ਜਿਸ ਨੂੰ ਜਾਤੀ ਮਾਨਸਿਕਤਾ ਵਾਲੇ ਹੈੱਡ ਨੇ ਨਹੀਂ ਕਬੂਲਿਆ ਆਪ ਜੀ ਦੀ**

ਪਹਲੀ ਪੁਸਤਕ 1995 ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਤੇ ਉਹਨਾਂ ਦਾ ਗੁਰੂ ਅਤੇ ਉਹਨਾਂ ਦੀ ਗੁਰੂ ਗ੍ਰੰਥ ਵਿੱਚ ਬਾਣੀ ਜੋ ਡੇਰਾ ਸੱਚ ਖੰਡ ਬੱਲਾਂ ਨੇ ਰਿਲੀਜ਼ ਕੀਤੀ। ਸਟੀਕ 'ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਡੇਰਾ ਸੱਚ ਖੰਡ ਫੂਲ ਨਾਥ ਚਿਹੇੜੂ ਵਲੋਂ ਰਿਲੀਜ਼ ਕੀਤੀ।

ਇਹਨਾਂ ਦੇ ਕਈ ਐਡੀਸ਼ਨ ਛਪ ਚੁੱਕੇ ਹਨ। ਅਣ ਛੱਪੀਆ ਪੁਸਤਕਾਂ ਵਿੱਚ 'ਮੂਲਮੰਤਰ ਅਨੁਸਾਰ ਆਦਿ ਧਰਮ ਬਨਾਮ ਵਿਸ਼ਵ ਧਰਮ ਦੇ ਸਿਰਜਕ ਗੁਰੂ ਰਵਿਦਾਸ' ,'ਵਿਸ਼ਵ ਸੰਵਿਧਾਨ ਦੇ ਸਿਰਜਕ ਗੁਰੂ ਰਵਿਦਾਸ ਜੀ' ਅਤੇ ਇੱਕ ਅੰਗ੍ਰਜੀ ਪੁਸਤਕ 'ਹੂੰ ਇਜ਼ ਸਿੱਖ' ਜੋ ਆਰਥਿਕ ਕਾਰਨਾ ਕਰਕੇ ਨਹੀਂ ਛਪ ਸਕੀਆ ।[14]

## ਸ਼੍ਰੀ ਕੁੰਦਨ ਲਾਲ ਬੱਧਣ (ਬੁਧਿਸਟ)

ਬਹੁਤ ਹੀ ਸਤਿਕਾਰਯੋਗ ਸ਼੍ਰੀ ਕੁੰਦਨ ਲਾਲ ਬੱਧਨ ਜੀ ਇੱਕ ਖੋਜ ਕਾਰੀ ਅਤੇ ਵਿਦਵਾਨ ਰੁਚੀ ਦੇ ਮਾਲਕ ਹਨ ਜਿਨਾਂ ਦਾ ਜਨਮ 8-5-1942 ਨੂੰ ਪਿਤਾ ਸ਼੍ਰੀ ਚਰਨ ਦਾਸ ਜੀ ਦੇ ਘਰ ਮਾਤਾ ਸ਼੍ਰੀ ਕਰਮੀ ਜੀ ਦੀ ਕੁੱਖੋਂ ਪਿੰਡ ਮਾਣਕ ਢੇਰੀ (ਹੁਸ਼ਿਆਰਪੁਰ) ਵਿਖੇ ਹੋਇਆ ਆਪ ਜੀ ਨੇ 1966 ਵਿੱਚ ਬੀ.ਏ ਪਾਸ ਕੀਤੀ ਇਨਕਮਟੈਕਸ ਵਿਭਾਗ ਵਿੱਚ ਆਪ ਜੀ ਨੇ ਸਰਵਿਸ ਕੀਤੀ ਆਪ ਜੀ ਨੂੰ ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸੀ ।

ਆਪ ਜੀ ਦੇ ਘਰ ਇੱਕ ਵਿਸ਼ਾਲ ਲਾਇਬ੍ਰੇਰੀ ਨੂੰ ਵੇਖ ਕੇ ਇਹ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਆਪ ਦੀ ਸਾਹਿਤ ਅਧਿਐਨ ਪ੍ਰਤੀ ਰੁਚੀ ਕਿੰਨੀ ਬਲਵਾਨ ਹੈ ਆਪ ਜੀ ਨੂੰ ਕਿਤਾਬਾਂ ਪੜਨ ਦਾ ਬਹੁਤ ਸ਼ੋਕ ਹੈ। ਅੱਜ ਤੱਕ ਆਪ ਜੀ ਨੇ ਅਨੇਕਾਂ ਪੁਸਤਕਾਂ ਲਿਖੀਆਂ ਹਨ ਜਿਹਨਾਂ ਵਿੱਚ ਆਪ ਜੀ ਦਾ ਖਾਸ ਚਿੰਤਨ ਝਲਕਦਾ ਹੈ ਆਪ ਜੀ ਭਗਵਾਨ ਬੁੱਧ, ਸਤਿਗੁਰੂ ਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾਂ ਤੋਂ ਬਹੁਤ ਪ੍ਰਭਾਵਿਤ ਹਨ। ਬਾਬਾ ਸਾਹਿਬ ਜੀ ਦੀਆਂ ਸਾਰੀਆਂ ਲਿਖਤਾਂ ਆਪ ਜੀ ਦੀ ਲਇਬ੍ਰੇਰੀ ਵਿੱਚ ਮੌਜੂਦ ਹਨ ।

ਆਪ ਜੀ ਬਾਬਾ ਸਾਹਿਬ ਜੀ ਦੇ ਪ੍ਰਭਾਵ ਵਿੱਚ ਆ ਕੇ ਸਾਹਿਤ ਸਿਰਜਣਾ ਦਾ ਕੰਮ ਜਾਰੀ ਰੱਖਿਆ ਹੈ ਆਪ ਜੀ ਦੀਆਂ ਅੱਜ ਆਖਾ ਵਾਰਿਸ਼ ਸ਼ਾਹ ਨੂੰ, ਬਨਾਮ ਖਾੜੀ ਯੁੱਧ , ਕ੍ਰਾਂਤੀ ਕਾਰੀ ਸੰਤ ਨਾਮ ਦੇਵ ਜੀ, ਕ੍ਰਾਂਤੀ ਕਾਰੀ ਗੁਰੂ ਰਵਿਦਾਸ ਜੀ ,ਫਰੀਦ ਦਰਪਣ, ਅਤੇ 'ਮਹਾਨ ਕ੍ਰਾਂਤੀਕਾਰੀ ਕਬੀਰ ਜੀ' ਭਾਗ 1,2,3 ਪ੍ਰਕਾਸ਼ਿਤ ਕਰਵਾ ਕੇ ਸਾਹਿਤ ਵਿੱਚ ਆਪਣਾ ਨਾਮ ਦਰਜ ਕੀਤਾ ।ਅਤੇ ਆਪ ਜੀ ਦੇ 'ਮਹਾਨ ਕ੍ਰਾਂਤੀਕਾਰੀ ਕਬੀਰ ਜੀ ਭਾਗ' 4,5,6 ਛਪਾਈ ਅਧੀਨ ਹਨ ਆਪ ਜੀ ਦੀਆਂ ਕਿਤਾਬਾ ਦਾ ਵਿਸ਼ਾਲ ਘੇਰਾ ਵੇਖ ਕੇ ਵੱਡੇ ਵੱਡੇ ਵਿਦਵਾਨ ਵੀ ਦੰਗ ਰਹਿ ਜਾਂਦੇ ਹਨ ।[15]

## ਸ਼੍ਰੀ ਲਾਲ ਸਿੰਘ ਦਿਲ

ਲਾਲ ਸਿੰਘ ਦਿਲ ਪੰਜਾਬੀ ਦਾ ਇਕ ਅਜਿਹਾ ਕਵੀ ਹੋਇਆ ਜਿਸ ਨੇ ਜ਼ਬਰ-ਜ਼ੁਲਮ ਵਿਰੁੱਧ ਆਪਣੀ ਅਵਾਜ ਬੁਲੰਦ ਕੀਤੀ। ਉਸ ਦਾ ਜਨਮ 11 ਅਪ੍ਰੈਲ 1943 ਨੂੰ ਅੰਗਰੇਜ਼ਾ ਦੇ ਗੁਲਾਮ ਭਾਰਤ ਵਿਚ ਆਪਣੇ ਨਾਨਕੇ ਪਿੰਡ ਘੁੰਗਰਾਲੀ ਵਿਚ ਹੋਇਆ ਜੋ ਲੁਧਿਆਣਾ ਪੰਜਾਬ ਵਿਚ ਪੈਂਦਾ ਹੈ। ਉਸਦਾ ਬਚਪਨ ਗਰੀਬੀ ਵਿਚ ਗੁਜਰਿਆ ਉਸ ਦੇ ਪਿਤਾ ਦਾ ਨਾਮ ਰੋਣਕੀ ਰਾਮ ਅਤੇ ਮਾਤਾ ਜੀ ਦਾ ਨਾਮ ਚਿੰਤੀ ਸੀ। ਲਾਲ ਸਿੰਘ ਦਿਲ ਪੜ੍ਹਦੇ ਸਮੇਂ ਡੱਗੀ ਅਤੇ ਦਿਹਾੜੀ ਵੀ ਕਰਦੇ ਸੀ। ਆਪਣੇ ਬਚਪਨ ਬਾਰੇ ਲਾਲ ਸਿੰਘ ਦਿਲ ਲਿਖਦਾ ਹੈ ਕਿ ਉਸ ਦਾ ਬਾਬਾ ਜੱਟਾਂ

ਦੇ ਸੀਰੀ ਸੀ ਜੋ ਕਦੇ-ਕਦੇ ਮੈਨੂੰ ਵੀ ਲੈ ਜਾਂਦਾ ਸੀ।

ਉਸ ਨੇ ਬੇਸ਼ਕ ਅੰਗਰੇਜ਼ਾਂ ਦੀ ਹਕੂਮਤ ਵਾਲੇ ਭਾਰਤ ਵਿਚ ਜਨਮ ਲਿਆ ਸੀ। ਉਹ ਹਜ਼ਾਰਾਂ ਵਰ੍ਹਿਆਂ ਤੋਂ ਬ੍ਰਾਹਮਣ ਦੇ ਗੁਲਾਮ ਭਾਰਤ ਅਤੇ ਵਿਦੇਸ਼ੀ ਆਰੀਆ ਦੇ ਮੁਕਤੀ ਲਈ ਜੂਝਦਾ ਸ਼ਾਇਰ ਸੀ। ਉਸ ਨੇ ਪੰਜਾਬੀ ਕਵਿਤਾ ਦਾ ਇਕ ਅੱਲਗ ਮੁਕਾਮ ਹਾਸਿਲ ਕੀਤਾ। ਉਸ ਨੇ ਖੇਤ ਵਿਚ ਮਜਦੂਰੀ ਤੋਂ ਲੈ ਕਿ ਚਾਹ ਦੀ ਦੁਕਾਨ ਤੱਕ ਦੀ ਮਿਹਨਤ ਕੀਤੀ। ਉਸਨੇ ਆਪਣੀ ਜ਼ਿੰਦਗੀ ਵਿਚ ਬਹੁਤ ਕੌੜੇ ਤਜ਼ਰਬੇ ਹਾਸਿਲ ਕੀਤੇ ਸਨ। ਉਹ ਆਪਣੇ ਸਮੇਂ ਵਿਚ ਨਕਸਲਵਾਦੀ ਲਹਿਰ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ।

**ਉਸ ਨੇ ਆਪਣੀ ਜ਼ਿੰਦਗੀ ਵਿਚ ਸੱਚ ਨੂੰ ਪੇਸ਼ ਕਰਦੀ ਕਵਿਤਾ ਦੀ ਰਚਨਾ ਕੀਤੀ ਉਹ ਨਿਵੇਕਲਾ ਸ਼ਾਇਰ ਸੀ** ਉਸ ਨੇ ਅਪਣੇ ਜੀਵਨ ਵਿਚ ਬਹੁਤ ਸੰਘਰਸ਼ ਕੀਤਾ ਅਨੇਕਾਂ ਸੱਟਾਂ ਖਾਦੀਆਂ ਅਨੇਕਾਂ ਮੁਸਬੀਤਾਂ ਨੂੰ ਝੱਲੀਆ, ਸਮਾਜ ਵਿਚ ਚੇਤਨਾ ਪੈਦਾ ਕਰਨ ਲਈ ਉਹ ਨਿਰੰਤਰ ਚੱਲਿਆ ਕਦੇ ਨਹੀ ਰੁਕਿਆ। ਉਸ ਸਤਲੁਜ ਦੀ ਹਵਾ, ਬਹੁਤ ਸਾਰੇ ਸੂਰਜ, ਸੱਬਰ, ਨਾਗਲੋਕ, ਆਤਮ ਕਥਾ, ਦਾਸਤਾਨ ਵਰਗੀਆਂ ਪ੍ਰਸਿੱਧ ਕਿਤਾਬਾਂ ਦੁਆਰਾ ਸਾਹਿਤ ਦੀ ਵਿਰਾਸਤ ਨੂੰ ਆਮੀਰ ਕੀਤਾ । ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਿਤ ਕਰਦੀਆਂ ਹਨ। ਉਹ 14 ਅਗਸਤ 2007 ਨੂੰ ਸਦਾ ਲਈ ਇਸ ਸੰਸਾਰ ਤੋਂ ਰਵਾਨਾ ਹੋ ਗਏ।[16]

## ਸ੍ਰੀ ਚੰਨ ਗੁਰਾਇਆ ਵਾਲਾ

ਚੰਨ ਗੁਰਾਇਆ ਵਾਲੇ ਦਾ ਨਾਮ ਫਿਲਮੀ ਅਤੇ ਗੀਤਕਾਰੀ ਵਿੱਚ ਕਿਸੇ ਵਿਸ਼ੇਸ਼ ਜਾਣ ਪਛਾਣ ਦਾ ਮੁਥਾਜ਼ ਨਹੀਂ ਹੈ ।ਜਿਸ ਦੀ ਗੀਤਕਾਰੀ ਨੇ ਇੱਕ ਮੀਲ ਪੱਥਰ ਸਥਾਪਿਤ ਕੀਤਾ । ਉਨ੍ਹਾਂ ਦਾ ਜਨਮ 17 ਅਪ੍ਰੈਲ 1945 ਨੂੰ ਪਿੰਡ ਢੰਡੇ ਜ਼ਿਲ੍ਹਾਂ ਜਲੰਧਰ ਵਿੱਚ ਪਿਤਾ ਸੇਠ ਲੱਭੂ ਰਾਮ ਅਤੇ ਮਾਤਾ ਜੀ ਧੰਤ ਦੇਵੀ ਦੀ ਕੁੱਖੋਂ ਹੋਇਆ। ਚੰਨ ਜੀ ਨੂੰ ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸੀ ।ਆਪ ਜੀ ਨੇ ਜਨਾਬ ਨਿਰੰਜਣ ਸਿੰਘ ਪੰਛੀ ਸਨਿਆਸੀ ਦਵਾਖਾਨਾ ਵਾਲਿਆਂ ਨੂੰ ਆਪਣਾ ਉਸਤਾਦ ਧਾਰਿਆ ਇਥੇ ਆਪ ਜੀ ਨੇ 11 ਸਾਲ ਦੀ ਸਿੱਖਿਆ ਪ੍ਰਾਪਤ ਕੀਤੀ।

**ਇਸ ਸਮੇਂ ਦੌਰਾਣ ਹੀ ਆਪ ਜੀ ਨੇ ਲੋਕ ਕਵੀ ਗੁਰਦਾਸ ਰਾਮ ਆਲਮ ਜੀ, ਪ੍ਰਸਿੱਧ ਕਵੀ ਨੰਦ ਲਾਲ ਨੂਰ ਪੁਰੀ ਜੀ ,ਚਰਨ ਸਿੰਘ ਸਫਰੀ ਜੀ, ਦੀਪਕ ਜੈਤੋਈ ਜੀ ਤੇ ਹੋਰ ਬਹੁਤ ਸਾਰੇ ਕਵੀਆ ਦੀ ਸੰਗਤ ਕੀਤੀ ਸੀ** । ਆਪ ਜੀ ਗੀਤਕਾਰੀ ਵਿੱਚ ਬਹੁਤ ਸੰਘਰਸ਼ ਕੀਤਾ। ਚੰਨ ਗੁਰਾਇਆ ਵਾਲਾ ਜੀ ਨੇ ਗੁਰੂ ਰਵਿਦਾਸ ਜੀ ਦੇ ਗੀਤ ਬਹੁ-ਗਿਣਤੀ 'ਚ ਲਿਖੇ ਅਤੇ ਨਾਮਵਾਰ ਗਾਇਕਾਂ ਤੋਂ ਰਿਕਾਰਡ ਵੀ ਕਰਵਾਏ। **ਆਪ ਜੀ ਦੀ ਪਹਿਲੀ ਟੇਪ ਏਕਤਾ ਦਾ ਪੁਜਾਰੀ ਗੁਰੂ ਰਵਿਦਾਸ ਜੀ ਨਰਿੰਦਰ ਬੀਬਾ ਨੇ ਆਪਣੀ ਆਵਾਜ ਵਿੱਚ ਗਾ ਕੇ ਇੱਕ ਇਤਿਹਾਸਕ ਮੀਲ ਪੱਥਰ ਸਥਾਪਿਤ ਕੀਤਾ ਅਤੇ ਨਵੇਂ ਅਧਿਆਇ ਦਾ ਅਰੰਭ ਕੀਤਾ।** ਚੰਨ ਗੁਰਾਇਆ ਵਾਲੇ ਨੂੰ ਗੁਰੂ ਰਵਿਦਾਸ ਜੀ ਨੂੰ 'ਗੁਰੂ' ਕਹਿ ਕੇ ਗੀਤ ਲਿਖਣ ਕਰਕੇ ਕਾਫੀ ਵਿਰੋਧ ਝੱਲਣਾ ਪਿਆ, ਕਿਉਂਕਿ ਕਿ ਲੋਕਾਂ ਦੀ ਮਾਨਸਿਕਤਾ ਬ੍ਰਾਹਮਣਵਾਦੀ ਸੀ । ਸ਼ਿਰੋਮਣੀ ਕਮੇਟੀ ਨੇ ਵੀ ਸੁਆਲ ਜੁਆਬ ਕੀਤੇ ਸਨ ।

ਚੰਨ ਗੁਰਾਇਆ ਵਾਲਾ ਜੀ ਨੇ ਪੰਜਾਬੀ ਫਿਲਮ ਵਿੱਚ ਵੀ ਆਪਣਾ ਮਾਰਕਾ ਮਾਰਿਆ ਹੈ ਅਤੇ ਕਈ ਸਫਲ ਫਿਲਮਾਂ ਵੀ ਬਣਾਈਆ ਹਨ। ਚੰਨ ਦਾ ਸਫਰ ਲਗਾਤਾਰ ਜਾਰੀ ਹੈ। ਉਸਦੇ 2000 ਤੋਂ ਵੱਧ ਗੀਤ ਰਿਕਾਰਡ ਹੋਏ ਹਨ। 22 ਤੋਂ ਵੱਧ ਧਾਰਮਿਕ ਕੈਸਿਟ, ਕਈ ਕਿਤਾਬਾਂ ਤੇ ਪੰਜਾਬੀ ਫਿਲਮਾਂ ਦਾ ਰਿਕਾਰਡ ਵੇਖਦਿਆ ਪੰਜਾਬ ਸਰਕਾਰ ਨੇ ਉਹਨਾਂ ਨੂੰ ਰਾਜ ਗੀਤਕਾਰ

ਵਜੋਂ ਸਨਮਾਨਿਤ ਵੀ ਕੀਤਾ ਹੈ ।ਉਸ ਨੂੰ ਅਨੇਕਾਂ ਗੋਲਡ ਮੈਂਡਲ ਵੀ ਮਿਲ ਚੁੱਕੇ ਹਨ।[17]

## ਸ਼੍ਰੀ ਸੋਹਣ ਸਹਿਜਲ

ਮਿਸ਼ਨਰੀ ਸਾਹਿਤ ਵਿਚ ਸ਼੍ਰੀ ਸੋਹਣ ਸਹਿਜਲ ਜੀ ਇੱਕ ਚਰਚਿੱਤ ਨਾਮ ਹੈ ਜੋ ਆਪਣੇ ਕਾਲਜ਼ ਦੇ ਦਿਨਾਂ ਤੋਂ ਹੀ ਲਿਖਣ ਦਾ ਕਾਰਜ ਕਰਦੇ ਆ ਰਹੇ ਹਨ । ਉਹਨਾਂ ਦੇ ਲਿਖਣ ਦਾ ਸ਼ੌਕ ਇਸ ਤਰ੍ਹਾਂ ਦਾ ਸਾਬਿਤ ਹੋਇਆ ਕਿ **ਉਹ ਮਿਸ਼ਨਰੀ ਸਾਹਿਤ ਦੀ ਝੌਲੀ ਵਿੱਚ 30 ਤੋਂ ਵੱਧ ਪੁਸਤਕਾਂ ਪਾ ਚੁੱਕੇ ਹਨ ਜਿਨ੍ਹਾਂ ਦੇ ਕਈ ਕਈ ਐਡੀਸ਼ਨ ਛਪ ਚੁੱਕੇ ਹਨ** । ਉਹਨਾਂ ਨੇ 1970 ਵਿੱਚ ਸ਼ੁਰੂ ਹੋਏ ਸਪਤਾਹਿਕ ਰਵਿਦਾਸ ਪੱਤ੍ਰਿਕਾ ਨਾਲ ਜੁੜੇ ਅਤੇ ਉਪ੍ਰੰਤ ਜਨਤਕ ਲਹਿਰ ਵਿੱਚ ਖੂਬ ਲਿਖਿਆ ਜਨਤਕ ਲਹਿਰ ਦੇ ਸੰਪਾਦਕ ਵੀ ਰਹੇ।ਅੱਜ ਕੱਲ ਵਿਗਿਆਨਕ ਸੋਚ ਦੇ ਸੰਪਾਦਕ ਹਨ, ਹੋਰ ਅਨੇਕਾਂ ਰੋਜ਼ਾਨਾਂ ਅਤੇ ਕਈ ਸਪਤਾਹਿਕ ਅਖਵਾਰਾ ਵਿੱਚ ਲਗਾਤਾਰ ਛਪਦੇ ਰਹਿੰਦੇ ਹਨ।

**ਬਾਬਾ ਸਾਹਿਬ ਅੰਬੇਡਕਰ ਉੱਪਰ ਲਿਖੀ ਉਹਨਾਂ ਦੀ ਪੁਸਤਕ 2016 ਵਿੱਚ 30000 ਦੀ ਗਿਣਤੀ ਵਿੱਚ ਪੰਜਾਬੀ ਅਤੇ ਹਿੰਦੀ ਵਿੱਚ 5000 ਦੀ ਗਿਣਤੀ ਵਿੱਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਦੀ ਪ੍ਰਤੀਯੋਗਤਾਂ ਵਿੱਚ 32000 ਤੋਂ ਵੱਧ ਨੇ ਹਿੱਸਾ ਲਿਆ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ ਜੋ ਸ਼੍ਰੀ ਸੋਹਣ ਸਹਿਜਲ ਜੀ ਨੂੰ ਹੀ ਪ੍ਰਾਪਤ ਹੋਇਆ ਹੈ।**

ਸੋਹਣ ਸਹਿਜਲ ਜੀ ਦਾ ਜਨਮ 17 ਮਈ 1949 ਨੂੰ ਪਿੰਡ ਕੁਲਥਮ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਮਾਤਾ ਸ਼੍ਰੀਮਤੀ ਠਾਕਰੀ ਜੀ ਦੀ ਕੁੱਖੋਂ ਪਿਤਾ ਸ਼੍ਰੀ ਧਰਮ ਚੰਦ ਜੀ ਦੇ ਘਰ ਹੋਇਆ ਆਪ ਜੀ ਨੇ ਬੀ.ਏ , ਬੀ.ਐੱਡ ਦੀ ਪੜ੍ਹਾਈ ਰਾਮਗੜੀਆ ਕਾਲਜ਼ ਫਗਵਾੜਾ ਤੋਂ ਪ੍ਰਾਪਤ ਕੀਤੀ। ਐਮ.ਏ.ਅੰਗ੍ਰੇਜੀ ਦੋਆਬਾ ਕਾਲਜ ਜਲੰਧਰ ਤੋਂ 1973 ਵਿੱਚ ਕੀਤੀ ਐਮ.ਏ ਪੰਜਾਬੀ ਅਤੇ ਐਮ.ਏ ਧਰਮ ਅਧਿਐਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ । ਬੈਂਕ ਵਿੱਚ 25 ਸਾਲ ਨੌਕਰੀ ਕੀਤੀ ਰਿਟਾਇਰਮੈਂਟ 8-9 ਸਾਲ ਪਹਿਲਾਂ ਹੀ ਲੈ ਲਈ ਆਪ ਬਾਬਾ ਸਾਹਿਬ ਡਾ. ਅੰਬੇਡਕਰ ਜੀ ਬਾਰੇ ਪੜ੍ਹਨ-ਲਿਖਣ ਵਿੱਚ ਲੀਨ ਹੋ ਗਏ। ਆਪ ਜੀ ਨੇ ਭਗਵਾਨ ਬੁੱਧ ਜੀ ,ਸਤਿਗੁਰੂ ਰਵਿਦਾਸ ਜੀ ,ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਬਾਰੇ ਸਾਹਿਤ ਸਿਰਜਣ ਵਿੱਚ ਵਿਸ਼ੇਸ਼ ਕਾਰਜ ਕੀਤਾ ਹੈ। ਗੀਤਾਂ ,ਕਵਿਤਾਵਾਂ ਨੂੰ ਵੱਡੀ ਪੱਧਰ ਤੇ ਲਿਖੀਆਂ ਹਨ। ਅੱਜ ਵੀ ਬਾਬਾ ਸਾਹਿਬ ਬਾਰੇ ਸਾਹਿਤ ਪੈਦਾ ਕਰਨ ਵਿੱਚ ਵਿਸ਼ੇਸ਼ ਰੁੱਚੀ ਰੱਖਦੇ ਹਨ ਅਤੇ ਅਨੇਕਾਂ ਪੁਸਤਕਾਂ ਦੇ ਅਨੁਵਾਦ ਕਰ ਚੁੱਕੇ ਹਨ ।[18]

## ਸ਼੍ਰੀ ਮੋਹਨ ਲਾਲ ਫਿਲੌਰੀਆ

ਪ੍ਰਸਿੱਧ ਕਹਾਣੀਕਾਰ ਸ਼੍ਰੀ ਮੋਹਨ ਲਾਲ ਫਿਲੌਰੀਆ ਜੀ ਕਿਸੇ ਵਿਸ਼ੇਸ਼ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਉਨ੍ਹਾਂ ਦੀਆਂ ਅਨੇਕਾਂ ਕਹਾਣੀਆਂ ਸਮਾਜਿਕ ਵਿਵਸਥਾ ਦਾ ਬਿਆਨ ਪੇਸ਼ ਕਰਦੀਆ ਹਨ। ਉਹਨਾਂ ਦੀਆ ਕਹਾਣੀਆਂ ਵਿੱਚ ਸਮਾਜ ਦੀ ਜਾਤੀ ਪੀੜਾ ਦਾ ਵਿਸ਼ੇਸ਼ ਉਲੇਖ ਦਰਜ਼ ਹੈ। ਸ਼੍ਰੀ ਮੋਹਨ ਲਾਲ ਫਿਲੌਰੀਆ ਦਾ ਜਨਮ 5 ਨਵੰਬਰ 1949 ਨੂੰ ਪਿਤਾ ਸ਼੍ਰੀ ਬੰਤਾ ਰਾਮ ਜੀ ਦੇ ਘਰ ਸ਼੍ਰੀਮਤੀ ਈਸ਼ਰੀ ਜੀ ਦੀ ਕੁੱਖੋਂ ਪਿੰਡ ਸਿੱਧਮਾਂ (ਹਰੀ ਸਿੰਘ) ਨੂਰਮਹਿਲ ਜਲੰਧਰ ਵਿਖੇ ਹੋਇਆ। ਆਪ ਜੀ ਦਾ ਪਰਿਵਾਰ ਖੇਤਾਂ ਵਿੱਚ ਮਜਦੂਰੀ ਕਰਕੇ ਆਪਣਾ ਗੁਜਰਾ ਚਲਾਉਂਦਾ ਸੀ।

ਆਪ ਜੀ ਫਿਲੌਰ ਵਿੱਚ ਰਹਿੰਦੇ ਹੋਣ ਕਰਕੇ ਆਪਣੇ ਨਾਮ ਨਾਲ ਫਿਲੌਰੀਆ ਲਗਾਉਣ ਲੱਗੇ ਸਨ। **ਮੋਹਣ ਲਾਲ ਫਿਲੌਰੀਆ ਜੀ ਨੇ 'ਮੋਚੀ ਦਾ ਪੁੱਤ' ਕਹਾਣੀ ਲਿਖ ਕੇ ਸਮਾਜਿਕ ਵਿਵਸਥਾ ਉੱਪਰ ਗਹਿਰੀ ਚੋਟ ਕੀਤੀ ਅਤੇ ਚਮਾਰ ਜਾਤੀ ਦੇ ਲੋਕਾਂ ਵਿੱਚੋ ਜਾਤੀ ਹੀਣ ਭਾਵਨਾ ਖਤਮ ਕਰਨ ਲਈ ਇਹ ਕਹਾਣੀ ਬਹੁਤ ਹੱਦ ਤੱਕ ਸਫਲ ਰਹੀ। ਆਪ ਜੀ ਦੀਆਂ ਸਾਰੀਆਂ ਕਹਾਣੀਆ ਖਾਸ ਮਹੱਤਵ ਰੱਖਦੀਆ ਹਨ।** ਮਿੱਟੀ ਦਾ ਬੋਝ , ਲਾਗੀ, ਸਰਕਾਰੀ ਵਰਦੀ , ਮੋਚੀ ਦਾ ਪੁੱਤ, ਲੇਬਰ ਕੋਰਟ ਉਦਾਸ ਹੈ ਆਦਿ। 'ਮੋਚੀ ਦਾ ਪੁੱਤ' ਆਪ ਜੀ ਦੀ ਕਹਾਣੀ, ਗੁਰਸ਼ਰਣ ਭਾਅ ਜੀ ਨੇ ਬਹੁਤ ਸਾਰੀਆਂ ਸਟੇਜ਼ਾ ਉਪਰ ਖੇਡੀ। ਅਨੇਕਾਂ ਵਾਰ ਸੋਢੀ ਰਾਣਾ ਜੀ ਅਤੇ ਮੱਖਣ ਕ੍ਰਾਂਤੀ ਜੀ ਪ੍ਰਗਤੀ ਕਲਾਂ ਕੇਂਦਰ ਲਾਂਦੜਾ ਵਾਲਿਆ ਨੇ ਖੇਡੀ। ਇਹ ਕਹਾਣੀ ਫਿਲਮ ਦੇ ਰੂਪ ਵਿਚੱ ਡੇਰਾ ਬੱਲਾ ਦੇ ਸੰਤਾਂ ਨੇ ਪੇਸ਼ ਕੀਤੀ ਹੈ। ਆਪ ਜੀ ਦਾ ਸਾਹਿਤ ਵਿੱਚ ਯੋਗਦਾਨ ਵਡਮੁੱਲਾ ਹੈ। ਸਾਰੀਆਂ ਹੀਣ ਭਾਵਨਾ ਦਾ ਸ਼ਿਕਾਰ ਜਾਤੀਆਂ ਆਪ ਜੀ ਦੀਆਂ ਕਹਾਣੀਆ ਤੋਂ ਪ੍ਰੇਰਨਾ ਲੈ ਕੇ ਸਵੈਮਾਣ ਦੀ ਤਲਾਸ਼ ਵਿੱਚ ਸੰਘਰਸ਼ ਕਰ ਰਹੀਆ ਹਨ।[19]

## ਸ਼੍ਰੀ ਪ੍ਰੀਤਮ ਰਾਮਦਾਸ ਪੁਰੀ

ਪ੍ਰੀਤਮ ਰਾਮ ਦਾਸ ਪੁਰੀ ਦੀ ਆਪਣੀ ਇਕ ਪਹਿਚਾਣ ਹੈ। ਬੇਸ਼ਕ ਉਹਨਾਂ ਦੇ ਚਾਚਾ ਜੀ ਸੇਠ ਕਿਸ਼ਨ ਦਾਸ ਜੀ ਦੀ ਇਕ ਮਿਸ਼ਨਰੀ ਵਜੋਂ ਆਪਣੀ ਪਹਿਚਾਣ ਇਤਿਹਾਸ ਵਿਚ ਦਰਜ ਹੈ। ਪ੍ਰੀਤਮ ਰਾਮਦਾਸ ਪੁਰੀ ਜੀ ਬਚਪਨ ਤੋਂ ਮਿਸ਼ਨ ਦੀ ਗੁੜਤੀ ਆਪਣੇ ਪਰਿਵਾਰ ਤੋਂ ਹੀ ਪਾਈ। ਉਹ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਵਿਚਾਰਧਾਰਕ ਪੈਰੋਕਾਰ ਸਨ। ਜਦੋਂ 1951 ਵਿਚ ਬਾਬਾ ਸਾਹਿਬ ਪੰਜਾਬ ਆਏ ਤਾਂ ਉਹਨਾਂ ਨਾਲ ਹੀ ਰਹੇ।

ਪ੍ਰਸਿੱਧ ਅੰਬੇਡਕਰੀ ਲੇਖਕ ਕੇ.ਸੀ. ਸੁਲੇਖ ਨਾਲ ਉਹ ਸਾਹਿਤਕ ਰੁਚੀਆਂ ਵਿੱਚ ਭਾਗ ਲੈਂਦੇ ਸਨ ਉਹਨਾਂ ਦੀ ਕਵਿਤਾਵਾਂ ਸਪਤਾਹਿਕ ਉਰਦੂ ਸਮਾਚਾਰ ਉਜਾਲਾ ਵਿਚ ਛੱਪਦੀਆਂ ਸਨ। ਉਜਾਲਾ 1948 ਵਿਚ ਪ੍ਰਕਾਸ਼ਿਤ ਹੋਈ ਸੀ। **ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਸਮਰਪਿਤ ਉਹਨਾਂ ਬਹੁਤ ਕੁਝ ਲਿਖਿਆ ਉਹਨਾਂ ਦੀ ਪੁਸਤਕ ਮਾਲਾ ਕੇ ਤੀਨ ਮੋਤੀ ਬੁੱਧ, ਰਵਿਦਾਸ, ਅੰਬੇਡਕਰ ਬਹੁਤ ਖਾਸ ਹੈ। ਉਹਨਾਂ ਦੀ ਪ੍ਰਸਿੱਧ ਕਵਿਤਾ ਵੰਸ਼ 'ਚੋ ਰਵਿਦਾਸ ਦੀ ਹਾਂ ਭੀਮ ਦੀ ਔਲਾਦ ਹਾਂ ਬਹੁਤ ਕ੍ਰਾਂਤੀਕਾਰੀ ਹੈ। ਪ੍ਰੀਤਮ ਜੀ 1964 ਵਿਚ ਰਿਪਬਲਿਕ ਪਾਰਟੀ ਵਿਚ ਸਰਗਰਮ ਰਹੇ।** ਜੇਲਾ ਵਿਚ ਵੀ ਬੰਦ ਰਹੇ। ਸੰਘਰਸ਼ ਦੌਰਾਨ ਅਨੇਕਾਂ ਮੁਸੀਬਤਾਂ ਝੱਲੀਆਂ। ਉਹ 22 ਅਕਤੂਬਰ 1991 ਨੂੰ ਇਸ ਸੰਸਾਰ ਤੋਂ ਸਦਾ ਲਈ ਚਲੇ ਗਏ। ਅੱਜ ਉਹਨਾਂ ਦੀ ਯਾਦ ਵਿਚ ਸ਼੍ਰੀ ਬੀ. ਆਰ. ਸਾਂਪਲਾ ਜੀ ਪ੍ਰੀਤਮ ਪ੍ਰਕਾਸ਼ਨ ਚਲਾ ਰਹੇ ਹਨ।[20]

## ਡਾ. ਐਸ ਐਲ ਵਿਰਦੀ

ਡਾ. ਐਸ.ਐਲ.ਵਿਰਦੀ ਦਾ ਜਨਮ 20 ਫਰਵਰੀ 1954 ਨੂੰ ਪਿੰਡ ਵਿਰਕਾਂ ਜਲੰਧਰ ਵਿੱਚ ਹੋਇਆ ।ਆਪ ਜੀ ਦੇ ਪਿਤਾ ਸ਼੍ਰੀ ਬੰਤਾ ਰਾਮ ਜੀ ਅਤੇ ਮਾਤਾ ਸ਼੍ਰੀਮਤੀ ਅਮਰੋਂ ਜੀ ਸਨ। ਆਪ ਜੀ ਚਾਰ ਭੈਣਾਂ ਅਤੇ ਦੋ ਵੱਡੇ ਭਰਾ ਹਨ ।ਉਹਨਾਂ ਦਾ ਪਰਿਵਾਰ ਬਹੁਤ ਹੀ ਸਧਾਰਨ ਪਰਿਵਾਰ ਸੀ। **ਬਚਪਨ ਤੋਂ ਹੀ ਛੂਆ-ਛਾਤ ,ਜਾਤ-ਪਾਤ ਦਾ ਸ਼ਿਕਾਰ ਹੋਣਾ ਪਿਆ ਬਚਪਨ ਵਿੱਚ ਪਿੰਡ ਦੇ ਕਈ ਲੋਕ ਆਪ ਜੀ ਨੂੰ ਬੰਤੇ ਚਮਾਰ ਦਾ ਮੁੰਡਾ ਕਹਿ ਕੇ ਵੀ**

**ਬਲਾਉਂਦੇ ਸਨ।**

ਪਰਿਵਾਰ ਸਧਾਰਨ ਤੇ ਗਰੀਬ ਸੀ ਪਰ ਉਹਨਾਂ ਦੀ ਪੜ੍ਹਾਈ ਵਿੱਚ ਲਗਨ ਸੀ ਗਰੀਬੀ ਵਿੱਚ ਪੜ੍ਹਾਈ ਜਾਰੀ ਰੱਖਣ ਲਈ ਦਿਹਾੜੀਆਂ ਵੀ ਕਰਦੇ ਸਨ।ਉਹਨਾਂ ਨੇ ਛੋਟੀ ਉਮਰ ਵਿੱਚ ਹੀ ਰਿਪਬਲਿਕ ਪਾਰਟੀ ਦਾ ਚੜਾਅ ਵੀ ਵੇਖਿਆ ਆਪ ਦਾ ਪਹਿਲਾ ਲੇਖ 9 ਵੀਂ ਕਲਾਸ ਵਿੱਚ ਪੜ੍ਹਦੇ ਸਮੇਂ 1970 ਵਿੱਚ ਰਵਿਦਾਸ ਪੱਤ੍ਰਿਕਾ ਵਿੱਚ ਛਪਿਆ ਸੀ ਉਸ ਸਮੇਂ ਤੋਂ ਅੱਜ ਤੱਕ ਚੱਲ ਸੋ ਚੱਲ ਜਾਰੀ ਹੈ 10ਵੀਂ ਕਲਾਸ ਵਿੱਚ ਉਹਨਾਂ ਨੇ ਭੀਮ ਡਰਾਮਾ ਵੀ ਲਿਖਿਆ ਸੀ। ਉਹ ਪੜਾਈ ਸਮੇਂ ਦਲਿਤ ਵਿਕਾਸ ਨੂੰ ਲੈ ਕੇ ਬਹੁਤ ਸਰਗਰਮ ਰਹਿੰਦਾ ਸੀ। ਐਸ.ਐਲ.ਵਿਰਦੀ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਵਿਰਕ ਦੇ ਪ੍ਰਧਾਨ ਵੀ ਰਹੇ। ਸਖਤ ਮਿਹਨਤ ਕਰਨ ਉਪਰੰਤ ਉਹਨਾਂ ਨੇ ਗੁਰੂ ਨਾਨਕ ਕਾਲਜ ਤੋਂ ਬੀ.ਏ ਦੀ ਡਿਗਰੀ ਵੀ ਪ੍ਰਾਪਤ ਕੀਤੀ।

**ਆਪ ਨੇ 1973 ਵਿੱਚ ਦਲਿਤ ਪੈਂਥਰ ਨਾਮ ਦੀ ਸੰਸਥਾ ਪੰਜਾਬ ਵਿੱਚ ਬਣਾਈ ਜਿਸ ਦਾ ਪ੍ਰਧਾਨ ਡਾ.ਐਸ.ਐੱਲ.ਵਿਰਦੀ ਸੀ** 19 ਅਕਤੂਬਰ 1976 ਸਮੇਂ ਜਦੋਂ ਐਮਰਜੈਂਸੀ ਦਾ ਮਹੌਲ ਸੀ। ਉਸ ਸਮੇਂ ਦਿਵਾਲੀ ਦਾ ਬਾਈਕਾਟ ਕਰਨ ਦੇ ਤਹਿਤ ਤੇ ਮਹਾਰਿਸ਼ੀ ਸ਼ੰਭੂਕ ਦਾ ਸ਼ਹੀਦੀ ਦਿਵਸ ਮਨਾਉਂਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ।**ਡਾ. ਐਸ.ਐੱਲ ਵਿਰਦੀ ਨੇ 13-14 ਮਾਰਚ 1994 ਨੂੰ ਪਹਿਲਾ ਪੰਜਾਬੀ ਦਲਿਤ ਸੰਮੇਲਨ ਫਗਵਾੜਾ ਵਿਖੇ ਆਯੋਜਿਤ ਕਰਵਾਇਆ ਸੀ।** ਜਿਸ ਦੀ ਸਾਹਿਤ ਜਗਤ ਵਿੱਚ ਅੱਜ ਤੱਕ ਚਰਚਾ ਹੈ ।**ਪੰਜਾਬ ਵਿੱਚ ਮਾਨਵਵਾਦੀ ਮਹਾਂਪੁਰਸਾਂ ਦਾ ਮੇਲਾ 23-24 ਅਕਤੂਬਰ 2004 ਨੂੰ ਸ਼੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਵਿਖੇ ਕਰਵਾਇਆ ਸੀ।**

ਡਾ. ਵਿਰਦੀ ਜੀ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਸੰਘਰਸ਼ ਕੀਤਾ **ਸਾਹਿਤ ਜਗਤ ਵਿੱਚ 30 ਤੋਂ ਵੱਧ ਪੁਸਤਕਾਂ ਲਿਖ ਕੇ ਆਪਣਾ ਨਾਮ ਇੱਕ ਚਿੰਤਕ ਵਜੋਂ ਸਥਾਪਿਤ ਕੀਤਾ**। ਅਜੋਕੇ ਸਮੇਂ ਆਪ ਲਗਾਤਾਰ ਸਹਿਤ ਦਾ ਕੰਮ ਜਾਰੀ ਰੱਖਦਿਆ ਡਾ. ਅੰਬੇਡਕਰ ਮਿਸ਼ਨ ਦਾ ਪ੍ਰਚਾਰ ਕਰ ਰਹੇ ਹਨ। ਅਜੋਕੇ ਸਮੇਂ ਵਿਚ ਡਾ.ਵਿਰਦੀ ਜੀ ਫਗਵਾੜਾ ਵਿਖੇ ਵਕਾਲਤ ਕਰ ਰਹੇ ਹਨ[21]

## ਮਿਸ਼ਨਰੀ ਗੀਤਕਾਰ ਰੱਤੂ ਰੰਧਾਵੇ ਵਾਲਾ

ਰੱਤੂ ਰੰਧਾਵੇ ਵਾਲਾ ਦਾ ਜਨਮ 1 ਨਵੰਬਰ 1958 ਨੂੰ ਪਿਤਾ ਸ਼੍ਰੀ ਅਰਜਨ ਦਾਸ ਜੀ ਦੇ ਘਰ ਤੇ ਸ਼੍ਰੀਮਤੀ ਅਮਰ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਨਾਮ ਨਿਰਮਲ ਦਾਸ ਹੈ ਆਪ ਜੀ ਦਾ ਪਿੰਡ ਰੰਧਾਵਾ ਹੋਣ ਕਰਕੇ ਆਪ ਜੀ ਦਾ ਨਾਮ ਰੱਤੂ ਰੰਧਾਵਾ ਨਾਲ ਮਸ਼ਹੂਰ ਹੋਇਆ ਹੈ। ਰੱਤੂ ਰੰਧਾਵੇ ਵਾਲੇ ਨੇ ਗੀਤ ਕਾਰੀ ਵਿੱਚ ਆਪਣਾ ਨਾਮ ਦਰਜ ਹੀ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਸ਼ਾਫ ਸੁਥਰੀ ਗੀਤਕਾਰੀ ਤੇ ਮਿਸ਼ਨਰੀ ਪਹਿਚਾਣ ਵਜੋਂ ਖ਼ੁਦ ਨੂੰ ਸਥਾਪਿਤ ਕੀਤਾ।

ਬਚਪਨ ਤੋਂ ਹੀ ਬਹੁਤ ਮਿਹਨਤ ਕੀਤੀ ਅਤੇ ਜ਼ਿੰਦਗੀ ਦਾ ਸ਼ੰਘਰਸ਼ ਆਰੰਭ ਕੀਤਾ ਰੱਤੂ ਰੰਧਾਵਾ ਦੇ ਗੀਤਾਂ ਦੀ ਪਹਿਲੀ ਐਲ.ਪੀ ਭਵਰਾ ਗਰੁੱਪ ਨੇ ਰਿਕਾਰਡ ਕੀਤੀ ਹੋਲੀ ਹੋਲੀ ਬਲਬੀਰ ਜਗਤਪਰੀ ਨਾਲ ਸੰਬੰਧ ਬਣ ਗਏ ਤੇ ਫਿਰ ਮੋਹਨ ਬੰਗੜ ਨੇ ਉਸਦੇ ਗੀਤਾਂ ਨੂੰ 'ਚਾਹੁੰਦਾ ਹਾਂ ਰਾਜ ਮੈਂ ਐਸਾ ਦਿੱਲੀ ਦਿਆਂ ਹਾਕਮਾਂ' ਰਿਕਾਰਡ ਕਰਵਾਈ। ਰੱਬ ਨੇ ਮਿਸ਼ਨਰੀ ਗਾਇਕ ਤੇ ਗੀਤਕਾਰ ਦੀ ਕਮਾਲ ਦੀ ਜੋੜੀ ਮਿਲਾਈ ਤੇ ਚਲਾਈ ਜਿਨ੍ਹਾਂ ਨੇ ਰੱਜ ਕੇ ਮਿਸ਼ਨ ਨੂੰ

ਅੱਗੇ ਵਧਾਇਆ।

**ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ.ਅੰਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਂਸੀ ਰਾਮ ਜੀ ਦੇ ਮਿਸ਼ਨ ਨੂੰ ਗੀਤਾਂ ਵਿੱਚ ਲਿਖਣ ਦਾ ਸਿਹਰਾ ਰੱਤੂ ਨੂੰ ਜਾਂਦਾ ਹੈ ਜਿਸ** ਨੇ ਆਪਣਾ ਮਿਸ਼ਨ ਨਹੀਂ ਛੱਡਿਆ ਅਨੇਕਾਂ ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਨੂੰ ਪਿੰਡੇ ਉਪਰ ਹੰਢਾਇਆ ਪਰ ਆਪਣੇ ਰਹਿਬਰਾਂ ਦਾ ਮਿਸ਼ਨ ਨਹੀਂ ਕਿਸੇ ਵੀ ਕੀਮਤ ਤੇ ਨਹੀਂ ਛੱਡਿਆ ਉਸ ਨੂੰ ਪੰਜਾਬ ਦੇ ਅਣਗਿਣਤ ਗਾਇਕਾਂ ਨੇ ਗਾਇਆ ਤੇ ਨਾਮਣਾ ਖੱਟਿਆ। ਰੱਤੂ ਨੇ ਸਮਾਜ ਦੀ ਪੀੜਾ ਨੂੰ ਲਿਖਿਆ ਅਤੇ ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਆਪਣੇ ਗੀਤਾਂ ਨੂੰ ਰਿਕਾਰਡ ਕਰਵਾਇਆ। ਉਸ ਦੇ ਗੀਤ ਬਹੁਜਨ ਸਮਾਜ ਲਈ ਬਹੁਤ ਮਹੱਤਤਾ ਰੱਖਦੇ ਹਨ।

ਰੱਤੂ ਨੇ ਪ੍ਰਸਿੱਧ ਸੰਗੀਤਕਾਰ ਕੁਲਜੀਤ ਨਾਲ ਵੀ ਜ਼ਿੰਦਗੀ ਦਾ ਲੰਬਾ ਸਮਾ ਗੁਜਾਰਿਆ ਪਰ ਅੱਜ ਕੱਲ ਉਹ ਆਪਣੀ ਬੜੀ ਮਿਹਨਤ ਨਾਲ ਤਿਆਰ ਕੀਤੀ ਕੰਪਨੀ 'ਤਾਜ ਇੰਟਰਨੈਸ਼ਨਲ' ਚਲਾ ਰਹੇ ਹਨ। ਜਿਸ ਨੂੰ ਉਹ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦਾ ਅਸ਼ੀਰਵਾਦ ਸਮਝਦਾ ਹੈ। ਉਸ ਨੇ ਡੇਰਾ ਸੱਚ ਖੰਡ ਬੱਲਾਂ ਲਈ ਅਨੇਕਾਂ ਗੀਤਾਂ ਦੀਆਂ ਕੈਸਿਟਾਂ ਤਿਆਰ ਕਰ ਚੁੱਕੇ ਹਨ। ਰੱਤੂ ਨੂੰ ਅਨੇਕਾਂ ਗੋਲਡ ਮੈਡਲ ਵੀ ਮਿਲ ਚੁੱਕੇ ਹਨ। ਉਸ ਲਿਖੇ ਗੀਤ ਅੱਜ ਵੀ ਮਿਸ਼ਨ ਦੇ ਪ੍ਰਚਾਰ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਆਪ ਜੀ ਦੀ ਇੱਕ ਪੁਸਤਕ 'ਮੋਚੀ ਇਨਕਲਾਬ ਦਾ ਗੁਰੂ ਰਵਿਦਾਸ ਜੀ' ਵੀ ਆਈ ਹੈ। ਰੱਤੂ ਰੰਧਾਵੇ ਵਾਲਾਦੇ ਮਿਸ਼ਨਰੀ ਗੀਤ ਗਾ ਕੇ ਅਨੇਕਾਂ ਗਾਇਕ ਮਕਬੂਲ ਹੋਏ ਹਨ।[22]

## ਡਾ.ਸੋਮ ਨਾਥ ਭਾਰਤੀ

**'ਜਗਤਗੁਰੂ ਰਵਿਦਾਸ ਸੰਪ੍ਰਦਾਇ ਸੰਤ ਤੇ ਸਾਧਨਾ ਸਥੱਲ'** ਨਾਮ ਦੀ ਪੁਸਤਕ ਲਿਖ ਕੇ ਨਾਮਣਾ ਖੱਟਣ ਵਾਲੇ ਸ਼੍ਰੀ ਸੋਮਨਾਥ ਭਾਰਤੀ ਇੱਕ ਬਹੁਤ ਹੀ ਮਿਹਨਤੀ ਅਤੇ ਮਿਸ਼ਨਰੀ ਲੇਖਕ ਹਨ। ਜਿਨ੍ਹਾਂ ਨੂੰ ਆਪਣੇ ਸਮਾਜ ਦਾ ਸਾਹਿਤ ਇੱਕਠਾ ਕਰਨ ਦਾ ਸ਼ੌਂਕ ਅਤੇ ਲਗਨ ਹੈ ਇਸੇ ਲਗਨ ਨੇ ਉਨ੍ਹਾਂ ਨੂੰ ਡੇਰਾ ਸੱਚ ਖੰਡ ਬੱਲਾਂ ਦਾ ਸਰਧਾਲੂ ਬਣਾ ਦਿੱਤਾ। ਉਨ੍ਹਾਂ ਦਾ ਸੰਤ ਮਹਾਂਪੁਰਸ਼ਾਂ ਨਾਲ ਗੂੜ੍ਹਾ ਪਿਆਰ ਪੈ ਗਿਆ। ਸ੍ਰੀ ਭਾਰਤੀ ਜੀ ਨੇ ਸੰਤ ਗਰੀਬ ਦਾਸ ਜੀ ਤੋਂ ਨਾਮ ਦਾਨ ਦੀ ਦਾਤ ਪ੍ਰਾਪਤ ਕੀਤੀ ਅਤੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਤੋ ਪ੍ਰੇਰਣਾ ਲੈ ਕੇ 2002 ਤੋਂ ਬੇਗਮਪੁਰਾ  ਪੱਤ੍ਰਕਾਂ ਲਈ ਲਿਖਣਾ ਸ਼ੁਰੂ ਕੀਤਾ।ਉਨ੍ਹਾਂ ਦਾ ਜਨਮ 28 ਅਗਸਤ 1967 ਨੂੰ ਪਿਤਾ ਓਮ ਪ੍ਰਕਾਸ ਅਤੇ ਮਾਤਾ ਚੰਨਣ ਕੌਰ ਜੀ ਦੇ ਘਰ ਹੋਇਆ।

ਆਪ ਜੀ ਨੇ ਐਮ.ਏ ਤੱਕ ਦੀ ਪੜਾਈ ਕੀਤੀ ਹੈ ਅੱਜ ਕੱਲ ਐਲ.ਆਈ ਸੀ ਵਿੱਚ ਨੌਕਰੀ ਕਰਦੇ ਹਨ। ਆਪ ਜੀ ਨੇ ਅਨੇਕਾਂ ਪੁਸਤਕਾਂ ਸਮਾਜ ਦੀ ਝੋਲੀ ਵਿੱਚ ਪਾਈਆ ਹਨ। ਆਪ ਜੀ ਦੀਆਂ (1) ਜਗਤ ਗੁਰੂ ਰਵਿਦਾਸ ਸੰਪ੍ਰਦਾਇ ਸੰਤ ਤੇ ਸਾਧਨਾ ਸਥੱਲ ਡੇਰਾ ਸੱਚ ਖੰਡ ਬੱਲਾਂ ਨੇ ਪ੍ਰਕਾਸ਼ਿਤ ਕਰਵਾਈ। (2)ਦਲਿਤ ਮਹਾਂਵੀਰ ਚਿੰਤਕ ਸੰਤ ਟਹਿਲ ਦਾਸ ਜੀ ਟੱਬਰੀ ਸਲੇਮ ਵਲੋਂ ਪ੍ਰਕਾਸ਼ਿਤ ਹੋਈ। (3) 'ਸੀਤਲ ਬਿਲਾਸ' ਸੰਤ ਸ਼ੀਤਲ ਦਾਸ ਜੀ ਮਾਛੀਵਾੜਾ। (4) ਸੱਚ ਖੰਡ ਡੇਰਾ ਪੂਰਨ ਦਾਸ ਜੀ ਕਾਲੇ ਵਾਲ ਭਗਤਾਂ ਜ਼ਿਲ੍ਹਾ ਹੁਸਿਆਰਪੁਰ ਵਲੋਂ ਪ੍ਰਕਾਸਿਤ ਹੋਈ (5) ਡੇਰਾ ਘਾਹਾ ਸਿੰਘ ਜੀ ਸੰਤ ਬਾਬਾ ਸਤਨਾਮ ਸਿੰਘ ਨਰੂੜ ਵਲੋਂ ਪ੍ਰਕਾਸ਼ਿਤ ਹੋਈ। (6) ਦਲਿਤ ਮਹਾਂਵੀਰ ਸੰਗ੍ਰਾਮ ਵੇਦ ਭਾਈ ਚਤਰ ਸਿੰਘ ਜੀਵਨ ਸਿੰਘ ਵਲੋਂ ਪ੍ਰਕਾਸ਼ਤ ਹੋਈ। ਆਪ ਜੀ ਦੀਆਂ ਪੰਜ ਕਿਤਾਬਾਂ ਛਪਾਈ ਅਧੀਨ ਹਨ। ਆਪ ਜੀ ਨੂੰ ਇਤਿਹਾਸ ਲਿਖਣ ਕਰਕੇ 150 ਡੇਰਿਆ ਵਲੋਂ ਸਨਮਾਨਤ ਕੀਤਾ ਗਿਆ ਅਤੇ 5 ਗੋਲਡ ਮੈਡਲ ਵੀ ਪ੍ਰਾਪਤ ਹੋਏ ਹਨ।[23]

## ਸ਼੍ਰੀ ਮਦਨ ਜਲੰਧਰੀ (ਗੀਤਕਾਰ)

ਅਜੋਕੇ ਸਮੇਂ ਵਿੱਚ ਗੁਰੂ ਰਵਿਦਾਸ ਜੀ ਦੇ ਗੀਤਾਂ ਨੂੰ ਕਲਮ ਬੰਦ ਕਰਨ ਵਾਲੇ ਬਹੁਤ ਸੁਲਝੇ ਹੋਏ ਲੇਖਕ ਸਤਿਕਾਰ ਯੋਗ ਸ਼੍ਰੀ ਮਦਨ ਜਲੰਧਰੀ ਜੀ ਦਾ ਨਾਮ ਵਿਸ਼ੇਸ਼ ਹੈ। ਜਿਨ੍ਹਾਂ ਨੇ ਧਾਰਮਿਕ ਗੀਤਾਂ ਵਾਲੀਆ ਕੈਸਿਟਾਂ ਦਾ ਇੱਕ ਇਤਿਹਾਸ ਸਿਰਜਿਆ ਹੈ। ਉਹਨਾਂ ਦੇ ਪ੍ਰਸਿੱਧ ਧਾਰਮਿਕ ਗੀਤ 'ਸਾਡੇ ਨੈਨਾ ਵਿੱਚ ਗੁਰੂ ਰਵਿਦਾਸ ਵਸਿਆ' ਨੂੰ ਪੰਜਾਬੀ ਗਾਇਕ ਕੰਠ ਕਲੇਰ ਨੂੰ ਪ੍ਰਸਿੱਧੀ ਦਿਵਾਈ। ਮਦਨ ਜਲੰਧਰੀ ਜੀ ਨੇ ਅਨੇਕਾਂ ਗੀਤ ਲਿਖੇ ਹਨ ਜਿਨ੍ਹਾਂ ਵਿੱਚ ਗੁਰੂ ਰਵਿਦਾਸ ਸ਼ਰਧਾ ਤੇ ਮਿਸ਼ਨ ਝਲਕਦਾ ਹੈ। **ਉਹਨਾਂ ਦੇ ਲਿਖੇ ਗੀਤ ਮਸ਼ਹੂਰ ਗਾਇਕਾਂ ਨੇ ਗਾਏ ਹਨ।** ਮਦਨ ਜਲੰਧਰੀ ਜੀ ਨੇ ਗੁਰੂ ਰਵਿਦਾਸ ਜੀ ਦੇ ਹਿੰਦੀ ਗੀਤ ਵੀ ਲਿਖੇ ਹਨ ਉਹ ਇੱਕ ਚੰਗੇ ਗੀਤਕਾਰ ਅਤੇ ਚੰਗੇ ਲੇਖਕ ਵੀ ਹਨ। ਉਹਨਾਂ ਦੀ ਇੱਕ ਧਾਰਮਿਕ ਪੁਸਤਕ '**ਸ਼੍ਰੀ ਗੁਰੂ ਰਵਿਦਾਸ ਜੀ ਜੀਵਨ ਤੇ ਸ਼ਲੋਕ' ਬਹੁਤ ਪ੍ਰਸਿੱਧ ਰਚਨਾ ਹੈ** । ਆਪ ਜੀ ਲਗਾਤਾਰ ਗੀਤਾਂ ਦੀ ਰਚਨਾ ਕਰ ਰਹੇ ਹਨ।[24]

## ਸ਼੍ਰੀ ਭਗਵੰਤ ਰਸੂਲਪੁਰੀ

ਭਗਵੰਤ ਰਸੂਲਪੁਰੀ ਇੱਕ ਪ੍ਰਸਿੱਧ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆ ਵਿੱਚ ਸਮਾਜ ਦੀ ਗਹਿਰੀ ਪੀੜਾਂ ਅਤੇ ਦਰਦ ਪਾਇਆ ਜਾਦਾ ਹੈ। ਭਗਵੰਤ ਰਸੂਲਪਰ ਦਾ ਜਨਮ ਪਿੰਡ ਰਸੂਲ ਪੁਰ ਤਹਿ ਫਿਲੋਰ ਵਿੱਚ ਹੋਇਆ। ਸਖ਼ਤ ਮੇਹਨਤ ਅਤੇ ਲਗਨ ਨਾਲ ਕੀਤੀ ਪੜ੍ਹਾਈ ਨੇ ਆਪ ਜੀ ਨੂੰ ਇੱਕ ਸਫਲ ਕਹਾਣੀਕਾਰ ਬਣਾ ਦਿੱਤਾ। ਇੱਕ ਨਾਮਵਾਰ ਲੇਖਕ ਵਜੋਂ ਆਪਣੀ ਪਹਿਚਾਣ ਸਥਾਪਿਤ ਕੀਤੀ ਹੈ।।ਆਪ ਜੀ ਨੇ ਅਤਿ ਦੇ ਗਰੀਬੀ ਭਰੇ ਦਿਨ ਵੇਖੇ ਅਤੇ ਗਰੀਬੀ ਦੇ ਦਰਦ ਨੂੰ ਪਿੰਡੇ ਤੇ ਹੰਢਾਇਆ ਹੈ। ਆਪ ਜੀ ਦੀ ਕਹਾਣੀਆਂ ਦੀ ਕਿਤਾਬ " ਮੈਂ ਸ਼ੈਤਾਨ ਤੇ ਇੰਦੂਮਣੀ" ਬਹੁਤ ਪ੍ਰਸਿੱਧ ਹੈ। ਆਪ ਜੀ ਦੀਆਂ ਕਹਾਣੀਆਂ ਦਾ ਕੇਂਦਰ ਬਿੰਦੂ ਗਰੀਬ, ਮਜਦੂਰ, ਦਲਿਤ ਹੀ ਹੁੰਦਾ ਹੈ।ਇਸੇ ਕਰਕੇ ਇਹਨਾਂ ਦੀਆਂ ਕਹਾਣੀਆ ਨੂੰ ਦਲਿਤ ਚੇਤਨਾ ਦੇ ਪ੍ਰਤੀਕ ਵਜੋਂ ਪੜ੍ਹਿਆ ਜਾਂਦਾ ਹੈ।[25]

## ਸ਼੍ਰੀ ਸੰਧੂ ਵਰਿਆਣਵੀ

ਸਾਹਿਤ ਜਗਤ ਵਿੱਚ ਸੰਧੂ ਵਰਿਆਣਵੀ ਦੇ ਨਾਂ ਕਰਕੇ ਜਾਣਿਆ ਜਾਂਦਾ ਤਰਕਸ਼ੀਲ, ਮਾਨਵਵਾਦੀ ਸ਼ਾਇਰ ਦਾ ਨਾਮ ਸਤਵਿੰਦਰ ਜੀਤ ਹੈ ਉਸ ਦਾ ਜਨਮ ਮਾਤਾ ਸ਼੍ਰੀਮਤੀ ਜੀਤੋ ਦੀ ਕੁਖੋਂ ਅਤੇ ਪਿਤਾ ਸ਼੍ਰੀ ਗੁਰਬਚਨ ਦਾਸ ਜੀ ਦੇ ਘਰ ਪਿੰਡ ਵਰਿਆਣਾ ਵਿਖੇ ਹੋਇਆ ਉਸ ਨੂੰ ਬਚਪਨ ਤੋਂ ਹੀ ਪੜ੍ਹਾਈ ਦਾ ਬਹੁਤ ਸ਼ੌਂਕ ਸੀ। ਜਿਸ ਸ਼ੌਂਕ ਨੇ ਉਸ ਨੂੰ ਐਮ.ਏ,ਐਮ.ਫਿਲ ਦੀ ਯੋਗਤਾ ਤੱਕ ਪਹੁਚਾਇਆ ਹੈ। ਸੰਧੂ ਵਰਿਅਣਵੀ ਨੇ ਸਾਹਿਤ ਜਗਤ ਵਿੱਚ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ। ਹੁਣ ਤੱਕ ਉਸ ਦੀਆਂ ਪੁਸਤਕਾਂ ਜਿਵੇਂ ਏਤੀਮਾਰ ਪਈ,ਸਾਰਾ ਜਹਾਨ ਮੇਰਾ, ਲਕੀਰਾਂ, ਸਾਂਝੀ ਧੜਕਣ, ਅਲਵਿੱਦਾ ਤੱਕ,ਪ੍ਰਕਾਸ਼ਿਤ ਹੋ ਚੁੱਕੀਆ ਹਨ।[26]

## ਸ਼੍ਰੀ ਗੁਰਦਿਆਲ ਰੋਸ਼ਨ

ਜਨਾਬ ਸ਼੍ਰੀ ਗੁਰਦਿਆਲ ਰੋਸ਼ਨ ਜੀ ਦਾ ਜਨਮ 1 ਸਤੰਬਰ 1955 ਨੂੰ ਪਿੰਡ ਲੜੋਆ ਮੁਕੰਦਪੁਰ ਜ਼ਿਲ੍ਹਾਂ ਜਲੰਧਰ ਵਿਖੇ ਹੋਇਆ।ਬਚਪਨ ਵਿੱਚ ਬਹੁਤ ਮੁਸ਼ਕਲ ਨਾਲ ਪੜ੍ਹਾਈ ਕਰਕੇ ਲਗਨ ਅਤੇ ਆਪਣੀ ਕਾਬਲ਼ੀਅਤ ਦੇ ਦਮ ਉੱਪਰ ਉਹ ਅਧਿਆਪਕ ਦੀ ਨੌਕਰੀ ਤੇ ਸਥਾਪਿਤ

ਹੋਏ।ਸ਼੍ਰੀ ਗੁਰਦਿਆਲ ਰੋਸਨ ਜੀ ਨੂੰ ਦਲਿਤ ਹੋਣ ਕਰਕੇ ਬਹੁਤ ਮੁਸ਼ਕਲਾ ਦਾ ਸਾਹਮਣਾ ਕਰਨਾ ਪਿਆ । ਆਪ ਜੀ ਨੇ ਜ਼ਿੰਦਗੀ ਵਿੱਚ ਬਹੁਤ ਸੰਘਰਸ਼ ਕੀਤਾ ਆਪ ਜੀ ਨੂੰ ਲਿਖਣ ਦਾ ਸ਼ੌਂਕ ਪੈ ਗਿਆ ।ਅੱਜ ਆਪ ਜੀ ਦਾ ਨਾਲ ਸਾਹਿਤ ਜਗਤ ਵਿੱਚ ਪ੍ਰਸਿੱਧ ਗਜਲਗੋ ਵਜੋਂ ਸਥਾਪਿਤ ਹੋ ਚੁਕਿਆ ਹੈ। ਅਨੇਕਾਂ ਨਵੇਂ ਉੱਠਦੇ ਲਿਖਾਰੀਆਂ ਨੂੰ ਆਪ ਜੀ ਮਾਰਗ ਦਰਸ਼ਨ ਦਿੰਦੇ ਹਨ।।ਆਪ ਜੀ ਦੀਆਂ ਹੁਣ ਤੱਕ ਕਾਫੀ ਪੁਸਤਕਾਂ ਆ ਚੁੱਕੀਆ ਜਿਨ੍ਹਾਂ ਵਿੱਚ ਰੰਗਾਂ ਦੇ ਦਰਿਆ, ਆਪਣੇ ਰੂਬਰੂ, ਵਧੀਆ ਸ਼ੇਅਰ ਪੰਜਾਬੀ ਦੇ, ਤ੍ਰਿਕਾਲ, ਰੌਸ਼ਨੀ ਦਾ ਸਫਰ, ਸੱਤ ਸਵਾਲ, ਹੁਣ ਤੱਕ, ਤੇਰੇ ਬਿਨ, ਕਾਲੇ ਹਾਸ਼ੀਏ, ਹੁਣ ਤੱਕ ਦਾ ਸ਼ਫਰ, ਰੰਗਾਂ ਦੇ ਸਿਰਨਾਵੇਂ, ਗੀਤਾਂ ਦੇ ਬੋਲ, ਮਿੱਟੀ ਦੀ ਅਵਾਜ਼, ਜੰਗਲ ਦੇ ਵਾਸੀ, ਰੰਗ ਹੱਸੇ ਰੰਗ ਰੋਏ, ਮਰਸੀਆ ਜ਼ਲਜ਼ਲੇ ਤੋਂ ਬਾਅਦ, ਸ਼ਬਦਾਂ ਦੀ ਪਰਵਾਜ਼, ਮੈਂ ਭਾਰਤ ਹਾਂ,ਮੰਜ਼ਰੀ ਸ਼ਿਅਰ, ਮਨ ਦਾ ਰੇਗਿਸਤਾਨ, ਆਦਿ ਉਹਨਾਂ ਦੀਆਂ ਪੁਸਤਕਾਂ ਸਾਹਿਤ ਜਗਤ ਨੂੰ ਅਮੀਰ ਕਰਦੀਆ ਹਨ।[27]

## ਸ਼੍ਰੀ ਪ੍ਰੇਮ ਗੋਰਖੀ

ਸਮਾਜ ਵਿੱਚ ਸਥਾਪਤ ਊਚ ਨੀਚ ਜਾਤ ਪਾਤ ਦਾ ਕੋਹੜ ਹਜ਼ਾਰਾਂ ਵਰਿਆ ਤੋਂ ਮਾਨਵਤਾ ਨੂੰ ਖਾਅ ਰਿਹਾ ਹੈ।ਜਾਤਪਾਤ ਵਰਗੀਆਂ ਬੁਰਾਈਆ ਨੇ ਇਨਸਾਨੀ ਹੁਨਰ ਨੂੰ ਵਿਕਸਿਤ ਨਹੀਂ ਹੋਣ ਦਿੱਤਾ। ਇਥੇ ਛੂਆਛਾਤ ਦੇ ਸ਼ਿਕਾਰ ਲੋਕਾਂ ਨੂੰ ਹੁਨਰ ਅਤੇ ਕਾਬਲੀਅਤ ਨਹੀਂ ਉਹਨਾਂ ਦੀ ਸਦੀਆਂ ਤੋਂ ਜਾਤੀ ਪਹਿਚਾਣ ਹੀ ਉਹਨਾਂ ਦੇ ਜੀਵਨ ਦੀ ਦਿਸ਼ਾ ਤੈਅ ਕਰਦੀ ਹੈ। ਪ੍ਰੇਮ ਗੋਰਖੀ ਪ੍ਰਸਿੱਧ ਕਹਾਣੀਕਾਰ ਹੈ। ਜਿਸ ਦੀਆਂ ਕਹਾਣੀਆਂ ਦਾ ਵਿਸ਼ਾ ਵੀ ਅਜਿਹੇ ਸਮਾਜ ਦੀ ਹਾਲਤ ਬਿਆਨ ਕਰਦਾ ਹੈ। ਪ੍ਰੇਮ ਗੋਰਖੀ ਜੀ ਨੂੰ ਜ਼ਿੰਦਗੀ ਦੇ ਅਨੇਕਾਂ ਪੜਾਵਾਂ ਉੱਪਰ ਜਾਤ ਪਾਤ ਦਾ ਸ਼ਿਕਾਰ ਹੋਣਾ ਪਿਆ।ਉਹ ਜਿਥੇ ਵੀ ਨੌਕਰੀ ਕਰਦੇ ਉਹਨਾਂ ਨੂੰ ਜਾਤੀ ਦਾ ਸ਼ਿਕਾਰ ਹੋਣਾ ਪੈਦਾ ਸੀ।ਉਹਨਾਂ ਦੇ ਮਨ ਉੱਪਰ ਇਸ ਦਾ ਗਹਿਰਾ ਪ੍ਰਭਾਵ ਪਿਆ ਤੇ ਉਨ੍ਹਾਂ ਨੇ ਆਪਣੀ ਕਲਮ ਨੂੰ ਇੱਕ ਹਥਿਆਰ ਵਜੋਂ ਚਲਾ ਲਿਆ ਅਤੇ ਦਲਿਤ ਸਮਾਜ ਦੀ ਪੀੜਾ ਨੂੰ ਬਿਆਨ ਕਰਦੀਆ ਲਿਖਤਾਂ ਦੀ ਰਚਨਾ ਕਰਨੀ ਸ਼ੁਰੂ ਕੀਤੀ।[28]

## ਸ਼੍ਰੀ ਹਰਬੰਸ ਬੱਧਣ ਜੀ

ਸ਼੍ਰੀ ਹਰਬੰਸ ਬੱਧਣ ਜੀ ਗੁਰੂ ਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਉੱਪਰ ਅਨੇਕਾਂ ਪੁਸਤਕਾਂ ਲਿਖ ਚੁੱਕੇ ਹਨ ਜੋ ਨੇ ਆਪਣੇ ਸਮਾਜ ਨੂੰ ਚੇਤਨ ਬਨਾਉਣ ਲਈ ਅਤੇ ਅਗਿਆਨ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਲਈ ਆਪਣੀ ਕਲਮ ਨੂੰ ਲਗਾਤਾਰ ਚਲਾ ਰਹੇ ਹਨ। ਜ਼ਿੰਦਗੀ ਦੇ ਇੱਕ ਲੰਬੇ ਸਫਰ ਚੋਂ ਗੁਜਰਦਿਆਂ ਉਨ੍ਹਾ ਨੇ ਕਦੇ ਹਾਰ ਨਹੀਂ ਮੰਨੀ ਅਤੇ ਦਲਿਤ ਸੋਸ਼ਿਤ ਸਮਾਜ ਲਈ ਸਾਹਿਤ ਸਿਰਜਣਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਆਪ ਜੀ ਦੇ ਰੋਜ਼ਾਨਾ ਪੇਪਰਾਂ ਵਿੱਚ ਲੇਖ ਛਪਦੇ ਰਹਿੰਦੇ ਹਨ। ਹਰਬੰਸ ਲਾਲ ਬੱਧਣ ਦਾ ਜਨਮ ਪਿੰਡ ਮਾਣਿਕ ਢੇਰੀ ਜਿਲ੍ਹਾਂ ਹੁਸ਼ਿਆਰਪੁਰ ਵਿੱਚ ਹੋਇਆ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਨੇ ਐੱਮ .ਏ. ਪੰਜਾਬੀ, ਪੋਲਿਟੀਕਲ ਸਾਇੰਸ ਵਿੱਚ ਕੀਤੀ ।ਅੱਜ ਦਿੱਲੀ ਵਿੱਚ ਸਰਕਾਰੀ ਨੌਕਰੀ ਕਰ ਰਹੇ ਹਨ।ਸਮਾਜਿਕ ਭੇਦਭਾਵ ਨੇ ਆਪ ਜੀ ਨੂੰ ਇੱਕ ਲੇਖਕ ਬਣਾ ਦਿੱਤਾ । ਆਪ ਜੀ ਇੱਕ ਬਹੁਤ ਵਧੀਆਂ ਨਾਟਕਕਾਰ ਵੀ ਹਨ। ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ ਜਿਵੇਂ ਕੂੜ ਫਿਰੇ ਪ੍ਰਧਾਨ, ਜਵਾਹਰਭਾਟਾ , ਮਾਨਸ ਕੀ ਜਾਤ , ਰਾਤ ਪ੍ਰਭਾਤ , ਦਰਦ ਮਿੱਟੀ ਦਾ, ਬਾਗੀ ਫਰਿਸ਼ਤਾ, ਆਦਿ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਲਈ ਦਲਿਤ ਸਾਹਿਤ ਦੀ ਝੋਲੀ ਵਿੱਚ ਪਾ ਚੁਕਿਆ ਹੈ ।[29]

## ਸ਼੍ਰੀ ਸੁਭਾਸ਼ ਮੁਸਾਫਿਰ

ਸ਼੍ਰੀ ਸ਼ੁਭਾਸ਼ ਮੁਸਾਫਿਰ ਜੀ ਦਾ ਜਨਮ 6 ਜੂਨ 1969ਨੂੰ ਇੱਕ ਗਰੀਬ ਪਰਿਵਾਰ ਵਿੱਚ ਹੋਇਆ। ਆਪ ਜੀ ਦਾ ਪਰਿਵਾਰ ਹਿਮਾਚਲ ਪ੍ਰਦੇਸ਼ ਦਾ ਵਸਨੀਕ ਹੈ। ਆਪ ਜੀ ਨੇ ਬਚਪਨ ਵਿੱਚ ਬਹੁਤ ਮਿਹਨਤ ਕੀਤੀ ਅਤੇ ਅਰਥ ਸ਼ਾਸ਼ਤਰ ਵਿੱਚ ਐਮ.ਏ ਅਤੇ ਕੰਪਿਊਟਰ ਦਾ ਕੋਰਸ ਕੀਤਾ। ਆਪ ਜੀ ਨੇ ਕਠਿਨ ਸੰਘਰਸ਼ ਦੇ ਬਾਅਦ ਨੈਸ਼ਨਲ ਬੀਮਾਂ ਕੰਪਨੀ ਵਿੱਚ ਬਤੌਰ ਸਹਾਇਕ ਸਰਕਾਰੀ ਨੌਕਰੀ ਪ੍ਰਾਪਤ ਕੀਤੀ ਤੇ ਅੱਜ ਉਸ ਵਿੱਚ ਸਹਾਇਕ ਪ੍ਰਬੰਧਕ(IT)SCALE-2 ਦੇ ਅਹੁੱਦੇ ਤੇ ਬਿਰਾਜਮਾਨ ਹਨ। ਮੁਸਾਫਿਰ ਜੀ ਇੱਕ ਨਿਡਰ ਤੇ ਮਿਸ਼ਨਰੀ ਹਨ ਜਿਨ੍ਹਾਂ ਨੇ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੇ ਮਿਸ਼ਨ ਵਿੱਚ ਬਿਨਾਂ ਕਿਸੇ ਡਰ ਦੇ ਭੂਮਿਕਾ ਨਿਭਾਈ ਹੈ। 2001 ਵਿੱਚ ਡਰਬਨ ਸਥਿਤ ਸਾਊਥ ਅਫਰੀਕਾ ਵਿੱਚ ਹੋਈ "THIRD United Nations World Conference Against Racism,racial Discrimintion, Xenophobia and Related Intolerance" ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸੰਸਥਾਂ ਦੀ ਤਰਫੋਂ ਪ੍ਰਦੇਸ਼ ਭਰ ਵਿੱਚ ਘਟੀਆ 11 ਪ੍ਰਕਾਰ ਦੀਆਂ ਭੇਦਭਾਵ ਪੂਰਨ ਛੂਆਂ ਛਾਤ ਦੇ 21 ਕੇਸਾਂ ਦੀ "21 Mirror Image of Monstrous Oppressive Atrociters in 21 century" ਦੀ ਰਿਪੋਰਟ ਭੇਜੀ ਇਸ ਦੇ ਫਲਸਰੂਪ ਪ੍ਰਦੇਸ਼ ਸਰਕਾਰ ਮੁਸਾਫਿਰ ਜੀ ਉੱਪਰ ਕੇਸ ਦਰਜ਼ ਰਜਿ ਨੰ. 210 dated 7-8-2001 ਨੂੰ u/s of IPC 341,147&149 ਦੀ ਧਾਰਾ ਤਹਿਤ ਕੇਸ ਦਰਜ਼ ਕੀਤੇ। ਆਪ ਜੀ ਦੀ ਇੱਕ ਪੁਸਤਕ ਵੀ ਪ੍ਰਕਾਸ਼ਿਤ ਹੋਈ ਹੈ ।ਜਿਸ ਵੱਚ ਆਪ ਜੀ ਨੇ ਬ੍ਰਾਹਮਣਵਾਦ ਦੇ ਪਾਖੰਡ ਦਾ ਪਰਦਾ ਫਾਸ ਕੀਤਾ ਹੈ ਅਤੇ ਹੋਰ ਅਨੇਕਾਂ ਪੁਸਤਕਾਂ ਛਪਾਈ ਅਧੀਨ ਹਨ।[30]

## ਡਾ. ਸੋਹਨ ਪਾਲ ਸੁਮਨਾਕਸ਼ਰ

ਦਲਿਤ ਸ਼ੋਸਿਤ ਸਮਾਜ ਦੀ ਪੀੜਾ ਦਾ ਉਲੇਖ ਕਰਦੀਆਂ ਪੁਸਤਕਾਂ ਦੀ ਰਚਨਾ ਡਾ. ਸੋਹਨ ਪਾਲ ਸੁਮਨਾਕਸ਼ਰ ਨੇ ਭਾਰਤੀ ਦਲਿਤ ਸਾਹਿਤ ਐਕਾਡਮੀ ਪ੍ਰਧਾਨ ਹਨ। **30 ਕਿਤਾਬਾਂ ਦੇ ਲਿਖਾਰੀ ਹਨ ਅਤੇ 200 ਤੋ ਵੱਧ ਨਿਬੰਧ ਲਿਖ ਚੁੱਕੇ ਹਨ। ਅਨੇਕਾ ਪੁਸਤਕਾਂ ਦੀ ਭੂਮਿਕਾ ਬੰਨਣ ਵਾਲੇ ਤੇ ਸਮਾਜ ਵਿੱਚ ਸਾਹਿਤ ਸਿਰਜਣ ਦੀ ਦਿਸ਼ਾ ਤੈਅ ਕਰਨ ਵਾਲੇ ਡਾ. ਸੋਹਨ ਪਾਲ ਸੁਮਨਾਕਸ਼ਰ ਲਗਾਤਾਰ ਦਲਿਤ ਸਾਹਿਤ ਦੀ ਸਿਰਜਣਾ ਕਰ ਰਹੇ ਹਨ।** ਆਪ ਜੀ ਦੀ ਨਿਗਰਾਨੀ ਹੇਠ ਅਨੇਕਾਂ ਦਲਿਤ ਸਾਹਿਤ ਸੰਮੇਲਨ ਸਫਲ ਹੋਏ ਹਨ।[31]

## ਸ਼੍ਰੀ ਕਾਲੂ ਰਾਏ ਸੁੰਮਨ

ਸ਼੍ਰੀ ਕਾਲੂ ਰਾਏ ਸੁੰਮਨ ਜੀ ਇੱਕ ਮਹਾਂਵਿਦਵਾਨ ਅਤੇ ਮਹਾਨ ਲਿਖਾਰੀ ਹਨ ਉਹ ਲਗਾਤਾਰ ਗੁਰੂ ਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਦੇ ਮਿਸ਼ਨ ਉੱਪਰ ਲਿਖ ਰਹੇ ਹਨ। ਉਹਨਾਂ ਦੀਆਂ ਲਿਖਤਾਂ ਬਹੁਤ ਹੀ ਵਿਦਵਤਾ ਪੂਰਨ ਹਨ । **ਉਹ ਹੁਣ ਤੱਕ 16 ਪੁਸਤਕਾਂ ਸਮਾਜ ਦੀ ਝੋਲੀ ਪਾ ਚੁੱਕੇ ਹਨ।** ਜਿਨ੍ਹਾਂ ਵਿੱਚ ਗੁਰੂ ਰਵਿਦਾਸ ਜੀ ਦਾ ਮੱਤ, ਗੁਰੂ ਰਵਿਦਾਸ ਜੀ ਦਾ ਮਹਾਂ ਜਾਗੀਕਰਨ, ਬੇਗਮਪੁਰਾ ਮਹਾਂ ਬਿਬੇਕ ਬੁੱਧੀ ਮੰਡਲ, ਕੋ ਬਣਜਾਰੋ ਰਾਮ ਕੋ -ਮਹਾਂ ਪਰਉਪਕਾਰੀ ਪਰੰਪਰਾ ਮਾਰਤੰਡ,ਸੰਤ-ਰਾਸ਼ਟਰ ਦਾ ਮਾਸਟਰ,ਮੁਕੰਦ ਸੰਸਾਰ ਸੁੱਖ ਸ਼ਾਤੀ ਸੰਦੇਸ਼, ਆਰਤੀ ਸੋਲ੍ਹਾਂ ਕਲਾਂ ਸੰਪੂਰਨ ਆਦਿ ਹੋਰ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਹੈ।

ਜਿਨ੍ਹਾਂ ਵਿੱਚ ਭਗਵਾਨ ਬੁੱਧ ਜੀ , ਭਗਵਾਨ ਵਾਲਮੀਕ ਜੀ ਸੰਤ ਕਬੀਰ ਜੀ ਹਨ ।[32]

## ਸ਼੍ਰੀ ਬਲਵੀਰ ਮਾਧੋਪੁਰੀ

ਛਾਂਗਿਆ ਰੁੱਖ ਵਰਗੀ ਸਵੈ ਜੀਵਨੀ ਲਿਖਣ ਵਾਲੇ ਬਲਵੀਰ ਮਾਧੋਪੁਰੀ ਨੇ ਦਲਿਤ ਸਾਹਿਤ ਵਿੱਚ ਬਹੁਤ ਪ੍ਰਸਿੱਧੀ ਖੱਟੀ ਹੈ। ਉਸ ਦੀਆ ਰਚਨਾਵਾਂ ਵਿੱਚ ਮਾਰੂਥਲ ਦਾ ਬਿਰਖ, ਭੱਖਦਾ ਪਤਾਲ, ਦਿੱਲੀ ਇੱਕ ਵਿਰਾਸਤ, ਸਮੁੰਦਰ ਦੇ ਸੰਗ ਸੰਗ, ਦਿੱਲੀ ਦੇ 10 ਇਤਿਹਾਸਕ ਗੁਰੂਦਵਾਰੇ, ਸਹਿਤਕ ਮੁਲਾਕਾਤਾ ਆਦਿ ਉਸ ਦੀਆਂ ਰਚਨਾਵਾਂ ਹਨ। **ਉਸ ਨੇ 23 ਕਿਤਾਬਾਂ** ਦੇ ਕਰੀਬ ਅਨੁਵਾਦ ਵੀ ਕੀਤੇ ਹਨ। ਛਾਂਗਿਆ ਰੁੱਖ ਦੇ ਕਈ ਐਡੀਸ਼ਨ ਵੀ ਛੱਪ ਚੁੱਕੇ ਹਨ।[33]

## ਸ਼੍ਰੀ ਕਾਸ਼ੀ ਰਾਮ ਕਲੇਰ

ਸ਼੍ਰੀ ਕਾਸ਼ੀ ਰਾਮ ਕਲੇਰ ਜ਼ਿਲ੍ਹਾਂ ਜਲੰਧਰ ਦੇ ਪਿੰਡ ਜੰਡੂ ਸਿੰਘਾ ਦਾ ਵਸਨੀਕ ਹੈ ਅਤੇ ਡੇਰਾ ਸੱਚ ਖੰਡ ਬੱਲਾ ਦਾ ਪੱਕਾ ਅਨੁਆਈ ਹੈ। ਬਚਪਨ ਤੋਂ ਹੀ ਸਮਾਜਿਕ,ਧਾਰਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲਾ ਕਲੇਰ ਇੱਕ ਚੰਗਾ ਮੰਚ ਸਚਾਲਕ ਵੀ ਹੈ । ਵਿੱਦਿਆਰਥੀ ਜੀਵਨ ਵਿੱਚ ਸਹਿਤਕ ਕੰਮਾ ਵਿੱਚ ਰੁਚੀ ਲੈਣ ਕਾਰਨ ਦੋਆਬਾ ਕਾਲਜ ਜਲੰਧਰ ਦੀ ਸੈਂਟਰਲ ਐਸੋਸੀਏਸ਼ਨ ਦਾ ਮੈਂਬਰ ਪੰਜਾਬੀ ਸਾਹਿਤ ਸਭਾ ਦਾ ਖਜਾਨਚੀ ਵੀ ਰਹਿ ਚੁੱਕਾ ਹੈ। ਪੇਸ਼ੇ ਵਜੋਂ 20 ਸਾਲ ਜਲੰਧਰ ਦੀ ਕਚਿਹਰੀ ਵਿੱਚ ਸੀਨੀਅਰ ਰਿਟਾਂ. ਜੱਜ ਸ਼੍ਰੀ ਆਰ.ਸੀ ਪਾਲ ਜੀ ਨਾਲ ਬਤੌਰ ਅਸਿਸਟੈਂਟ ਵੱਜੋਂ ਕੰਮ ਕੀਤਾ ।

ਕਾਲਜ ਦੇ ਜੀਵਨ ਸਮੇਂ ਬਹੁਤ ਸਾਰੀਆਂ ਸਾਹਿਤਿਕ ਪ੍ਰਾਪਤੀਆਂ ਦਾ ਮਾਲਿਕ ਹੈ। ਆਪ ਲਗਾਤਾਰ 10 ਸਾਲ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ। ਇਲਾਕੇ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪ ਕਈ ਵਰ੍ਹੇ ਆਦਮਪੁਰ ਬਲਾਕ ਦੀ ਪੰਚ-ਸਰਪੰਚ ਯੂਨੀਅਨ ਦੇ ਸਕੱਤਰ ਰਹੇ ਹਨ। ਰਵਿਦਾਸ ਪੱਤ੍ਰਿਕਾ, ਭੀਮ ਪੱਤ੍ਰਿਕਾ, ਕਿਰਤੀ, ਬੇਗਮਪੁਰਾ ਪੱਤ੍ਰਿਕਾ, ਜਨਤਕ ਲਹਿਰ, ਅਤੇ ਹੋਰ ਬਹੁਤ ਸਾਰੀਆ ਅਖਵਾਰਾ ਵਿੱਚ ਲਿਖਦੇ ਆ ਰਹੇ ਹਨ। ਸ਼੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ, ਅੰਤਰ ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ ਵਿੱਚ ਸੇਵਾਵਾਂ ਨਿਭਾ ਰਹੇ ਹਨ।

'**ਡੇਰਾ ਸੱਚ ਖੰਡ ਬੱਲਾਂ ਦੀ ਇਤਿਹਾਸਕ ਗਾਥਾ**' ਲਿਖਣ ਉਪਰੰਤ ਗੋਲਡ ਮੈਡਲ ਪ੍ਰਾਪਤ ਹੋਇਆ। '**ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸੰਤ ਸੁਰਿੰਦਰ ਦਾਸ ਜੀ**' ਆਪ ਜੀ ਦੀ ਪ੍ਰਸਿੱਧ ਪੁਸਤਕ ਹੈ। ਉਸ ਦੀਆਂ ਬਹੁਤ ਸਾਰੀਆ ਖੋਜ ਭਰਪੂਰ ਪੁਸਤਕਾ ਜਲਦੀ ਪ੍ਰਕਾਸ਼ਿਤ ਹੋ ਰਹੀਆ ਹਨ।[34]

## ਡਾ .ਅੰਮ੍ਰਿਤ ਲਾਲ ਪਾਲ

ਡਾ.ਅੰਮ੍ਰਿਤ ਲਾਲ ਪਾਲ ਦਾ ਜੀ ਦਾ ਜਨਮ ਸ਼੍ਰੀਮਤੀ ਪ੍ਰੀਤਮ ਕੌਰ ਜੀ ਦੀ ਕੁੱਖੋ ਪਿਤਾ ਸ਼੍ਰੀ ਕਿਸਨ ਚੰਦ ਜੀ ਦੇ ਘਰ ਜੰਡੂ ਸਿੰਘਾ ਜਲੰਧਰ ਵਿਖੇ ਹੋਇਆ ਸੀ ।ਆਪ ਜੀ ਦੇ ਦਾਦੀ ਪੂਨਾ ਦੇਵੀ ਜੀ ਅਤੇ ਦਾਦਾ ਜੀ ਸ਼੍ਰੀ ਹਰਦਿੱਤਾ ਰਾਮ ਜੀ ਠੇਕੇਦਾਰ ਸੀ। ਆਪ ਜੀ ਦੇ ਪਿਤਾ ਜੀ ਮੱਝਾ ਦੇ ਵਿਉਪਾਰੀ ਸਨ ਆਪ ਜੀ ਬਚਪਨ ਤੋਂ ਹੀ ਮਿਹਨਤੀ ਸਨ ਆਪਣੇ ਘਰਦਿਆਂ ਕੰਮਾ ਵਿੱਚ

ਪਿਤਾ ਜੀ ਦੀ ਸਹਾਇਤਾ ਕਰਦੇ ਸਨ ।

ਆਪ ਜੀ ਨੇ ਉੱਚ ਕੋਟੀ ਦੀ ਵਿੱਦਿਆ ਪ੍ਰਾਪਤ ਕੀਤੀ।ਜਿਸ ਵਿੱਚ ਆਪ ਜੀ ਨੇ ਐਮ.ਏ, ਐਮ.ਫਿਲ, ਪੀ.ਐਚ.ਡੀ ਆਦਿ ਡਿਗਰੀਆ ਪ੍ਰਾਪਤ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਨਾਮ ਰੋਸ਼ਨ ਕੀਤਾ ।ਆਪ ਜੀ ਪ੍ਰੋਫੈਸਰ ਦੀ ਨੌਕਰੀ ਉੱਪਰੰਤ ਆਲ ਇੰਡੀਆ ਰੇਡੀਓ ਜਲੰਧਰ ਵਿੱਚ ਬਤੌਰ ਅਸਿਸਟੈਂਟ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਈਆ। ਆਪ ਜੀ ਦੀ ਧਰਮ ਪਤਨੀ ਸ਼੍ਰੀ ਮਤੀ ਵਿੱਦਿਆਵਤੀ ਜੀ (ਐਮ.ਏ,ਪੀ.ਐਚ.ਡੀ)ਕਾਲਿਜ ਪ੍ਰਿਸੀਪਲ ਰਿਟਾ.ਹੋਏ ਸਨ।

ਆਪ ਜੀ ਨੂੰ ਸਾਹਿਤ ਸਿਰਜਣਾ ਦਾ ਬਹੁਤ ਜਿਆਦਾ ਸ਼ੌਂਕ ਸੀ । ਆਪ ਜੀ ਨੇ ਸਾਹਿਤ ਸਿਰਜਣਾ ਵਿੱਚ ਵੱਡਮੁੱਲਾ ਯੋਗਦਾਨ ਪਾਇਆ। **ਦਰਜਨਾ ਪੁਸਤਕਾਂ ਦੀ ਰਚਨਾ ਕਰਕੇ ਆਪ ਜੀ ਨੇ ਆਪਣੀ ਤੀਖਣ ਅਤੇ ਦੂਰ ਦ੍ਰਿਸ਼ਟੀ ਸੋਚ ਦਾ ਪ੍ਰਮਾਣ ਦਿੱਤਾ।** ਆਪ ਜੀ ਦਾ ਯੋਗਦਾਨ ਅਮੁੱਲ ਹੈ ਜਿਸ ਨੂੰ ਸਮਾਜ ਦੇ ਲੋਕ ਹਮੇਸ਼ਾ ਚੇਤਿਆ ਵਿੱਚ ਵਸਾ ਕੇ ਰੱਖਣਗੇ।[35]

## ਸ਼੍ਰੀ ਦੇਸ ਰਾਜ ਕਾਲੀ

ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਬਹੁਤ ਚਰਚਿੱਤ ਨਾਮ ਹੈ ਦੇਸ ਰਾਜ ਕਾਲੀ ਜਿਹਨਾਂ ਨੇ ਆਪਣੀ ਮਿਹਨਤ ਦੇ ਦਮ ਉੱਪਰ ਸਾਹਿਤ ਜਗਤ ਵਿੱਚ ਆਪਣਾ ਨਾਂ ਦਰਜ ਕੀਤਾ ਹੈ।ਉਸ ਦਾ ਜਨਮ 16 ਮਾਰਚ 1971 ਨੂੰ ਹੋਇਆ ਅਤੇ ਓਉਸ ਨੇ ਆਪਣੀ ਮੇਹਨਤ ਅਤੇ ਲਗਨ ਨਾਲ ਸਾਹਿਤ ਜਗਤ ਵਿੱਚ ਆਪਣੀ ਪਹਿਚਾਣ ਸਥਾਪਤ ਕੀਤੀ ਹੈ।1990 ਵਿੱਚ ਉਸ ਨੇ ਆਪਣੀ ਲੇਖਣੀ ਦਾ ਸਫਰ ਸੁਰੂ ਕੀਤਾ ਸੀ । ਉਸ ਨੇ ਹੁਣ ਤੱਕ ਸਾਹਿਤ ਦੇ ਖੇਤਰ ਵਿੱਚ ਇੱਕ ਨਹੀਂ ਅਨੇਕਾਂ ਪੁਸਤਕਾਂ ਪਾਈਆ ਜੋ ਬਹੁਤ ਚਰਚਿਤ ਹੋਈਆ ਸਨ। ਦੇਸ ਰਾਜ ਕਾਲੀ ਕਾਫੀ ਸਮੇਂ ਤੋਂ ਡਾ.ਅੰਬੇਡਕਰ ਜੀ ਉਪਰ ਗਹਿਰਾ ਅਧਿਐਨ ਕਰ ਰਹੇ ਹਨ ਅਤੇ ਹੋਰ ਦਲਿਤ ਵਿਸ਼ਿਆ ਉੱਪਰ ਗਹਿਰੀ ਪਕੜ ਹੈ। ਦੇਸ ਰਾਜ ਕਾਲੀ ਅਨੇਕਾਂ ਛਪਦੇ ਰੋਜਾਨਾ ਪੇਪਰਾਂ ਵਿੱਚ ਲਗਾਤਾਰ ਛਪਦੇ ਰਹਿੰਦੇ ਹਨ। ਉਹਨਾਂ ਦੇ ਵਿਸ਼ੇ ਲੋਕ ਹਿੱਤ ਵਿੱਚ ਹੁੰਦੇ ਹਨ ਰਾਜਨੀਤੀ ਵਿੱਚ ਚੰਗੀ ਸੇਧ ਦੇਣ ਦੀ ਪੈਰਵੀਂ ਕਰਦੇ ਹਨ। ਦੇਸ ਰਾਜ ਕਾਲੀ ਨੂੰ ਸਾਹਿਤ ਨਾਲ ਬਹੁਤ ਪਆਰ ਹੈ ਇਸੇ ਪਿਆਰ ਸਦਕਾ ਉਹ ਪਾਠਕਾ ਦੇ ਮਨਾਂ ਵਿੱਚ ਵਸਦਾ ਹੈ।ਦੇਸ ਰਾਜ ਕਾਲੀ ਦਿਆ ਹੁਣ ਤੱਕ ਕਈ ਪੁਸਤਕਾ ਪ੍ਰਕਾਸ਼ਤ ਹੋ ਚੁਕੀਆ ਹਨ ਜਿਨ੍ਹਾ ਵਿੱਚ ਸ਼ਾਂਤੀ ਪਰਵ, ਪ੍ਰਥਮ ਪੋਰਾਣ, ਪਰਣੇਸ਼ਵਰੀ, ਫਕੀਰੀ, ਸ਼ਹਿਰ ਵਿੱਚ ਸਾਨ੍ਹ ਹੋਣ ਦਾ ਮਤਲਬ, ਯਹਾਂ ਚਾਹੇ ਅੱਛੀ ਨਹੀਂ ਬਨਤੀ , ਦਲਿਤ ਸਵਾਲ ਨੂੰ ਸਮਝਦਿਆ ਆਦਿ ਉਸ ਦੀਆ ਪ੍ਰਸਿੱਧ ਪੁਸਤਕਾਂ ਹਨ।[36]

## ਸ਼੍ਰੀ ਜਗਦੀਸ਼ ਰਾਣਾ

ਜਗਦੀਸ਼ ਰਾਣਾ ਇੱਕ ਲੰਬੇ ਗੀਤਕਾਰੀ ਦੇ ਸਫ਼ਰ ਦਾ ਨਾਮ ਹੈ ਜੋ ਸਮਾਜਿਕ ਬੁਰਾਈਆਂ ,ਕੁਰੀਤੀਆ ਤੇ ਨਿਰੰਤਰ ਚਲਦੀ ਕਲਮ ਦਾ ਨਾਮ ਹੈ ਜਿਸ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਅਨੇਕਾਂ ਰਚਨਾਵਾਂ ਲਿਖ ਕੇ ਇਤਿਹਾਸ ਸਿਰਜਿਆ ਹੈ। ਉਸ ਦੀ ਲਿਖਤ ਵਿੱਚ ਸਮਾਜ ਦਾ ਦਰਦ ,ਮਜਲੂਮਾਂ ਦੀ ਪੀੜ੍ਹਾ ਅਤੇ ਰਹਿਬਰਾਂ ਦੇ ਮਿਸ਼ਨ ਉੱਪਰ ਚੱਲਣ ਵਾਲਾ ਨੇਕ ਦਿੱਲ ਖੂਬਸੂਰਤ ਇਨਸਾਨ ਹੈ। ਉਸ ਦਾ ਜਨਮ ਸਥਾਨ ਨਾਨਕਾ ਪਿੰਡ 2 ਸੀ.ਸੀ ਜ਼ਿਲ੍ਹਾ ਗੰਗਾ ਨਗਰ ਰਾਜਸਥਾਨ ਮਾਤਾ ਸ਼੍ਰੀਮਤੀ ਪਾਲੋ ਦੇਵੀ ਜੀ ਦੀ ਕੁਖੋਂ ਪਿਤਾ ਸ਼੍ਰੀ ਪ੍ਰੀਤਮ ਦਾਸ (ਰਿਟਾ.ਆਰਮੀ) ਦੇ ਘਰ ਹੋਇਆ। ਉਸ ਦੀ ਪਤਨੀ ਦਾ ਨਾਮ ਜਸਵੀਰ ਕੌਰ ਹੈ। ਆਪ

ਪਰਿਵਾਰਕ ਜ਼ਿੰਮੇਵਾਰੀਆ ਦੇ ਨਾਲ ਨਾਲ ਸਮਾਜਿਕ ਰਾਜਨੀਤਕ ਜ਼ਿੰਮੇਵਾਰੀਆ ਵੀ ਵਧੀਆਂ ਢੰਗ ਨਾਲ ਨਿਭਾ ਰਿਹੇ ।

ਉਸ ਦੇ ਲਿਖੇ ਗੀਤਾਂ ਨੂੰ ਪ੍ਰਸਿੱਧ ਗਾਇਕਾ ਨੇ ਗਾਇਆ ਹੈ ਜਿਨ੍ਹਾਂ ਵਿੱਚ ਸ਼੍ਰੀ ਅਰਵਿੰਦਰ ਆਲਮ, ਕੇ.ਐਸ ਮੱਖਣ, ਜੀਵਨ ਸੋਹਲ, ਲੈਬਰ ਹੁਸੈਨਪੁਰੀ,ਜਾਕਿਰ ਹੁਸੇਨ, ਨਿਰਮੱਲ ਸਿੱਧੂ ਆਦਿ ਨੇ ਗਾ ਕੇ ਨਾਮਣਾ ਖੱਟਿਆ ਹੈ ।**ਉਸ ਨੂੰ ਸ਼ਿਵ ਕੁਮਾਰ ਬਟਾਲਵੀ ਐਵਾਰਡ, ਨੰਦ ਲਾਲ ਨੂਰਪੁਰੀ ਐਵਾਰਡ, ਗੁਰਦਾਸ ਰਾਮ ਆਲਮ ਯਾਦਗਰੀ ਐਵਾਰਡ ਤੇ ਹੋਰ 9 ਐਵਾਰਡ ਪ੍ਰਾਪਤ ਜਗਦੀਸ਼ ਰਾਣਾ ਸਾਹਿਤ ਜਗਤ ਵਿੱਚ ਸੇਵਾਵਾਂ ਨਿਭਾ ਰਿਹਾ ਹੈ।**[37]

## ਸ਼੍ਰੀ ਜੋਗਿੰਦਰ ਮੰਡ

ਜੋਗਿੰਦਰ ਮੰਡ ਸਤਿਗੁਰੂ ਰਵਿਦਾਸ ਵਿਚਾਰਧਾਰਾ ਨੂੰ ਸਮਰਪਿਤ ਨਾਮ ਹੈ ਜਿਸ ਨੇ ਕਾਫੀ ਸਮੇ ਤੋਂ ਸਤਿਗੁਰੂ ਰਵਿਦਾਸ ਜੀਵਨ, ਮਿਸ਼ਨ ਤੇ ਵਿਚਾਰਧਾਰਾ ਉੱਪਰ ਲਿਖ ਕੇ ਆਪਣਾ ਨਾਮ ਸਾਹਿਤ ਵਿੱਚ ਦਰਜ ਕੀਤਾ ਹੈ ਉਸ ਦੀ ਸੋਚ, ਉਸ ਦੇ ਵਿਚਾਰਾਂ ਵਿੱਚੋ ਰਹਿਬਰਾਂ ਦਾ ਮਿਸ਼ਨ ਝਲਕਦਾ ਹੈ। ਜੋਗਿੰਦਰ ਮੰਡ ਜੀ ਨੇ ਸਤਿਗੁਰੂ ਰਵਿਦਾਸ ਜੀ ਉੱਪਰ ਚੌਹਾਂ ਯੁੱਗਾ ਦੇ ਅਵਤਾਰ, ਸਤਿਗੁਰੂ ਰਵਿਦਾਸ ਜੀ ਮਹਾਰਾਜ , ਪ੍ਰਭਾਤ ਫੇਰੀਆ ਅਤੇ ਸ਼ਬਦ ਸੰਗ੍ਰਿਹ ,ਪਰਮ ਪਾਰਸ ਸਤਿਗੁਰੂ ਰਵਿਦਾਸ ਜੀ ਮਹਾਰਾਜ, ਸੁੱਚੇ ਮੋਤੀ ਸਤਿਗੁਰੂ ਰਵਿਦਾਸ ਜੀ ਆਦਿ ਪੁਸਤਕਾਂ ਲਿਖੀਆ ਹਨ

ਉਹਨਾਂ ਦੇ ਅਨੇਕਾਂ ਗੀਤ ਵੱਖ-ਵੱਖ ਗਾਇਕਾ ਨੇ ਗਾਏ ਹਨ ।ਜਿਵੇ ਤੂੰਬਾ ਮੀਰਾ ਦਾ,ਅਣਖੀ ਯੋਧਾਂ,ਧੀਆਂ ਗੁਰੂ ਰਵਿਦਾਸ ਦੀਆਂ ਗੀਤ ਬਹੁਤ ਸੁਪਰਹਿੱਟ ਹੋਏ। ਜੋਗਿੰਦਰ ਮੰਡ ਨੇ ਆਪਣਾ ਲਿਖਣ ਦਾ ਸਫਰ ਨਿਰੰਤਰ ਜਾਰੀ ਹੈ ।[38]

## ਸ਼੍ਰੀ ਸਤਪਾਲ ਸਾਹਲੋਂ

ਸਤਪਾਲ ਸਾਹਲੋਂ ਜੀ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ ਸਤਿਗੁਰੂ ਰਵਿਦਾਸ ਜੀ ਮਹਾਰਾਜ, ਬਾਬਾ ਸਾਹਿਬ ਡਾ.ਅੰਬੇਡਕਰ ਅਤੇ ਦਲਿਤ ਰਹਿਬਰਾਂ ਦੀ ਸੋਚ ਨੂੰ ਲੈ ਕੇ ਚੱਲਣ ਵਾਲਾ ਮਿਸ਼ਨਰੀ ਲੇਖਕ ਤੇ ਗੀਤਕਾਰ ਹੈ । **ਉਸ ਦੀ ਪਹਿਲੀ ਕਵਿਤਾ ਰਵਿਦਾਸ ਪੱਤ੍ਰਿਕਾ ਵਿੱਚ 1974 ਵਿੱਚ ਛਪੀ ਸੀ। ਜਿਸ ਤੋਂ ਬਾਆਦ ਚੱਲ ਸੋ ਚੱਲ ਲਗਾਤਾਰ ਜਾਰੀ ਹੈ ਜਿਸ ਨੇ ਆਪਣੀ ਗੀਤਕਾਰੀ ਦਾ ਇੱਕ ਲੰਬਾ ਸਫਰ ਤੈਅ ਕੀਤਾ ਹੈ।** ਸਤਪਾਲ ਸਾਹਲੋਂ ਜੀ ਨੇ ਸਮਾਜ ਵਿੱਚ ਚੇਤਨਾ ਲਈ ,ਰਹਿਬਰਾਂ ਦੀ ਪ੍ਰੇਰਣਾ ਸਦਕਾ ਗੀਤਕਾਰੀ ਦਾ ਇੱਕ ਮੀਲ ਪੱਥਰ ਸਥਾਪਿਤ ਕੀਤਾ ਹੈ। ਜਿਹਨਾਂ ਨੂੰ ਅਨੇਕਾਂ ਗਾਇਕਾ ਨੇ ਗਾ ਕੇ ਨਾਮਣਾ ਖੱਟਿਆ ਹੈ ਸਤਪਾਲ ਸਾਹਲੋਂ ਨੇ ਸਾਹਿਤ ਦੇ ਖੇਤਰ ਵਿੱਚ ਅਨਮੋਲ ਯੋਗਦਾਨ ਪਾਇਆ ਜਿਸ ਨੂੰ ਦਲਿਤ ਸਮਾਜ ਹਮੇਸ਼ਾ ਯਾਦ ਰੱਖੇਗਾ । ਡੇਰਾ ਸੱਚ ਖੰਡ ਬੱਲਾਂ ਦਾ ਉਸ ਦੇ ਜੀਵਨ ਉੱਪਰ ਬਹੁਤ ਪ੍ਰਭਾਵ ਹੈ ।

ਮਹਾਂਪੁਰਸ਼ਾਂ ਨਾਲ ਉਸ ਦਾ ਗਹਿਰਾ ਪਿਆਰ ਹੈ । ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨੇ ਉਹਨਾਂ ਨੂੰ ਖਾਸ ਅਸ਼ੀਰਵਾਦ ਦਿੱਤਾ ਜਿਸ ਦੀ ਬਦੌਲਤ ਉਸਨੇ ਸਾਹਿਤ ਖੇਤਰ ਵਿੱਚ ਵੱਡੀਆ ਪ੍ਰਾਪਤੀਆ ਪ੍ਰਾਪਤ ਕੀਤੀਆ । **ਸਤਿ ਭਾਖੈ ਰਵਿਦਾਸ, ਇਹ ਜਨਮ ਤੁਮਾਰ੍ਹੇ ਲੇਖੇ, ਜੱਪ ਗੁਰੂ ਰਵਿਦਾਸ, ਧੰਨ ਗੁਰੂ ਰਵਿਦਾਸ, ਧੰਨ ਭੀਮਾ ਜਾਏ, ਰਹਿਬਰ ਪੂਜੋ ਆਪਣੇ ਕਿਉ ਦਿਲੋਂ ਭੁਲਾਏ, ਆਦਿ ਉਸ ਦੀਆਂ ਖਾਸ ਪ੍ਰਾਪਤੀਆ ਹਨ।** ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਨਵਾਂ ਸ਼ਹਿਰ ਦਾ ਪ੍ਰਧਾਨ, ਸ਼੍ਰੀ ਗੁਰੂ ਰਵਿਦਾਸ ਸਾਹਿਤ ਸਭਾ ਰਜਿ ਪੰਜਾਬ

ਦਾ ਪ੍ਰਧਾਨ, ਨਵਜੋਤ ਸਾਹਿਤ ਸੰਸਥਾ ਦਾ ਪ੍ਰਧਾਨ (ਰਜਿ ਔੜ) ਦੀਆਂ ਸੇਵਾਵਾਂ ਨਿਭਾ ਰਹੇ ਹਨ ਉਹ ਕਾਫੀ ਸਮੇਂ ਤੋਂ ਪੰਜਾਬੀ ਮੈਗਜ਼ੀਨ ਅਦਬੀ ਮਹਿਕ ਆਪਣੀ ਦੇਖ-ਰੇਖ ਵਿੱਚ ਚਲਾ ਰਹੇ ਹਨ। ਸਤਪਾਲ ਸਾਹਲੋਂ ਜੀ ਦੀ ਗਜ਼ਲਾਂ ਦੀ ਕਿਤਾਬ 'ਚੁੱਪ ਦੀ ਅਵਾਜ' ਵੀ ਪ੍ਰਕਾਸ਼ਿਤ ਹੋਈ ਹੈ ।[39]

## ਸ਼੍ਰੀ ਚਮਨ ਲਾਲ ਚਣਕੋਆ

ਸ਼੍ਰੀ ਚਮਨ ਲਾਲ ਚਣਕੋਆ ਜੀ ਬਹੁਜਨ ਸਮਾਜ ਨੂੰ ਸਮਰਪਿਤ ਲੇਖਕ ਹਨ ਜਿਨ੍ਹਾਂ ਦਾ ਜਨਮ 8-1-1961 ਨੂੰ ਪਿੰਡ ਚਣਕੋਆ ਵਿੱਚ ਮਾਤਾ ਸ਼੍ਰੀ ਮਤੀ ਰਾਮ ਰੱਖੀ ਜੀ ਅਤੇ ਪਿਤਾ ਸ਼੍ਰੀ ਅਮਰ ਚੰਦ ਜੀ ਦੇ ਘਰ ਹੋਇਆ ਆਪ ਜੀ ਬਚਪਨ ਤੋਂ ਹੀ ਬਹੁਤ ਮਿਹਨਤੀ ਸਨ ਅਤੇ ਸਮਾਜ ਵਿੱਚ ਚੇਤਨਾ ਲਈ ਹਮੇਸ਼ਾ ਮਹਾਂਪੁਰਸ਼ਾਂ ਦਾ ਸਾਹਿਤ ਪੜ੍ਹਦੇ ਸਨ। ਚਮਨ ਲਾਲ ਜੀ ਨੇ ਬੀ.ਏ ਤੱਕ ਦੀ ਪੜਾਈ ਪੂਰੀ ਕੀਤੀ । ਆਪ ਜੀ ਆਪਣੇ ਪਿੰਡ ਦੇ 5 ਸਾਲ ਸਰਪੰਚ ਰਹੇ ਸਨ।ਆਪ ਜੀ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੋਏ ਉਹਨਾਂ ਦੇ ਮਿਸ਼ਨ ਨੂੰ ਸਮਰਪਿਤ ਹੋ ਗਏ।

ਉਨ੍ਹਾਂ ਦੀਆਂ ਲਿਖੀਆਂ ਪ੍ਰਸਿੱਧ ਪੁਸਤਕਾ ਬੇਗਮਪੁਰੇ ਦੇ ਸੁਪਨਸਾਜ, ਬਾਬਾ ਸਾਹਿਬ ਦੇ ਗੁਰੂ ਬੋਧੀਸੱਤਵ (ਇਹ ਪੁਸਤਕਾਂ ਉਹਨਾਂ ਨੇ ਡਾ.ਜਸਵੀਰ ਨਾਲ ਮਿਲ ਕੇ ਲਿਖੀਆਂ ਸਨ ), ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ (ਸੰਪਾਦਤ), ਸ਼ਾਹੂ ਜੀ ਮਹਾਰਾਜ ਜੀ , ਆਦਿ ਪੁਸਤਕਾ ਦੀ ਰਚਨਾ ਉਹਨਾਂ ਦੀ ਖਾਸ ਪ੍ਰਾਪਤੀ ਹੈ। ਉਹ ਸਾਹਿਤ ਸਿਰਜਣਾ ਦਾ ਕੰਮ ਨਿਰਵਿਘਨ ਕਰ ਰਹੇ ਹਨ। [40]

## ਸ਼੍ਰੀ ਰਜਿੰਦਰ ਬੰਗੜ

ਸ਼੍ਰੀ ਰਜਿੰਦਰ ਬੰਗੜ ਜੀ ਦਾ ਜਨਮ 1-12-1953 ਨੂੰ ਪਿੰਡ ਰਾਏਪੁਰ (ਰਸੂਲਪੁਰ) ਪਿਤਾ ਸ਼੍ਰੀ ਮਾਸਟਰ ਜੱਗੂ ਰਾਮ ਜੀ ਦੇ ਘਰ ਮਾਤਾ ਸ਼੍ਰੀਮਤੀ ਹਰਭਜਨ ਕੌਰ ਜੀ ਦੇ ਕੁੱਖੋਂ ਹੋਇਆ । ਆਪ ਜੀ ਦਾ ਪੂਰਾ ਪਰਿਵਾਰ ਜਗਤਗੁਰੂ ਰਵਿਦਾਸ ਜੀ ਅਤੇ ਸੰਤ ਸਰਵਣ ਦਾਸ ਜੀ ਦੇ ਪੱਕੇ ਅਨੁਯਾਈ ਸਨ। ਆਪ ਜੀ ਦੇ ਪਿਤਾ ਕਿੱਤੇ ਵਜੋਂ ਅਧਿਆਪਕ ਸਨ ਅਤੇ ਸੰਤ ਸੇਵੀ ਵਿਰਤੀ ਦੇ ਮਾਲਕ ਸਨ। ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਦੇ ਫਾਉਂਡਰ ਟਰੱਸਟੀ ਵੀ ਸਨ। ਸ਼੍ਰੀ ਰਜਿੰਦਰ ਬੰਗੜ ਜੀ ਸਿੱਖਿਆ ਵਿਭਾਗ ਵਿੱਚ ਸੇਵਾ ਮੁਕਤ ਹਨ। ਆਪ ਜੀ ਅੰਦਰ ਮਿਸ਼ਨਰੀ ਭਾਵਨਾ ਬਚਪਨ ਤੋਂ ਹੀ ਹੈ।

**ਆਪ ਜੀ 50 ਦੇ ਕਰੀਬ ਗੀਤ ਸਮਾਜ ਦੀ ਝੋਲੀ ਵਿੱਚ ਪਾ ਚੁੱਕੇ ਹਨ** ਅਤੇ ਅੱਗੋ ਕਾਰਜਸ਼ੀਲ ਹਨ। ਆਪ ਜੀ ਦੇ ਪ੍ਰੇਰਣਾ ਸ੍ਰੋਤ ਅਮਰ ਸ਼ਹੀਦ 108 ਸੰਤ ਰਾਮਾਨੰਦ ਜੀ ਰਹੇ ਹਨ ਅਤੇ ਅਜੋਕੇ ਸਮੇਂ ਵਿੱਚ ਹਰ ਸੇਧ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਪਾਸੋਂ ਪ੍ਰਪਤ ਕਰ ਰਹੇ ਹਨ। ਆਪ ਜੀ ਦੇ ਹੋਣਹਾਰ ਬੱਚੇ ਜੋ ਬੰਗੜ ਬ੍ਰਦਰਜ਼ ਰਾਏਪੁਰ ਦੇ ਜੱਥੇ ਵਜੋਂ ਜਾਣੇ ਜਾਂਦੇ ਹਨ। ਦੇਸ਼ ਵਿਦੇਸ਼ ਵਿੱਚ ਮਿਸ਼ਨ ਦਾ ਪ੍ਰਚਾਰ ਕਰ ਰਹੇ ਹਨ।[41]

## ਸ਼੍ਰੀ ਧਰਮ ਪਾਲ ਪੈਂਥਰ

ਸ਼੍ਰੀ ਧਰਮ ਪਾਲ ਪੈਂਥਰ ਬਹੁਜਨ ਚਿੰਤਨ ਸ਼ੀਲ ਤਰਕਸ਼ੀਲ ਕਵੀ ਦਾ ਨਾਂ ਹੈ ਜੋ ਇੱਕ ਸਮਾਜ ਨੂੰ ਸਮਰਪਿਤ ਵਿਅਕਤੀ ਦਾ ਨਾਂ ਹੈ ਜਿਸ ਵਿੱਸ ਸਮਾਜ ਪ੍ਰਤੀ ਕੰਮ ਕਰਨ ਦਾ ਜਜਬਾਂ ਇੱਕ

ਸੰਸਥਾ ਜਿਹਾ ਹੈ। ਧਰਮ ਪਾਲ ਪੈਂਥਰ ਦਾ ਜਨਮ ਪਿੰਡ ਵਿਰਕ ਜ਼ਿਲ੍ਹਾਂ ਜਲੰਧਰ ਵਿੱਚ ਹੋਇਆ ਹੈ ਜਿਸ ਨੇ ਆਪਣੀ ਮੇਹਨਤ ਚੰਗੀ ਸਿੱਖਿਆ ਪ੍ਰਾਪਤੀ ਤੋਂ ਬਾਅਦ ਰੇਲ ਕੋਚ ਫੈਕਟਰੀ ਕਪੂਰਥਲਾ ਵਿੱਚ ਨੌਕਰੀ ਕਰ ਰਹੇ ਹਨ। ਧਰਮ ਪਾਲ ਪੈਂਥਰ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਸਮਰਪਿਤ ਹੈ ਅਤੇ ਮਿਸ਼ਨ ਦੀ ਪੂਰਤੀ ਲਈ ਆਪਣੇ ਰਹਿਬਰਾਂ ਨੂੰ ਸਮਰਪਿਤ ਕਵਿਤਾ ਦੀ ਰਚਨਾ ਕਰਦਾ ਹੈ ਉਸ ਦੀ ਕਵਿਤਾ ਵਿੱਚ ਸਮਾਜ ਲਈ ਚਿੰਤਾ ਅਤੇ ਚਿੰਤਨ ਝਲਕਦਾ ਹੈ।[42]

## ਸ਼੍ਰੀ ਅਜੀਤ ਚੰਦ ਨਿਮਤਾ

ਸ਼੍ਰੀ ਅਜੀਤ ਚੰਦ ਨਿਮਤਾ ਜੀ ਇੱਕ ਬਹੁਤ ਹੀ ਸੂਝਵਾਨ ਵਿਦਵਾਨ ਵਿਅਕਤੀ ਦਾ ਨਾਮ ਹੈ ਜਿਨ੍ਹਾਂ ਨੇ ਦਲਿਤ ਸਮਾਜ ਦੀ ਝੋਲੀ ਵਿੱਚ ਇੱਕ ਨਹੀ ਅਨੇਕਾਂ ਪੁਸਤਕਾਂ ਪਾਈਆਂ ਹਨ। ਜਿਨ੍ਹਾਂ ਦੀ ਸਾਰੀ ਜਿੰਦਗੀ ਸਮਾਜ ਵਿੱਚ ਪਰਿਵਰਤਨ ਲਿਆਉਣ ਦੇ ਉਦੇਸ਼ ਨਾਲ ਹੀ ਗੁਜਰੀ। ਅਜੀਤ ਚੰਦ ਨਿਮਤਾ ਜੀ ਇੱਕ ਸੰਘਰਸ਼ਸ਼ੀਲ ਆਗੂ ਜੋ ਸਮਾਜ ਵਿੱਚ ਵਾਪਰਦੇ ਜੁਲਮ ਜਿਅਦਤੀਆਂ ਵਿਰੁੱਧ ਸ਼ੰਘਰਸ਼ ਕਰਦੇ ਰਹੇ। ਆਪ ਜੀ ਨੇ ਬਹੁਤ ਕਿਤਾਬਾਂ ਲਿਖੀਆ ਜਿਨ੍ਹਾਂ ਵਿੱਚ ਅੰਬੇਡਕਰ ਕਵਿਤਾਵਲੀ, ਅੰਬੇਡਕਰ ਦਰਪਨ, ਸ਼੍ਰੀ ਗੁਰੂਰਵਿਦਾਸ ਚਮਤਕਾਰ, ਗੁਰੂ ਰਵਿਦਾਸ ਦਰਪਨ, ਅਮਰ ਬਾਣੀ ਗੁਰੂ ਰਵਿਦਾਸ,ਹਾਸੇ ਖੁਸੀਆਂ ਖੇੜੇ ਕਰ ਦੀਆ ਕਮਾਲ, ਅਜੇ ਵੀ ਸਾਡੇ ਨਾਲ, ਰੱਜਤਾਂ ਤੋਂ ਰਾਜੇ, ਅਸੀ ਕੌਣ ਦੇ ਕੌਣ, ਆਦਿ ਪੁਸਤਕਾਂ ਲਿਖ ਕੇ ਸਮਾਜ ਦੀ ਝੋਲੀ ਵਿੱਚ ਪਾਈਆਂ ਹਨ ।[43]

## ਸ਼੍ਰੀ ਰਾਜ ਕੁਮਾਰ ਧਾਲੀਵਾਲ

ਸ਼੍ਰੀ ਰਾਜ ਕੁਮਾਰ ਧਾਲੀਵਾਲ ਦਾ ਜਨਮ 2 ਮਾਰਚ 1954 ਨੂੰ ਮਾਤਾ ਸਵਰਨ ਕੌਰ ਜੀ ਦੀ ਕੁੱਖੋਂ ਹੋਇਆ ਪਿੰਡ ਧਾਲੀਵਾਲ ਕਾਦੀਆਂ (ਜਲੰਧਰ) ਦੇ ਜੰਮਪਲ ਹਨ। ਆਪ ਜੀ ਨੇ ਚੰਗੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ। ਆਪ ਜੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਮਿਸ਼ਨ ਤੋਂ ਪ੍ਰਭਾਵਿਤ ਹੋ ਕੇ ਆਪਣੀ ਕਲਮ ਨਾਲ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਲਈ ਲਿਖਣ ਦਾ ਕੰਮ ਅਰੰਭ ਕੀਤਾ ਆਪ ਜੀ ਨੇ ਬਹੁਤ ਮਕਬੂਲ ਗੀਤਾ ਦੀ ਰਚਨਾ ਕੀਤੀ। ਜਿਨ੍ਹਾਂ ਵਿੱਚ ਪ੍ਰਸਿੱਧ ਗੀਤਾਂ ਜਿਵੇਂ ਜੈ ਗੁਰਦੇਵ-ਧੰਨ ਗੁਰਦੇਵ, ਹੁਣ ਨੀ ਕਿਸੇਂ ਤੋਂ ਡਰਦੇ ਰਵਿਦਾਸੀਏ ਗਭਰੂ, ਰਵਿਦਾਸ ਜੀ ਨੂੰ ਰੱਬ ਦੀ ਮੈਂ ਤਾਂ ਲਿਖਿਆਂ (ਹੰਸ ਰਾਜ ਹੰਸ ) ਆਦਿ ਬਹੁਤ ਸਾਰੇ ਹੋਰ ਗੀਤਾਂ ਰਾਹੀਂ ਸਮਾਜ ਵਿੱਚ ਜਾਗ੍ਰਿਤੀ ਲਿਆ ਰਹੇ ਹਨ।[44]

## ਸ਼੍ਰੀ ਕਰਤਾਰ ਸਿੰਘ 'ਮਤਵਾਲਾ' [37]

ਸ਼੍ਰੀ ਕਰਤਾਰ ਸਿੰਘ 'ਮਤਵਾਲਾ' ਜੀ ਦਾ ਜਨਮ ਅੰਬਾਲਾ ਜਿਲ੍ਹੇ ਦੇ ਪਿੰਡ ਸ਼ਾਹਜਾਹਪੁਰ ਵਿੱਚ ਆਪ ਜੀ ਦਾ ਜਨਮ ਮਾਤਾ ਸ਼੍ਰੀਮਤੀ ਬਿਸ਼ਨੀ ਦੇਵੀ ਅਤੇ ਪਿਤਾ ਸ਼੍ਰੀ ਰਾਮ ਪ੍ਰਤਾਮ ਜੀ ਦੇ ਘਰ ਹੋਇਆ। ਆਪ ਜੀ ਨੂੰ ਸਾਹਿਤ ਸਿਰਜਣਾ ਦਾ ਸ਼ੋਕ ਬਚਪਨ ਤੋਂ ਹੀ ਹੈ, ਆਪ ਜੀ ਦੀ ਆਪਣੀ ਪੜ੍ਹਾਈ ਦੇ ਨਾਲ ਨਾਲ ਸਾਹਿਤ ਸਿਰਜਣਾ ਦੀ ਰੁੱਚੀ ਵੀ ਸੀ। ਉਸ ਨੇ ਅਨੇਕਾਂ ਪੁਸਤਕਾਂ ਦੀ ਰਚਨਾਂ ਕੀਤੀ ਹੈ। **ਜਿਨ੍ਹਾਂ ਵਿੱਚ ਗੁਰੂ ਰਵਿਦਾਸ ਜੀ, ਅੰਧਕਾਰ ਮਿਟਾਨੇ ਕਾ ਸੰਕਲਪ, ਪ੍ਰੇਮ ਕੇ ਰੰਗ, ਖੋਜ, ਮੁਸਕਾਨ ਔਰ ਆਸੂ, ਜੀਵਨ ਸੰਗੀਤ, ਪ੍ਰੀਤ ਕੇ ਗੀਤ, ਚੰਦ੍ਰਿਕਾ, ਤੇਰਾ ਧਰਮ ਮੇਰਾ ਧਰਮ, ਮੂਲਨਿਵਾਸੀ, ਨਵ ਗੀਤਾ, ਗੂੰਜਨ, ਧਰਮ**

**ਕਿਆ ਹੈ?, ਨੌਜਵਾਨ-ਏ-ਹਿੰਦ, ਮਨੂੰਸਿਮਰਤੀ, ਹਿੰਦੀ ਸਵਰਾਜ, ਧਰਮ -ਏਕ ਸਫੈਦ ਝੂਠ ਆਦਿ** ਉਹਨਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆ ਹਨ।[45]

## ਸ੍ਰੀ ਸੋਢੀ ਰਾਣਾ

ਜਨਾਬ ਸ੍ਰੀ ਮਲੂਕ ਚੰਦ ਜਾਡਲਾ,ਮਹਿੰਦਰ ਸਿੰਘ ਸਿੰਬਲ ਮਜਾਰੇ ਵਾਲਿਆ, ਅਤੇ ਮੇਲਿਆ ਵਿੱਚ ਵਿਕਦੇ ਕਿੱਸੇ ਤੋਂ ਪ੍ਰਭਾਵਿਤ ਹੋ ਕੇ ਨਾਟ-ਕਲਾ ਰਾਹੀਂ ਭਾਰਤ ਦੀ ਧਰਤੀ ਜਿਥੇ ਉਚ ਨੀਚ ਛੂਆ ਛਾਤ ਆਦਿ ਬੁਰਾਈਆ ਹਨ ਗੈਰ ਬਰਾਬਰੀ ਵਾਲਾ ਸਮਾਜ ਹੈ ।ਉਥੇ ਆਪਣੇ ਨਾਟਕਾਂ ਰਾਹੀਂ , ਆਪਣੀ ਕਲਾ ਰਾਹੀਂ ਗਰੀਬ, ਅਗਿਆਨ ਸਮਾਜ ਵਿੱਚ ਚੇਤਨਾ ਪੈਦਾ ਕਰਨ ਵਾਲੇ ਮਹਾਨ ਵਿਅਕਤੀ ਹਨ ਸੋਢੀ ਰਾਣਾ ਜੀ । ਜਿਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਸਮਾਜ ਨੂੰ ਤਰਕਸ਼ੀਲ, ਕ੍ਰਾਂਤੀਕਾਰੀ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਬਣਾਉਂਣਾ ਹੈ।ਇਨਕਲਾਬੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਗੁਰਸ਼ਰਨ ਭਾਜੀ ਉਰਫ ਮੰਨਾ ਸਿੰਘ ਜੀ ਕ੍ਰਾਂਤੀ ਕਾਰੀ ਨਾਟਕਾਂ ਨੂੰ ਵੇਖਦਿਆ ਵੇਖਦਿਆ ਉਹਨਾਂ ਦੀ ਲੀਹ ਉੱਪਰ ਹੀ ਤੁਰ ਪਏ ਅਤੇ ਅੱਜ ਉਹਨਾਂ ਦੀ ਵਿਚਾਰਧਾਰਕ ਵਿਰਾਸਤ ਦੇ ਵਾਰਸ ਹੋ ਨਿਬੜੇ ਹਨ। ਸੋਢੀ ਰਾਣਾ ਜੀ ਸ਼ਹੀਦ ਭਗਤ ਸਿੰਘ ਜੀ ਦੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਆ ਗਏ ਅਤੇ ਇੱਕ ਵਧੀਆ ਅਤੇ ਨਿਰੋਇਆ ਸਮਾਜ ਬਣਾਉਣ ਲਈ ਇਸੇ ਵਿਚਾਰਧਾਰਾ ਨੂੰ ਸਮਰਪਿਤ ਹੋ ਗਏ।ਸੋਢੀ ਰਾਣਾ ਜੀ ਨੇ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਪੂਰੇ ਭਾਰਤ ਵਿੱਚ ਇੱਕ ਵਿਗਿਆਨਕ ਆਧਾਰ ਨਾਟਕਾਂ ਦਾ ਅਰੰਭ ਕੀਤਾ। ਉਹਨਾਂ ਨੇ ਹਰੇਕ ਬੁਰਾਈ ਉਪਰ ਰੱਜ ਕੇ ਨਾਟਕ ਖੇਲਿਆ ।ਉਹਨਾਂ ਦੀ ਜ਼ਿੰਦਗੀ ਇਸੇ ਮਹਾਨ ਕਾਰਜ ਨੂੰ ਸਮਰਪਿਤ ਹੈ। ਉਹਨਾਂ ਦੇ ਭਰਾ ਸ੍ਰੀ ਮੱਖਣ ਕ੍ਰਾਂਤੀ ਜੀ ਜੋ ਗੰਦੇ ਸਿਸਟਮ ਦਾ ਸ਼ਿਕਾਰ ਹੋ ਗਏ ਉਹ ਵੀ ਆਪ ਜੀ ਨਾਲ ਮੋਢਾ ਜੋੜ ਕੇ ਕੰਮ ਕਰਦੇ ਸਨ। ਸਾਰਾ ਪਰਿਵਾਰ ਰਲਮਿਲ ਕੇ ਇੱਕ ਅਨੋਖੀ ਕ੍ਰਾਤੀ ਨੂੰ ਜਨਮ ਦੇਣ ਦੀ ਸਫਲ ਕੋਸ਼ਿਸ਼ ਕਰ ਰਹੇ ਹਨ। ਪ੍ਰਗਤੀ ਕਲਾ ਕੇਂਦਰ ਦੇ ਬੈਨਰ ਹੇਠ ਆਪ ਜੀ ਨਾਟਕਾਂ ਦਾ ਅਯੋਜਨ ਕਰਦੇ ਹਨ। ਸ੍ਰੀ ਸੋਢੀ ਰਾਣਾ ਜੀ ਨੇ ਇੱਕ ਐਸਾ ਚਾਹੂ ਰਾਜ ਮੈਂ(ਇਕਾਂਗੀ ਸੰਗ੍ਰਹਿ) ਵੀ ਛਪਵਾਈ ਹੈ। ਸਮਾਜ ਵਿੱਚ ਪ੍ਰਗਤੀ ਕਲਾ ਕੇਂਦਰ ਲਾਂਧੜਾ ਦੀ ਇੱਕ ਪਹਿਚਾਣ ਹੈ।ਸਮਾਜ ਵਿੱਚ ਜਾਗ੍ਰਿਤੀ ਦਾ ਹੋਕਾਂ ਦਿੰਦਾ ਸੋਢੀ ਰਾਣਾ ਅਤੇ ਉਸ ਦਾ ਮਿਸ਼ਨਰੀ ਪਰਿਵਾਰ ਉਸ ਰਾਹ ਤੇ ਚੱਲ ਰਿਹਾ ਹੈ ਜਿਸ ਤੇ ਚੱਲਣ ਨਾਲ ਹੀ ਭਾਰਤੀ ਸਮਾਜ ਵਿੱਚ ਵਿਸ਼ਵ ਦੀ ਮਹਾਨ ਵਿਵਸਥਾ ਬੇਗਮਪੁਰ ਸ਼ਹਿਰ ਦੀ ਸਥਾਪਨਾ ਹੋ ਸਕੇਗੀ।[46]

## ਸ੍ਰੀ ਮੱਖਣ ਕ੍ਰਾਂਤੀ

ਸਾਹਿਤ ,ਕਲਾ ਅਤੇ ਕ੍ਰਾਂਤੀ ਦਾ ਸੁਮੇਲ ਹੈ ਮੱਖਣ ਕ੍ਰਾਂਤੀ ਜਿਸ ਦਾ ਜਨਮ 13 .2. 1968 ਨੂੰ ਪਿਤਾ ਰਾਉ ਰਾਮ ਤੇ ਮਾਤਾ ਸ੍ਰੀ ਮਤੀ ਮਹਿੰਦਰ ਕੌਰ ਜੀ ਦੇ ਘਰ ਪਿੰਡ ਲਾਧੜਾ ਤਹਿ ਫਿਲੋਰ (ਜਲੰਧਰ ਵਿਖੇ ਹੋਇਆ।ਆਪ ਜੀ ਨੇ ਬਚਪਨ ਤੋਂ ਹੀ ਕ੍ਰਾਂਤੀ ਕਾਰੀ ਸੁਭਾਓ ਦੇ ਮਾਲਿਕ ਸਨ।ਆਪ ਜੀ ਤਿੰਨ ਭਰਾ ਅਤੇ ਦੋ ਭੈਣਾ ਸਨ। ਆਪ ਜੀ ਨੂੰ ਮੁਢਲੀ ਸਿੱਖਿਆਂ ਦੌਰਾਨ ਹੀ ਸਾਹਿਤਕ ਸਰਗਰਮੀਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਜਿਸ ਦੌਰਾਣ ਆਪ ਜੀ ਨੂੰ ਪ੍ਰਸਿੱਧ ਗਜਲਗੋ ਜਨਾਬ ਗੁਰਦਿਆਲ ਰੋਸ਼ਨ ਜੀ ਜੋ ਪੇਸ਼ੇ ਵਜੋਨ ਸਕੂਲ ਅਧਿਆਪਕ ਸਨ ਜੀ ਦੀ ਸਰਪ੍ਰਸਤੀ ਹਾਸਲ ਹੋਈ । ਆਪ ਜੀ ਨੂੰ ਕ੍ਰਾਂਤੀ ਦਾ ਤਖੱਲਸ ਵੀ ਉਹਨਾਂ ਨੇ ਦਿੱਤਾ ਕਿਉਂਕਿ

ਆਪ ਜੀ ਕ੍ਰਾਂਤੀ ਕਾਰੀ ਵਿਚਾਰਾਂ ਦੇ ਮਾਲਿਕ ਸਨ।ਆਪ ਜੀ ਨੇ ਡੀ.ਏ.ਵੀ.ਕਾਲਜ ਫਿਲੌਰ ਤੋਂ ਐਮ.ਏ.ਪੰਜਾਬੀ,ਇੰਗਲਿਸ਼, ਅਰਥ ਸ਼ਾਸ਼ਤਰ ਵਿਸ਼ੇ ਤੇ ਕਰਨ ਉਪਰੰਤ ਉਹਨਾਂ ਨੇ ਬੀ.ਐੱਡ ਦੀ ਡਿਗਰੀ ਕੀਤੀ ਅਤੇ ਸਰਕਾਰੀ ਹਾਈ ਸਕੂਲ ਵਿਖੇ ਸਮਾਜਿਕ ਸਿੱਖਿਆ ਦੇ ਅਧਿਆਪਕ ਵਜੋਂ ਨਿਯੁਕਤ ਹੋਏ।ਆਪ ਜੀ ਦੀ ਧਰਮ ਪਤਨੀ ਪ੍ਰੋਮਿਲਾ ਜੀ ਹਨ ਆਪ ਜੀ ਦੇ ਪੂਰੇ ਪਰਿਵਾਰ ਦੀਆਂ ਸ਼ਾਦੀਆਂ ਬਿਨਾ ਦਹੇਜ ਤੋਂ ਹੋਈਆ ਹਨ।

**ਸ਼ਹੀਦ ਭਗਤ ਸਿੰਘ ਜੀ ਅਤੇ ਡਾ.ਅੰਬੇਡਕਰ ਜੀ ਦੇ ਮਿਸ਼ਨ ਨੂੰ ਸਮਰਪਿਤ ਆਪ ਜੀ ਦਾ ਪੂਰਾ ਪਰਿਵਾਰ ਮਿਸ਼ਨ ਦਾ ਪ੍ਰਚਾਰ ਕਰ ਰਿਹਾ ਹੈ।ਆਪ ਜੀ ਨੂੰ ਆਪ ਜੀ ਦੇ ਉਸਤਾਦ ਸ਼੍ਰੀ ਗੁਰਸ਼ਰਨ ਭਾਜੀ ਸਨ। ਜਿਨਾ ਨੇ ਆਪ ਜੀ ਨੂੰ ਸਾਹਿਤਕ ਸੇਧ ਦਿੱਤੀ ਸੀ।**ਇਥੇ ਜ਼ਿਕਰ ਯੋਗ ਹੈ ਕਿ ਆਪ ਜੀ ਪਿਛਲੇ 21-22 ਵਰਿਆਂ ਤੋਂ ਆਪਣੇ ਪਿੰਡ ਵਿਖੇ ਬਲਰਾਜ ਸਾਹਨੀਂ ਯਾਦਗਾਰੀ ਮੇਲੇ ਦਾ ਅਯੋਜਨ ਵੀ ਕਰਵਾਉਂਦੇ ਆ ਰਹੇ ਹਨ। ਮੱਖਣ ਕ੍ਰਾਂਤੀ ਜੀ ਪ੍ਰਗਤੀ ਕਲਾਂ ਕੇਂਦਰ ਲਾਧੜਾ ਰਜਿ. ਦੇ ਸਹਿ ਨਿਰਦੇਸ਼ਕ ਸਨ। ਆਪ ਜੀ ਸਮਾਜ ਦੀ ਜਾਗ੍ਰਿਤੀ ਲਈ ਅਨੇਕਾਂ ਨਾਟਕ ਖੇਲੇ ਜਿਨ੍ਹਾਂ ਦਾ ਸਮਾਜ ਤੇ ਗਹਿਰਾ ਅਸਰ ਪਿਆ।ਆਪ ਜੀ ਨੇ ਡਾ.ਅੰਬੇਡਕਰ ਜੀ ਤੇ ਕਾਵਿ ਨਾਟਕ ਵੀ ਲਿਖਿਆ ਸੀ ਜੋ ਬਹੁਤ ਮਕਬੂਲ ਹੋਇਆ ਸੀ ।ਆਪ ਜੀ ਦੀ ਇੱਕ ਗਜ਼ਲ ਦੀ ਕਿਤਾਬ 'ਪੱਤਛੜ ਤੋ ਬਾਅਦ' ਵੀ ਪ੍ਰਕਾਸ਼ਿਤ ਕਰਵਾਈ ਸੀ ।ਮੱਖਣ ਕ੍ਰਾਂਤੀ ਜੀ ਆਪਣਾ ਕੰਮ ਬੜੀ ਇਮਾਨਦਾਰੀ ਨਾਲ ਕਰ ਰਹੇ ਸਨ।ਪਰ ਅਚਾਨਕ ਆਪ ਜੀ ਦਾ 27 ਫਰਵਰੀ 2017 ਨੂੰ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ ਜਿਸ ਵਿੱਚ ਆਪ ਜੀ ਦੀ ਮੌਤ ਹੋ ਗਈ ਆਪ ਜੀ ਦਾ ਇਸ ਤਰਾਂ ਜਾਣਾ ਸਮਾਜ ਨੂੰ ਬਹੁਤ ਗਹਿਰਾ ਘਾਟਾ ਪਿਆ ਹੈ।ਜਿਸ ਦਾ ਘਾਟਾ ਕਈ ਸਮਿਆ ਤੱਕ ਪੂਰਾ ਨਹੀਂ ਕੀਤਾ ਜਾ ਸਕਦਾ।[47]

## ਸ਼੍ਰੀ ਨਰਿੰਦਰ ਖੇੜਾ (ਗੀਤਕਾਰ)

ਨਰਿੰਦਰ ਖੇੜਾ ਮਿਸ਼ਨਰੀ ਗੀਤਕਾਰੀ ਲਈ ਇੱਕ ਮੀਲ ਪੱਥਰ ਹੈ ਜਿਸ ਨੇ ਛੋਟੀ ਉਮਰ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਿਲ ਕੀਤੀਆ ਹਨ। ਉਸ ਦੀ ਜ਼ਿੰਦਗੀ ਦਾ ਸੰਘਰਸ਼ ਇਹ ਦੱਸਦਾ ਹੈ ਕਿ ਜੇ ਇਨਸਾਨ ਸੱਚੇ ਦਿਲੋਂ ਮਿਹਨਤ ਕਰੇ ਤਾਂ ਕੀ ਨਹੀਂ ਕਰ ਸਕਦਾ ਕੀ ਨਹੀਂ ਪ੍ਰਾਪਤ ਕਰ ਸਕਦਾ। ਇਮਾਨਦਰੀ ਨਾਲ ਕੀਤੀ ਗਈ ਮਿਹਨਤ ਅਤੇ ਆਪਣੇ ਰਹਿਬਰਾਂ ਦੇ ਮਿਸ਼ਨ ਨਾਲ ਪਿਆਰ ਇਨਸਾਨ ਨੂੰ ਬੁਲੰਦੀਆ ਤੱਕ ਪਹੁੰਚਾ ਦਿੰਦਾ ਹੈ। ਇਸੇ ਤਰ੍ਹਾਂ ਦੀ ਕਹਾਣੀ ਹੈ ਨਰਿੰਦਰ ਖੇੜਾ ਦੀ ਜਿਸ ਦਾ ਜਨਮ 1974 ਨੂੰ ਪਿੰਡ ਖੇੜਾ ਤਹਿ. ਫਗਵਾੜਾ, ਜ਼ਿਲ੍ਹਾਂ ਕਪੂਰਥਲਾ ਵਿੱਖੇ ਪਿਤਾ ਸ਼੍ਰੀ ਰਾਮ ਕ੍ਰਿਸ਼ਨ ਜੀ ਦੇ ਘਰ ਮਾਤਾ ਗਿਆਨ ਕੌਰ ਜੀ ਦੀ ਕੁੱਖੋਂ ਹੋਇਆ। ਉਹ ਤਿੰਨ ਭਰਾ ਹਨ ਉਹਨਾਂ ਦਾ ਪਰਿਵਾਰ ਮਿਸ਼ਨਰੀ ਪਰਿਵਾਰ ਹੈ। ਨਰਿੰਦਰ ਖੇੜੇ ਨੇ ਬੀ .ਏ ਤੱਕ ਦੀ ਪੜ੍ਹਾਈ ਪੂਰੀ ਕੀਤੀ ਹੈ । ਉਹ ਬਹੁਤ ਮਿਹਨਤੀ ਅਤੇ ਖੁਲ ਦਿਲ ਤਬੀਅਤ ਦਾ ਮਾਲਿਕ ਹੈ। ਨਰਿੰਦਰ ਖੇੜਾ 'ਬਲੈਕ ਕਮਾਂਡਰ' ਦੀ ਨੌਕਰੀ ਲਈ ਕਾਫੀ ਸਮਾਂ ਮਿਹਨਤ ਤੇ ਲਗਨ ਨਾਲ ਤਿਆਰੀ ਕਰਦਾ ਰਿਹਾ ਪਰ ਆਖ਼ਿਰ ਟਾਇਮ ਤੇ ਉਸ ਦੀ ਪੂਰੀ ਫਾਈਲ ਹੀ ਗਾਇਬ ਕਰ ਦਿੱਤੀ। ਉਹ ਸਿਸਟਮ ਦੀ ਬੇਈਮਾਨੀ ਅਤੇ ਲਾਪ੍ਰਵਾਹੀ ਤੋਂ ਨਿਰਾਸ਼ ਹੋ ਕੇ 1994 ਨੂੰ ਕੈਨੇਡਾ ਚਲਾ ਗਿਆ ਉਸ ਨੂੰ ਲਿਖਣ ਦਾ ਸ਼ੌਂਕ ਬਚਪਨ ਤੋਂ ਹੀ ਸੀ। ਉਸ ਨੇ ਰਾਮਗੜੀਆ ਕਾਲਜ ਦੇ ਮੈਗਜ਼ੀਨ 'ਜਗਜੋਤ' ਪਹਿਲਾਂ 'ਮੇਰਾ ਭਾਰਤ ਮਹਾਨ' ਬਹੁਤ ਚਰਚਿੱਤ ਲੇਖ ਲਿਖਿਆ ਸੀ। ਨਰਿੰਦਰ ਖੇੜਾ ਨੇ ਪਹਿਲਾ ਪੰਜਾਬੀ ਗੀਤ ਲਿਖੇ ਜੋ 20 ਦੇ ਕਰੀਬ ਰਿਕਾਰਡ ਵੀ ਹੋਏ। ਉਸ ਦੇ ਪੰਜਾਬੀ ਗੀਤ ਵੀ ਮਿਆਰੀ ਪੱਧਰ ਦੇ ਸਨ। ਸਮਾਜ ਨੂੰ ਸੇਧ ਕਰਦੇ ਸਨ। ਜਿਨ੍ਹਾਂ ਵਿੱਚ 'ਨਜ਼ਰ

ਜੇਹੀ ਲੱਗੀ ਏ ਪੰਜਾਬ ਦਿਆ ਪਿੰਡਾ ਨੂੰ', 'ਬਾਪੂ ਤੇਰੀ ਯਾਦ ਬੜਾ ਸਤਾਉਂਦੀ ਹੈ' ।ਪਰ ਉਸ ਦਾ ਮਨ ਆਪਣੇ ਰਹਿਬਰਾਂ ਵਿੱਚ ਭਿਜਦਾ ਸੀ। ਉਹ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਗੀਤਾਂ ਰਾਹੀਂ ਘਰ-ਘਰ ਪਹੁੰਚਾਉਣਾ ਚਾਹੁੰਦਾ ਸੀ। ਇਸ ਉਦੇਸ਼ ਨਾਲ ਉਸ ਨੇ ਆਪਣੇ ਮਿਸ਼ਨਰੀ ਗੀਤਾਂ ਦੀ ਰਿਕਾਰਡਿੰਗ 2008 ਤੋਂ ਸ਼ੁਰੂ ਕੀਤੀ। । ਉਸ ਨੇ 'ਚਮਾਰ' ਸ਼ਬਦ ਦੇ ਸਵੈਮਾਨ ਨੂੰ ਗੀਤਾਂ ਰਾਹੀ ਦੁਨੀਆਂ ਵਿੱਚ ਪਹੁੰਚਾਉਣ ਲਈ ਬਹੁਤ ਸੰਗਰਸ਼ ਕੀਤਾ। ਨਰਿੰਦਰ ਖੇੜੇ ਨੇ ਕੈਨੇਡਾ ਵਿੱਚ ਆਪਣੀ ਇੱਕ ਕੰਪਨੀ ਵੀ ਖੋਲੀ ਜਿਸ ਦਾ ਨਾਂ ਉਸ ਨੇ 'ਕਿੰਗ ਸਟਾਰ ਕੈਨੇਡਾ' ਰੱਖਿਆ ਹੈ। ਜਿਸ ਰਾਹੀਂ ਉਹ ਆਪਣੇ ਮਿਸ਼ਨਰੀ ਗੀਤਾਂ ਨੂੰ ਦੁਨੀਆਂ ਤੱਕ ਪਹੁੰਚਾਉਂਦਾ ਹੈ। ਉਸ ਨੇ ਹੁਣ ਤੱਕ ਸਤਿਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਹੀ ਗਾਇਆ ਹੈ।ਸਖਤ ਮਿਹਨਤ ਕਰਦਿਆਂ ਉਹ ਦਿਨ ਰਾਤ ਮਿਸ਼ਨ ਦਾ ਪ੍ਰਚਾਰ ਕਰਦਾ ਹੈ। ਕੈਨੇਡਾ ਵਿੱਚ ਟਰੱਕ ਡਰਾਇਵਰ ਹੈ ਜਿਸ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਪਾਲਦਾ ਹੈ।ਜਰੂਰਤ ਮੰਦਾਂ ਦੀ ਮਦਦ ਕਰਦਾ ਹੈ। ਉਸ ਦਾ ਵਿਆਹ ਸ਼੍ਰੀਮਤੀ ਪ੍ਰਵੀਨ ਕੌਰ ਨਾਲ ਹੋਇਆ । ਉਸ ਦੇ ਦੋ ਬੱਚੇ ਇੱਕ ਲੜਕਾ ਇੱਕ ਲੜਕੀ। ਉਸ ਦਾ ਲੜਕਾ ਅਭਿਸ਼ੇਕ ਖੇੜਾ ਮਾਰਸ਼ਲ ਆਰਟ ਵਿੱਚ ਟ੍ਰੇਨਿੰਗ ਲੈ ਰਿਹਾ ਹੈ। ਉਸ ਦਾ ਸਤੰਬਰ 2017 ਨੂੰ ਬਲੈਕ ਬੈਲਟ ਲਈ ਮੁਕਾਬਲਾ ਹੋਣਾ ਹੈ। ਨਰਿੰਦਰ ਖੇੜਾ ਲਗਾਤਾਰ ਮਿਸ਼ਨਰੀ ਗੀਤਾਂ ਰਾਹੀਂ ਸਮਾਜ ਵਿੱਚ ਜਾਗ੍ਰਿਤੀ ਲਿਆ ਰਿਹਾ ਹੈ।[48]

## ਸ਼੍ਰੀ ਬਲਵਿੰਦਰ ਪੁਆਰ

ਸ਼੍ਰੀ ਬਲਵਿੰਦਰ ਪੁਆਰ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਅਤੇ ਡਾ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਸਮਰਪਿੱਤ ਲੇਖਕ ਹੈ ਉਸ ਦੀ ਸੋਚ ਅਤੇ ਚਿੰਤਨ ਸਮਾਜ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਹੈ ਉਹ ਆਪਣੀਆ ਲਿਖਤਾਂ ਨੂੰ ਸਮਾਜ ਵਿੱਚ ਚੇਤਨਾ, ਲਿਆਉਣ ਲਈ ਲਿਖਦਾ ਹੈ। ਉਸ ਦੀਆਂ ਲਿਖਤਾ ਵਿੱਚ ਆਪਣੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਪ੍ਰਚਾਰਣ ਲਈ ,ਉਹਨਾਂ ਦਾ ਸ਼ੰਦੇਸ ਨੂੰ ਅਗਿਆਤ ਸਮਾਜ ਵਿੱਚ ਪਹੁਚਾਉਣ ਲਈ ਨਿਰੰਤਰ ਲਗਾਤਾਰ ਕਲਮ ਨੂੰ ਚਲਾ ਰਿਹਾ ਹੈ ਬਲਵਿੰਦਰ ਪੁਆਰ ਜਿਸ ਦਾ ਜਨਮ 24 ਨਵੰਬਰ 1975 ਵਿੱਚ ਪਿਤਾ ਸ਼੍ਰੀ ਰਾਮ ਲਾਲ ਤੇ ਮਾਤਾ ਸ਼੍ਰੀਮਤੀ ਸੀਸੋ ਜੀ ਦੇ ਘਰ ਪਿੰਡ ਕਾਂਸ਼ੀ ਨਗਰ, ਡਾ.ਮੇਹਟਾ, ਤਹਿ.ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਸ ਨੂੰ ਲਿਖਣ ਦਾ ਸ਼ੋਕ ਬਚਪਨ ਤੋਂ ਹੀ ਹੈ ਉਸ ਉੱਪਰ ਸਤਿਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਦੇ ਵਿਚਾਰਾ ਦਾ ਖਾਸ ਪ੍ਰਭਾਵ ਹੈ। ਜਿਸ ਨੇ ਆਪਣੇ ਦੋ ਕਾਵਿ ਸੰਗ੍ਰਹਿ ਸਮਾਜ ਦੀ ਝੋਲੀ ਵਿੱਚ ਪਾਏ ਹਨ । (1) **ਮਹਿੰਮਾ ਜਗਤਗੁਰੂ ਰਵਿਦਾਸ ਜੀ 2009 ਵਿੱਚ ਅਤੇ (2) ਜੋ ਹਰਿ ਦਾ ਨਾਮ ਧਿਆਵੇ 20**12 ਵਿੱਚ ਪ੍ਰਕਾਸ਼ਤ ਕੀਤੀਆਂ ।ਜਿਹਨਾ ਵਿੱਚ ਉਚ ਕੋਟੀ ਰਚਨਾ ਹੈ ਉਸ ਦੀਆਂ ਕਵਿਤਾਵਾਂ ਨੂੰ ਸਮਾਜ ਵਲੋਂ ਭਰਵਾ ਹੁੰਗਾਰਾ ਮਿਲਦਾ ਹੈ ।ਬਲਵਿੰਦਰ ਪੁਆਰ ਰਹਿਬਰਾਂ ਦੇ ਮਿਸ਼ਨ ਉੱਪਰ ਨਿਰੰਤਰ ਲਿਖਣ ਦਾ ਕਾਰਜ ਕਰ ਰਿਹਾ ਹੈ ।[49]

## ਸ਼੍ਰੀ ਕਾਲਾ ਪਧਿਆਣਵੀ

ਸ਼੍ਰੀ ਕਾਲਾ ਪਧਿਆਣਵੀ ਦਾ ਜਨਮ 25.7 1973 ਨੂੰ ਪਿਤਾ ਨਿਰਮਲ ਸਿੰਘ ਦੇ ਘਰ ਮਾਤਾ ਅਵਤਾਰ ਕੌਰ ਜੀ ਦੀ ਕੁੱਖੋਂ ਪਿੰਡ ਪਧਿਆਣਾ ਜ਼ਿਲ੍ਹਾਂ ਜਲੰਧਰ ਵਿੱਚ ਹੋਇਆ। ਉਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਦੀ ਪੜ੍ਹਾਈ ਪਿੰਡ ਪਧਿਆਣਾ ਤੋਂ ਹੀ ਪ੍ਰਾਪਤ ਕੀਤੀ। ਉਹ ਮੈਟ੍ਰਿਕ ਪਾਸ ਕਰਕੇ ਕੰਮ ਕਾਰ ਦੀ ਤਲਾਸ਼ ਵਿੱਚ ਦੁਬਈ ਗਿਆ ਉੱਥੇ ਉਹ 1997 -2002

ਤੱਕ ਰਿਹਾ ਤੇ ਫਿਰ ਉਹ 2003 ਤੋਂ ਗਰੀਸ ਵਿੱਚ ਚਲਾ ਗਿਆ ਉਥੇ ਲਗਾਤਾਰ ਆਪਣੇ ਪਰਿਵਾਰ ਅਤੇ ਆਪਣੇ ਚੰਗੇ ਭਵਿੱਖ ਲਈ ਸੰਘਰਸ ਕਰ ਰਿਹਾ ਹੈ।

ਉਹ ਸਤਿਗੁਰੂ ਰਵਿਦਾਸ ਜੀ,ਡਾ ਅੰਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੇ ਮਿਸ਼ਨ ਦਾ ਪ੍ਰਚਾਰਕ ਤੇ ਸਿਪਾਹੀ ਹੈ। ਉਹ ਸ਼੍ਰੀ ਗੁਰੂ ਰਵਿਦਾਸ ਦਰਵਾਰ ਕਰੋਪੀ ਐਥਨ ਦਾ ਜਨਰਲ ਸੈਕਟਰੀ ਦੀ ਸੇਵਾ ਵੀ ਨਿਭਾ ਰਿਹਾ ਹੈ ਸਮਾਜ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਕਾਲਾ ਆਪਣੀ ਕਲਮ ਨੂੰ ਇੱਕ ਹਥਿਆਰ ਵਜੋਂ ਚਲਾ ਰਿਹਾ ਹੈ।

ਉਸ ਦੇ ਕਾਫੀ ਗੀਤ ਰਿਕਾਰਡ ਵੀ ਹੋਏ ਹਨ ਜਿਨ੍ਹਾਂ ਵਿੱਚ 'ਨਾਗਰ ਮੱਲ੍ਹ ਦਾ ਮਹਿਲ ਤੇ ਘਟਨਾ ਸ਼ਹਿਰ ਵਿਆਨਾ ਦੀ'(ਪੰਮਾ ਸੁੰਨੜ), 'ਰਿਸ਼ੀਆ ਦੇ ਉਹ ਮਹਾਰਿਸ਼ੀ ਭਗਵਾਨਾਂ ਦੇ ਭਗਵਾਨ' (ਵਿਜੇ ਹੰਸ), 'ਮੈ ਹਾਂ ਪੁੱਤ ਮਨੂੰ ਦਾ ਜਾਇਆ' (ਮਲਕੀਤ ਬਬੇਲੀ -ਪੰਮਾ ਸੁੰਨੜ) ਉਸ ਦੇ ਹੋਰ ਮਿਸ਼ਨਰੀ ਗੀਤ ਜਿਵੇਂ ਸਾਡਾ ਗੁਰੂ ਕਾਂਸ਼ੀ ਵਾਲਾ ਸਾਡਾ ਨੇਤਾ ਕਾਂਸ਼ੀ ਰਾਮ,ਕਾਂਸ਼ੀ ਰਾਮ ਕ੍ਰਾਂਤੀ ਕਾਰੀ ,ਮੈ ਸ਼ੂਦਰ ਮੂਲਨਿਵਾਸੀ ,ਕਸਮਾ ਖਾਅ ਲਓ ਦਲਿਤ ਵੀਰੋ ਹੱਥ ਨਸ਼ਿਆ ਨੂੰ ਲਾਇਓ ਨਾ, ਸ਼ੂਦਰਾ ਦੇ ਵਿਹੜੇ ਵਿੱਚ ਰੱਬ ਆ ਗਿਆ, ਉਹ ਤਾਂ ਕਾਂਸ਼ੀ ਵਾਲਾ ਗੁਰੂ ਏ, ਆਦਿ ਗੀਤਾਂ ਵਿੱਚ ਤਾਂ ਇਹੀ ਝਲਕਦਾ ਹੈ ਕਿ ਉਸ ਨੂੰ ਆਪਣੇ ਸਮਾਜ ਦੀ ਆਪਣੇ ਇਤਿਹਾਸ ਦੀ ਬਹੁਤ ਡੂੰਘਾਈ ਵਿੱਚ ਜਾਣਕਾਰੀ ਹੈ ਉਸ ਦੇ ਗੀਤਾਂ ਵਿੱਚ ਚੇਤਨਾ ਹੈ। ਚਿੰਤਨ ਹੈ ਜਿਨ੍ਹਾਂ ਦੇ ਅਰਥ ਡਿੰਗ-ਡਿੰਗ ਪੈਂਦੇ ਹਨ। ਸਤਿਗੁਰੂ ਉਸ ਦੀ ਕਲਮ ਨੂੰ ਨਿਰੰਤਰ ਚਲਦੀ ਰੱਖਣ ਅਤੇ ਦਲਿਤ ਸਾਹਿਤ ਨੂੰ ਅਮੀਰ ਕਰਦਾ ਰਹੇ।[50]

## ਸ਼੍ਰੀ ਜਸਵਿੰਦਰ ਰਈਆ

ਜਸਵਿੰਦਰ ਰਈਆ ਇਕ ਮਿਸ਼ਨਰੀ ਗੀਤਕਾਰ ਹੈ। ਜਿਸ ਨੇ ਜਗਤ ਗੁਰੂ ਰਵਿਦਾਸ ਜੀ ,ਅਤੇ ਸਤਿਗੁਰੂ ਸਰਵਣ ਦਾਸ ਜੀ ਦੇ ਨਾਮ ਦਾ ਓਟ ਆਸਰਾ ਲੈ ਕੇ ਆਪਣੇ ਗੀਤਾ ਰਾਹੀ ਮਿਸ਼ਨ ਦਾ ਪ੍ਰਚਾਰ ਕਰ ਰਿਹਾ ਹੈ। ਜਸਵਿੰਦਰ ਰਈਆ ਗਰੀਸ ਵਿੱਚ ਰਹਿੰਦਿਆ ਹੋਇਆ ਵੀ ਆਪਣੇ ਰਹਿਬਰਾਂ ਦੇ ਮਿਸ਼ਨ ਉੱਪਰ ਚੱਲ ਰਿਹਾ ਹੈ ਅਤੇ ਉਹ ਨਿਰੰਤਰ ਰਵਿਦਾਸੀਆ ਧਰਮ ਦਾ ਪ੍ਰਚਾਰ ਕਰ ਰਿਹਾ ਹੈ। ਸੰਤ ਨਿਰੰਜਣ ਦਾਸ ਜੀ ਅਤੇ ਸੰਤ ਸੁਰਿੰਦਰ ਦਾਸ ਜੀ ਬਾਵਾ ਜੀ ਦਾ ਆਸ਼ੀਰਵਾਦ ਸਮਝਦਾ ਹੈ, ਕਿ ਉਹ ਪ੍ਰਚਾਰ ਵਿੱਚ ਭੂਮਿਕਾ ਨਿਭਾ ਰਿਹਾ ਹੈ। ਉਸ ਦੇ ਲਿਖੇ ਗੀਤ ਮੇਰਾ ਗੁਰੂ ਰਵਿਦਾਸ (ਲੱਖਵਿੰਦਰ ਲੱਕੀ), ਸਿਰ ਜਾਂਦਾ ਤਾਂ ਜਾਵੇ (ਬਲਵਿੰਦਰ ਬਿੱਟੂ), ਕੌਮ ਦੀ ਖਾਤਿਰ ਜੀਣਾ ਮਰਨਾ (ਸੋਨੂੰ ਸਿੰਘ), ਗੱਜ ਰਹੇ ਰਵਿਦਾਸੀਏ ਵਿੱਚ ਮੈਦਾਨਾ (ਵਿੱਕੀ ਮੌਰਾਵਾਲੀਆ ) ਜਨਮ ਦਿਨ ਗੁਰੂ ਰਵਿਦਾਸ ਦਾ ਆਇਆ ਤੇ ਹੁਣ ਪਤਾ ਲੱਗੂ ਚਮਾਰ ਕਿਹਨੂ ਕਹਿੰਦੇ ਨੇ ਇਹ ਗੀਤ ਉਸ ਨੇ ਖੁਦ ਆਪਣੀ ਅਵਾਜ ਵਿੱਚ ਗਾਏ।[51]

## ਸ਼੍ਰੀ ਮਹਿੰਦਰ ਸੰਧੂ

ਮਹਿੰਦਰ ਸੰਧੂ ਨੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਉੱਪਰ ਅਨੇਕਾਂ ਪੁਸਤਕਾਂ ਲ਼ਿਖ ਕੇ ਆਪਣਾ ਨਾਮ ਸਾਹਿਤ ਸਿਰਜਣਾ ਵਿੱਚ ਦਰਜ਼ ਕੀਤਾ ਹੈ। ਮਹਿੰਦਰ ਮਹੇੜੂ ਨੂੰ ਡੇਰਾ ਬੱਲਾਂ ਦਾ ਇਤਿਹਾਸ ਲਿਖਣ ਦਾ ਮਾਣ ਪ੍ਰਾਪਤ ਹੈ ਜੋ ਉਹਨਾਂ ਨੇ 1994 ਵਿੱਚ ਸੰਤ ਰਾਮਾ ਨੰਦ ਜੀ ਅਤੇ ਗਿਆਨੀ ਬਿਸ਼ਨਾਂ ਰਾਮ ਜੀ ਨਾਲ ਮਿਲ ਕੇ ਛਾਪਿਆ ਸੀ। ਜਿਨ੍ਹਾਂ ਨੂੰ ਪੰਜਾਬ ਦੇ ਨਾਮਵਰ ਗਾਇਕਾਂ ਨੇ ਗਾਇਆ ਹੈ। ਉਸ ਦਾ ਪਹਿਲਾ ਗੀਤ ਮਿਸ਼ਨਰੀ ਗਾਇਕ ਸ਼੍ਰੀ ਬਲਵੀਰ ਜਗਤ ਪੁਰੀ ਨੇ ਗਾਇਆ ਸੀ। ਉਸ ਦੇ 200 ਦੇ ਕਰੀਬ ਗੀਤ ਰਿਕਰਡ ਕਰਵਾਏ ਹਨ। ਉਸ ਨੇ 10 ਦੇ

ਕਰੀਬ ਪੁਸਤਕਾਂ ਲਿਖ ਕੇ ਸਮਾਜ ਦੀ ਝੋਲੀ ਪਾਈਆ ਹਨ। ਅੱਜ ਕੱਲ ਸੱਚ ਦਾ ਸੂਰਜ ਮੈਗਜ਼ੀਨ ਚਲਾ ਰਿਹਾ ਹਨ।[52]

## ਸ਼੍ਰੀ ਨਿਰਮਲ ਅੰਬੇਡਕਰੀ

ਨਿਰਮਲ ਅੰਬੇਡਕਰੀ ਦਾ ਜਨਮ 28 ਮਈ 1976 ਨੂੰ ਪਿਤਾ ਸ਼੍ਰੀ ਪ੍ਰੀਤਮ ਦਾਸ ਜੀ ਦੇ ਘਰ ਮਾਤਾ ਸ਼੍ਰੀਮਤੀ ਜੀਤੋ ਰਾਣੀ ਜੀ ਦੀ ਕੁੱਖੋਂ ਪਿੰਡ ਰਹਿਮਾਨਪੁਰ (ਜਲੰਧਰ) ਵਿਖੇ ਹੋਇਆ। ਨਿਰਮਲ ਅੰਬੇਡਕਰੀ ਇਕ ਬਹੁਤ ਹੀ ਚੰਗਾ ਲੇਖਕ ਹੈ । ਜਿਸ ਦੀਆਂ ਲਿਖਤਾਂ ਵਿਆਨਾ ਗੋਲੀ ਕਾਂਡ, ਜਗਤਗੁਰੂ ਰਵਿਦਾਸ ਬਾਣੀ ਤੇ ਜੀਵਨ-ਜਾਚ, ਬੇੜੀ ਦੇ ਮਲਾਹ ਸਾਹਿਤਕ ਜਗਤ ਵਿੱਚ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਨਿਰਮਲ ਅੰਬੇਡਕਰੀ ਨਿਰੋਲ ਮਿਸ਼ਨ ਨੂੰ ਲੈ ਕੇ ਚੱਲਣ ਵਾਲਿਆਂ ਵਿੱਚ ਵਿਸ਼ੇਸ਼ ਨਾਮ ਹੈ।।[53]

## ਸ਼੍ਰੀ ਰਜਿੰਦਰ ਰਾਣਾ

ਸ਼੍ਰੀ ਰਜਿੰਦਰ ਰਾਣਾ ਜੀ ਦਾ ਜਨਮ 7.12.1975 ਨੂੰ ਹੀਰਾਪੁਰ ਵਿਖੇ ਪਿਤਾ ਸ਼੍ਰੀ ਗੁਰਮੀਤ ਰਾਮ ਜੀ ਅਤੇ ਮਾਤਾ ਸ਼੍ਰੀਮਤੀ ਚਰਨੀ ਦੇਵੀ ਜੀ ਦੇ ਘਰ ਹੋਇਆ ਆਪ ਜੀ ਨੇ ਬਹੁਤ ਮਿਹਨਤ ਨਾਲ ਪੋਸਟ ਗ੍ਰੈਜੂਐਟ ਦੀ ਸਿੱਖਿਆਂ ਪ੍ਰਾਪਤ ਕੀਤੀ ਹੈ । ਸ਼੍ਰੀ ਰਜਿੰਦਰ ਰਾਣਾ ਜੀ ਦਾ ਜੀਵਨ ਬਹੁਜਨ ਸਮਾਜ ਨੂੰ ਪੂਰੀ ਤਰਾਂ ਸਮਰਪਿਤ ਕੀਤਾ ਹੋਇਆ ਹੈ ਆਪ ਜੀ ਦੇਸ਼ ਵਿਦੇਸ਼ ਵਿੱਚ ਸਤਿਗੁਰੂ ਰਵਿਦਾਸ ਜੀ ਅਤੇ ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ। ਆਪ ਜੀ ਬਾਮਸੇਫ ਦੇ ਬੈਨਰ ਤੋਂ ਪੂਰੇ ਦੇਸ਼ ਵਿੱਚ ਵਿਵਸਥਾ ਪਰਿਵਰਤਨ ਲਈ ਜ਼ਮੀਨ ਤਿਆਰ ਕਰਨ ਲਈ ਆਪਣੇ ਸਾਥੀਆਂ ਨਾਲ ਲਗਾਤਾਰ ਸ਼ੰਘਰਸ਼ ਕਰ ਹਰੇ ਹਨ। ਸ਼੍ਰੀ ਰਜਿੰਦਰ ਰਾਣਾ ਜੀ ਇੱਕ ਕ੍ਰਾਂਤੀਕਾਰੀ ਵਿਚਾਰਾ ਦੇ ਪ੍ਰਚਾਰਕ ਹਨ। ਉਹ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪੂਰੇ ਅਤੇ ਅੰਬੇਡਕਰ ਜੀ ਦੀ ਸੋਚ ਨੂੰ ਪੂਰੇ ਵਿਸ਼ਵ ਵਿੱਚ ਫੈਲਾਉਣ ਲਈ ਦਿਨ ਰਾਤ ਇੱਕ ਕਰ ਰਹੇ ਹਨ।[54]

## ਪਰਮਜੀਤ ਜੱਸਲ

ਡਾ. ਅੰਬੇਡਕਰ ਪਬਲਿਕ ਸਕੂਲ ਬੁਲੰਦਪਰ (ਜਲੰਧਰ)

ਸਦੀਆਂ ਤੋਂ ਅਗਿਆਨ ਸਮਾਜ ਦੇ ਬੱਚਿਆ ਵਿੱਚ ਵਿੱਦਿਆ ਦਾ ਚਾਨਣ ਫੈਲਾਉਣ ਵਾਲੇ ਵਿਰਲੇ ਮਨੁੱਖ ਮਿਲਦੇ ਹਨ। ਜੋ ਆਪਣੀ ਜਿੰਦਗੀ ਦਾ ਉਦੇਸ਼ ਗਰੀਬ ਸਮਾਜ ਦੇ ਬੱਚਿਆਂ ਨੂੰ ਗਿਆਨਵਾਨ ਬਣਾਉਂਣ ਲਈ ਲਗਾ ਦਿੰਦੇ ਹਨ। ਡਾ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ 16 ਜੁਲਾਈ 1991ਨੂੰ ਹੋਂਦ ਵਿੱਚ ਆਇਆ ਸੀ, ਜਿਸ ਦਾ ਨੀਂਹ ਪੱਥਰ ਪ੍ਰਸਿੱਧ ਅੰਬੇਡਕਰੀ ਚਿੰਤਕ ਡਾ.ਜੀ.ਸੀ.ਕੋਲ ਜੀ ਨੇ ਰੱਖਿਆ ਅੱਜ ਕੱਲ ਪ੍ਰਿਸੀਪਲ ਪ੍ਰਮਜੀਤ ਜੱਸਲ ਜੀ ਅਤੇ ਉਹਨਾਂ ਦੀ ਪਤਨੀ ਇਸ ਸਕੂਲ ਨੂੰ ਆਪਣੀ ਦੇਖ ਰੇਖ ਵਿੱਚ ਅੱਗੇ ਵਧਾ ਰਹੇ ਹਨ। ਪਰਮ ਜੀਤ ਜੱਸਲ ਜੀ ਜੋ ਖੁਦ ਬਹੁਤ ਮੇਹਨਤੀ ਅਤੇ ਮਿਸ਼ਨਰੀ ਹਨ। ਜੋ ਦਲਿਤ ਅੰਦੋਲਨਾਂ ਵਿੱਚ ਵੱਧ ਚੜ ਕੇ ਆਪਣਾ ਯੋਗਦਾਨ ਪਾਉਂਦੇ ਹਨ।

**ਹਵਾਲੇ**


1. ਇਹਨੀ ਕੋ ਸਰਦਾਰ ਬਨਾਊ: ਪ੍ਰੋ. ਗੁਰਨਾਮ ਸਿੰਘ ਮੁਕਤਸਰ

2. ਗਿਆਨੀ ਦਿੱਤ ਸਿੰਘ ਜੀ ਦੀ ਕਵਿਤਾ

3. ਬੇਗਮਪੁਰਾਂ ਸ਼ਹਿਰ ਅਖ਼ਬਾਰ :ਜਲੰਧਰ

4. ਬਾਬਾ ਸਾਹਬ ਕੇ ਸੰਪਰਕ ਮੇਂ 25 ਵਰਸ਼

5.ਸਫਰੀ ਜੀ ਦੀਆਂ ਪੁਸਕਤਾਂ ਵਿੱਚੋ ਧੰਨਵਾਦ ਸਾਹਿਤ

6. ਨਾਨਕ ਚੰਦ ਰੱਤੂ ਜੀ ਦੀਆ ਕਿਤਾਬਾਂ ਦੇ ਆਧਾਰ ਤੇ

7. ਕੇ.ਸੀ.ਸੁਲੇਖ ਅਖ਼ਬਾਰ ਅਤੇ ਮੈਗਜੀਨ ਦੇ ਅਧਾਰ ਤੇ

8.ਕਾਸ਼ੀ ਰਾਮ ਕਲੇਰ ਤੋਂ ਜਾਣਕਾਰੀ ਦੇ ਆਧਾਰ ਤੇ

9. ਭੀਮਪੱਤ੍ਰਿਕਾਂ ਦੇ ਆਧਾਰ ਤੇ

10 . ਸਹੁ ਕੀ ਸਾਰ ਸੁਹਾਗਨ ਜਾਣੈ

11. ਚਮਾਰ ਜਾਤੀ ਉੱਤਰ ਪ੍ਰਦੇਸ਼ ਦੇ ਸੰਦਰਭ ਵਿੱਚ : ਮਾਤਾ ਪ੍ਰਸ਼ਾਦ

12.ਨਿੱਜੀ ਜਾਣ ਪਛਾਣ ਦੇ ਆਧਾਰ ਅਨੁਸਾਰ ਜਾਣਕਾਰੀ

13. ਪੁਸਤਕਾਂ ਦੀ ਸੂਚੀ ਦੇ ਆਧਾਰ ਤੇ

14. ਪੁਸਤਕਾਂ ਦੀ ਸੂਚੀ ਦੇ ਆਧਾਰ ਤ

15. ਨਿੱਜੀ ਜਾਣ ਪਛਾਣ

16. ਨਾਗਲੋਕ ਅਤੇ ਹੋਰ ਪੁਸਤਕਾਂ ਦੇ ਆਧਾਰ ਤੇ

17 ਏਕਤਾਂ ਦਾ ਪੁਜਾਰੀ : ਪੁਸਤਕ ਦੇ ਆਧਾਰ ਤੇ

18 ਨਿੱਜੀ ਜਾਣ ਪਛਾਣ

19. ਨਿੱਜੀ ਮੁਲਾਕਾਤ

20. ਬੀ.ਆਰ.ਸਾਂਪਲਾ ਦੀਆਂ ਪੁਸਤਕਾਂ ਦੇ ਆਧਾਰ ਤੇ

21. ਡਾ. ਐਸ.ਐਲ.ਵਿਰਦੀ ਜੀ ਦੀ ਸਵੈ ਜੀਵਨੀ ਦੇ ਆਧਾਰ ਤੇ

22. ਨਿੱਜੀ ਮੁਲਾਕਾਤ

23 ਨਿੱਜੀ ਮੁਲਾਕਾਤ

24. ਮੈਗਜੀਨਾਂ ਅਤੇ ਅਖਬਾਰਾਂ ਦੇ ਆਧਾਰ ਤੇ

25. ਅਖ਼ਬਾਰਾਂ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਜਾਣਕਾਰੀ

26. ਨਿੱਜੀ ਜਾਣਕਾਰੀ

27. ਨਿੱਜੀ ਜਾਣਕਾਰੀ

28. ਆਖ਼ਬਾਰਾਂ ਅਤੇ ਮੈਗਜੀਨਾਂ ਦੇ ਆਧਾਰ ਤੇ

29. ਇਨਟਰਨੈਂਟ ਤੋਂ ਪ੍ਰਾਪਤ ਜਾਣਕਾਰੀ ਤੇ ਆਧਾਰਤ

30. ਨਿੱਜੀ ਮੁਲਾਕਾਤ

31. ਪੁਸਤਕਾਂ ਦੀ ਸੂਚੀ ਦੇ ਆਧਾਰ ਤ

32 ਨਿੱਜੀ ਜਾਣਕਾਰੀ

33. ਪੁਸਤਕਾਂ ਦੀ ਸੂਚੀ ਦੇ ਆਧਾਰਤ

34. ਨਿੱਜੀ ਜਾਣਕਾਰੀ ਦੇ ਆਧਾਰ ਤੇ

35. ਪਰਿਵਾਰ ਤੋਂ ਦੰਨਵਾਦ ਸਾਹਿਤ

36. ਇਨਟਰਨੈਂਟ ਤੋਂ ਪ੍ਰਾਪਤ ਜਾਣਕਾਰੀ

37. ਨਿੱਜੀ ਜਾਣਕਾਰੀ

38. ਨਿੱਜੀ ਜਾਣ-ਪਛਾਣ

39. ਨਿੱਜੀ ਜਾਣ-ਪਛਾਣ

40. ਨਿੱਜੀ ਜਾਣ-ਪਛਾਣ

41. ਨਿੱਜੀ ਪ੍ਰਾਪਤ ਜਾਣਕਾਰੀ

42.  ਨਿੱਜੀ ਜਾਣ-ਪਛਾਣ

43. ਪੁਸਤਕ ਸੂਚੀ ਦੇ ਆਧਾਰ ਤੇ

44. ਜੀਵਨ ਸੋਹਲ ਤੋਂ ਪ੍ਰਾਪਤ ਜਾਣਕਾਰੀ

45. ਲੇਖਕ ਦੀ ਪੁਸਤਕ: ਗੁਰੂ ਰਵਿਦਾਸ ਜੀ ਤੋਂ

46. ਐਸਾ ਚਾਹੂ ਰਾਜ ਮੈ: ਲੇਖਕ ਦੀ ਪੁਸਤਕ ਦੇ ਆਧਾਰ ਤੇ

47. ਨਿੱਜੀ ਜਾਣਕਾਰੀ

48.  ਨਿੱਜੀ ਜਾਣ-ਪਛਾਣ

49.  ਨਿੱਜੀ ਜਾਣ-ਪਛਾਣ

50.  ਨਿੱਜੀ ਮੁਲਾਕਾਤ

51ਨਿੱਜੀ ਮੁਲਾਕਾਤ

52 ਨਿੱਜੀ ਜਾਣ-ਪਛਾਣ

53.ਲੇਖਕ ਦੀਆਂ ਪੁਸਤਕਾਂ ਦੇ ਆਧਾਰ ਤੇ ਪ੍ਰਪਤ ਜਾਣਕਾਰੀ

54  ਨਿੱਜੀ ਜਾਣ-ਪਛਾਣ

# 30. ਚਮਾਰ ਜਾਤੀ ਅਤੇ ਦਲਿਤ ਜਾਤੀਆਂ / ਸਾਹਿਤਕਾਰ

ਭਾਰਤ ਵਿੱਚ ਹਜਾਰਾਂ ਸਾਲਾਂ ਤੋਂ ਚਲਦੇ ਆ ਰਹੇ ਸੰਘਰਸ਼ ਦੀ ਕਹਾਣੀ ਅਸੀਂ ਜਾਣਦੇ ਹਾਂ ।ਅਸੀਂ ਸਮਝਦੇ ਹਾਂ ਕਿ ਭਾਰਤ ਦੇ ਵਿੱਚ ਵਿਦੇਸ਼ੀ ਆਰੀਆਂ ਲੋਕਾਂ ਨੇ ਇਥੋ ਦੇ ਮੂਲ ਨਿਵਾਸੀਆ ਦੀ ਏਕਤਾਂ ਨੂੰ ਤੋੜ ਕੇ ਇਹਨਾਂ ਨੂੰ ਹਜਾਰਾਂ ਜਾਂਤਾ ਵਿੱਚ ਵੰਡ ਕੇ ਖੁਦ ਮੁੱਠੀ ਭਰ ਹੋਣ ਦੇ ਬਾਵਜੂਦ ਵੀ ਇਹਨਾਂ ਬਹੁ ਗਿਣਤੀ ਲੋਕਾਂ ਉਪਰ ਰਾਜ ਕੀਤਾ ਹੈ । ਇਹ ਆਰੀਆਦਾ ਛੜਯੰਤਰ ਹੀ ਹੈ ਕੇ ਇਹ ਭਾਰਤੀ ਮੂਲ ਦੇ ਲੋਕੀ ਆਪਣੇ ਹੀ ਭਰਾਵਾ ਨੂੰ ਆਪਣਾ ਦੁਸ਼ਮਣ ਸਮਝ ਕੇ ਆਪਸ ਵਿੱਚ ਦੁਸ਼ਮਣੀ ਦੀ ਭਾਵਨਾ ਰੱਖਦੇ ਹਨ।ਅਸੀਂ ਇਹ ਗੱਲ ਪੂਰੀ ਤਰਾਂ ਸਮਝ ਗਏ ਹਾਂ ਕਿ ਅਸੀਂ ਭਾਰਤੀ ਮੂ਼ਲ ਦੀਆਂ ਸਾਰੀਆਂ ਜਾਂਤਾ ਨੂੰ ਜਦੋਂ ਤੱਕ ਇੱਕ ਮੰਚ ਤੇ ਇੱਕ ਸੋਚ ਤੇ ਇੱਕਠੀਆਂ ਨਹੀਂ ਕਰ ਲੈਂਦੇ ਉਦੋਂ ਤੱਕ ਅਸੀਂ ਭਾਰਤ ਵਿੱਚ ਬ੍ਰਾਹਮਣਵਾਦ ਨੂੰ ਨਹੀਂ ਉਖਾੜ ਨਹੀਂ ਸਕਦੇ।ਬ੍ਰਾਹਮਣਵਾਦ ਤੋਂ ਭਾਵ ਕਿ ਗੈਰ- ਬਰਾਬਰੀ ਵਾਲੀ ਵਿਵਸਥਾ ਤੋਂ ਹੈ। ਸਾਰੀਆਂ ਦਲਿਤ ਜਾਤੀਆਂ ਨੂੰ ਆਪਸ ਵਿੱਚ ਲੜਾ ਕੇ, ਤੋੜ ਕੇ ਆਪਣਾ ਰਾਜ ਵਿਵਸਥਾ ਚਲਾ ਰਹੀ ਹੈ। ਭਾਰਤ ਵਿੱਚ ਸਦੀਆਂ ਤੋਂ ਚਲਦੀ ਆ ਰਹੀ ਗੈਰ ਬਰਾਬਰੀ ਦੇ ਆਧਾਰ ਤੇ ਵਿਵਸਥਾ ਨੂੰ ਬਦਲ ਕੇ ਮਾਨਵਵਾਦੀ ਵਿਵਸਥਾ ਦਾ ਸੰਕਲਪ ਪੇਸ਼ ਕੀਤਾ ਗਿਆ ।ਇਹ ਜੋ ਵਿਚਾਰਦਾਰਕ ਲੜਾਈ ਹੈ ਜੋ ਸਾਰੀਆਂ ਦਲਿਤ ਜਾਤੀਆਂ ਦੇ ਇਕੱਠ ਬਿਨਾਂ ਨਹੀਂ ਮੁਕੰਮਲ ਹੋ ਸਕਦੀ ।ਅਸੀਂ ਜਾਣਦੇ ਹਾਂ ਕਿ ਬ੍ਰਹਮਣਵਾਦ ਭਾਰਤ ਦੀ ਹਰ ਜਾਤੀ ਤੇ ਹਾਵੀ ਹੈ। ਬ੍ਰਾਮਣਵਾਦ ਦੀ ਵਿਵਸਥਾ ਤੋਂ ਗੁਲਾਮ ਬਣਾ ਕੇ ਲੁਟ ਹੀ ਨਹੀਂ ਰਹੀ ਸਗੋਂ ਮਾਨਸਿਕ ਗੁਲਾਮੀ ਪੈਦਾ ਕਰਕੇ ਆਪਣੀ ਸਦੀਵੀਂ ਰਾਜ ਸੱਤਾ ਚਲਾ ਰਹੀ ਹੈ।ਅਸੀਂ ਆਪਣੇ ਮਹਾਂਪੁਰਸ਼ਾ ਦਾ ਜੀਵਨ ਸੰਘਰਸ ਵੇਖਿਆਂ ਹੈ ,ਪੜਿਆਂ ਹੈ ਕਿ ਉਨ੍ਹਾਂ ਨੇ ਜਾਤੀ ਸਵੈਮਾਨ ਦੀ ਭਾਵਨਾ ਪੈਦਾ ਕਰਨ ਲਈ ਜਾਤੀ ਹੀਣਤਾ ਨੂੰ ਖਤਮ ਕਰਦਿਆ ਇੱਕ ਵਿਚਾਰਧਾਰਕ ਕ੍ਰਾਂਤੀ ਪੈਦਾ ਕਰਨ ਦੀ ਸ਼ਾਨਦਾਰ ਕੌਸ਼ਿਸ਼ ਕੀਤੀ। ਮਹਾਰਿਸ਼ੀ ਬਾਲਮੀਕ ਜੀ ,ਮਹਾਂਰਿਸ਼ੀ ਸ਼ੰਭੂਕ ਜੀ ਮਹਾਤਮਾ ਰਾਵਣ ਜੀ, ਭਗਵਾਨ ਬੁੱਧ ਜੀ ਸਤਿਗੁਰੂ ਰਵਿਦਾਸ ਜੀ ,ਸਤਿਗੁਰੂ ਨਾਮਦੇਵ ਜੀ ,ਸਤਿਗੁਰੂ ਕਬੀਰ ਜੀ,ਸਤਿਗੁਰੂ ਸਧਨਾ ,ਸਤਿਗੁਰੂ ਤਿਰਲੋਚਨ ਜੀ, ਸਤਿਗੁਰੂ ਗੋਰਖ ਨਾਥ ਜੀ ,ਜੋਤੀ ਰਾਓ ਫੂਲੇ ਜੀ, ਛਤਰਪਤੀ ਸ਼ਾਹੂ ਜੀ ,ਡਾ.ਅੰਬੇਡਕਰ ਜੀ ,ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਆਪਣਾ ਲੰਬਾ ਸਮਾਂ ਸੰਘਰਸ਼ ਕਲਰਕੇ ਬ੍ਰਾਹਮਣ ਵਾਦ ਨੂੰ ਚਣੌਤੀ ਦਿੱਤੀ। ਸਾਰੀਆਂ ਜਾਤੀਆਂ ਨੂੰ ਇੱਕਠਾ ਕਰਕੇ ਭਾਰਤ ਵਿੱਚ ਜਬਰਦਸਤ ਕ੍ਰਾਂਤੀ ਦੀ ਲਹਿਰ ਖੜੀ ਕੀਤੀ ਭਰਾਤ ਦੇ ਇਤਿਹਾਸ ਦੀ ਸਹੀ ਜਾਣਕਾਰੀ ਦੇ ਕੇ ਅਧੁਨਿਕ ਭਾਰਤ ਦੀ ਸਭ ਤੋਂ ਵੱਡੀ ਕ੍ਰਾਂਤੀਕਾਰੀ ਲਹਿਰ ਦਾ ਮਿਸ਼ਨ ਚਲਾਇਆ । ਡਾ. ਭੀਮਰਾਓ ਜੀ ਨੇ ਭਰਾਤ ਦੇ ਮੂਲ ਨਿਵਾਸੀ ਸਮਾਜ ਨੂੰ ਇੱਕ ਨਵਾਂ ਜੀਵਨ ਦਿੱਤਾ ਉਸ ਵਰਦਾਨ ਦਾ ਨਤੀਜਾ ਇਹ ਨਿਕਲਿਆ ਕਿ ਸਮਾਜ ਨੇ ਅਗਿਆਨਤਾ ਦੇ ਹਨੇਰ ਨੂੰ ਮਿਟਾ ਦਿੱਤਾ। ਗਿਆਨ

ਵਾਨ ਬਣਿਆ ਬਲਵਾਨ ਬਣਿਆ।।ਜਿਸ ਦੀ ਲੋਅ ਲੈ ਕੇ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਨੇ ਬਹੁਜਨ ਲਹਿਰ ਖੜੀ ਕੀਤੀ। ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੀ ਕੀਤੀ ਕਮਾਈ ਦਾ ਫਲ ਮਿਲਿਆ ਕਿ ਅੱਜ ਸਮਾਜ ਵਿੱਚ ਅਨੇਕਾ ਵਿਦਵਾਨਾਂ ਨੇ ਜਨਮ ਲਿਆ ।ਜਿਨ੍ਹਾਂ ਨੇ ਸਮਾਜ ਦੀ ਦਸ਼ਾ ਨੂੰ ਬਦਲਣ ਲਈ ਲਗਾਤਾਰ ਸੰਘਰਸ਼ ਕੀਤਾਅਤੇ ਸਮਾਜ ਨੂੰ ਸਹੀਂ ਦਿਸ਼ਾ ਦਿੱਤੀ। ਅੱਜ ਬ੍ਰਾਹਮਣਵਾਦ ਦਾ ਸ਼ਿਕਾਰ ਸਾਰੀਆ ਅਛੂਤ ਜਾਤੀਆਂ ਇੱਕ ਹੋਣ ਲਈ ਸੰਘਰਸ਼ ਕਰ ਰਹੀਆ ਹਨ ਹਜਾਰਾ ਲੋਕਾਂ ਦਾ ਜੀਵਨ ਪੱਧਰ ਬਦਲ ਗ਼ਿਆ ਹੈ । ਦਲਿਤ ਜਾਤੀਆਂ ਨੇ ਆਪਣਾ ਸਾਹਿਤ ਵੱਡੀ ਪੱਧਰ ਤੇ ਪੈਦਾ ਕੀਤਾ ।ਸਾਹਿਤ ਕਾਰਾ ਨੇ ਭਾਰਤ ਦੇ ਮੂਲਨਿਵਾਸੀਆ ਦੀ ਏਕਤਾ ਲਈ ਨਿਰੰਤਰ ਸਾਹਿਤ ਸਿਰਜਣਾ ਦਾ ਕੰਮ ਕੀਤਾ ਹੈ। ਸਾਰੀਆ ਦਲਿਤ ਜਾਤੀਆ ਲਈ ਏਕਤਾ ਦੀ ਭਾਵਨਾ ਪੈਦਾ ਕਰਨ ਲਈ ਜਿਵੇਂ ਚਮਾਰ ਜਾਤੀ ਦੇ ਵਿਦਵਾਨਾ ਨੇ ਕ੍ਰਾਂਤੀ ਕਾਰੀ ਕੰਮ ਕੀਤਾ ਹੈ। ਜਿਨਾਂ ਵਿੱਚ ਸ੍ਰੀ ਗਿਅਨੀ ਦਿੱਤ ਸਿੰਘ,ਮੰਗੂ ਰਾਮ ਬਾਹੜੋਵਾੀਆ, ਨਾਨਕ ਚੰਦ ਰੱਤੂ,ਪ੍ਰੀਤਮ ਰਾਮਦਾਸ ਪੁਰੀ, ਐਸ.ਐਲ.ਵਿਰਦੀ, ਸੋਹਣ ਸਹਿਜਲ,ਮੋਹਨ ਲਾਲ ਫਿਲੋਰੀਆਂ, ਮੱਖਣ ਕ੍ਰਾਂਤੀ, ਕੁੰਦਨ ਲਾਲ ਬੱਧਣ, ਸੋਹਨ ਲਾਲ ਸੁਮਨਾਕਸ਼ਰ, ਡਾ.ਮਾਤਾ ਪ੍ਰਸ਼ਾਦ, ਅਜੀਤ ਚੰਦ ਨਿਮਤਾ ਆਦਿ ਵਿਦਵਾਨਾਂ ਨੇ ਆਪਣੀਆ ਲਿਖਤਾ ਰਾਹੀਂ ਆਪਸੀ ਏਕਤਾਂ ਪੈਦਾ ਕਰਨ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੈ।ਇਸੇ ਤਰਾਂ ਬਾਕੀ ਜਾਤੀਆ ਦੇ ਮਹਾਨ ਵਿਦਾਵਨਾਂ ਨੇ ਵੀ ਸਾਰੀਆਂ ਦਲਿਤ ਜਾਤੀਆਂ ਦੀ ਏਕਤਾ ਲਈ ਆਪਣੀਆਂ ਲਿਖਤਾ ਦੀ ਸਿਰਜਣਾ ਕੀਤੀ ਹੈ ਜਿਨ੍ਹਾਂ ਦਾ ਅਸੀਂ ਸੰਖੇਪ ਇਥੇ ਦੇ ਰਹੇ ਹਾਂ। ਜਿਨ੍ਹਾਂ ਦਾ ਜੀਵਨ ਬਹੁ ਗਿਣਤੀ ਲੋਕਾਂ ਲਈ ਇਕ ਪ੍ਰੇਰਣਾ ਸਰੋਤ ਹੈ।ਬਹੁ ਚਰਚਿੱਤ ਸਾਹਿਤਕਾਰ ਜਿਨ੍ਹਾਂ ਦਾ ਸੰਖੇਪ ਜੀਵਨ ਹੇਠ ਲਿਖੇ ਅਨੁਸਾਰ ਹੈ।

## ਸ੍ਰੀ ਸੰਤ ਰਾਮ ਬੀ.ਏ

ਸ੍ਰੀ ਸੰਤ ਰਾਮ ਬੀ.ਏ ਜੀ ਦਾ ਜਨਮ 14 ਫਰਵਰੀ 1887 ਨੂੰ ਪਿਤਾ ਸ੍ਰੀ ਰਾਮ ਦਾਸ ਮਾਤਾ ਸ੍ਰੀਮਤੀ ਮਾਲਿਨੀ ਜੀ ਦੀ ਕੁੱਖੋਂ ਪਿੰਡ ਪੁਰਾਣੀ ਬਸੀ,ਹੁਸਿਆਰਪੁਰ ਵਿਖੇ ਹੋਇਆ। ਆਪ ਜੀ ਬਚਪਨ ਤੋਂ ਹੀ ਬਹੁਤ ਹੁਸ਼ਿਆਰ ਸਨ। ਆਪ ਜੀ ਪੜ੍ਹਾਈ ਬਹੁਤ ਲਗਨ ਨਾਲ ਕੀਤੀ ਅਤੇ ਬੀ.ਏ ਤੱਕ ਦੀ ਪੜਾਈ 1907 ਵਿੱਚ ਕਰ ਲਈ ਸੀ ।ਸੰਤ ਰਾਮ ਬੀ.ਏ ਜੀ ਕ੍ਰਾਂਤੀ ਕਾਰੀ ਵਿਚਾਰਾਂ ਦੇ ਧਨੀ ਸਨ।ਆਪ ਜੀ ਭਾਰਤ ਵਿੱਚੋਂ ਛੂਆ ਛਾਤ ਖਤਮ ਕਰਨ ਲਈ ਸੰਘਰਸ਼ਸ਼ੀਲ ਸਨ। ਆਪ ਜੀ ਅਗਾਂਹ ਵੱਧੂ ਵਿਚਾਰਾਂ ਦੇ ਮਾਲਿਕ ਸਨ। ਆਪ ਜੀ ਨੇ ਬਹੁਤ ਮਿਹਨਤ ਨਾਲ ਕੰਮ ਕੀਤਾ।1922 ਵਿੱਚ ਜਾਤ ਪਾਤ ਤੋੜਕ ਮੰਡਲ' ਦੀ ਸਥਾਪਨਾ ਕੀਤੀ ਜਿਸ ਦੀ ਵਿਚਾਰਧਾਰਾ ਭਾਰਤ ਨੂੰ ਜਾਤੀ ਮੁਕਤ ਕਰਨਾ ਸੀ।1936 ਵਿੱਚ ਜਦੋਂ 'ਜਾਤ ਪਾਤ ਤੋੜਕ ਮੰਡਲ ' ਦੇ ਅਧਿਵੇਸ਼ਨ ਵਿੱਚ ਡਾ.ਅੰਬੇਡਕਰ ਜੀ ਨੂੰੰ ਪ੍ਰਧਾਨਗੀ ਭਾਸ਼ਣ ਤੇ ਸਹਿਮਤੀ ਹੋ ਚੁੱਕੀ ਸੀ ਜਾਤੀ ਮਾਨਸਿਕਤਤਾ ਦਾ ਸ਼ਿਕਾਰ ਲੋਕ ਉਸ ਦਾ ਵਿਰੋਧ ਕਰ ਰਹੇ ਸਨ।ਆਰੀਆਂ ਸਮਾਜੀ ਜੋ ਮੰਡਲ ਦੇ ਮੈਂਬਰ ਸਨ ਉਹਨਾਂ ਨੇ ਵਿਰੋਧ ਕੀਤਾ ਤੇ ਸੰਮੇਲਨ ਰੱਦ ਹੋਣ ਉਪਰੰਤ ਉਹ ਪਿਛੇ ਹੱਟ ਗਏ। ਇਸ ਘਟਨਾ ਤੋਂ ਬਾਅਦ 'ਜਾਤ ਪਾਤ ਤੋੜਕ ਮੰਡਲ' ਨੂੰ ਸਹੀਂ ਦਿਸ਼ਾ ਵਿੱਚ ਲਿਜਾਉਣ ਲਈ ਖੁਦ ਹੀ ਆਗੂ ਬਣੇ ਇਸ ਦੇ ਮੋਢੀ ਬਣ ਕੇ ਕੰਮ ਕਰਨ ਲੱਗੇ। ਆਪ ਜੀ ਦੇ ਵਿਚਾਰ ਡਾ.ਅੰਬੇਡਕਰ ਜੀ ਨਾਲ ਸਹਿਮਤ ਹੁੰਦੇ ਸਨ।ਸੰਤ ਰਾਮ ਬੀ.ਏ ਜੀ ਦੀਆਂ 100 ਤੋਂ ਵੱਧ ਪੁਸਤਕਾਂ ਮਿਲਦੀਆਂ ਹਨ। ਆਪ ਜਿਨਾਂ ਦੇ ਲੇਖਕ ਅਤੇ ਅਨੁਵਾਦਕ ਸਨ। ਆਪ ਜੀ ਦਾ ਸਾਰਾ ਜੀਵਨ ਇਸੇ ਸੋਚ ਤੇ ਚੱਲਿਆ ਕਿ ਸਾਰੇ ਮਨੁੱਖ ਬਰਾਬਰ ਹਨ। ਆਪ ਜਾਂ ਲੰਬੀ ਉਮਰ

ਸੰਘਰਸ਼ ਕਰਦਿਆ ਅੰਤ 1.6.1988 ਨੂੰ ਪ੍ਰੀਨਿਰਵਾਣ ਨੂੰ ਪ੍ਰਾਪਤ ਹੋ ਗਏ।[1]

## ਸ੍ਰੀ ਸੰਤ ਰਾਮ ਉਦਾਸੀ

ਸੰਤ ਰਾਮ ਉਦਾਸੀ ਜੀ ਦਾ ਜਨਮ 20 ਅਪ੍ਰੈਲ 1939 ਨੂੰ ਪਿਤਾ ਮਿਹਰ ਸਿੰਘ ਜੀ ਤੇ ਮਾਤਾ ਦੰਨ ਕੌਰ ਜੀ ਦੇ ਘਰ ਪਿੰਡ ਰਾਏਪੁਰ ਜ਼ਿਲ੍ਹਾ ਸੰਗਰੂਰ ਵਿੱਚ ਮਜਬੀ ਭਾਈਚਾਰੇ ਵਿੱਚ ਹੋਇਆ। ਆਪ ਜੀ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਤੋਂ ਪ੍ਰਾਪਤ ਕੀਤੀ ਦਸਵੀਂ ਅਤੇ ਬੀ.ਟੀ ਦਾ ਕੋਰਸ ਬਖ਼ਤਗੜ੍ਹ ਪਿੰਡ ਤੋਂ ਕੀਤਾ। ਆਪ ਜੀ ਨੂੰ ਸਮਾਜਿਕ ਭੇਦ ਭਾਵ ਦਾ ਸ਼ਿਕਾਰ ਹੋਣਾ ਪਿਆ ਪਰਿਵਾਰ ਨੂੰ ਗਰੀਬੀ ਦੀ ਹਲਾਤਾ ਦਾ ਸਾਹਮਣਾ ਕਰਨਾ ਪਿਆ। ਅਤੇ ਸਮਾਜ ਵਿੱਚ ਬ੍ਰਾਹਮਣਵਾਦੀ ਵਿਵਸਥਾ ਤਹਿਤ ਨੀਚ ਜਾਤੀ ਹੋਣ ਕਰਕੇ ਪੈਰ ਪੈਰ ਅਪਮਾਨਿਤ ਹੋਣਾ ਪਿਆ । ਆਪ ਜੀ ਨੇ ਆਪਣੀ ਲਿਖਤ ਰਾਹੀਂ ਅਜਿਹੀ ਵਿਵਸਥਾਂ ਨੂੰ ਖਤਮ ਕਰਨ ਲਈ ਬਹੁਤ ਸੰਘਰਸ਼ ਕੀਤਾ। ਸੰਤ ਰਾਮ ਉਦਾਸੀ ਜੀ ਨੂੰ ਆਰਥਿਕ ਨਾ ਬਰਾਬਰੀ ਦਾ ਸ਼ਿਕਾਰ ਹੋਣਾ ਪਿਆ ਉਥੇ ਨਾਲ ਨਾਲ ਹੀ ਉਦਾਸੀ ਨੂੰ ਛੂਆਂ ਛਾਤ ਦਾ ਵੀ ਸ਼ਿਕਾਰ ਹੋਣਾ ਪਿਆ। ਉਸ ਨਾਲ ਨੂੰ ਬਹੁਤ ਜਿਆਦਾ ਜ਼ੁਲਮ ਸਹਿਣਾ ਪਿਆ।ਬੇਇਨਸਾਫੀ ਉਸ ਨਾਲ ਰੱਜ ਕੇ ਕੀਤੀ ਗਈ ਸਮੇਂ ਦੀ ਸਰਕਾਰ ਵਲੋਂ1968-69 ਵਿੱਚ ਸੰਤ ਰਾਮ ਉਦਾਸੀ ਨਕਸਲਾਈਟ ਲਹਿਰ ਤੋਂ ਪ੍ਰਭਾਵਿਤ ਹੋ ਗਿਆ ਆਪ ਜੀ ਨੇ ਆਪਣੀ ਕਲਮ ਰਹੀਂ ਦਲਿਤਾ,ਮਜਦੂਰਾਂ ਆਦਿ ਤੇ ਹੁੰਦੇ ਜੁਲਮਾਂ ਖ਼ਿਲਾਫ ਅਵਾਜ ਹੀ ਨਹੀਂ ਉਠਈ ਸਗੋਂ ਜਗੀਰਦਾਰੀ ਸਿਸਟਮ ਵਿਰੁੱਧ ਸੰਘਰਸ਼ ਵੀ ਕੀਤਾ। ਸੰਤ ਰਾਮ ਉਦਾਸੀ ਦੇ ਗੀਤਾਂ ਅਤੇ ਕਵਿਤਾਵਾਂ ਨੂੰ ਅੱਜ ਵੀ ਸਮਾਜ ਵਿੱਚ ਉਨੀ ਹੀ ਪ੍ਰਸਿੱਧੀ ਪ੍ਰਾਪਤ ਹੈ ਜਿਨ੍ਹੀ ਉਸ ਦੇ ਸਮੇਂ ਵਿੱਚ ਮਕਬੂਲੀਅਤ ਸੀ।ਉਸ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਵਿੱਚ ਕੰਮੀਆਂ ਦਾ ਵਿਹੜਾ, ਗੁਰੂ ਨਾਨਕ ਤੇ ਅੱਜ, ਚਮਕੌਰ ਦੀ ਗੜੀ, ਜ਼ਫ਼ਰਨਾਮਾ, ਲਹੂ ਭਿੱਜੇ ਬੋਲ, ਸੈਨਤਾਂ, ਚੌਨੁਰੀਆਂ ਦੀ ਸੀਖਾਂ, ਉਸ ਦੀਆਂ ਇਨਕਲਾਬੀ ਪੁਸਤਕਾ ਹਨ।ਅਜੋਕੇ ਸਮੇਂ ਵਿੱਚ ਵੱਖ ਵੱਖ ਪ੍ਰੈਕਾਸ਼ਨਾਂ ਵਲੋਂ ਉਦਾਸੀ ਸੰਪੂਰਨ ਗੀਤ ਅਤੇ ਕਵਿਤਾਵਾ ਵੀ ਮਿਲ ਰਹੀਆਂ ਹਨ ਜਿਨ੍ਹਾਂ ਵਿੱਚ ਉਸ ਕ੍ਰਾਂਤੀਕਾਰੀ ਜੀਵਨ ਬ੍ਰਿਤਾਤ ਦੀ ਝਲਕ ਮਿਲਦੀ ਹੈ।[2]

## ਐਡਵੋਕੇਟ ਸ੍ਰੀ ਭਗਵਾਨ ਦਾਸ ਜੀ

ਐਡਵੋਕੇਟ ਭਗਵਾਨ ਦਾਸ ਜੀ ਦਾ ਜਨਮ ਵਾਲਮੀਕਿ ਸਮਾਜ ਵਿੱਚ ਹੋਇਆ ਉਹਨਾ ਦੀ ਜਿੰਦਗੀ ਦਾ ਉਦੇਸ਼ ਅੰਬੇਡਕਰ ਮਿਸ਼ਨ ਨੂੰ ਭਾਰਤ ਵਿੱਚ ਵਿਸ਼ਾਲ ਪੱਧਰ ਤੇ ਪ੍ਰਸਾਰਣਾ ਹੈ।ਉਹਨਾ ਦਾ ਜੀਵਨ ਡਾ.ਅੰਬੇਡਕਰ ਜੀ ਵਿਚਾਰਧਾਰਾ ਤੋਂ ਪੂਰੀ ਤਰਾਂ ਪ੍ਰਭਾਵਿਤ ਹੈ। ਉਹਨਾਂ ਨੇ ਡਾ.ਅੰਬੇਡਕਰ ਜੀ ਦੇ ਭਾਸ਼ਣਾ ਨੂੰ ਪਹਿਲੀ ਵਾਰ ਸੰਪਾਦਨ ਕਰਕੇ 'ਦਸ ਸਪੋਕ ਅੰਬੇਡਕਰ' ਦੇ ਟਾਈਟਲ ਤਹਿਤ ਚਾਰ ਜਿਲਦਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ ਜਿਵੇਂ ਗਾਂਧੀ ਐਡ ਗਾਂਧੀ ਇਜ਼ਮ', ਮੈਂ ਭੰਗੀ ਹੂ,ਬਾਲਮੀਕ ਜੈਯੰਤੀ, ਮਹਾਂਰਿਸ਼ੀ ਬਾਲਮੀਕ, ਬਾਬਾ ਸਾਹਬ ਕੇ ਚਰਨੋ ਮੇ,ਆਦਿ ਹਨ। ਜਿਨਾਂ ਰਾਹੀ ਉਹਨਾਂ ਨੇ ਭਾਰਤੀ ਸਾਹਿਤ ਚਿੰਤਨ ਵਿੱਚ ਦਲਿਤ ਸਾਹਿਤ ਦੀ ਹੋਂਦ ਪੇਸ਼ ਕੀਤੀ ਆਪ ਜੀ ਦਾ ਦਲਿਤ ਸਾਹਿਤ ਵਿੱਚ ਬਹੁਤ ਵਿਸ਼ੇਸ਼ ਸਥਾਨ ਹੈ। ਉਹਨਾ ਦੀਆਂ ਲਿਖਤਾ ਦਾ ਕੋਈ ਜਵਾਬ ਨਹੀਂ ਹੈ।[3]

## ਸ਼੍ਰੀ ਦੀਵਾਨ ਚੰਦ ਅਹੀਰ

ਦੀਵਾਨ ਚੰਦ ਅਹੀਰ ਜੀ ਦਾ ਜਨਮ 20 ਫਰਵਰੀ 1928 ਨੂੰ ਪਿੰਡ ਬਾਠ ਕਲਾਂ,ਤਹਿ.ਨਕੋਦਰ ,ਜਿਲਾਂ ਜਲੰਧਰ ਵਿੱਚ ਹਇਆ।ਆਪ ਜੀ ਨੇ 1945 ਵਿੱਚ ਦਸਵੀਂ ਪਾਸ ਕੀਤੀ। ਦਸਵੀਂ ਪਾਸ ਕਰਨ ਉਪਰੰਤ ਉਹਨਾਂ ਨੂੰ ਸ਼ਿਮਲਾਂ ਵਿਖੇ ਕੇਂਦਰੀ ਸਰਕਾਰ ਦੀ ਨੌਕਰੀ ਮਿਲ ਗਈ 1946 ਵਿੱਚ ਉਹਨਾਂ ਦੀ ਬਦਲੀ ਦਿੱਲੀ ਹੋ ਗਈ।ਆਪ ਜੀ ਨੇ 1956 ਵਿੱਚ ਉਹਨਾਂ ਨੇ ਪੰਜਾਬ ਯੂਨੀਵਰਸੀਟੀ ਤੋਂ ਬੀ.ਏ ਪਾਸ ਕੀਤੀ1946 ਵਿੱਚ ਆਪ ਜੀ ਨੇ ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੂੰ ਸੁਣਿਆ ਸੀ ਜਿਸ ਦਾ ਆਪ ਉੱਪਰ ਬਹੁਤ ਗਹਿਰਾ ਪ੍ਰਭਾਵ ਪਿਆ। ਆਪ ਜੀ ਦੀਵਾਨ ਚੰਦ ਦਰਦੀ ਨਾਂ ਹੇਠ 'ਉਜਾਲਾ ਵਿੱਚ ਵੀ ਕਵਿਤਾ ਲਿਖਦੇ ਰਹੇ । ਆਪ ਜੀ ਦੀਆਂ ਅਨੇਕਾ ਪੁਸਤਕਾਂ ਲਿਖੀਆਂ ਹਨਜਿਵੇਂ ਬੁੱਧ ਧਰਮ ਉੱਪਰ 39 ਪੁਸਤਕਾਂ ਅਤੇ ਡਾ.ਅੰਬੇਡਕਰ ਉੱਪਰ 21 ਪੁਸਤਕਾਂ ਦੀ ਰਚਨਾ ਕੀਤੀ ਹੈ।ਆਪ ਜੀ ਦੀਆ ਸਾਰੀਆਂ ਪੁਸਤਕਾਂ ਖੋਜ ਭਰਪੂਰ ਹਨ।[4]

## ਸ਼੍ਰੀ ਜੋਗਿੰਦਰ ਨਾਥ ਮੰਡਲ

ਸ਼੍ਰੀ ਜੋਗਿੰਦਰ ਨਾਥ ਮੰਡਲ ਦਾ ਜਨਮ 29 ਜਨਵਰੀ 1904 ਨੂੰ ਇੱਕ ਗਰੀਬ ਪਰਿਵਾਰ ਵਿੱਚ ਹੋਇਆ, ਆਪ ਜੀ ਦਾ ਪਰਿਵਾਰ ਕਿਸਾਨੀ ਦਾ ਕੰਮ ਕਰਦਾ ਸੀ। ਸ਼ੂਦਰ ਸਮਾਜ (ਅਨੁਸੂਚਿਤ ਜਾਤੀ ) ਦੇ ਨਾਲ ਸੰਬਧਿਤ ਸੀ। ਜੋ ਉਸ ਵੇਲੇ ਬੰਗਾਲ ਦੇ ਬਾਰੀਸਾਲ ਜ਼ਿਲ੍ਹੇ ਦੇ ਮੈਸਟਰ ਕੰਡੀ ਬਾਨਾ ਗੋਗਨੀ ਵਿੱਚ ਰਹਿੰਦਾ ਸੀ। ਸ਼੍ਰੀ ਜੋਗਿੰਦਰ ਨਾਥ ਮੰਡਲ ਦੇ ਪਿਤਾ ਜੀ ਦਾ ਨਾਂ ਸ਼੍ਰੀ ਰਾਮ ਦਿਆਲ ਅਤੇ ਮਾਤਾ ਸੰਧਿਆਂ ਦੇਵੀ ਜੀ ਸਨ। ਜੋ ਧਾਰਮਿਕ ਖਿਆਲਾਂ ਦੇ ਸਨ। ਉਨ੍ਹਾਂ ਦੇ ਚਾਰ ਪੁੱਤਰ ਅਤੇ ਦੋ ਲੜਕੀਆਂ ਸਨ। ਜ੍ਹਿਾਂ ਵਿੱਚ ਸਭ ਤੋਂ ਛੋਟੇ ਸਨ ਸ਼੍ਰੀ ਜੋਗਿੰਦਰ ਨਾਥ ਮੰਡਲ ਜੀ। ਆਪ ਜੀ 8 ਸਾਲ ਦੀ ਉਮਰ ਵਿੱਚ ਆਪ ਜੀ ਨੂੰ ਪ੍ਰਾਇਮਰੀ ਸਕੂਲ ਵਿੱਚ ਦਾਖਲ ਕਰਵਾਇਆਂ ਗਿਆ ਸੀ ਪਰ ਸਕੂਲ ਬੰਦ ਹੋਣ ਕਾਰਣ ਆਪ ਜੀ ਨੂੰ ਦੋ ਸਾਲ ਤੱਕ ਪੜਾਈ ਬੰਦ ਰੱਖਣੀ ਪਈ ਆਪ ਜੀ ਇੱਕ ਵਿਦਵਾਨ ਅਤੇ ਉੱਚ ਕੋਟੀ ਦੇ ਚਿੰਤਕ ਸਨ ਜਿਨਾਂ ਨੇ ਜਲਦੀ ਇਹ ਸਮਝ ਲਿਆ ਸੀ ਕਿ ਅਗਿਆਨਤਾ ਅਤੇ ਗਰੀਬੀ ਹੀ ਸਮਾਜ ਦੇ ਸਾਰੇ ਦੁੱਖਾਂ ਦਾ ਕਾਰਨ ਹੈ। ਜੋਗਿੰਦਰ ਨਾਥ ਨੇ 1924 ਵਿੱਚ ਪਹਿਲੇ ਦਰਜੇ ਤੇ ਇਮਤਿਹਾਨ ਪਾਸ ਕੀਤਾ।

ਆਪ ਜੀ ਦੀ ਮਿਹਨਤ ਅਤੇ ਲਗਨ ਕਰਕੇ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਬੀ.ਐਮ.ਕਾਲਿਜ ਬਾਰੀਸਾਲ ਤੋਂ 1926 ਵਿੱਚ ਆਈ .ਏ ਅਤੇ 1929 ਵਿੱਚ ਬੀ.ਏ ਪਾਸ ਕੀਤੀ ਬਾਅਦ ਵਿੱਚ ਕਾਲਜ ਦੀ ਪੜਾਈ ਆਪ ਜੀ ਨੇ ਆਪਣੇ ਸੁਹਰੇ ਪਰਿਵਾਰ ਤੋਂ ਮਦਦ ਲੈ ਕੇ 1930 ਵਿੱਚ ਉਨ੍ਹਾਂ ਨੇ ਢਾਕਾ ਯੂਨੀਵਰਸਿਟੀ ਵਿੱਚ ਐਮ.ਏ ਅਤੇ ਕਨੂੰਨ ਵਿੱਦਿਆ ਵਿੱਚ ਦਾਖਲਾ ਲਿਆ। ਸ਼੍ਰੀ ਜੋਗਿੰਦਰ ਨਾਥ ਮੰਡਲ ਪਹਿਲੀ ਵਾਰ ਬੰਬਈ ਵਿੱਚ ਡਾ.ਅੰਬੇਡਕਰ ਜੀ ਨੂੰ ਮਿਲੇ ਸਨ, ਡਾ. ਅੰਬੇਡਕਰ ਜੀ ਕੇਂਦਰੀ ਕਿਰਤ ਮੰਤਰੀ ਦੇ ਤੌਰ ਉੱਤੇ ਸਰਕਾਰੀ ਕੰਮਾਂ ਦੇ ਸਬੰਧ ਵਿੱਚ ਆਏ ਸਨ। ਸ਼੍ਰੀ ਜੋਗਿੰਦਰ ਨਾਥ ਮੰਡਲ ਬੰਗਾਲ ਦੇ ਸਹਿਕਾਰਤਾ ਮੰਤਰੀ ਦੇ ਤੌਰ ਤੇ ਆਏ ਸਨ ।ਸ਼੍ਰੀ ਜੋਗਿੰਦਰ ਨਾਥ ਮੰਡਲ ਜੀ ਐਸ.ਸੀ ਫੈਡਰੇਸ਼ਨ ਦੇ ਪ੍ਰਧਾਨ ਵੀ ਸਨ, ਜਿਸ ਦੇ ਕੇਂਦਰੀ ਪ੍ਰਧਾਨ ਅਤੇ ਸੰਸਥਾਪਕ ਡਾ. ਅੰਬੇਡਕਰ ਜੀ ਸਨ। 5 ਅਕਤੂਬਰ 1946 ਨੂੰ ਆਪ ਜੀ ਨੂੰ ਕਾਨੂੰਨ ਮੰਤਰੀ ਦੇ ਰੂਪ ਵਿੱਚ ਸਹੁੰ ਚੁਕਾਈ ਗਈ ਆਪ ਜੀ ਦੇ ਨਿੱਜੀ ਸਚਿਵ ਦਾ ਨਾਮ ਸ਼੍ਰੀ

ਰਾਮ ਚੰਦਨ ਸੀ। 15 ਨਵੰਬਰ 1946 ਨੂੰ ਬਾਬਾ ਸਾਹਿਬ ਜੀ ਨੇ ਆਪ ਜੀ ਨੂੰ ਬੰਬਈ ਬੁਲਾਇਆ ਸੀ 20 ਨਵੰਬਰ ਨੂੰ ਬੰਬਈ ਪਹੁੰਚੇ ਸਨ। ਸ਼੍ਰੀ ਜੋਗਿੰਦਰ ਨਾਥ ਮੰਡਲ ਜੀ ਨੂੰ ਦੇਸ਼ ਦੀ ਵੰਡ ਕਾਰਨ ਪਾਕਿਸਤਾਨ ਜਾਣਾ ਪਿਆ। ਆਪ ਜੀ ਨੇ ਬਾਬਾ ਸਾਹਿਬ ਜੀ ਦੀ ਬਹੁਤ ਮਦਦ ਕੀਤੀ ਸੀ। ਆਪ ਜੀ ਨੇ ਸਾਰੀ ਜ਼ਿੰਦਗੀ ਸੰਘਰਸ਼ ਕੀਤਾ। ਅੰਤ ਆਪ ਜੀ 5 ਅਕਤੂਬਰ 1968 ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ।

## ਲੋਕ ਕਵੀ ਗੁਰਦਾਸ ਰਾਮ ਆਲਮ

ਗੁਰਦਾਸ ਰਾਮ ਆਲਮ ਜੀ ਦਾ ਜਨਮ 1912 ਨੂੰ ਪਿੰਡ ਬੁੰਡਾਲਾ ਜ਼ਿਲ੍ਹਾ ਜਲੰਧਰ ਵਿਚ ਮਾਤਾ ਜੀਉਣੀ ਜੀ ਦੀ ਕੁੱਖੋਂ ਪਿਤਾ ਜੀ ਉਮਰਾ ਰਾਮ ਜੀ ਦੇ ਘਰ ਅਤਿ ਗਰੀਬ ਵਾਲਮੀਕਿ ਪਰਿਵਾਰ ਵਿਚ ਹੋਇਆ। ਆਰਥਿਕ ਤੰਗੀ ਕਾਰਨ ਗੁਰਦਾਸ ਰਾਮ ਆਲਮ ਜੀ ਨੂੰ ਸਕੂਲ ਵਿਚ ਪੜ੍ਹਨਾ ਦਾ ਮੌਕਾ ਨਹੀਂ ਮਿਲਿਆ। ਪਰਿਵਾਰ ਗਰੀਬੀ ਦੀ ਅਤਿ ਦੁਰਦਸ਼ਾ ਵਿਚ ਗੁਜ਼ਰ ਰਿਹਾ ਸੀ। ਬੇਸ਼ਕ ਆਲਮ ਨੂੰ ਮੁਢਲਾ ਮੌਕਾ ਨਹੀਂ ਮਿਲਿਆ ਕਿ ਉਹ ਪੜ੍ਹਾਈ ਹਾਸਲ ਕਰ ਸਕੇ। ਪਰ ਉਸ ਦੀ ਪੜ੍ਹਨ ਲਿਖਣ ਦੀ ਭੁੱਖ ਨੇ ਆਲਮ ਨੂੰ ਸਮਾਜਿਕ, ਧਾਰਮਿਕ ਅਤੇ ਰਾਜਨੀਤੀਕ ਸੂਝ ਬੂਝ ਭਰਪੂਰ ਇਕ ਸੰਵੇਦਨਸ਼ੀਲ ,ਲੋਕ ਹਿਤ ਲਈ, ਲੋਕ ਸੰਘਰਸ਼ ਲਈ ਜੂਝਣ ਵਾਲਾ ਮਹਾਨ ਕਵੀ ਬਣਾ ਦਿੱਤਾ। ਆਲਮ ਪੜ੍ਹਾਈ ਲਈ ਸਕੂਲ ਨਹੀਂ ਗਏ। ਪਰ ਸਕੂਲ ਵਿੱਚ ਚਲਦੇ ਸਿਲੇਬਸ ਵਿਚ ਲੱਗੇ ਸਾਹਿਤ ਨੂੰ ਮਾਤ ਪਾਉਣਾ ਵਾਲੇ ਸਾਹਿਤ ਸਿਰਜਣਾ ਕਰ ਦਿੱਤੀ।

ਆਲਮ ਜੀ ਨੇ ਆਪਣਾ ਜੀਵਨ ਲੋਕਾਂ ਦੇ ਹਿੱਤ, ਲੋਕਾਂ ਦੇ ਸੰਘਰਸ਼ ਵਿਚ ਗੁਜਾਰਿਆ। ਉਸ ਨੇ ਆਪਣਾ ਸਾਹਿਤ ਮਿਹਨਤਕਸ਼, ਮਜਦੂਰਾਂ, ਅਛੂਤਾਂ, ਕਿਸਾਨਾਂ, ਦੱਬੇ-ਕੁਚਲੇ ਲੋਕਾਂ, ਜ਼ੁਲਮ ਦਾ ਸ਼ਿਕਾਰ ਮਜਲੂਮਾ ਦੇ ਹੱਕ ਵਿੱਚ ਰੱਚਿਆ।ਉਸ ਨੇ ਗਰੀਬਾਂ ਦੇ ਹੱਕ ਦੀ ਪੈਰਵੀਂ ਕਰਦੀ ਕਵਿਤਾ ਰਚੀ। ਉਸ ਦੀ ਕਵਿਤਾ ਸੱਚ ਦੇ ਅੰਗ ਸੰਗ ਹੋ ਕੇ ਤੁਰਦੀ ਹੈ, ਤੇ ਮਹਿਜ਼ ਜੋ 15 ਅਗਸਤ 1947 ਨੂੰ ਆਜ਼ਾਦੀ ਮਿਲਦੀ ਹੈ। ਉਸ ਦਾ ਨਿਚੋੜ ਤੇ ਸਚਾਈ ਉਹ 1950-1951 ਵਿਚ ਹੀ ਆਪਣੀਆ ਦੋ ਕਵੀਤਾਵਾਂ 'ਆਜ਼ਾਦੀ' ਅਤੇ 'ਆਜ਼ਾਦੀ ਨੂੰ' ਵਿਚ ਪੇਸ਼ ਕਰ ਦਿੰਦਾ ਹੈ। ਜੋ ਆਜ਼ਾਦੀ ਤੋਂ ਬਾਅਦ ਹੁਣ ਤੱਕ ਸੱਚ ਨਜ਼ਰ ਆ ਰਹੀ ਹੈ। ਗੁਰਦਾਸ ਰਾਮ ਆਲਮ ਪੰਜਾਬੀ ਕਵਿ ਜਗਤ ਦਾ ਇਕ ਮਸ਼ਹੂਰ ਸ਼ਾਇਰ ਸੀ ਜਿਸ ਨੇ ਲੋਕ ਪੀੜਾ ਨੂੰ ਆਪਣੀ ਕਲਮ ਉੱਪਰ ਰੱਖਿਆ ਜਿਸ ਬਾਰੇ ਪੰਜਾਬੀ ਕਵੀ ਅਵਤਾਰ ਪਾਸ਼ ਲਿਖਦਾ ਹੈ "ਗੁਰਦਾਸ ਰਾਮ ਆਲਮ ਪੰਜਾਬ ਦਾ ਮੁੱਢਲਾ ਇਨਕਲਾਬੀ ਸ਼ਾਇਰ ਹੈ ਅਜੋਕੇ ਸਮੇਂ ਵਿਚ ਸਾਨੂੰ ਆਲਮ ਵਰਗੇ ਨਿਧੜਕ ਬੇਗਰਜ ਸ਼ਾਇਰ ਬਨਣਾ ਚਾਹੀਦਾ ਹੈ"। ਇਕ ਜਗ੍ਹਾ ਡਾ. ਜਗਤਾਰ ਨੇ ਲਿਖਿਆ ਹੈ ਕਿ "ਸ਼ਿਵ ਕੁਮਾਰ ਦੇ ਸ਼ਰਧਾਲੂ ਭਾਵੇਂ ਇੰਗਲੈਂਡ ਵਿਚ ਬਹੁਤ ਜਿਆਦਾ ਸਨ ਪਰ ਕਈ ਸਟੇਜਾਂ ਤੇ ਆਲਮ ਤੋਂ ਬਾਅਦ ਸ਼ਿਵ ਕੁਮਾਰ ਹੀ ਜਮ ਸਕਿਆ"। ਗੁਰਦਾਸ ਰਾਮ ਆਲਮ ਨੇ ਚਾਰ ਪੁਸਤਕਾਂ ਦੀ ਰਚਨਾ ਕੀਤੀ। 1) ਜੇ ਮੈਂ ਮਰ ਗਿਆ 2) ਅੱਲੇ ਫੱਟ 3) ਉੱਡਦੀਆਂ ਧੂੜਾ 4) ਆਪਣਾ ਆਪ ਵਿਚ ਉਸ ਦਾ ਵਿਸ਼ਾਲ ਕਵਿ ਸੰਸਾਰ ਹੈ। ਉਹ ਉੱਚ ਕੁਟੀ ਦਾ ਸ਼ਾਇਰ ਹੈ ਜਿਸ ਦਾ ਸਿੱਕਾ ਉਸ ਸਮੇਂ ਅਤੇ ਬਾਅਦ ਤੱਕ ਦੇ ਸ਼ਾਇਰਾਂ ਵਿਚ ਬੇਰੋਕ ਚਲਦਾ ਹੈ। ਉਸ ਨੇ ਆਪਣੀ ਇਨਕਲਾਬੀ ਆਗੂ ਕਵਿਤਾ ਵਿਚ ਲਿਖਦਾ ਹੈ ਕਿ:-

**ਆਲਮ ਉਮਰ ਭਰ ਏਸ ਤੇ ਰਿਹਾ ਡਟਿਆ,**
**ਕਰਕੇ ਟਾਕਰਾ ਸਖ਼ਤ ਖਰਾਬੀਆਂ ਦਾ।**
**ਇਨਸਾਨੀ ਹੱਕ ਅਛੂਤਾਂ ਨੂੰ ਦੇ ਗਿਆ ਏ,**

**ਉਹ ਰਵਿਦਾਸ ਆਗੂ ਇਨਕਲਾਬੀਆਂ ਦਾ।** (ਇਨਕਲਾਬੀ ਆਗੂ)

ਗੁਰਦਾਸ ਰਾਮ ਆਲਮ ਨੇ ਆਪਣੀ ਜ਼ਿੰਦਗੀ ਦਾ ਉਹ ਸਮਾਂ ਵੇਖਿਆ ਜੋ ਉਥਲ ਪੁਥਲ ਦਾ ਸਮਾਂ ਸੀ। ਜਿਸ ਸਮੇਂ ਅੰਦਰ ਹਜ਼ਾਰਾਂ ਸਾਲਾਂ ਤੋਂ ਗੁਲਾਮ ਲੋਕਾਂ ਨੂੰ ਜਿਉਣ ਦਾ ਹੱਕ ਦਿਵਾਉਣ ਲਈ ਬਾਬਾ ਸਾਹਿਬ ਡਾ.ਅੰਬੇਡਕਰ ਜੀ ਸੰਘਰਸ਼ ਕਰ ਰਹੇ ਸਨ ਤਾਂ ਉਸ ਸਮੇਂ ਆਲਮ ਅਛੂਤ ਲੋਕਾਂ ਦੇ ਹੱਕ ਵਿੱਚ ਗੂੰਜਦੀ ਬਾਬਾ ਸਾਹਿਬ ਦੀ ਲਹਿਰ ਦਾ ਗੁਆਹ ਬਣਕੇ ਇਤਿਹਾਸ ਦੇ ਪੰਨਿਆ ਉੱਪਰ ਆਪਣੀ ਹੋਂਦ ਸਥਾਪਿਤ ਕਰ ਗਿਆ। ਜਦੋਂ 27 ਅਕਤੂਬਰ 1951 ਨੂੰ ਜਲੰਧਰ ਦੀ ਨਕੋਦਰ ਰੋਡ ਨਾਲ ਲਗਦੇ ਖਾਲੀ ਮੈਦਾਨ ਵਿਚ ਲੱਖਾਂ ਲੋਕ ਬੇਸਬਰੀ ਨਾਲ ਬਾਬਾ ਸਾਹਿਬ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਗੁਰਦਾਸ ਆਲਮ ਆਪਣੀ ਕਵਿਤਾ ਨੂੰ ਜੋਸ਼ੀਲੇ ਢੰਗ ਨਾਲ ਗਾ ਕੇ ਇਕਾਗਰਤਾ ਵਿਚ ਬੈਠਣ ਲਈ ਮਜੂਬਰ ਕਰ ਰਿਹਾ ਸੀ:-

ਇਹ ਅੱਜ ਕੋਣ ਆਇਆ ਸਵੇਰੇ ਸਵੇਰੇ।
ਬਗਾਵਤ ਲਈ ਦਾਸਾਂ ਨੂੰ ਕਰਦਾ ਇਸ਼ਾਰੇ।

ਗੁਰਦਾਸ ਰਾਮ ਆਲਮ ਇਕ ਲੋਕ ਕਵੀ ਸਨ ਉਹਨਾਂ ਨੂੰ ਲੋਕ 'ਸਿੰਧ-ਬਲੋਚਿਸਤਾਨ ਦਾ ਸਿਰੋਮਣੀ ਕਵੀ ਕਹਿੰਦੇ ਸਨ'। ਆਲਮ ਜੀ ਨੇ 1935-36 ਵਿਚ ਪੰਜਾਬੀ ਕਵੀ ਦਰਬਾਰ ਕੋਇਟਾ ਨਾਂ ਦੀ ਸਾਹਿਤ ਸਭਾ ਦੀ ਸਥਾਪਨਾ ਕੀਤੀ ਜਿਸ ਦੇ ਉਹ 1945 ਤੱਕ ਪ੍ਰਧਾਨ ਵੀ ਰਹੇ। 1972 ਤੇ 1975-76 ਵਿਚ ਉਹ ਦੋ- ਵਾਰੀ ਇੰਗਲੈਂਡ ਵੀ ਗਏ। ਆਪ ਜੀ ਨੇ ਆਪਣੇ ਸਮੇਂ ਦੌਰਾਣ ਆਦਿ ਧਰਮ ਦਾ ਪ੍ਰਚਾਰ ਵੀ ਕੀਤਾ। ਆਪ ਜੀ 77 ਸਾਲ ਦੀ ਉਮਰ ਵਿੱਚ 27 ਸਤੰਬਰ 1989 ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਮਾਜ ਵਿਚ ਸੇਧ ਦਿੰਦੀ ਕਵਿਤਾ,ਸਮਾਜ ਦੀ ਸੋਚ ਅਤੇ ਪੁਰਾਣੀ ਵਿਵਸਥਾ ਨੂੰ ਝੰਝੋੜ ਰਹੀ ਹੈ:-

**ਉਏ ਕਵੀਆ ਮੇਰੀ ਕਲਾਸ ਦਿਆ ਛੱਡ ਆਦਤ ਨੱਚਣ ਗਾਣੇ ਦੀ,**
**ਜਾ ਬੈਠਾ ਰਹੁ ਮੂੰਹ ਬੰਦ ਕਰਕੇ, ਗੱਲ ਕਰ ਕਿਸੇ ਟਿਕਾਣੇ ਦੀ।**[6]

## ਸ਼੍ਰੀ ਵੀ. ਟੀ. ਰਾਜਸ਼ੇਖਰ (ਦਲਿਤ ਮਹਾਂ ਚਿੰਤਕ)

ਭਾਰਤ ਵਿੱਚ ਦਲਿਤ ਚੇਤਨਾ ਨੂੰ ਪੈਦਾ ਕਰਨ ਵਿੱਚ ਸਾਹਿਤਕਾਰ,ਵਿਦਵਾਨ ਪੱਤਰਕਾਰ,ਨਿਡਰ ਦਲੇਰ ਬੁਲਾਰੇ,ਮਹਾਨ ਵਿਚਾਰਧਾਰਕ,ਦਲਿਤ ਲਹਿਰ ਦੇ ਸਿਧਾਂਤ ਕਾਰ ਅਤੇ ਲੇਖਕ ਅਤੇ ਬੁੱਧੀਜੀਵੀ ਸ਼੍ਰੀ ਵੀ ਟੀ ਰਾਜਸ਼ੇਖਰ ਜੀ ਦਾ ਜਨਮ 17 ਜੁਲਾਈ 1932 ਨੂੰ ਓ.ਬੀ.ਸੀ. ਵਰਗ ਵਿੱਚ ਹੋਇਆ ਜਿਨ੍ਹਾਂ ਨੇ ਭਾਰਤ ਵਿੱਚ ਬ੍ਰਾਹਮਣਵਾਦੀ ਮਨੂੰਵਾਦੀਆ ਦੀ ਸੋਚ ਨੂੰ ਆਪਣੀਆ ਲਿਖਤਾਂ ਨਾਲ ਖੁੱਲਾਂ ਚੈਲਿਜ਼ ਕੀਤਾ ਅਤੇ ਬ੍ਰਾਹਮਣਵਾਦੀਆ ਦੇ ਪਰਦੇ ਉਦੇੜੇ। 1979 ਤੱਕ ਬੰਗਲੋਰ ਵਿਖੇ ਇੰਡੀਅਨ ਐਕਸਪ੍ਰੈਸ ਦੇ ਡਿਪਟੀ ਚੀਫ ਰਿਪੋਟਰ ਰਹੇ। ਬੰਬੇ, ਬੰਗਲੋਰ ਅਤੇ ਦਿੱਲੀ ਤੋ ਛਪਦੇ ਰੋਜਾਨਾ ਅੰਗ੍ਰੇਜੀ ਦੇ ਪੇਪਰਾਂ ਵਿੱਚ ਲਗਾਤਾਰ 20 ਵਰੇਂ ਤੱਕ ਆਪਣੀਆ ਲਿਖਤਾਂ ਰਾਹੀ ਛੱਪਦੇ ਰਹੇ।

ਸ਼੍ਰੀ ਵੀ ਟੀ ਰਾਜਸ਼ੇਖਰ ਜੀ ਨੇ ਭਾਰਤੀ ਦਲਿਤ ਸਮਾਜ ,ਬ੍ਰਾਹਮਣਵਾਦੀ ਵਿਚਾਰਾਧਾਰਾ, ਅੰਬੇਡਕਰਵਾਦ, ਅਤੇ ਸਮਾਜ ਦੀ ਬਰਾਬਰੀ ਦੀਆਂ ਅਨੇਕਾਂ ਸਮੱਸਿਆਵਾ ਉਪਰ ਤਕਰੀਬਨ 60 ਪੁਸਤਕਾਂ ਲਿਖ ਕੇ ਸਮਾਜ ਦਾ ਮਾਰਗ ਦਰਸ਼ਨ ਕੀਤਾ। ਜਿਨ੍ਹਾਂ ਵਿੱਚ "ਦਲਿਤ ਭਾਰਤ ਦੇ ਸਾਂਵਲੇ ਅਛੂਤ" ਪੁਸਤਕ ਅਮਰੀਕਾ ਦੇ ਕਾਲੇ ਲੋਕਾਂ ਵਿੱਚ ਵਿਸ਼ੇਸ਼ ਥਾਂ ਪ੍ਰਾਪਤ ਕੀਤੀ ਹੈ ਅਤੇ ਇੱਕ ਵੱਡੀ ਸਾਂਝ ਨੂੰ ਜਨਮ ਦਿੱਤਾ।ਸ਼੍ਰੀ ਵੀ ਟੀ ਰਾਜਸ਼ੇਖਰ ਨੇ 1978 ਤੇ 1980 ਵਿੱਚ ਚੀਨ

ਵਰਗੇ ਦੇਸ਼ ਵਿੱਚ ਬਤੌਰ ਦਲਿਤ ਡੈਲੀਗੇਟ ਭਾਗ ਲਿਆ 1981 ਵਿੱਚ ਜਪਾਨ ਦਾ ਦੌਰਾ ਕੀਤਾ।

1986 ਵਿੱਚ ਤਰਪੋਲੀ ਵਿਖੇ ਅਫਰੀਕਨਾਂ ਅਤੇ ਕਾਲੇ ਲੋਕਾਂ ਦੀ ਕਾਨਫਰੰਸ ਵਿੱਚ ਦਲਿਤ ਅਤੇ ਮੁਸਲਮਾਨ ਦੇ ਡੈਲੀਗੇਟ ਵਜੋਂ ਭਾਗ ਲਿਆ। 6 ਦਸੰਬਰ 1993 ਨੂੰ ਬੁੱਧ ਧਰਮ ਅਪਣਾ ਲਿਆ। ਆਪ ਧਾਰਮਿਕ ਘੱਟ ਗਿਣਤੀਆ ਦੇ ਹਿੱਤ ਵਿੱਚ

ਲਗਾਤਾਰ ਲਿਖਦੇ ਆ ਰਹੇ ਹਨ। ਸ਼੍ਰੀ ਵੀ ਟੀ ਰਾਜਸ਼ੇਖਰ ਜੀ ਨੇ 'ਦਲਿਤ ਵਾਇਸ' ਅੰਗਰੇਜ਼ੀ ਵਿੱਚ ਕੱਢ ਕੇ ਭਾਰਤੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਇੱਕ ਵਿਚਾਰਾਧਾਰਕ ਅੰਦੋਲਨ ਦੀ ਸ਼ੁਰੂਆਤ ਕੀਤੀ।ਇਹ ਅਖਵਾਰ ਭਾਰਤ ਦੇ ਹਰ ਕੋਨੇ ਵਿੱਚ ਪੜ੍ਹਿਆ ਜਾਂਦਾ ਹੈ ਅਤੇ ਵਿਦੇਸ਼ਾ ਦੀ ਧਰਤੀ ਤੇ ਵੱਡੀ ਪੱਧਰ ਤੇ ਗਿਆ ਹੈ ।ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਜਿਵੇਂ Caste - a nation within the nation , Dalit – the black untouchables of india , Brahminism , Why godse killed Gandhi? , India's intellectural desert , India's Muslim problem, Aggression on Indian culture , Grrraus diggers of history , The zioniist arthashastra , Bhoodevatonki but chit (Urdu), Christians & Dalit liberation , ਆਦਿ ਅਨੇਕਾਂ ਪੁਸਤਕਾਂ ਦਲਿਤ ਜਾਗ੍ਰਿਤੀ ਲਈ ਲਿਖ ਕੇ ਦਲਿਤ ਪ੍ਰੇਰਣਾ ਸਰੋਤ ਵਜੋਂ ਇਤਿਹਾਸਕ ਮਹਾਂਪੁਰਸ਼ ਬਣ ਕੇ ਵਿਸ਼ਵ ਦੇ ਨਕਸ਼ੇ ਤੇ ਉਭਰੇ ਹਨ।[7]

7

## ਪ੍ਰੇਰਨਾ ਸਰੋਤ ਸ਼ਖਸੀਅਤ ਪ੍ਰੋ ਗੁਰਨਾਮ ਸਿੰਘ ਮੁਕਤਸਰ

ਪ੍ਰੋ ਗੁਰਨਾਮ ਸਿੰਘ ਮੁਕਤਸਰ ਜੀ ਦਾ ਜਨਮ 26 ਅਗਸਤ 1947 ਨੂੰ ਪਿਤਾ ਸ਼੍ਰੀ ਕਰਤਾਰ ਸਿੰਘ ਰਾਗੀ ਦੇ ਘਰ ਮਾਤਾ ਸ਼੍ਰੀਮਤੀ ਭਗਵਾਨ ਕੌਰ ਜੀ ਦੀ ਕੁੱਖੋਂ ਪਿੰਡ ਧੂੜਕੋਟ ਰਣਸੀਹ ਤਹਿਸੀਲ ਮੋਗਾ ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ ਬਚਪਨ ਤੋਂ ਹੀ ਸਮਾਜਿਕ ਨਾ ਬਰਾਬਰੀ ਦੀ ਪੀੜਾ ਨੂੰ ਅੱਖੀਂ ਵੇਖਿਆ ਹੀ ਨਹੀਂ ਆਪਣੇ ਪਿੰਡੇ ਉੱਪਰ ਹੰਡਾਇਆ ਉਹਨਾਂ ਨੇ 1966 ਵਿੱਚ ਗਰੈਜੂਏਸ਼ਨ ਦੀ ਪੜ੍ਹਾਈ ਕੀਤੀ ਤੇ ਐਮ.ਏ. ਪੰਜਾਬੀ ਪੰਜਾਬੀ ਯੂਨੀਵਰਸੀਟੀ ਪਟਿਆਲਾ ਤੋਂ ਦੂਜੀ ਐੱਮ.ਏ. ਰਾਜਨੀਤੀ ਸ਼ਾਸਤਰ ਈਵਨਿੰਗ ਕਾਲਜ਼ ਪੰਜਾਬੀ ਯੂਨੀਵਰਸੀਟੀ ਚੰਡੀਗੜ੍ਹ ਤੋਂ ਕੀਤੀ। ਆਪ ਜੀ ਨੇ ਬੀ.ਐੱਡ ਕਰਨ ਉਪਰੰਤ ਸਾਰਕਾਰੀ ਲ਼ੈਕਚਰਾਰ ਵਜੋਂ ਨੌਕਰੀ ਵੀ ਕੀਤੀ ।ਆਪ ਜੀ ਨੇ ਅੰਬੇਡਕਰ ਮਿਸ਼ਨ ਦੀ ਜਾਣਕਾਰੀ ਆਪਣੇ ਪਿਤਾ ਜੀ ਅਤੇ ਭਰਾ ਤੋਂ ਪਾਈ। ਆਪ ਜੀ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਸੰਪਰਕ ਵਿੱਚ ਆਉਣ ਮਗਰੋਂ ਆਪਣੀ ਜ਼ਿੰਦਗੀ ਦਾ ਉਦੇਸ਼ ਹੀ ਬਦਲ ਲਿਆ ਅਤੇ ਆਪਣੀ ਜ਼ਿੰਦਗੀ ਨੂੰ ਸਮਾਜ ਲਈ ਸਮਰਪਿਤ ਕਰ ਦਿੱਤਾ ਆਪ ਜੀ ਨੇ ਜੋ ਸਾਹਿਤ ਸਿਰਜਣਾ ਕੀਤੀ ਉਸ ਦਾ ਕੋਈ ਵੀ ਮੁਕਾਬਲਾ ਨਹੀਂ ਹੈ ਆਪ ਜੀ ਨੂੰ ਪੂਰੇ ਭਾਰਤ ਵਿੱਚ ਬਹੁਜਨ ਸਮਾਜ ਦੇ ਲੋਕ ਵੱਡੀ ਗਿਣਤੀ ਵਿੱਚ ਪੜਦੇ ਹਨ ਆਪ ਜੀ ਦੀ ਤਕਰੀਰ ਸੁਣ ਕੇ ਮੁਰਦਿਆਂ ਦੇ ਦਿਲ ਵੀ ਹਿਲ ਉੱਠਦੇ ਨੇ।

ਬ੍ਰਾਹਮਣਵਾਦੀ ਵਿਵਸਥਾ ਉੱਪਰ ਆਪ ਨੇ ਬਹੁਤ ਜਿਆਦਾ ਲਿਖਿਆ ਹੈ। ਆਪ ਜੀ ਨੇ ਆਪਣੇ ਸਮਾਜ ਦੇ ਰਹਿਬਰਾਂ ਦੇ ਜੀਵਨ ਨੂੰ ਵਰਕਿਆ ਉੱਪਰ ਹੀ ਨਹੀਂ ਉਤਾਰਿਆ ਸਗੋ ਲੋਕਾਂ ਦੀਆ ਸੋਚਾਂ ਵਿੱਚ ਵੀ ਬਿਠਾਇਆ ਹੈ । ਆਪ ਜੀ ਉੱਪਰ ਅੰਬੇਡਕਰ ਦਾ ਬਹੁਤ ਗਹਿਰਾ ਪ੍ਰਭਾਵ ਹੈ ਕਾਂਸ਼ੀ ਰਾਮ ਦੀ ਸਮਾਜਿਕ ਆਰਥਿਕ ਮੁਕਤੀ ਦੀ ਲਹਿਰ ਵਿੱਚ ਮੋਹਰੀ ਭੂਮਿਕਾ

ਨਿਭਾਈ ਹੈ। ਆਪ ਜੀ ਨੇ ਬਹੁਜਨ ਸਮਾਜ ਨੂੰ ਜਾਗ੍ਰਿਤ ਕਰਨ ਲਈ ਇੱਕ ਨਹੀਂ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਹੈ। ਜਿਨ੍ਹਾਂ ਵਿੱਚ ਪ੍ਰਮੁੱਖ (1) ਬਨਾਰਸ ਕੇ ਠਗ (2 ਵਿਹੜਿਆਂ ਦੀ ਦਾਸਤਾਨ, (3) ਧਰਮ ਯੁੱਧ (4) ਕਾਂਸ਼ੀ ਰਾਮ ਦਾ ਚਿਹਰਾ ਮੋਹਰਾ ,(5) ਸੰਗਰਸ਼ ਜਾਰੀ ਹੈ, (7) ਗੁਲਾਮ ਗਿਰੀ (8) ਸਿੱਖ ਲਹਿਰ ਦੇ ਸਿਰਜਕ, (9) ਮੈਂ ਹਿੰਦੂ ਨਹੀਂ ਮਰੂੰਗਾ, (10) ਝੂਠ ਨਾ ਬੋਲ ਪਾਂਡੇ, (11) ਕਹਿ ਰਵਿਦਾਸ ਚਮਾਰਾ (ਹਿੰਦੀ,ਪੰਜਾਬੀ), (12) ਖੋਲਦਾ ਮਹਾਸਾਗਰ (ਭਾਗ 1 ਤੇ 2), (13) ਵਿਆਨਾ ਗੋਲੀ ਕਾਂਡ, (14) ਬਘਿਆੜ, (15) ਇਨਹੀ ਕੋ ਸਰਦਾਰ ਬਨਾਉ, (16) ਅੰਬੇਡਕਰ ਮਹਾਨ (ਪੰਜਾਬੀ ਅਤੇ ਹਿੰਦੀ ਵਿੱਚ), (17) ਬੁੱਧ ਸ਼ਰਨ, ਅਤੇ ਭਾਰਤੀ ਲੋਕ ਨੀਚ ਕਿਵੇਂ ਬਣੇ ? (ਇਹ ਪੁਸਤਕ ਨਹੀਂ ਇੱਕ ਗ੍ਰੰਥ ਹੈ ਜਿਸ ਦੇ ਹੁਣ ਤੱਕ 9 ਐਡੀਸ਼ਨ ਛੱਪ ਚੁੱਕੇ ਹਨ ਇਸ ਪੁਸਤਕ ਨੂੰ ਪ੍ਰੋ ਸਾਹਿਬ ਜੀ ਨੇ ਲਿਖ ਕੇ ਪੂਰੀ ਦੁਨੀਆਂ ਵਿੱਚ ਨਾਮਣਾ ਖੱਟਿਆ ਹੈ ਖਾਸ ਜ਼ਿਕਰ ਹੈ ਕਿ ਇਹ ਪੁਸਤਕ ਦਲਿਤਾਂ ਦੀ ਬਾਈਬਲ ਕਰਕੇ ਵੀ ਜਾਣੀ ਜਾਂਦੀ ਹੈ। ਆਪ ਜੀ ਬੇਗਮ ਸ਼ਹਿਰ ਇੱਕ ਮੈਗਜ਼ੀਨ ਵੀ ਚਲਾ ਰਹੇ ਹਨ[8]

## ਬਲਦੇਵ ਸਿੰਘ ਬੰਬੀਹਾ ਭਾਈ

ਭਾਈ ਬਲਦੇਵ ਸਿੰਘ ਬੰਬੀਹਾ ਭਾਈ ਜੀ ਦਾ ਜਨਮ ਪਿੰਡ ਬੰਬੀਹਾ ਭਾਈ ,ਜ਼ਿਲਾਂ ਫਰੀਦਕੋਟ ਵਿੱਚ ਹੋਇਆ ਆਪ ਜੀ ਦਾ ਜਨਮ ਗਰੀਬ ਪਰਿਵਾਰ ਵਿੱਚ ਹੋਇਆ ਆਪ ਜੀ ਬਹੁਤ ਹੀ ਜੁਝਾਰੂ ਅਤੇ ਸਿਰੜੀ ਮਨੁੱਖ ਹਨ ਜਿਨਾਂ ਨੇ ਆਪਣੀ ਕਲਮ ਨਾਲ ਅਗਿਆਨ ਸਮਾਜ ਵਿੱਚ ਜਾਗ੍ਰਿਤੀ ਦਾ ਸੁਨੇਹਾ ਦਿੱਤਾ ਹੈ।ਆਪ ਜੀ ਇੱਕ ਉਚ ਕੋਟੀ ਦੇ ਚਿੰਤਕ ਹਨ ਜਿਨ੍ਹਾਂ ਨੇ ਦਲਿਤ ਸਾਹਿਤ ਉਪਰ ਅਨੇਕਾਂ ਲੇਖ ਲਿਖੇ ਹਨ ਜੋ ਅਕਸਰ ਅਨੇਕਾਂ ਰੋਜਾਨਾ ਅਖ਼ਬਰਾਂ ਅਤੇ ਮੈਗਜੀਨਾਂ ਵਿੱਚ ਛਪਦੇ ਰਹਿੰਦੇ ਹਨ।ਆਪ ਝਾਂ ਸ਼ੰਭੂਕ ਰਿਸ਼ੀ ਨੂੰ ਸ਼ਹੀਦ ਕਿਉਂ ਕੀਤਾ ਗਿਆ?, ਸ਼ੰਭੂਕ ਰਿਸ਼ੀ ਦਾ ਮਹਾਨ ਭਾਸ਼ਣ ਆਦਿ ਪੁਸਤਕਾਂ ਦੀ ਸਿਰਜਣਾ ਕੀਤੀ ਹੈ। [9]

## ਸ਼੍ਰੀ ਇਕਬਾਲ ਘਾਰੂ

ਸ਼੍ਰੀ ਇਕਬਾਲ ਘਾਰੂ ਜੀ ਬਹੁਤ ਹੀ ਜਝਾਰੂ ਅਤੇ ਮਿਸ਼ਨਰੀ ਹਨ। ਜਿਨਾਂ ਨੇ ਦਲਿਤ ਸਾਹਿਤ ਵਿੱਚ ਨਿਵੇਕਲਾ ਯੋਗਦਾਨ ਪਾਇਆ ਹੈ ਉਨ੍ਹਾਂ ਦੀਆ ਪੁਸਤਕਾਂ ਫਰੀਦਾ ਬੁਰੇ ਦਾ ਕਰ ਭਲਾ ਨਾਟਕ, ਲੋਕਾਂ ਵੇ ਲੋਕਾਂ (ਕਾਵਿ ਸੰਗ੍ਰਹਿ)ਸ਼ਰਧਾਜਲੀ (ਸੰਪਾਦਕੀ), ਕਲੰਕ, ਭਖਦੇ ਸੱਚ, ਆਦਿ ਹਨ ਜਿਨਾ ਵਿੱਚ ਲੋਕਾਂ ਦੇ ਹਿੱਤ ਅਤੇ ਲੋਕਾਂ ਦੀ ਪੀੜ੍ਹਾ ,ਲੋਕਾਂ ਦਾ ਦਰਦ ਬਿਆਨ ਕੀਤਾ ਹੈ। ਜ਼ਿਕਰ ਯੋਗ ਹੈ ਕਿ ਉਨਹਾਂ ਦੀਆ 9 ਕਿਤਾਬਾਂ ਦੇ ਫਰੜੇ ਛਪਾਈ ਆਧੀਨ ਹਨ।[10]

## ਸ਼੍ਰੀ ਗਿਆਨ ਸਿੰਘ ਬੱਲ

17 ਫਰਵਰੀ 1947 ਨੂੰ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ)ਵਿੱਚ ਪਿਤਾ ਸ਼੍ਰੀ ਹਜ਼ਾਰਾ ਸਿੰਘ ਜੀ

ਅਤੇ ਮਾਤਾ ਸ਼੍ਰੀਮਤੀ ਸੀਬੋ ਜੀ ਦੇ ਘਰ ਹੋਇਆ ।ਆਪ ਜੀ ਨੇ ਬੀ.ਏ ਸਿੱਖ ਨੈਸ਼ਨਲ ਕਾਲਜ ਬੰਗਾ ਤੋ ਅਤੇ ਐਮ.ਏ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਉਨ੍ਹਾਂ ਨੇ ਆਪਣੀ ਨੌਕਰੀ ਦੌਰਾਣ ਪੰਜਾਨ ਯੂਨੀਵਰਸੀਸਿਟੀ ਤੋਂ ਐਮ.ਫਿਲ ਦੀ ਡਿਗਰੀ 1986 ਵਿੱਚ ਪ੍ਰਾਪਤ ਕੀਤੀ। ਆਪ ਜੀ 1986 ਵਿੱਚ ਪੰਜਾਬ ਸਰਵਿਸਦਾ ਇਮਤਿਹਾਨ ਪਾਸ ਕਰਕੇ ਅਫ਼ਸਰ ਬਣੇ।ਜਿਸ ਤੋਂ ਆਪ ਜੀ ਜੂਨ 2006 ਵਿੱਚ ਰਿਟਾ. ਹੋਏ।ਆਪ ਜੀ ਨੇ "ਰਾਹੁਲ ਵਿਚਾਰ ਮੰਚ ਹੁਸ਼ਿਆਰਪੁਰ" ਅਤੇ" ਮਾਨਵਵਾਦੀ ਰਚਨਾ ਮੰਚ ਪੰਜਾਬ " ਦੀ ਸਥਾਪਨਾ ਕੀਤੀ। ਯਾਦ ਰਹੇ ਆਪ ਜੀ ਅੰਬੇਡਕਰ ਭਵਨ ਦੇ ਟਰੱਸਟੀ ਵੀ ਹਨ।2009 ਵਿੱਚ ਉਹਨਾਂ ਨੇ "ਇਨਸਟੀਚਿਊਟ ਆਫ਼ ਅੰਬੇਡਕਰ ਸਟੱਡੀਜ਼" ਨਾਂ ਦੀ ਰਿਸਰਚ ਸੰਸਥਾ ਵੀ ਬਣਾਈ।ਆਪ ਜੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਵੀ ਹਨ।ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਜਿਵੇ 'ਸੰਤਾਂ ਦੇ ਸਮਾਜਿਕ ਸਰੋਕਾਰ, ਦਰਸ਼ਣ ਪਰੰਪਰਾ, ਅੰਡਰਸਟੈਡਿੰਗ ਅੰਬੇਡਕਰ, ਦਲਿਤ ਦਰਸ਼ਣ,ਆਇਕਨਕਲੀ, ਆਪ ਜੀ ਦੇ ਉਧਮਾ ਸਦਕਾ ਮਾਨਵਤਾ ਵਾਦੀ ਰਚਨਾ ਮੰਚ ਵਲੋਂ ਪ੍ਰਕਾਸ਼ਿਤ ਹੋਇਆ।[11]

ਹਵਾਲੇ:

1. ਲਿਖਤਾਂ ਦੇ ਆਧਾਰ ਤੇ
2. ਸੰਤ ਰਾਮ ਉਦਾਸੀ ਜੀਵਨ ਤੇ ਰਚਨਾ
3. ਮੈਂ ਬੰਗੀ ਹੂੰ ਤੇ ਹੋਰ ਪੁਸਤਕਾਂ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ
4. ਪੁਸਤਕਾਂ ਦੇ ਆਧਾਰ ਤੇ
5. ਬਹੁਜਨ ਸੰਗਠਕ : ਸੰਪਾਦਕ ਕਾਸ਼ੀ ਰਾਮ
6. ਆਲਮ ਕਾਵਿ ਦੇ ਆਧਾਰ ਤੇ ਪ੍ਰਾਪਤ ਜਾਣਕਾਰੀ
7. ਦਲਿਤ ਵਾਇਸ : ਸੰਪਾਦਕ ਵੀ .ਟੀ.ਰਾਜਸ਼ੇਖਰ
8. ਬੇਗਮ ਸ਼ਹਿਰ: ਸੰਪਾਦਕ ਪ੍ਰੋ.ਗੁਰਨਾਮ ਸਿੰਘ ਮੁਕਤਸਰ

# 31. ਚਮਾਰ ਜਾਤੀ ਦੇ ਮਿਸ਼ਨਰੀ ਗਾਇਕ

## ਸ਼੍ਰੀ ਹਰਨਾਮ ਦਾਸ ਬਹਿਲਪੁਰੀ

ਸ਼੍ਰੀ ਹਰਨਾਮ ਦਾਸ ਬਹਿਲਪੁਰੀ ਜੀ ਨੇ ਆਪਣੀ ਅਵਾਜ਼ ਰਾਹੀਂ ਜੋ ਮਿਸ਼ਨ ਗਾਇਆ ਉਹ ਇੱਕ ਕ੍ਰਾਂਤੀਕਾਰੀ ਇਤਿਹਾਸ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਇਤਿਹਾਸਕ ਕਾਰਜ ਸੀ। ਜੋ ਉਹਨਾਂ ਨੇ ਬਹੁਜਨ ਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਯੋਗ ਅਗਵਾਈ ਤੋਂ ਪ੍ਰਾਪਤ ਕੀਤਾ ਸੀ।

ਸ਼੍ਰੀ ਹਰਨਾਮ ਦਾਸ ਬਹਿਲਪੁਰੀ ਜੀ ਨੇ ਬਹੁਜਨ ਸਮਾਜ ਦੀਆਂ ਸਟੇਜਾਂ ਉੱਪਰ ਗਾ ਕੇ ਸਮਾਜ ਨੂੰ ਜਾਗ੍ਰਿਤ ਕਰਨ ਦਾ ਕੰਮ ਕੀਤਾ। ਜਿਸ ਕਰਕੇ ਉਸ ਦਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਅੱਜ ਵੀ ਬਹੁਜਨ ਸਮਾਜ ਦੇ ਲੋਕੀਂ ਉਸ ਦੇ ਗੀਤਾਂ ਨੂੰ ਸੁਣਦੇ ਹਨ। ਉਸ ਦੀ ਅਵਾਜ਼ ਅੱਜ ਵੀ ਗੂੰਜਦੀ ਹੈ, ਜਦੋਂ ਸਮਾਜ ਵਿੱਚ ਕਿਤੇ ਜ਼ਬਰ ਜ਼ੁਲਮ ਹੁੰਦਾ ਹੈ। ਉਸ ਦੇ ਸਾਰੇ ਗੀਤ ਸਮਾਜ ਲਈ ਪ੍ਰੇਰਣਾ ਸਰੋਤ ਦਾ ਕੰਮ ਕਰਦੇ ਹਨ। ਸ਼੍ਰੀ ਹਰਨਾਮ ਦਾਸ ਬਹਿਲਪੁਰੀ ਜੀ ਦੇ ਗੀਤ ਬਹੁਜਨ ਸਮਾਜ ਦੇ ਕ੍ਰਾਂਤੀਕਾਰੀ ਰਹਿਬਰਾਂ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਸੰਦੇਸ਼ ਦੇ ਰਹੇ ਹਨ।

## ਸ਼੍ਰੀ ਮੋਹਨ ਬੰਗੜ

ਸ਼੍ਰੀ ਮੋਹਨ ਬੰਗੜ ਜੀ ਬਹੁਜਨ ਸਮਾਜ ਦਾ ਇੱਕ ਕੋਹੇਨੂਰ ਹੀਰਾ ਹੈ ਜਿਸ ਨੇ ਚਮਾਰ ਜਾਤੀ ਵਿੱਚ ਜਨਮ ਲੈ ਕੇ ਮਾਨਵਵਾਦੀ ਮਹਾਂਪੁਰਸ਼ਾਂ ਦਾ ਵਿਚਾਰਧਾਰਕ ਸੰਘਰਸ਼ ਦਾ ਪਾਠ ਸਾਰੀ ਦੁਨੀਆ ਨੂੰ ਪੜਾਂ ਦਿੱਤਾ ਅਤੇ ਬੇਗਮਪੁਰਾ ਸ਼ਹਿਰ ਦਾ ਸੰਕਲਪ ਦੁਨੀਆਂ ਸਾਹਮਣੇ ਰੱਖਿਆ ਅਤੇ ਬਹੁਜਨ ਮਹਾਂਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਅਗਵਾਈ ਆਪਣੀ ਜ਼ਿੰਦਗੀ ਦਾ ਪਲ-ਪਲ ਬਹੁਜਨ ਸਮਾਜ ਨੂੰ ਸਮਰਪਿਤ ਕਰ ਦਿੱਤਾ। ਜ਼ਿੰਦਗੀ ਭਰ ਆਪਣੀ ਬੁਲੰਦ ਅਵਾਜ਼ ਨਾਲ ਗਾਇਆ।

ਸ਼੍ਰੀ ਮੋਹਨ ਬੰਗੜ ਜੀ ਦਾ ਜਨਮ ਸ਼ਾਮ ਚੁਰਾਸੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਾਏਪੁਰ ਵਿੱਚ ਹੋਇਆ। ਸ਼੍ਰੀ ਮੋਹਨ ਬੰਗੜ ਜੀ ਨੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ, ਉਹਨਾਂ ਨੇ ਪੂਰੀ ਤਨ ਦੇਹੀ ਨਾਲ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਬਹੁਜਨ ਸਮਾਜ ਦੀ ਲਹਿਰ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਇਤਿਹਾਸ ਵਿੱਚ ਮਿਸ਼ਨਰੀ ਗੀਤਾਂ ਦਾ ਰਹਿਬਰਾਂ ਦੀ ਸੋਚ ਨੂੰ ਸਮਰਪਿਤ ਕਾਫਿਲਾਂ ਤੋਂਰਿਆ। ਸ਼ੇਰਾਂ ਵਰਗੀ ਗਰਜਦੀ ਅਵਾਜ਼ ਨਾਲ ਜਦੋਂ ਮੋਹਨ ਬੰਗੜ ਸਟੇਜ ਉੱਪਰ ਮਿਸਨ ਦਾ ਪ੍ਰਚਾਰ ਕਰਦਾ ਸੀ। ਸੁਨਣ ਵਾਲਿਆ ਦੇ ਰੌਂਗਟੇ ਖੜ੍ਹੇ ਹੋ ਜਾਂਦੇਂ ਸਨ।

ਮਿਸ਼ਨਰੀ ਗੀਤਾਂ ਦੇ ਗਾਇਕ ਸ਼੍ਰੀ ਮੋਹਨ ਬੰਗੜ ਜੀ ਨੇ ਮੂਲਨਿਵਾਸੀ ਚੇਤਨਾ ਲਈ ਆਪਣੇ ਇਨਕਲਾਬੀ ਗੀਤਾਂ ਰਾਹੀ ਸਤਿਗੁਰੂ ਰਵਿਦਾਸ ਜੀ ਮਹਾਰਾਜ, ਬਾਬਾ ਸਾਹਿਬ

ਡਾ.ਭੀਮਰਾਓ ਅੰਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਵਿਚਾਰਾਂ ਦਾ ਪ੍ਰਚਾਰ ਹੀ ਨਹੀ ਕੀਤਾ ਸਗੋਂ ਲੋਕਾਂ ਦੀਆਂ ਸੋਚਾਂ ਵਿੱਚ ਬਿਠਾ ਦਿੱਤਾ। ਅਜੋਕੇ ਦੋਰ ਵਿੱਚ ਮਿਸ਼ਨਰੀ ਗੀਤਾਂ ਰਾਹੀ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਕਰਨ ਵਾਲੇ ਸ਼੍ਰੀ ਮੋਹਨ ਬੰਗੜ ਜੀ ਮਿਸ਼ਨਰੀ ਗਾਇਕੀ ਦਾ ਥੰਮ ਵਜੋਂ ਨਜ਼ਰ ਆਉਂਦੇ ਹਨ। ਆਪ ਜੀ ਦੀਆਂ ਮਿਸ਼ਨਰੀ ਸੇਵਾਵਾਂ ਨੂੰ ਵੇਖਦਿਆ ਡੇਰਾ ਸੱਚ ਖੰਡ ਬੱਲਾਂ ਵਲੋਂ ਗੋਲਡ ਮੈਡਲ ਨਾਲ ਸਨਮਾਨਿਆ ਗਿਆ। ਆਪ ਜੀ ਦਾ ਬਹੁਜਨ ਸਮਾਜ ਵਲੋਂ ਖਾਸ ਸਨਮਾਨ ਕੀਤਾ ਜਾਂਦਾ ਹੈ। ਆਪ ਜੀ ਨੇ ਸਾਰੀ ਉਮਰ ਸਮਾਜ ਦੀ ਸੇਵਾ ਕੀਤੀ ਅਚਾਨਕ ਇੱਕ ਦਿਨ ਦਿਲ ਦਾ ਦੌਰਾਂ ਪੈ ਜਾਣ ਕਾਰਣ ਆਪ ਜੀ ਮਹਾ ਪ੍ਰੀਨਿਰਵਾਣ ਨੂੰ ਪ੍ਰਾਪਤ ਹੋ ਗਏ ।

## ਸ਼੍ਰੀ ਐਸ .ਐਸ .ਅਜ਼ਾਦ

**ਸਮਾਜ ਦੀ ਪੀੜਾ ਦਾ ਬਿਆਨ ਅਤੇ ਆਪਣੀ ਅਵਾਜ਼ ਰਾਹੀ ਅਨੇਕਾਂ ਸਮਾਜਿਕ ਕੁਰੀਤੀਆ ਉੱਪਰ ਚੋਟ ਕਰਨ ਤੇ ਸਮਾਜ ਨੂੰ ਸਹੀ ਗਲਤ ਦੀ ਪਹਿਚਾਣ ਦੱਸਣੀ ਸਮਾਜ ਦੇ ਬੁੱਧੀ ਜੀਵੀ ਵਰਗ ਦਾ ਮੁੱਖ ਕੰਮ ਹੁੰਦਾ ਹੈ। ਸਮਾਜ ਦੇ ਲੋਕਾਂ ਨੂੰ ਚੇਤਨ ਕਰਨ ਲਈ ਆਪਣੀ ਗਾਇਕੀ ਰਾਹੀਂ ਆਪਣੀ ਬੁਲੰਦ ਅਵਾਜ਼ ਨਾਲ ਖਿੜੇ ਮਿੱਥੇ ਮਿਸ਼ਨ ਨੂੰ ਪ੍ਰਚਾਰ ਕਰਨ ਵਾਲੇ** ਮਿਸ਼ਨਰੀ ਗਾਇਕ ਸ਼੍ਰੀ ਐਸ.ਐਸ.ਅਜ਼ਾਦ ਜੀ ਦਾ ਜਨਮ 28-12-1965 ਨੂੰ ਪਿੰਡ ਅਮਰਗੜ੍ਹ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਵਿਖੇ ਮਾਤਾ ਸ਼੍ਰੀਮਤੀ ਰਤਨ ਕੌਰ ਜੀ ਅਤੇ ਪਿਤਾ ਸ਼੍ਰੀ ਚਰਨਾ ਰਾਮ ਜੀ ਦੇ ਘਰ ਹੋਇਆ ।

ਆਪ ਜੀ ਦਾ ਪਰਿਵਾਰ ਇੱਕ ਗਰੀਬ ਪਰਿਵਾਰ ਸੀ, ਬਹੁਤ ਮੁਸ਼ਕਿਲ ਨਾਲ ਆਪ ਜੀ ਨੇ ਆਪਣੀ ਪੜ੍ਹਾਈ ਪੂਰੀ ਕੀਤੀ। ਆਈ .ਟੀ.ਆਈ.(ਇਲੈਕਟਰੀਸ਼ਨ) ਕਰਨ ਉਪਰੰਤ ਆਪ ਜੀ ਨੂੰ ਪਾਵਰ ਕਾਰਪੋਰੇਸ਼ਨ ਵਿੱਚ ਅਸਿ.ਜੂਨੀਅਰ ਇੰਨਜੀਨੀਅਰ ਵਜੋਂ ਨੌਕਰੀ ਮਿਲ ਗਈ। ਆਪ ਜੀ ਨੂੰ ਗਾਉਣ ਦਾ ਬਹੁਤ ਸ਼ੌਂਕ ਸੀ ਇਸ ਸ਼ੌਕ ਨੂੰ ਪੂਰਾ ਕਰਨ ਲਈ ਆਪ ਜੀ ਨੇ **1983 ਵਿੱਚ ਆਪਣੀ ਟੇਪ 'ਐਸਾ ਚਾਹੂ ਰਾਜ ਮੈਂ' ਰਾਹੀਂ ਸਫ਼ਰ ਸ਼ੁਰੂ ਕੀਤਾ ਅਤੇ ਇਸ ਸਫਰ ਵਿੱਚ ਆਪ ਜੀ ਸਮਾਜਿਕ ਕੁਰੀਤੀਆ, ਜਿਵੇਂ ਦਹੇਜ ਪ੍ਰਥਾਂ, ਧੀਆਂ, ਨਸ਼ਿਆ ਵਿਰੁੱਧ ਅਤੇ ਭਰੂਣ ਹੱਤਿਆ, ਅੰਧ ਵਿਸ਼ਵਾਸ, ਵਹਿਮਾਂ-ਭਰਮਾ ਵਿਰੁੱਧ ਗੀਤ ਗਾ ਕੇ ਸਮਾਜ ਨੂੰ ਚੇਤਨ ਕੀਤਾ । ਆਪ ਜੀ ਨੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨਾਲ ਅਨੇਕਾਂ ਸ਼ਬਦ ਅਤੇ ਗੀਤ ਗਾਏ।ਆਪ ਜੀ ਦੀਆਂ ਹੁਣ ਤੱਕ ਟੇਪਾਂ 70-80 ਦੇ ਕਰੀਬ ਆ ਚੁੱਕੀਆਂ ਹਨ।**

ਆਪ ਜੀ ਦਾ ਜੀਵਨ ਜਗਤਗੁਰੂ ਰਵਿਦਾਸ ਜੀ ਮਹਾਰਾਜ, ਡਾ.ਅੰਬੇਡਕਰ ਜੀ ਦੀ ਸੋਚ ਦੇ ਮਹਾਨ ਆਗੂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੋਂ ਪ੍ਰਭਾਵਿਤ ਹੋਇਆ। ਆਪ ਜੀ ਦਾ ਵਿਆਹ 1992 ਵਿੱਚ ਜਗਦੀਸ਼ ਕੌਰ ਅਜ਼ਾਦ ਜੀ ਨਾਲ ਹੋਇਆ । ਆਪ ਜੀ ਦਾ ਇੱਕ ਬੇਟਾ ਨਵਪ੍ਰੀਤ ਅਜ਼ਾਦ (ਜੋ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ) ਅਤੇ ਆਪ ਜੀ ਦੇ ਘਰ ਦਾ ਚਾਨਣ ਆਪ ਜੀ ਦੀ ਬੇਟੀ ਗੁਰਪ੍ਰੀਤ ਅਜ਼ਾਦ ਹੈ। ਆਪ ਜੀ ਦਾ ਪੂਰਾ ਪਰਿਵਾਰ ਨਿਰੋਲ ਮਿਸ਼ਨਰੀ ਹੈ। ਆਪ ਜੀ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਵਿੱਚ ਕੰਮ ਪੂਰੀ ਤਨਦੇਹੀ ਨਾਲ ਕੀਤਾ, ਜਿਸ ਦੀ ਮਿਸਾਲ ਅੱਜ ਲੱਭਣੀ ਮੁਸ਼ਕਿਲ ਹੈ । ਆਪ ਜੀ ਨੇ ਅਣਖੀ ਚਮਾਰ ਵਰਗੀਆ ਐਲਬੰਮ ਵੀ ਕੀਤੀਆ ਹਨ। **ਐਸ.ਐਸ.ਅਜ਼ਾਦ ਜੀ ਨੇ ਕਈ ਸੈਂਕੜੇ ਮਿਸ਼ਨਰੀ ਗੀਤ**

ਵੀ ਲਿਖੇ ਹਨ ਉਸ ਦੇ ਗੀਤਾਂ ਵਿੱਚੋਂ ਕ੍ਰਾਂਤੀ ਦੀ ਝਲਕ ਮਿਲਦੀ ਹੈ।

## ਮਾਸਟਰ ਮਲੂਕ ਚੰਦ ਜਾਡਲਾ

ਮਾਸਟਰ ਮਲੂਕ ਚੰਦ ਜਾਡਲਾ ਜੀ ਦਾ ਜਨਮ ਪਿੰਡ ਜਾਡਲਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਗਿਆਨੀ ਸਿੱਧੂ ਰਾਮ ਜੀ ਦੇ ਘਰ ਚਮਾਰ ਜਾਤੀ ਵਿੱਚ ਹੋਇਆ। ਆਪ ਜੀ ਦੇ ਪਿਤਾ ਮਸ਼ਹੂਰ ਕੀਰਤਨੀਏ ਸਨ। ਸਮਾਜ ਅਤੇ ਪ੍ਰਚਾਰ ਦੀ ਗੁੜਤੀ ਉਹਨਾਂ ਨੂੰ ਆਪਣੇ ਘਰ ਤੋਂ ਹੀ ਮਿਲ ਗਈ ਸੀ ।ਸ਼੍ਰੀ ਮਲੂਕ ਚੰਦ ਜਾਡਲਾ ਜੀ ਪਹਿਲਾਂ ਆਪਣੇ ਪਿਤਾ ਜੀ ਨਾਲ ਕੀਰਤਨ ਕਰਦੇ ਸਨ। ਤੇ ਫਿਰ ਖੁਦ ਗੁਰੂ ਰਵਿਦਾਸ ਲੀਲਾ ਦਾ ਗਠਨ ਕੀਤਾ ਤੇ ਉਹ ਪਿੰਡ ਪਿੰਡ ਜਾ ਕੇ ਡਰਾਮੇ ਖੇਡਣੇ ਸ਼ੁਰੂ ਕੀਤੇ ਉਨ੍ਹਾਂ ਦੀ ਕਲਾਂ ਦੇ ਚਰਚੇ ਘਰ ਘਰ ਹੋਣ ਲੱਗ ਪਏ ਸਨ।ਆਪ ਜੀ ਦੇ ਡਰਾਮੇ ਨੂੰ ਲੋਕੀਂ ਦੂਰੋਂ ਦੂਰੋਂ ਦੇਖਣ ਲਈ ਆਉਂਦੇ ਸਨ। ਕਿਉਂਕਿ ਉਹ ਸਮਾਜ ਦੀ ਅਣਖ ਨੂੰ ਝੰਜੋੜਦੇ ਸਨ। ਸ਼੍ਰੀ ਮਲੂਕ ਚੰਦ ਜੀ ਨੇ ਦੇਸ਼ ਦੇ ਹਰ ਕੋਨੇ ਵਿੱਚ ਆਪਣੀ ਕਲਾਂ ਰਾਹੀਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ।ਆਪ ਜੀ ਨੇ ਅਨੇਕਾਂ ਧਾਰਮਿਕ ਗੀਤਾ ਦੀ ਰਚਨਾ ਵੀ ਕੀਤੀ ਹੈ ਜੋ ਅੱਜ ਕੱਲ ਕੈਸਿਟਾਂ ਦੇ ਰੂਪ ਵਿੱਚ ਉਪਲੱਭਦ ਹਨ।

ਆਪ ਜੀ ਨੇ ਸਾਰੀ ਜ਼ਿੰਦਗੀ ਸੰਘਰਸ਼ ਕੀਤਾ ਦੱਬੇ ਕੁਚਲੇ ਸਮਾਜ ਨੂੰ ਸਵੈਮਾਨ ਵਾਲੀ ਜ਼ਿੰਦਗੀ ਜਿਉਣ ਲਈ ਸਹੀ ਸੇਧ ਸਹੀ ਦਿਸ਼ਾ ਦਿੱਤੀ। ਆਪਣੇ ਡਰਾਮਿਆਂ ਰਾਹੀਂ ਆਪ ਜੀ ਨੇ ਸਮਾਜਿਕ ਭੇਦ ਭਾਵ ਤੇ ਤਿੱਖਾ ਹਮਲਾ ਕੀਤਾ।**ਆਪ ਜੀ ਨੇ ਗੁਰੂ ਰਵਿਦਾਸ ਜੀ ਦੇ ਡਰਾਮੇ ਦੇ ਨਾਲ ਨਾਲ ਰੂਪ ਬਸੰਤ, ਪੂਰਨ ਭਗਤ, ਸ਼ਾਹਣੀ ਕੌਲਾ, ਪਿਰਥੀ ਸਿੰਘ ਰਾਠੌਰ,ਆਦਿ ਡਰਾਮਿਆਂ ਨੂੰ ਵੀ ਪੇਸ਼ ਕਰਦੇ ਸਨ। ਆਪ ਜੀ ਵਰਗੀ ਹੁਨਰ ਭਰੀ ਹਸਤੀ ਕਈ ਯੁੱਗਾਂ ਬਾਅਦ ਹੀ ਆਉਂਦੀ ਹੈ।** ਆਪ ਜੀ ਸਮਾਜ ਲਈ ਇੱਕ ਪ੍ਰੇਰਣਾ ਸਰੋਤ ਹਨ ਆਪਣੇ ਕੀਤੇ ਕੰਮਾਂ ਕਰਕੇ ਆਪ ਜੀ ਦਾ ਨਾਮ ਇਤਿਹਾਸ ਦੇ ਪੰਨਿਆਂ ਉਪਰ ਹਮੇਸ਼ਾ ਅਮਰ ਰਹੇਗਾ।

## ਸ਼੍ਰੀ ਜੋਗਿੰਦਰ ਦੁਖੀਆਂ

ਸ਼੍ਰੀ ਜੋਗਿੰਦਰ ਦੁਖੀਆ ਜੀ ਦਾ ਜਨਮ 25-5-1957 ਨੂੰ ਪਿਤਾ ਸ਼੍ਰੀ ਦਰਸ਼ਣ ਸਿੰਘ ਜੀ ਦੇ ਘਰ ਮਾਤਾ ਸ਼੍ਰੀਮਤੀ ਗੁਰਬਚਨ ਕੌਰ ਜੀ ਦੀ ਕੁੱਖੋਂ ਪਿੰਡ ਹੇਜ਼ਮ (ਜ਼ਿਲ੍ਹਾ ਹੁਸ਼ਿਆਰਪੁਰ )ਵਿੱਚ ਹੋਇਆ ।ਆਪ ਜੀ ਨੇ ਹੁਣ ਤੱਕ ਮਿਸ਼ਨਰੀ ਗਾਇਕੀ 40 ਸਾਲ ਦਾ ਲੰਬਾ ਸੰਘਰਸ਼ ਤੈਅ ਕੀਤਾ ਹੈ। ਜੋਗਿੰਦਰ ਦੁਖੀਆ ਜੀ ਦੇ ਗਾਇਕੀ ਵਿੱਚ ਉਸਤਾਦ ਸ਼੍ਰੀ ਲਾਲ ਚੰਦ ਯਮਲਾ ਜੱਟ ਜੀ ਸਨ, ਜਿਨ੍ਹਾਂ ਤੋਂ ਉਹਨਾ ਗਾਇਕੀ ਦੀ ਬਰੀਕੀ ਸਿੱਖੀ ਸੀ। ਆਪ ਜੀ ਨੇ ਬੀ.ਏ ਤੱਕ ਦੀ ਪੜ੍ਹਾਈ ਕੀਤੀ ਹੈ।

ਆਪ ਜੀ ਦਾ ਪਰਿਵਾਰ ਇੱਕ ਸਧਾਰਨ ਅਤੇ ਗਰੀਬ ਸੀ। ਗਾਉਣ ਦੇ ਨਾਲ ਨਾਲ ਲਿਖਣ ਦਾ ਵੀ ਸ਼ੌਂਕ ਹੈ **ਇਸੇ ਸ਼ੌਂਕ ਦੇ ਤਹਿਤ 150 ਦੇ ਕਰੀਬ ਮਿਸ਼ਨਰੀ ਗੀਤ ਲਿਖ ਚੁੱਕੇ ਹਨ।** ਆਪ ਜੀ ਦੀ ਇੰਹ ਖਾਸੀਅਤ ਹੈ ਕਿ ਆਪ ਨੇ ਸਿਰਫ ਜਗਤਗੁਰੂ ਰਵਿਦਾਸ ਜੀ ਅਤੇ ਬਾਬਾ

ਸਾਹਿਬ ਜੀ ਦਾ ਹੀ ਗਾਇਆ ਹੈ। ਅਜੋਕੇ ਸਮੇਂ ਵਿੱਚ ਆਪ ਜੀ ਅਤੀ ਗਰੀਬੀ ਦੇ ਹਾਲ ਵਿੱਚ ਜੀਵਨ ਗੁਜ਼ਾਰ ਰਹੇ ਹਨ।

## ਸ਼੍ਰੀ ਰੂਪ ਲਾਲ ਧੀਰ

ਸ਼੍ਰੀ ਰੂਪ ਲਾਲ ਧੀਰ ਦਾ ਜਨਮ 26-4-1961 ਨੂੰ ਪਿਤਾ ਸ਼੍ਰੀ ਪਿਆਰਾ ਰਾਮ ਧੀਰ ਜੀ ਦੇ ਘਰ ਮਾਤਾ ਸ਼੍ਰੀਮਤੀ ਗੁਰਮੇਜ ਕੌਰ ਧੀਰ ਜੀ ਦੀ ਕੁੱਖੋਂ ਹੋਇਆ ।ਆਪ ਜੀ ਦਾ ਪਰਿਵਾਰ ਇੱਕ ਗਰੀਬ ਪਰਿਵਾਰ ਸੀ ਲਿਖਣ ਗਾਉਣ ਦਾ ਦਾ ਸ਼ੌਂਕ ਉਸ ਨੂੰ ਇੱਕ ਮਿਸ਼ਨਰੀ ਗੀਤਕਾਰ ਤੇ ਗਾਇਕ ਵਜੋਂ ਸਥਾਪਿਤ ਕਰ ਗਿਆ। ਸ਼੍ਰੀ ਰੂਪ ਲਾਲ ਧੀਰ ਨੇ ਆਪਣੀ ਕਲਮ ਅਤੇ ਅਵਾਜ਼ ਨਾਲ ਆਪਣੇ ਰਹਿਬਰਾਂ ਦਾ ਮਿਸ਼ਨ ਹੀ ਗਾਇਆ ਹੈ ।

ਉਸ ਨੇ ਆਪਣੀ ਜ਼ਿੰਦਗੀ ਦੇ ਲੰਬੇ ਸੰਘਰਸ਼ ਦੇ ਦੌਰਾਨ ਕਦੇ ਵੀ ਸਮਾਜਿਕ ਜਿੰਮੇਵਾਰੀਆ ਤੋਂ ਮੂੰਹ ਨਹੀਂ ਫੇਰਿਆ ਉਸ ਨੇ ਆਪਣੀ ਬੁਲੰਦ ਆਵਾਜ਼ ਦੇ ਦਮ ਤੇ ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਇਨਕਲਾਬੀ ਲਹਿਰ ਵਿੱਚ ਜ਼ਬਰਦਸਤ ਯੋਗਦਾਨ ਪਾਇਆ ਅਤੇ ਮਾਰਕੇ ਗਾਇਕੀ ਦਾ ਮੀਲ ਪੱਥਰ ਸਥਾਪਿਤ ਕੀਤਾ ।ਉਸ ਨੇ ਆਪਣੀ ਨੋਕਰੀ ਸਰਕਾਰੀ ਰੇਲ ਕੌਚ ਫੈਕਟਰੀ ਕਪੂਰਥਲਾ ਵਿੱਚ ਕਰਦਿਆ ਆਪਣਾ ਸਮਾਜ ਪ੍ਰਤੀ ਫਰਜ਼ ਸਮਝਿਆ ਅਤੇ ਨਿਭਾਇਆ ਉਸ ਦੇ ਗੀਤ ਹਮੇਸ਼ਾ ਗੂੰਜਦੇ ਰਹਿਣਗੇ। **ਉਹਨਾਂ ਦੀਆਂ ਦੋ ਪੁਸਤਕਾਂ ਵੀ ਆਈਆ ਹਨ (1) ਬਗਾਵਤ ਜਾਰੀ ਹੈ (2) ਭੀਮ ਮਹਾਨ ਇਹਨਾ ਵਿੱਚ ਉਸ ਨੇ ਆਪਣੀ ਗੀਤਕਾਰੀ ਨੂੰ ਪੇਸ਼ ਕੀਤਾ ਹੈ।**

## ਸ਼੍ਰੀ ਬਲਵੀਰ ਜਗਤਪੁਰੀ

ਸ਼੍ਰੀ ਬਲਵੀਰ ਜਗਤ ਪੁਰੀ ਜੀ ਦਾ ਜਨਮ 24-9-1962 ਨੂੰ ਪਿਤਾ ਸ਼੍ਰੀ ਜੀਤ ਰਾਮ ਜੀ ਅਤੇ ਮਾਤਾ ਸ਼੍ਰੀ ਚਰਨ ਕੌਰ ਜੀ ਦੇ ਘਰ ਹੋਇਆ। ਆਪ ਜੀ ਦਾ ਪਰਿਵਾਰ ਇੱਕ ਗਰੀਬ ਪਰਿਵਾਰ ਸੀ ਆਪ ਜੀ ਨੇ ਬਚਪਨ ਜੀ ਤੋਂ ਹੀ ਗਾਉਣ ਦਾ ਸ਼ੌਂਕ ਸੀ ।ਆਪ ਜੀ ਨੇ 12ਵੀਂ ਤੱਕ ਦੀ ਪੜਾਈ ਕੀਤੀ ਸੀ ।ਆਪ ਜੀ ਦਾ ਮਿਸ਼ਨਰੀ ਗਾਇਕੀ ਵਿੱਚ ਬਹੁਤ ਖਾਸ ਸਥਾਨ ਹੈ।

ਆਪ ਜੀ ਸ਼੍ਰੀ ਮੋਹਨ ਬੰਗੜ ਦੇ ਸਮਕਾਲੀ ਸਨ। ਬਲਵੀਰ ਜਗਤਪੁਰੀ ਨੇ ਮਿਸ਼ਨਰੀ ਗਾਇਕੀ ਦਾ ਸ਼ਫਰ ਸ਼੍ਰੀ ਰੱਤੂ ਰੰਧਾਵਾ ਦੇ ਲਿਖੇ ਗੀਤਾਂ ਤੋਂ ਸ਼ੁਰੂ ਕੀਤਾ ਸੀ। ਆਪ ਜੀ ਦੀ ਪਹਿਲੀ ਕੈਸਿਟ ਮੌਢੀ ਇਨਕਲਾਬ ਦਾ, ਸੱਚ ਦਾ ਸੂਰਜ, ਗੂੰਜਦਾ ਮਿਸ਼ਨ, ਚਾਨਣ ਮੁਨਾਰਾ ਗੁਰੂ ਰਵਿਦਾਸ ਜੀ ,ਬਾਗੀ ਰਹਿਬਰ ਗੁਰੂ ਰਵਿਦਾਸ, ਜੱਗ ਸਾਰਾ ਸ਼ਿਫਤਾਂ ਕਰੇ ਅਤੇ ਕੌਮ ਲਈ ਅਜ਼ਾਦੀ ਆਪ ਜੀ ਦੀ ਆਖਰੀ ਕੈਸਿਟ ਸੀ। ਆਪ ਜੀ ਸਾਰੀ ਉਮਰ ਸਿਰਫ ਮਿਸ਼ਨ ਹੀ ਗਾਇਆ ।ਆਪ ਜੀ 4 ਜੂਨ 2014 ਨੂੰ ਇਸ ਸੰਸਾਰ ਛੱਡ ਗਏ ਆਪ ਜੀ ਦੀ ਅਵਾਜ਼ ਸਦੀਆਂ ਤੱਕ ਗੂੰਜਦੀ ਰਹੇਗੀ।

## ਸ਼੍ਰੀ ਰਾਜ ਦਦਰਾਲ

ਸ਼੍ਰੀ ਰਾਜ ਦਦਰਾਲ ਜੀ ਦਾ ਜਨਮ  21 -2-1970 ਨੂੰ ਪਿਤਾ ਸ਼੍ਰੀ ਗੁਰਮੀਤ ਰਾਮ ਜੀ ਦੇ ਘਰ ਮਾਤਾ ਸ਼੍ਰੀਮਤੀ ਸੱਤਿਆਦੇਵੀ ਜੀ ਦੀ ਕੁੱਖੋਂ ਪਿੰਡ ਗੜੀ ਅਜੀਤ ਸਿੰਘ ਵਿਖੇ ਹੋਇਆ।ਸ਼੍ਰੀ ਰਾਜ ਦਦਰਾਲ ਜੀ ਨੇ ਆਪਣੀ ਗਾਇਕੀ ਰਾਹੀ ਮਿਸ਼ਨਰੀ ਤੇ ਸਮਾਜਿਕ ਕੁਰੀਤੀਆ ਨੂੰ ਗਾਇਆ ਹੈ।

ਰਾਜ ਦਦਰਾਲ ਨੇ ਆਪਣਾ ਗਾਇਕੀ ਦਾ ਸਫਰ 2002 ਤੋ ਸ਼ੁਰੂ ਕੀਤਾ ਸੀ ਤੇ ਹੁਣ ਤੱਕ ਉਸ ਨੇ ਆਪਣੇ ਸਫਰ ਵਿੱਚ 18 ਕੈਸਿਟਾਂ ਸਮਾਜ ਦੀ ਝੋਲੀ ਪਾਈਆ ਹਨ ਸ਼੍ਰੀ ਰਾਜ ਦਦਰਾਲ ਜੀ ਨੇ ਚਮਾਰ ਜਾਤੀ ਦੇ ਵਿੱਚ ਚੇਤਨਾ ਪੈਦਾ ਕਰਨ ਲਈ ਚਮਾਰ ਸ਼ਬਦ ਦੀ ਕ੍ਰਾਂਤੀਕਾਰੀ ਭਾਵਨਾ ਵਾਲੇ ਕਈ ਗੀਤ ਵੀ ਗਾਏ ਹਨ ਉਸ ਦਾ ਸਮਾਜ ਵਿੱਚ ਖਾਸ ਨਾਮ ਹੈ।

## ਸ਼੍ਰੀ ਰਾਕੇਸ਼ ਰਾਣਾ

ਰਾਕੇਸ਼ ਰਾਣਾ ਦਾ ਜਨਮ 26-5-1973 ਨੂੰ ਪਿਤਾ ਸ਼੍ਰੀ ਓਮ ਪ੍ਰਕਾਸ਼ ਦੇ ਘਰ ਸ਼੍ਰੀਮਤੀ ਕਸ਼ਮੀਰੋ ਦੀ ਕੁਖੋਂ  ਹੋਇਆ ਸੰਗੀਤ ਦਾ ਚੰਗਾ ਸ਼ੌਂਕ ਸੀ। ਇਸੇ ਸ਼ੌਂਕ ਨੇ ਉਸ ਨੂੰ ਗਾਇਕੀ ਵਿੱਚ ਸਥਾਪਿਤ ਕਰ ਦਿੱਤਾ ਉਸ ਨੇ ਉਸਤਾਦ ਸ਼੍ਰੀ ਸੁਖਦੇਵ ਸਿੰਘ ਚਾਹਲ ਜੀ ਤੋ ਗਾਇਕੀ ਸਿੱਖੀ। 1994-1999 ਤੱਕ ਉਹ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ਼ ਵਿੱਚ ਸਹਾਇਕ ਲੈਕਚਰਾਰ ਸੰਗੀਤ ਵਿਭਾਗ ਵਿੱਚ ਨੌਕਰੀ ਕੀਤੀ ਰਾਣਾ 1999 ਤੋਂ 2009 ਤੱਕ ਇੰਗਲੈਂਡ ਰਿਹਾ। ਅੱਜ ਕੱਲ ਉਹ ਨੂਰਮਹਿਲ ਵਿਖੇ ਰਹਿ ਰਿਹਾ ਹੈ ਉਸ ਦੀਆ ਹੁਣ ਤੱਕ ਆਈਆ ਕੈਸਿਟਾਂ ਵਿੱਚ ਮੇਰੇ ਪ੍ਰੀਤਮ, ਜਾਗੋ, ਨੇ ਨਾਮਣਾ ਖੱਟਿਆ ਹੈ। ਪ੍ਰਸਿੱਧ ਪਾਕਿਸਤਾਨੀ ਕਲਾਕਾਰ ਨਸੀਬੋ ਲਾਲ ਨਾਲ ਉਸ ਨੇ ਇੱਕ ਡਿਊਟ ਵੀ ਗਾਇਆ ਹੈ। ਪਾਕਿਸਤਾਨੀ  ਗੀਤਕਾਰ ਸਾਦਿਕ ਜੀ ਦਾ ਲਿਖਿਆ ਹੋਇਆ ਗੀਤ ਰਾਕੇਸ਼ ਰਾਣਾ ਜੀ ਦੀ ਅਵਾਜ਼ ਵਿੱਚ ਰਿਕਾਰਡ ਹੋਇਆ ਸੀ ਜਿਸ ਨੂੰ ਦੇਸ਼ ਵਿਦੇਸ਼ ਵਿੱਚ ਬਹੁਤ ਪਸੰਦ ਕੀਤਾ ਗਿਆ।

## ਸ਼੍ਰੀ ਪਿਆਰੇ ਲਾਲ

ਅਜੋਕੇ ਸਮੇਂ ਵਿੱਚ ਮਿਸ਼ਨ ਨੂੰ ਸਮਰਪਿਤ ਹੋ ਕੇ ਚੱਲਣਾ ਬਹੁਤ ਔਖਾ ਹੈ ਖਾਸ ਕਰਕੇ ਗਰੀਬੀ ਭਰੇ ਮਹੌਲ ਵਿੱਚ ਆਪਣੇ ਆਪ ਨੂੰ ਰਹਿਬਰਾਂ ਦੀ ਸੋਚ ਮੁਤਾਬਕ ਢਾਲ ਕੇ ਚੱਲਣਾ ਕੋਈ ਅਸਾਨ ਨਹੀਂ ਹੈ। ਮਿਸ਼ਨਰੀ ਗਾਇਕੀ ਦਾ ਸਫ਼ਰ ਸ਼ੁਰੂ ਕਰਨ ਵਾਲੇ ਮਿਸ਼ਨਰੀ ਗਾਇਕ ਪਿਆਰੇ ਲਾਲ ਚੱਕ ਹਕੀਮ ਨਿਰੋਲ ਮਿਸ਼ਨ ਨੂੰ ਲੈ ਕੇ ਚੱਲਣ ਵਾਲੇ ਇੱਕ ਨਿਵੇਕਲੇ ਗਾਇਕ ਹਨ। ਜਿਨ੍ਹਾਂ ਨੇ ਆਪਣੀ ਗਾਇਕੀ ਨੂੰ ਆਪਣੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਪ੍ਰਚਾਰਣ ਦਾ ਜ਼ਰੀਆ ਬਣਾਇਆ ਹੋਇਆ ਹੈ।

ਸ਼੍ਰੀ ਪਿਆਰੇ ਲਾਲ ਜੀ ਦਾ ਜਨਮ 25 ਦਸੰਬਰ 1974 ਨੂੰ ਪਿਤਾ ਸ਼੍ਰੀ ਰਾਮਪਾਲ ਜੀ ਦੇ

ਘਰ ਮਾਤਾ ਸ਼੍ਰੀਮਤੀ ਗੁਰਮੇਜ ਕੌਰ ਦੀ ਕੁੱਖੋਂ ਪਿੰਡ ਚੱਕ ਹਕੀਮ ਵਿਖੇ ਹੋਇਆ। ਉਹਨਾ ਨੇ ਹੁਣ ਤੱਕ ਤਿੰਨ ਕੈਸਿਟਾਂ ਸਮਾਜ ਦੀ ਝੋਲੀ ਪਾਈਆ ਹਨ ਜਿਨ੍ਹਾਂ ਵਿੱਚ 'ਬਾਬਾ ਸਾਹਿਬ ਪੁਕਾਰਨ', 'ਗੁਰੂ ਮਿਲੇ ਪੂਰੇ', ਤੇ 'ਧੰਨ ਰਵਿਦਾਸ ਗੁਰੂ' ਆਦਿ। ਉਹਨਾਂ ਨੇ ਸੰਗੀਤ ਦੀ ਤਾਲੀਮ ਸ਼੍ਰੀ ਗੁਲਜ਼ਾਰ ਮੁਹੰਮਦ ਜੀ ਭੁੱਲਾਰਾਈ ਵਾਲਿਆਂ ਪਾਸੋਂ ਹਾਸਿਲ ਕੀਤੀ। ਗਾਇਕੀ ਦੇ ਸ਼ਫਰ ਵਿੱਚ ਖੁਦ ਨੂੰ ਆਪਣੇ ਮਿਸ਼ਨ ਮੁਤਾਬਕ ਢਾਲ ਕੇ ਚੱਲ ਰਹੇ ਹਨ।

## ਰਜਨੀ ਠੱਕਰਵਾਲ

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਅਤੇ ਡਾ. ਅੰਬੇਡਕਰ ਜੀ ਦੀ ਮਿਸ਼ਨਰੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਚੱਲਣ ਵਾਲੀ ਬੁਲੰਦ ਅਵਾਜ ਦੀ ਮਾਲਿਕ,ਅਤੇ ਰਵਿਦਾਸੀਆ ਸਮਾਜ ਦੀ ਬੱਬਰ ਸ਼ੇਰਨੀ ਰਜਨੀ ਠੱਕਰਵਾਲ ਨੇ ਮਿਸ਼ਨਰੀ ਗਾਇਕੀ ਨੂੰ ਹੀ ਗਾਇਆ ਹੈ। ਅੱਜ ਤੱਕ ਦੇ ਗਾਇਕਾਂ ਦੇ ਗਾਇਕੀ ਦੇ ਇਤਿਹਾਸ ਵਿੱਚ ਮਿਸ਼ਨ ਨੂੰ ਗਾਉਣ ਵਾਲਿਆ ਵਿੱਚ ਰਜਨੀ ਠੱਕਰਵਾਲ ਦਾ ਨਾਮ ਵਿਸ਼ੇਸ਼ ਹੈ।

ਉਸ ਨੇ ਆਪਣੀ ਗਰਜਦੀ ਅਵਾਜ ਵਿੱਚ ਆਪਣੇ ਬਹੁਜਨ ਰਹਿਬਰਾਂ ਦੇ ਮਿਸ਼ਨ ਨੂੰ ਗਾ ਕੇ ਬਹੁਤ ਨਾਮਣਾ ਖੱਟਿਆ ਹੈ। ਉਸ ਨੂੰ ਆਪਣੇ ਬਜੁਰਗਾਂ ਦੀ ਵਿਰਾਸਤ ਆਪਣੇ ਪਿਤਾ ਜੀ ਪਾਸੋਂ ਪਾਂਪਤ ਹੋਈ ਜਿਕਰ ਯੋਗ ਹੈ ਕਿ ਆਪ ਜੀ ਦੇ ਪਿਤਾ ਜੀ ਵੀ ਬਹੁਜਨ ਸਮਾਜ ਦੇ ਪ੍ਰਸਿੱਧ ਗੀਤਕਾਰ ਹਨ। ਜਿਨ੍ਹਾਂ ਨੇ ਆਪਣੀ ਕਲਮ ਤੋਂ ਬਹੁਤ ਮਕਬੂਲ ਗੀਤਾ ਰਚਨਾ ਕੀਤੀ । ਜਿਹਨਾਂ ਨੂੰ ਸਮਾਜ ਨੇ ਬਹੁਤ ਪਸੰਦ ਕੀਤਾ ।

ਉਸ ਨੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਲਈ ਐਲਾਨ ਕਰਦਿਆ '**ਜੰਗ ਮੈਦਾਨੇ ਉਤਰ ਗਈ ਹੁਣ ਧੀ ਚਮਾਰਾਂ ਦੀ**' 'ਸਤਿਗੁਰੂ ਰਵਿਦਾਸ ਜੀ ਦੇ ਸੂਰਮੇ ਪੁੱਤ ਕਹਾਉਂਦੇ ਆ' ਆਦਿ ਗੀਤਾਂ ਰਾਹੀ ਉਸ ਨੇ ਸਮਾਜ ਦੀ ਸੁੱਤੀ ਹੋਈ ਚੇਤਨਾ ਜਗਾਉਂਣ ਦੀ ਕੋਸ਼ਿਸ਼ ਕੀਤੀ ਉਸ ਦੇ ਅਨੇਕਾਂ ਗੀਤ ਸਮਾਜ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਈ ਲਈ ਉਹ ਲਗਾਤਾਰ ਮਿਸ਼ਨ ਨੂੰ ਗਾ ਰਹੀ ਹੈ ਉਸ ਦੇ ਪ੍ਰਸਿੱਧ ਗੀਤ ਜੰਗ ਮੈਦਾਨੇ, ਸੂਰਮੇ ਪੁੱਤ ਚਮਾਰਾਂ ਦੇ, ਰੱਤ ਚਮਾਰਾਂ ਦੀ ਤੂੰਬਾਂ, ਬਜੁਰਗ ਸਾਡੇ, ਸੱਚ ਦਾ ਸੂਰਜ, ਮਿਸ਼ਨ, ਜਾਗੋ,ਆਦਿ ਗੀਤ ਹਨ।

## ਪ੍ਰੇਮ ਲਤਾ

ਪ੍ਰੇਮ ਲਤਾ ਦਾ ਜਨਮ 15-9-1975 ਨੂੰ ਪਿਤਾ ਸ਼੍ਰੀ ਬਖਸ਼ੀ ਰਾਮ ਜੀ ਅਤੇ ਮਾਤਾ ਸ਼੍ਰੀਮਤੀ ਛਿੰਨੋ ਜੀ ਦੇ ਘਰ ਹੋਇਆ । ਐਮ.ਏ ਦੀ ਪੜਾਈ ਪ੍ਰਪਤ ਕੀਤੀ ਅਤੇ ਸੰਗੀਤਕ ਵਿੱਦਿਆ ਦੀ ਪੜਾਈ ਬੀ.ਏ ਤੱਕ ਪ੍ਰਾਪਤ ਕੀਤੀ ਹੈ ਗਾਇਕੀ ਵਿੱਚ ਸ਼੍ਰੀ ਭਾਈ ਸਾਹਿਬ ਭਾਈ ਸੁਖਦੇਦ ਜੀ ਮਾਛੀਵਾੜਾ ਨੂੰ ਉਸਤਾਦ ਧਾਰਿਆ ।

ਹੁਣ ਤੱਕ ਚਾਰ ਕੈਸਿਟਾਂ ਸਮਾਜ ਦੀ ਝੋਲੀ ਵੱਚ ਪਾ ਚੁੱਕੀ ਹੈ। ਗ੍ਰੇਟ ਭੀਮ, ਗੁਰੁ ਰਵਿਦਾਸ ਬ੍ਰਥਡੇ, ਗੁੱਡੀਆਂ ਚੜੀਆਂ ਰਹਿਣਗੀਆ ਅਤੇ ਗੁਰੁ ਰਵਿਦਾਸ ਜੀ ਦੇ ਸ਼ਬਦਾ ਦੀ ਕੈਸਿਟ ਜੋ ਹਮ ਸਹਿਰੀ ਸੋ ਮੀਤੁ ਹਮਾਰਾ ਪ੍ਰਮੁੱਖ ਹਨ।

## ਸ਼੍ਰੀ ਬਲਵਿੰਦਰ ਬਿੱਟੂ

ਮੋਹਨ ਬੰਗੜ ਦੇ ਪਿਆਰੇ ਸ਼ਗਿਰਦ ਬਲਵਿਦਰ ਬਿੱਟੂ ਨੇ ਆਪਣੇ ਉਸਤਾਦ ਦੇ ਦਰਸਾਏ ਰਾਹ ਉਪਰ ਚੱਲ ਕੇ ਆਪਣੇ ਸਮਾਜ ਵਿੱਚ ਜਾਗ੍ਰਿਤੀ ਪੈਦਾ ਕਰਨ ਅਤੇ ਆਪਣੇ ਰਹਿਬਰਾਂ ਦੀ ਸੋਚ ਤੇ ਪਹਿਰਾ ਦੇਣ ਦੀ ਜੁਮੇਵਾਰੀ ਨੂੰ ਬਾ ਖੂਬੀ ਨਿਭਾਇਆ ਹੈ ਉਸ ਦਾ ਜਨਮ ਸ਼੍ਰੀ ਪ੍ਰਕਾਸ਼ ਸਿੰਘ ਜੀ ਦੇ ਘਰ ਮਾਤਾ ਸ਼੍ਰੀਮਤੀ ਗੁਰਮੇਜ਼ ਕੋਰ ਜੀ ਦੇ ਘਰ ਹੋਇਆ

ਆਪ ਜੀ ਨੇ ਬਚਪਨ ਤੋਂ ਹੀ ਆਪਣੇ ਸਮਾਜ ਦੀ ਤਰਸ ਯੋਗ ਹਾਲਤ ਵੇਖੀ ਸੀ ਜਿਸ ਕਰਕੇ ਆਪ ਨੇ ਆਪਣੇ ਸਮਾਜ ਦੀ ਸੇਵਾ ਕਰਨ ਲਈ ਆਪਣੇ ਬਚਪਨ ਦੇ ਸ਼ੋਕ ਨੂੰ ਜਰੀਆ ਬਣਾ ਲਿਆ ਆਪ ਜੀ ਦੀ ਬੁਲੰਦ ਅਵਾਜ ਦੀ ਗੂੰਜ ਉਹਨਾ ਦੇ ਉਸਤਾਦ ਵਰਗੀ ਹੀ ਹੈ ।ਆਪ ਜੀ ਲਗਾਤਾਰ ਹੀ ਆਪਣੀ ਗਾਇਕੀ ਜਾਰੀ ਰੱਖਿਆ ਆਪ ਜੀ ਨੇ ਇਕ ਨਹੀਂ ਅਨੇਕਾਂ ਕੈਸਿਟਾਂ ਕੀਤੀਆਂ ਹਨ ਅਜੋਕੇ ਸਮੇਂ ਵਿੱਚ ਮਿਸ਼ਨਰੀ ਗਾਇਕਾਂ ਵਿੱਚ ਆਪ ਜੀ ਦਾ ਖਾਸ ਸਥਾਨ ਹੈ ਜਿਨਾ ਨੇ ਆਪਣੇ ਰਹਿਬਰਾ ਦੇ ਮਿਸ਼ਨ ਨੂੰ ਹੀ ਗਾਇਆ ਹੇ ।

## ਮਿਸ਼ਨਰੀ ਬੰਗੜ ਬ੍ਰਦਰਜ਼

ਬੰਗੜ ਬ੍ਰਦਰਜ਼ ਨੇ ਮਿਸ਼ਨਰੀ ਗਾਇਕੀ ਨੂੰ ਗਾ ਕੇ ਆਪਣੇ ਸਮਾਜ ਦਾ ਅਤੇ ਆਪਣੇ ਪਰਿਵਾਰ ਦਾ ਨਾਮ ਉੱਚਾ ਕੀਤਾ ਹੈ। ਸ਼੍ਰੀ ਰਜਿੰਦਰ ਬੰਗੜ ਜੀ ਦੇ ਦੋਨੋ ਸਪੁੱਤਰ ਸ਼੍ਰੀ ਸੁਸ਼ੀਲ ਬੰਗੜ ਅਤੇ ਵਿਜੈ ਬੰਗੜ ਦੋਨੋ ਹੀ ਮਿਲ ਕੇ ਮਿਸ਼ਨਰੀ ਗਾਇਕੀ ਗਾ ਰਹੇ ਹਨ। ਅਤੇ ਆਪਣੇ ਜੱਥੇ ਰਾਹੀ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਕਰ ਰਹੇ ਹਨ। ਉਹਨਾ ਨੇ ਹੁਣ ਤੱਕ ਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਉਪਰ ਹੀ ਗਾਇਆ ਹੈ।

ਉਹ ਹਮੇਸ਼ਾ ਰਵਿਦਾਸੀਆ ਧਰਮ ਦੇ ਪ੍ਰਚਾਰ ਲਈ ਮੋਹਰੀ ਭੂਮਿਕਾ ਨਿਭਾ ਰਹੇ ਹਨ। ਉਹਨਾ ਨੇ ਆਪਣੇ ਪਿਤਾ ਜੀ ਦੇ ਲਿਖੇ ਗੀਤ ਹੀ ਗਾਏ। ਹੁਣ ਤੱਕ ਉਹਨਾ ਦੀਆ ਕਈ ਧਾਰਮਿਕ ਕੈਸਿਟਾ ਆ ਚੁਕੀਆ ਹਨ ।

## ਸ਼੍ਰੀ ਪੰਮਾਂ ਸੁੰਨੜ

ਪੰਮਾ ਸੁੰਨੜ ਇੱਕ ਮਿਸ਼ਨਰੀ ਰੰਗ ਵਿੱਚ ਰੰਗਿਆ ਹੋਇਆ ਮਿਸ਼ਨਰੀ ਗਾਇਕ ਹੈ। ਆਪਣੇ ਸੁੱਤੇ ਸਮਾਜ ਨੂੰ ਜਗਾਉਣ ਲਈ,ਆਪਣੇ ਅਗਿਆਨ ਸਮਾਜ ਨੂੰ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਗਿਆਨ ਵੰਡਣ ਦਾ ਅਤੇ ਰਹਿਬਰਾਂ ਦੇ ਕ੍ਰਾਂਤੀ ਕਾਰੀ ਫਲਸਫੇ ਦੀ ਜਾਣਕਾਰੀ ਦੇਣ ਦੇ ਨਾਲ- ਨਾਲ ਆਪਣੇ ਸਮਾਜ ਨੂੰ ਦੁਸ਼ਮਣ ਅਤੇ ਮਿੱਤਰ ਦੀ ਪਹਿਚਾਣ ਕਰਾਉਣ ਦੇ ਉਦੇਸ਼ ਹਿੱਤ ਆਪਣੀ ਜਿੰਦਗੀ ਦਾ ਹਰ ਪਲ ਸਮਾਜ ਦੇ ਲੇਖੇ ਲਗਾਇਆ ਹੋਇਆ ਹੈ ।ਸਾਡੇ ਸਮਾਜ ਵਿੱਚ ਅਜਿਹੇ ਬਹੁੱਤ ਘੱਟ ਮਿਸ਼ਨਰੀ ਪਹਿਚਾਣ ਵਾਲੇ ਗਾਇਕ ਹਨ ਜਿਨਾਂ ਨੇ ਆਪਣੀ ਜ਼ਿੰਦਗੀ ਦੇ ਮੁਸ਼ਕਲਾਂ ਭਰੇ ਸਫਰ ਨੂੰ ਹੰਢਾਇਆ ਤੇ ਅਨੇਕਾਂ ਮੁਸੀਬਤਾਂ ਝੱਲੀਆ ,ਪਰ ਮਿਸ਼ਨ ਦਾ ਰਾਹ ਨਹੀਂ ਛੱਡਿਆ ।

ਜਿਨਾਂ ਵਿੱਚ ਪੰਮਾ ਸੁੰਨੜ ਦਾ ਨਾਮ ਵਿਸ਼ੈਸ਼ ਸਥਾਨ ਉਪਰ ਦਰਜ਼ ਹੈ।ਗਾਇਕੀ ਵਿੱਚ ਖੁੱਦ

ਨੂੰ ਸ਼ਾਮਿਲ ਕਰਨਾ ਅਜੋਕੇ ਸਮੇਂ ਵਿੱਚ ਕੋਈ ਵੱਡੀ ਗੱਲ ਨਹੀਂ ਹੈ ਪਰ ਅਤੇ ਕਿਸੇ ਮਿਆਰੀ ਪੱਧਰ ਉਪਰ ਸਥਾਪਿਤ ਕਰਨਾ ਅਤੇ ਇੱਕ ਮਿਸ਼ਨ ਨੂੰ ਪ੍ਰਚਾਰਣਾ ਵੱਡੀ ਗੱਲ ਹੁੰਦੀ ਹੈ।ਅਜੋਕੇਂ ਸਮੇ ਵਿੱਚ ਮੈਂ ਅਨੇਕਾਂ ਗਾਇਕਾਂ ਨੂੰ ਸੁਣਿਆ ਹੈ ਜਿਹਨਾਂਨੇ ਖੁਦ ਮਿਸ਼ਨਰੀ ਅਖਵਾਇਆ ਤੇ ਸਮਾਜ ਦੇ ਜਜਵਾਤਾ ਦਾ ਭਰਪੂਰ ਫਾਇਦਾ ਉਠਾਇਆ ਤੇ ਪੈਸੇ ਦੀ ਦੌੜ ਵਿੱਚ ਸ਼ਾਮਿਲ ਹੋ ਕੇ ਮਿਸ਼ਨ,ਤੇ ਸਮਾਜ ਦੋਨਾ ਨੂੰ ਦੋਲਤ ਤੇ ਸ਼ੋਹਰਤ ਵਿੱਚ ਤੋਲ ਕੇ ਆਪਣੀ ਜਿੰਦਗੀ ਵਿੱਚ ਤਰੱਕੀ ਕੀਤੀ। ਪੰਮਾ ਸੁੰਨੜ ਦਾ ਜਨਮ 10 ਫਰਵਰੀ 1970 ਨੂੰ ਪਿਤਾ ਸੋਹਨ ਲਾਲ ਅਤੇ ਮਾਤਾ ਚਰਨ ਕੌਰ ਜੀ ਦੇ ਘਰ ਪਿੰਡ ਰਾਮ ਪੁਰ ਸੁੰਨੜਾ ਜਿਲ੍ਹਾਂ ਕਪੂਰਥਲਾ ਵਿੱਚ ਹੋਇਆਂ **ਆਪ ਜੀ ਇੱਕ ਗਰੀਬ ਪਰਿਵਾਰ ਪੈਦਾ ਹੋਏ ਆਪ ਜੀ ਨੇ ਪੰਜਵੀ ਤੱਕ ਦੀ ਪੜਾਈ ਕੀਤੀ ਇਹ ਹੈਰਾਨ ਕਰਦੀ ਗਾਇਕੀ ਨੂੰ ਸੁਣ ਕੇ ਰਹਿਬਰਾਂ ਦੇ ਮਿਸ਼ਨ ਦੀ ਵਿਸ਼ਾਲ ਜਾਣਕਾਰੀ ਦਾ ਹੋਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜੇ ਸੋਚਾ ਵਿੱਚ ਤੇ ਦਿਲ ਵਿੱਚ ਮਿਸ਼ਨ ਦਾ ਜਜਬਾਂ ਹੋਵੇ ਤਾ ਇਹ ਜਰੂਰੀ ਨਹੀਂ ਕਿ ਵਿਅਕਤੀ ਉੱਚ ਸਿੱਖਿਆ ਪ੍ਰਾਪਤ ਹੋਵੇ**।ਪੰਮਾ ਸੁੰਨੜ ਦੀ ਮਿਸ਼ਨ ਪ੍ਰਤੀ ਖਾਸ ਰੁਚੀ ਨੇ ਉਸ ਨੂੰ ਗਾਇਕੀ ਦੇ ਵਿੱਚ ਇੱਕ ਸਫਲ ਗਾਇਕ ਬਣਾ ਦਿੱਤਾ ਪਹਿਲਾਂ ਉਸ ਨੇ ਕਈ ਵਰੇਂ

ਮਿਊਜਿਕ ਦੇਣ ਦੇ ਖੇਤਰ ਵਿੱਚ ਕੰਮ ਕੀਤਾ ਸੀ ਪਰ **2009 ਵਿੱਚ ਵਾਪਰੇ ਵਿਅਨਾਂ ਕਾਂਡ ਦੌਰਾਣ ਜਾਤੀ ਪਾਤੀ ਮਾਨਸਿਕਤਾ ਨੇ ਉਸ ਨੂੰ ਸੋਚ ਨੂੰ ਪ੍ਰਭਾਵਿਤ ਕੀਤਾ ਜਦੋਂ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਮਹਾਨ ਕ੍ਰਾਂਤੀਕਾਰੀ ਸੰਤ ਰਾਮਾਨੰਦ ਜੀ ਨੂੰ ਕੱਟੜ ਪੱਥੀਆ ਵਲੋਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਨਤੀਜੇ ਵਜੋਂ ਸਮਾਜ ਵਿੱਚ ਇੱਕ ਜਾਗ੍ਰਿਤੀ ਦੀ ਜਬਰਦਸਤ ਲਹਿਰ ਚੱਲੀ ਇਸੇ ਪ੍ਰਭਾਵ ਵਿੱਚ ਪੰਮਾ ਸੁੰਨੜ ਨੇ ਆਪਣੀ ਮਿਸ਼ਨਰੀ ਗਾਇਕੀ ਦਾ ਸਫਰ ਸ਼ੁਰੂ ਕੀਤਾ** ।ਜਿਸ ਦਾ ਮਕਸਦ ਆਪਣੇ ਸਮਾਜ ਦੇ ਮਹਾਨ ਰਹਿਬਰਾਂ ਨੂੰ ਗਾ ਕੇ ਪ੍ਰਚਾਰ ਕਰਨਾ ਜਿਸ ਨਾਲ ਬੇਗਮਪੁਰ ਦਾ ਸੁਪਨਾ ਸਕਾਰ ਹੋ ਸਕੇ। ਫਾਇਟਰ ਚਮਾਰ ,ਫਾਇਟਰ ਚਮਾਰ -2,ਅੜਬ ਚਮਾਰ,ਸੱਚ ਦਾ ਝੰਡਾ,ਬਾਗੀ ,ਅਤੇ ਸਰਕਾਰ ਕੈਸਿਟਾ ਰਾਹੀ ਮਿਸ਼ਨ ਦਾ ਪ੍ਰਚਾਰ ਜਬਰਦਸਤ ਤਰੀਕੇ ਨਾਲ ਕੀਤਾ। ਉਸ ਦੀ ਬੁਲੰਦ ਅਵਾਜ਼ ਸਮਾਜ ਦੇ ਕੰਨਾ ਵਿੱਚ ਗੂੰਜਦੀ ਹੈ ਬ੍ਰਾਹਮਣਵਾਦੀ ਅਤੇ ਮਨੂੰਵਾਦੀ ਵਿਵਸਥਾ ਵਿਰੁੱਧ ਬਗਾਵਤ ਕਰਨ ਲਈ ਪ੍ਰੇਰਦੀ ਹੈ ।

## ਸ੍ਰੀ ਜੀਵਨ ਸੋਹਲ

ਜੀਵਨ ਸੋਹਲ ਦਾ ਜਨਮ ... ਸੰਗਲ ਸੋਹਲ ਜਿਲ੍ਹਾ ਜਲੰਧਰ ਵਿੱਚ ਪਿਤਾ ਦਰਸ਼ਣ ਲਾਲ ਮਾਤਾ ਸੁਰਿੰਦਰ ਕੋਰ ਜੀ ਦੇ ਘਰ ਹੋਇਆ ਅਤੇ ਆਪ ਜੀ ਦਾ ਪਰਿਵਾਰ ਗਰੀਬ ਸੀ ਤੇ ਪੜਾਈ ਮੈਟ੍ਰਿਕ ਤੱਕ ਦੀ ਪ੍ਰਾਪਤ ਕੀਤੀ ਆਪ ਜੀ ਨੂੰ ਗਾਉਣ ਦਾ ਸ਼ੋਕ ਬਚਪਨ ਤੋਂ ਹੀ ਸੀ ਆਪ ਜੀ ਗਾਇਕੀ ਦੀ ਬਰੀਕੀ ਸਿੱਖਣ ਲਈ ਸੁਖਵਿੰਦਰ ਪੰਛੀ ਨੂੰ ਉਸਤਾਦ ਧਾਰਿਆ ।

ਆਪ ਜੀ ਦੀ ਪਹਿਲੀ ਕੈਸਿਟ 1993 ਵਿੱਚ ਉਸਤਤ ਸੰਤਾਂ ਦੀ ਆਈ।ਜੀਵਨ ਸੋਹਲ ਦੀਆ ਧਾਰਮਿਕ ਕੈਸਿਟਾਂ ਸਾਰੇ ਜਗਤ ਦੇ ਗੁਰੂ ,ਸੰਤਾ ਦੇ ਗੁਣ ਗਾ,ਅਤੇ ਕੌਮ ਵਾਜ਼ਾ ਮਾਰਦੀ ਵਿਸ਼ੇਸ਼ ਰੂਪ ਵਿੱਚ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਕੀਤੀਆ ।ਆਪ ਜੀ ਨੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸਹਾਦਤ ਤੋਂ ਬਾਅਦ ਅਨੇਕਾਂ ਗੀਤ ਗਾਏ।

ਚਮਾਰ ਜਾਤੀ ਵਿੱਚ ਚੇਤਨਾ ਲਿਆਉਣ ਲਈ ਜੀਵਨ ਸੋਹਲ ਨੇ ਬਹੁਤ ਸਾਰੇ ਗੀਤ

ਚਮਾਰ ਸ਼ਬਦ ਦੇ ਜ਼ਿਕਰ ਵਾਲੇ ਵੀ ਗਾਏ। ਜਿਨ੍ਹਾਂ ਦਾ ਉਦੇਸ਼ ਸਮਾਜ ਵਿੱਚ ਸਨਮਾਨ ਜਨਕ ਜੀਵਨ ਜਿਉਣ ਦਾ ਜਜਬਾਂ ਪੈਦਾ ਕਰਨਾ ਹੈ। ਉਸ ਗੀਤਾਂ ਵਿੱਚ ਸਮਾਜ ਦੀ ਜਾਗ੍ਰਿਤੀ ਦਾ ਸੰਦੇਸ਼ ਝਲਕਦਾ ਹੈ। ਉਹ ਹਮੇਸ਼ਾ ਹੀ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਹੋ ਕੇ ਚੱਲਦਾ ਹੈ।ਉਸ ਨੇ ਸ਼੍ਰੀ 108 ਸੰਥ ਸੁਰਿੰਦਰ ਦਾਸ ਜੀ ਬਾਵਾ ਨਾਲ ਦੇਸ਼ -ਵਿਦੇਸ਼ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਵੀ ਕੀਤਾ।ਰਵਿਦਾਸੀਆ ਸਮਾਜ ਵਿੱਚ ਉਸ ਦੀ ਇੱਕ ਖਾਸ ਪਹਿਚਾਣ ਹੈ।

## ਸ਼੍ਰੀ ਜੱਸੀ ਫਗਵਾੜੇ ਵਾਲਾ

18-9-1973 ਨੂੰ ਪਿਤਾ ਸਾਧੂ ਰਾਮ ਜੀ ਅਤੇ ਮਾਤਾ ਸ਼੍ਰੀ ਮਾਤਾ ਭਜਨ ਕੌਰ ਦੇ ਘਰ ਪਿੰਡ ਮਸਤ ਨਗਰ (ਹਦੀਆਵਾਦ)ਵਿੱਚ ਹੋਇਆ ਆਪ ਜੀ ਦੇ ਪਰਿਵਾਰ ਨੇ ਇੱਕ ਗਰੀਬੀ ਦਾ ਸਮਾ ਹੰਡਾਇਆ ਸੀ। ਆਪ ਜੀ ਲਿਖਣ ਦਾ ਸ਼ੌਕ ਬਚਪਨ ਤੋਂ ਹੀ 8 ਵੀ ਕਲਾਸ ਤੋਂ ਸੀ ਆਪ ਜੀ ਨੇ ਬੀ.ਏ ਤੱਕ ਦੀ ਸਿੱਖਿਆ ਪ੍ਰਾਪਤ ਕੀਤੀ।

## ਸ਼੍ਰੀ ਐਚ .ਐਸ .ਤਾਜਪੁਰੀ

'ਵੇਖ ਮੇਲੇ ਨੂੰ ਚੱਲੇ ਬੀਬੇ ਪੁੱਤ ਚਮਾਰਾਂ ਦੇ' ਗੀਤ ਗਾ ਕੇ ਚਮਾਰ ਸ਼ਬਦ ਦੀਆਂ ਸੰਗੀਤਕ ਧੁੰਨਾਂ ਤੇ ਸਮਾਜ ਨੂੰ ਨਚਾਉਣ ਵਾਲੇ ਗਾਇਕ ਤਾਜਪੁਰੀ ਦਾ ਜਨਮ 14 ਫਰਵਰੀ 1974 ਨੂੰ ਮਾਤਾ ਪ੍ਰੀਤਮ ਕੌਰ ਜੀ ਪਿਤਾ ਸਵ. ਸਰਧਾ ਰਾਮ ਜੀ ਦੇ ਘਰ ਹੋਇਆ। ਉਸ ਨੂੰ ਗਾਉਣ ਦੀ ਸਿੱਖਿਆ ਬਚਪਨ ਤੋਂ ਹੀ ਮਿਲੀ ਸੀ ਉਹਨਾਂ ਨੇ ਗਾਇਕੀ ਦੀ ਬਾਰੀਕੀ ਨੂੰ ਦੇਸ ਰਾਜ ਜੋਗੀ ਜੀ ਤੋ ਪ੍ਰਾਪਤ ਕੀਤੀ।

ਤਾਜਪੁਰੀ ਨੇ ਆਪਣੀ ਗਾਇਕੀ ਦਾ ਸਫਰ 1992 ਤੋ ਸ਼ੁਰੂ ਕੀਤਾ ਸੀ ਜੋ ਅੱਜ ਤੱਕ ਨਿਰੰਤਰ ਜਾਰੀ ਹੈ। ਤਾਜਪੁਰੀ ਨੇ ਸਮਾਜ ਦੀ ਝੋਲੀ ਵਿੱਚ ਕੈਸਿਟਾਂ ਪਾਈਆ ਜਿਵੇਂ ਇਹ ਜਨਮ ਤੁਮਾਰੇ ਲੇਖੇ, ਜੈ ਭੀਮ ਜੈ ਭਾਰਤ, ਬੀਬੇ ਪੁੱਤ ਚਮਾਰਾਂ ਦੇ, ਕੂਲ ਚਮਾਰ, ਗਭਰੂ ਸ਼ੇਰ ਚਮਾਰਾਂ ਦੇ, ਕੌਮ ਦੇ ਯੋਧੇ। ਤਾਜਪੁਰੀ ਆਪਣੀ ਕਾਮਯਾਬੀ ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦਾ ਅਸ਼ੀਰਵਾਦ ਮੰਨਦਾ ਹੈ।

## ਸੇਠ ਬ੍ਰਿਜ ਲਾਲ ਜੀ (ਦਾਨੀ ਸੱਜਣ)

ਸੰਸਾਰ ਵਿੱਚ ਅਨੇਕਾਂ ਹੀ ਸੇਠ ਸ਼ਾਹੂਕਾਰ ਵਿਅਕਤੀ ਹੋਣਗੇ ਜਿਨ੍ਹਾਂ ਦੀ ਗਿਣਤੀ ਗਰੀਬ ਸਮਾਜ ਵਿੱਚ ਨਾ ਮਾਤਰ ਹੈ। ਦੱਬੇ ਕੁਚਲੇ ਸਮਾਜ ਵਿੱਚ ਜਨਮ ਲੇ ਕੇ ਉਨ੍ਹਾਂ ਪ੍ਰਤੀ ਸਮਰਪਿਤ ਹੋਣਾ ਵਿਰਲੇ ਵਿਅਕਤੀਆਂ ਦੇ ਹਿੱਸੇ ਆਉਂਦਾ ਹੈ ਅਜਿਹੇ ਹੀ ਦਾਨੀ ਪੁਰਸ਼ਸਨ ਸੇਠ ਬ੍ਰਿਜ ਲਾਲ ਜੀ ,ਜਿਨ੍ਹਾਂ ਦਾ ਜਨਮ ਸ਼੍ਰੀ ਨਾਜਰ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਸਵਰਨੀ ਜੀ ਦੀ ਕੁੱਖੋਂ ਪਿੰਡ ਨੰਗਲ ਸਪਰੋੜ ਵਿਖੇ ਤਹਿ ਫਗਵਾੜਾ,ਜਿਲਾ

ਕਪੂਰਥਲਾ ਵਿਖੇ ਹੋਇਆ।ਆਪ ਜੀ ਨੇ ਅਤੇ ਆਪ ਜੀ ਦੀ ਸੁਪਤਨੀ ਬੀਬੀ ਗੁਰਦੇਵ ਕੌਰ ਜੀ ਨੇ ਆਪਣਾ ਸਮੁੱਚਾ ਜੀਵਨ ਬ੍ਰਹਮਲੀਨ,ਬ੍ਰਹਮ ਗਿਆਨੀ ਮਹਾਂਪੁਰਸ਼ਾ ਨੂੰ ਸਮਰਪਿਤ ਕੀਤਾ। ਆਪ ਜੀ ਡੇਰਾ ਸੱਚ ਖੰਡ ਬੱਲਾਂ ਦੇ ਅਨਿਨ ਸ਼ਰਧਾਲੂ ਸਨ।ਅਤੇ ਡੇਰੇ ਦੇ ਹੋਣ ਵਾਲੇ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਪਉਂਦੇ ਰਹਿੰਦੇ ਸਨ।ਵਿਦੇਸ਼ ਦੀ ਧਰਤੀ ਤੇ ਹੋਣ ਦੇ ਬਾਵਜੂਦ ਵੀ ਆਪਣੇ ਰਵਿਦਾਸੀਆਂ ਧਰਮਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਸ਼ਰਨ ਵਿੱਚ ਰਹੇ।

ਆਪ ਜੀ ਨੇ 108 ਸੰਤ ਸਰਵਣ ਦਾਸ ਪਬਲਿਕ ਚੈਰੀਟੇਬਲ(ਸੀ.ਬੀ.ਐਸ.ਸੀ)ਸਕੂਲ ਦੀ ਬਿਲਡਿੰਗ ਅਤੇ ਗੁਰੁ ਘਰ ਦੀ ਸਥਾਪਨਾ ਲਈ ਚਾਰ ਕਿਲੇ ਜਮੀਨ ਦਾਨ ਵਜੋਂ ਦਿੱਤੀ।। ਇਸ ਤੋਂ ਇਲਾਵਾ ਸ਼੍ਰੀ ਗੁਰੂ ਸ਼੍ਰੀ ਗੁਰੂੀ ਰਵਿਦਾਸ ਮੰਦਿਰ ਲਈ ਇੱਕ ਕਿਲੋ ਸੋਨੇ ਦੀ ਚਾਬੀ ਅਤੇ ਇੱਕ ਸਫਾਰੀ ਗੱਡੀ ਡੇਰੇ ਨੂੰ ਭੇਂਟ ਕੀਤੀ। ਆਪ ਜੀ ਸਮੇਂ ਸਮੇਂ ਆਪਣੀਆਂ ਸੇਵਾਵਾਂ ਨਿਭਾਉਦੇਂ ਰਹੇ ਸਨ। ਆਪ 2016 ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।

## ਸ਼੍ਰੀ ਸਾਧੂ ਰਾਮ ਹੀਰ

ਆਪ ਜੀ ਦਾ ਜਨਮ 1-1 1954 ਨੂੰ ਪਿੰਡ ਮੁਸਾਪੁਰ ਜ਼ਿਲ੍ਹਾ ਜਲੰਧਰ ਵਿਖੇ ਸ਼੍ਰੀ ਭਾਗ ਰਾਮ ਜੀ ਦੇ ਘਰ ਮਾਤਾ ਸ਼੍ਰੀਮਤੀ ਅਮਰ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ 6 ਸਾਲ ਦੀ ਉਮਰ ਦੇ ਸਨ ਤੇ ਆਪ ਜੀ ਦੇ ਪਿਤਾ ਜੀ ਦਾ ਸਾਇਆ ਸਿਰ ਤੋਂ ਉਠ ਗਿਆ। ਆਪ ਜੀ ਦੇ ਨਾਨਾ ਜੀ ਇਲਾਕੇ ਦੇ ਸਿਰ ਕੱਢ ਸਮਾਜ ਸੇਵੀ ਸਨ। ਉਹਨਾਂ ਦੇ ਕੋਈ ਲੜਕਾ ਨਹੀਂ ਸੀ ਇਸ ਤਰ੍ਹਾਂ ਹੀਰ ਜੀ ਨੂੰ ਅਤੇ ਉਹਨਾਂ ਦੀ ਮਾਤਾ ਜੀ ਨੂੰ ਮਜਬੂਰੀ ਵੱਸ ਨਾਨਕੇ ਪਿੰਡ ਢੇਪੁਰ ਆ ਕੇ ਰਹਿਣਾ ਪਿਆ। ਜਿਥੇ ਆਪ ਜੀ ਦਾ ਪਾਲਨ ਪੋਸ਼ਣ ਹੋਇਆ 1958 ਨੂੰ ਆਪ ਜੀ ਦੇ ਨਾਨਾ ਜੀ ਦਾ ਦੇਹਾਂਤ ਹੋ ਗਿਆ। ਆਪ ਜੀ ਨੇ ਮੁੱਢਲੀ ਸਿੱਖਿਆ ਪਿੰਡ ਜਲਭੈਆਂ ਤੋਂ ਅਤੇ ਹਾਇਰ ਸਿੱਖਿਆ ਐਸ.ਡੀ.ਹਾਈ ਸਕੂਲ ਸ਼ਾਮ ਚੁਰਾਸੀ ਤੋਂ ਲਈ ਆਪ ਜੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ ।

ਮਨ ਵਿੱਚ ਕੁਝ ਬਣਨ ਦੀ ਇੱਛਾ ਨੇ ਪੜ੍ਹਾਈ ਦਾ ਸ਼ੌਂਕ ਮੱਠਾ ਨਹੀਂ ਪੈਣ ਦਿੱਤਾ। ਘਰ ਦੀਆ ਮੁਸੀਬਤਾਂ ਤੇ ਸਮੱਸਿਆਵਾਂ ਨੂੰ ਚੀਰਦੇ ਹੋਏ ਆਪ ਜੀ ਨੇ ਬੀ.ਐਸ.ਸੀ 1964 ਵਿੱਚ ਡੀ ਏ ਵੀ ਕਾਲਿਜ ਹੁਸ਼ਿਆਰਪੁਰ ਤੋਂ ਕੀਤੀ। ਜਿਸ ਵਿੱਚ ਆਪ ਜੀ ਦੇ ਮਾਸੜ ਦੀਦਾਰ ਸਿੰਘ ਜੀ ਦੀ ਬਹੁਤ ਵੱਡੀ ਦੇਣ ਸੀ। ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪ ਜੀ ਨੇ ਇਸੇ ਕਾਲਜ ਵਿੱਚ ਇੱਕ ਸਾਲ ਡੈਮੋਂਸਟਰੇਟਰ ਦੇ ਤੌਰ ਤੇ

ਸਰਵਿਸ ਕੀਤੀ। ਇਸ ਸਮੇਂ ਦੌਰਾਨ 1966 ਵਿੱਚ ਆਪ ਜੀ ਦੀ ਨਿਯੁੱਕਤੀ ਆਲ ਇੰਡੀਆ ਰੇਡੀਓ ਵਿੱਚ ਇੰਜੀਨੀਅਰ ਸਹਾਇਕ ਵਜੋਂ ਹੋਈ। ਆਪ ਜੀ ਦੀਆਂ

ਸੁਚੱਜੀਆਂ ਸੇਵਾਵਾਂ ਅਣਥੱਕ ਮਿਹਨਤ, ਇਮਾਨਦਾਰੀ ਆਪ ਜੀ ਨੂੰ ਚੀਫ ਇੰਜੀਨੀਅਰ (ਨਾਰਥ ਜੋਨ) ਦਿੱਲੀ ਦੂਰਦਰਸ਼ਨ ਦੇ ਅਹੁੱਦੇ ਤੱਕ ਪਹੁੰਚਾਇਆਂ। ਆਪ ਜੀ ਦੀ ਸੇਵਾ ਭਾਵਨਾ ਵੇਖਦੇ ਹੋਏ ਸੰਤ ਗਰੀਬ ਦਾਸ ਜੀ ਦੀਆਂ ਪਾਰਖੂ ਨਜ਼ਰਾਂ ਆਪ ਜੀ ਨੂੰ ਕੀਲ ਲਿਆ ਅਤੇ ਆਪ ਜੀ ਨੂੰ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਸੌਂਪ ਦਿੱਤੀਆ। ਆਪ ਜੀ ਲੰਬਾ ਸਮਾਂ ਜਗਤਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨ ਪੁਰ ,ਡੇਰਾ ਸੱਚ ਖੰਡ ਬੱਲਾਂ ਵੱਲੋਂ ਚਲਾਏ ਜਾ ਰਹੇ ਵਿੱਦਿਅਕ ਅਦਾਰਿਆਂ ਅਤੇ ਹਸਪਤਾਲਾਂ ਦੇ ਟਰੱਸਟ ਦੇ ਸਕੱਤਰ ਦੇ ਤੌਰ ਤੇ ਆਪਣੀਆ ਸੇਵਾਵਾਂ ਬਾਖੂਬੀ ਨਿਭਾਈਆ। ਸੰਤ ਰਾਮਾ ਨੰਦ ਜੀ ਸਮਾਜ ਸੇਵਾ ਦਾ ਹਰ ਕੰਮ, ਉਸਾਰੀ ਦੇ ਕੰਮ ਆਪ ਜੀ ਦੀ ਸਲਾਹ ਨਾਲ ਕਰਦੇ ਸਨ।

ਆਪ ਜੀ ਦੀ ਧਰਮ ਪਤਨੀ ਸ਼੍ਰੀਮਤੀ ਧਰਮ ਕੌਰ ਜੀ ਬਤੌਰ ਪ੍ਰਿੰਸੀਪਲ ਸਰਕਾਰੀ ਨੌਕਰੀ ਤੋਂ ਰਿਟਾ. ਹਨ ।ਆਪ ਜੀ ਦੇ ਦੋ ਪੁੱਤਰ ਪੂਰੀ ਤਰ੍ਹਾਂ ਸਥਾਪਿਤ ਹਨ ਜੀਵਨ ਵਿੱਚ ਪੂਰੀ ਤਰੱਕੀ ਕਰ ਰਹੇ ਹਨ ਅਤੇ ਪੂਰੀ ਤਰ੍ਹਾਂ ਖੁਸ਼ਹਾਲ ਹਨ ਤੇ ਸੰਤੁਸ਼ਟ ਹਨ। ਆਪ ਜੀ ਨੂੰ ਜਿੱਥੇ ਸੰਤ ਗਰੀਬ ਦਾਸ ਜੀ ਦਾ ਨਿੱਘਾ ਆਸ਼ੀਰਵਾਦ ਰਿਹਾ ਹੈ ਉਸਦੇ ਨਾਲ ਨਾਲ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਛਤਰ-ਛਾਇਆ ਹੇਠ ਜਗਤਗੁਰੂ ਰਵਿਦਾਸ ਜੀ ਮਹਾਰਾਜ ਅਤੇ ਡਾ.ਅੰਬੇਡਕਰ ਜੀ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਹਿੱਤ ਸੇਵਾ ਕਰਨ ਦਾ ਮੌਕਾ ਵੀ ਮਿਲਦਾ ਰਿਹਾ ਹੈ। ਰਵਿਦਾਸੀਆ ਧਰਮ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਐਲਾਨ, ਪ੍ਰਚਾਰ ਪ੍ਰਸਾਰ ਵਿੱਚ ਆਪ ਜੀ ਨੇ ਮੋਹਰੀ ਭੂਮਿਕਾ ਨਿਭਾਈ। ਆਪ ਜੀ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਵੇਖਦਿਆ ਹੋਇਆ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਿਖੇ 2016 ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਮੁੱਚੀ ਰਵਿਦਾਸੀਆ ਕੌਮ ਨੂੰ ਇਹਨਾਂ ਉੱਪਰ ਮਾਣ ਹੈ। ਸਤਿਗੁਰੂ ਰਵਿਦਾਸ ਜੀ ਇਹਨਾਂ ਨੂੰ ਲੰਬੀ ਆਯੂ ਅਤੇ ਦੇਹ ਅਰੋਗਤਾ ਬਖਸ਼ਿਸ਼ ਕਰਨ

# ਚਮਾਰ ਵਿਸ਼ਾਲ ਅਬਾਦੀ ਦਾ ਏਕੀਕਰਣ:-

ਭਾਰਤ ਵਿਚ 22 ਪ੍ਰਦੇਸ਼ ਅਤੇ 7 ਕੇਂਦਰ ਸ਼ਾਸਤ ਪ੍ਰਦੇਸ਼ ਹਨ ਭਾਰਤ ਦੀ ਵਿਸ਼ਾਲ ਆਬਾਦੀ ਭਾਰਤ ਦੇ ਵਿਕਾਸ ਵਿਚ ਖਾਸ ਯੋਗਦਾਨ ਪਾਉਂਦੀ ਹੈ। ਭਾਰਤ ਵਿਚ ਭਾਰਤੀ ਮੂਲ ਦੀ ਚਮਾਰ ਜਾਤੀ 25 ਕਰੋੜ ਦੇ ਕਰੀਬ ਪਾਈ ਜਾਂਦੀ ਹੈ।ਇਸ ਵਿਸ਼ਾਲ ਆਬਾਦੀ ਨੂੰ ਅਲੱਗ-ਅਲੱਗ ਸੰਸਥਾਵਾਂ ਤੇ ਵੰਡ ਕੇ ਕੁਝ ਲੋਕ ਇਹ ਭਰਪੂਰ ਫਾਇਦਾ ਲੈ ਰਹੇ ਹਨ-

ਸ੍ਰੀ ਕਰਣ ਸਿੰਘ ਦੀਵਾਨ ਆਪਣੀ ਪੁਸਤਕ ਚਮਾਰ ਜਾਟਵ ਸਮਰਾਟ ਵਿਚ ਲਿਖਦੇ ਹਨ ਕਿ :-

ਭਾਰਤ ਵਿਚ 90%ਈਸਾਈ ਚਮਾਰ ਜਾਤੀ ਦੇ ਲੋਕ ਬਣੇ
ਭਾਰਤ ਵਿਚ 25%ਮੁਸਲਮਾਨ ਚਮਾਰ ਜਾਤੀ ਦੇ ਲੋਕ ਬਣੇ
ਭਾਰਤ ਵਿਚ 90%ਸਿੱਖ ਚਮਾਰ ਜਾਤੀ ਦੇ ਲੋਕ ਬਣੇ
ਭਾਰਤ ਵਿੱਚ 10% ਠਾਕਰ ਚਮਾਰ ਜਾਤੀ ਦੇ ਲੋਕ ਬਣੇ
ਭਾਰਤ ਵਿਚ 25%ਜਾਟ ਚਮਾਰ ਜਾਤੀ ਦੇ ਲੋਕ ਹੀ ਬਣੇ
ਭਾਰਤ ਵਿਚ 10%ਹਿੰਦੂ(ਹੋਰ ਜਾਤੀ ਬਦਲ ਕੇ)ਬਣੇ

ਭਾਰਤ ਵਿਚ 1920 ਨੂੰ ਪ੍ਰਕਾਸ਼ਿਤ ਹੋਈ THE RELIGHOUS LIFE OF INIDIA THE CHAMARS ਵਿੱਚ ਲਿਖਿਆ ਹੈ ਕਿ ਆਦਿ ਜਾਤ ਚਮਾਰ 1156 ਉੱਪ ਜਾਤੀਆਂ ਵਿਚ ਵੰਡੀ ਹੋਈ ਹੈ। ਸਭ ਤੋਂ ਵੱਡੀ ਗੱਲ ਕਿ ਚਮਾਰ ਲੋਕਾਂ ਨੂੰ ਆਪਣੀ ਤਾਕਤ ਦਾ ਅਹਿਸਾਸ ਨਹੀਂ ਹੈ। ਭਾਰਤ ਵਿਚ 25 ਕਰੋੜ ਦੀ ਗਿਣਤੀ ਦਾ ਮਤਲਬ ਤਾਂ ਇਹੀ ਹੈ ਕਿ ਭਾਰਤ ਵਿਚ ਰਾਜ ਅਤੇ ਧਰਮ ਵਿਚ ਮਜਬੂਤ ਸਥਿਤੀ ਪੈਦਾ ਹੋਣੀ। ਭਾਰਤ ਵਿਚ ਬਹੁਤ ਜਾਤਾਂ ਹਨ ਪਰ ਦੋ ਜਾਤਾਂ ਪੂਰੇ ਭਾਰਤ ਵਿਚ ਮਿਲਦੀਆਂ ਹਨ ਇਕ ਬ੍ਰਾਹਮਣ ਤੇ ਦੂਸਰੀ ਚਮਾਰ ਜਾਤੀ ਮਿਲਦੀ ਹੈ। ਜੋ ਬਾਕੀ ਛੋਟੀਆਂ ਜਾਤੀਆਂ ਵਿਚੋ ਇਕ ਤਾਕਤਵਰ ਜਾਤੀ ਹੈ। ਜੋ ਬਾਕੀ ਅਛੂਤ ਜਾਤੀਆਂ ਦੀ ਅਗਵਾਈ ਕਰਦੀ ਹੈ। ਚਮਾਰ ਜਾਤੀ ਦੇ ਲੋਕ ਬੇਸ਼ਕ ਹਜ਼ਾਰਾਂ ਸਾਲ ਤੱਕ ਜ਼ਬਰਦੱਸਤੀ ਗੁਲਾਮ ਬਣਾ ਕੇ ਰੱਖ ਲਏ ਪਰ ਇਨ੍ਹਾਂ ਨੂੰ ਜਦੋਂ ਵੀ ਜਿੱਥੇ ਵੀ ਮੌਕਾ ਮਿਲਿਆਂ ਇਹਨਾਂ ਨੇ ਸਵੈਮਾਨ ਤੇ ਆਜ਼ਾਦੀ ਲਈ ਸੰਘਰਸ਼ ਕੀਤਾ ਮੁਕਤੀ ਦੀ ਤਲਾਸ਼ ਵਿਚ ਅਨੇਕਾਂ ਤਰ੍ਹਾ ਦੀਆਂ ਕੁਰਬਾਨੀਆਂ ਵੀ ਕੀਤੀਆ, ਇਤਿਹਾਸ ਵੀ ਰਚਿਆ । ਇਸ ਗੱਲ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਹਜ਼ਾਰਾਂ ਸਾਲ ਪਹਿਲਾਂ ਵੀ ਰਾਜੇ ਸਨ ਅਤੇ ਆਉਣ ਵਾਲੇ ਸਮੇਂ ਵਿਚ ਆਪਣਾ ਰਾਜ ਭਾਗ ਸਥਾਪਤ ਕਰ ਲੈਣਗੇ ਆਉਂਦੇ ਕੱਲ੍ਹ ਦੇ ਰਾਜੇ ਹਨ। ਚਮਾਰ ਸਮਰਾਟ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਕਿਹਾ ਕਰਦੇ ਸਨ ਕਿ:-

" ਜੰਮੂ ਤੋਂ ਲੈ ਕੇ ਨਾਗਪੁਰ ਤੱਕ,ਜੰਮੂ ਤੋਂ ਲੈ ਕੇ ਅਹਿਮਦਾਬਾਦ ਤੱਕ,ਜੰਮੂ ਤੋਂ ਲੈ ਕੇ ਕਲਕੱਤਾ ਤੱਕ ਜੋ ਰਿਜਨ ਹੈ,ਇਸ ਨੂੰ ਮੈਂ ਚਮਾਰ ਬੈਲਟ ਦੇ ਨਾਮ ਨਾਲ ਪੁਕਾਰਦਾ ਹਾਂ। ਇਸ ਰਿਜਨ ਵਿਚ ਸਭ ਤੋਂ ਜਿਆਦਾ ਜਨਸੰਖਿਆ ਚਮਾਰ ਦੀ ਹੈ। ਸਿਰਫ ਸਡਿਉਲ ਕਾਸਟ ਵਿਚ ਹੀ ਨਹੀਂ ਬਲਕਿ ਕਿਸੀ ਵੀ ਜਾਤੀ ਦੀ ਜਨ-ਸੰਖਿਆ ਚਮਾਰਾਂ ਦੀ ਜਨ-ਸੰਖਿਆ ਜਿੰਨੀ ਨਹੀਂ ਹੈ ਜਿੰਨੀ ਚਮਾਰ ਜਾਤੀ ਦੀ ਹੈ।"

ਭਾਰਤ ਵਿਚ ਪਹਿਲੀ ਵਾਰ ਜਨਗਣਨਾ 1881 ਵਿਚ ਹੋਈ

ਭਾਰਤ ਵਿਚ ਦੂਜੀ ਵਾਰ ਜਨਗਣਨਾ 1891 ਵਿਚ ਹੋਈ
ਭਾਰਤ ਵਿਚ ਤੀਜੀ ਵਾਰ ਜਨਗਣਨਾ 1901 ਵਿਚ ਹੋਈ
ਭਾਰਤ ਵਿਚ ਚੌਥੀ ਵਾਰ ਜਨਗਣਨਾ 1911 ਵਿਚ ਹੋਈ

ਇਸ ਜਨਗਣਨਾ ਵਿਚ ਜਾਤੀ ਅਧਾਰ ਜਨਗਣਨਾ ਹੋਈ। ਇਸ ਜਨਗਣਨਾ ਵਿਚ ਅਛੂਤ ਜਾਤੀਆਂ ਦੀ ਜਨ ਸੰਖਿਆ ਦਾ ਪਤਾ ਚੱਲਿਆ। ਭਾਰਤ ਦੀਆਂ ਅਛੂਤ ਜਾਤੀਆਂ ਵਿਚ ਸਭ ਤੋਂ ਵਧ ਚਮਾਰ ਜਾਤੀ ਦੀ ਜਨ ਸੰਖਿਆ ਪਾਈ ਜਾਂਦੀ ਹੈ।

ਚਮਾਰ ਜਾਤੀ ਦੀ ਵਿਸ਼ਾਲ ਆਬਾਦੀ ਹੈ, ਇਸ ਨੂੰ ਏਕਤਾ ਦੇ ਧਾਗੇ ਵਿਚ ਪਰੋਣ ਦੀ ਇਕ ਕੋਸ਼ਿਸ਼ ਜਰੂਰ ਹੋਣੀ ਚਾਹੀਦੀ ਹੈ। 1156 ਜਾਤੀਆਂ ਵਿਚ ਵੰਡੀ ਗਈ ਵਿਸ਼ਾਲ ਗਿਣਤੀ ਜੇਕਰ ਇਕ ਸੋਚ, ਇਕ ਵਿਚਾਰਧਾਰਾ ਇਕ ਸੰਕਲਪ ਅਧੀਨ ਹੋ ਜਾਵੇ ਤਾਂ ਭਾਰਤ ਵਿਚ ਕ੍ਰਾਂਤੀ ਹੋ ਸਕਦੀ ਹੈ।ਚਮਾਰ ਜਾਤੀ ਦੀ ਵਿਸ਼ਾਲ ਆਬਾਦੀ ਦਾ ਏਕੀਕਰਨ ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਭਗਵਾਨ ਬੁੱਧ ਜੀ, ਡਾ.ਅੰਬੇਡਕਰ ਜੀ,ਸਾਹਿਬ ਸ਼੍ਰੀ ਕਾਂਸ਼ੀ ਰਾਮ ਦੀ ਸੋਚ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

chamars population in india satat (2001 )ਵੱਖ ਵੱਖ ਪ੍ਰਦੇਸ਼ਾ ਵਿੱਚ ਚਮਾਰ ਜਾਤੀ ਦੀ ਅਬਾਦੀ (2001):-

| ਨੰ. | ਰਾਜ | % | ਗਿਣਤੀ |
|---|---|---|---|
| 1 | ਹਰਿਆਣਾ | 12% | 2,079,152 |
| 2 | ਬਿਹਾਰ | 5% | 4,090,070 |
| 3 | ਦਿੱਲੀ | 6.45% | 893,384 |
| 4 | ਚੰਡੀਗੜ੍ਹ | 5.3% | 48.159 |
| 5 | ਪੰਜਾਬ | 11.9% | 2,80000 |
| 6 | ਰਾਜਸਥਾਨ | 10.8% | 6,100,236 |
| 7 | ਉੱਤਰ ਪ੍ਰਦੇਸ਼ | 14% | 19803106 |
| 8 | ਮੱਧ ਪ੍ਰਦੇਸ਼ | 9.3% | 5603723 |
| 9 | ਮਹਾਰਾਸ਼ਟਰ | 1.28% | 1,234,874 |
| 10 | ਉਤਰ੍ਹਾਖੰਡ | 5% | 4,44,534 |
| 11 | ਹਿਮਾਚਲ ਪ੍ਰਦੇਸ਼ | 6.8% | 4,14,669 |
| 12 | ਜੰਮੂ-ਕਸ਼ਮੀਰ | 4.82% | 488257 |
| 13 | ਝਾਰਖੰਡ | 3.1% | 837333 |
| 14 | ਗੁਜਰਾਤ | 2% | 1.041.886 |
| 15 | ਬੰਗਾਲ | 1.25% | 999756 |
| 16 | ਕੇਰਲ | 1.31% | 326,195 |
| 17 | ਤ੍ਰਿਪੁਰਾ | | 13,579 |
| 18 | ਆਂਧਰਾ ਪ੍ਰਦੇਸ਼ | | |
| 19 | | | |

## ਚਮਾਰ ਜਾਤੀ ਨੂੰ ਵੱਖ ਵੱਖ ਰਾਜਾਂ ਵਿੱਚ ਅਲੱਗ-ਅਲੱਗ ਨਾਮ ਦਾ ਸੰਬੋਧਨ:-

| ਕ੍ਰਮਵਾਰ | ਰਾਜ | ਸੰਬੋਧਨ |
|---|---|---|
| 1 | ਆਂਧਰਾ ਪ੍ਰਦੇਸ਼ | ਚਮਾਰ,ਮੋਚੀ,ਮੁਚੀ |
| 2 | ਆਸਮ | ਮੁਚੀ,ਰਿਸ਼ੀ |
| 3 | ਗੁਜਰਾਤ | ਛਮਾਰ,ਮੋਚੀ,ਭਾਂਬੀ,ਭੰਬਾਈ,ਅਸਦਾਰੂ,ਅਸੋਦੀ |
| | | ਚਾਮੜੀਆ,ਚਾਮਗਰ,ਸੰਮਬਰ,ਹਰਿਲੀ,ਖਾਪਲਾ,ਮੋਚੀਗਰ, |
| | | ਮੱਚੀਗਰ,ਮਦਾਰ,,ਮਾਡਿਗ,ਰੋਈਦਾਸ,ਰੋਹਿਤ, |
| | | ਸ਼ਾਮਗਰ,ਕਮਾਚੀ,ਮੋਚੀ,ਹਰਲਿਆ |
| 4 | ਹਰਿਆਣਾ | ਚਮਾਰਜਟੀਆ,ਚਮਾਰ ਰੈਂਗਰ, ਰੈਂਗਾਰ, ਰਵਿੰਦਾਸੀਆ, |
| | | ਰਾਮਦਾਸੀ, |
| 5 | ਹਿਮਾਚਲ ਪ੍ਰਦੇਸ਼ | ਚਮਾਰ ਜਟੀਆ,ਚਮਾਰ,ਰਹਿਗਰ,ਰੈਂਗਰ,ਰਾਮਦਾਸੀ, |
| | | ਰਜਜਵਿਦਾਸੀ,ਰਵਿੰਦਾਸੀਆ,ਮੋਚੀ |
| 6 | ਜੰਮੂ-ਕਸ਼ਮੀਰ | ਚਮਾਰ, ਰਾਮਦਾਸੀਆ |
| 7 | ਕਰਨਾਟਕ | ਭਾਂਬੀ,ਭਾਂਭੀ, ਅਸਦਾਰੂ, ਅਸੌਦੀ, ਚਾਮੜੀਆਂ, ਚਮਾਰ, |
| | | ਹਰਲਿਆ, ਖਾਲਪ, ਮੱਚੀਦਾਰ, ਮੋਚੀਗਰ,ਮਦਾਰ,ਮਾਡਿਗ, |
| | | ਮੋਚੀ, ਮੁਚੀ, ਕਮਾਚੀ-ਮੋਚੀ, ਰੈਗਰ, ਰੋਈਦਾ, ਰੋਹਿਤ, |
| | | ਸਮਗਰ, |
| 8 | ਕੇਰਲ | ਚਮਾਰ,ਮੋਚੀ |
| 9 | ਮੱਧ ਪ੍ਰਦੇਸ਼ | ਚਮਾਰ,ਚਮਾਰੀ,ਬੇਰਵਾ,ਭਾਮਬੀ, ਜਾਟਵ, ਮੋਚੀ, ਰੇਗਰ, ਨੌਨਾ, |
| | | ਰੋਈਦਾਸ,ਬਾਈਰਵਾ |
| 10 | ਮਹਾਰਾਸ਼ਟਰ | ਆਸਦਾਰੂ, ਅਸੌਦੀ ,ਚਾਮੜੀਆਂ, ਚਮਾਰ, ਚਮਾਰੀ, |
| | | ਚਾਮਅੰਬਰ- ਚਮਾਰ, ਹਰਲਿਆ, ਖਾਲਪਾ, ਮੋਚੀਗਰ, ਮਦਾਰ, |
| | | ਮਾਡਿੰਗ ,ਮੋਚੀ, ਤੈਲਗੂ ਮੋਚੀ, ਕਮਾਤੀ ਮੋਚੀ, ਰੈਗਰ ,ਰੋਈਦਾ |
| | | ਨੌਨਾ ,ਰਾਮਨਾਮੀ, ਰੋਹਿਤ, ਅਮਗਰ, ਸਤਨਾਮੀ, ਸੂਰਜਵੰਸ਼ੀ, |
| | | ਸੂਰਜਨਾਮੀ, |
| 11 | ਮਨੀਪੁਰ | ਮੋਚੀ,ਰਵਿਦਾਸ |
| 12 | ਉੜੀਸਾ | ਚਮਾਰ,ਮੋਚੀ,ਮੁਚੀ ਤੇ ਸਤਨਾਮੀ |
| 13 | ਪੰਜਾਬ | ਚਮਾਰ, ਜਟੀਆ ਚਮਾਰ, ਰੇਂਗਰ, ਰੈਂਗਰ, ਰਾਮਦਾਸੀ, |
| | | ਰਵਿਦਾਸੀ, |
| 14 | ਰਾਜਸਥਾਨ | ਚਮਾਰ, ਭਾਂਬੀ, ਭਾਮਬੀ, ਜਟੀਆ, ਜਾਟਵ, ਮੋਚੀ, |
| | | ਰੁਈਦਾ,ਰੋਈਦਾਸ,ਰੈਂਗਰ, ਰੇਂਗਰ, ਰਾਮਦਾਸੀ, ਆਸੂਦਾਰੂ, |
| | | ਅਸੌਦੀ, ਚਾਮੜੀਆ, ਚਾਮਬਰ, ਚਾਮਗਰ, ਹਰਲਿਆ, |
| | | ਰਹਾਲਿਆ ਖਾਲਪਾ, ਮਚੀਗਰ, ਮੋਚੀਗਰ, ਮਦਾਰ, ਮਾਡਿੰਗ, |
| | | ਤੇਲਗੂ ਮੋਚੀ, ਕਮਾਤੀ ਮੋਚੀ, ਰਾਨੀਗਰ, ਰੋਹਿਤ, ਸਮਭਰ, |
| 15 | ਤਾਮਿਲਨਾਡੂ | ਚਮਾਰ, ਮੋਚੀ |
| 16 | ਤਿਰੀਪੁਰਾ | ਮੋਚੀ,ਚਮਾਰ |
| 17 | ਉੱਤਰ ਪ੍ਰਦੇਸ਼ | ਘੁਸੀਆ, ਚਮਾਰ, ਜਸੀਆ, ਕੁਰੀਨ,ਚਮਕਟਿਆ, |

| | | |
|---|---|---|
| 18 | ਪੱਛਮੀ ਬੰਗਾਲ | ਮੋਚੀ, ਚਮਾਰ, ਚਰਮਕਾਰ, ਮੁਚੀ, ਰਵਿਦਾਸ ,ਰੁਈਦਾ, ਰਿਸ਼ੀ, |
| | | |
| 19 | ਦਿੱਲੀ | ਚਮਾਰ, ਚੰਵਰ, ਜਾਟਵ ਚਮਾਰ, ਮੋਚੀ, ਰਾਮਦਾਸੀਆ, |
| | | ਰਵਿਦਾਸੀਆ, ਰੇਂਗਰ, ਰੈਗਰ |
| | | |
| 20 | ਚੰਡੀਗੜ੍ਹ | ਚਮਾਰ, ਜਾਟਵ ਚਮਾਰ, ਰੇਂਗਰ,ਰੈਂਗਰ, ਰਾਮਦਾਸੀ, |
| | | ਰਵਿਦਾਸੀਆ |
| | | |
| 21 | ਮਿਜ਼ੋਰਮ | ਮੋਚੀ, ਰਿਸ਼ੀ |
| | | |
| 22 | ਅਰੁਨਾਚਲ ਪ੍ਰਦੇਸ਼ | ਮੋਚੀ, ਰਿਸ਼ੀ ,ਚਮਾਰ, |
| | | |
| 23 | ਪੰਡਾਚੋਰੀ | ਧਾਮਨ, ਦੀਵ-ਚੰਮਭਰ, ਹਾਦੀ ਮਹਾਰ |
| | | |

## ਧਰਮ ਅਤੇ ਨਿਵਾਸ ਸਥਾਨ ਵਾਰ
## ਚਮਾਰ ,ਮੋਚੀ,ਜੁਲਾਹਾ ਅਤੇ ਕੋਰੀਆ ਦੀ ਵੰਡ[1]

| | ਚਮਾਰ[2] | ਮੋਚੀ | ਜੁਲਾਹਾ[3] | ਕੋਰੀ |
|---|---|---|---|---|
| ਵਿਅਕਤੀ | 11,493,733 | 1,018,366 | 2,858,399 | 918,820 |
| ਹਿੰਦੂ | 11,305,713 | 561,777 | 98,651 | 917,633 |
| ਸਿੱਖ | 175,379 | 195 | 6,233 | 25 |
| ਜੈਨ | 18 | --- | --- | --- |
| ਬੁੱਧ | 114 | --- | --- | --- |
| ਮੁਸਲਮਾਨ | 10,811 | 156,120 | 2,763,473 | 1,162 |
| ਹੋਰ | 1696 | 274 | --- | |

(ਖ) ਸਯੁੰਕਤ ਪ੍ਰਾਂਤ ਦੀ ਕੁੱਲ ਜਨਸੰਖਿਆ ਵਿੱਚ ਚਮਾਰਾਂ ਦੀ ਸੰਖਿਆ (1911) :-

| ਜਿਲ੍ਹੇ ਦਾ ਨਾਮ | ਕੁੱਲ ਜਨਸੰਖਿਆ | ਚਮਾਰਾਂ ਦੀ ਜਨਸੰਖਿਆ | ਚਮਾਰਾਂ ਦਾ % |
|---|---|---|---|
| ਦੇਹਰਾਦੂਨ | 205,75 | 24,496 | 11+ |

| | | | | |
|---|---|---|---|---|
| ਅਜਮੇਰ ਮੇਰਵਾੜਾ | 13,351 | --- | --- | --- |
| ਅਸਾਮ | 54,234 | 13,697 | 7,207 | --- |
| ਬੰਗਾਲ | 136,553 | 455,448 | 282,705 | --- |
| ਬਿਹਾਰ ਅਤੇ ਉੜੀਸਾ | 1,114,467 | 31,339 | 826,391 | --- |
| ਮੁੰਬਈ | 302,536 | --- | 10,478 | --- |
| ਕੇਂਦਰੀ ਪ੍ਰਾਂਤ ਅਤੇ ਬਰਾਰ | 907,927 | 4,007[4] | --- | 39,628 |
| ਚੇਨਈ (ਮਦਰਾਸ) | --- | 6,285 | --- | --- |
| ਉੱਤਰ ਪੱਛਮੀ ਸੀਮਤ ਪ੍ਰਾਂਤ | --- | 23,209 | 37,390 | --- |

| | | | | |
|---|---|---|---|---|
| ਪੰਜਾਬ | 1,139,941 | 419,378 | 635,044 | 18,050 |
| ਸੰਯੁਕਤ ਪ੍ਰਾਂਤ | 6,083,401 | 8,869 | 991,263 | 860,434 |
| ਬੜੋਦਾ ਰਾਜ | 32,210 | 8,954 | --- | --- |
| ਕੇਂਦਰੀ ਭਾਰਤ | 859,438 | 7,126 | 12,270 | --- |
| ਹੈਦਰਾਬਾਦ ਰਾਜ | 70,618 | 7,023 | 5,194 | --- |
| ਕਸ਼ਮੀਰ ਰਾਜ | 39,099 | 14,694 | 26,830 | --- |
| ਰਾਜਪੂਤਨਾ | 734,110 | 15,428 | 18,333 | --- |
| ਹੋਰ ਸਥਾਨ | 5,848 | 6,916 | 5,294 | 708 |

| | | | | |
|---|---|---|---|---|
| | ਸ਼ਹਾਰਨਪੁਰ | 986,359 | 202,268 | $20^{1}/_{2}$ |
| | ਮੁਝੱਫਰਪੁਰ | 808,360 | 124,459 | 15+ |
| | ਮੇਰਠ | 1,529,364 | 236,834 | $15^{1}/2$ |
| | ਬੁਲੰਦਪੁਰ | 1,123,792 | 184,985 | $16+^{2}$ |
| | ਅਲੀਗੜ੍ਹ | 1,165,680 | 194.013 | 17- |
| | ਮੇਰਠ ਡਿਵੀਜਨ ਦਾ ਯੋਗ | 5,808,630 | 967,055 | 17- |
| | ਮਥੁਰਾ | 656,310 | 102,757 | 16- |
| | ਆਗਰਾ | 1,094,663 | 98,506 | 17 |
| | ਫਰੁਖਾਵਾਦ | 900,022 | 98,891 | 11- |
| | ਮੈਨਪੁਰੀ | 797,624 | 105,719 | 13+ |
| | ਇਟਾਵਾ | 760,121 | 119,086 | 16- |
| | ੳਟਾ | 871,997 | 115,382 | 13- |
| | ਆਗਰਾ ਡਿਵੀਜਨ ਦਾ ਯੋਗ | 5,007,921 | 715,841 | 14+ |
| | ਬਰੇਲੀ | 1,021,847 | 174,006 | 9- |
| | ਬਿਜਨੌਰ | 806,022 | 136,544 | 17- |
| | ਬਦੂਆ | 1,053,328 | 148,032 | 14+ |
| | ਮੁਰਾਦਾਵਾਦ | 1,262,933 | 180,957 | 14+ |
| | ਸ਼ਾਹ ਜਹਾਪੁਰ | 945,775 | 100,061 | 10+ |
| | ਪੀਲੀ ਭੀਤ | 487,617 | 34,005 | 7- |
| | ਰੁਹੇਲਖੰਡ ਡਿਵੀਜਨ ਦਾ ਯੋਗ | 5,650,518 | 698,105 | 12+ |
| | ਖਾਨਪੁਰ | 1,142,286 | 138,075 | 12 |
| | ਫਤੇਹਪੁਰ | 676,939 | 72,553 | 11- |
| | ਵਾਂਦਾ | 675,237 | 106,330 | 16- |
| | ਹਮੀਰਪੁਰ | 465,223 | 69,263 | 15- |
| | ਇਲਾਹਾਵਾਦ | 1,467,136 | 162,735 | 11 |
| | ਝਾਂਸੀ | 680,688 | 92,357 | 14- |
| | ਝਾਲੋਨ | 404,775 | 68,762 | 17- |
| | ਇਸਲਾਮਾਵਾਦ | 5,494,284 | 710,075 | 13- |

| | | | | |
|---|---|---|---|---|
| | ਬਨਾਰਸ | 897,035 | 101,036 | 10+ |
| | ਮਿਰਜਾਪੁਰ | 1,071,046 | 139,893 | 19+ |
| | ਜੋਨਪੁਰ | 1,16,254 | 175,305 | 15 |
| | ਗਾਜੀਪੁਰ | 839,735 | 109,978 | 13 |
| | ਬਲੀਆ | 845,418 | 57,596 | 7− |
| | ਬਨਾਰਸ ਡਿਵੀਜ਼ਨ ਦਾ ਯੋਗ | 4,809,478 | 584,008 | 13 |
| | ਗੋਰਖਪੁਰ | 3,201,519 | 391,952 | 12+ |
| | ਬਸਤੀ | 1,830,421 | 280,387 | 15+ |
| | ਗੁੜਗਾਂਵ | 1,492,818 | 264,615 | 16 |
| | | 6,524,419 | 936,954 | 14+ |
| | ਨੈਨੀਤਾਲ | 323,519 | 20,071 | 6 |
| | ਅਲਮੋੜਾ | 525,104 | 405 | 0.077 |
| | ਗੜਵਾਲ | 480,167 | 1,522 | 0.3 |
| | ਖੁਮਾਉ ਡਿਵੀਜਨ ਦਾ ਯੋਗ | 1,328,790 | 21,998 | 1.65 |
| | ਲਖਨਊ | 764,411 | 79,538 | 10+ |
| | ਉਨਾਵ | 910,915 | 105,867 | 12− |
| | ਰਾਏਬਰੇਲੀ | 116,864 | 102,642 | 10 |
| | ਸੀਤਾ ਪੁਰ | 1,138,996 | 152,714 | 13+ |
| | ਹਰਦੋਈ | 1,121,248 | 189,301 | 17 |
| | ਖੀਰੀ | 959,208 | 130,802 | 14− |
| | ਲਖਨਊ ਡਿਵੀਜਨ ਦਾ ਯੌਗ | 5,911,242 | 760,864 | 13− |
| | ਫੈਜਾਵਾਦ | 1,154,109 | 174,876 | 15 |
| | ਘੋਣਡਾ | 1,412,212 | 45,148 | 3 |
| | ਭਹਰਇਚ | 1,047,677 | 75,590 | 7 |
| | ਸ਼ੁਲਤਾਨਪੁਰ | 1,048,524 | 143,937 | 14− |
| | ਪ੍ਰਤਾਪ ਗੜ੍ਹ | 899.973 | 110,639 | 12+ |
| | ਬਾਰਾਬਾਂਕੀ | 1,083,867 | 91,471 | 8+ |
| | ਫੈਜ਼ਾਵਾਦ ਡਿਵੀਜ਼ਨ ਦਾ ਯੋਗ | 6,646,362 | 641,455 | 10+ |
| | ਰਾਜ | | | |
| | ਰਾਮਪੁਰ | 531,217 | 43,983 | 8 |
| | ਟਿਹਰੀ | 300,819 | 2,945 | 1− |
| | ਰਾਜ ਦਾ ਯੌਗ | 832,036 | 46,928 | 0.9+ |
| | ਕੁੱਲ ਯੋਗ | 98,014,070 | 6,083,283 | 12.66 |
| | | | | |
| | | | | |
| | | | | |

ਸਾਲ 1931,1961,1981ਅਤੇ 1991 ਦੀ ਅਨੁਸੂਚਿਤ ਜਾਤੀਆ ਦੀ ਜਨਗਣਨਾ ਅਤੇ ਪ੍ਰਤਿਸ਼ਤ :-

| ਨੰਬਰ ਵਾਰ | ਜਾਤੀ ਦਾ ਨਾਮ | 1931 ਦੀ ਜਨਸੰਖਿਆ ਕੁੱਲ ਹਿੰਦੂਆ ਦਾ % | 1961ਦੀ ਜਨ ਸੰਖਿਆਂ ਅ.ਸੂ.ਜਾ. ਦਾ ਕੁੱਲ % | 1981 ਦੀ ਜਨਸੰਖਿਆ ਅ.ਸੂ.ਜਾ. ਦਾ ਕੁੱਲ % | 1991 ਦੀ ਜਨ ਸੰਖਿਆ ਅ.ਸੂ.ਜਾ. ਦਾ ਕੁੱਲ % |
|---|---|---|---|---|---|
| | ਚਾਮਾਰ | 58,42,818 14.79: | 86,93,327 46.56: | 1,29,14,21 856.6: | 164,53,894 56.20: |
| | ਪਾਸੀ | 13,38,446 3.38: | 22,21,136 14.42: | 34,25,928 15.02: | 43,03,379 14.70: |
| | ਧੋਬੀ | 6,10,712 1.54: | 8,88,466 05.77: | 14,23,574 6.24: | 17,14,134 5.85: |
| | ਕੋਰੀ | 7,98,817 2.02: | 7,10,241 04.61: | 13,81,588 6.06: | 16,62,022 5.68: |
| | ਵਾਲਮੀਕ | 16,328 0.04: | 5,58,389 03.63: | 744,821 3.26: | 10,26,614 3.51: |
| | ਸ਼ਿਲਪਕਾਰ/ਪ੍ਰਵਰਤ | 2,85,872 0.72: | 4,65,870 03.02: | 5,14,872 2.26: | 6,71,356 2.29: |
| | ਦਲਿਤ ਜਾਤੀਆ | | | | |
| | | | | | |
| | ਖਟਿਕ | 1,77,,264 0.44: | 305,326 01.48: | 4,96,944 2.16 | 6,26,527 2.14: |
| | ਧਾਨੁੱਕ | 1,22,753 0.31: | 2,24,055 0.15: | 3,30,,473 1.45: | 4,04,082 1.38: |
| | ਗੌਂਡ | 1,06,617 0.17: | 38.356 0.15: | 2,04,638 0.90: | 2,12,971 0.73: |
| | ਖੋਲ | 68,941 | 1,26,288 | 1,96,654 | 2,68237 |
| | | 0.17: | 0.82: | 0.86: | 0.92: |
| | ਦੁਸਾਂਧ | 73,419 | 93,021 | 1,41,177 | 1,68,956 |
| | | 0.18: | 0.50: | 0.62: | 0.58: |

<u>ਉਤਰ੍ਹਾਖੰਡ ਵਿਚ ਚਮਾਰ ਜਾਤ ਆਬਾਦੀ ਦੀ ਗੋਤ ਤੇ ਪਹਿਚਾਣ :-</u>

ਉਤਰ੍ਹਾਖੰਡ ਵਿਚ 5% ਅਬਾਦੀ ਚਮਾਰ ਜਾਤੀ ਦੇ ਲੋਕਾਂ ਦੀ ਹੈ। ਇਤਿਹਾਸਕਾਰ ਇਹ ਮੰਨਦੇ ਹਨ ਕਿ ਉਤਰਾਖੰਡ ਵਿਚ ਇਕ ਵਾਰ ਚਮਾਰ ਜਾਤੀ ਦੇ ਲੋਕ ਦੀ ਰਾਜ ਵਿਵਸਥਾ ਰਹੀ ਹੈ। ਜਿਸ ਦੀ ਰਾਜਧਾਨੀ ਵਰਤਮਾਨ ਚਮਾਰ ਕੋਟ, ਚੰਮਪਵਤ ਜੋਰਾ ਘਾਟ ਵਿਚ ਸਥਿਤ ਸੀ। ਚਮਾਰ ਕੋਟ ਵਿਚ ਚਮਾਰ ਕੋਟ ਦਾ ਕਿਲ੍ਹਾ ਤੇ ਹੋਰ ਪ੍ਰਾਚੀਨ ਨਕਸ਼ੇ ਇਹ ਗੱਲ ਦਾ ਪ੍ਰਮਾਣ ਹਨ। ਉਤਰਾਖੰਡ ਵਿਚ ਚਮਾਰ ਜਾਤ ਦਾ ਮੂਲ ਬੁੱਧ ਧਰਮ ਨਾਲ ਹੈ। ਉਤਰ੍ਹਾਖੰਡ ਦੇ ਚਮਾਰ ਅੱਲਗ-ਅੱਲਗ ਸਿਨਪਕਸੀ ਦੇ ਅਧਾਰ ਤੇ ਜਾਤੀਆ ਵਿਚਕਾਰ ਵੰਡੇ ਗਏ ਹਨ। ਇਹਨਾਂ ਦੀ ਕਲਾਕਾਰੀ ਦਾ ਕੋਈ ਜਵਾਬ ਨਹੀਂ।ਚਮਾਰ ਜਾਤੀ ਦੇ ਲੋਕ ਪੜ੍ਹੇ-ਲਿਖੇ, ਤਰਕ ਵਿਗਿਆਨ ਦੇ ਸਾਮੀ ਹਨ। ਚਮਾਰ ਜਾਤੀ ਦੇ ਲੋਕ ਜਿਥੇ ਖੁਦ ਨੂੰ ਸਵੈਮਾਨ ਨਾਲ ਆਪਣੀ ਜਾਤ ਨੂੰ ਦੱਸਦੇ ਹਨ ਪਰ ਕੁੱਝ

ਲੋਕ ਆਪਣੀ ਜਾਤ ਨੂੰ ਲਕਾਉਂਦੇ ਹਨ। ਜੋ ਆਪਣੀ ਜਾਤ ਨੂੰ ਆਪਣੀ ਤਾਕਤ ਮੰਨ ਲੈਂਦੇ ਹਨ, ਉਹ ਸਮਾਜ ਵਿਚ ਤਰੱਕੀ ਕਰਦੇ ਹਨ ਖੁਸ਼ਹਾਲੀ ਪ੍ਰਾਪਤ ਕਰਦੇ ਹਨ। ਜਾਤ ਦਾ ਮਤਲਬ ਇਕ ਪਹਿਚਾਣ ਹੈ ਜੋ ਸਿੱਧ ਕਰਦੀ ਹੈ ਕਿ ਅਸੀਂ ਭਾਰਤ ਦੇ ਮੂਲ ਨਿਵਾਸੀ ਹਾਂ।

| | | | |
|---|---|---|---|
| ਰਾਮਰਾਣ | ਧਾਬਸੇ | ਬਸਣਿਆ | ਡਰਵਾਲ |
| ਰਾਣਾ | ਸਿਟੇਪਾਟਰੇ | ਪੇਗੁਵਾਲ | ਮਟੂਰੇ |
| ਕਟਾਰੀਆ | ਜੋਸ਼ੀਆ | ਕੜਨੂਥਾਂੜੀਆ | ਭੈਸਵਾਲ |
| ਬਲੀਆ | ਜੋਜਾਨੀਆ | ਬਾਬਾਰੇ | ਕੁਚਾਲੀਆ |
| ਸਹਿਗਲ | ਮੌਰੀਆ | ਬਰਸਵਾਲ | ਘਿਰਵਾਲੀਆ |
| ਸੰਤਾਂਲ | ਗੋੜ | ਕਲਿਆਨ | ਬੜੋਦੀਏ |
| ਪਾਲੀਵਾਲ | ਸਿੰਧੇ | ਅਦਲਿਆਨ | ਹਿਰਨਪਾਲ |
| ਪਗਲੀਆ | ਸਿੰਧਵਾ | ਚੰਦੇਹਲ | ਸਿੰਘਮਾਰ |
| ਪਗਲੇ | ਸ਼ੱਕਰਵਾਲ | ਪੁੰਡੀਰ | ਕਾਲੀਆਨ |
| ਰਾਠੋਰ | ਮਾਲਿਆਨ | ਕੁਰਿਆਨ | ਦੱਤਆ |
| ਰਾਠੋਰੀਆ | ਚਾਵਰੇਲੀਆ | ਜਾਟਣ | ਮੁਗਰੇ |
| ਖੇਣਰੀਆ | ਪਥਾਂਲੀਆ | ਬੁਲਿਆਨ | ਦੀਵਾਨਾ |
| ਖੋਬਰ | ਲੱਕੜਪਾੜ | ਸਾਨਵਾਲ | ਚੁਪੇਡੀਆ |
| ਪਾਤੀਆਨ | ਲੰਬਾਕਠਾਲੇ | ਜਿੰਦਵਾਲ | ਜੰਤਰਪਰੀਆ |
| ਝਿਝਰੀਆ | ਮੋਰਛਵੇ | ਬੀਧਾਨਿਆ | ਸੇਨਵਾਲ |
| ਕੁਰਲੀ | ਭੁਖੜੇ | ਸਤਪਰਿਆ | ਤੇਜਾਪਾਨ |
| ਜਵਾਲੀਆ | ਭਾਸਕਰ | ਠੱਪਰਵਾਲ | ਗੁਪੜੇ |
| ਮਨੂੰਖਿਆ | ਕੱਪੜਵਾਲ | ਬਲਿਆਨ | ਮਡਤਲੇ |
| ਪਟੇ | ਕਪਾਲੇ | ਭਿਸਤੀਆਨ | ਮਡੇਲ |
| ਕੋਟਿਆਲ | ਡਾਬਰੇ | ਰਾਵਤ | ਮਿਠਾਰੀਆ |

<u>ਮਹਾਰਾਸ਼ਟਰ ਵਿੱਚ ਚਮਾਰ ਜਾਤੀ ਦੇ ਲੋਕ :-</u>

ਮਹਾਰਾਸ਼ਟਰ ਵਿੱਚ ਚਮਾਰ ਜਾਤੀ ਦੀਆਂ 12 ਜਾਤੀਆਂ ਹਨ

ਮਹਾਰਾਸ਼ਟਰ ਵਿਚ ਚਮਾਰ 1.28% ਆਬਾਦੀ ਵਾਲਾ ਸਮਾਜ ਹੈ।ਮਹਾਰਾਸ਼ਟਰਾ ਦੇ ਠਾਣੇ ਜਿਲ੍ਹੇ ਵਿਚ ਸਥਿਤ ਜਵਹਰ ਸੰਸਥਾਨ ਵਿਚ ਯਾਦ ਕਰਵਾਉਂਦਾ ਹੈ।ਕਿ ਇਸ ਧਰਤੀ ਉੱਪਰ ਕਿਸੇ ਸਮੇਂ ਇਕ ਚਮਾਰ ਨੇ ਰਾਜ ਕੀਤਾ ਸੀ। ਮਹਾਰਾਸ਼ਟਰਾ ਵਿਚ ਮਹਾਤਮਾ ਜੋਤੀ ਰਾਉ ਫੂਲੇ ਪੈਦਾ ਹੋਏ ਜਿਥੇ ਸੰਘਰਸ਼ ਵਿੱਚ ਸਵਿਤਰੀ ਬਾਈ ਫੂਲੇ ਨੇ ਉਹਨਾਂ ਦਾ ਸਾਥ ਦਿੱਤਾ। ਉਹਨਾਂ ਦੇ ਸੰਘਰਸ਼ ਵਿੱਚੋਂ ਹੀ ਅਜੋਕੀ ਵਿੱਦਿਆ ਤੱਰਕੀ ਦਾ ਦਰਵਾਜਾ ਖੁੱਲਿਆ ਪੂਰੇ ਦੇਸ਼ ਦੇ ਚਮਾਰ ਮਹਾਤਮਾ ਜੋਤੀ ਰਾਏ ਫੂ਼ਲੇ ਨੂੰ ਆਪਣਾ ਆਦਰਸ਼ ਮੰਨਦੇ ਹਨ। ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਚਮਾਰ ਜਾਤੀ ਨੂੰ ਸਵੈਮਾਣ ਦਾ ਅਹਿਸਾਸ ਕਰਾਉਣ ਲਈ ਆਪਣੀ ਜ਼ਿੰਦਗੀ ਭਰ ਸੰਘਰਸ਼ ਕੀਤਾ। ਮਹਾਰਾਸ਼ਟਰਾ ਦਾ ਚਮਾਰ ਸਤਿਗੁਰੂ ਰਵਿਦਾਸ ਜੀ ਦਾ ਵੱਡਾ ਪੈਰੋਕਾਰ ਹੈ।

ਮਹਾਰਾਸ਼ਟਰਾ ਜਿੱਥੇ ਆਜ਼ਾਦੀ ਲਈ ਚਮਾਰ ਜਾਤੀ ਦੇ ਲੋਕਾਂ ਨੇ ਖਾਸ ਯੋਗਦਾਨ ਦਿੱਤਾ ਸੱਤਿਆ ਵੰਡਖੋਰ ਚਮਾਰ ਨੇ ਅੰਗ੍ਰੇਜ਼ਾ ਦੇ ਸਿੱਕੇ ਉਛਾਲੇ। ਮਹਾਰਾਸ਼ਟਰਾ ਵਿਚ ਚਮਾਰ ਬਾਬਾ ਸਹਿਬ ਜੀ ਨਾਲ ਬੁੱਧ ਧਰਮ ਵਿੱਚ ਵੀ ਗਏ ਹਨ। ਚਮਾਰ ਦੇ ਘਰਾਂ ਵਿਚ ਭਗਵਾਨ ਬੁੱਧ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਬਾਬਾ ਸਾਹਿਬ ਆਦਿ ਮਹਾਪੁਰਸ਼ਾਂ ਦੀਆਂ ਤਸਵੀਰਾਂ ਸਜੀਆਂ ਹਨ। ਬੇਸ਼ੱਕ ਆਜ਼ਾਦੀ ਸਮੇਂ ਤੱਕ ਚਮਾਰ ਜਾਤ ਦੇ ਲੋਕ ਹਿੰਦੂ ਦੇਵੀ ਦੇਵਤਿਆਂ ਅਤੇ ਵਿਸ਼ਵਾਸਾ ਨੂੰ ਮਾਨਤਾ ਦਿੰਦੇ ਸਨ। ਪਰ ਆਜ਼ਾਦੀ ਤੋਂ ਬਾਅਦ ਸੰਵਿਧਾਨ ਦੁਆਰਾ ਮਿਲੇ ਅਧਿਕਾਰਾਂ ਵਿਚ ਵਿੱਦਿਆ ਦਾ ਅਧਿਕਾਰ ਸਭ ਤੋਂ ਵੱਧ ਪ੍ਰਯੋਗ ਕਰਕੇ ਚੰਗੀ ਵਿੱਦਿਆ ਪ੍ਰਾਪਤ ਕਰਕੇ ਆਪਣੇ ਜੀਵਨ ਦਾ ਸਰਵਪੱਖੀ ਵਿਕਾਸ ਕਰ ਰਹੇ ਹਨ। ਆਪਣੀ ਰਹਿਣ ਸਹਿਣ ਦੀ ਸਥਿਤੀ ਨੂੰ ਸਾਫ ਸੁਥਰਾ ਬਣਾ ਰਹੇ ਹਨ। ਚੰਗਾ ਖਾ ਰਹੇ ਹਨ ਚੰਗਾ ਪਹਿਨ ਰਹੇ ਹਨ।

| |
|---|
| ਵਨਹਾਡੀ ਚਮਾਰ |
| ਦੱਖਣੀ ਚਮਾਰ |
| ਵਿਦਭਰ ਚਮਾਰ |
| ਗਠਈ ਚਮਾਰ |
| ਮੋਚੀ |
| ਡੋਹੋਰ |

ਦਿੱਲੀ ਵਿਚ ਚਮਾਰ ਜਾਤ ਦੇ ਲੋਕ :-

ਦਿੱਲੀ ਵਿਚ ਚਮਾਰ ਜਾਤੀ ਦੀ ਗਿਣਤੀ 6.45% ਦਿੱਲੀ ਵਿਚ ਚਮਾਰ ਜਾਤੀ ਦੇ ਲੋਕ ਇਥੇ ਮੂਲ ਰੂਪ 'ਚ ਵਸਦੇ ਹਨ। ਦਿੱਲੀ ਦੇ ਅਨੰਦ ਪਰਵਤ, ਰਜਿਟਰ ਨਗਰ, ਕਰੋਲਬਾਗ, ਮਾਦੀਪੁਰ, ਮੰਗਲਪੁਰੀ, ਸੁਲਤਾਨਪੁਰੀ, ਗੋਕਲਪੁਰੀ, ਭਗਵਾਨਪੁਰ ਖੇੜਾ, ਨੇੜਲਾ, ਰਾਮਵਗਰ, ਇਲਾਕਿਆ ਵਿਚ ਚਮਾਰ ਬਹੁਤ ਗਿਣਤੀ ਵਿਚ ਵੱਸਦੇ ਹਨ। ਇਥੇ ਵਸਦੇ ਚਮਾਰ ਜਾਤੀ ਦੇ ਲੋਕਾਂ ਨੇ ਭਗਵਾਨ ਬੁੱਧ, ਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ: ਅੰਬੇਡਕਰ ਨੂੰ ਵੱਡੀ ਪੱਧਰ ਉੱਪਰ ਮੰਨਿਆ ਹੈ। ਚਮਾਰ ਜਾਤੀ ਦੇ ਲੋਕ ਚੰਗੀ ਵਿੱਦਿਆ ਪ੍ਰਾਪਤ ਕਰ ਕੇ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਚੁੱਕੇ ਹਨ।ਆਪਣੇ ਜੀਵਨ ਦਾ ਪੱਧਰ ਉੱਚਾ ਚੁਕਣ ਲਈ ਵਿਉਪਾਰ ਵੀ ਕਰਦੇ ਹਨ। ਆਪਣੇ ਹੱਕ ਹਲਾਲ ਦੀ ਖਾਣ ਲਈ ਮਜਦੂਰੀ ਵੀ ਕਰਦੇ ਹਨ। ਪਰ ਸਵੈਮਾਨ ਨੂੰ ਤਿਆਗ ਕੇ ਕੋਈ ਅਪਮਾਨ ਜਨਕ ਕੰਮ ਨਹੀਂ ਕਰਦੇ ਕਦੇ ਚਮਾਰ ਲੋਕਾਂ ਨੂੰ ਭੀਖ ਮੰਗਦੇ ਨਹੀਂ ਪਾਇਆ ਗਿਆ ਇਹ ਉਹਨਾਂ ਦੇ ਸਾਫ ਸੁਥਰੇ ਕਿਰਦਾਰ ਦੀ ਨਿਸ਼ਾਨੀ ਹੈ।

| |
|---|
| (1)ਚਮੜੇ ਨੂੰ ਕਟਣ ਵਾਲੇ ਨੂੰ ਕਟਾਰੀਆ ਕਿਹਾ ਗਿਆ |
| (2)ਚੱਪਲ, ਜੁਤੇ ਬਣਾ ਕੇ ਵੇਚਣ ਵਾਲੇ ਨੂੰ ਦਿਲਵਾਰੀਆ |
| (3)ਚਮੜੇ ਨੂੰ ਰੰਗਣ ਵਾਲੇ ਨੂੰ ਰੰਗਾਈਆ |

ਪੰਜਾਬ ਵਿਚ ਚਮਾਰ ਜਾਤੀ ਦੀ ਅਬਾਦੀ ,ਗੋਤ ਤੇ ਪਹਿਚਾਣ:-

ਪੰਜਾਬ ਵਿਚ ਚਮਾਰ ਜਾਤੀ ਦੀ ਆਬਾਦ ਦੀ 11.9 % ਹੈ। ਜੋ ਪੰਜਾਬ ਦੇ ਵਿਕਾਸ ਅਤੇ ਪਰਿਵਰਤਨ ਵਿੱਚ ਮੁੱਖ ਭੂਮਿਕਾ ਨਿਭਾ ਰਹੀ ਹੈ। ਪੰਜਾਬ ਦਾ ਚਮਾਰ ਸਤਿਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੂੰ ਬਹੁਤ ਵੱਡੀ ਪੱਧਰ ਤੇ ਮੰਨਦਾ ਹੈ। ਪੰਜਾਬ ਜਿੱਥੇ ਭਾਰਤ ਲਈ ਕਾਸ਼ੀ ਰਾਮ ਚਮਾਰ ਦਾ ਨਾਮ ਕੋਈ ਵਿਸ਼ੇਸ਼ ਪਹਿਚਾਣ ਦਾ ਮੁਥਾਜ ਨਹੀਂ ਹੈ। ਪੰਜਾਬ ਜਿੱਥੇ ਚਮਾਰ ਜਾਤੀ ਦੇ ਲੋਕਾਂ ਨੇ ਆਪਣੀ ਮਿਹਨਤ ਲਗਨ ਪਿਆਰ ਅਤੇ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ ਹੈ ਪੰਜਾਬ ਦੀ ਧਰਤੀ ਉੱਪਰ ਚਮਾਰ ਸਵੈਮਾਨ ਦੀ ਮਿਸਾਲ ਹੈ। ਪੰਜਾਬ ਜੋ ਆਦਿ ਧਰਮ ਦੇ ਪ੍ਰਭਾਵ ਵਿਚ ਰਿਹਾ ਪੰਜਾਬ ਵਿਚ ਡੇਰਾ ਸਚਖੰਡ ਬੱਲਾ ਦਾ ਪਾਵਨ ਡੇਰਾ ਹੈ। ਇਥੇ ਮਾਨਵਤਾ ਦੇ ਸੰਤ ਮਸੀਹਾ ਸੰਤ ਸਰਵਣ ਦਾਸ ਜੀ ਨੇ ਮਾਨਵਤਾ ਦੇ ਕਲਿਆਣ ਲਈ ਇਕ ਲਹਿਰ ਚਲਾਈ ਇਹ ਡੇਰਾ ਮਾਨਵ ਭਲਾਈ ਦਾ ਇਕ ਪੈਡ ਚਿੰਨ੍ਹ ਬਣ ਚੁੱਕਿਆ ਹੈ। ਪੰਜਾਬ ਜਿਥੇ ਚਮਾਰ ਲੋਕਾਂ ਦਾ ਆਰਥਿਕ ਵਿਕਾਸ ਅਤੇ ਸਮਾਜਿਕ ਜੀਵਨ ਸਨਮਾਨ ਜਨਕ ਹੈ। ਚਮਾਰ ਨੇ ਆਪਣੀ ਹੋਂਦ ਦਰਜ ਹੀ ਨਹੀਂ ਸਗੋਂ ਇਤਿਹਾਸਕ ਰੂਪ ਵਿਚ ਸਥਾਪਿਤ ਵੀ ਕੀਤੀ ਹੈ। ਪੰਜਾਬ ਵਿਚ ਚਮਾਰ ਲੋਕ ਵੱਖ-ਵੱਖ ਡੇਰਿਆਂ ਨਾਲ ਜੁੜੇ ਹਨ। ਇਹਨਾਂ ਦਾ ਮੂਲ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਹੀ ਹੈ ਪੰਜਾਬ ਦੇ ਹਰ ਪਿੰਡ ਹਰ ਸ਼ਹਿਰ ਸਤਿਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਹਨ। ਜਿਥੇ ਪਾਠ ਪੂਜਾ ਧਾਰਮਿਕ ਇਤਿਹਾਸ ਨੂੰ ਪੱਕਿਆਂ ਕਰਦੇ ਹਨ। ਪੰਜਾਬ ਵਿਚ ਚਮਾਰ ਜਾਤੀ ਦੇ ਪ੍ਰਸਿੱਧ ਵਿਦਵਾਨ, ਸਹਿਤਕਾਰ, ਡਾ. ਇੰਨਜੀਨਿਅਰ , ਜੱਜ, ਵਕੀਲ, ਅਨੇਕ ਅਜਿਹੇ ਵਿਉਪਾਰੀ ਆਦਿ ਖੇਤਰ ਵਿਚ ਨਾਮ ਦਰਜ ਕੀਤਾ ਹੈ ਇਥੇ ਲਗਾਤਾਰ ਆ ਰਹੀ ਜਾਗ੍ਰਿਤੀ ਚੇਤਨਾ ਦਾ ਪ੍ਰਤੀਕ ਹੈ।

| | | | | |
|---|---|---|---|---|
| ਬੰਗੜ੍ਹ | ਕੁਮਾਰ | ਲੋਚ | ਬੱਲ | ਸਿਮਰ |
| ਬਸਰਾ | ਮਹਿੰਮੀ | ਚੂਰ | ਜੱਖੂ | ਕਟਾਰੀਆ |
| ਭੁੱਟਾ | ਜਨਾਗਲ | ਕਲਸੀ | ਲੱਧੜ | ਮਹਿਰਾ |
| ਚੁੰਬਰ | ਮੋਹਵਾਲ | ਲਗਾਹ | ਚਾਵਲਾ | ਦੁੱਗਲ |
| ਦੁੱਗ | ਸਾਂਪਲਾ | ਚੋਪੜਾ | ਲੋਈ | ਵਿਰਕ |
| ਜੱਸਲ | ਕੈਲੇ | ਗੋਟਵਾਲ | ਪੁਆਰ | ਵਾਲੀਆ |
| ਕੈਂਥ | ਪੋਡਵਾਲ | ਸਹੋਤਾ | ਜੋਹਲ | ਸੋਹਪਾਲ |
| ਹੀਰ | ਮਹਿਤਾ | ਸਿੰਧੂ | ਕਲੇਰ | ਸੋਨੀ |
| ਮਹੇ | ਸੁੰਢ | ਜੱਸੀ | ਸੱਲ੍ਹਣ | ਬੰਸਲ |
| ਮਾਹੀ | ਬੱਧਣ | ਭਟੋਆ | ਸਹਿਜਲ | ਚੁਹਾਨ |
| ਮੱਲ੍ਹ | ਰਾਜੂ | ਭੱਟਾ | ਸਰੋਏ | |
| ਰੱਤੂ | ਝਿੰਮ | ਬੋਧਲ | ਵਿਰਦੀ | |
| ਬੰਗਾ, | ਲਾਲ | ਰੱਲ੍ਹ | ਟੂਰਾ | |
| ਭਰਦਵਾਜ | ਝੰਡਾ | ਝੰਮਟ | ਰਵੀ | |
| ਕਜਲਾ | ਅਜ਼ਾਦ | ਨਿਸਭੋਰੀਆ | ਸੁੰਮਨ | |
| ਸੰਧੂ | ਕਰੜਾ | ਮਹਿੰਦੀ | ਸਹਿਗਲ | |

**ਆਂਧਰਾ ਪ੍ਰਦੇਸ਼ ਵਿਚ ਚਮਾਰ ਜਾਤੀ ਦੀ ਪਹਿਚਾਣ :–**

ਆਂਧਰਾ ਪ੍ਰਦੇਸ਼ ਵਿਚ ਚਮਾਰ ਜਾਤੀ ਦੀ ਆਬਾਦੀ ਪ੍ਰਦੇਸ਼ ਦੀ ਆਬਾਦੀ ਨੂੰ ਪ੍ਰਭਾਵਿਤ ਕਰਦੀ ਹੈ। ਆਂਧਰਾ ਪ੍ਰਦੇਸ਼ ਚਮਾਰ ਲੋਕਾਂ ਨੂੰ ਮੋਚੀ, ਮੁਚੀ,ਟੋਰੂਲੂ ਸਗਰਾਲੂ ਕਿਹਾ ਜਾਂਦਾ ਹੈ। ਆਂਧਰਾ ਪ੍ਰਦੇਸ਼ ਵਿਚ ਮਾਟਿਸ ਅਤੇ ਮਰਲਾ ਮੁੱਖ ਰੂਪ ਵਿਚ ਆਉਂਦੇ ਹਨ। ਇਹਨਾਂ ਵਿਚ ਉੱਪ ਜਾਤੀਆਂ ਪਾਈਆ ਜਾਂਦੀਆ ਹਨ। 1991 ਵਿਚ ਇਹਨਾਂ ਦੀ ਸੰਖਿਆ ਇਕ ਕਰੋੜ 5 ਲੱਖ 92 ਹਜ਼ਾਰ ਸੰਖਿਆ ਸੀ। ਬੇਸ਼ੱਕ ਇੱਥੇ ਬ੍ਰਾਹਮਣਵਾਦ ਅਹਿਮ ਪ੍ਰਭਾਵ ਹੈ। ਇੱਥੇ ਲੋਕ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ। ਪਰ ਆ ਰਹੀ ਜਾਗ੍ਰਿਤੀ ਕਾਰਨ ਗੁਰੂ ਰਵਿਦਾਸ ਜੀ ਅਤੇ ਡਾ. ਅੰਬੇਡਕਰ ਨੂੰ ਵਿਚਾਰਧਾਰਕ ਨੂੰ ਆਦਰਸ਼ ਵਜੋਂ ਮੰਨ ਕੇ ਅਪਣਾ ਰਹੇ ਹਨ। ਚਮਾਰ ਜਾਤੀ ਦੇ ਲੋਕ ਚੰਗੀ ਵਿੱਦਿਆ ਪ੍ਰਾਪਤ ਕਰ ਗਏ ਹਨ। ਚੰਗੀ ਵਿੱਦਿਆ ਪ੍ਰਾਪਤ ਕਰ ਕੇ ਚੰਗੀਆ ਨੌਕਰੀਆਂ ਉੱਪਰ ਜਾ ਰਹੇ ਹਨ। ਵਿਉਪਾਰ ਦੇ ਖੇਤਰ ਵਿਚ ਖੁਦ ਨੂੰ ਸਥਾਪਿਤ ਕਰ ਰਹੇ ਹਨ। ਆਪਣੇ ਬੱਚਿਆ ਨੂੰ ਚੰਗੀ ਸਿੱਖਿਆ, ਚੰਗੀ ਸਿਹਤ, ਚੰਗੀ ਸੋਚ ਦੇ ਰਹੇ ਹਨ। ਮਾਨਵਤਾਵਾਦੀ ਸਹਿਤ ਫੂਲੇ, ਸ਼ਾਹੂ, ਅੰਬੇਡਕਰ ਸਾਹਿਤ ਦਾ ਤੇਲਗੂ ਭਾਸ਼ਾ ਵਿਚ ਛਪਣਾ ਵੱਡੀ ਗਿਣਤੀ ਵਿਚ ਵੱਧ ਰਿਹਾ ਹੈ। ਪੜੇ-ਲਿਖੇ ਬੁੱਧੀ ਜੀਵੀ ਅੰਬੇਡਕਰਵਾਦ ਵੱਲ ਜੁੜਦੇ ਨਜ਼ਰ ਆ ਰਹੇ ਹਨ। ਆਂਧਰਾ ਪ੍ਰਦੇਸ਼ ਚ ਚਮਾਰ ਵਿਕਾਸ ਕਰ ਰਹੇ ਹਨ।

ਆਂਧਰਾ ਪ੍ਰਦੇਸ਼ ਵਿਚ ਚਮਾਰ ਜਾਤੀ ਦੇ ਲੋਕ ਮੋਚੀ,ਮੁਚੀ,ਟੋਰੂਲ,ਸਨਗਰੂਲੁ ਅਤੇ ਉਹਨਾਂ ਦੀਆਂ ਮੁੱਖ ਜਾਤੀਆਂ ਵਿਚ ਮਰਲਾ, ਮਾਦੀਗ ਆਉਂਦੇ ਹਨ।

| | | |
|---|---|---|
| 1)ਆਦਿ ਆਂਧਰਾ | 21ਯੇਲ ਮਾਲਾ ਵਾਨਡਲੂ | 41)ਮਾਲਾਸਾਲੀ/ਨੇਲਾਕਨੀ |
| 2)ਆਦਿ ਦ੍ਰਵਿੜ | 22)ਘਾਸੀ/ਹੱਡੀ | 42)ਮਾਲਾਸਨਿਅਸੀ |
| 3)ਅਨਾਮੁੱਖ | 23)ਗੋਡਾ ਗਲੀ | 43)ਮਾਰਾ ਮਰਾਠੀ |
| 4)ਆਰੀਆ ਮਾਲਾ | 24)ਗੋਡਾਰੀ | 44)ਮਾਗਗਰੋਡੀ |
| 5)ਅਰੂਧਲੀਆ | 25)ਗੋਸੰਮੀ | 45)ਮੰਨੇ |
| 6)ਆਬਰ ਮਾਲਾ | 26)ਹੁਲੀਆ | 46)ਮਾਧਤੀ |
| 7)ਬਾਰੀਕੀ | 27)ਹੁਲੀਆ ਦਾਸਤੀ | 47)ਮਾਤੰਗੀ |
| 8)ਬਰੂਰੀ | 28)ਜਗਲੀ | 48)ਮੇਤਰ |
| 9)ਬਡੂਗਾ ਜੰਗਮ | 29)ਜਾਮਬਵਲੂ | 49)ਮੀਲਾ ਆਚੁਲਾਵਰ |
| 10)ਬੈਨਡਲਾ | 30)ਕੋਜਪੂਲਾ ਵਾਨਡਲੂ | 50)ਮੁੰਡਾਜਾ |
| 11)ਬਇਗਾਰਾ | 31)ਮਡਾਲੀ/ਕੁਰੂਵਾਮਾਡਾਰੀ | 51)ਪਾਕੀਮੋਟੀ |
| 12)ਚਾਚਲੀ | 32)ਮਾਦੀਗਾ | 52)ਪਮਵਾਡਾ |
| 13)ਚਲਵੜੀ | 33)ਮਾਦੀਗਾ ਦਾਸੂ | 53)ਪਮੀਡੀ |
| 14)ਚਮਾਰ,ਮੋਚੀ,ਮੁਚੀ | 34)ਮਹਾਰ | 54)ਪਰੀਆ ਪੰਚਮਾ |
| 15)ਚੰਭਾਰ | 35)ਮਾਲਾ | 55)ਰੇਲੀ |
| 16)ਚੰਡਾਲ | 36)ਮਾਲਾਦਾਸਰੀ | 56)ਸਨਗਾਗਮਮਗਾਮ |
| 17)ਡਕੱਲ | 37)ਮਾਲਾਦਾਸੂ | 57)ਸਨਾਬਾਨ |
| 18)ਦੰਦਾਸੀ | 38)ਮਾਲਾਹਕਾਈ | 58)ਸੁਪੂਤੂ |
| 19)ਘੋਰ | 39)ਮਾਲਾਜੰਗਮ | 59)ਸਿਟੋਲੂ ਚਿਤੋਂਲੂ |
| 20)ਢੋਮ/ਦੂਗਰਾ | 40)ਮਾਲਾ ਸਸਦੀ | 60)ਇਤਰ |

## ਮੱਧ ਪ੍ਰਦੇਸ਼ ਵਿੱਚ ਚਮਾਰ ਜਾਤ ਦੀ ਪਹਿਚਾਣ :-

2001 ਵਿੱਚ 9.3% ਆਬਾਦੀ ਚਮਾਰ ਜਾਤੀ ਦੀ ਰਿਆਕਤ ਦਰਜ ਕੀਤੀ ਗਈ। ਮੱਧ ਪ੍ਰਦੇਸ਼ ਵਿੱਚ ਭੋਪਾਲ, ਵਿਦਿਸ਼ਾ, ਰਾਜਗੜ੍ਹ, ਰਾਜਨੰਦ, ਇੰਦੋਰ, ਰਾਜਨੰਦ, ਓਜੈਨ, ਹੋਸ਼ਾਗਾਵਾਦ, ਬਾਲਘਾਟ ਆਦਿ ਸਾਰੇ ਜਿਲ੍ਹਿਆਂ ਵਿੱਚ ਚਮਾਰ ਮੂਲ ਦੇ ਵਸਨੀਕ ਹਨ। ਇਹਨਾਂ ਦੀ ਅਲੱਗ-ਅਲੱਗ ਉਪਜਾਤੀਆਂ ਸਤਨਾਮੀ, ਮੋਚੀ ਆਦਿ ਹੋਂਦ ਵਿੱਚ ਆ ਗਈਆਂ ਹਨ। ਮੱਧ ਵਿੱਚ ਜਿਆਦਾਤਰ ਲੋਕ ਗਰੀਬੀ ਦੀ ਮਾਰ ਹੇਠਾਂ ਹਨ। ਅਜੋਕੇ ਸਮੇਂ ਵਿੱਚ ਚਮਾਰ ਜਾਤੀ ਦੇ ਲੋਕ ਚੰਗੇ ਪੜ੍ਹ ਲਿਖ ਗਏ ਹਨ ਅਤੇ ਆਪਣੇ ਜੀਵਨ ਦੇ ਵਿਕਾਸ ਲਈ ਚੰਗੀ ਸੋਚ ਅਪਨਾ ਰਹੇ ਹਨ। ਸਮਾਜ ਵਿੱਚ ਵਿੱਦਿਆ ਪ੍ਰਾਪਤ ਕਰ ਗਏ ਲੋਕ ਚੰਗੀਆਂ ਨੌਕਰੀਆ ਤੇ ਜਾ ਵਿਰਾਜੇ ਹਨ। ਚਮਾਰ ਸਮਾਜ ਵਿੱਚ ਔਰਤਾਂ ਦੀ ਸਥਿਤੀ ਸਵੈਮਾਨ, ਖੁਦਾਰੀ ਵਾਲੀ ਹੈ। ਮੱਧ ਪ੍ਰਦੇਸ਼ ਵਿੱਚ ਚਮਾਰ ਜਾਤੀ ਦੇ ਲੋਕਾਂ ਨੇ ਭਗਵਾਨ ਬੁੱਧ, ਗੁਰੂ ਰਵਿਦਾਸ ਅਤੇ ਬਾਬਾ ਸਾਹਿਬ ਜੀ ਦੇ ਜੀਵਨ ਆਦਰਸ਼ ਨੂੰ ਅਪਨਾ ਕੇ ਆਪਣੇ ਵਿਕਾਸ ਦੇ ਦਰਵਾਜੇ ਖੋਲ੍ਹੇ ਹਨ। ਬੇਸ਼ਕ ਪੁਰਾਣੇ ਸਮੇਂ ਵਿੱਚ ਚਮਾਰ ਲੋਕ ਦੇਵੀ-ਦੇਵਤਿਆਂ ਦੀ ਪੂਜਾ, ਅਤੇ ਹੋਰ ਅਨੇਕਾਂ ਪ੍ਰਕਾਰ ਦੇ ਅੰਧ ਵਿਸ਼ਵਾਸ ਵਿੱਚ ਸਨ। ਪਰ ਅਜੋਕੇ ਸਮੇਂ ਸਾਮਾਜ ਵਿੱਚ ਵਿਗਿਆਨਕ ਦ੍ਰਿਸ਼ਟੀ ਦਾ ਪ੍ਰਚਾਰ ਹੋਇਆ ਹੈ। ਭਗਵਾਨ ਬੁੱਧ, ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ ਦੀ ਤਰਕਵਾਦੀ ਸੋਚ ਅਤੇ ਬਾਬਾ ਸਾਹਿਬ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਪਨਾ ਰਹੇ ਹਨ। ਮੱਧ ਪ੍ਰਦੇਸ਼ ਵਿੱਚ ਰਾਜਨੀਤੀ ਵਿੱਚ ਬੇਸ਼ੱਕ ਰਾਂਖਵਾਂਕਰਨ ਦੀ ਸਥਿਤੀ ਨੇ ਕੁੱਝ ਲੋਕਾਂ ਨੂੰ ਨੇਤਾ ਮੰਤਰੀ ਬਣਾਇਆ ਪਰ ਨੇਤਾ ਮੰਤਰੀਆਂ ਨੇ ਸਮਾਜ ਦਾ ਵਿਕਾਸ ਨਹੀਂ ਕੀਤਾ। ਹੁਕਮਰਾਣ ਵਿਵਸਥਾ ਦਾ ਹੱਥ ਠੋਕਾ ਬਣ ਕੇ ਹੀ ਰਹਿ ਗਏ ਪਰ ਅਜੋਕੇ ਸਮੇਂ ਵਿੱਚ ਜੋ ਰਾਜਨੀਤਿਕ ਚੇਤਨਾ ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਜੀ ਕਾਂਸ਼ੀ ਰਾਮ ਜੀ ਦੀ ਬਦੌਲਤ ਆਈ। ਉਸ ਸਮਾਜ ਵਿੱਚ ਰਾਜਨੀਤੀ ਪ੍ਰਭਾਵਿਤ ਕਰ ਰਹੀ ਹੈ। ਜਿਵੇਂ ਹਿੰਦੂ ਲੋਕਾਂ ਵਲੋਂ ਮੰਦਰਾਂ ਵਿੱਚ ਜਾਣ ਤੋਂ ਮਨਾਹੀ ਹੋਣ ਉਪਰੰਤ ਚਮਾਰ ਸਮਾਜ ਨੇ ਆਪਣੇ ਮੰਦਰ ਸਥਾਪਿਤ ਕਰ ਲਏ। ਉਸ ਤਰ੍ਹਾਂ ਚਮਾਰ ਸਮਾਜ ਨੂੰ ਇਸਤਮਾਲ ਕਰਨ ਵਾਲੇ ਰਾਜਨੀਤੀਕ ਦਲ ਬਣਦਾ ਮਾਣ ਸਨਮਾਨ ਨਹੀ ਦਿੰਦੇ ਸੀ। ਇਸੇ ਕਰਕੇ ਆਪਣਾ ਰਾਜਨੀਤਿਕ ਦਲ ਸਥਾਪਿਤ ਕਰ ਲਿਆ। ਮੱਧ ਪ੍ਰਦੇਸ਼ ਵਿੱਚ ਚਮਾਰ ਲੋਕ ਬੇਸ਼ੱਕ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ 'ਚ ਤਾਂ ਨਹੀਂ ਪਰ ਸਥਿਤੀ ਨੂੰ ਪ੍ਰਭਾਵਿਤ ਕਰਦੇ ਹਨ।

| | |
|---|---|
| ਭੋਪਾਲ :- ਚਮਰਕਾਰ, ਚਮਾਰ, ਅਹਿਰਵਾਰ, ਜਾਟਵ | ਦੁਰਗ :- ਚਮਾਰ |
| ਸੀਹੋਰ :- ਚਮਾਰ ਚਗਾਰ | ਰਾਜਨੰਦਗਾਵ :- ਚਮਾਰ, ਗਾਇਕਵਾੜ, ਮੇਸ਼ਰਾਮ, ਸਤਨਾਮ |
| ਰਾਏਸੇਨ :- ਚਮਾਰ | ਬਿਲਾਸਪੁਰ :- ਚਮਾਰ, ਮੇਸਰਆ, ਸਤਨਾਈ, ਗਾਇਕਵਾੜ |
| ਵਿਦਿਸ਼ਾ :- ਚਮਾਰ, ਅਹਿਰਵਾਰ | |
| ਰਾਜਗੜ :- ਚਮਾਰ, ਜਾਟਵ | ਰਾਏਗੜ :- ਸਤਨਾਮੀ |
| ਬੈਤੂਲ :- ਜਾਗੜ, ਚਮਾਰ, ਚਮਰਕਾਰ | ਸਰਗੁੰਜਾ :- ਚਮਾਰ |
| ਹੋਸ਼ਗਾਵਾਦ :- ਜਾਗੜ, ਚਮਾਰ, ਅਹਿਰਕਾਰ | ਸਾਗਰ :- ਚਮਾਰ, ਅਹਿਰਵਾਰ |
| | ਦਸੋਹ :- ਚਮਾਰ,ਅਹਿਰਵਾਰ |
| ਮਾਡਲਾ :- ਚਮਾਰ, ਅਹਿਰਵਾਰ | ਛਤਰਪੁਰ :- ਚਮਾਰ,ਅਹਿਰਵਾਰ,ਜਾਟਵ |

| | |
|---|---|
| ਬਾਲਾਘਾਟ :- ਚਮਾਰ | ਟੀਕਮਗੜ :- ਚਮਾਰ,ਅਹਿਰਵਾਰ,ਜਾਟਵ |
| ਸ਼ਿਵਲੀ :- ਜਾਗੜਾ, ਚਮਾਰ, ਚਰਮਕਾਰ | ਪੰਨਾ :- ਚਮਾਰ,ਅਹਿਰਵਾਰ |
| ਸ਼ਿਦਵਾੜਾ :- ਮੇਸ਼ਰਾਮ, ਚਮਰਕਾਰ | ਰੀਵਾ :- ਰੈਦਾਸ,ਚਰਮਕਾਰ |
| ਨਰਸਿੰਹਪੁਰ :- ਚਮਾਰ | ਸਤਨਾ :- ਚਮਾਰ,ਰੈਦਾਸ |
| ਇੰਦੌਰ :- ਚਮਾਰ, ਕੁਰੀਲ, ਮੋਚੀ, ਅਹਿਰਵਾਲ, ਜਾਟਵ, ਮਗਰਰਾਸ਼ਟੀਰ, ਚਰਮਕਾਰ | ਸੀਧੀ :- ਚਮਾਰ,ਜਾਟਵ |
| | ਸ਼ਹਡੋਲ :- ਚਮਾਰ, ਸਤਨਾਮੀ |
| | ਗਵਾਲੀਅਰ :- ਚਮਾਰ, ਸੰਖਵਾਰ, ਦੋਹਰੇ, ਜਾਟਵ,ਅਹਿਰਵਾਰ |
| ਧਾਰ :- ਚਮਾਰ, ਮੋਚੀ, ਜਾਟਵ | |
| ਝਾਬੂਆ :- ਚਮਾਰ, ਮੋਚੀ | ਗੁਨਾ :- ਅਹਿਰਵਾਰ, ਜਾਟਵ, ਟੋਹਰੇ, ਸੰਖਵਾਰ, ਚਮਾਰ |
| ਖਰਗੋਨ :- ਚਮਾਰ, ਰੈਦਾਸ | |
| ਖੰਡਵਾ :- ਚਮਾਰ, ਰੈਦਾਸ | ਦਤਿਆ :- ਚਮਾਰ,ਸੰਖਵਾਰ, ਟੋਹਰੇ, ਜਾਟਵ, ਅਹਿਰਵਾਰ |
| ਉਜੈਨ :- ਚਮਾਰ, ਜਾਟਵ, ਮੋਚੀ | |
| ਦੇਵਾਸ :- ਚਮਾਰ, ਮੋਚੀ, ਅਹਿਰਵਾਲ | ਸ਼ਿਵਪੁਰੀ :- ਚਮਾਰ,ਸੰਖਵਾਰ, ਟੋਹਰੇ, ਜਾਟਵ, ਅਹਿਰਵਾਰ |
| ਰਤਲਾਮ :- ਮੁਸਲਿਮ, ਚਮਾਰ, ਮੋਚੀ, ਜਾਟਵ | |
| | ਜਗਦਲਪੁਰ :- ਸਤਨਾਮੀ, ਚਰਮਕਾਰ |
| ਸ਼ਾਜਾਪੁਰ :- ਚਮਾਰ, ਜਾਟਵ | ਮੁਰੈਨਾ :- ਚਮਾਰ, ਸੰਖਵਾਰ, ਟੋਹਰੇ, ਜਾਟਵ, ਅਹਿਰਵਾਲ |
| ਮੰਦਸੋਰ :- ਜੀ ਨਗਰ, ਚਮਾਰ | |
| ਰਾਏਪੁਰ :- ਚਮਾਰ, ਸਤਨਾਮੀ, ਮੇਸ਼ਰਾਮ | ਭਿੰਡ :- ਚਮਾਰ, ਸੰਖਵਾਰ, ਟੋਹਰੇ, ਜਾਟਵ, ਅਹਿਰਵਾਲ |
| | ਜਬਲਪੁਰ :- ਕਮਰਿਹਵਾਲ, ਜਾਟਵ, ਚਰਮਕਾਰ, ਕੁਰੀਲ |

### ਉੱਤਰ ਪ੍ਰਦੇਸ਼ ਵਿਚ ਚਮਾਰ ਜਾਤ ਦੀ ਪਹਿਚਾਣ :-

ਉੱਤਰ ਪ੍ਰਦੇਸ਼ ਵਿੱਚ ਚਮਾਰ ਲੋਕਾਂ ਦੀ ਗਿਣਤੀ 14% ਹੈ। ਇੱਥੋਂ ਦੇ ਚਮਾਰ ਲੋਕਾਂ ਦੀ ਇੱਕ ਖਾਸੀਅਤ ਇਹ ਹੈ ਕਿ ਇਹਨਾਂ ਨੇ ਖੁਦ ਨੂੰ ਸੱਤਾ ਦੇ ਕਾਬਜ਼ ਰਹਿਣ ਦੇ ਕਾਬਲ ਬਣਾ ਲਿਆ ਹੈ। ਪੂਰੇ ਦੇਸ਼ ਵਿੱਚ ਸਿਰਫ ਉੱਤਰ ਪ੍ਰਦੇਸ਼ ਇੱਕ ਅਜਿਹਾ ਸੂਬਾ ਹੈ ਜਿਥੇ ਸਿਰਫ ਚਮਾਰ ਦੋ ਕਰੋੜ ਦੇ ਕਰੀਬ ਹਨ। ਜਿਨ੍ਹਾ ਨੇ ਆਪਣੀ ਤਾਕਤ ਭਗਵਾਨ ਬੁੱਧ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਬਾਬਾ ਸਾਹਿਬ ਡਾ: ਅੰਬੇਡਕਰ ਜੀ, ਜੋਤੀ ਰਾਓ ਫੂਲੇ ਜੀ ਅਤੇ ਸਾਹਿਬ ਕਾਂਸ਼ੀ ਰਾਮ ਜੀ ਮਹਾਂਪੁਰਸ਼ਾਂ ਦੀ ਬਦੌਲਤ ਵਿਚਾਰਧਾਰਾ ਨੂੰ ਮੰਨ ਕੇ, ਸਮਝ ਕੇ ਆਪਣੀ ਪਹਿਚਾਣ, ਆਪਣੀ ਤਾਕਤ ਦਾ ਅਹਿਸਾਸ ਕਰਵਾਇਆ ਹੈ।

**1. ਜਾਟਵ :-** ਸ਼ਾਹ ਜਹਾਂਪੁਰ ਦੀ ਜਲਾਲਾਵਾਦ ਤਹਿਸੀਲ, ਤਿਲਹਾਰ ਤਹਿਸੀਲ ਦੇ ਕੁਝ ਹਿੱਸੇ ਚ, ਬਦਾਊ,ਬਰੇਲੀ, ਰਾਮਪੁਰ, ਮੁਰਾਦਾਵਾਦ,ਬਿਜਨੌਰ, ਸਹਾਰਨਪੁਰ ਮੇਰਠ, ਅਲੀਗੜ੍ਹ, ਗਾਜੀਆਵਾਦ, ਨੋਇਡਾ, ਮਥਰੂ, ਆਰਾਮ ਫਿਰੋਜ਼ਾਵਾਦ, ਏਟਾ, ਮੈਨਪਰੀ ਆਦਿ ਵਿਚ ਜਿਆਦਾ ਪਾਏ ਜਾਂਦੇ ਹਨ।

**2. ਦੋਹਰੇ ਜਾ ਡੋਹਰੇ :–** ਸ਼ਾਹਜਹਾਂਪੁਰ ਦੀ ਤਹਿਸੀਲ ਸਦਰ, ਪੁਵਾਵਾ ਅਤੇ ਤਿਲਹਾਰ ਤਹਿਸੀਲ ਦੇ ਕੁਝ ਹਿੱਸੇ ਵਿਚ ਤਹਿਸੀਲ ਦੇ ਕੁੱਝ ਹਿੱਸੇ ਵਿੱਚ,

ਹਰਦੋਈ, ਸ਼ਾਰਨਪੁਰ, ਲਖੀਮਪੁਰ, ਫਰਾਖੁਵਾਦ, ਇਟਾਵਾ ਅਤੇ ਜਾਲੋਨ 'ਚ ਪਾਏ ਜਾਂਦੇ ਹਨ।

**3. ਕੁਰੀਲ :–** ਜਿਆਦਾ ਲਖਨਉ ਮੰਡਲ ਅਤੇ ਕਾਨਪੁਰ ਮੰਡਲ, ਉਨਾਵ, ਰਾਏ ਬਰੇਲੀ, ਲਖਨਉ ਅਤੇ ਕਾਨਪੁਰ ਨਗਰ, ਕਾਨਪੁਰ ਦੇ ਹਾਂਤ ਜਿਲ੍ਹਿਆ 'ਚ ਜਿਆਦਾ ਪਾਏ ਜਾਂਦੇ ਹਨ।

**4.ਅਹਿਰਵਾਰ :–** ਝਾਂਸੀ ਮੰਡਲ ਜਿਵੇਂ ਝਾਂਸੀ, ਹਮੀਦਪੁਰ ਅਤੇ ਜਲੋਨ ਆਦਿ ਵਿੱਚ ਪਾਏ ਜਾਂਦੇ ਹਨ।

**5. ਜੈਸਵਰ :–** ਪੂਰਵੀ ਜਿਲ੍ਹਿਆ 'ਚ ਜਿਆਦਾ ਵਸੋਂ ਜੋਨਪੁਰ, ਪ੍ਰਤਾਪਗੜ੍ਹ, ਰਾਏ ਬਬੇਲੀ, ਸੁਲਤਾਨਪੁਰ ਆਦਿ।

**6. ਸ਼ੰਖਵਾਰ :–** ਕਾਨਪੁਰ ਦਿਹਾਂਤ ਜਿਲ੍ਹੇ 'ਚ ਪਾਏ ਜਾਂਦੇ ਹਨ ਅਤੇ ਕਾਨਪੁਰ ਮੰਡਲ ਜਿਲ੍ਹੇ 'ਚ ਵੀ।

**7.** ਘੁਸੀਆ, ਝੁਸੀਆ

**8.** ਦੁਸਾਂਧ, ਦੁਸਾਦ :- ਗੋਰਖਪੁਰ, ਦੇਵਰੀਆ, ਬਲੀਆ ਬਨਾਰਸ ਅਤੇ ਗਾਜੀਪੁਰ 'ਚ ਪਾਏ ਜਾਂਦੇ ਹਨ।

**9.** ਕੋਰੀ, ਕੋਰੀਆ ਜਾਂ ਕੋਲੀ ਚਮਾਰ :- ਲਖਨਾਉ, ਸੁਲਤਾਨਪੁਰ ਬਸਤੀ, ਫੈਜਾਬਾਦ, ਪ੍ਰਤਾਪਗੜ੍ਹ, ਜੋਨਪੁਰ ਅਤੇ ਇਲਾਹਾਵਾਦ ਆਦਿ।

**10.** ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ 'ਚ ਚਮਕਟੀਆ, ਚਮਾਰ, ਮੰਗਤਾ ਮੰਗਤੀਆ, ਚਾਡੋਰ, ਨੌਨਾ ਚਮਾਰ, ਟੇਰਗ, ਨਿਖਰ, ਕਰੋਲ, ਚਾਈ ਢਪਤਾਲੀ ਦਰਸ਼ਨ ਨਗਰ, ਢਾਲ ਨਗਰ, ਝਾਫਰ, ਚਾਮਰੰਗ ਪੰਜਾਬ ਤੋਂ ਆ ਕੇ ਵਸੇ ਰਾਮਦਾਸੀਆ ਚਨਾ ਭੀਲਵਾੜਾ (ਰਾਜਸਥਾਨ) ਵਿੱਚ ਚਮਾਰ ਜਾਤ ਦੀ ਪਹਿਚਾਣ :–

| | | |
|---|---|---|
| 1. ਨਕਵੋਲ | 11. ਜਟਵਾਲ | 21.ਜਾਂਠਲ |
| 2. ਤਲਾਵਲੀਆ | 12. ਡੋਰੀਆ | 22. ਮਹਰ |
| 3. ਗਮਲਾਡੂ | 13. ਬਾਤੇੜਾ | 23. ਜੜੋਟੀਆ |
| 4. ਭਿਆਣੀਆ | 14. ਬੋਹਰਾ | 24. ਲੋਦਾਵਾਲ |
| 5. ਗੋਠਵਾਲਾ | 15. ਪਗਲੀਆ | 25. ਰੰਪੀਠਾਕਰ |
| 6. ਉਝਵਾਲਾ | 16. ਸਿਣੋਲਿਆ | 26. ਚਮਰਕੀਆ |
| 7. ਲੋਡੇਲੀਆ | 17.ਪਚਵਾਰੀਆ | 27. ਘਸੀਟਣੀਆ |
| 8. ਟਟਵਾੜੀਆ | 18.ਡਬਰੋਲੀਆ | 28. ਗੰਠਣੀਆ |
| 9. ਫਖੰਡ | 19.ਕੁੰਡਾਰਾ | |
| 10. ਫੋਲਵਾਲ | 20.ਆਕੋਦੀਆਂ | |

ਹਵਾਲੇ

1. ਇੰਟਨੈੱਟ ਜ਼ਰੀਆ, 2. ਜਨਗਣਨਾ ਰੀਪੋਰਟ,

3. ਚਮਾਰ ਜਾਟਵ ਸਮਰਾਟ-ਲੇਖਕ ਦੌਲੀ ਰਾਮ ਜਾਟਵ

4. 'ਦ' ਚਮਾਰ (ਪੁਸਤਕ)

# ਮੇਰੀ ਕੌਮ ਹਰ ਮੈਦਾਨ ਜਿੱਤੇ

ਗੀਤ

ਇਹਦੀ ਹਕੂਮਤ ਰਹੇ ਸਦਾ ਰਹਿਣ ਚੱਲਦੇ ਸਿੱਕੇ,
ਮੈ ਚਾਹੁੰਦਾ ਹਾਂ ਮੇਰੀ ਕੌਮ ਹਰ ਮੈਦਾਨ ਜਿੱਤੇ ।

ਪੈੜਾਂ ਬੋਲਦੀਆ ਨੇ ਇਤਿਹਾਸ ਵਿੱਚ ਜੋ ਡੂੰਘੇਰੀਆ ,
ਇਹਦੀਆਂ ਸ਼ਿਫਤਾਂ ਦੀਆਂ ਗੱਲਾਂ ਨੇ ਬੜੀਆਂ ਲਮੇਰੀਆਂ,
ਇਹ ਹੋਰ ਗੂੜੇ ਹੋਣ ਲਫਜ਼ ਕਦੇ ਪੈਣ ਨਾ ਫਿੱਕੇ,
ਮੈ ਚਾਹੁੰਦਾ ਹਾਂ ਮੇਰੀ ਕੌਮ ਹਰ ਮੈਦਾਨ ਜਿੱਤੇ ।

ਸਿੰਧੂ ਸੱਭਿਅਤਾ ਦੀਆਂ ਖਾਸ ਨੇ ਨਿਸ਼ਾਨੀਆਂ ,
ਹੜੱਪਾ ,ਮੋਹਨਜੋਦੜੋ ਦੀਆਂ ਇਹ ਬਿਆਨੀਆਂ,
ਮਹਾਂਮਾਨਵ ਬੁੱਧ ਨੇ ਇਹਦੇ ਆਏ ਹਿੱਸੇ,
ਮੈ ਚਾਹੁੰਦਾ ਹਾਂ ਮੇਰੀ ਕੌਮ ਹਰ ਮੈਦਾਨ ਜਿੱਤੇ ।

ਰੋਮ ਰੋਮ 'ਚ ਗੁਰੂ ਰਵਿਦਾਸ ਦੀ ਕ੍ਰਾਂਤੀ ਰਮ ਜਾਵੇ,
ਇਹਦੇ ਅੱਗੇ ਆ ਕੇ ਜ਼ਾਲਿਮ ਦਾ ਸਾਹ ਥਮ ਜਾਵੇ,
ਪਲ,ਅਣਖ ਬਗਾਵਤ ਵਾਲੇ ਜੀਣਾ ਸਿੱਖੇ,
ਮੈ ਚਾਹੁੰਦਾ ਹਾਂ ਮੇਰੀ ਕੌਮ ਹਰ ਮੈਦਾਨ ਜਿੱਤੇ ।

ਸਿੰਝਿਆਂ ਏ ਬਾਗ ਪੁਰਖਿਆਂ ਰੱਤ ਆਪਣੀ ਡੋਲ ਕੇ
ਸਵੈਮਾਣ ਲਈ ਜਿਉਣਾ ਏ ਰੱਤ ਆਪਣੀ ਡੋਲਕੇ ,
ਕਰ ਕੁਰਬਾਨੀ ਕੌਮ ਲਈ ਕੈਂਥਾ ਬਣਦੇ ਨੇ ਕਿੱਸੇ,
ਮੈ ਚਾਹੁੰਦਾ ਹਾਂ ਮੇਰੀ ਕੌਮ ਹਰ ਮੈਦਾਨ ਜਿੱਤੇ ।

# ਭੁੱਲ ਨਾ ਜਾਇਓ ਰਹਿਬਰਾਂ ਨੂੰ

ਗੀਤ

ਗਲੋਂ ਗੁਲਾਮੀ ਲਾ ਕੇ ਜਿਨ੍ਹਾਂ ਸਾਨੂੰ ਮੁਕਤ ਕਰਾਇਆ,
ਭੁੱਲ ਨਾ ਜਾਇਓ ਰਹਿਬਰਾਂ ਨੂੰ ਜਿਨ੍ਹਾਂ ਹੱਕ ਦਵਾਇਆ।

ਸਾਡੇ ਹੱਕ ਵਿੱਚ ਗੂੰਜ ਉੱਠੇ ਬੁੱਧ ਦੇ ਬੋਲ ਪਿਆਰੇ,
ਵਾਲਮੀਕ ਜੀ ਨੇ ਸੱਚ ਦੇ ਪੰਨੇ ਸੱਚ ਝੂਠ ਨਿਤਾਰੇ,
ਸੱਚ ਦੀ ਖਾਤਿਰ ਸ਼ੰਭੂਕ ਆਪਣਾ ਸੀਸ ਕਟਾਇਆ,
ਭੁੱਲ ਨਾ ਜਾਇਓ ਰਹਿਬਰਾਂ ਨੂੰ ਜਿਨ੍ਹਾਂ ਹੱਕ ਦਵਾਇਆ।

ਰਾਵਣ, ਬਾਲੀ, ਏਕਲਵ ਦਾ ਤੁਸੀਂ ਇਤਿਹਾਸ ਫਰੋਲੋ,
ਛਲ ਕਪਟ ਬੇਈਮਾਨੀਆ ਦੀ ਨਾ ਜੈ-ਜੈ ਕਾਰ ਬੋਲੋ,
ਸੋਨੇ ਦੀ ਚਿੜੀ,ਸੋਨੇ ਦੀ ਲੰਕਾ ਕਰ ਰਾਜ ਦਿਖਾਇਆ,
ਭੁੱਲ ਨਾ ਜਾਇਓ ਰਹਿਬਰਾਂ ਨੂੰ ਜਿਨ੍ਹਾਂ ਹੱਕ ਦਵਾਇਆ।

ਸਤਿਗੁਰੂ ਰਵਿਦਾਸ ਜੀ ਦਾ ਦੌਰ ਆਇਆ ਇਨਕਲਾਬੀ,
ਸਤਿਗੁਰੂ ਕਬੀਰ ਨੇ ਗੀਤ ਗਾਇਆ ਸੁਰ ਜੇਹਦਾ ਬਾਗੀ,
ਬੇਗਮਪੁਰ ਦੀ ਸੋਚ ਨਾਲ ਦੁਨੀਆਂ ਨੂੰ ਰੁਸ਼ਨਾਇਆ,
ਭੁੱਲ ਨਾ ਜਾਇਓ ਰਹਿਬਰਾਂ ਨੂੰ ਜਿਨ੍ਹਾਂ ਹੱਕ ਦਵਾਇਆ।

ਜੋਤੀ ਰਾਓ ਫੂਲੇ ਜੀ ਤੇ ਮਾਂ ਸਵਿਤਰੀ ਬਾਈ ਫੂਲੇ,
ਸ਼ਾਹੂ ਜੀ ਨੇ ਭੀਮ ਰਾਓ ਲਈ ਦੁੱਖ ਦਰਦ ਕਬੂਲੇ,
ਲਿਖ ਸੰਵਿਧਾਨ ਭਾਰਤ ਦਾ ਭੇਦ ਭਾਵ ਮਿਟਾਇਆ,
ਭੁੱਲ ਨਾ ਜਾਇਓ ਰਹਿਬਰਾਂ ਨੂੰ ਜਿਨ੍ਹਾਂ ਹੱਕ ਦਵਾਇਆ।

ਕਾਸ਼ੀ ਰਾਮ ਨੇ ਕਰ ਕੁਰਬਾਨੀ ਸੁੱਤੇ ਲੋਕ ਜਗਾਏ,
ਮੂਲ ਨਿਵਾਸੀ ਬਹੁਜਨਾਂ ਨੂੰ ਮੁਕਤੀ ਦੇ ਰਾਹ ਵਿਖਾਏ,
ਕੈਂਥ ਕਹੇ ਭਬਿਆਣੇ ਵਾਲਾ ਸੱਚ ਦਾ ਬਿਗਲ ਵਜਾਇਆ,
ਭੁੱਲ ਨਾ ਜਾਇਓ ਰਹਿਬਰਾਂ ਨੂੰ ਜਿਨ੍ਹਾਂ ਹੱਕ ਦਵਾਇਆ।

# ਲੇਖਕ ਦੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਪੁਸਤਕਾਂ

(1) ਸਤਿਗੁਰੂ ਰਵਿਦਾਸ ਪਿਆਰਾ (ਕਾਵਿ ਸੰਗ੍ਰਿਹ) (23 ਜੁਲਾਈ 2009)

(2)ਰਵਿਦਾਸੀਆ ਧਰਮ ਸਾਡਾ (ਕਾਵਿ ਅਤੇ ਗੀਤ ਸੰਗ੍ਰਿਹ) ( 11ਜੂਨ 2011)

(3)ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ (ਪੰਜਾਬੀ)

(ਪਹਿਲੀ ਵਾਰ 28 ਅਕਤੂਬਰ 2011)

(ਦੂਸਰੀ ਵਾਰ 14 ਅਪ੍ਰੈਲ 2012)

(4)ਸਹਿਬ ਸ਼੍ਰੀ ਕਾਸ਼ੀ ਰਾਮ ਜੀਵਨ ਤੇ ਸੰਘਰਸ਼ (15 ਮਾਰਚ 2012)

(5) ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ (ਹਿੰਦੀ)

(ਸ਼੍ਰੀ ਗੁਰੂ ਰਵਿਦਾਸ ਪ੍ਰਕਾਸ਼ ਉਤਸਵ ਤੇ ਫਰਵਰੀ 2012)

(6) ਅਜੇ ਸਫਰ ਚ ਹਾਂ (ਕਾਵਿ ਸੰਗ੍ਰਿਹ) (ਮਾਰਚ 2014)

(7) ਅਣਖ਼ੀ ਕੌਮ ਚਮਾਰਾਂ ਦੀ (ਗੀਤ ਸੰਗ੍ਰਿਹਿ)

(8) ਚਮਾਰ ਜਾਤੀ ਇਤਿਹਾਸ,ਧਰਮ ਤੇ ਸੱਭਿਆਚਾਰ

## (ਪ੍ਰਕਾਸ਼ਨ ਅਧੀਨ ਪੁਸਤਕਾਂ)

(1) ਦਲਿਤ ਸਾਹਿਤਕਾਰ ਅਤੇ ਦਲਿਤ ਚੇਤਨਾ

(2) ਭੈਣ ਕੁਮਾਰੀ ਮਾਇਆਵਤੀ ਜੀਵਨ,ਸੰਘਰਸ਼ ਤੇ ਬਹੁਜਨ ਸਮਾਜ

(3) ਸੱਚੀ ਰਮਾਇਣ ਦਾ ਪੰਜਾਬੀ ਅਨੁਵਾਦ

(4) ਕਾਂਸ਼ੀ ਰਾਮ ਦਾ ਅੰਦੋਲਨ ਤੇ ਬਹੁਜਨ ਸਮਾਜ

(5) ਚਮਚਾ ਯੁੱਗ ਇੱਕ ਅਧਿਐਨ.

(6) ਗੁਰੂ ਰਵਿਦਾਸ ਜੀਵਨ ਦਾ ਕ੍ਰਾਂਤੀ ਕਾਰੀ ਪੱਖ

(7) ਬਹੁਜਨ ਰਹਿਬਰਾਂ ਦਾ ਸੰਖੇਪ ਸੰਘਰਸ਼ਮਈ ਜੀਵਨ









30 ਜਨਵਰੀ 2010 ਈ. ਨੂੰ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਸੀਰ ਗੋਵਰਧਨਪੁਰ ਬਨਾਰਸ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 'ਰਵਿਦਾਸੀਆ ਧਰਮ' ਦਾ ਐਲਾਨ ਕਰਦੇ ਹੋਏ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ।






# Ravidassia Dharam Parchar Asthan

Vill. Kahanpur, P.O. Raipur Rasulpur
Distt. Jalandhar

Website: www.ravidassiadharam.org
Email : ravidassiadharam@gmail.com

# ਲੇਖਕ ਬਾਰੇ



ਰਾਜੇਸ਼ ਕੈਂਥ ਭਬਿਆਣਵੀ ਦਾ ਜਨਮ ਪਿੰਡ ਭਬਿਆਣਾ, ਤਹਿ ਫ਼ਗਵਾੜਾ, ਜ਼ਿਲ੍ਹਾਂ ਕਪੂਰਥਲਾ (ਪੰਜਾਬ) ਪਿਤਾ ਸ਼੍ਰੀ ਬਿਸ਼ੰਬਰ ਦਾਸ ਜੀ ਦੇ ਘਰ ਮਾਤਾ ਬਿਮਲਾ ਦੇਵੀ ਜੀ ਦੀ ਕੁੱਖੋਂ 19 ਨਵੰਬਰ 1983 ਨੂੰ ਹੋਇਆ। ਆਪ ਜੀ ਦਾ ਸਾਰਾ ਪਰਿਵਾਰ ਮਿਸ਼ਨ ਨੂੰ ਸਮਰਪਿਤ ਹੈ ਸੋ ਮਿਸ਼ਨ ਪ੍ਰਤੀ ਖਿੱਚ ਦੀ ਗੁੜਤੀ ਆਪ ਜੀ ਨੂੰ ਆਪਣੇ ਪਰਿਵਾਰ ਤੋਂ ਹੀ ਪ੍ਰਾਪਤ ਹੋਈ ਹੈ।ਆਪ ਜੀ ਨੂੰ ਦਲਿਤ ਸਾਹਿਤ ਨਾਲ ਜੋੜਣ ਵਿੱਚ ਆਪ ਜੀ ਦੇ ਪਰਿਵਾਰ ਦਾ, ਖਾਸ ਕਰਕੇ ਪਿਤਾ ਜੀ ਦਾ ਪੂਰਾ ਸਹਿਯੋਗ ਰਿਹਾ ਹੈ ਅਤੇ ਅੱਗੋਂ ਆਪ ਜੀ ਦੀ ਜੀਵਨ ਸਾਥਨ ਵੀ ਆਪ ਜੀ ਨੂੰ ਸਾਹਿਤ ਖੇਤਰ ਵਿੱਚ ਪੂਰਾ ਯੋਗਦਾਨ ਦਿੰਦੀ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਪ ਜੀ ਦੀ ਕਲਮ ਤੋਂ ਹਮੇਸ਼ਾ ਕੁਝ ਨਾ ਕੁਝ ਪਾਠਕਾਂ ਨੂੰ ਪੜ੍ਹਣ ਨੂੰ ਮਿਲਦਾ ਰਹੇਗਾ।

ਰਾਜੇਸ਼ ਕੈਂਥ ਭਬਿਆਣਵੀ ਸਾਹਿਤ ਜਗਤ ਦਾ ਉਭਰਦਾ ਹੋਇਆ ਨਾਮ ਹੈ, ਛੋਟੀ ਉਮਰ ਵਿੱਚ ਹੀ ਇੱਕ ਦਰਜਨ ਪੁਸਤਕਾਂ ਦੀ ਰਚਨਾ ਕਰਕੇ ਪਾਠਕਾਂ ਦੀ ਸੋਚ ਵਿੱਚ ਹਲਚਲ ਪੈਦਾ ਕੀਤੀ। ਜਿਨ੍ਹਾਂ ਵਿੱਚ 'ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ ਤੇ ਸੰਘਰਸ਼' ਨੇ ਦੇਸ਼ ਵਿਦੇਸ਼ ਵਿੱਚ ਬੈਠੇ ਦਲਿਤ ਸਮਾਜ ਦੇ ਲੋਕਾਂ ਨੇ ਭਰਵਾਂ ਹੁੰਗਾਰਾਂ ਦਿੱਤਾ। 2009 ਵਿੱਚ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਕਾਵਿ ਸੰਗ੍ਰਹਿ 'ਸਤਿਗੁਰੂ ਰਵਿਦਾਸ ਪਿਆਰਾ' ਉਸ ਦੇ ਮਿਸ਼ਨਰੀ ਜ਼ਜਬਿਆ ਦਾ ਬਿਆਨ ਸੀ। ਜਿਸ ਨੂੰ ਪਾਠਕਾਂ ਨੇ ਹੱਥੋ ਹੱਥ ਚੁੱਕ ਲਿਆ ਜਿਸ ਦੀ ਤਰੀਫ ਪ੍ਰਸਿੱਧ ਵਿਦਵਾਨਾਂ ਦੇ ਦਿਲ ਖੋਲ ਕੇ ਕੀਤੀ। ਜਿਸ ਦਾ ਖਰੜਾ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਨੇ ਵਾਚਿਆ ਸੀ ਤੇ ਭਰਵਾਂ ਪਿਆਰ ਦਿੱਤਾ ਸੀ। ਜਜਬਾਤਾਂ ਨੂੰ ਮਿਸ਼ਨ ਦੇ ਰੰਗ ਵਿੱਚ ਰੰਗਣ ਵਾਲਾ ਕੈਂਥ ਨੇ 'ਰਵਿਦਾਸੀਆ ਧਰਮ ਸਾਡਾ' (ਕਾਵਿ ਤੇ ਗੀਤਾਂ ਦਾ ਸੰਗ੍ਰਹਿ), 'ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ' (ਹਿੰਦੀ ਤੇ ਪੰਜਾਬੀ) ਵਿੱਚ ਡੇਰਾ ਸੱਚ ਖੰਡ ਬੱਲਾਂ ਵਲੋਂ ਪ੍ਰਕਾਸ਼ਤ ਪੁਸਤਕਾਂ ਵਿੱਚ ਸ਼ਾਮਿਲ ਹੋਈਆ। ਨਿਰੰਤਰ ਚਲਦੀ ਕਲਮ ਤੋਂ ਫਿਰ ਮਨੁੱਖੀ ਜਜਬਿਆ, ਤੇ ਇਨਸਾਨੀ ਕਦਰਾਂ ਕੀਮਤਾ ਨੂੰ ਟੁੰਬਦੀ ਉਸਦੀ ਸ਼ਾਇਰੀ ਪਾਠਕਾਂ ਦੇ ਹੱਥ ਵਿੱਚ ਆਈ ਜਿਨ੍ਹਾਂ ਵਿੱਚ ਖਿਆਲਾਂ ਦੀ ਅਮੀਰੀ ਨੇ ਪਿਆਰ, ਮੋਹ ਇਨਸਾਨੀਅਤ ਦੇ ਜ਼ਜਬੇ ਤੋਂ ਖਾਲੀ ਮਨ ਦੀ ਗਰੀਬੀ ਨੂੰ ਅਮੀਰ ਕੀਤਾ। ਦਲਿਤ ਸਾਹਿਤ ਪੈਦਾ ਕਰਨ ਲਈ ਉਸ ਨੂੰ ਪ੍ਰੇਰਣਾ ਇਸ ਸਦੀ ਦੇ ਮਹਾਨ ਮਹਾਂਪੁਰਸ਼ ਸਾਹਬ ਕਾਂਸ਼ੀ ਰਾਮ ਜੀ ਦੀ ਲਹਿਰ ਤੋਂ ਮਿਲੀ ਹੈ ਉਸ ਦੀ ਲੇਖਣੀ ਨੂੰ ਦਲਿਤ ਸਮਾਜ ਦੇ ਕ੍ਰਾਂਤੀਕਾਰੀ ਸੰਤ ਰਾਮਾ ਨੰਦ ਜੀ ਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਖਿੱਚ ਤੇ ਪਰਪੱਕਤਾ ਪ੍ਰਦਾਨ ਕੀਤੀ ਹੈ।

'ਚਮਾਰ ਜਾਤੀ ਦੇ ਇਤਿਹਾਸ ਧਰਮ ਤੇ ਸੱਭਿਆਚਾਰ' ਨੂੰ ਕਲਮ ਬੰਦ ਕਰਨ ਵਾਲਾ ਕੈਂਥ ਦਲਿਤ ਸਾਹਿਤ ਦਾ ਪਹਿਲਾ ਲੇਖਕ ਹੈ ਜਿਸ ਨੇ ਇਸ ਅਛੂਤੇ ਵਿਸ਼ੇ ਨੂੰ ਹੱਥ ਪਾਇਆ ਤੇ ਨੇਪਰੇ ਚਾੜਿਆ ਹੈ। ਇਸ ਨੂੰ ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਰਾਜੇਸ਼ ਕੈਂਥ ਬਹੁਜਨ ਵਿਚਾਰਧਾਰਾ ਦੇ ਸੰਕਲਪ ਤੋਂ ਸਿਰਫ ਪ੍ਰਭਾਵਿਤ ਹੀ ਨਹੀਂ ਹੈ ਸਗੋਂ ਆਪਣੇ ਮਹਾਂਪੁਰਸ਼ਾ ਦੇ ਵਿਚਾਰਾਂ ਨੂੰ ਜਨ-ਜਨ ਤੱਕ ਪਹੁੰਚਾਣ ਦਾ ਦ੍ਰਿੜ ਬੱਚਨਬੱਧਤਾ ਨਾਲ ਕਾਰਜਸ਼ੀਲ ਹੈ। ਉਹ ਭਗਵਾਨ ਬੁੱਧ, ਭਗਵਾਨ ਵਾਲਮੀਕਿ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮ ਦੇਵ ਜੀ, ਜੋਤੀ ਰਾਓ ਫੂਲੇ, ਸ਼ਾਹੂ ਜੀ ਮਹਾਰਾਜ, ਪੈਰੀਆਰ ਜੀ, ਡਾ.ਅੰਬੇਡਕਰ ਜੀ, ਸਾਹਬ ਕਾਂਸ਼ੀ ਰਾਮ ਜੀ, ਸੰਤ ਸਰਵਣ ਦਾਸ ਜੀ, ਦਲਿਤ ਰਹਿਬਰਾਂ ਦੇ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ।

-ਕਾਂਸ਼ੀ ਰਾਮ ਕਲੇਰ